ੴ ਸਤਿਗੁਰ ਪ੍ਰਸਾਦਿ ॥

# ਕੀਰਤਨ ਪ੍ਰਮਾਣ

SIKHBOOKCLUB.COM

ਸੰਗ੍ਰਹਿ ਕਰਤਾ :

ਭਾਈ ਮੇਹਰ ਸਿੰਘ ਰਾਗੀ

ਪ੍ਰਕਾਸ਼ਕ :-

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ (ਇੰਡੀਆ)।

 www.sikhbookclub.com

ੴ ਸਤਿਗੁਰ ਪ੍ਰਸਾਦਿ ।।

# ਕੀਰਤਨ ਪ੍ਰਮਾਣ

*ਇਸ ਵਿਚ ਵੱਖ ਵੱਖ ਵਿਸ਼ਿਆਂ, ਸਮਿਆਂ, ਸਥਿਤੀਆਂ, ਗੁਰਪੁਰਬਾਂ,*
*ਤਿਉਹਾਰਾਂ ਅਤੇ ਸਮਾਗਮਾਂ ਸਮੇਂ ਪੜ੍ਹੇ ਜਾਣ ਵਾਲੇ ਸ਼ਬਦ*
*ਪ੍ਰਮਾਣਾਂ ਸਹਿਤ ਦਿਤੇ ਗਏ ਹਨ।*
*ਇਸ ਤੋਂ ਉਪ੍ਰੰਤ ਦਸ ਗੁਰੂ ਸਾਹਿਬਾਨ ਜੀ ਦੀਆਂ ਜੀਵਨੀਆਂ*
*ਅਤੇ ਉਨ੍ਹਾਂ ਦੇ ਗੁਰਪੁਰਬਾਂ ਤੇ ਪੜ੍ਹੇ ਜਾਣ ਵਾਲੇ*
*ਪੂਰੇ ਸ਼ਬਦ ਵੀ ਦਿੱਤੇ ਗਏ ਹਨ ।*

ਸੰਗ੍ਰਹਿ ਕਰਤਾ :
**ਭਾਈ ਮੋਹਰ ਸਿੰਘ ਰਾਗੀ**

ਸੰਪਾਦਿਕ :
**ਡਾ. ਅਜੀਤ ਸਿੰਘ ਔਲਖ**
ਐਮ.ਏ., ਪੀ-ਐਚ. ਡੀ.

ਪ੍ਰਕਾਸ਼ਕ :
ਭਾਈ ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ


www.sikhbookclub.com

© ਪ੍ਰਕਾਸ਼ਕ

ਪਹਿਲੀ ਐਡੀਸ਼ਨ ੧੯੯੬

**ਦੂਜੀ ਐਡੀਸ਼ਨ ਮਈ ੨੦੦੩**

**ਭੇਟਾ : ੨੦੦-੦੦**

SIKHBOOKCLUB.COM

ਪ੍ਰਕਾਸ਼ਕ:

**ਭਾ: ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।

ਫੋਨ : (0183) 2542346, 2547974

ਫੈਕਸ : (0183) 2557973

E-Mail : csjs@jla.vsnl.net.in

Visit our Website : www.csjs.com

(Printed In India)

*ਪ੍ਰਿੰਟਰ : ਜੀਵਨ ਪ੍ਰਿੰਟਰਜ਼, 312, ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 5095774*

# ਭੂਮਿਕਾ

ਕਿਸੇ ਵੀ ਉੱਚ ਕੋਟੀ ਦੇ ਸਾਹਿਤ ਜਾਂ ਰੱਬੀ ਬਾਣੀ ਦੀ ਵਿਆਖਿਆ ਦੇਣ ਲੱਗਿਆਂ ਭਾਵੇਂ ਅਸੀਂ ਹਜ਼ਾਰਾਂ ਪੰਨੇ ਲਿਖ ਦੇਈਏ ਜਾਂ ਕਈ ਦਿਨ ਵਿਖਿਆਨ ਕਰਦੇ ਰਹੀਏ ਪਰ ਪਾਠਕ ਅਤੇ ਸਰੋਤੇ ਤਦ ਤਕ ਉਸ ਨੂੰ ਠੀਕ ਤਰ੍ਹਾਂ ਨਹੀਂ ਸਮਝ ਸਕਦੇ ਜਦ ਤਕ ਕਿ ਉਸ ਦੁਰਲੱਭ ਸਾਹਿਤ ਜਾਂ ਰੱਬੀ ਬਾਣੀ ਵਿਚੋਂ ਕੋਈ ਪ੍ਰਮਾਣ ਨਾ ਦੇਈਏ। ਪ੍ਰਮਾਣ ਆਪਣੇ ਆਪ ਵਿਚ ਇਕ ਦਲੀਲ, ਸਬੂਤ ਅਤੇ ਸਪੱਸ਼ਟਤਾ ਹੈ। ਸੱਚੇ ਸਤਿਗੁਰਾਂ ਦੀ ਬਾਣੀ ਦਾ ਸਾਡੇ ਕੀਰਤਨੀਏ ਅਤੇ ਪ੍ਰਚਾਰਕ ਸੰਗਤਾਂ ਤਕ ਗੁਰੂ ਸਾਹਿਬ ਦਾ ਸੰਦੇਸ਼ਾ ਪਹੁੰਚਾਉਣ ਲਈ ਬੜੇ ਲੰਮੇ ਲੰਮੇ ਭਾਸ਼ਨ ਦਿੰਦੇ ਹਨ ਪਰ ਜਿਸ ਵਿਸ਼ੇ ਨੂੰ ਉਹ ਲੈ ਕੇ ਤੁਰਦੇ ਹਨ, ਜਦ ਤਕ ਉਸ ਵਿਸ਼ੇ ਸੰਬੰਧੀ ਗੁਰਬਾਣੀ ਵਿਚੋਂ ਕੋਈ ਪ੍ਰਮਾਣ ਨਹੀਂ ਪੇਸ਼ ਕਰਦੇ, ਸੰਗਤਾਂ ਦੀ ਤਸੱਲੀ ਨਹੀਂ ਹੁੰਦੀ।

ਸਤਿਗੁਰਾਂ ਦੀ ਬਾਣੀ ਅਥਾਹ ਸਾਗਰ ਹੈ, ਇਸ ਵਿਚ ਕੋਈ ਵਿਸ਼ਾ ਜਾਂ ਆਸ਼ਾ ਐਸਾ ਨਹੀਂ ਜਿਸ ਬਾਰੇ ਕੋਈ ਸੰਕੇਤ ਜਾਂ ਪ੍ਰਮਾਣ ਨਾ ਮਿਲਦਾ ਹੋਵੇ। ਕਈ ਵਾਰ ਇਕ ਵਿਸ਼ੇ ਸੰਬੰਧੀ ਹਜ਼ਾਰਾਂ ਹੀ ਪ੍ਰਮਾਣ ਮਿਲ ਜਾਂਦੇ ਹਨ, ਪਰ ਕਿਸੇ ਵਿਸ਼ੇ ਉਤੇ ਭਾਸ਼ਨ ਤਿਆਰ ਕਰਨ ਵਾਸਤੇ ਇਨ੍ਹਾਂ ਪ੍ਰਮਾਣਾਂ ਨੂੰ ਇਕੱਤਰ ਕਰਨ ਲਈ ਕਈ ਦਿਨ ਲੱਗ ਜਾਂਦੇ ਹਨ।

ਭਾਈ ਮੇਹਰ ਸਿੰਘ ਸਾਬਕਾ ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ ਅਜਿਹੇ ਗੁਰਸਿਖ ਖੋਜੀ ਹੋਏ ਹਨ ਕਿ ਉਨ੍ਹਾਂ ਨੇ ਹਰ ਵਿਸ਼ੇ ਸੰਬੰਧੀ ਅਨੇਕਾਂ ਪ੍ਰਮਾਣ ਇਕੱਠੇ ਕੀਤੇ ਹਨ। ਉਨ੍ਹਾਂ ਇਨ੍ਹਾਂ ਪ੍ਰਮਾਣਾਂ ਦੀ ਪੁਸਤਕ ਸੰਨ ੧੯੪੫ ਵਿਚ ਛਪਵਾਈ ਸੀ ਅਤੇ ਇਸ ਨੂੰ ਪਹਿਲਾਂ ਤਿੰਨਾਂ ਜਿਲਦਾਂ ਵਿਚ ਛਾਪਿਆ ਸੀ, ਬਾਅਦ ਵਿਚ ਇਸ ਦੀ ਮੰਗ ਵੱਧਣ ਨਾਲ ਅਨੇਕ ਹੋਰ ਐਡੀਸ਼ਨ ਛਪਦੇ ਰਹੇ। ਭਾਈ ਮੇਹਰ ਸਿੰਘ ਜੀ ਇਸ ਪੁਸਤਕ ਦੇ ਪਹਿਲੇ ਐਡੀਸ਼ਨ ਦੀ ਭੂਮਿਕਾ ਵਿਚ ਇਸ ਦੀ ਮਹੱਤਤਾ ਬਾਰੇ ਲਿਖਦੇ ਹਨ "ਮਨ ਨੂੰ ਇਕਾਗਰ ਕਰਨ ਵਾਸਤੇ ਅਨੇਕਾਂ ਕਰਮ ਧਰਮ ਕੀਤੇ ਜਾਂਦੇ ਹਨ, ਪਰ ਗੁਰਮਤ ਵਿਚ ਉਨ੍ਹਾਂ ਸਾਰਿਆਂ ਕਰਮਾਂ ਨਾਲੋਂ ਸਤਿਗੁਰੂ ਜੀ ਨੇ ਕੀਰਤਨ ਕਰਨਾ ਤੇ ਸੁਣਨਾ ਮਹਾਨ ਉੱਤਮ ਕਰਮ ਦੱਸਿਆ ਹੈ" ਜਿਵੇਂ ਸਤਿਗੁਰੂ ਪੰਜਵੇਂ ਪਾਤਸ਼ਾਹ ਜੀ ਫੁਰਮਾਉਂਦੇ ਹਨ :

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥

(ਸੋਰਠਿ ਮ: ੫, ਆ. ਗ੍ਰੰ. ਪੰਨਾ ੬੪੨)


www.sikhbookclub.com

ਕਲਜੁਗ ਮਹਿ ਕੀਰਤਨੁ ਪਰਧਾਨਾ॥
ਗੁਰਮੁਖਿ ਜਪੀਐ ਲਾਇ ਧਿਆਨਾ॥
ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ॥ ੬॥
(ਮਾਰੂ ਸੋਲਹੇ ਮ: ੫, ਆ. ਗ੍ਰੰ. ਪੰਨਾ ੧੦੭੫)

ਇਨ੍ਹਾਂ ਪ੍ਰਮਾਣਾਂ ਦੇ ਸੰਗ੍ਰਹਿ ਨੂੰ ਛਾਪਣ ਦਾ ਵੀ ਮੂਲ ਕਾਰਨ ਉਹ ਇਹੋ ਲਿਖਦੇ ਹਨ ਕਿ ਕੀਰਤਨ ਦਾ ਪ੍ਰਚਾਰ ਹੋਵੇ ਅਤੇ ਪ੍ਰਚਾਰਕ ਮੌਕੇ ਅਤੇ ਸਮੇਂ ਅਨੁਸਾਰ ਪ੍ਰਮਾਣ ਦੇ ਸਕਣ। ਜਥੇਦਾਰ ਅੱਛਰ ਸਿੰਘ ਜੀ ਸਾਬਕਾ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਸੰਨ ੧੯੪੫ ਵਿਚ ਇਸ ਅਲੌਕਿਕ ਖ਼ਜ਼ਾਨੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਲਿਖਦੇ ਹਨ, "ਅਜ ਕਲ ਕੀਰਤਨ ਵਿਚ ਪ੍ਰਮਾਣ ਦੇਣੇ ਆਮ ਰੀਤ ਪ੍ਰਚਲਤ ਹੋ ਗਈ ਹੈ ਤੇ ਸੰਗਤਾਂ ਵੀ ਇਸ ਰੀਤ ਨੂੰ ਚੰਗਾ ਪਸੰਦ ਕਰਦੀਆਂ ਹਨ। ਪਰ ਹਰ ਇਕ ਸੱਜਣ ਨੂੰ ਟਿਕਾਣੇ ਦੇ ਪ੍ਰਮਾਣ ਲਭਣੇ ਬੜੇ ਔਖੇ ਹੁੰਦੇ ਹਨ।........... ਇਹ ਪੋਥੀ ਕੇਵਲ ਰਾਗੀ ਸਿੰਘਾਂ ਨੂੰ ਹੀ ਲਾਭ ਦੇਣ ਲਈ ਨਹੀਂ ਸਗੋਂ ਕਥਾ ਕਰਨ ਵਾਲਿਆਂ ਗਿਆਨੀਆਂ, ਪ੍ਰਚਾਰਕਾਂ ਅਤੇ ਹੋਰ ਖੋਜੀ ਸੱਜਣਾਂ ਨੂੰ ਉਨ੍ਹਾਂ ਦੀ ਖੋਜ ਵਿਚ ਭਾਰੀ ਮਦਦ ਦੇਵੇਗੀ। ਸੋ ਇਸ ਪੋਥੀ ਦਾ ਹਰੇਕ ਸੱਜਣ ਪਾਸ ਹੋਣਾ ਬੜਾ ਜ਼ਰੂਰੀ ਹੈ।"

ਅਜੋਕੇ ਯੁੱਗ ਵਿਚ ਇਨ੍ਹਾਂ ਪ੍ਰਮਾਣਾਂ ਦੀ ਮਹੱਤਤਾ ਹੋਰ ਵੀ ਵੱਧ ਗਈ ਹੈ। ਸਤਿਗੁਰੂ ਦੀ ਬਾਣੀ ਦਾ ਅਧਿਐਨ ਹਰ ਪੱਖੋਂ ਕੀਤਾ ਜਾ ਰਿਹਾ ਹੈ, ਜਿਵੇਂ ਜਿਵੇਂ ਖੋਜੀ ਇਸ ਦਾ ਅਧਿਐਨ ਕਰ ਰਹੇ ਹਨ, ਤਿਵੇਂ ਤਿਵੇਂ ਵਿਸ਼ਵ ਵਿਚ ਇਸ ਧੁਰ ਕੀ ਬਾਣੀ ਦਾ ਪ੍ਰਚਾਰ ਵੱਧ ਰਿਹਾ ਹੈ।

ਜਿਵੇਂ ਕਿ ਪਹਿਲਾਂ ਲਿਖਿਆ ਜਾ ਚੁਕਾ ਹੈ ਇਹ ਕੀਰਤਨ ਪ੍ਰਮਾਣ ਛੋਟੀਆਂ ਛੋਟੀਆਂ ਤਿੰਨਾਂ ਜਿਲਦਾਂ ਵਿਚ ਛਪੇ ਸਨ ਅਤੇ ਚੌਥੀ ਜਿਲਦ ਵਿਚ ਦਸਾਂ ਗੁਰੂ ਸਾਹਿਬਾਨ ਦਾ ਜੀਵਨ ਅਤੇ ਗੁਰਪੁਰਬਾਂ ਉਤੇ ਪੜ੍ਹੇ ਜਾਣ ਵਾਲੇ ਢੁਕਵੇਂ ਸ਼ਬਦਾਂ ਦੇ ਪ੍ਰਮਾਣ ਦਿੱਤੇ ਸਨ। ਜਿਸ ਗੁਰਮੁਖ ਨੇ ਕੋਈ ਪ੍ਰਮਾਣ ਲੱਭਣਾ ਹੁੰਦਾ ਸੀ ਤਾਂ ਉਸ ਨੂੰ ਚਾਰ ਪੋਥੀਆਂ ਦੀ ਫੋਲਾ ਫਾਲੀ ਕਰਨੀ ਪੈਂਦੀ ਸੀ।

ਅਸੀਂ ਪਾਠਕਾਂ ਅਤੇ ਖੋਜੀਆਂ ਦੀ ਮੰਗ ਨੂੰ ਮੁਖ ਰਖਦਿਆਂ ਇਹ ਚਾਰੇ ਪੁਸਤਕਾਂ ਇਕ ਗ੍ਰੰਥ ਵਿਚ ਕਰ ਦਿੱਤੀਆਂ ਹਨ। ਸਾਰੀ ਗੁਰਬਾਣੀ ਦੀ ਬੜੀ ਮਿਹਨਤ ਨਾਲ ਸੁਧਾਈ ਕੀਤੀ ਹੈ। ਗ੍ਰੰਥ ਨੂੰ ਸੁੰਦਰ ਅਤੇ ਆਕ੍ਰਸ਼ਕ ਬਣਾਉਣ ਵਾਸਤੇ ਕੰਪਿਊਟਰ ਦੁਆਰਾ ਕੰਪੋਜ਼ਿੰਗ ਕਰਵਾਈ ਗਈ ਹੈ। ਸਾਰੇ ਗ੍ਰੰਥ ਨੂੰ ਮਿਤੀ ਬੱਧ ਅਤੇ ਸਪਸ਼ਟਤਾ ਪ੍ਰਧਾਨ ਕਰਨ ਲਈ ਇਸ ਦੀ ਨਵੇਂ ਸਿਰੇ ਤੋਂ ਸੁਧਾਈ ਕੀਤੀ ਗਈ ਹੈ। ਪਹਿਲਾਂ ਵਿਸ਼ਾ ਲਿਆ ਗਿਆ ਹੈ ਫਿਰ


www.sikhbookclub.com

ਉਸ ਵਿਸ਼ੇ ਨਾਲ ਸੰਬੰਧਿਤ ਇਕ ਪੂਰਾ ਸ਼ਬਦ ਲਿਆ ਗਿਆ ਹੈ ਅਤੇ ਫਿਰ ਉਸ ਆਸ਼ੇ ਨਾਲ ਸੰਬੰਧਿਤ ਅਨੇਕਾਂ ਪ੍ਰਮਾਣ ਦਿੱਤੇ ਗਏ ਹਨ। ਇਸ ਵਿਚ ਇਕ ਹੋਰ ਵਾਧਾ ਕਰ ਦਿੱਤਾ ਹੈ ਕਿ ਹਰ ਸ਼ਬਦ ਦਾ ਤਰਤੀਬਵਾਰ ਨੰਬਰ ਦੇ ਦਿੱਤਾ ਗਿਆ ਹੈ ਤਾਂ ਕਿ ਤਤਕਰੇ ਵਿਚੋਂ ਵਿਸ਼ੇ ਅਨੁਸਾਰ ਲਿਖੇ ਸ਼ਬਦ ਲੱਭਣ ਵਿਚ ਆਸਾਨੀ ਹੋਵੇ। ਗੁਰੂ ਸਾਹਿਬਾਨ ਦੇ ਗੁਰਪੁਰਬਾਂ ਨੂੰ ਛੱਡ ਕੇ ਕੁਲ ੯੧ ਵਿਸ਼ੇ ਲਏ ਗਏ ਹਨ। ਪ੍ਰਚਲਿਤ ਵਿਸ਼ੇ ਜਿਨ੍ਹਾਂ ਦੀ ਸਾਨੂੰ ਨਿਤਾ ਪ੍ਰਤਿ ਜੀਵਨ ਵਿਚ ਲੋੜ ਰਹਿੰਦੀ ਹੈ ਉਹ ਇਹ ਹਨ :

ਰੱਖਿਆ, ਨਿੰਮਰਤਾ, ਸੇਵਾ, ਸੱਚਾ ਗੁਰੂ, ਕੱਚਾ ਗੁਰੂ, ਨਾਮ, ਸਿਮਰਨ, ਸਾਧ ਸੰਗਤ, ਸੰਤ, ਸੰਤ ਸੇਵਾ, ਝੂਠੇ ਭੇਖ, ਮਾਇਆ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਕੀਰਤਨ, ਬੁਤ ਪੂਜਾ, ਮਿਹਰ, ਪ੍ਰੀਤ, ਅੰਮ੍ਰਿਤ ਵੇਲਾ, ਪਰ ਨਾਰੀ, ਸੰਤੋਖ, ਭਾਣਾ, ਸੱਚਾ ਸੇਵਕ, ਕੁਸੰਗਤ, ਹਉਮੈ, ਮਿਥਿਆ, ਕਾਲ ਫਾਸ ਆਦਿ।

ਕਿਸੇ ਵੀ ਮਹੱਤਵਪੂਰਨ ਵਿਸ਼ੇ ਨੂੰ ਛੱਡਿਆ ਨਹੀਂ ਗਿਆ, ਪਰ ਫਿਰ ਵੀ ਜੇ ਕੋਈ ਐਸਾ ਜ਼ਰੂਰੀ ਵਿਸ਼ਾ ਰਹਿ ਗਿਆ ਹੋਵੇ ਤਾਂ ਖੋਜੀ ਵਿਦਵਾਨਾਂ ਨੂੰ ਬੇਨਤੀ ਹੈ ਕਿ ਉਹ ਸਾਨੂੰ ਆਪਣਾ ਕੀਮਤੀ ਸੁਝਾਅ ਭੇਜਣ ਤਾਂਕਿ ਅਗਲੇ ਐਡੀਸ਼ਨਾਂ ਵਿਚ ਹੋਰ ਵੀ ਵਾਧਾ ਕੀਤਾ ਜਾ ਸਕੇ।

ਇਸ ਗ੍ਰੰਥ ਦੇ ਦੂਸਰੇ ਭਾਗ ਵਿਚ ਦਸਾਂ ਸਤਿਗੁਰਾਂ ਸਾਹਿਬਾਨ ਦਾ ਸੰਖੇਪ ਜੀਵਨ ਦਿੱਤਾ ਗਿਆ ਹੈ, ਪਰ ਜਿਹੜਾ ਕੀਮਤੀ ਵਾਧਾ ਕੀਤਾ ਗਿਆ ਹੈ ਉਸ ਅਨੁਸਾਰ ਸਾਰੇ ਗੁਰੂ ਸਾਹਿਬਾਨ ਦੇ ਗੁਰਪੁਰਬਾਂ ਸਮੇਂ ਪੜ੍ਹਨ ਵਾਲੇ ਸ਼ਬਦ ਸੰਪੂਰਨ ਰੂਪ ਵਿਚ ਦਿੱਤੇ ਹਨ, ਤਾਂਕਿ ਵਿਆਖਿਆਕਾਰਾਂ ਨੂੰ ਉਸ ਸ਼ਬਦ ਦੀ ਕਿਸੇ ਹੋਰ ਸਾਧਨ ਤੋਂ ਲਭਣ ਦੀ ਲੋੜ ਨਾ ਰਹੇ। ਇਸ ਤੋਂ ਉਪਰੰਤ ਜਿਹੜਾ ਹੋਰ ਵਿਸ਼ੇਸ਼ ਪਹਿਲੂ ਹੈ ਉਹ ਹੈ ਵੱਖ–ਵੱਖ ਰਸਮਾਂ ਸਮੇਂ ਪੜ੍ਹੇ ਜਾਣ ਵਾਲੇ ਸ਼ਬਦ ਅਤੇ ਪ੍ਰਮਾਣਾਂ ਦਾ ਦੇਣਾ। ਇਨ੍ਹਾਂ ਵਿਚ ਖ਼ਾਸ ਵਿਸ਼ੇ ਹਨ :

੧. ਬਾਲਕ ਦੇ ਜਨਮ ਸਮੇਂ ਪੜ੍ਹੇ ਜਾਣ ਵਾਲੇ ਸ਼ਬਦ ਅਤੇ ਪ੍ਰਮਾਣ
੨. ਖ਼ੁਸ਼ੀ ਦੇ ਸਮਾਗਮਾਂ 'ਤੇ ਕੀਰਤਨ ਕਰਨ ਵਾਲੇ ਸ਼ਬਦ
੩. ਗ੍ਰਿਹ ਪ੍ਰਵੇਸ਼ ਸਮੇਂ ,, ,, ,, ,,
੪. ਅਨੰਦ ਕਾਰਜ ਸਮੇਂ ,, ,, ,, ,,
੫. ਲਾਵਾਂ ਤੋਂ ਪਿਛੋਂ ,, ,, ,, ,,
੫. ਵੈਰਾਗ ਸਮੇਂ ,, ,, ,, ,,
੬. ਮ੍ਰਿਤੂ ਸਮੇਂ ,, ,, ,, ,,


www.sikhbookclub.com

ਇਸ ਗ੍ਰੰਥ ਨੂੰ ਸੰਪਾਦਨ ਕਰਨ ਸਮੇਂ ਇਹ ਵੀ ਧਿਆਨ ਰਖਿਆ ਗਿਆ ਹੈ ਕਿ ਅਜਿਹਾ ਕੋਈ ਸ਼ਬਦ ਜਾਂ ਪ੍ਰਮਾਣ ਸ਼ਾਮਲ ਨਾ ਕੀਤਾ ਜਾਵੇ ਜਿਹੜਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ, ਬਾਣੀ ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਦੀ ਕਿਰਤ ਨਾ ਹੋਵੇ। ਕਈ ਕੀਰਤਨੀਏ ਸ਼ਬਦ ਦੀ ਰੌਚਿਕਤਾ ਵਧਾਉਣ ਲਈ ਕਈ ਸ਼ਬਦ ਜਾਂ ਲਾਈਨਾਂ ਆਪਣੇ ਵਲੋਂ ਜੋੜ ਲੈਂਦੇ ਹਨ। ਇਸ ਲਈ ਇਹੋ ਬੇਨਤੀ ਹੈ ਕਿ ਪ੍ਰਮਾਣ ਦਿੰਦੇ ਸਮੇਂ ਅਤੇ ਕੀਰਤਨ ਕਰਦੇ ਸਮੇਂ ਸ਼ੁੱਧ ਬਾਣੀ ਦਾ ਹੀ ਗਾਇਨ ਕੀਤਾ ਜਾਵੇ। ਇਸ ਤੋਂ ਉਪਰੰਤ ਕੀਰਤਨੀਏ ਵੀਰਾਂ ਦੇ ਚਰਨਾਂ ਵਿਚ ਇਹ ਵੀ ਖਿਮਾ ਜਾਚਨਾ ਹੈ ਕਿ ਪ੍ਰਮਾਣਾਂ ਦਾ ਜਿਹੜਾ ਨਵਾਂ ਤਰੀਕਾ, ਤੁਕ ਤੋੜ-ਪ੍ਰਮਾਣ ਸ਼ੁਰੂ ਕੀਤਾ ਹੈ, ਇਹ ਤਰੀਕਾ ਬੰਦ ਕਰ ਦੇਣ, ਪ੍ਰਮਾਣਾਂ ਨੂੰ ਤੋੜ ਮਰੋੜ ਕੇ ਬਿਆਨ ਕਰਨਾ ਗੁਰਮਤ ਦੇ ਬਿਲਕੁਲ ਉਲਟ ਹੈ।

ਇਕ ਹੋਰ ਮਹੱਤਵਪੂਰਨ ਪੱਖ ਜਿਹੜਾ ਕਿ ਇਸ ਗ੍ਰੰਥ ਵਿਚ ਪਹਿਲੀ ਵਾਰ ਲਿਆਂਦਾ ਗਿਆ ਹੈ, ਉਹ ਹੈ ਕਿ ਹਰ ਸ਼ਬਦ ਅਤੇ ਪ੍ਰਮਾਣ ਦੇ ਸਾਹਮਣੇ ਕਰਤਾ ਦੀ ਪਹਿਚਾਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਦਾ ਦੇਣਾ ਹੈ।

ਹੁਣ ਤਕ ਪਹਿਲੇ ਜਿੰਨੇ ਕੀਰਤਨ ਪ੍ਰਮਾਣ ਛਪੇ ਹਨ, ਉਨ੍ਹਾਂ ਵਿਚ ਗੁਰਬਾਣੀ ਦੀ ਸ਼ੁੱਧਤਾ ਲੱਭਣੀ ਬੜੀ ਮੁਸ਼ਕਲ ਹੋ ਜਾਂਦੀ ਸੀ, ਕਿਉਂਕਿ ਉਸ ਸ਼ਬਦ ਦਾ ਇਹ ਪਤਾ ਨਹੀਂ ਸੀ ਲਗਦਾ ਕਿ ਉਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਹੜੇ ਪੰਨੇ ਤੇ ਦਰਜ ਹੈ। ਇਸ ਬਾਰੇ ਕੀਰਤਨੀਏ ਅਤੇ ਪ੍ਰਚਾਰਕ ਕਾਫ਼ੀ ਦਿਕਤ ਅਨੁਭਵ ਕਰਦੇ ਸਨ। ਪਰ ਹੁਣ ਬੜੀ ਮਿਹਨਤ ਨਾਲ ਹਰ ਸ਼ਬਦ ਤੇ ਪ੍ਰਮਾਣ ਦੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੰਨਾ ਦਰਜ ਕਰ ਦਿੱਤਾ ਗਿਆ ਹੈ।

ਸਾਨੂੰ ਆਸ ਹੈ ਕਿ ਹੁਣ ਪ੍ਰਚਾਰਕ, ਕੀਰਤਨੀਏਂ ਅਤੇ ਖੋਜੀ ਵਿਦਵਾਨ ਇਸ ਤੋਂ ਪੂਰਨ ਲਾਭ ਪ੍ਰਾਪਤ ਕਰਨਗੇ।

—ਸੰਪਾਦਿਕ


www.sikhbookclub.com

# ਤਤਕਰਾ


| ਸ਼: ਨੰ: | ਵਿਸ਼ਾ | ਪ੍ਰਮਾਣ | ਪੰਨਾ |
|---|---|---|---|
| ੧. | ਬੇਨਤੀ | ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ | ੧੩ |
| ੨. | ਰੱਖਿਆ | ਹਾ ਹਾ ਪ੍ਰਭ ਰਾਖਿ ਲੇਹੁ | ੧੬ |
| ੩. | ਨਿਮਰਤਾ | ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ | ੧੯ |
| ੪. | ਉਸਤਤ | ਪਰਮੇਸਰੁ ਪਾਰਬ੍ਰਹਮ ਬੇਅੰਤੁ | ੨੧ |
| ੫. | ਦਾਤਾ | ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ | ੨੫ |
| ੬. | ਸਰਬ ਵਿਆਪਕ | ਘਟ ਘਟ ਵਾਸੀ ਸਰਬ ਨਿਵਾਸੀ | ੧੮ |
| ੭. | ਪਤਿਤ ਪਾਵਨ | ਪਤਿਤ ਪਾਵਨੁ ਹਰਿ ਬਿਰਦੁ ਸਦਾਏ | ੩੨ |
| ੮. | ਸਤਿਗੁਰੂ | ਵਾਹੁ ਵਾਹੁ ਸਤਿਗੁਰੂ | ੩੫ |
| ੯. | ਸੇਵਾ | ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ | ੩੯ |
| ੧੦. | ਵੇਮੁਖ | ਸੇਵਕ ਦਰਗਹਿ ਸੁਰਖਰੂ ਵੇਮੁਖ ਮੁਹ ਕਾਲਾ | ੪੨ |
| ੧੧. | ਚਰਨ ਕਮਲ | ਗੁਰ ਕੇ ਚਰਨ ਜੀਅ ਕਾ ਨਿਸਤਾਰਾ | ੪੫ |
| ੧੨. | ਸੱਚਾ ਗੁਰੂ | ਗੁਰ ਬਿਨੁ ਕੋਇ ਨ ਉਤਰਸਿ ਪਾਰਿ | ੪੯ |
| ੧੩. | ਕੱਚਾ ਗੁਰੂ | ਕਾਚੇ ਗੁਰ ਤੇ ਮੁਕਤਿ ਨ ਹੂਆ | ੫੩ |
| ੧੪. | ਗੁਰਬਾਣੀ | ਗੁਰ ਕਾ ਸਬਦੁ ਸਦਾ ਸਦ ਅਟਲਾ | ੫੫ |
| ੧੫. | ਗਾਵਹੁ ਸਚੀ ਬਾਣੀ | ਗੁਰਬਾਣੀ ਗਾਵਹ ਭਾਈ | ੫੮ |
| ੧੬. | ਨਾਮ | ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ | ੬੧ |
| | | ਕਰਿ ਕਿਰਪਾ ਅਪਨਾ ਨਾਮੁ ਦੀਜੈ | ੬੩ |
| ੧੭. | ਨਾਮ ਸਿਮਰਨ | ਹਰਿ ਕੋ ਨਾਮੁ ਸਦਾ ਸੁਖਦਾਈ | ੬੬ |
| | " | ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ | ੬੮ |
| ੧੮. | ਆਰਾਧਣਾ | ਦਿਨੁ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ | ੭੨ |
| | " | ਨਾਮ ਬਿਨਾ ਜੋ ਪਹਿਰੈ ਖਾਇ | ੭੫ |
| | " | ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ | ੭੯ |
| ੧੯. | ਸਾਧ ਸੰਗਤ | ਸਾਧ ਕੈ ਸੰਗਿ ਮੁਖ ਊਜਲ ਹੋਤ | ੮੧ |
| ੨੦. | ਸੰਤ | ਸੰਤ ਰਹਤ ਸੁਨਹੁ ਮੇਰੇ ਭਾਈ | ੮੪ |
| ੨੧. | ਸੰਤ ਸੇਵਾ | ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ | ੮੮ |
| ੨੨. | ਝੂਠੇ ਭੇਖ | ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸ ਕੀਨ | ੯੧ |
| ੨੩. | ਮਾਨਸ ਜਨਮ | ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ | ੯੪ |
| ੨੪. | ਮਾਇਆ | ਬਾਬਾ ਮਾਇਆ ਸਾਥਿ ਨ ਹੋਇ | ੯੮ |
| ੨੫, | ਮੋਹ ਮਾਇਆ | ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ | ੧੦੧ |
| ੨੬. | ਕੀਰਤਨ | ਸਾਧ ਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ | ੧੦੫ |
| ੨੭. | ਮੇਰੇ ਸਾਹਿਬ | ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ | ੧੦੯ |
| | " | ਤੁਧੁ ਚਿਤਿ ਆਏ ਮਹਾ ਅਨੰਦਾ | ੧੧੫ |

| ਸ਼: ਨੰ: | ਵਿਸ਼ਾ | ਪ੍ਰਮਾਣ | ਪੰਨਾ |
|---|---|---|---|
| | ਮੇਰੇ ਸਾਹਿਬ | ਜਿਸੁ ਵਿਸਰਹਿ ਸੋ ਮਰਿ ਜਾਇ | ੧੧੭ |
| | " | ਦਇਆਲੁ ਹੋਵਹਿ ਜਿਸੁ ਊਪਰਿ ਕਰਤੇ ਸੋ...... | ੧੧੯ |
| | " | ਜਿਸ ਨੋ ਲਾਇ ਲੈਹਿ ਸੋ ਲਾਗੈ ਭਗਤੁ ਤੁਹਾਰਾ ਸੋਈ | ੧੨੨ |
| ੨੮. | ਅਕਾਲ ਪੁਰਖ | ਨਾਨਕ ਕਾ ਪ੍ਰਭੁ ਸੋਇ ਜਿਸ ਕਾ ਸਭੁ ਕੋਇ | ੧੨੫ |
| ੨੯. | ਸਿਫਤਿ ਸਾਲਾਹੁ | ਮਨ ਮੇਰੇ ਕਰਤੇ ਨੋ ਸਾਲਾਹਿ | ੧੨੯ |
| ੩੦. | ਇਕ ਦਾਤਾ | ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ | ੧੩੪ |
| ੩੧. | ਦੂਜਾ | ਦੂਜਾ ਸੇਵਨਿ ਨਾਨਕਾ ਸੇ ਪਚਿ ਪਚਿ ਮੁਏ ਅਜਾਣ | ੧੪੦ |
| ੩੨. | ਬੁਤ ਪੂਜਾ | ਜੇ ਪਾਥਰ ਕੋ ਕਹਤੇ ਦੇਵ ਤਾ ਕੀ ਬਿਰਥਾ ਹੋਵੈ ਸੇਵ | ੧੪੪ |
| ੩੩. | ਕਰਤਾ ਕਰਨੈਹਾਰ | ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ | ੧੪੬ |
| | " | ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ | ੧੪੮ |
| ੩੪. | ਨਿਮਾਣਿਆ ਦਾ ਮਾਣੁ ਹਰਿ | ਜੀਉ ਨਿਮਾਣਿਆ ਤੂ ਮਾਣੁ | ੧੫੧ |
| | " | ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ | ੧੫੩ |
| ੩੫. | ਹਾਜਿਰਾ ਹਜੂਰਿ | ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ | ੧੫੫ |
| ੩੬. | ਅੰਤਰਜਾਮੀ | ਪ੍ਰਭੁ ਮੇਰਾ ਅੰਤਰਜਾਮੀ ਜਾਣੁ | ੧੫੭ |
| ੩੭. | ਸਤਿਗੁਰ ਉਪਕਾਰ | ਪਿਛਲੇ ਅਉਗੁਣ ਬਖਸਿ ਲਏ | ੧੫੯ |
| | | ਪ੍ਰਭੁ ਆਗੈ ਮਾਰਗਿ ਪਾਵੈ | |
| ੩੮. | ਸਮਰਥ ਗੁਰੂ | ਸਮਰਥ ਗੁਰੂ ਸਿਰਿ ਹਥੁ ਧਰ੍ਹਉ | ੧੬੩ |
| | " | ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ | ੧੬੪ |
| ੩੯. | ਭਰਮ ਵਿਨਾਸਕ | ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ | ੧੭੦ |
| ੪੦. | ਪੂਰਾ ਗੁਰੂ | ਗੁਰ ਪੂਰੇ ਕੀ ਬੇਅੰਤ ਵਡਾਈ | ੧੭੪ |
| ੪੧. | ਸਿਮਰਨ ਮਹਿਮਾ | ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ | ੧੭੯ |
| ੪੨. | ਮਿਹਰ | ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ | ੧੮੩ |
| ੪੩. | ਪ੍ਰੀਤ | ਤਿਉ ਸੰਤ ਜਨਾ ਹਰਿ ਪ੍ਰੀਤਿ ਹੈ | ੧੮੬ |
| ੪੪. | ਅੰਮ੍ਰਿਤ ਵੇਲਾ | ਪਰਭਾਤੇ ਪ੍ਰਭ ਨਾਮੁ ਜਪਿ | ੧੯੨ |
| ੪੫. | ਗੁਰਮੰਤ੍ਰ | ਵਾਹਿਗੁਰੂ ਗੁਰੂ ਮੰਤ੍ਰ ਹੈ ਜਪ ਹਉਮੈਂ ਖੋਈ | ੧੯੫ |
| ੪੬. | ਗ਼ਰੀਬੀ | ਹਉਂ ਤਿਸ ਘੋਲ ਘੁਮਾਇਆ | ੧੯੬ |
| | | ਗੁਰਮਤਿ ਰਿਦੇ ਗਰੀਬੀ ਆਵੈ | |
| ੪੭. | ਪਰ ਨਾਰੀ | ਹਉਂ ਤਿਸ ਘੋਲ ਘੁਮਾਇਆ | ੨੦੧ |
| | | ਪਰ ਨਾਰੀ ਦੇ ਨੇੜਿ ਨ ਜਾਵੈ | |
| ੪੮. | ਗੁਰਮਤਿ | ਸਤਿਗੁਰ ਦਾ ਉਪਦੇਸ ਕਮਾਵੈ | ੨੦੪ |
| ੪੯. | ਸੰਤੋਖ | ਥੋੜਾ ਸਵੈਂ ਥੋੜਾ ਹੀ ਖਾਵੈ | ੨੦੬ |
| ੫੦. | ਹੁਕਮ-ਭਾਣਾ | ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ | ੨੦੭ |
| ੫੧. | ਵਿਰਲੇ ਸੇਵਕ | ਐਸੋ ਜਨੁ ਬਿਰਲੋ ਹੈ ਸੇਵਕੁ | ੨੧੨ |
| ੫੨. | ਕਰਮ ਫਲ | ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮਾਲਾ | ੨੧੭ |

| ਸ਼: ਨੰ: | ਵਿਸ਼ਾ | ਪ੍ਰਮਾਣ | ਪੰਨਾ |
|---|---|---|---|
| ੫੩. | ਅਰਦਾਸ | ਅਰਦਾਸਿ ਕਰੀ ਗੁਰ ਪੂਰੇ ਆਗੈ | ੨੨੦ |
| | " | ਹਮ ਬਾਰਿਕ ਪਿਤਾ ਪ੍ਰਭੁ ਦਾਤਾ | ੨੨੨ |
| | " | ਸੰਸਾਰੁ ਸਮੁੰਦੇ ਤਾਰਿ ਗੋਬਿੰਦੇ | ੨੨੫ |
| ੫੪. | ਦਰਸ਼ਨ ਪਿਆਸੀ | ਉਮਕਿਓ ਹੀਉ ਮਿਲਨ ਪ੍ਰਭ ਤਾਈ | ੨੨੯ |
| ੫੫. | ਖੋਜੰਤੀ | ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ | ੨੩੩ |
| ੫੬. | ਬ੍ਰਿਹਣੀ | ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ | ੨੩੬ |
| ੫੭. | ਤ੍ਰਿਖਾਵੰਤ | ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ | ੨੩੯ |
| ੫੮ | ਪਰਮ ਪਿਆਸੀ | ਕੋਈ ਐਸਾ ਸੰਤੁ ਮੋਕਉ ਹਰਿ ਪਿਰਹਿ ਮਿਲਾਵੈ | ੨੪੧ |
| ੫੯. | ਆਸਾ ਵੰਤੀ | ਹਰਿ ਦਰਸਨ ਦੇਹੁ ਹਰਿ ਆਸ ਤੁਮਾਰੀ | ੨੪੩ |
| ੬੦. | ਸੁਹਾਗ ਵੰਤੀ | ਸੁਹਾਗੁ ਹਮਾਰੋ ਅਬ ਹੁਣਿ ਸੋਹਿਓ | ੨੪੬ |
| | " | ਜਨ ਨਾਨਕ ਕਉ ਹਰਿ ਦਰਸ ਦਿਖਾਇਆ | ੨੪੯ |
| ੬੧–੬੨ | ਬਾਲਕ ਦੇ ਜਨਮ ਸਮੇਂ ਪੜ੍ਹਨ ਵਾਲੇ ਸ਼ਬਦ | ਕਾਰਜੁ ਸਤਿਗੁਰਿ ਆਪਿ ਸਵਾਰਿਆ | ੨੫੧ |
| ੬੩–੬੪ | ਖੁਸ਼ੀ ਦੇ ਸਮਾਗਮਾਂ ਤੇ ਪੜ੍ਹਨ ਵਾਲੇ ਸ਼ਬਦ | ਅਪਨੇ ਸੇਵਕ ਕੀ ਆਪੇ ਰਾਖੈ | ੨੫੪ |
| | " | ਜਿਸ ਨੋ ਤੂ ਰਖਵਾਲਾ ਮਾਰੇ ਤਿਸੁ ਕਉਣੁ | ੨੫੬ |
| ੬੫–੬੬ | ਗ੍ਰਹਿ ਪ੍ਰਵੇਸ਼ | ਧਰਤਿ ਪੁਨੀਤ ਭਈ ਗੁਨ ਗਾਏ | ੨੫੯ |
| ੬੭ ਤੋਂ | ਅਨੰਦ ਕਾਰਜ | ਗੁਰਮੁਖਿ ਵੀਆਹਣਿ ਆਇਆ | ੨੬੧–੬੨ |
| ੭੦. | " | ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ | ੨੬੪ |
| ੭੧–੭੨ | ਲਾਵਾਂ ਤੋਂ ਪਿਛੋਂ | ਵੀਆਹ ਹੋਆ ਮੇਰੇ ਬਾਬੁਲਾ | ੨੬੬ |
| ੭੩. | ਨਿੰਮ੍ਰਤਾ | ਹੋਇ ਨਿਮਾਨਾ ਜਗਿ ਰਹਹੁ | ੨੬੭ |
| ੭੪. | ਮਨ | ਬਿਰਥਾ ਕਹਉ ਕਉਨ ਸਿਉ ਮਨ ਕੀ | ੨੭੦ |
| ੭੫. | ਪੰਚ ਚੋਰ | ਪੰਚ ਬਿਖਾਦੀ ਏਕੁ ਗਰੀਬਾ | ੨੭੩ |
| | " | ਜੀਤਿ ਲਏ ਓਇ ਮਹਾ ਬਿਖਾਦੀ | ੨੭੫ |
| ੭੬. | ਕੁਸੰਗਤ | ਕਬੀਰ ਸਾਕਤ ਸੰਗੁ ਨ ਕੀਜੀਐ | ੨੭੮ |
| ੭੭. | ਵੈਰਾਗ | ਕਾ ਕੀ ਮਾਈ ਕਾ ਕੋ ਬਾਪ | ੨੮੦ |
| | " | ਨਾਮ ਧਾਰੀਕ ਝੂਠੇ ਸਭਿ ਸਾਕ | |
| ੭੮. | ਲੇਖਾ–ਜੋਖਾ | ਘੜੀ ਚਸੇ ਕਾ ਲੇਖਾ ਲੀਜੈ, ਬੁਰਾ ਭਲਾ ਸਹੁ ਜੀਆ | ੨੮੪ |
| ੭੯. | ਹਉਮੈ | ਪ੍ਰਾਨੀ ਕਿਆ ਮੇਰਾ ਕਿਆ ਤੇਰਾ | ੨੮੭ |
| | " | ਇਹੁ ਤਨੁ ਹੋਇਗੋ ਭਸਮ ਕੀ ਢੇਰੀ | ੨੮੯ |
| ੮੦. | ਮਿਥਿਆ | ਜੋ ਉਪਜਿਓ ਸੋ ਬਿਨਸਿ ਹੈ | ੨੯੨ |
| | " | ਮਰਣਿ ਨ ਮੂਰਤੁ ਪੁਛਿਆ ਪੁਛੀ ਥਿਤਿ ਨ ਵਾਰੁ | ੨੯੪ |
| ੮੧. | ਕਾਲ ਫਾਸ | ਬਾਦਿਸਾਹ ਸਾਹ ਵਾਪਾਰੀ ਮਰਨਾ ਜੋ ਦੀਸੈ ਸੋ ਕਾਲਹਿ ਖਰਨਾ | ੨੯੭ |


 www.sikhbookclub.com

# ਭਾਗ ਦੂਜਾ

## ( ਖੰਡ ਪਹਿਲਾ )

## ਦਸਾਂ ਸਤਿਗੁਰਾਂ ਦਾ ਸੰਖੇਪ ਜੀਵਨ


| | | |
|---|---|---|
| ੧. | ਸ੍ਰੀ ਗੁਰੂ ਨਾਨਕ ਦੇਵ ਜੀ | ੩੦੩ |
| ੨. | ਸ੍ਰੀ ਗੁਰੂ ਅੰਗਦ ਦੇਵ ਜੀ | ੩੧੬ |
| ੩. | ਸ੍ਰੀ ਗੁਰੂ ਅਮਰਦਾਸ ਜੀ | ੩੨੨ |
| ੪. | ਸ੍ਰੀ ਗੁਰੂ ਰਾਮਦਾਸ ਜੀ | ੩੩੧ |
| ੫. | ਸ੍ਰੀ ਗੁਰੂ ਅਰਜਨ ਦੇਵ ਜੀ | ੩੩੭ |
| ੬. | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | ੩੫੧ |
| ੭. | ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ | ੩੬੦ |
| ੮. | ਸ੍ਰੀ ਗੁਰੂ ਹਰਿ ਕ੍ਰਿਸ਼ਨ ਸਹਿਬ ਜੀ | ੩੬੩ |
| ੯. | ਸ੍ਰੀ ਗੁਰੂ ਤੇਗ ਬਹਾਦਰ ਸਹਿਬ ਜੀ | ੩੬੬ |
| ੧੦. | ਸਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ੩੭੫ |


SIKHBOOKCLUB.COM

## ( ਖੰਡ ਦੂਜਾ )


| | | |
|---|---|---|
| ੧. | ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਗੁਰਪੁਰਬ ਤੇ ਪੜ੍ਹਨ ਵਾਲੇ ਸ਼ਬਦ | ੩੯੪ |
| ੨. | ਸ੍ਰੀ ਗੁਰੂ ਅੰਗਦ ਦੇਵ ਜੀ " " " " " " | ੪੦੪ |
| ੩. | ਸ੍ਰੀ ਗੁਰੂ ਅਮਰਦਾਸ ਸਹਿਬ ਜੀ " " " " " " | ੪੦੬ |
| ੪. | ਸ੍ਰੀ ਗੁਰੂ ਰਾਮਦਾਸ ਸਹਿਬ ਜੀ " " " " " " | ੪੦੭ |
| ੫. | ਸ੍ਰੀ ਗੁਰੂ ਅਰਜਨ ਦੇਵ ਜੀ " " " " " " | ੪੧੦ |
| ੬. | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ " " " " " " | ੪੧੮ |
| ੭. | ਸ੍ਰੀ ਗੁਰੂ ਹਰਿ ਰਾਇ ਸਹਿਬ ਜੀ " " " " " " | ੪੧੯ |
| ੮. | ਸ੍ਰੀ ਗੁਰੂ ਹਰਿ ਕ੍ਰਿਸ਼ਨ ਸਹਿਬ ਜੀ " " " " " " | ੪੧੯ |
| ੯. | ਸ੍ਰੀ ਗੁਰੂ ਤੇਗ ਬਹਾਦਰ ਸਹਿਬ ਜੀ " " " " " " | ੪੨੦ |
| ੧੦. | ਸਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ " " " " " " | ੪੨੧ |
| ੧੧. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ " " " " " " | ੪੨੪ |



www.sikhbookclub.com

SIKHBOOKCLUB.COM

## ਗ਼ਜ਼ਲਾਂ ਭਾਈ ਨੰਦ ਲਾਲ ਜੀ ਸਟੀਕ

ਭਾਈ ਨੰਦ ਲਾਲ ਜੀ ਗੋਯਾ, ਗੁਰੂ ਗੋਬਿੰਦ ਸਿੰਘ ਜੀ ਦੇ ਬੜੇ ਪਿਆਰੇ ਸਿੱਖ ਸਨ। ਆਪ ਫ਼ਾਰਸੀ ਦੇ ਪ੍ਰਸਿੱਧ ਵਿਦਵਾਨ ਸਨ। ਆਪ ਨੇ ਆਪਣੀਆਂ ਗ਼ਜ਼ਲਾਂ ਦਾ ਜ਼ਿੰਦਗੀਨਾਮਾ ਫ਼ਾਰਸੀ ਵਿਚ ਲਿਖਿਆ। ਗਿਆਨੀ ਨਰੈਣ ਸਿੰਘ ਨੇ ਇਨ੍ਹਾਂ ਦਾ ਸਰਲ ਪੰਜਾਬੀ ਵਿਚ ਟੀਕਾ ਕੀਤਾ ਹੈ। 60-00

## ਪੰਜ ਗ੍ਰੰਥੀ ਸਟੀਕ

### (ਟੀਕਾਕਾਰ : ਪੰਡਤ ਨਰੈਣ ਸਿੰਘ ਜੀ)

ਪੰਜ ਗ੍ਰੰਥੀ ਦੀਆਂ ਬਾਣੀਆਂ ਦਾ ਇਸ ਪੁਸਤਕ ਵਿਚ ਟੀਕਾ ਕੀਤਾ ਗਿਆ ਹੈ। ਜਪੁ ਜੀ ਸਾਹਿਬ, ਜਾਪੁ ਸਾਹਿਬ, ਸ਼ਬਦ ਹਜ਼ਾਰੇ, ਪਾਤਸ਼ਾਹੀ 10, ਤ੍ਵਪ੍ਰਸਾਦਿ ਸਵੱਯੇ, ਅਨੰਦ ਸਾਹਿਬ, ਰਹਰਾਸਿ, ਕੀਰਤਨ ਸੋਹਿਲਾ ਅਤੇ ਹੋਰ ਬਾਣੀਆਂ ਵੀ ਸ਼ਾਮਿਲ ਹਨ। ਕੰਪਿਊਟਰ ਰਾਹੀਂ ਮੋਟੇ ਅੱਖਰਾਂ ਵਿਚ ਬੜੀ ਸੁੰਦਰ ਛਪਾਈ ਕੀਤੀ ਗਈ ਹੈ। 200-00

## ਸ੍ਰੀ ਗੁਰਮਤ ਸਾਖੀ ਪ੍ਰਮਾਣ

### (ਰਚਿਤ ਗਿਆਨੀ ਜੋਧ ਸਿੰਘ ਜੀ)

ਗੁਰਬਾਣੀ ਤੇ ਅਧਾਰਿਤ ਸਾਖੀਆਂ ਵਾਲਾ ਪੁਰਾਤਨ ਗ੍ਰੰਥ ਜਿਸਦਾ ਇਕ ਸੌ ਦਸ ਸਾਲ ਪਹਿਲਾਂ ਛਪੇ ਗ੍ਰੰਥ ਤੋਂ ਉਤਾਰਾ ਕੀਤਾ ਗਿਆ ਹੈ। 200-00

## ਸ਼ਬਦ ਸਿੱਧੀ ਭੰਡਾਰ

ਸੰਤ ਸੀਤਲ ਸਿੰਘ ਜੀ ਨੇ ਜੋ ਹੱਥ ਲਿਖਤ ਗੁਰਬਾਣੀ ਆਪਣੇ ਗੁਰਦੇਵ ਪਾਸੋਂ ਪ੍ਰਾਪਤ ਕੀਤੀ ਸੀ, ਉਹੋ ਸ਼ਬਦ ਸਭ ਦੀਆਂ ਮਨੋਂ ਕਾਮਨਾਂ ਪੂਰੀਆਂ ਕਰਨ ਲਈ ਅਸੀਂ ਸੰਗਤਾਂ ਦੇ ਲਾਭ ਹਿੱਤ ਛਾਪ ਦਿੱਤੇ ਹਨ। ਵਿਧੀ ਅਨੁਸਾਰ ਸ਼ਬਦਾਂ ਦਾ ਪਾਠ ਕਰਨ ਨਾਲ ਸਭ ਇੱਛਾ ਪੂਰਨ ਹੋਣਗੀਆਂ। 50-00

## ਗੁਰਤੀਰਥ ਸੰਗ੍ਰਹਿ

ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਸ਼ਬਦ ਐਸੇ ਹਨ ਜਿਹੜੇ ਖਾਸ ਖਾਸ ਮੌਕਿਆਂ ਤੇ ਪੜ੍ਹਨੇ ਬੜੇ ਉਚਿੱਤ ਹਨ। ਇਹ ਗੁਟਕਾ ਅਜਿਹੇ ਚੋਣਵੇਂ ਸ਼ਬਦਾਂ ਦਾ ਸਭ ਤੋਂ ਵੱਡਾ ਸ਼ਬਦ ਸੰਗ੍ਰਹਿ ਹੈ। 30-00

## ਸੌ ਸਾਖੀ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਸੁਹਾਵੀ ਤੇ ਅਸਲੀ ਜਨਮ ਸਾਖੀ ਹੈ। ਜਿਥੇ ਜਿਥੇ ਦਸਮੇਸ਼ ਪਿਤਾ ਗਏ, ਓਥੇ ਓਥੇ ਹੀ ਉਪਦੇਸ਼ ਦੇ ਕੇ ਸੰਗਤਾਂ ਨੂੰ ਤਾਰਿਆ। ਸੱਚ ਧਰਮ ਦਾ ਉਪਦੇਸ਼ ਦਿੱਤਾ। ਇਸ ਨੂੰ ਪੜ੍ਹਕੇ ਸਾਹਿਬਾਂ ਦੇ ਕੌਤਕਾਂ ਦਾ ਤੇ ਆਉਣ ਵਾਲੇ ਸਮੇਂ ਬਾਰੇ ਜਾਣੋ। 140-00

## ਕਥਾ ਉਪਦੇਸ਼ ਸਾਗਰ 'ਕੁੱਜੇ ਵਿਚ ਸਮੁੰਦਰ'

### (ਗਿ.ਭਗਤ ਸਿੰਘ ਜੀ)

ਇਸ ਪੁਸਤਕ ਵਿਚ ਸੰਸਾਰ ਦੇ ਧਰਮਾਂ ਦੀ ਵਾਕਫੀਅਤ ਹੈ। ਪ੍ਰਮੇਸ਼ਰ, ਗੁਰੂ, ਸੰਗਤ, ਖਿਮਾਂ, ਸ਼ਾਂਤੀ, ਸ਼ਰਮ, ਕਾਮ, ਕਰੋਧ, ਲੋਭ, ਮੋਹ ਹੰਕਾਰ ਆਦਿ ਕੀ ਹਨ ? ਇਸ ਪੁਸਤਕ ਵਿਚ ਬੜੇ ਵਿਸਥਾਰ ਨਾਲ ਗੁਰਬਾਣੀ ਦੀਆਂ ਤੁੱਕਾਂ ਦੇ ਕੇ ਪ੍ਰਮਾਣਾਂ ਸਹਿਤ ਦਸਿਆ ਗਿਆ ਹੈ। ਇਸ ਵਿਚ 183 ਸਾਖੀਆਂ ਦਰਜ ਹਨ। 120-00

## ਗੁਰਸ਼ਬਦ ਸੰਗ੍ਰਹਿ

ਇਹ ਗੁਰਬਾਣੀ ਦਾ ਗੁਟਕਾ ਧਾਰਨਾਂ ਸਹਿਤ ਤਿਆਰ ਕੀਤਾ ਗਿਆ ਹੈ। ਇਸ ਵਿਚ ਗੁਰਬਾਣੀ ਦੇ ਵੱਖ ਵੱਖ ਸ਼ਬਦ ਦਿੱਤੇ ਗਏ ਹਨ, ਪਹਿਲਾਂ ਹਰ ਸ਼ਬਦ ਦੀ ਟੇਕ ਦਿੱਤੀ ਗਈ ਹੈ ਫਿਰ ਸ਼ਬਦ ਦਿੱਤਾ ਗਿਆ ਹੈ। 15-00

## ਪ੍ਰਚਾਰਕ ਕਿਵੇਂ ਬਣੀਏ ?

### (ਨਿਰਮਲ ਸਿੰਘ 'ਨੂਰ' ਗੋਲਡ ਮੈਡਲਿਸਟ)

ਕਈ ਵਿਦਵਾਨ ਪ੍ਰਚਾਰਕ ਬਣਨਾ ਚਾਹੁੰਦੇ ਹਨ, ਪਰ ਕਈਆਂ ਨੂੰ ਪ੍ਰਚਾਰ ਕਰਨ ਦਾ ਵੱਲ ਨਹੀਂ ਆਉਂਦਾ ਅਤੇ ਕਈਆਂ ਪਾਸ ਢੁਕਵੇਂ ਮੌਕੇ ਤੇ ਬੋਲਣ ਵਾਸਤੇ ਜਾਣਕਾਰੀ ਨਹੀਂ ਹੁੰਦੀ। ਇਸ ਤੱਥ ਨੂੰ ਮੁਖ ਰੱਖ ਕੇ ਇਹ ਪੁਸਤਕ ਛਾਪੀ ਗਈ ਹੈ। ਇਸ ਪੁਸਤਕ ਵਿਚ ਕੇਵਲ ਪ੍ਰਚਾਰ ਕਰਨ ਦੀ ਵਿੱਧੀ ਹੀ ਨਹੀਂ ਦਿੱਤੀ ਗਈ, ਬਲਕਿ ਹਰ ਵਿਸ਼ੇ ਤੇ ਲੇਖ ਦਿੱਤੇ ਗਏ ਹਨ, ਜਿਸ ਨੂੰ ਪੜ੍ਹ ਕੇ ਤੁਸੀਂ ਤੁਰੰਤ ਲੈਕਚਰ ਤਿਆਰ ਕਰ ਸਕਦੇ ਹੋ। ਹਰ ਪ੍ਰਚਾਰਕ ਲਈ ਇਹ ਪੁਸਤਕ ਰਖਣੀ ਜ਼ਰੂਰੀ ਹੈ। 60-00

## ਜਨਮ ਸਾਖੀ - ਸ੍ਰੀ ਗੁਰੂ ਨਾਨਕ ਦੇਵ ਜੀ

### (ਰਚਿਤ ਸ਼ਹੀਦ ਭਾਈ ਮਨੀ ਸਿੰਘ ਜੀ)

ਇਕ ਸੌ ਦਸ ਸਾਲ ਪਹਿਲੇ ਪੱਥਰ ਤੇ ਛਾਪੇ ਤੇ ਛਪੇ ਗ੍ਰੰਥ ਦਾ ਉਤਾਰਾ ਜਿਸ ਵਿਚ ਪੰਜਾਹ ਤੋਂ ਵਧ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਤੇ ਅਧਾਰਿਤ ਫੋਟੋਆਂ ਦਰਜ ਹਨ। 200-00

## ਪ੍ਰਭੂ ਸਿਮਰਨ

### (ਮੇਰੇ ਚੋਣਵੇਂ ਲੈਕਚਰ-ਭਾਗ ਤੀਜਾ)

### (ਗਿ: ਸੰਤ ਸਿੰਘ ਜੀ 'ਮਸਕੀਨ')

'ਹਰ ਗੁਰਮੁਖ ਇਹੋ ਕਹਿੰਦਾ ਹੈ ਕਿ ਪ੍ਰਭੂ ਦਾ ਸਿਮਰਨ ਕਰੋ' ਪਰ ਪ੍ਰਭੂ ਦਾ ਸਿਮਰਨ ਕਿਵੇਂ ਕੀਤਾ ਜਾਏ, ਸਾਰੇ ਇਸ ਦੁਬਿਧਾ ਵਿਚ ਉਲਝ ਜਾਂਦੇ ਹਨ। ***ਪ੍ਰਸਿਧ ਵਿਦਵਾਨ ਗਿ: ਸੰਤ ਸਿੰਘ ਜੀ 'ਮਸਕੀਨ'*** ਨੇ ਇਸ ਉਲਝਨ ਨੂੰ ਪ੍ਰਮਾਣਾਂ ਸਹਿਤ ਸਪਸ਼ਟ ਕੀਤਾ ਹੈ। 18-00

*ਮਿਲਣ ਦਾ ਪਤਾ :* **ਭਾ. ਚਤਰ ਸਿੰਘ ਜੀਵਨ ਸਿੰਘ** *ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। ਫੋਨ : 542346, 547974*

ੴ ਸਤਿਗੁਰ ਪ੍ਰਸਾਦਿ ।।

# ਬੇਨਤੀ

## ਸ਼ਬਦ ਨੰ: ੧

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ।। ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ।। ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ।। ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ।। ੪ ।। ੫੮ ।।

(ਸਵੱਈਏ ਮ: ੪ ਕੇ, ਆ. ਗ੍ਰੰ. ਪੰਨਾ ੧੪੦੬)

## ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ

SIKHBOOKCLUB.COM

੧. ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ।।
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ।।
(ਗਉੜੀ ਮ: ੧, ਆ. ਗ੍ਰੰ. ਪੰਨਾ ੧੫੬)

੨. ਹਮ ਅਪਰਾਧ ਪਾਪ ਬਹੁ ਕੀਨੇ ਕਰਿ ਦੁਸਟੀ ਚੋਰ ਚੁਰਾਇਆ ।।
ਅਬ ਨਾਨਕ ਸਰਣਾਗਤਿ ਆਏ ਹਰਿ ਰਾਖਹੁ ਲਾਜ ਹਰਿ ਭਾਇਆ ।।
(ਗਉੜੀ ਮ: ੪, ਆ. ਗ੍ਰੰ. ਪੰਨਾ ੧੭੨ )

੩. ਹਮਰੇ ਅਵਗੁਣ ਬਹੁਤੁ ਬਹੁਤੁ ਹੈ ਬਹੁ ਬਾਰ ਬਾਰ ਹਰਿ ਗਣਤ ਨ ਆਵੈ ।।
ਤੂੰ ਗੁਣਵੰਤਾ ਹਰਿ ਹਰਿ ਦਇਆਲੁ ਹਰਿ ਆਪੇ ਬਖਸਿ ਲੈਹਿ ਹਰਿ ਭਾਵੈ ।।
(ਗਉੜੀ ਮ: ੪, ਆ. ਗ੍ਰੰ. ਪੰਨਾ ੧੬੭)

੪. ਸਭਿ ਅਵਗਣ ਮੈ ਗੁਣੁ ਨਹੀ ਕੋਈ ।। ਕਿਉ ਕਰਿ ਕੰਤ ਮਿਲਾਵਾ ਹੋਈ ।।੧ ।।
ਨਾ ਮੈ ਰੂਪੁ ਨ ਬੰਕੇ ਨੈਣਾ ।। ਨਾ ਕੁਲ ਢੰਗੁ ਨ ਮੀਠੇ ਬੈਣਾ ।। ੧ ।। ਰਹਾਉ ।।
(ਸੂਹੀ ਮ: ੧, ਆ. ਗ੍ਰੰ. ਪੰਨਾ ੭੫੦)

੫. ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ ।।
ਕੇਤੇ ਗਨਉ ਅਸੰਖ ਅਵਗਣ ਮੇਰਿਆ ।।

 www.sikhbookclub.com

ਅਸੰਖ ਅਵਗਣ ਖਤੇ ਫੇਰੇ ਨਿਤਪ੍ਰਤਿ ਸਦ ਭੂਲੀਐ।।
ਮੋਹ ਮਗਨ ਬਿਕਰਾਲ ਮਾਇਆ ਤਉ ਪ੍ਰਸਾਦੀ ਘੂਲੀਐ।।
ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰਹੂ ਤੇ ਨੇਰਿਆ।।
ਬਿਨਵੰਤਿ ਨਾਨਕ ਦਇਆ ਧਾਰਹੁ ਕਾਢਿ ਭਵਜਲ ਫੇਰਿਆ।। ੧।।
(ਜੈਤਸਰੀ ਮ: ੫, ਆ. ਗ੍ਰੰ. ਪੰਨਾ ੭੦੪)

੬. ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ।।
ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ।।
(ਸਲੋਕ ਵਾਰਾਂ ਤੋਂ ਵਧੀਕ ਮ: ੩, ਆ. ਗ੍ਰੰ. ਪੰਨਾ ੧੪੧੬)

੭. ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ।।
ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ।। ੧।।
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੮੨)

੮. ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ।।
ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ।।
ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ।।
ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ।।
ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ।।
ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ।।
ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ।।
ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ।। ਪ੨।।
(ਗਉੜੀ ਬਾਵਨ ਅਖਰੀ ਮ: ੫, ਆ. ਗ੍ਰੰ. ਪੰਨਾ ੨੬੧)

੯. ਅਨੇਕ ਜਨਮ ਪਾਪ ਕਰਿ ਭਰਮੇ ਹੁਣਿ ਤਉ ਸਰਣਾਗਤਿ ਆਏ।।
ਦਇਆ ਕਰਹੁ ਰਖਿ ਲੇਵਹੁ ਹਰਿ ਜੀਉ ਹਮ ਲਾਗਹ ਸਤਿਗੁਰ ਪਾਏ।।
(ਤੁਖਾਰੀ ਮ: ੪, ਆ. ਗ੍ਰੰ. ਪੰਨਾ ੧੧੧੪)

੧੦. ਮਨ ਕਰਿ ਕਬਹੂ ਨ ਹਰਿ ਗੁਨ ਗਾਇਓ।।
ਬਿਖਿਆ ਸਕਤ ਰਹਿਓ ਨਿਸਿ ਬਾਸੁਰ
ਕੀਨੋ ਅਪਨੋ ਭਾਇਓ।। ੧।। ਰਹਾਉ।।
ਗੁਰ ਉਪਦੇਸੁ ਸੁਨਿਓ ਨਹਿ ਕਾਨਨਿ ਪਰ ਦਾਰਾ ਲਪਟਾਇਓ।।

ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ ॥ ੧ ॥
ਕਹਾ ਕਹਉ ਮੈ ਅਪੁਨੀ ਕਰਨੀ ਜਿਹ ਬਿਧਿ ਜਨਮੁ ਗਵਾਇਓ ॥
ਕਹਿ ਨਾਨਕ ਸਭ ਅਉਗਨ ਮੋ ਮਹਿ ਰਾਖਿ ਲੇਹੁ ਸਰਨਾਇਓ ॥
(ਸਾਰੰਗ ਮ: ੯, ਆ. ਗ੍ਰੰ. ਪੰਨਾ ੧੨੩੨)

੧੧. ਮੋਰ ਕਰੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋਸੋ ॥
ਭੂਲ ਛਿਮੋ ਹਮਰੀ ਪ੍ਰਭ ਆਪਨ ਭੂਲਨਹਾਰ ਕਹਾ ਕੋਊ ਮੋਸੋ ॥
ਸੇਵ ਕਰੀ ਤੁਮਰੀ ਤਿਨਕੇ ਗ੍ਰਿਹ ਦੇਖੀਅਤ ਦਰਬ ਭਰੋਸੋ ॥
ਯਾ ਕਲ ਮੈ ਸਭ ਕਾਲ ਕ੍ਰਿਪਾਨ ਕੇ ਭਾਰੀ ਭੁਜਾਨ ਕੋ ਭਾਰੀ ਭਰੋਸੋ ॥
(ਬਚਿੱਤ੍ਰ ਨਾਟਕ ਪਾਤਸ਼ਾਹੀ ੧੦)

੧੨. ਹਉ ਅਪਰਾਧੀ ਗੁਨਹਗਾਰ ਹਉ ਬੇਮੁਖ ਮੰਦਾ ॥
ਚੋਰ ਯਾਰ ਜੂਆਰ ਹਉ ਪਰ ਘਰ ਜੋਹੰਦਾ ॥
ਨਿੰਦਕ ਦੁਸਟ ਹਰਾਮ ਖੋਰ ਠਗ ਦੇਸ ਠਗੰਦਾ ॥
ਕਾਮ ਕਰੋਧ ਮਦ ਲੋਭ ਮੋਹ ਹੰਕਾਰ ਕਰੰਦਾ ॥
ਵਿਸਾਸ ਘਾਤੀ ਅਕ੍ਰਿਤਘਣ ਮੈ ਕੋ ਨ ਰਖੰਦਾ ॥
ਸਿਮਰ ਮੁਰੀਦਾ ਢਾਢੀਆਂ ਸਤਿਗੁਰ ਬਖਸੰਦਾ ॥
(ਵਾਰਾਂ ਭਾਈ ਗੁਰਦਾਸ ਜੀ)

SIKHBOOKCLUB.COM

# ਰੱਖਿਆ

## ਸ਼ਬਦ ਨੰ: ੨

ਹਾ ਹਾ ਪ੍ਰਭ ਰਾਖਿ ਲੇਹੁ।। ਹਮ ਤੇ ਕਿਛੂ ਨ ਹੋਇ ਮੇਰੇ ਸੁਾਮੀ ਕਰਿ ਕਿਰਪਾ ਅਪੁਨਾ ਨਾਮੁ ਦੇਹੁ।। ੧।। ਰਹਾਉ।। ਅਗਨਿ ਕੁਟੰਬ ਸਾਗਰ ਸੰਸਾਰ।। ਭਰਮ ਮੋਹ ਅਗਿਆਨ ਅੰਧਾਰ।। ੧।। ਊਚ ਨੀਚ ਸੂਖ ਦੂਖ।। ਧ੍ਰਾਪਸਿ ਨਾਹੀ ਤ੍ਰਿਸਨਾ ਭੂਖ ।। ੨।। ਮਨਿ ਬਾਸਨਾ ਰਚਿ ਬਿਖੈ ਬਿਆਧਿ।। ਪੰਚ ਦੂਤ ਸੰਗਿ ਮਹਾ ਅਸਾਧ।। ੩।। ਜੀਅ ਜਹਾਨੁ ਪ੍ਰਾਨ ਧਨੁ ਤੇਰਾ।। ਨਾਨਕ ਜਾਨੁ ਸਦਾ ਹਰਿ ਨੇਰਾ।। ੪।। ੧।। ੧੯।।

(ਧਨਾਸਰੀ ਮ: ੫,, ਆ. ਗ੍ਰੰ. ਪੰਨਾ ੬੭੫)

## ਹਾ ਹਾ ਪ੍ਰਭ ਰਾਖਿ ਲੇਹੁ

੧. ਤੁਮ੍ਰੀ ਟੇਕ ਪੂਰੇ ਮੇਰੇ ਸਤਿਗੁਰ ਮਨ ਸਰਨਿ ਤੁਮ੍ਾਰੈ ਪਰੀ।।
ਅਚੇਤ ਇਆਨੇ ਬਾਰਿਕ ਨਾਨਕ ਹਮ ਤੁਮ ਰਾਖਹੁ ਧਾਰਿ ਕਰੀ।।
(ਗੂਜਰੀ ਮ: ੫, ਆ. ਗ੍ਰੰ. ਪੰਨਾ ੪੯੯)

੨. ਹਰਿ ਆਪੇ ਹੋਇ ਕ੍ਰਿਪਾਲੁ ਆਪਿ ਲਿਵ ਲਾਵਹਿਗੇ।।
ਜਨੁ ਨਾਨਕੁ ਸਰਨਿ ਦੁਆਰਿ ਹਰਿ ਲਾਜ ਰਖਾਵਹਿਗੇ।। ੪।। ੬।।
ਛਕਾ ੧।। (ਕਲਿਆਨ ਮ: ੪, ਆ. ਗ੍ਰੰ. ਪੰਨਾ ੧੩੨੧)

੩. ਸਭਨਾ ਕੀ ਤੂ ਆਸ ਹੈ ਮੇਰੇ ਪਿਆਰੇ ਸਭਿ ਤੁਝਹਿ ਧਿਆਵਹਿ ਮੇਰੇ ਸਾਹ।।
ਜਿਉ ਭਾਵੈ ਤਿਉ ਰਖੁ ਤੂ ਮੇਰੇ ਪਿਆਰੇ ਸਚੁ ਨਾਨਕ ਕੇ ਪਾਤਿਸਾਹ।।
(ਧਨਾਸਰੀ ਮ: ੪, ਆ. ਗ੍ਰੰ. ਪੰਨਾ ੬੭੦)

੪. ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ।।
ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ।। ੧।।
ਕਿਉ ਛੂਟਉ ਕੈਸੇ ਤਰਉ ਭਵਜਲ ਨਿਧਿ ਭਾਰੀ।।
ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮ੍ਾਰੀ।। ੧।। ਰਹਾਉ।।
(ਬਿਲਾਵਲੁ ਕਬੀਰ ਜੀ, ਆ. ਗ੍ਰੰ. ਪੰਨਾ ੮੫੫)

੫. ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ।।
(ਗਉੜੀ ਪੂਰਬੀ ਮ: ੪, ਆ. ਗ੍ਰੰ. ਪੰਨਾ ੧੩)


www.sikhbookclub.com

੬. ਨਾਨਕੁ ਗਰੀਬੁ ਬੰਦਾ ਜਨੁ ਤੇਰਾ।। ਰਾਖਿ ਲੇਇ ਸਾਹਿਬੁ ਪ੍ਰਭੁ ਮੇਰਾ।।
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੭੬)

੭. ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ।।
ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ।। ੧।।
ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ।।
ਹਮ ਅਪਰਾਧੀ ਸਦ ਭੂਲਤੇ ਤੁਮ੍ਹ ਬਖਸਨਹਾਰੇ।। ੧।। ਰਹਾਉ।।
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੦੯)

੮. ਤੇਰੀ ਸਰਣਿ ਮੇਰੇ ਦੀਨ ਦਇਆਲਾ।। ਸੁਖ ਸਾਗਰ ਮੇਰੇ ਗੁਰ ਗੋਪਾਲਾ।।
ਕਰਿ ਕਿਰਪਾ ਨਾਨਕੁ ਗੁਣ ਗਾਵੈ ਰਾਖਹੁ ਸਰਮ ਅਸਾੜੀ ਜੀਉ।।
(ਮਾਝ ਮ: ੫, ਆ. ਗ੍ਰੰ. ਪੰਨਾ ੧੦੫)

੯. ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ।।
ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ।।
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੭੪)

੧੦. ਕਿਸ ਹੀ ਜੋਰੁ ਅਹੰਕਾਰ ਬੋਲਣ ਕਾ।।
ਕਿਸ ਹੀ ਜੋਰੁ ਦੀਬਾਨ ਮਾਇਆ ਕਾ।।
ਮੈ ਹਰਿ ਬਿਨੁ ਟੇਕ ਧਰ ਅਵਰ ਨ ਕਾਈ ਤੂ ਕਰਤੇ ਰਾਖੁ ਮੈ ਨਿਮਾਣੀ ਹੇ।।
(ਮਾਰੂ ਸੋਲਹੇ ਮ: ੪, ਆ. ਗ੍ਰੰ. ਪੰਨਾ ੧੦੭੧)

੧੧. ਹਾ ਹਾ ਪ੍ਰਭ ਰਾਖਿ ਲੇਹੁ।। ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ
ਕਰਿ ਕਿਰਪਾ ਅਪੁਨਾ ਨਾਮੁ ਦੇਹੁ।। ੧।। ਰਹਾਉ।।
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੭੫)

੧੨. ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ।।
ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ।।
(ਜੈਤਸਰੀ ਮ: ੫, ਆ. ਗ੍ਰੰ. ਪੰਨਾ ੭੦੯)

੧੩. ਆਪੁ ਤਿਆਗਿ ਸੰਤ ਚਰਨ ਲਾਗਿ ਮਨੁ ਪਵਿਤੁ ਜਾਹਿ ਪਾਪ।। ੧।।
ਨਾਨਕੁ ਬਾਰਿਕੁ ਕਛੂ ਨ ਜਾਨੈ ਰਾਖਨ ਕਉ ਪ੍ਰਭੁ ਮਾਈ ਬਾਪ।।
(ਪ੍ਰਭਾਤੀ ਮ: ੫, ਆ. ਗ੍ਰੰ. ਪੰਨਾ ੧੩੪੧)

੧੪. ਕਰੇ ਕੋਟ ਕੋਊ ਧਰੇ ਕੋਟ ਓਟੰ।। ਬਚੈਗੋ ਨ ਕਿਉਂ ਹੂੰ ਕਰੈ ਕਾਲ ਚੋਟੰ।।
ਲਿਖੰ ਜੰਤ੍ਰ ਕੇਤੇ ਪੜੰ ਮੰਤ੍ਰ ਕੋਟੰ।। ਬਿਨਾ ਸ਼ਰਨ ਤਾ ਕੀ ਨਹੀ ਔਰ ਓਟੰ।।
(ਬਚਿਤ੍ਰ ਨਾਟਕ ਪਾ: ੧੦)

੧੫. ਭਗਤ ਵਛਲ ਸੁਨਿ ਹੋਤ ਹੌਂ ਨਿਰਾਸ ਰਿਦੈ,
ਪਤਿਤ ਪਾਵਨ ਸੁਨਿ ਆਸਾ ਉਰਿਧਾਰਿ ਹੌਂ।
ਅੰਤਰਜਾਮੀ ਸੁਨਿ ਕੰਪਤ ਹੌਂ ਅੰਤਰਿ ਗਤਿ,
ਦੀਨ ਕੈ ਦਇਆਲੁ ਸੁਨਿ ਭੈ ਭਰਮ ਟਾਰ ਹੌਂ।
ਜਲਧਰ ਸੰਗਮ ਕੈ ਅਫਲ ਸੇਂਬਲ ਦ੍ਰੂਮ,
ਚੰਦਨ ਸੁਗੰਧ ਸਨਬੰਧ ਮੈਲਗਾਰ ਹੌਂ।
ਅਪਨੀ ਕਰਨੀ ਕਰਿ ਨਰਕ ਹੂੰ ਨ ਪਾਵਊ ਠਉਰ
ਤੁਮਰੇ ਬਿਰਦ ਕਰਿ ਆਸਰੋ ਸੰਮ੍ਹਾਰ ਹੌਂ।।

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

੧੬. ਲੱਖ ਨਿੰਦਕ ਲੱਖ ਬੇਮੁਖਾਂ ਦੂਤ ਦੁਸ਼ਟ ਲੱਖ ਲੂਣ ਹਰਾਮੀ।।
ਸੁਾਮਿ ਧ੍ਰੋਹੀ ਅਕ੍ਰਿਤਘਣ ਚੋਰ ਜਾਰ ਲੱਖ ਲੱਖ ਪਹਨਾਮੀ।।
ਬਾਮ੍ਹਣ ਗਾਈ ਵੰਸ ਘਾਤ ਲਾਇਤਬਾਰ ਹਜ਼ਾਰ ਅਸਾਮੀ।।
ਕੂੜਿਆਰ ਗੁਰੂ ਗੋਪ ਲੱਖ ਗੁਨਹਗਾਰ ਲੱਖ ਲੱਖ ਬਦਨਾਮੀ।।
ਅਪਰਾਧੀ ਬਹੁ ਪਤਿਤ ਲੱਖ ਅਵਗੁਣਿਆਰ ਖੁਆਰ ਖੁਨਾਮੀ।।
ਲੱਖ ਲਿਬਾਸੀ ਦਗਾਬਾਜ਼ ਲੱਖ ਸ਼ੈਤਾਨ ਸਲਾਮਿ ਸਲਾਮੀ।।
ਤੂੰ ਵੇਖਹਿੰ ਹਉਂ ਮੁੱਕਰਾਂ ਹਉਂ ਕਪਟੀ ਤੂੰ ਅੰਤਰਜਾਮੀ।।
ਪਤਿਤ ਉਧਾਰਣ ਬਿਰਦੁ ਸੁਆਮੀ।।

(ਵਾਰਾਂ ਭਾਈ ਗੁਰਦਾਸ ਜੀ)

SIKHBOOKCLUB.COM

# ਨਿਮਰਤਾ

## ਸ਼ਬਦ ਨੰ: ੩

ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹੁ ਮੀਠਾ ਮਾਇਆ।। ਘਰ ਮੰਦਰ ਘੋੜੇ ਖੁਸੀ ਮਨੁ ਅਨ ਰਸਿ ਲਾਇਆ।। ਹਰਿ ਪ੍ਰਭੁ ਚਿਤਿ ਨ ਆਵਈ ਕਿਉ ਛੂਟਾ ਮੇਰੇ ਹਰਿ ਰਾਇਆ।। ੧।। ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ।। ਗੁਣਵੰਤਾ ਹਰਿ ਹਰਿ ਦਇਆਲੁ ਕਰਿ ਕਿਰਪਾ ਬਖਸਿ ਅਵਗਣ ਸਭਿ ਮੇਰੇ।। ੧।। ਰਹਾਉ।। ਕਿਛੁ ਰੂਪੁ ਨਹੀ ਕਿਛੁ ਜਾਤਿ ਨਹੀ ਕਿਛੁ ਢੰਗੁ ਨ ਮੇਰਾ।। ਕਿਆ ਮੁਹੁ ਲੈ ਬੋਲਹ ਗੁਣ ਬਿਹੂਨ ਨਾਮੁ ਜਪਿਆ ਨ ਤੇਰਾ।। ਹਮ ਪਾਪੀ ਸੰਗਿ ਗੁਰ ਉਬਰੇ ਪੁੰਨੁ ਸਤਿਗੁਰ ਕੇਰਾ।। ੨।। ਸਭੁ ਜੀਉ ਪਿੰਡੁ ਮੁਖੁ ਨਕੁ ਦੀਆ ਵਰਤਣ ਕਉ ਪਾਣੀ।। ਅੰਨੁ ਖਾਣਾ ਕਪੜੁ ਪੈਨਣੁ ਦੀਆ ਰਸ ਅਨਿ ਭੋਗਾਣੀ।। ਜਿਨਿ ਦੀਏ ਸੁ ਚਿਤਿ ਨ ਆਵਈ ਪਸੂ ਹਉ ਕਰਿ ਜਾਣੀ।। ੩।। ਸਭੁ ਕੀਤਾ ਤੇਰਾ ਵਰਤਦਾ ਤੂੰ ਅੰਤਰਜਾਮੀ।। ਹਮ ਜੰਤ ਵਿਚਾਰੇ ਕਿਆ ਕਰਹ ਸਭੁ ਖੇਲੁ ਤੁਮ ਸੁਆਮੀ।। ਜਨ ਨਾਨਕੁ ਹਾਟਿ ਵਿਹਾਝਿਆ ਹਰਿ ਗੁਲਮ ਗੁਲਾਮੀ।। ੪।। ੬।। ੧੨।। ੫੦।। (ਗਉੜੀ ਬੈਰਾਗਣਿ ਮ: ੪, ਆ. ਗ੍ਰੰ. ਪੰਨਾ ੧੬੭)

## ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ

੧. ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ।।
ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ।।
(ਰਾਮਕਲੀ ਕਬੀਰ ਜੀ, ਆ. ਗ੍ਰੰ. ਪੰਨਾ ੯੭੧)

੨. ਜਿਹ ਘਰਿ ਕਥਾ ਹੋਤ ਹਰਿ ਸੰਤਨ ਇਕ ਨਿਮਖ ਨ ਕੀਨੑੋ ਮੈ ਫੇਰਾ।।
ਲੰਪਟ ਚੋਰ ਦੂਤ ਮਤਵਾਰੇ ਤਿਨ ਸੰਗਿ ਸਦਾ ਬਸੇਰਾ।।
(ਰਾਮਕਲੀ ਕਬੀਰ ਜੀ, ਆ. ਗ੍ਰੰ. ਪੰਨਾ ੯੭੧)

੩. ਕਹਉ ਕਹਾ ਅਪਨੀ ਅਧਮਾਈ।।
ਉਰਝਿਓ ਕਨਕ ਕਾਮਨੀ ਕੇ ਰਸ ਨਹ ਕੀਰਤਿ ਪ੍ਰਭ ਗਾਈ।।
(ਟੋਡੀ ਮ: ੯, ਆ. ਗ੍ਰੰ. ਪੰਨਾ ੭੧੮)

੪. ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹੁ ਮੀਠਾ ਮਾਇਆ।।
ਘਰ ਮੰਦਰ ਘੋੜੇ ਖੁਸੀ ਮਨੁ ਅਨ ਰਸਿ ਲਾਇਆ।।

ਹਰਿ ਪ੍ਰਭੁ ਚੀਤਿ ਨ ਆਵਈ ਕਿਉ ਛੂਟਾ ਮੇਰੇ ਹਰਿ ਰਾਇਆ ।। ੧ ।।
ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ ।।
ਗੁਣਵੰਤਾ ਹਰਿ ਹਰਿ ਦਇਆਲੁ
ਕਰਿ ਕਿਰਪਾ ਬਖਸਿ ਅਵਗਣ ਸਭਿ ਮੇਰੇ ।। ੧ ।। ਰਹਾਉ ।।
ਕਿਛੁ ਰੂਪੁ ਨਹੀ ਕਿਛੁ ਜਾਤਿ ਨਹੀ ਕਿਛੁ ਢੰਗੁ ਨ ਮੇਰਾ ।।
ਕਿਆ ਮੁਹੁ ਲੈ ਬੋਲਹ ਗੁਣ ਬਿਹੂਨ ਨਾਮੁ ਜਪਿਆ ਨ ਤੇਰਾ ।।
ਹਮ ਪਾਪੀ ਸੰਗਿ ਗੁਰ ਉਬਰੇ ਪੁੰਨੁ ਸਤਿਗੁਰ ਕੇਰਾ ।। ੨ ।।
(ਗਉੜੀ ਮ: ੪, ਆ. ਗ੍ਰੰ. ਪੰਨਾ ੧੬੭)

੫. ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ ।।
ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ ।। ੩ ।। ੨ ।।
(ਜੈਤਸਰੀ ਮ: ੯, ਆ. ਗ੍ਰੰ. ਪੰਨਾ ੭੦੩)

੬. ਖਿਸੈ ਜੋਬਨੁ ਬਧੈ ਜਰੂਆ ਦਿਨ ਨਿਹਾਰੇ ਸੰਗਿ ਮੀਚੁ ।।
ਬਿਨਵੰਤਿ ਨਾਨਕ ਆਸ ਤੇਰੀ ਸਰਣਿ ਸਾਧੂ ਰਾਖੁ ਨੀਚੁ ।। ੨ ।।
(ਆਸਾ ਮ: ੫, ਆ. ਗ੍ਰੰ. ਪੰਨਾ ੪੫੮)

੭. ਤਿਆਗਿ ਚਲਤੀ ਮਹਾ ਚੰਚਲਿ ਦੋਖ ਕਰਿ ਕਰਿ ਜੋਰੀ ।।
ਨਾਨਕ ਸਰਨਿ ਸਮਰਥ ਸੁਆਮੀ ਪੈਜ ਰਾਖਹੁ ਮੋਰੀ ।। ੩ ।।
(ਬਿਹਾਗੜਾ ਮ: ੫, ਛੰਤ, ਆ. ਗ੍ਰੰ. ਪੰਨਾ ੫੪੭)

੮. ਮੈ ਜੇਹਾ ਨ ਅਕ੍ਰਿਤਘਣ ਹੈ ਭਿ ਨ ਹੋਆ ਹੋਵਣਹਾਰਾ ।।
ਮੈ ਜੇਹਾ ਨ ਹਰਾਮਖੋਰੁ ਹੋਰੁ ਨ ਕੋਈ ਅਵਗੁਣਿਆਰਾ ।।
ਮੈ ਜੇਹਾ ਨਿੰਦਕੁ ਨ ਕੋਇ ਗੁਰੁ ਨਿੰਦਾ ਸਿਰ ਬੱਜਰ ਭਾਰਾ ।।
ਮੈ ਜੇਹਾ ਬੇਮੁਖੁ ਨ ਕੋਇ ਸਤਿਗੁਰ ਤੇ ਬੇਮੁਖ ਹਤਿਆਰਾ ।।
ਮੈ ਜੇਹਾ ਕੋ ਦੁਸ਼ਟਿ ਨਾਂਹਿ ਨਿਰਵੈਰੈ ਜਿਉ ਵੈਰ ਵਿਕਾਰਾ ।।
ਮੈ ਜੇਹਾ ਨ ਵਿਸ੍ਵਾਸ ਧ੍ਰੋਹਿ ਬਗਲ ਸਮਾਧੀ ਮੀਨ ਅਹਾਰਾ ।।
ਬੱਜਰ ਲੇਪ ਨ ਉਤਰੈ ਪਿੰਡ ਅਪਰਚੇ ਅਉਚਰ ਚਾਰਾ ।।
ਮੈ ਜੇਹਾ ਨ ਦੁਬਾਜਰਾ ਤਜ ਗੁਰਮਤਿ ਦੁਰਮਤ ਚਿਤਕਾਰਾ ।।
ਨਾਉ ਮੁਰੀਦ ਨ ਸਬਦ ਵਿਚਾਰਾ ।। ੨੯ ।। (ਵਾਰਾਂ ਭਾਈ ਗੁਰਦਾਸ ਜੀ)

੯. ਤੋਸੋ ਨ ਨਾਥ ਅਨਾਥ ਨ ਮੋ ਸਰਿ, ਤੋਸੋ ਨ ਦਾਨੀ ਨ ਮੋਸੋ ਭਿਖਾਰੀ ।।
ਮੋਸੋ ਨ ਦੀਨ ਦਇਆਲ ਨ ਤੋ ਸਰਿ, ਮੋਸੋ ਅਗਿਆਨ ਨ ਤੋਸੋ ਬੀਚਾਰੀ ।।
ਮੋਸੋ ਨ ਪਤਿਤ, ਨ ਪਾਵਨ ਤੋ ਸਰਿ, ਮੋਸੋ ਬਿਕਾਰੀ ਨ ਤੋਸੋ ਉਪਕਾਰੀ ।।
ਮੇਰੇ ਹੈ ਅਵਗੁਨ ਤੂ ਗੁਨ ਸਾਗਰ, ਜਾਤ ਰਸਾਤਲ ਓਟ ਤਿਹਾਰੀ ।।
(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

SIKHBOOKCLUB.COM

# ਉਸਤਤ

## ਸ਼ਬਦ ਨੰ: ੪

ਮਹਿਮਾ ਨ ਜਾਨਹਿ ਬੇਦ।। ਬ੍ਰਹਮੇ ਨਹੀ ਜਾਨਹਿ ਭੇਦ।। ਅਵਤਾਰ ਨ ਜਾਨਹਿ ਅੰਤੁ।। ਪਰਮੇਸਰੁ ਪਾਰਬ੍ਰਹਮ ਬੇਅੰਤੁ।।੧।।ਅਪਨੀ ਗਤਿ ਆਪਿ ਜਾਨੈ।। ਸੁਣਿ ਸੁਣਿ ਅਵਰ ਵਖਾਨੈ।।੧।। ਰਹਾਉ।। ਸੰਕਰਾ ਨਹੀ ਜਾਨਹਿ ਭੇਵ।। ਖੋਜਤ ਹਾਰੇ ਦੇਵ।। ਦੇਵੀਆ ਨਹੀ ਜਾਨਹਿ ਮਰਮ।। ਸਭ ਊਪਰਿ ਅਲਖ ਪਾਰਬ੍ਰਹਮ।। ੨।। ਅਪਨੈ ਰੰਗਿ ਕਰਤਾ ਕੇਲ।। ਆਪਿ ਬਿਛੋਰੈ ਆਪੇ ਮੇਲ।। ਇਕਿ ਭਰਮੇ ਇਕਿ ਭਗਤੀ ਲਾਏ।। ਅਪਣਾ ਕੀਆ ਆਪਿ ਜਣਾਏ।। ੩।। ਸੰਤਨ ਕੀ ਸੁਣਿ ਸਾਚੀ ਸਾਖੀ।। ਸੋ ਬੋਲਹਿ ਜੋ ਪੇਖਹਿ ਆਖੀ।। ਨਹੀ ਲੇਪੁ ਤਿਸੁ ਪੁੰਨਿ ਨ ਪਾਪਿ।। ਨਾਨਕ ਕਾ ਪ੍ਰਭੁ ਆਪੇ ਆਪਿ।। ੪।। ੨੫।। ੩੬।। (ਰਾਮਕਲੀ ਮ: ੫, ਪੰਨਾ ੮੯੪)

## ਪਰਮੇਸਰੁ ਪਾਰਬ੍ਰਹਮ ਬੇਅੰਤੁ

੧. ਮਹਿਮਾ ਨ ਜਾਨਹਿ ਬੇਦ।। ਬ੍ਰਹਮੇ ਨਹੀ ਜਾਨਹਿ ਭੇਦ।।
ਅਵਤਾਰ ਨ ਜਾਨਹਿ ਅੰਤੁ।। ਪਰਮੇਸਰੁ ਪਾਰਬ੍ਰਹਮ ਬੇਅੰਤੁ।। ੧।।
ਅਪਨੀ ਗਤਿ ਆਪਿ ਜਾਨੈ।। ਸੁਣਿ ਸੁਣਿ ਅਵਰ ਵਖਾਨੈ।। ੧।। ਰਹਾਉ।।
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੯੪)

੨. ਜਿਹਵਾ ਏਕ ਕਵਨ ਗੁਨ ਕਹੀਐ।।
ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨਹੀ ਲਹੀਐ।।
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੭੪)

੩. ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ।।
ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ।।
ਤੇਰੀ ਗਤਿ ਮਿਤਿ ਤੂਹੈ ਜਾਣਦਾ ਤੁਧੁ ਕੀਮਤਿ ਪਾਈ।।
(ਮਲਾਰ ਕੀ ਵਾਰ ਮ: ੧, ਆ. ਗ੍ਰੰ. ਪੰਨਾ ੧੨੭੧)

੪. ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ।।
ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ।। ੧।।
(ਗੂਜਰੀ ਮ: ੧, ਆ. ਗ੍ਰੰ. ਪੰਨਾ ੪੮੯)

੫. ਬ੍ਰਹਮਾਦਿਕ ਸਿਵ ਛੰਦ ਮੁਨੀਸੁਰ ਰਸਕਿ ਰਸਕਿ ਠਾਕੁਰ ਗੁਨ ਗਾਵਤ॥
ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ ਧਰਣਿ ਗਗਨ ਆਵਤ ਫੁਨਿ ਧਾਵਤ॥
ਸਿਧ ਮਨੁਖ੍ਯ ਦੇਵ ਅਰੁ ਦਾਨਵ ਇਕੁ ਤਿਲੁ ਤਾ ਕੋ ਮਰਮੁ ਨ ਪਾਵਤ॥
(ਸ੍ਰੀ ਮੁਖਵਬਾਕ੍ਯ ਸਵੱਯੇ ਮ: ੫, ਆ. ਗ੍ਰੰ. ਪੰਨਾ ੧੩੮੮)

੬. ਸਰਬ ਗੁਣ ਨਿਧਾਨੰ ਕੀਮਤਿ ਨ ਗ੍ਯ਼ਾਨੰ ਧ੍ਯ਼ਾਨੰ
ਊਚੇ ਤੇ ਊਚੌ ਜਾਨੀਜੈ ਪ੍ਰਭ ਤੇਰੋ ਥਾਨੰ॥
ਮਨੁ ਧਨੁ ਤੇਰੋ ਪ੍ਰਾਨੰ ਏਕੈ ਸੂਤਿ ਹੈ ਜਹਾਨੰ
ਕਵਨ ਉਪਮਾ ਦੇਉ ਬਡੇ ਤੇ ਬਡਾਨੰ॥
(ਸਵੱਯੇ ਸ੍ਰੀ ਮੁਖਬਾਕ੍ਯ ਮ: ੫, ਆ. ਗ੍ਰੰ. ਪੰਨਾ ੧੩੯੬)

੭. ਕੋਟਿ ਬਿਸਨ ਕੀਨੇ ਅਵਤਾਰ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ॥
ਕੋਟਿ ਮਹੇਸ ਉਪਾਇ ਸਮਾਏ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ॥ ੧॥
ਐਸੋ ਧਣੀ ਗੁਵਿੰਦੁ ਹਮਾਰਾ॥
ਬਰਨਿ ਨ ਸਾਕਉ ਗੁਣ ਬਿਸਥਾਰਾ॥ ੧॥ ਰਹਾਉ॥
(ਭੈਰਉ ਮ: ੫, ਆ. ਗ੍ਰੰ. ਪੰਨਾ ੧੧੫੬)

੮. ਬ੍ਰਹਮਾ ਬਿਸਨੁ ਮਹੇਸੁ ਦੁਆਰੈ॥ ਊਭੇ ਸੇਵਹਿ ਅਲਖ ਅਪਾਰੈ॥
ਹੋਰ ਕੇਤੀ ਦਰਿ ਦੀਸੈ ਬਿਲਲਾਂਦੀ, ਮੈ ਗਣਤ ਨ ਆਵੈ ਕਾਈ ਹੇ॥
(ਮਾਰੂ ਸੋਲਹੇ ਮ: ੧, ਆ. ਗ੍ਰੰ. ਪੰਨਾ ੧੦੨੨)

੯. ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ॥
ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ॥
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੧)

੧੦. ਤੁਮਰੀ ਮਹਿਮਾ ਅਪਰ ਅਪਾਰਾ॥ ਜਾ ਕਾ ਲਹਿਓ ਨ ਕਿਨਹੂੰ ਪਾਰਾ॥
ਦੇਵ ਦੇਵ ਰਾਜਨ ਕੇ ਰਾਜਾ॥ ਦੀਨ ਦਿਆਲ ਗਰੀਬ ਨਿਵਾਜਾ॥ ੧॥
(ਬਚਿੱਤ੍ਰ ਨਾਟਕ ਪਾ: ੧੦)

੧੧. ਕਹਾ ਲਗੈ ਇਹੁ ਕੀਟ ਬਖਾਨੈ॥ ਮਹਿਮਾ ਤੋਰਿ ਤੁਹੀ ਪ੍ਰਭ ਜਾਨੈ॥
ਪਿਤਾ ਜਨਮ ਜਿਮ ਪੂਤ ਨ ਪਾਵੈ॥ ਕਹਾ ਤਵਨ ਕਾ ਭੇਦ ਬਤਾਵੈ॥ ੪॥
ਤੁਮਰੀ ਪ੍ਰਭਾ ਤੁਮੈ ਬਨਿ ਆਈ॥ ਅਉਰਨ ਤੇ ਨਹੀ ਜਾਤ ਬਤਾਈ॥
ਤੁਮਰੀ ਕ੍ਰਿਆ ਤੁਮਹੀ ਪ੍ਰਭ ਜਾਨੋ॥ ਊਚ ਨੀਚ ਕਸ ਸਕਤ ਬਖਾਨੋ॥ ੫॥
ਸੇਸ਼ ਨਾਗ ਸਿਰ ਸਹਸ ਬਨਾਈ॥ ਦ੍ਵੈ ਸਹੰਸ ਰਸ ਨਾਹ ਸੁਹਾਈ॥
ਰਟਤ ਅਬ ਲਗੇ ਨਾਮ ਅਪਾਰਾ॥ ਤੁਮਰੋ ਤਊ ਨ ਪਾਵਤ ਪਾਰਾ॥ ੬॥
(ਬਚਿੱਤ੍ਰ ਨਾਟਕ ਪਾ: ੧੦)

੧੨. ਅਨਹਦ ਰੂਪ ਅਨਾਹਦ ਬਾਨੀ।। ਚਰਨ ਸਰਨ ਜਿਹ ਬਸਤ ਭਵਾਨੀ।।
ਬ੍ਰਹਮਾ ਬਿਸਨ ਅੰਤੁ ਨਹੀ ਪਾਇਓ।।
ਨੇਤ ਨੇਤ ਮੁਖ ਚਾਰ ਬਤਾਇਓ।। ੫।। (ਅਕਾਲ ਉਸਤਤਿ ਪਾ: ੧੦)

੧੩. ਆਦਿ ਅੰਤਿ ਨ ਮਧ ਜਾ ਕੋ ਭੂਤ ਭੱਬ ਭਵਾਨ।।
ਸਤਿ ਦੁਆਪੁਰ ਤ੍ਰਿਤੀਆ ਕਲਜੁਗ ਚਤ੍ਰ ਕਾਲ ਪ੍ਰਧਾਨ।।
ਧਿਆਇ ਧਿਆਇ ਥਕੇ ਮਹਾ ਮੁਨ ਗਾਇ ਗੰਧ੍ਰਬ ਅਪਾਰ।।
ਹਾਰ ਹਾਰ ਥਕੇ ਸਭੈ ਨਹੀ ਪਾਈਐ ਤਿਹ ਪਾਰ।।
(ਅਕਾਲ ਉਸਤਤਿ ਪਾ: ੧੦)

੧੪. ਗਜਾਧਪੀ ਨਰਾਧਪੀ ਕਰੰਤ ਸੇਵ ਹੈ ਸਦਾ।।
ਸਿਤਸਪਤੀ ਤਪਸਪਤੀ ਬਨਸਪਤੀ ਜਪਸ ਸਦਾ।।
ਅਗਸਤ ਆਦਿ ਜੇ ਬਡੇ ਤਪਸਪਤੀ ਬਿਸੇਖੀਏ।।
ਬੇਅੰਤ ਬੇਅੰਤ ਬੇਅੰਤ ਕੋ ਕਰੰਤ ਪਾਠ ਪੇਖੀਏ।।
(ਅਕਾਲ ਉਸਤਤਿ ਪਾ: ੧੦)

੧੫. ਕਈ ਕੋਟਿ ਇੰਦ੍ਰ ਜਿਹ ਪਾਨਹਾਰ।। ਕਈ ਕੋਟ ਰੁਦ੍ਰ ਜੁਗੀਆ ਦੁਆਰ।।
ਕਈ ਬੇਦ ਬਿਆਸ ਬ੍ਰਹਮਾ ਅਨੰਤ।।
ਜਿਹ ਨੇਤਿ ਨੇਤਿ ਨਿਸ ਦਿਨ ਉਚਰੰਤ।। (ਅਕਾਲ ਉਸਤਤਿ ਪਾ: ੧੦)

੧੬. ਫਰਾਸੀ ਫਿਰੰਗੀ ਫਰਾਸੀਸ ਕੇ ਦੁਰੰਗੀ
ਮਕਰਾਨ ਕੇ ਮ੍ਰਿਦੰਗੀ ਤੇਰੇ ਗੀਤ ਗਾਈਅਤੁ ਹੈ।।
ਭਖਰੀ ਕੰਧਾਰੀ ਗੋਰ ਗਖਰੀ ਗਰਦੇਜਾ ਚਾਰੀ
ਪਉਨ ਕੇ ਅਹਾਰੀ ਤੇਰੋ ਨਾਮੁ ਧਿਆਈਅਤੁ ਹੈ।।
ਪੂਰਬ ਪਲਾਊ ਕਾਮ ਰੂਪ ਔ ਕਮਾਊ
ਸਰਬ ਠਉਰ ਮੈ ਬਿਰਾਜੈ ਜਹਾ ਜਹਾ ਜਾਈਅਤੁ ਹੈ।।
ਪੂਰਨ ਪ੍ਰਤਾਪੀ ਜੰਤ੍ਰ ਮੰਤ੍ਰ ਕੇ ਅਤਾਪੀ ਨਾਥ
ਕੀਰਤਿ ਤੁਹਾਰੀ ਕੋ ਨ ਪਾਰ ਪਾਈਅਤੁ ਹੈ।। (ਅਕਾਲ ਉਸਤਤਿ ਪਾ: ੧੦)

੧੭. ਕਾਗਦ ਦੀਪ ਸਭੈ ਕਰਿ ਕੈ ਅਰੁ ਸਾਤ ਸਮੁੰਦ੍ਰਨ ਕੀ ਮਸੁ ਕੈਹੋਂ।।
ਕਾਟ ਬਨਾਸਪਤੀ ਸਗਰੀ ਲਿਖਬੇ ਹੂ ਕੇ ਲੇਖਨ ਕਾਜ ਬਨੈਹੋਂ।।

ਸਾਰਸੁਤੀ ਬਕਤਾ ਕਰਿ ਕੈ ਜੁਗਿ ਕੋਟਿ ਗਨੇਸਿ ਕੈ ਹਾਥ ਲਿਖੈ ਹੌਂ।।
ਕਾਲ ਕ੍ਰਿਪਾਨ ਬਿਨਾ ਬਿਨਤੀ ਨ ਤਊ ਤੁਮ ਕੋ ਪ੍ਰਭ ਨੈਕ ਰਿਝੈਹੌਂ।।
(ਬਚਿੱਤ੍ਰ ਨਾਟਕ ਪਾ: ੧੦)

੧੮. ਓੜਕ ਓੜਕ ਭਾਲ ਨ ਓੜਕ ਪਾਇਆ ।।
ਓੜਕ ਭਾਲਣ ਗਏ ਸਿ ਫੇਰਿ ਨ ਆਇਆ।।
ਓੜਕ ਲੱਖ ਕਰੋੜ ਭਰਮ ਭੁਲਾਇਆ।।
ਆਦਿ ਵੱਡਾ ਵਿਸਮਾਦ ਨ ਅੰਤ ਸੁਣਾਇਆ।। (ਵਾਰਾਂ ਭਾਈ ਗੁਰਦਾਸ ਜੀ)

੧੯. ਏਕ ਬ੍ਰਹਮੰਡ ਕੇ ਬਿਸਥਾਰ ਕੀ ਅਪਾਰ ਕਥਾ
ਕੋਟਿ ਬ੍ਰਹਮੰਡ ਕੋ ਨਾਯਕ ਕੈਸੇ ਜਾਨੀਐ।।
ਘਟਿ ਘਟਿ ਅੰਤਰ ਅਉ ਸਰਬ ਨਿਰੰਤਰ ਹ੍ਵੈ
ਸੂਖਮ ਸਥੂਲ ਮੂਲ ਕੈਸ ਪਹਿਚਾਨੀਐ।।
ਨਿਰਗੁਨ ਅਦ੍ਰਿਸ਼ਟ ਦ੍ਰਿਸਟਿ ਮੈਂ ਨਾਨਾ ਪ੍ਰਕਾਰ
ਅਲਖ ਲਖਿਯੋ ਨ ਜਾਇ ਕੈਸੇ ਉਰ ਆਨੀਐ।।
ਸਤਿਰੂਪ ਸਤਿਨਾਮ ਸਤਿਗੁਰੁ ਗਿਆਨ ਧਿਆਨ
ਪੂਰਨ ਬ੍ਰਹਮ ਸਰਬਾਤਮ ਕੈ ਮਾਨੀਐ।।
(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

SIKHBOOKCLUB.COM

# ਦਾਤਾ

## ਸ਼ਬਦ ਨੰ: ੫

ਰੈਣਿ ਦਿਨਸੁ ਪਰਭਾਤਿ ਤੂਹੈ ਹੀ ਗਾਵਣਾ।। ਜੀਅ ਜੰਤ ਸਰਬਤ ਨਾਉ ਤੇਰਾ ਧਿਆਵਣਾ।। ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ।। ਭਗਤ ਜਨਾ ਕੈ ਸੰਗਿ ਪਾਪ ਗਵਾਵਣਾ।। ਜਨ ਨਾਨਕ ਸਦ ਬਲਿਹਾਰੈ ਬਲਿ ਬਲਿ ਜਾਵਣਾ।। ੨੫।। (ਸੋਰਠਿ ਵਾਰ ਮ: ੪, ਆ. ਗ੍ਰੰ. ਪੰਨਾ ੬੫੨)

## ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ

੧. ਸਭੁ ਕੋ ਤੇਰਾ ਤੂੰ ਸਭਸੁ ਦਾ ਤੂੰ ਸਭਨਾ ਰਾਸਿ।।
ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ।।
(ਸ੍ਰੀ ਰਾਗੁ ਮਹਲਾ ੪, ਆ. ਗ੍ਰੰ. ਪੰਨਾ ੮੬)

੨. ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ।।
ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ।।
(ਸੋਰਠਿ ਮਹਲਾ ੫, ਆ. ਗ੍ਰੰ. ਪੰਨਾ ੬੧੩)

੩. ਪਵਣੁ ਪਾਣੀ ਅਗਨਿ ਤਿਨਿ ਕੀਆ ਬ੍ਰਹਮਾ ਬਿਸਨੁ ਮਹੇਸ ਅਕਾਰ।।
ਸਰਬੇ ਜਾਚਿਕ ਤੂੰ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ।।
(ਗੂਜਰੀ ਮ: ੧, ਆ. ਗ੍ਰੰ. ਪੰਨਾ ੫੦੪)

੪. ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ।।
ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ।।
(ਗਉੜੀ ਬਾਵਨ ਅਖਰੀ ਮ: ੫, ਆ. ਗ੍ਰੰ. ਪੰਨਾ ੨੫੭)

੫. ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ।।
ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ।।
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੭੪)

੬. ਹਮ ਭੀਖਕ ਭੇਖਾਰੀ ਤੇਰੇ ਤੂ ਨਿਜਪਤਿ ਹੈ ਦਾਤਾ।।
(ਧਨਾਸਰੀ ਮ: ੩, ਆ. ਗ੍ਰੰ. ਪੰਨਾ ੬੬੬)

੭. ਅਲਖ ਨਿਰੰਜਨੁ ਏਕੋ ਵਰਤੈ ਏਕਾ ਜੋਤਿ ਮੁਰਾਰੀ।।
ਸਭਿ ਜਾਚਿਕ ਤੂ ਏਕੋ ਦਾਤਾ ਮਾਗਹਿ ਹਾਥ ਪਸਾਰੀ।। ੩।।
(ਗੂਜਰੀ ਮ: ੪, ਆ. ਗ੍ਰੰ. ਪੰਨਾ ੫੦੭)

੮. ਤੂ ਭੰਨਣ ਘੜਣ ਸਮਰਥੁ ਦਾਤਾਰੁ ਹਹਿ
ਤੁਧੁ ਅਗੈ ਮੰਗਣ ਨੋ ਹਥ ਜੋੜਿ ਖਲੀ ਸਭ ਹੋਈ।।
ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ
ਤੁਧੁ ਸਭਸੈ ਨੋ ਦਾਨੁ ਦਿਤਾ ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ।।
(ਬਿਹਾਗੜੇ ਕੀ ਵਾਰ ਮ: ੪, ਆ. ਗ੍ਰੰ. ਪੰਨਾ ੫੪੯)

੯. ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ।।
ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ।।
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੭੭)

੧੦. ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ।।
ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ।।
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੧੨)

੧੧. ਟੂਟੀ ਗਾਢਨਹਾਰ ਗੋੁਪਾਲ।। ਸਰਬ ਜੀਆ ਆਪੇ ਪ੍ਰਤਿਪਾਲ।।
ਸਗਲ ਕੀ ਚਿੰਤਾ ਜਿਸੁ ਮਨ ਮਾਹਿ।। ਤਿਸ ਤੇ ਬਿਰਥਾ ਕੋਈ ਨਾਹਿ।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੮੨)

੧੨. ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ।। ਦੇਵਨ ਕਉ ਏਕੈ ਭਗਵਾਨੁ।।
ਜਿਸ ਕੈ ਦੀਐ ਰਹੈ ਅਘਾਇ।। ਬਹੁਰਿ ਨ ਤ੍ਰਿਸਨਾ ਲਾਗੈ ਆਇ।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੮੧)

੧੩. ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ।।
ਪੱਛ ਪਸੂ ਨਗ ਨਾਗ ਨਰਾਧਿਪ ਸਰਬ ਸਮੈ ਸਭ ਕੋ ਪ੍ਰਤਿਪਾਰੈ।।
ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲ ਕੇ ਨਹੀ ਕਰਮ ਬਿਚਾਰੈ।।
ਦੀਨ ਦਇਆਲ ਦਯਾ ਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ।।
(ਅਕਾਲ ਉਸਤਤਿ ਪਾ: ੧੦)

੧੪. ਜਾਨ ਕੋ ਦੇਤ ਅਜਾਨ ਕੋ ਦੇਤ ਜ਼ਮੀਨ ਕੋ ਦੇਤ ਜ਼ਮਾਨ ਕੋ ਦੈ ਹੈ।।
ਕਾਹੇ ਕੋ ਡੋਲਤ ਹੈ ਤੁਮਰੀ ਸੁਧ ਸੁੰਦਰ ਸ੍ਰੀ ਪਦਮਾਪਤਿ ਲੈ ਹੈ।।
(ਅਕਾਲ ਉਸਤਤਿ ਪਾ: ੧੦)

੧੫. ਸੁੰਦਰ ਸਰੂਪ ਹੈਂ ਕਿ ਭੂਪਨ ਕੋ ਭੂਪ ਹੈਂ
ਕਿ ਰੂਪ ਹੂੰ ਕੋ ਰੂਪ ਹੈਂ ਕੁਮਤ ਕੋ ਪ੍ਰਹਾਰ ਹੈਂ।।
ਦੀਨਨ ਕੋ ਦਾਤਾ ਹੈਂ ਗਨੀਮਨ ਕੋ ਗਾਰਕ ਹੈਂ
ਸਾਧਨ ਕੋ ਰੱਛਕ ਹੈਂ ਗੁਨਨ ਕੋ ਪਹਾਰ ਹੈਂ।।
(ਅਕਾਲ ਉਸਤਤਿ ਪਾ: ੧੦)

੧੬. ਕਿ ਅਫਵੂਲ ਗੁਨਾਹ ਹੈਂ।। ਕਿ ਸਾਹਾਨ ਸਾਹ ਹੈਂ।।
ਕਿ ਕਾਰਨ ਕੁਨਿੰਦ ਹੈਂ।। ਕਿ ਰੋਜੀ ਦਿਹੰਦ ਹੈਂ।। (ਸ੍ਰੀ ਮੁਖਵਾਕ ਪਾ: ੧੦)

੧੭. ਕਮਾਲੇ ਕਰਾਮਾਤ ਕਾਯਮ ਕਰੀਮ।।
ਰਜ਼ਾ ਬਖਸ਼ ਰਾਜ਼ਿਕ ਰਿਹਾਕੁਨ ਰਹੀਮ।। ੧।। (ਜ਼ਫ਼ਰਨਾਮਾ ਪਾ: ੧੦)

੧੮. ਨਿਰਾਧਾਰ ਕੋ ਆਧਾਰ ਆਸਰੋ ਨਿਰਾਸਨ ਕੋ
ਨਾਥ ਹੈ ਅਨਾਥਨ ਕੋ ਦੀਨ ਕੋ ਦਇਆਲ ਹੈ।।
ਅਸਰਨਿ ਸਰਨਿ ਔ ਨਿਰਧਨ ਕੋ ਹੈ ਧਨ
ਟੇਕ ਅੰਧਨ ਕੀ ਅਉ ਕਿਰਪਨ ਕੋ ਕਿਰਪਾਲੁ ਹੈ।।
ਅਕ੍ਰਿਤਘਣ ਕੋ ਦਾਤਾਰ ਪਤਿਤ ਪਾਵਨ ਪ੍ਰਭੂ
ਨਰਕ ਨਿਵਾਰਨ ਪ੍ਰਤਗਿਆ ਪ੍ਰਤਿਪਾਲ ਹੈ।।
ਅਵਗੁਨ ਹਰਨ ਕਰਨਿ ਕਰਤਗਿਆ ਸੁਆਮੀ
ਸੰਗੀ ਸਰਬੰਗਿ ਰਸ ਰਸਿਕ ਰਸਾਲੁ ਹੈਂ।।
(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

SIKHBOOKCLUB.COM

# ਸਰਬ ਵਿਆਪਕ

## ਸ਼ਬਦ ਨੰ: ੬

ਮਿਠਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ।। ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।। ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ।। ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ।। ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ।। ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ।। ੧।।

(ਸੂਹੀ ਮ: ੫ ਛੰਤ, ਆ. ਗ੍ਰੰ. ਪੰਨਾ ੭੭੯)

## ਘਟ ਘਟ ਵਾਸੀ ਸਰਬ ਨਿਵਾਸੀ

੧. ਸਗਲ ਸਮਗ੍ਰੀ ਜਾ ਕੈ ਸੂਤਿ ਪਰੋਈ ।।
ਘਟ ਘਟ ਅੰਤਰਿ ਰਵਿਆ ਸੋਈ।। ੨।।

(ਆਸਾ ਮਹਲਾ ੫, ਆ. ਗ੍ਰੰ. ਪੰਨਾ ੩੮੭)

੨. ਸਭ ਮਹਿ ਜੀਉ ਜੀਉ ਹੈ ਸੋਈ ਘਟਿ ਘਟਿ ਰਹਿਆ ਸਮਾਈ।।
ਗੁਰ ਪਰਸਾਦਿ ਘਰ ਹੀ ਪਰਗਾਸਿਆ ਸਹਜੇ ਸਹਜਿ ਸਮਾਈ।। ੭।।

(ਮਲਾਰ ਮ: ੧, ਆ. ਗ੍ਰੰ. ਪੰਨਾ ੧੨੭੩)

੩. ਸੋ ਅੰਤਰਿ ਸੋ ਬਾਹਰਿ ਅਨੰਤ।। ਘਟਿ ਘਟਿ ਬਿਆਪਿ ਰਹਿਆ ਭਗਵੰਤ।।
ਧਰਨਿ ਮਾਹਿ ਆਕਾਸ ਪਇਆਲ।। ਸਰਬ ਲੋਕ ਪੂਰਨ ਪ੍ਰਤਿਪਾਲ।।
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ।। ਜੈਸੀ ਆਗਿਆ ਤੈਸਾ ਕਰਮੁ।।
ਪਉਣ ਪਾਣੀ ਬੈਸੰਤਰ ਮਾਹਿ।। ਚਾਰਿ ਕੁੰਟ ਦਹ ਦਿਸੇ ਸਮਾਹਿ।।
ਤਿਸ ਤੇ ਭਿੰਨ ਨਹੀ ਕੋ ਠਾਉ।। ਗੁਰ ਪ੍ਰਸਾਦਿ ਨਾਨਕ ਸੁਖੁ ਪਾਉ।। ੨।।

(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੯੩)

੪. ਜਤ ਕਤ ਪੇਖਉ ਏਕੈ ਓਹੀ।। ਘਟ ਘਟ ਅੰਤਰਿ ਆਪੇ ਸੋਈ।।

(ਆਸਾ ਮ: ੫, ਆ. ਗ੍ਰੰ. ਪੰਨਾ ੩੮੭)

੫. ਸਭ ਏਕਾ ਜੋਤਿ ਜਾਣੈ ਜੇ ਕੋਈ।। ਸਤਿਗੁਰੁ ਸੇਵਿਐ ਪਰਗਟੁ ਹੋਈ।।
ਗੁਪਤੁ ਪਰਗਟੁ ਵਰਤੈ ਸਭ ਥਾਈ ਜੋਤੀ ਜੋਤਿ ਮਿਲਾਵਣਿਆ।।

(ਮਾਝ ਮ: ੫, ਆ. ਗ੍ਰੰ. ਪੰਨਾ ੧੨੦)


www.sikhbookclub.com

੬. ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ।।
ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ।।
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੪)

੭. ਸਭੈ ਘਟ ਰਾਮੁ ਬੋਲੈ ਰਾਮਾ ਬੋਲੈ।। ਰਾਮ ਬਿਨਾ ਕੋ ਬੋਲੈ ਰੇ।। ੧।। ਰਹਾਉ।।
ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ।।
ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ।। ੧।।
(ਮਾਲੀ ਗਉੜਾ ਨਾਮਦੇਵ ਜੀ, ਆ. ਗ੍ਰੰ. ਪੰਨਾ ੯੮੮)

੮. ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ।।
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ।।
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੭੮)

੯. ਕਾਹੇ ਰੇ ਬਨ ਖੋਜਨ ਜਾਈ।।
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ।। ੧।। ਰਹਾਉ।।
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ।।
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ।। ੧।।
(ਧਨਾਸਰੀ ਮ: ੯, ਆ. ਗ੍ਰੰ. ਪੰਨਾ ੬੮੪)

੧੦. ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ।।
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ।।
(ਮ: ੫ ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੮੧)

੧੧. ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ।।
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੭)

੧੨. ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ।।
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ।। ੧।।
ਸੰਤਹੁ ਘਟਿ ਘਟਿ ਰਹਿਆ ਸਮਾਹਿਓ।।
ਪੂਰਨ ਪੂਰਿ ਰਹਿਓ ਸਰਬ ਮਹਿ
ਜਲਿ ਥਲਿ ਰਮਈਆ ਆਹਿਓ।। ੧।। ਰਹਾਉ।।
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੧੭)

੧੩. ਅਗਮ ਅਗੋਚਰੁ ਰੂਪੁ ਨ ਰੇਖਿਆ।।
ਖੋਜਤ ਖੋਜਤ ਘਟਿ ਘਟਿ ਦੇਖਿਆ।।
(ਬਿਲਾਵਲੁ ਮ: ੧, ਆ. ਗ੍ਰੰ. ਪੰਨਾ ੮੩੮)

੧੪. ਮੈ ਬਹੁ ਬਿਧਿ ਪੇਖਿਓ ਦੂਜਾ ਨਾਹੀ ਰੀ ਕੋਊ।।
ਖੰਡ ਦੀਪ ਸਭ ਭੀਤਰਿ ਰਵਿਆ ਪੂਰਿ ਰਹਿਓ ਸਭ ਲੋਊ।।
(ਦੇਵਗੰਧਾਰੀ ਮ: ੫, ਆ. ਗ੍ਰੰ. ਪੰਨਾ ੫੩੫)

੧੫. ਪ੍ਰਣਵੋ ਆਦਿ ਏਕੰਕਾਰਾ।। ਜਲ ਥਲ ਮਹੀਅਲ ਕੀਓ ਪਸਾਰਾ।।
ਆਦਿ ਪੁਰਖ ਅਬਗਤਿ ਅਬਿਨਾਸੀ।। ਲੋਕ ਚਤ੍ਰੁਦਸ ਜੋਤਿ ਪ੍ਰਕਾਸੀ।।੧।।
ਹਸਤੰ ਕੀਟ ਕੇ ਬੀਚ ਸਮਾਨਾ।। ਰਾਵ ਰੰਕ ਜਿਹ ਇਕਸਰ ਜਾਨਾ।।
ਅਦ੍ਵੈ ਅਲਖ ਪੁਰਖ ਅਬਿਗਾਮੀ।। ਸਭ ਘਟ ਘਟ ਕੇ ਅੰਤਰਯਾਮੀ।। ੨।।
(ਅਕਾਲ ਉਸਤਤਿ ਪਾ: ੧੦)

੧੬. ਕਹੂੰ ਆਰਬੀ ਤੋਰਕੀ ਪਾਰਸੀ ਹੋ।। ਕਹੂੰ ਪਹਲਵੀ ਪਸਤਵੀ ਸੰਸਕ੍ਰਿਤੀ ਹੋ।।
ਕਹੂੰ ਦੇਸ ਭਾਖਯਾ ਕਹੂੰ ਦੇਵ ਬਾਨੀ।। ਕਹੂੰ ਰਾਜ ਬਿਦਿਆ ਕਹੂੰ ਰਾਜਧਾਨੀ।।
(ਅਕਾਲ ਉਸਤਤਿ ਪਾ: ੧੦)

੧੭. ਜਲੇ ਹਰੀ।। ਥਲੇ ਹਰੀ।। ਉਰੇ ਹਰੀ।। ਬਨੇ ਹਰੀ।।
ਗਿਰੇ ਹਰੀ।। ਗੁਫੇ ਹਰੀ।। ਛਿਤੇ ਹਰੀ।। ਨਭੇ ਹਰੀ।।
ਈਹਾਂ ਹਰੀ।। ਊਹਾਂ ਹਰੀ।। ਜਿਮੀ ਹਰੀ।। ਜਮਾ ਹਰੀ।।
(ਅਕਾਲ ਉਸਤਤਿ ਪਾ: ੧੦)

੧੮. ਜਲਸ ਤੁਹੀ।। ਥਲਸ ਤੁਹੀ।। ਨਦਿਸ ਤੁਹੀ।। ਨਦਸ ਤੁਹੀ।
ਬ੍ਰਿਛਸ ਤੁਹੀ।। ਪਤਸ ਤੁਹੀ।। ਛਿਤਸ ਤੁਹੀ।। ਉਰਧਸ ਤੁਹੀ।।
ਭੁਜਸ ਤੁਅੰ।। ਭਜਸ ਤੁਅੰ।। ਰਟਸ ਤੁਅੰ।। ਠਟਸ ਤੁਅੰ।।
ਜਿਮੀ ਤੁਹੀ।। ਜਮਾ ਤੁਹੀ।। ਮਕੀ ਤੁਹੀ।। ਮਕਾ ਤੁਹੀ।।
(ਅਕਾਲ ਉਸਤਤਿ ਪਾ: ੧੦)

੧੯. ਖੁਦਾ ਹਾਜ਼ਿਰ ਬਵਦ ਦਾਇਮ ਬਬੀਂ ਦੀਦਾਰ ਪਾਕਸ਼ ਰਾ।।
ਨ ਗਿਰਦਾਬੇ ਦਰੋ ਹਾਇਲ ਨ ਦਰੁਯਾ ਓ ਨ ਸਾਹਿਲਹਾ।।
ਚਰਾ ਬੇਹੂਦਹ ਮੇ ਗਰਦੀ ਬ ਸਹਰਾਂ ਓ ਬ ਦਸਤ ਐ ਦਿਲ।।
ਚੂੰ ਆਂ ਸੁਲਤਾਨਿ ਖ਼ੂਬਾਂ ਕਰਦਹ ਅੰਦਰ ਦੀਦਹ ਮੰਜ਼ਿਲਹਾ।।
(ਗਜ਼ਲ ੩ ਭਾਈ ਨੰਦ ਲਾਲ ਜੀ)

੨੦. ਹਰ ਕੁਜਾ ਦੀਦੇਮ ਅਨਵਾਰੇ ਖ਼ੁਦਾ।।
ਬਸ ਕਿ ਅਜ਼ ਸੁਹਬਤ ਬਜ਼ੁਰਗਾਂ ਸ਼ੁਦ ਜਜ਼ਬ।।

 www.sikhbookclub.com

ਚਸ਼ਮਿ ਮਾ ਗ਼ੈਰ ਅਜ਼ ਜ਼ਮਾਲ ਸ਼ ਵਾ ਨਸ਼ੁਦ ॥
ਜਾਂ ਕਿ ਜੁਮਲਹ ਖਲਕ ਰਾ ਦੀਦੇਮ ਰੱਬ॥

(ਗ਼ਜ਼ਲ ੫ ਭਾਈ ਨੰਦ ਲਾਲ ਜੀ)

੨੧. ਦਿਲ ਅਗਰ ਦਾਨਾ ਬਵਦ ਅੰਦਰ ਕਿਨਾਰ ਸ਼ ਯਾਰ ਹਸਤ॥
ਚਸ਼ਮ ਗਰ ਬੀਨਾ ਬਵਦ ਦਰ ਹਰ ਤਰਫ਼ ਦੀਦਾਰ ਹਸਤ॥
ਹਰ ਤਰਫ਼ ਦੀਦਾਰ ਅੱਮਾ ਦੀਦਾਰ ਏ ਬੀਨਾ ਕੁਜਾਸਤ॥
ਹਰ ਤਰਫ਼ ਤੂਰਸਤ ਹਰ ਸੂ ਸ਼ੋਲਏ ਅਨਵਾਰ ਹਸਤ॥

(ਗ਼ਜ਼ਲ ੬ ਭਾਈ ਨੰਦ ਲਾਲ ਜੀ)

੨੨. ਗਾਹਿ ਸੂਫ਼ੀ ਗਾਹਿ ਜਾਹਿਦ ਗਾਹਿ ਕਲੰਦਰ ਮੇ ਸ਼ਵਦ॥
ਰੰਗਹਾਏ ਮੁਖ਼ਤਲਿਫ਼ ਦਾਰਦ ਬੁਤੇ ਅਯਾਰਿ ਮਾ॥

(ਗ਼ਜ਼ਲ ੨ ਭਾਈ ਨੰਦ ਲਾਲ ਜੀ)

## — ਇਸ ਦਾ ਭਾਵ ਗੁਰਬਾਣੀ ਵਿਚੋਂ —

ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥
ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥

(ਬਿਹਾਗੜਾ ਮ: ੯, ਆ. ਗ੍ਰੰ. ਪੰਨਾ ੫੩੭)

SIKHBOOKCLUB.COM

# ਪਤਿਤ ਪਾਵਨ

## ਸ਼ਬਦ ਨੰ: ੭

ਪਤਿਤ ਪਵਿਤ੍ਰ ਲੀਏ ਕਰਿ ਅਪੁਨੇ ਸਗਲ ਕਰਤ ਨਮਸਕਾਰੋ ॥ ਬਰਨੁ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ ॥ ੧ ॥ ਠਾਕੁਰ ਐਸੋ ਨਾਮੁ ਤੁਮ੍ਹਾਰੋ ॥ ਸਗਲ ਸ੍ਰਿਸਟਿ ਕੋ ਧਣੀ ਕਹੀਜੈ ਜਨ ਕੋ ਅੰਗੁ ਨਿਰਾਰੋ ॥ ੧ ॥ ਰਹਾਉ ॥ ਸਾਧਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ ॥ ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ ॥ ੨ ॥ ੧ ॥ ੧੦ ॥

(ਗੂਜਰੀ ਮ: ੫, ਆ. ਗ੍ਰੰ. ਪੰਨਾ ੪੯੮)

## ਪਤਿਤ ਪਾਵਨੁ ਹਰਿ ਬਿਰਦੁ ਸਦਾਏ

੧. ਹਮਰੋ ਸਹਾਉ ਸਦਾ ਸਦ ਭੂਲਨ ਤੁਮ੍ਰੋ ਬਿਰਦੁ ਪਤਿਤ ਉਧਰਨ ॥

(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੮)

੨. ਪਤਿਤ ਪਾਵਨ ਪ੍ਰਭ ਬਿਰਦੁ ਬੇਦਿ ਲੇਖਿਆ ॥
ਪਾਰਬ੍ਰਹਮੁ ਸੋ ਨੈਨਹੁ ਪੇਖਿਆ ॥ ੩ ॥

(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੦੫)

੩. ਮਿਠਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥
ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ ॥

(ਸੂਹੀ ਛੰਤ ਮ: ੫, ਆ. ਗ੍ਰੰ. ਪੰਨਾ ੭੮੪)

੪. ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਹਾਰੋ ਹਮਰੇ ਦੋਖ ਰਿਦੈ ਮਤ ਧਾਰਹੁ ॥

(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੯)

੫. ਜਉਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥

(ਸ੍ਰੀ ਰਾਗੁ ਰਵਿਦਾਸ ਜੀ, ਆ. ਗ੍ਰੰ. ਪੰਨਾ ੯੩)

੬. ਪਤਿਤ ਪਵਿਤ੍ਰ ਗੁਰਿ ਹਰਿ ਕੀਏ ਮੇਰੀ ਜਿੰਦੁੜੀਏ
ਚਹੁ ਕੁੰਡੀ ਚਹੁ ਜੁਗਿ ਜਾਤੇ ਰਾਮ॥

(ਬਿਹਾਗੜਾ ਮ: ੪, ਆ. ਗ੍ਰੰ. ਪੰਨਾ ੫੩੯)

੭. ਕਵਨ ਕਵਨ ਕੀ ਗਤਿ ਮਿਤਿ ਕਹੀਐ ਹਰਿ ਕੀਏ ਪਤਿਤ ਪਵੰਨਾ॥
ਓਹੁ ਢੋਵੈ ਢੋਰ ਹਾਥਿ ਚਮੁ ਚਮਰੇ ਹਰਿ ਉਧਰਿਓ ਪਰਿਓ ਸਰਨਾ॥ ੩॥

(ਬਿਲਾਵਲੁ ਮ: ੪, ਆ. ਗ੍ਰੰ. ਪੰਨਾ ੭੯੮)

੮. ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥
ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ॥
ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ॥

(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੧੯)

੯. ਪਤਿਤ ਪਵਿਤ੍ਰ ਲੀਏ ਕਰਿ ਅਪੁਨੇ ਸਗਲ ਕਰਤ ਨਮਸਕਾਰੋ॥
ਬਰਨੁ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ॥ ੧॥
ਠਾਕੁਰ ਐਸੋ ਨਾਮੁ ਤੁਮ੍ਾਰੋ॥
ਸਗਲ ਸ੍ਰਿਸਟਿ ਕੋ ਧਣੀ ਕਹੀਜੈ ਜਨ ਕੋ ਅੰਗੁ ਨਿਰਾਰੋ॥ ੧॥ ਰਹਾਉ॥
ਸਾਧਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ॥
ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ
ਮੁਕਤਿ ਭਇਓ ਚੰਮਿਆਰੋ॥ ੨॥ ੧॥ ੧੦॥

(ਗੂਜਰੀ ਮ: ੫, ਆ. ਗ੍ਰੰ. ਪੰਨਾ ੪੯੮)

੧੦. ਜਉ ਹਮ ਅਧਮ ਕਰਮ ਕਰਿਕੈ ਪਤਿਤ ਭਏ
ਪਤਿਤ ਪਾਵਨ ਪ੍ਰਭੁ ਨਾਮ ਪ੍ਰਗਟਾਇਓ ਹੈ॥
ਜਉ ਭਏ ਦੁਖਿਤ ਅਰ ਦੀਨ ਪ੍ਰਚੀਨ ਲਗਿ
ਦੀਨ ਦੁਖ ਭੰਜਨ ਬਿਰਦ ਬਿਰਦਾਇਓ ਹੈ॥
ਜਉ ਗ੍ਰਸੇ ਅਰਕਸੁਤ ਨਰਕ ਨਿਵਾਸੀ ਭਏ
ਨਰਕ ਨਿਵਾਰਨ ਜਗਤ ਜਸੁ ਗਾਇਓ ਹੈ॥
ਗੁਨ ਕੀਏ ਗੁਨ ਸਭ ਕੋਊ ਕਰੇ ਕ੍ਰਿਪਾ ਨਿਧਾਨ
ਅਵਰੁ ਨ ਕੀਏ ਗੁਨ ਤੋਹੀ ਬਨਿ ਆਇਓ ਹੈ॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

੧੧. ਕਿਸ ਉੱਦਮ ਤੇ ਰਾਜ ਮਿਲੈ ਸ਼ਤਰੂ ਤੇ ਸਭ ਹੋਵਨੁ ਮੀਤਾ॥
ਪਰਮੇਸ਼ਰ ਆਰਾਧੀਐ ਜਿੱਦੂ ਹੋਈਐ ਪਤਿਤ ਪੁਨੀਤਾ॥
(ਵਾਰਾਂ ਭਾਈ ਗੁਰਦਾਸ ਜੀ)

੧੨. ਲੈਲੀ ਦੀ ਦਰਗਾਹ ਦਾ ਕੂੱਤਾ ਮਜਨੂੰ ਦੇਖ ਲੁਭਾਣਾ॥
ਕੁੱਤੇ ਦੀ ਪੈਰੀਂ ਪਵੈ ਹੜ ਹੜ ਹੱਸੈ ਲੋਕ ਵਿਡਾਣਾ॥
ਮੀਰਾਸੀ ਮੀਰਾਸੀਆਂ ਨਾਵਧਰੀਕ ਮੁਰੀਦ ਬਬਾਣਾ॥
ਕੁਤਾ ਡੂਮ ਵਖਾਣੀਐ ਕੁੱਤਾ ਵਿਚ ਕੁਤਿਆਂ ਨਿਮਾਣਾ॥
ਗੁਰ ਸਿੱਖ ਆਸ਼ਕ ਸ਼ਬਦ ਦੇ ਕੁੱਤੇ ਦਾ ਪੜਕੁੱਤਾ ਭਾਣਾ॥
ਕੱਟਨ ਚੱਟਨ ਕੁਤਿਆ ਮੋਹੁ ਨ ਧੋਹ ਧ੍ਰਿਗਸਟ ਕਮਾਣਾ॥
ਅਵਗੁਣਿਆਰੇ ਗੁਣ ਕਰਨ ਗੁਰਮੁਖ ਸਾਧ ਸੰਗਤ ਕੁਰਬਾਣਾ॥
ਪਤਿਤ ਉਧਾਰਣ ਬਿਰਦ ਵਖਾਨਾ॥ (ਵਾਰਾਂ ਭਾਈ ਗੁਰਦਾਸ ਜੀ)

੧੩. ਪਾਈਐ ਨ ਪਾਰ ਤੇਜ ਪੁੰਜ ਮੈ ਅਪਾਰ
ਸਰਬ ਬਿਦਿਆ ਕੇ ਉਦਾਰ ਹੈਂ ਅਪਾਰ ਕਹੀਅਤੁ ਹੈਂ॥
ਹਾਥੀ ਕੀ ਚਿੰਘਾਰ ਪਲ ਪਾਛੈ ਪਹੁੰਚਤ ਤਾਹਿ
ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈਂ॥
(ਅਕਾਲ ਉਸਤਤਿ ਪਾ: ੧੦)

੧੪. ਗਨਕਾ ਪਾਪਣ ਹੋਇਕੈ ਪਾਪਾਂ ਦਾ ਗਲ ਹਾਰ ਪਰੋਤਾ॥
ਮਹਾਂ ਪੁਰਖ ਅਚਾਣਚੱਕ ਗਨਿਕਾ ਵਾੜੇ ਆਇ ਖਲੋਤਾ॥
ਦੁਰਮਤਿ ਦੇਖ ਦਇਆਲ ਹੋਇ ਹਥਹੁੰ ਉਸ ਨੌਂ ਦਿਤੋਸੁ ਤੋਤਾ॥
ਰਾਮ ਨਾਮ ਉਪਦੇਸ ਕਰ ਖੇਲ ਗਿਆ ਦੇ ਵਣਜ ਸਓਤਾ॥
ਲਿਵ ਲਾਗੀ ਤਿਸ ਤੋਤਿਅਹੁੰ ਨਿੱਤ ਪੜ੍ਹਾਏ ਕਰੈ ਅਸੋਤਾ॥
ਪਤਿਤ ਉਧਾਰਨ ਰਾਮ ਨਾਮ ਦੁਰਮਤਿ ਪਾਪ ਕਲੇਵਰ ਧੋਤਾ॥
ਅੰਤਕਾਲ ਜਮ ਜਾਲ ਤੋੜ ਨਰਕੈ ਵਿਚ ਨ ਖਾਧੋਸੁ ਗੋਤਾ॥
ਗਈ ਬੈਕੁੰਠ ਬਿਬਾਣ ਚੜ ਨਾਉ ਨਰਾਇਨ ਛੋਤ ਅਛੋਤਾ॥
ਥਾਉਂ ਨਿਥਾਵੈਂ ਮਾਣ ਮਣੋਤਾ॥ ੨੧॥ (ਵਾਰਾਂ ਭਾਈ ਗੁਰਦਾਸ ਜੀ)

 www.sikhbookclub.com

# ਸਤਿਗੁਰੂ

## ਸ਼ਬਦ ਨੰ: ੮

ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ।। ਜਿਤੁ ਮਿਲਿਐ ਤਿਖ ਉਤਰੈ ਤਨੁ ਮਨੁ ਸੀਤਲੁ ਹੋਇ।। ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ।। ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ।। ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ।। ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ।। (ਸਲੋਕ ਮ: ੪, ਆ. ਗ੍ਰੰ. ਪੰਨਾ ੧੪੨੧)

## ਵਾਹੁ ਵਾਹੁ ਸਤਿਗੁਰੁ

੧. ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ।।
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ।। ੧।।
(ਗਉੜੀ ਬੈਰਾਗਣਿ ਮ: ੪, ਆ. ਗ੍ਰੰ. ਪੰਨਾ ੧੬੮)

SIKHBOOKCLUB.COM

੨. ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ।।
ਜਿਤੁ ਮਿਲਿਐ ਤਿਖ ਉਤਰੈ ਤਨੁ ਮਨੁ ਸੀਤਲੁ ਹੋਇ।।
ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ।।
ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ।।
ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ।।
ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ।।
(ਸਲੋਕ ਮ: ੪, ਆ. ਗ੍ਰੰ. ਪੰਨਾ ੧੪੨੧)

੩. ਸਚੁ ਸਚਾ ਸਭ ਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ।।
ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ।।
ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ।।
(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੦੪)

੪. ਨਾਮਿ ਰਤਾ ਸਤਿਗੁਰੂ ਹੈ ਕਲਿਜੁਗ ਬੋਹਿਥੁ ਹੋਇ।।
ਗੁਰਮੁਖਿ ਹੋਵੈ ਸੁ ਪਾਰਿ ਪਵੈ ਜਿਨਾ ਅੰਦਰਿ ਸਚਾ ਸੋਇ।।

ਨਾਮੁ ਸਮ੍ਾਲੇ ਨਾਮੁ ਸੰਗ੍ਰਹੈ ਨਾਮੇ ਹੀ ਪਤਿ ਹੋਇ।।
ਨਾਨਕ ਸਤਿਗੁਰੁ ਪਾਇਆ ਕਰਮਿ ਪਰਾਪਤਿ ਹੋਇ।। ੨।।
(ਬਿਹਾਗੜੇ ਕੀ ਵਾਰ ਸਲੋਕ ਮ: ੩, ਆ. ਗ੍ਰੰ. ਪੰਨਾ ੫੫੨)

੫. ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ।।
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ।। ੧।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੮੬)

੬. ਜਿਉ ਅੰਧਕਾਰ ਦੀਪਕ ਪਰਗਾਸੁ।।
ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੮੨)

੭. ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਨੀ ਪਾਈਐ।।
ਦਰਸਨੁ ਭੇਟਤ ਹੋਤ ਅਨੰਦਾ ਦੂਖੁ ਗਇਆ ਹਰਿ ਗਾਈਐ।। ੧।।
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੩੦)

੮. ਨਾਰਾਇਨ ਨਰਪਤਿ ਨਮਸਕਾਰੈ।।
ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ।। ੧।।
(ਕਾਨੜਾ ਮ: ੫, ਆ. ਗ੍ਰੰ. ਪੰਨਾ ੧੩੦੧)

੯. ਸਤਿਗੁਰ ਕਉ ਬਲਿ ਜਾਈਐ।। ਜਿਤੁ ਮਿਲਿਐ ਪਰਮ ਗਤਿ ਪਾਈਐ।।
ਸੁਰਿ ਨਰ ਮੁਨਿ ਜਨ ਲੋਚਦੇ ਸੋ ਸਤਿਗੁਰਿ ਦੀਆ ਬੁਝਾਇ ਜੀਉ।। ੪।।
(ਸ੍ਰੀ ਰਾਗੁ ਮ: ੧, ਆ. ਗ੍ਰੰ. ਪੰਨਾ ੭੧)

## ਪਾਰਬ੍ਰਹਮ ਗੁਰ ਨਾਹੀ ਭੇਦ

੧੦. ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ।।
ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ।।
(ਆਸਾ ਮ: ੪, ਆ. ਗ੍ਰੰ. ਪੰਨਾ ੪੪੨)

੧੧. ਰਵਿਦਾਸ ਧਿਆਏ ਪ੍ਰਭ ਅਨੂਪ।। ਗੁਰ ਨਾਨਕ ਦੇਵ ਗੋਵਿੰਦ ਰੂਪ।।
(ਬਸੰਤੁ ਮ: ੫, ਆ. ਗ੍ਰੰ. ਪੰਨਾ ੧੧੯੨)

੧੨. ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ।।
(ਮਲਾਰ ਮ: ੪, ਆ. ਗ੍ਰੰ. ਪੰਨਾ ੧੨੬੪)

੧੩. ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ।।
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ।। ੧੩।।
(ਸੂਹੀ ਮ: ੪, ਆ. ਗ੍ਰੰ. ਪੰਨਾ ੭੫੯)

੧੪. ਗੁਰੁ ਪਰਮੇਸੁਰੁ ਪੂਜੀਐ ਮਨਿ ਤਨਿ ਲਾਇ ਪਿਆਰੁ ॥
ਸਤਿਗੁਰੁ ਦਾਤਾ ਜੀਅ ਕਾ ਸਭਸੈ ਦੇਇ ਅਧਾਰੁ ॥
(ਸਿਰੀ ਰਾਗੁ ਮ: ੫, ਆ. ਗ੍ਰੰ. ਪੰਨਾ ੫੨)

੧੫. ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥
(ਸਵੱਈਏ ਮ: ੩ ਕੇ, ਆ. ਗ੍ਰੰ. ਪੰਨਾ ੧੩੯੫)

੧੬. ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ ॥ ੯ ॥
(ਸਵੱਯੇ ਸ੍ਰੀ ਮੁਖਬਾਕ੍ਯ ਮ: ੫, ਆ. ਗ੍ਰੰ. ਪੰਨਾ ੧੩੮੭)

੧੭. ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ ॥ ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ ॥
ਗੁਰੁ ਮੇਰਾ ਦੇਉ ਅਲਖ ਅਭੇਉ ॥ ਸਰਬ ਪੂਜ ਚਰਨ ਗੁਰ ਸੇਉ ॥ ੧ ॥
(ਗੋਂਡ ਮ: ੫, ਆ. ਗ੍ਰੰ. ਪੰਨਾ ੮੬੪)

੧੮. ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥
ਗੁਰ ਕੇ ਚਰਨ ਰਿਦੈ ਲੈ ਧਾਰਉ ॥
ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥ ੧ ॥
(ਗੋਂਡ ਮ: ੫, ਆ. ਗ੍ਰੰ. ਪੰਨਾ ੮੬੪)

SIKHBOOKCLUB.COM

੧੯. ਸਤਿਗੁਰ ਜੇਵਡੁ ਅਵਰੁ ਨ ਕੋਇ ॥ ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ ॥
ਜਨਮ ਮਰਣ ਦੂਖ ਤੇ ਰਾਖੈ ॥ ਮਾਇਆ ਬਿਖੁ ਫਿਰਿ ਬਹੁੜਿ ਨ ਚਾਖੈ ॥ ੨ ॥
ਗੁਰ ਕੀ ਮਹਿਮਾ ਕਥਨੁ ਨ ਜਾਇ ॥ ਗੁਰੁ ਪਰਮੇਸਰੁ ਸਾਚੈ ਨਾਇ ॥
ਸਚੁ ਸੰਜਮੁ ਕਰਣੀ ਸਭੁ ਸਾਚੀ ॥
ਸੋ ਮਨੁ ਨਿਰਮਲੁ ਜੋ ਗੁਰ ਸੰਗਿ ਰਾਚੀ ॥ ੩ ॥
(ਮਲਾਰ ਮ: ੫, ਆ. ਗ੍ਰੰ. ਪੰਨਾ ੧੨੭੧)

੨੦. ਗੁਰੁ ਬੋਹਿਥੁ ਤਾਰੇ ਭਵ ਪਾਰਿ ॥ ਗੁਰ ਸੇਵਾ ਜਮ ਤੇ ਛੁਟਕਾਰਿ ॥
ਅੰਧਕਾਰ ਮਹਿ ਗੁਰਮੰਤ੍ਰੁ ਉਜਾਰਾ ॥ ਗੁਰ ਕੈ ਸੰਗਿ ਸਗਲ ਨਿਸਤਾਰਾ ॥ ੩ ॥
ਗੁਰੁ ਪੂਰਾ ਪਾਈਐ ਵਡਭਾਗੀ ॥ ਗੁਰ ਕੀ ਸੇਵਾ ਦੂਖੁ ਨ ਲਾਗੀ ॥
ਗੁਰ ਕਾ ਸਬਦੁ ਨ ਮੇਟੈ ਕੋਇ ॥ ਗੁਰੁ ਨਾਨਕੁ ਨਾਨਕੁ ਹਰਿ ਸੋਇ ॥ ੪ ॥
(ਗੋਂਡ ਮ: ੫, ਆ. ਗ੍ਰੰ. ਪੰਨਾ ੮੬੪)

੨੧. ਸਤਿਗੁਰੁ ਮੇਰਾ ਬੇਮੁਹਤਾਜੁ ॥ ਸਤਿਗੁਰ ਮੇਰੇ ਸਚਾ ਸਾਜੁ ॥
ਸਤਿਗੁਰੁ ਮੇਰਾ ਸਭਸ ਕਾ ਦਾਤਾ ॥ ਸਤਿਗੁਰੁ ਮੇਰਾ ਪੁਰਖੁ ਬਿਧਾਤਾ ॥੧ ॥

ਗੁਰ ਜੈਸਾ ਨਾਹੀ ਕੋ ਦੇਵ।।
ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ।। ੧।। ਰਹਾਉ।।
ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ।। ਸਤਿਗੁਰੁ ਮੇਰਾ ਮਾਰਿ ਜੀਵਾਲੈ।।
ਸਤਿਗੁਰ ਮੇਰੇ ਕੀ ਵਡਿਆਈ।। ਪ੍ਰਗਟੁ ਭਈ ਹੈ ਸਭਨੀ ਥਾਈ।। ੨।।
ਸਤਿਗੁਰੁ ਮੇਰਾ ਤਾਣੁ ਨਿਤਾਣੁ।। ਸਤਿਗੁਰੁ ਮੇਰਾ ਘਰਿ ਦੀਬਾਣੁ।।
ਸਤਿਗੁਰ ਕੈ ਹਉ ਸਦ ਬਲਿ ਜਾਇਆ।।
ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ।। ੩।।
ਜਿਨਿ ਗੁਰੁ ਸੇਵਿਆ ਤਿਸੁ ਭਉ ਨ ਬਿਆਪੈ।।
ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ।।
ਨਾਨਕ ਸੋਧੇ ਸਿੰਮ੍ਰਿਤਿ ਬੇਦ।। ਪਾਰਬ੍ਰਹਮ ਗੁਰ ਨਾਹੀ ਭੇਦ।। ੪।।

(ਭੈਰਉ ਮ: ੫, ਆ. ਗ੍ਰੰ. ਪੰਨਾ ੧੧੪੨)

੨੨. ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ।।
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ।। ੭।। ੧੯।।

(ਸਵੱਯੇ ਮ: ੫ ਕੇ, ਆ. ਗ੍ਰੰ. ਪੰਨਾ ੧੪੦੯)

੨੩. ਪਾਰਬ੍ਰਹਮ ਪੂਰਨ ਬ੍ਰਹਮ ਗੁਰ ਨਾਨਕ ਦੇਉ।।
ਗੁਰ ਅੰਗਦ ਗੁਰ ਅੰਗ ਤੇ ਸਚ ਸ਼ਬਦ ਸਮੇਉ।।
ਅਮਰਾ ਪਦ ਗੁਰ ਅੰਗਦਹੁੰ ਅਤਿ ਅਲਖ ਅਭੇਉ।।
ਗੁਰ ਅਮਰਹੁੰ ਗੁਰੁ ਰਾਮ ਦਾਸ ਗਤਿ ਅਛਲ ਛਲੇਉ।।
ਰਾਮਦਾਸ ਅਰਜਨ ਗੁਰੂ ਅਬਿਚਲ ਅਰਖੇਉ।।
ਹਰਿ ਗੋਵਿੰਦ ਗੋਵਿੰਦ ਗੁਰੂ ਕਾਰਣ ਕਰਣੇਉ।।

(ਵਾਰਾਂ ਭਾਈ ਗੁਰਦਾਸ ਜੀ)

# ਸੇਵਾ

## ਸ਼ਬਦ ਨੰ: ੯

ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ।। ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ।। ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ।। ਸਗਲ ਮਨੋਰਥ ਪੁੰਨਿਆ ਅਮਰਾ ਪਦੁ ਪਾਈ।। ਤੁਧੁ ਜੇਵਡੁ ਤੂਹੈ ਪਾਰਬ੍ਰਹਮ ਨਾਨਕ ਸਰਣਾਈ।। ੩।।

(ਗਉੜੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੩੧੮)

## ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ

੧. ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ।।
ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ।। ੪।।
(ਤਿਲੰਗ ਮ: ੪, ਆ. ਗ੍ਰੰ. ਪੰਨਾ ੭੨੫)

੨. ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ ਸਾ ਸੇਵਾ ਅਉਖੀ ਹੋਈ।।
ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ
ਫਿਰਿ ਲੇਖਾ ਮੰਗੈ ਨ ਕੋਈ।। ੨।।
(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੦੬)

੩. ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ।।
ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ।।
(ਸੋਰਠਿ ਵਾਰ ਮ: ੩, ਆ. ਗ੍ਰੰ. ਪੰਨਾ ੬੫੧)

੪. ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ।।
ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ।।
ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ।।
(ਆਸਾ ਮ: ੫, ਆ. ਗ੍ਰੰ. ਪੰਨਾ ੩੧੮)

੫ ਗੁਰ ਸੇਵਾ ਤੇ ਸੁਖੁ ਪਾਈਐ ਹੋਰ ਥੈ ਸੁਖੁ ਨ ਭਾਲਿ।।
ਗੁਰ ਕੈ ਸਬਦਿ ਮਨੁ ਭੇਦੀਐ ਸਦਾ ਵਸੈ ਹਰਿ ਨਾਲਿ।।
(ਬਿਹਾਗੜੇ ਕੀ ਵਾਰ ਮ: ੪, ਆ. ਗ੍ਰੰ. ਪੰਨਾ ੫੪੮)

੬. ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥
ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥
(ਵਾਰ ਗਉੜੀ ਮ: ੪, ਆ. ਗ੍ਰੰ. ਪੰਨਾ ੩੧੪)

੭. ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥
ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ॥
(ਸੋਰਠਿ ਕੀ ਵਾਰ ਮ: ੩, ਆ. ਗ੍ਰੰ. ਪੰਨਾ ੬੪੭)

੮. ਇਕਿ ਸਤਿਗੁਰ ਕੀ ਸੇਵਾ ਕਰਹਿ ਚਾਕਰੀ ਹਰਿ ਨਾਮੇ ਲਗੈ ਪਿਆਰੁ॥
ਨਾਨਕ ਜਨਮੁ ਸਵਾਰਨਿ ਆਪਣਾ ਕੁਲ ਕਾ ਕਰਨਿ ਉਧਾਰੁ॥ ੨॥
(ਵਾਰ ਬਿਹਾਗੜਾ ਮ: ੩, ਆ. ਗ੍ਰੰ. ਪੰਨਾ ੫੫੨)

੯. ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ॥
ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ॥ ੧॥
(ਗਉੜੀ ਕਬੀਰ ਜੀ, ਆ. ਗ੍ਰੰ. ਪੰਨਾ ੩੩੬)

੧੦. ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥
ਸਬਦਿ ਮਰਹਿ ਫਿਰਿ ਨਾ ਮਰਹਿ ਤਾ ਸੇਵਾ ਪਵੈ ਸਭ ਥਾਇ॥
(ਸੋਰਠਿ ਕੀ ਵਾਰ ਮ: ੩, ਆ. ਗ੍ਰੰ. ਪੰਨਾ ੬੪੯)

SIKHBOOKCLUB.COM

੧੧. ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ॥
ਜੋ ਇਛੈ ਸੋ ਫਲੁ ਪਾਇਸੀ ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ॥
(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੦੭)

੧੨. ਨਾਨਕ ਐਸੇ ਸਤਿਗੁਰ ਕੀ
ਕਿਆ ਓਹੁ ਸੇਵਕੁ ਸੇਵਾ ਕਰੇ ਗੁਰ ਆਗੈ ਜੀਉ ਧਰੇਇ॥
ਸਤਿਗੁਰ ਕਾ ਭਾਣਾ ਚਿਤਿ ਕਰੇ ਸਤਿਗੁਰੁ ਆਪੇ ਕ੍ਰਿਪਾ ਕਰੇਇ॥
(ਗੂਜਰੀ ਮ: ੩; ਆ. ਗ੍ਰੰ. ਪੰਨਾ ੪੯੦)

੧੩. ਤਿਸੁ ਗੁਰ ਕਉ ਝੂਲਾਵਉ ਪਾਖਾ॥
ਮਹਾ ਅਗਨਿ ਤੇ ਹਾਥੁ ਦੇ ਰਾਖਾ॥ ੩॥
ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ॥
ਜਿਸੁ ਗੁਰ ਤੇ ਅਕਲ ਗਤਿ ਜਾਣੀ॥ ੪॥
ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ॥
ਜਿਸੁ ਪਰਸਾਦਿ ਵੈਰੀ ਸਭ ਮੀਤ॥ ੫॥
(ਗਉੜੀ ਮ: ੫, ਆ. ਗ੍ਰੰ. ਪੰਨਾ ੨੩੯)

੧੪. ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ।।
ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ।।
(ਸੋਰਠਿ ਕੀ ਵਾਰ ਮ: ੩, ਆ. ਗ੍ਰੰ. ਪੰਨਾ ੬੪੪)

੧੫. ਚਿਰੰਕਾਲ ਮਾਨਸ ਜਨਮ ਨਿਰਮੋਲ ਪਾਏ,
ਸਫਲ ਜਨਮ ਗੁਰ ਚਰਨ ਸਰਨ ਕੈ।।
ਲੋਚਨ ਅਮੋਲ ਗੁਰਦਰਸ ਅਮੋਲ ਦੇਖੇ,
ਸ੍ਵਨ ਅਮੋਲ ਗੁਰ ਬਚਨ ਧਰਨ ਕੈ।।
ਨਾਸਕਾ ਅਮੋਲ ਚਰਨਾਰਬਿੰਦ ਬਾਸਨਾ ਕੈ,
ਰਸਨਾ ਅਮੋਲ ਗੁਰ ਮੰਤ੍ਰ ਸਿਮਰਨ ਕੈ।।
ਹਸਤ ਅਮੋਲ ਗੁਰਦੇਵ ਸੇਵ ਸਫਲ ਕੈ,
ਚਰਨ ਅਮੋਲ ਪ੍ਰਦਖਨਾ ਕਰਨ ਕੈ।। (ਕਬਿੱਤ ਸਵੱਯੇ ਭਾਈ ਗੁਰਦਾਸ ਜੀ)

੧੬. ਧ੍ਰਿਗ ਸਿਰ ਜੋ ਗੁਰ ਨਾ ਨਿਵੈ ਗੁਰ ਲਗੈ ਨ ਚਰਣੀ।।
ਧ੍ਰਿਗ ਲੋਇਣ ਗੁਰ ਦਰਸ ਵਿਣ ਵੇਖੈ ਪਰ ਤਰਣੀ।।
ਧ੍ਰਿਗ ਸਰਵਣ ਉਪਦੇਸ਼ ਵਿਣ ਸੁਣ ਸੁਰਤਿ ਨ ਧਰਣੀ।।
ਧ੍ਰਿਗ ਜਿਹਵਾ ਗੁਰ ਸ਼ਬਦ ਵਿਣ ਹੋਰ ਮੰਤ੍ਰ ਸਿਮਰਣੀ।।
ਬਿਨ ਸੇਵਾ ਧ੍ਰਿਗ ਹਥ ਪੈਰ ਹੋਰ ਨਿਸਫਲ ਕਰਣੀ।।
ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ।। (ਵਾਰਾਂ ਭਾਈ ਗੁਰਦਾਸ ਜੀ)

੧੭. ਸਤਿਗੁਰ ਚਰਨ ਸ਼ਰਨ ਚਲ ਜਾਇ ਸਿੱਖ ਚਰਨ ਸਰਨ ਤਾਂ ਕੀ ਜਗ ਚਲ ਆਵਈ।। ਸਤਿਗੁਰ ਆਗਿਆ ਸਤਯ ਸਤਯ ਕਰ ਮਾਨੈ ਸਿਖਯ ਆਗਯਾ ਤਾਹਿ ਸਕਲ ਸੰਸਾਰਹਿ ਹਿਤਾਵਈ।। ਸਤਿ ਗੁਰ ਸੇਵਾ ਭਾਇ ਪ੍ਰਾਨ ਪੂਜਾ ਕਰੈ ਸਿੱਖ ਸ੍ਰਬ ਨਿਧਾਨ ਅਗਰ ਭਾਗ ਲਿਵਲਾਵਈ।। ਸਤਿਗੁਰ ਸੀਖਯਾ ਦੀਖਿਆ ਹਿਰਦੈ ਪ੍ਰਵੇਸ ਜਾਹਿ ਤਾ ਕੀ ਸੀਖ ਸੁਨਤ ਪ੍ਰਮ ਪਦ ਪਾਵਈ।। ੫੩।। (ਕਬਿੱਤ ਸਵੱਯੇ ਭਾਈ ਗੁਰਦਾਸ ਜੀ)

੧੮. ਕੁਰਬਾਨੀ ਤਿਨ੍ਹਾਂ ਗੁਰਸਿਖਾਂ ਭਾਇ ਭਗਤ ਗੁਰਪੁਰਬ ਕਰੰਦੇ।।
ਗੁਰ ਸੇਵਾ ਫਲ ਸੁਫਲ ਫਲੰਦੇ।। ੨।। (ਵਾਰਾਂ ਭਾਈ ਗੁਰਦਾਸ ਜੀ)

੧੯. ਇੰਦ੍ਰ ਪੁਰੀ ਲੱਖ ਰਾਜ ਨੀਰ ਭਰਾਵਣੀ।।
ਲੱਖ ਸੁਰਗ ਸਿਰਤਾਜ ਗਲਾ ਪੀਹਾਵਣੀ।।
ਰਿਧ ਸਿਧ ਨਿਧ ਲੱਖ ਸਾਜ ਚੁਲ੍ਹ ਝੁਕਾਵਣੀ।।
ਸਾਧ ਗਰੀਬ ਨਿਵਾਜ ਗਰੀਬੀ ਆਵਣੀ।। (ਵਾਰਾਂ ਭਾਈ ਗੁਰਦਾਸ ਜੀ)

# ਵੇਮੁਖ

## ਸ਼ਬਦ ਨੰ: ੧੦

ਸਤਿਗੁਰ ਪੁਰਖ ਅਗੰਮ ਹੈ ਨਿਰਵੈਰ ਨਿਰਾਲਾ ।।
ਜਾਣਹੁ ਧਰਤੀ ਧਰਮ ਕੀ ਸੱਚੀ ਧਰਮਸਾਲਾ ।।
ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮਾਲਾ ।।
ਜਿਉਂ ਕਰ ਨਿਰਮਲ ਆਰਸੀ ਜਗ ਵੇਖਣ ਵਾਲਾ ।।
ਜੇਹਾ ਮੁਹ ਕਰ ਭਾਲੀਐ ਤੇਹੋ ਵੇਖਾਲਾ ।।
ਸੇਵਕ ਦਰਗਹਿ ਸੁਰਖਰੂ ਵੇਮੁਖ ਮੁਹ ਕਾਲਾ ।।੧।।
(ਵਾਰਾਂ ਭਾ: ਗੁਰਦਾਸ ਜੀ)

## ਸੇਵਕ ਦਰਗਹਿ ਸੁਰਖਰੂ ਵੇਮੁਖ ਮੁਹ ਕਾਲਾ

੧. ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ।।
ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ।।
ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ।। ੩।।
(ਸ੍ਰੀ ਰਾਗੁ ਮ: ੩, ਆ. ਗ੍ਰੰ. ਪੰਨਾ ੩੦)

੨. ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ।।
ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ।। ੫।।
(ਗਉੜੀ ਮ: ੩, ਆ. ਗ੍ਰੰ. ਪੰਨਾ ੨੩੩)

੩. ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ
ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ।।
ਓਇ ਬੋਲੇ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ।। ੮।।
(ਵਾਰ ਗਉੜੀ ਮ: ੫, ਆ. ਗ੍ਰੰ. ਪੰਨਾ ੩੦੪)

੪. ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ।।
ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ।।
ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ।।
(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੦੯)

੫. ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ ।।
ਫਿਰਿ ਫਿਰਿ ਮਿਲਣੁ ਨ ਪਾਇਨੀ ਜੰਮਹਿ ਤੈ ਮਰਿ ਜਾਹਿ ।।
(ਸਲੋਕੁ ਮ: ੩, ਆ. ਗ੍ਰੰ. ਪੰਨਾ ੬੪੫)

੬. ਜਿਨਿ ਗੁਰੁ ਗੋਪਿਆ ਆਪਣਾ ਤਿਸੁ ਠਉਰ ਨ ਠਾਉ ।।
ਹਲਤੁ ਪਲਤੁ ਦੋਵੈ ਗਏ ਦਰਗਹ ਨਾਹੀ ਥਾਉ ।।
(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੧੪)

੭. ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ।।
ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ ।।
ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ।।
ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ।।
ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ।। ੨੨ ।।
(ਰਾਮਕਲੀ ਮ: ੩, ਅਨੰਦੁ, ਆ. ਗ੍ਰੰ. ਪੰਨਾ ੯੨੦)

੮. ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮੁ ਨ ਵਸੈ ਮਨ ਮਾਹਿ ।।
ਨਾਨਕ ਬਿਨੁ ਸਤਿਗੁਰ ਸੇਵੇ
ਜਮ ਪੁਰਿ ਬਧੇ ਮਾਰੀਅਨਿ ਮੁਹਿ ਕਾਲੈ ਉਠਿ ਜਾਹਿ ।। ੧ ।।
(ਵਾਰ ਵਡਹੰਸ ਮ: ੩, ਆ. ਗ੍ਰੰ. ਪੰਨਾ ੫੯੦)

੯. ਜੇ ਅਪਨੇ ਗੁਰ ਤੇ ਮੁਖ ਫਿਰ ਹੈ ।। ਈਹਾਂ ਊਹਾਂ ਤਿਨ ਕੇ ਗ੍ਰਿਹਿ ਗਿਰਿ ਹੈ ।।
ਇਹਾਂ ਉਪਹਾਸ ਨ ਸੁਰਪੁਰਿ ਬਾਸਾ ।। ਸਭ ਬਾਤਨ ਤੇ ਰਹੈ ਨਿਰਾਸਾ ।। ੫ ।।
ਦੂਖ ਭੂਖ ਤਿਨ ਕੋ ਰਹੈ ਲਾਗੀ ।। ਸੰਤ ਸੇਵ ਤੇ ਜੋ ਹੈ ਤਿਆਗੀ ।।
ਜਗਤ ਬਿਖੈ ਕੋਈ ਕਾਮ ਨ ਸਰਹੀ ।। ਅੰਤਹਿ ਕੁੰਡ ਨਰਕ ਕੀ ਪਰਹੀ ।। ੬ ।।
ਤਿਨ ਕੋ ਸਦਾ ਜਗਤ ਉਪਹਾਸਾ ।। ਅੰਤਹਿ ਕੁੰਡ ਨਰਕ ਕੀ ਬਾਸਾ ।।
ਗੁਰ ਪਗ ਤੇ ਜੋ ਬੇਮੁਖ ਸਿਧਾਰੇ ।। ਈਹਾਂ ਊਹਾਂ ਤਿਨ ਕੇ ਮੁਖ ਕਾਰੇ ।। ੭ ।।
(ਬਚਿੱਤ੍ਰ ਨਾਟਕ ਪਾ: ੧੦)

੧੦. ਰਾਹਹੁੰ ਉੱਝੜ ਜੋ ਪਵੈ ਮੁਸੈ ਦੇ ਫਾਹਾ ।।
ਤਿਉਂ ਜਗ ਅੰਦਰ ਬੇਮੁਖਾਂ ਨਿਤ ਉੱਭੇ ਸਾਹਾ ।। ੫ ।।
(ਵਾਰਾਂ ਭਾਈ ਗੁਰਦਾਸ ਜੀ)

੧੧. ਬਾਮ੍ਹਣ ਗਾਂਈ ਵੰਸ ਘਾਤ ਅਪਰਾਧ ਕਰਾਰੇ ।।
ਮਦ ਪੀ ਜੂਏ ਖੇਲਦੇ ਜੋਹਨਿ ਪਰ ਨਾਰੇ ।।
ਮੋਹਨ ਪਰਾਈ ਲੱਖਮੀ ਠੱਗ ਚੋਰ ਚਗਾਰੇ ।।

ਵਿਸ਼ਵਾਸ ਧ੍ਰੋਹੀ ਅਕ੍ਰਿਤਘਨ ਪਾਪੀ ਹਤਿਆਰੇ।।
ਲੱਖ ਕਰੋੜੀ ਜੋੜਿਅਨ ਅਨਗਿਣਤ ਅਪਾਰੇ।।
ਇੱਕਤ ਲੂਇਂ ਨ ਪੁੱਜਨੀ ਬੇਮੁਖ ਗੁਰਦੁਆਰੇ।। (ਵਾਰਾਂ ਭਾਈ ਗੁਰਦਾਸ ਜੀ)

੧੨. ਗੰਗ ਜਮੁਨ ਗੁਦਾਵਰੀ ਕੁਲਖੇਤ ਸਿਧਾਰੇ।।
ਮਥੁਰਾ ਮਾਇਆ ਅਜੁੱਧਿਆ ਕਾਂਸ਼ੀ ਕੇਦਾਰੇ।।
ਗਇਆ ਪਿਰਾਗ ਸੁਰਸ੍ਵਤੀ ਗੋਮਤੀ ਦੁਆਰੇ।।
ਜਪ ਤਪ ਸੰਜਮ ਹੋਮ ਜੱਗ ਸਭ ਦੇਵ ਜੁਹਾਰੇ।।
ਅੱਖੀਂ ਪਰਣੈ ਜੇ ਭਵੈ ਤਿਹੁ ਲੋਇ ਮਝਾਰੇ।।
ਮੂਲ ਨ ਉਤਰੈ ਹੱਤਿਆ ਬੇਮੁਖ ਗੁਰਦੁਆਰੇ।। (ਵਾਰਾਂ ਭਾਈ ਗੁਰਦਾਸ ਜੀ)

੧੩. ਸਤਿਗੁਰ ਤੇ ਜੋ ਮੁਹੁ ਫਿਰੈ ਤਿਸ ਮੁਹ ਲੱਗਣ ਵੱਡੀ ਬਲਾਏ।।
ਜੋ ਤਿਸ ਮਾਰੈ ਧਰਮ ਹੈ ਮਾਰ ਨ ਹੰਘੈ ਆਪ ਹਟਾਏ।।
(ਵਾਰਾਂ ਭਾਈ ਗੁਰਦਾਸ ਜੀ)

੧੪. ਸਤਿਗੁਰ ਪੁਰਖ ਅਗੰਮ ਹੈ ਨਿਰਵੈਰ ਨਿਰਾਲਾ।।
ਜਾਣਹੁ ਧਰਤੀ ਧਰਮ ਕੀ ਸੱਚੀ ਧਰਮਸਾਲਾ।।
ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮਾਲਾ।।
ਜਿਉਂ ਕਰ ਨਿਰਮਲ ਆਰਸੀ ਜਗ ਵੇਖਣ ਵਾਲਾ।।
ਜੇਹਾ ਮੁਹ ਕਰ ਭਾਲੀਐ ਤੇਹੋ ਵੇਖਾਲਾ।।
ਸੇਵਕ ਦਰਗਹਿ ਸੁਰਖਰੂ ਵੇਮੁਖ ਮੁਹ ਕਾਲਾ।। ੧।।
(ਵਾਰਾਂ ਭਾਈ ਗੁਰਦਾਸ ਜੀ)

੧੫. ਕੋਇਲ ਕਾਉਂ ਰਲਾਇਅਨਿ ਕਿਉਂ ਹੋਵਣ ਇਕੇ।।
ਤਿਉਂ ਨਿੰਦਕ ਜਗ ਜਾਨੀਅਨਿ ਬੋਲ ਬੋਲਣ ਫਿਕੇ।।
ਬਗਲੇ ਹੰਸ ਬਰਾਬਰੀ ਕਿਉਂ ਮਿੱਕਨਿ ਮਿਕੇ।।
ਤਿਉਂ ਬੇਮੁਖ ਚੁਣ ਕਾਢੀਅਨਿ ਮੁਹਿ ਕਾਲੇ ਟਿਕੇ।।
ਕਿਆ ਨੀਸਾਣੀ ਮੀਣਿਆਂ ਖੋਟਸਾਲੀ ਸਿਕੇ।।
ਸਿਰੇ ਸਿਰ ਪਹਣੀ ਮਾਰੀਅਨਿ ਉਇ ਪੀਰ ਫਿਟਿਕੇ।।
(ਵਾਰਾਂ ਭਾਈ ਗੁਰਦਾਸ ਜੀ)

# ਚਰਨ ਕਮਲ

## ਸ਼ਬਦ ਨੰ: ੧੧

ਗੁਰ ਕੇ ਚਰਨ ਜੀਅ ਕਾ ਨਿਸਤਾਰਾ।। ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ।। ੧।। ਰਹਾਉ।। ਕੋਈ ਹੋਆ ਕ੍ਰਮ ਰਤੁ ਕੋਈ ਤੀਰਥ ਨਾਇਆ।। ਦਾਸੰੀ ਹਰਿ ਕਾ ਨਾਮੁ ਧਿਆਇਆ।। ੧।। ਬੰਧਨ ਕਾਟਨਹਾਰੁ ਸੁਆਮੀ।। ਜਨ ਨਾਨਕੁ ਸਿਮਰੈ ਅੰਤਰਜਾਮੀ।। ੨।। ੩।। ੫੭।।
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੮੪)

## ਗੁਰ ਕੇ ਚਰਨ ਜੀਅ ਕਾ ਨਿਸਤਾਰਾ

੧. ਕੀਨੀ ਦਇਆ ਗੋਪਾਲ ਗੁਸਾਈ।। ਗੁਰ ਕੇ ਚਰਣ ਵਸੇ ਮਨ ਮਾਹੀ।।
(ਮਾਝ ਮ: ੫, ਆ. ਗ੍ਰੰ. ਪੰਨਾ ੧੦੭)

੨. ਚਰਣ ਠਾਕੁਰ ਕੇ ਰਿਦੈ ਸਮਾਣੇ।। ਕਲਿ ਕਲੇਸ ਸਭ ਦੂਰਿ ਪਇਆਣੇ।।
(ਮਾਝ ਮ: ੫, ਆ. ਗ੍ਰੰ. ਪੰਨਾ ੧੦੫)

SIKHBOOKCLUB.COM

੩. ਗੁਰ ਕੀ ਮੂਰਤਿ ਮਨ ਮਹਿ ਧਿਆਨੁ।। ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ।।
ਗੁਰ ਕੇ ਚਰਨ ਰਿਦੈ ਲੈ ਧਾਰਉ।। ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ।।
(ਗੋਂਡ ਮ: ੫, ਆ. ਗ੍ਰੰ. ਪੰਨਾ ੮੬੪)

੪. ਮਾਈ ਚਰਨ ਗੁਰ ਮੀਠੇ।। ਵਡੈ ਭਾਗਿ ਦੇਵੈ ਪਰਮੇਸਰੁ
ਕੋਟਿ ਫਲਾ ਦਰਸਨ ਗੁਰ ਡੀਠੇ।। ਰਹਾਉ।।
(ਟੋਡੀ ਮ: ੫, ਆ. ਗ੍ਰੰ. ਪੰਨਾ ੭੧੭)

੫. ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ ਤਨੁ ਮਨੁ ਹੋਇ ਨਿਹਾਲਾ
ਚਰਣ ਕਮਲ ਤੇਰੇ ਧੋਇ ਧੋਇ ਪੀਵਾ
ਮੇਰੇ ਸਤਿਗੁਰ ਦੀਨ ਦਇਆਲਾ।। ੩।।
(ਸੂਹੀ ਮ: ੫, ਆ. ਗ੍ਰੰ. ਪੰਨਾ ੭੪੯)

੬. ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ।।
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ।। ੧੨੦।।

ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ।।
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ।। ੧੨੧।।
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੦)

੭. ਤਿਸੁ ਗੁਰ ਕਉ ਸਦ ਕਰੀ ਨਮਸਕਾਰ।।
ਤਿਸੁ ਗੁਰ ਕਉ ਸਦ ਜਾਉ ਬਲਿਹਾਰ।।
ਸਤਿਗੁਰ ਕੇ ਚਰਨ ਧੋਇ ਧੋਇ ਪੀਵਾ।।
ਗੁਰ ਨਾਨਕ ਜਪਿ ਜਪਿ ਸਦ ਜੀਵਾ।। ੪।। ੪੩।। ੫੬।।
(ਭੈਰਉ ਮ: ੫, ਆ. ਗ੍ਰੰ. ਪੰਨਾ ੧੧੫੨)

੮. ਜਲ ਬਿਹੂਨ ਮੀਨ ਕਤ ਜੀਵਨ ਦੂਧ ਬਿਨਾ ਰਹਨੁ ਕਤ ਬਾਰੋ।।
ਜਨ ਨਾਨਕ ਪਿਆਸ ਚਰਨ ਕਮਲਨੁ ਕੀ
ਪੇਖਿ ਦਰਸੁ ਸੁਆਮੀ ਸੁਖ ਸਾਰੋ।। ੨।। ੭।। ੧੨੩।।
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੯)

੯. ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ ਬਾਰਿਕੁ ਮੁਖਿ ਮਾਂਗੈ ਸੋ ਦੇਨਾ।।
ਨਾਨਕ ਬਾਰਿਕੁ ਦਰਸੁ ਪ੍ਰਭ ਚਾਹੈ
ਮੋਹਿ ਹ੍ਰਿਦੈ ਬਸਹਿ ਨਿਤ ਚਰਨਾ।। ੪।। ੨।।
(ਮਲਾਰ ਮ: ੫, ਆ. ਗ੍ਰੰ. ਪੰਨਾ ੧੨੬੬)

੧੦. ਤਾ ਕਉ ਬਿਘਨੁ ਨ ਕੋਊ ਲਾਗੈ ਜੋ ਸਤਿਗੁਰਿ ਅਪੁਨੈ ਰਾਖੇ।।
ਚਰਨ ਕਮਲ ਬਸੇ ਰਿਦ ਅੰਤਰਿ ਅੰਮ੍ਰਿਤ ਹਰਿ ਰਸੁ ਚਾਖੇ।। ੩।।
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੧੬)

੧੧. ਗੁਰੁ ਪਰਮੇਸਰੁ ਕਰਣੈ ਹਾਰੁ।। ਸਗਲ ਸ੍ਰਿਸਟਿ ਕਉ ਦੇ ਆਧਾਰੁ।। ੧।।
ਗੁਰ ਕੇ ਚਰਣ ਕਮਲ ਮਨ ਧਿਆਇ।।
ਦੂਖੁ ਦਰਦੁ ਇਸੁ ਤਨ ਤੇ ਜਾਇ।। ੧।। ਰਹਾਉ।।
(ਸੂਹੀ ਮ: ੫, ਆ. ਗ੍ਰੰ. ਪੰਨਾ ੭੪੧)

੧੨. ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ।।
ਚਰਨ ਕਮਲ ਮੇਰੇ ਹੀਅਰੇ ਬਸੈਂ।। ੧।। ਰਹਾਉ।।
(ਬਸੰਤੁ ਨਾਮਦੇਵ ਜੀ, ਆ. ਗ੍ਰੰ. ਪੰਨਾ ੧੧੯੫)

੧੩. ਸਤਿਗੁਰ ਕੀਨੋ ਪਰਉਪਕਾਰੁ।। ਕਾਢਿ ਲੀਨ ਸਾਗਰ ਸੰਸਾਰ।।
ਚਰਨ ਕਮਲ ਸਿਉ ਲਾਗੀ ਪ੍ਰੀਤਿ।। ਗੋਬਿੰਦੁ ਬਸੈ ਨਿਤਾ ਨਿਤ ਚੀਤ।। ੨।।
(ਗਉੜੀ ਕਬੀਰ ਜੀ, ਆ. ਗ੍ਰੰ. ਪੰਨਾ ੩੩੧)


www.sikhbookclub.com

੧੪. ਸੇਵਕ ਕੀ ਅਰਦਾਸਿ ਪਿਆਰੇ॥
ਜਪਿ ਜੀਵਾ ਪ੍ਰਭ ਚਰਣ ਤੁਮਾਰੇ॥ ੧॥ ਰਹਾਉ॥
(ਵਡਹੰਸੁ ਮ: ੫, ਆ. ਗ੍ਰੰ. ਪੰਨਾ ੫੬੨)

੧੫. ਜੇ ਜੇ ਗੁਰ ਚਰਨਨ ਰਤ ਹ੍ਵੈ ਹੈ॥ ਤਿਨ ਕੋ ਕਸਟਿ ਨ ਦੇਖਨ ਪੈ ਹੈ॥
ਰਿੱਧਿ ਸਿੱਧਿ ਤਿਨ ਕੇ ਗ੍ਰਿਹ ਮਾਹੀ॥
ਪਾਪ ਤਾਪ ਛ੍ਵੈ ਸਕੈ ਨ ਛਾਹੀ॥ ੧੪॥
(ਬਚਿੱਤ੍ਰ ਨਾਟਕ ਪਾ: ੧੦)

੧੬. ਜੈਸੇ ਨਾਉ ਬੂਡਤ ਸੇ ਜੋਊ ਬਚੈ ਸੋਈ ਭਲੋ
ਬੂਡ ਗਏ ਪਾਛੈ ਪਛਤਾਯੋ ਰਹਿ ਜਾਤ ਹੈ॥
ਜੈਸੇ ਘਰ ਲਾਗੈ ਆਗ ਜੋਈ ਬਚੈ ਸੋਈ ਭਲੋ
ਜਰ ਬੁਝੈ ਪਾਛੈ ਕਛੁ ਬਸੁ ਨ ਬਸਾਤ ਹੈ॥
ਜੈਸੇ ਚੋਰ ਲਾਗੇ ਜਾਗੇ ਜੋਈ ਰਹੈ ਸੋਈ ਭਲੋ
ਸੋਇ ਗਏ ਰੀਤੋ ਘਰ ਦੇਖੈ ਉਠ ਪਰਾਤ ਹੈ॥
ਤੈਸੇ ਅੰਤ ਕਾਲ ਗੁਰੁ ਚਰਨ ਸਰਨ ਆਵੈ
ਪਾਵੈ ਮੋਖ ਪਦਵੀ ਨਤਰ ਬਿਲਲਾਤ ਹੈ॥ ੩੫॥
(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

੧੭. ਸੁਰਸੁਰੀ ਸੁਰਸਤੀ ਜਮੁਨਾ ਗੋਦਾਵਰੀ
ਗਇਆ ਪ੍ਰਾਗ ਸੇਤੁ ਕੁਰਖੇਤ ਮਾਨਸਰ ਹੈ॥
ਕਾਂਸ਼ੀ ਕਾਂਤੀ ਦੁਆਰਾਵਤੀ ਮਾਇਆ ਮਥੁਰਾ ਅਜੁਧਿਆ
ਗੋਮਤੀ ਆਵੰਤਕਾ ਕੇਦਾਰ ਹਿੰਮਧਰ ਹੈ॥
ਨਰਬਦਾ ਬਿਬਿਧ ਬਨ ਦੇਵ ਥਲ ਕਵਲਾਸ
ਨੀਲ ਮੰਦਰ ਚਲ ਸੁਮੇਰ ਗਿਰਵਰ ਹੈ॥
ਤੀਰਥ ਅਰਥ ਸਤ ਧਰਮ ਦਇਆ ਸੰਤੋਖ
ਸ੍ਰੀ ਗੁਰ ਚਰਨ ਰਜ ਤੁਲ ਨ ਸਗਰ ਹੈ॥
(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

੧੮. ਚਰਨ ਸਰਨ ਗੁਰੁ ਤੀਰਥ ਪੁਰਬ ਕੋਟ
ਦੇਵੀ ਦੇਵ ਸੇਵ ਗੁਰ ਚਰਨ ਸਰਨ ਹੈ॥

ਚਰਨ ਸਰਨ ਗੁਰੁ ਕਾਮਨਾ ਸਫਲ ਫਲ
ਰਿੱਧਿ ਸਿੱਧਿ ਨਿਧ ਅਵਤਾਰ ਅਮਰਨ ਹੈ।।
ਚਰਨ ਸਰਨ ਗੁਰੁ ਨਾਮ ਨਿਹਕਾਮ ਧਾਮ
ਭਗਤਿ ਜੁਗਤਿ ਕਰ ਤਾਰਨ ਤਰਨ ਹੈ।।
ਚਰਨ ਸਰਨ ਗੁਰੁ ਮਹਿਮਾ ਅਗਾਧ ਬੋਧ
ਹਰਨ ਭਰਨ ਗਤਿ ਕਾਰਨ ਕਰਨ ਹੈ।।

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

੧੯. ਮਾ ਬ ਪਾਏ ਸ਼ਾਹਿ ਸਰ ਅਫ਼ਰੀਦਹ ਏਮ।।
ਅਜ਼ ਦੁ ਆਲਮ ਦਸਤ ਰਾ ਅਫਸਾਦਹ ਏਮ।।

(ਗ਼ਜ਼ਲ ੫੬ ਭਾਈ ਨੰਦ ਲਾਲ ਜੀ)

੨੦. ਸਰ ਅਗਰ ਦਾਰੀ ਬਿਰੌਂ ਸਰ ਰਾ ਬਿਨੇਹ ਬਰ ਪਾਇ ਓ।।
ਜਾਂ ਅਗਰ ਦਾਰੀ ਨਸਾਰਸ਼ ਕੁਨ ਅਗਰ ਦਰਕਾਰ ਹਸਤ।।

(ਗ਼ਜ਼ਲ ੬ ਭਾ: ਨੰਦ ਲਾਲ ਜੀ)

SIKHBOOKCLUB.COM

# ਸੱਚਾ ਗੁਰੂ

## ਸ਼ਬਦ ਨੰ: ੧੨

ਗੁਰ ਕੀ ਮੂਰਤਿ ਮਨ ਮਹਿ ਧਿਆਨੁ ।। ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ।। ਗੁਰ ਕੇ ਚਰਨ ਰਿਦੈ ਲੈ ਧਾਰਉ ।। ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ।। ੧।। ਮਤ ਕੋ ਭਰਮਿ ਭੁਲੈ ਸੰਸਾਰਿ।। ਗੁਰ ਬਿਨੁ ਕੋਇ ਨ ਉਤਰਸਿ ਪਾਰਿ।। ੧।। ਰਹਾਉ।। ਭੂਲੇ ਕਉ ਗੁਰਿ ਮਾਰਗਿ ਪਾਇਆ।। ਅਵਰ ਤਿਆਗਿ ਹਰਿ ਭਗਤੀ ਲਾਇਆ।। ਜਨਮ ਮਰਨ ਕੀ ਤ੍ਰਾਸ ਮਿਟਾਈ।। ਗੁਰ ਪੂਰੇ ਕੀ ਬੇਅੰਤ ਵਡਾਈ।। ੨।। ਗੁਰ ਪ੍ਰਸਾਦਿ ਊਰਧ ਕਮਲ ਬਿਗਾਸ।। ਅੰਧਕਾਰ ਮਹਿ ਭਇਆ ਪ੍ਰਗਾਸ।। ਜਿਨਿ ਕੀਆ ਸੋ ਗੁਰ ਤੇ ਜਾਨਿਆ।। ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ।। ੩।। ਗੁਰੁ ਕਰਤਾ ਗੁਰੁ ਕਰਣੈ ਜੋਗੁ।। ਗੁਰੁ ਪਰਮੇਸਰੁ ਹੈ ਭੀ ਹੋਗੁ।। ਕਹੁ ਨਾਨਕ ਪ੍ਰਭਿ ਇਹੈ ਜਨਾਈ।। ਬਿਨੁ ਗੁਰ ਮੁਕਤਿ ਨ ਭਾਈਐ ਭਾਈ।। ੪।। ੫।। ੭।। (ਗੋਂਡ ਮਹਲਾ ੫, ਆ. ਗ੍ਰੰ. ਪੰਨਾ ੮੬੪)

## ਗੁਰ ਬਿਨੁ ਕੋਇ ਨ ਉਤਰਸਿ ਪਾਰਿ

੧. ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ।।
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ।। ੧।।
(ਸਾਰੰਗ ਕੀ ਵਾਰ ਮ: ੪, ਆ. ਗ੍ਰੰ. ਪੰਨਾ ੧੨੩੭)

੨. ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ।।
ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ।।
(ਸਵੱਯੇ ਮ: ੪ ਕੇ, ਆ. ਗ੍ਰੰ. ਪੰਨਾ ੧੪੦੧)

੩. ਗੁਰੁ ਕਰਤਾ ਗੁਰੁ ਕਰਣੈ ਜੋਗੁ।। ਗੁਰੁ ਪਰਮੇਸਰੁ ਹੈ ਭੀ ਹੋਗੁ।।
ਕਹੁ ਨਾਨਕ ਪ੍ਰਭਿ ਇਹੈ ਜਨਾਈ।।
ਬਿਨੁ ਗੁਰ ਮੁਕਤਿ ਨ ਭਾਈਐ ਭਾਈ।। ੪।। ੫।। ੭।।
(ਗੋਂਡ ਮ: ੫, ਆ. ਗ੍ਰੰ. ਪੰਨਾ ੮੬੪)

੪. ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ।।
ਸਤਿਗੁਰੁ ਸੇਵੈ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ।। ੩।।
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੩੫)

੫. ਭਉਜਲੁ ਬਿਖਮੁ ਅਸਗਾਹੁ ਗੁਰਿ ਬੋਹਿਥੈ ਤਾਰਿਅਮੁ॥
ਨਾਨਕ ਪੂਰ ਕਰੰਮ ਸਤਿਗੁਰ ਚਰਣੀ ਲਗਿਆ॥ ੨॥
(ਜੈਤਸਰੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੭੧੦)

੬. ਹੇਕੋ ਪਾਧਰੁ ਹੇਕ ਦਰੁ ਗੁਰ ਪਉੜੀ ਨਿਜ ਥਾਨੁ॥
ਰੂੜਉ ਠਾਕੁਰੁ ਨਾਨਕਾ ਸਭਿ ਸੁਖ ਸਾਚਉ ਨਾਮੁ॥ ੨॥
(ਮਲਾਰ ਕੀ ਵਾਰ ਮ: ੧, ਆ. ਗ੍ਰੰ. ਪੰਨਾ ੧੨੭੯)

੭. ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥ ੧॥ ਰਹਾਉ॥
(ਸ੍ਰੀ ਰਾਗੁ ਮ: ੧, ਆ. ਗ੍ਰੰ. ਪੰਨਾ ੫੯)

੮. ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥
(ਸਵੱਯੇ ਮ: ੪ ਕੇ, ਆ. ਗ੍ਰੰ. ਪੰਨਾ ੧੩੯੯)

੯. ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ॥ ੫॥ ੧॥
(ਭੈਰਉ ਮ: ੩, ਆ. ਗ੍ਰੰ. ਪੰਨਾ ੧੧੨੮)

SIKHBOOKCLUB.COM

੧੦. ਵਾਚਹਿ ਪੁਸਤਕ ਵੇਦ ਪੁਰਾਨਾਂ॥
ਇਕ ਬਹਿ ਸੁਨਹਿ ਸੁਨਾਵਹਿ ਕਾਨਾਂ॥
ਅਜਗਰ ਕਪਟੁ ਕਹਹੁ ਕਿਉ ਖੁਲ੍ਹੈ
ਬਿਨੁ ਸਤਿਗੁਰ ਤਤੁ ਨ ਪਾਇਆ॥ ੧੧॥
ਕਰਹਿ ਬਿਭੂਤਿ ਲਗਾਵਹਿ ਭਸਮੈ॥ ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ॥
ਪਾਖੰਡ ਕੀਨੇ ਜੋਗੁ ਨ ਭਾਈਐ ਬਿਨੁ ਸਤਿਗੁਰ ਅਲਖੁ ਨ ਪਾਇਆ॥ ੧੨॥
(ਮਾਰੂ ਸੋਲਹੇ ਮ: ੧, ਆ. ਗ੍ਰੰ. ਪੰਨਾ ੧੦੪੩)

੧੧. ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥ ੨॥
(ਆਸਾ ਦੀ ਵਾਰ ਮ: ੨, ਆ. ਗ੍ਰੰ. ਪੰਨਾ ੪੬੩)

੧੨. ਜੜ੍ਹੀ ਬੂਟੀ ਜੇ ਜੀਵੀਐ ਕਿਉਂ ਮਰੈ ਧਨੰਤਰ॥
ਤੰਤ ਮੰਤ ਬਾਜੀਗਰਾਂ ਓਇ ਭਵਹਿ ਦਿਸੰਤਰ॥
ਰੁਖੀਂ ਬਿਰਖੀਂ ਭਾਈਐ ਕਾਸਟ ਬੈਸੰਤਰ॥

ਮਿਲੈ ਨ ਵੀਰਾਰਾਧ ਕਰ ਠੱਗ ਚੋਰ ਨ ਅੰਤਰ।।
ਮਿਲੈ ਨ ਰਾਤੀਂ ਜਾਗਿਆਂ ਅਪਰਾਧ ਭਵੰਤਰ।।
ਵਿਣ ਗੁਰ ਮੁਕਤਿ ਨ ਹੋਵਈ ਗੁਰਮੁਖਿ ਅਮਰੰਤਰ।। ੧੫।।

(ਵਾਰਾਂ ਭਾਈ ਗੁਰਦਾਸ ਜੀ)

੧੩. ਘੰਟ ਘੜਾਇਆ ਚੂਹਿਆਂ ਗਲ ਬਿੱਲੀ ਭਾਈਐ।।
ਮਤਾ ਪਕਾਇਆ ਮਖੀਆਂ ਘਿਅ ਅੰਦਰ ਨ੍ਹਾਈਐ।।
ਸੂਤਕ ਲਹੈ ਨ ਕੀੜਿਆਂ ਕਿਉਂ ਛੱਥ ਲੰਘਾਈਐ।।
ਸਾਵਣ ਰਹਿਣ ਭੰਬੀਰੀਆਂ ਜੇ ਪਾਰ ਵਸਾਈਐ।।
ਕੂੰਜੜੀਆਂ ਵੈਸਾਖ ਵਿਚ ਜਿਉਂ ਜੂਹ ਪਰਾਈਐ।।
ਵਿਣ ਗੁਰ ਮੁਕਤਿ ਨ ਹੋਵਈ ਫਿਰ ਆਈਐ ਜਾਈਐ ।। ੧੬।।

(ਵਾਰਾਂ ਭਾਈ ਗੁਰਦਾਸ ਜੀ)

੧੪. ਮਿਲੈ ਨ ਤੀਰਥ ਨ੍ਹਾਤਿਆਂ ਡੱਡਾਂ ਜਲ ਵਾਸੀ ।।
ਵਾਲ ਵਧਾਇਐ ਭਾਈਐ ਵੜ ਜਟਾਂ ਪਲਾਸੀ ।।
ਨੰਗੇ ਰਹਿਆਂ ਜੇ ਮਿਲੈ ਵਣ ਮਿਰਗ ਉਦਾਸੀ ।।
ਭਸਮ ਲਾਇ ਜੇ ਭਾਈਐ ਖਰ ਖੇਹ ਨਿਵਾਸੀ ।।
ਜੇ ਭਾਈਐ ਚੁਪ ਕੀਤਿਆਂ ਪਸੂਆਂ ਜੜ੍ਹ ਹਾਸੀ ।।
ਵਿਣ ਗੁਰ ਮੁਕਤਿ ਨ ਹੋਵਈ ਗੁਰ ਮਿਲੈ ਖਲਾਸੀ ।। ੧੪।।

(ਵਾਰਾਂ ਭਾਈ ਗੁਰਦਾਸ ਜੀ)

SIKHBOOKCLUB.COM

# ਨੋਟ

ਕਈ ਭੇਖੀ ਸੰਤ ਗੁਰਬਾਣੀ ਨੂੰ ਨਿਜ ਸੁਆਰਥਾਂ ਦੀ ਸਿੱਧੀ ਲਈ ਵਰਤਦੇ ਹਨ, ਜਿਹਾ ਕਿ—

ਕਹੁ ਨਾਨਕ ਪ੍ਰਭਿ ਇਹੈ ਜਨਾਈ॥
ਬਿਨੁ ਗੁਰ ਮੁਕਤਿ ਨ ਪਾਈਐ ਭਾਈ॥ (ਗੌਂਡ ਮ: ੫, ਆ. ਗ੍ਰੰ. ਪੰਨਾ ੮੬੪)

ਸੁਣਾ ਕੇ ਭੋਲੇ ਭਾਲੇ ਗੁਰਸਿਖਾਂ ਨੂੰ ਦੇਹ ਧਾਰੀ ਗੁਰੂ ਧਾਰਨ ਦੀ ਪ੍ਰੇਰਨਾ ਕਰਦੇ ਹਨ। ਸਤਿਗੁਰੂ ਦੇ ਲੱਛਣ ਤਾਂ ਸਾਹਿਬਾਂ ਨੇ ਬਾਣੀ ਵਿਚ ਇੰਜ ਫੁਰਮਾਏ ਹਨ :—

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥ ੧॥
(ਗਉੜੀ ਸੁਖਮਨੀ ਮ:੫, ਆ. ਗ੍ਰੰ. ਪੰਨਾ ੨੮੬)

ਸਤਿਗੁਰੂ ਤਾਂ ਆਪਣੇ ਸਿੱਖਾਂ, ਨਹੀਂ, ਨਹੀਂ ਉਨ੍ਹਾਂ ਦੀਆਂ ਕੁਲਾਂ ਦਾ ਉਧਾਰ ਕਰ ਦਿੰਦਾ ਹੈ, ਪਰ ਇਹ ਆਪ ਬਣੇ ਸੰਤ ਏਨੇ ਕਲਾਵਾਨ ਹਨ ਕਿ—

"ਪੱਥਰਾਂ ਨੂੰ ਡੋਬਦੇ ਤੇ ਤੀਲਿਆਂ ਨੂੰ ਤਾਰਦੇ ਹਨ"

SIKHBOOKCLUB.COM

ਭੋਲਿਓ !

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ॥ ੫॥ (ਨਟ ਮ: ੪, ਆ. ਗ੍ਰੰ. ਪੰਨਾ ੯੮੨)

ਦੇ ਵਾਕ ਅਨੁਸਾਰ ਬਾਣੀ ਗੁਰੂ ਹੈ ਤੇ ਇਸ ਦੇ ਪੜ੍ਹਨ ਨਾਲ ਹੀ ਮੋਕ਼ਸ਼ ਪ੍ਰਾਪਤ ਹੁੰਦੀ ਹੈ।

ਗੁਰ ਸਿਖੋ !

ਗੁਰਬਾਣੀ ਪੜ੍ਹੋ ਤੇ ਇਨ੍ਹਾਂ ਪਖੰਡੀ ਸੰਤਾਂ ਦੇ ਦੰਭ ਫਰੇਬ ਤੋਂ ਬਚੋ। ਇਹ ਤੁਹਾਨੂੰ ਅਕਾਲ ਪੁਰਖ ਦੀ ਅਰਾਧਨਾ ਤੋਂ ਛੁਡਾਕੇ ਆਪਣੇ ਨਾਲ ਜੋੜਨਾ ਚਾਹੁੰਦੇ ਹਨ ਇਹ ਤੁਹਾਨੂੰ ਦਸਮ ਦੁਆਰ ਦਰਸਾਉਣ ਦੇ ਝਾਸੇ ਦੇਂਦੇ ਹਨ, ਹੋਰ ਕਈ ਤਰ੍ਹਾਂ ਦੇ ਜਾਲ ਖਲੇਰਦੇ ਹਨ, ਪਰ ਇਨ੍ਹਾਂ ਪਾਸ ਕੁਝ ਨਹੀਂ ਜੇ, ਇਹ ਆਪ ਖਸਮੋਂ ਘੁਥੇ ਹੋਣ ਕਰਕੇ ਹੰਕਾਰ ਵਿਚ ਮਤੇ ਅੰਨੇ ਹੋਏ ਹੋਏ ਹਨ । ਇਹੋ ਜਿਹਾਂ ਦਾ ਹਾਲ ਸਤਿਗੁਰੂ ਜੀ ਅੱਗੇ ਲਿਖੇ ਪ੍ਰਮਾਣਾਂ ਵਿਚ ਦੱਸਦੇ ਹਨ।

# ਕੱਚਾ ਗੁਰੂ

## ਸ਼ਬਦ ਨੰ: ੧੩

ਘਰ ਦਰ ਫਿਰਿ ਥਾਕੀ ਬਹੁਤੇਰੇ।। ਜਾਤਿ ਅਸੰਖ ਅੰਤ ਨਹੀ ਮੇਰੇ।। ਕੇਤੇ ਮਾਤ ਪਿਤਾ ਸੁਤ ਧੀਆ।। ਕੇਤੇ ਗੁਰ ਚੇਲੇ ਫੁਨਿ ਹੂਆ।। ਕਾਚੇ ਗੁਰ ਤੇ ਮੁਕਤਿ ਨ ਹੂਆ।। ਕੇਤੀ ਨਾਰਿ ਵਰੁ ਏਕੁ ਸਮਾਲਿ।। ਗੁਰਮੁਖਿ ਮਰਣੁ ਜੀਵਣੁ ਪ੍ਰਭ ਨਾਲਿ।। ਦਹ ਦਿਸ ਢੂਢਿ ਘਰੈ ਮਹਿ ਪਾਇਆ।। ਮੇਲੁ ਭਇਆ ਸਤਿਗੁਰੂ ਮਿਲਾਇਆ।। ੨੧।।

(ਰਾਮਕਲੀ ਮ: ੧ ਦਖਣੀ ਓਅੰਕਾਰ ਵਿਚੋਂ, ਆ. ਗ੍ਰੰ. ਪੰਨਾ ੯੩੨)

## ਕਾਚੇ ਗੁਰ ਤੇ ਮੁਕਤਿ ਨ ਹੂਆ

੧. ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸ ਦਾ ਨਫਰੁ ਕਿਥਹੁ ਰਜਿ ਖਾਏ।।
ਜਿ ਸਾਹਿਬ ਕੈ ਘਰਿ ਵਥੁ ਹੋਵੈ
ਸੁ ਨਫਰੈ ਹਥਿ ਆਵੈ ਅਣਹੋਦੀ ਕਿਥਹੁ ਪਾਏ।।

(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੦੬)

੨. ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ।।
ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ।। ੨।।

(ਮਾਝ ਕੀ ਵਾਰ ਮ: ੧, ਆ. ਗ੍ਰੰ. ਪੰਨਾ ੧੪੦)

੩. ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ।।
ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ।। ੧੦੪।।

(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੬੯)

੪. ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ।।
ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ।।
ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ।।
ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ ਧੰਧਲੀ।।

(ਸੂਹੀ ਮ: ੧, ਆ. ਗ੍ਰੰ. ਪੰਨਾ ੭੬੭)

 www.sikhbookclub.com

੫. ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ।।
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ।।
ਕੂੜੁ ਕੁਸਤੁ ਕਮਾਵਦੇ ਪਰ ਨਿੰਦਾ ਸਦਾ ਕਰੇਨਿ।।
ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ।।
(ਰਾਮਕਲੀ ਕੀ ਵਾਰ ਸਲੋਕ ਮ: ੩, ਆ. ਗ੍ਰੰ. ਪੰਨਾ ੯੫੧)

੬. ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ।।
ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ।।
ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ।।
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ।। ੧।।
(ਸਲੋਕ ਮ: ੨ ਵਾਰ ਰਾਮਕਲੀ, ਆ. ਗ੍ਰੰ. ਪੰਨਾ ੯੫੪)

੭. ਕੇਤੇ ਮਾਤ ਪਿਤਾ ਸੁਤ ਧੀਆ।। ਕੇਤੇ ਗੁਰ ਚੇਲੇ ਫੁਨਿ ਹੂਆ।।
ਕਾਚੇ ਗੁਰ ਤੇ ਮੁਕਤਿ ਨ ਹੂਆ।।
(ਸਿਧ ਗੋਸਟਿ ਰਾਮਕਲੀ ਮ: ੧, ਆ. ਗ੍ਰੰ. ਪੰਨਾ ੯੩੨)

੮. ਅੰਧੇ ਗੁਰੂ ਤੇ ਭਰਮੁ ਨ ਜਾਈ।। ਮੂਲੁ ਛੋਡਿ ਲਾਗੇ ਦੂਜੈ ਭਾਈ।।
ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ।। ੩।।
(ਗਉੜੀ ਮ: ੩, ਆ. ਗ੍ਰੰ. ਪੰਨਾ ੨੩੨)

੯. ਕੂੜੁ ਬੋਲਿ ਮੁਰਦਾਰੁ ਖਾਇ।। ਅਵਰੀ ਨੋ ਸਮਝਾਵਣਿ ਜਾਇ।।
ਮੁਠਾ ਆਪਿ ਮੁਹਾਏ ਸਾਥੈ।। ਨਾਨਕ ਐਸਾ ਆਗੂ ਜਾਪੈ।। ੧।।
(ਮਾਝ ਕੀ ਵਾਰ, ਆ. ਗ੍ਰੰ. ਪੰਨਾ ੧੩੯)

੧੦. ਗਿਆਨ ਵਿਹੂਣਾ ਗਾਵੈ ਗੀਤ।। ਭੁਖੇ ਮੁਲਾਂ ਘਰੇ ਮਸੀਤਿ।।
ਮਖਟੂ ਹੋਇ ਕੈ ਕੰਨ ਪੜਾਏ।। ਫਕਰੁ ਕਰੇ ਹੋਰੁ ਜਾਤਿ ਗਵਾਏ।।
ਗੁਰੁ ਪੀਰੁ ਸਦਾਏ ਮੰਗਣ ਜਾਇ।। ਤਾ ਕੈ ਮੂਲਿ ਨ ਲਗੀਐ ਪਾਇ।।
ਘਾਲਿ ਖਾਇ ਕਿਛੁ ਹਥਹੁ ਦੇਇ।। ਨਾਨਕ ਰਾਹੁ ਪਛਾਣਹਿ ਸੇਇ।। ੧।।
(ਸਾਰੰਗ ਕੀ ਵਾਰ ਮ: ੧, ਆ. ਗ੍ਰੰ. ਪੰਨਾ ੧੨੪੫)

# ਗੁਰਬਾਣੀ

## ਸ਼ਬਦ ਨੰ: ੧੪

ਗੁਰੁ ਪੂਰਾ ਪੂਰੀ ਤਾ ਕੀ ਕਲਾ॥ ਗੁਰ ਕਾ ਸਬਦੁ ਸਦਾ ਸਦ ਅਟਲਾ॥ ਗੁਰ ਕੀ ਬਾਣੀ ਜਿਸੁ ਮਨਿ ਵਸੈ॥ ਦੂਖੁ ਦਰਦੁ ਸਭੁ ਤਾ ਕਾ ਨਸੈ॥੧॥ ਹਰਿ ਰੰਗਿ ਰਾਤਾ ਮਨੁ ਰਾਮ ਗੁਨ ਗਾਵੈ॥ ਮੁਕਤੋੁ ਸਾਧੂ ਧੂਰੀ ਨਾਵੈ॥੧॥ ਰਹਾਉ॥ ਗੁਰ ਪਰਸਾਦੀ ਉਤਰੇ ਪਾਰਿ॥ ਭਉ ਭਰਮੁ ਬਿਨਸੇ ਬਿਕਾਰ॥ ਮਨ ਤਨ ਅੰਤਰਿ ਬਸੇ ਗੁਰ ਚਰਨਾ॥ ਨਿਰਭੈ ਸਾਧ ਪਰੇ ਹਰਿ ਸਰਨਾ॥੨॥ ਅਨਦ ਸਹਜ ਰਸ ਸੂਖ ਘਨੇਰੇ॥ ਦੁਸਮਨੁ ਦੂਖੁ ਨ ਆਵੈ ਨੇਰੇ॥ ਗੁਰਿ ਪੂਰੈ ਅਪੁਨੇ ਕਰਿ ਰਾਖੇ॥ ਹਰਿ ਨਾਮੁ ਜਪਤ ਕਿਲਬਿਖ ਸਭਿ ਲਾਥੇ॥੩॥ ਸੰਤ ਸਾਜਨ ਸਿਖ ਭਏ ਸੁਹੇਲੇ॥ ਗੁਰਿ ਪੂਰੈ ਪ੍ਰਭ ਸਿਉ ਲੈ ਮੇਲੇ॥ ਜਨਮ ਮਰਨ ਦੁਖ ਫਾਹਾ ਕਾਟਿਆ॥ ਕਹੁ ਨਾਨਕ ਗੁਰਿ ਪੜਦਾ ਢਾਕਿਆ॥੪॥੮॥

(ਪ੍ਰਭਾਤੀ ਮ: ੫, ਆ. ਗ੍ਰੰ. ਪੰਨਾ ੧੩੩੯)

SIKHBOOKCLUB.COM

## ਗੁਰ ਕਾ ਸਬਦੁ ਸਦਾ ਸਦ ਅਟਲਾ

੧. ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥੫॥
(ਨਟ ਮ: ੪, ਆ. ਗ੍ਰੰ. ਪੰਨਾ ੯੮੨)

੨. ਗੁਰੁ ਪੂਰਾ ਪੂਰੀ ਤਾ ਕੀ ਕਲਾ॥ ਗੁਰ ਕਾ ਸਬਦੁ ਸਦਾ ਸਦ ਅਟਲਾ॥
ਗੁਰ ਕੀ ਬਾਣੀ ਜਿਸੁ ਮਨਿ ਵਸੈ॥ ਦੂਖੁ ਦਰਦੁ ਸਭੁ ਤਾ ਕਾ ਨਸੈ॥੧॥
(ਪ੍ਰਭਾਤੀ ਮ: ੫, ਆ. ਗ੍ਰੰ. ਪੰਨਾ ੧੩੩੯)

੩. ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ॥
ਗੁਰਸਿਖਾ ਕੇ ਮੁਹ ਉਜਲੇ ਕਰੇ ਹਰਿ ਪਿਆਰਾ
ਗੁਰ ਕਾ ਜੈਕਾਰੁ ਸੰਸਾਰਿ ਸਭਤੁ ਕਰਾਏ॥
(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੦੮)

੪. ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ।।
ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ
ਸੇ ਕੂੜਿਆਰ ਕੂੜੇ ਝੜਿ ਪੜੀਐ।।

(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੦੪)

੫. ਸਤਿਗੁਰੁ ਅੰਮ੍ਰਿਤ ਬਿਰਖੁ ਹੈ ਅੰਮ੍ਰਿਤ ਰਸਿ ਫਲਿਆ।।
ਜਿਸੁ ਪਰਾਪਤਿ ਸੋ ਲਹੈ ਗੁਰ ਸਬਦੀ ਮਿਲਿਆ।।

(ਸਾਰੰਗ ਕੀ ਵਾਰ ਮ: ੪, ਆ. ਗ੍ਰੰ. ਪੰਨਾ ੧੨੪੫)

੬. ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ।।
ਗੁਰ ਕੈ ਸਬਦਿ ਮਨ ਕਉ ਸਮਝਾਵਹਿ।।
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ
ਇਉ ਆਤਮ ਰਾਮੈ ਲੀਨਾ ਹੇ।। ੧੪।।

(ਮਾਰੂ ਸੋਲਹੇ ਮ: ੧, ਆ. ਗ੍ਰੰ. ਪੰਨਾ ੧੦੨੮)

੭. ਗੁਰ ਪੂਰੇ ਕੀ ਬਾਣੀ।। ਪਾਰਬ੍ਰਹਮ ਮਨਿ ਭਾਣੀ।।
ਨਾਨਕ ਦਾਸਿ ਵਖਾਣੀ।। ਨਿਰਮਲ ਅਕਥ ਕਹਾਣੀ।।

(ਸੋਰਠਿ ਮ: ੫, ਆ. ਗ੍ਰੰ. ਪੰਨਾ ੬੨੯)

੮. ਸਦਾ ਹਜੂਰਿ ਰਵਿਆ ਸਭ ਠਾਈ ਹਿਰਦੈ ਨਾਮੁ ਅਪਾਰਾ।।
ਜੁਗਿ ਜੁਗਿ ਬਾਣੀ ਸਬਦਿ ਪਛਾਣੀ ਨਾਉ ਮੀਠਾ ਮਨਹਿ ਪਿਆਰਾ।। ੨।।

(ਸੋਰਠਿ ਮ: ੩, ਆ. ਗ੍ਰੰ. ਪੰਨਾ ੬੦੨)

੯. ਜੀਉ ਪਿੰਡੁ ਸਭੁ ਹੈ ਤਿਸੁ ਕੇਰਾ।। ਸਚਾ ਸਾਹਿਬੁ ਠਾਕੁਰੁ ਮੇਰਾ।।
ਨਾਨਕ ਗੁਰਬਾਣੀ ਹਰਿ ਪਾਇਆ
ਹਰਿ ਜਪੁ ਜਾਪਿ ਸਮਾਹਾ ਹੇ।। ੧੬।। ੫।।

(ਮਾਰੂ ਸੋਲਹੇ ਮ: ੩, ਆ. ਗ੍ਰੰ. ਪੰਨਾ ੧੦੫੮)

੧੦. ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ।।
ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ।।

(ਸੋਰਠਿ ਕੀ ਵਾਰ ਮ: ੩, ਆ. ਗ੍ਰੰ. ਪੰਨਾ ੬੪੬)

੧੧. ਗੁਰ ਸੇਵਾ ਤੇ ਕਰਣੀ ਸਾਰ।। ਰਾਮ ਨਾਮੁ ਰਾਖਹੁ ਉਰਿ ਧਾਰ।।
ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ।। ੩।।

(ਮਾਰੂ ਸੋਲਹੇ ਮ: ੩, ਆ. ਗ੍ਰੰ. ਪੰਨਾ ੧੦੬੬)

੧੨ ਜੈਸੇ ਤਉ ਸਕਲ ਨਿਧਿ ਪੂਰਨ ਸਮੁੰਦ੍ਰ ਬਿਖੈ
ਹੰਸ ਮਰਜੀਵਾ ਨਿਹਚੈ ਪ੍ਰਸਾਦੁ ਪਾਵਈ॥
ਜੈਸੇ ਪਰਬਤਿ ਹੀਰਾ ਮਾਨਿਕ ਪਾਰਸਿ ਸਿਧ
ਖਨਵਾਰਾ ਖਨਿ ਜਗਿ ਵਿਖੈ ਪ੍ਰਗਟਾਵਈ॥
ਜੈਸੇ ਬਨ ਬਿਖੈ ਮਲਿਆਗਰ ਸੌਧਾ ਕਪੂਰ
ਸੋਧ ਕੈ ਸੁਬਾਸੀ ਸੁਬਾਸ ਬਿਹਸਾਵਈ॥
ਤੈਸੇ ਗੁਰਬਾਣੀ ਬਿਖੈ ਸਕਲ ਪਦਾਰਥ ਹੈ
ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

੧੩. ਗੁਰ ਮੂਰਤਿ ਗੁਰ ਸ਼ਬਦ ਹੈ ਸਾਧਸੰਗਤਿ ਵਿਚ ਪਰਗਟੀ ਆਇਆ॥
ਪੈਰੀਂ ਪਾਇ ਸਪ ਜਗਤ ਤਰਾਇਆ॥ (ਵਾਰਾਂ ਭਾਈ ਗੁਰਦਾਸ ਜੀ)

SIKHBOOKCLUB.COM

# ਗਾਵਹੁ ਸਚੀ ਬਾਣੀ

**ਸ਼ਬਦ ਨੰ: ੧੫**

ਗੁਰਿ ਪੂਰੈ ਪੂਰੀ ਕੀਨੀ।। ਬਖਸ ਅਪੁਨੀ ਕਰਿ ਦੀਨੀ।। ਨਿਤ ਅਨੰਦ ਸੁਖ ਪਾਇਆ।। ਥਾਵ ਸਗਲੇ ਸੁਖੀ ਵਸਾਇਆ।। ੧।। ਹਰਿ ਕੀ ਭਗਤਿ ਫਲ ਦਾਤੀ।। ਗੁਰਿ ਪੂਰੈ ਕਿਰਪਾ ਕਰਿ ਦੀਨੀ ਵਿਰਲੈ ਕਿਨ ਹੀ ਜਾਤੀ।। ਰਹਾਉ।। ਗੁਰਬਾਣੀ ਗਾਵਹ ਭਾਈ।। ਓਹ ਸਫਲ ਸਦਾ ਸੁਖਦਾਈ ।। ਨਾਨਕ ਨਾਮੁ ਧਿਆਇਆ ।। ਪੂਰਬਿ ਲਿਖਿਆ ਪਾਇਆ।। ੨।। ੧੭।। ੮੧।। (ਸੋਰਠਿ ਮ: ੫, ਆ. ਗ੍ਰੰ. ਪੰਨਾ ੬੨੮)

## ਗੁਰਬਾਣੀ ਗਾਵਹ ਭਾਈ

੧. ਧੁਰ ਕੀ ਬਾਣੀ ਆਈ।। ਤਿਨਿ ਸਗਲੀ ਚਿੰਤ ਮਿਟਾਈ ।।
ਦਇਆਲ ਪੁਰਖ ਮਿਹਰਵਾਨਾ।। ਹਰਿ ਨਾਨਕ ਸਾਚੁ ਵਖਾਨਾ।।
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੨੮)

SIKHBOOKCLUB.COM

੨. ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ।।
ਜਿਨਿ ਪੀਤੀ ਤਿਸੁ ਮੋਖ ਦੁਆਰ।। ੫।।
(ਮਲਾਰ ਮ: ੧, ਆ. ਗ੍ਰੰ. ਪੰਨਾ ੧੨੭੫)

੩. ਭਗਤਿ ਭੰਡਾਰ ਗੁਰਬਾਣੀ ਲਾਲ।।
ਗਾਵਤ ਸੁਨਤ ਕਮਾਵਤ ਨਿਹਾਲ।। ੨।।
(ਆਸਾ ਮ: ੫, ਆ. ਗ੍ਰੰ. ਪੰਨਾ ੩੭੬)

੪. ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ
ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ।। ੨।। (ਗੂਜਰੀ ਮ: ੪, ਆ. ਗ੍ਰੰ. ਪੰਨਾ ੪੯੪)

੫. ਗੁਰ ਕੀ ਬਾਣੀ ਸਿਉ ਲਾਇ ਪਿਆਰੁ।।
ਐਥੈ ਓਥੈ ਏਹੁ ਅਧਾਰੁ।। ਆਪੇ ਦੇਵੈ ਸਿਰਜਣਹਾਰੁ।। ੩।।
(ਪ੍ਰਭਾਤੀ ਮ: ੩, ਆ. ਗ੍ਰੰ. ਪੰਨਾ ੧੩੩੫)

੬. ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ।।
ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ।। ੮।।
(ਸੂਹੀ ਮ: ੪ ਛੰਤ, ਆ. ਗ੍ਰੰ. ਪੰਨਾ ੭੫੯)

੭. ਗੁਰ ਸਬਦੀ ਹਰਿ ਮਨਿ ਵਸੈ ਹਰਿ ਸਹਜੇ ਜਾਤਾ।।
ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤ ਸਰਿ ਨਾਤਾ।।
(ਗੂਜਰੀ ਕੀ ਵਾਰ ਮ: ੩, ਆ. ਗ੍ਰੰ. ਪੰਨਾ ੫੧੦)

੮. ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ।।
ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ।।੧।।
ਗੁਰ ਕਾ ਬਚਨੁ ਬਸੈ ਜੀਅ ਨਾਲੇ।।
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ।।੧।।ਰਹਾਉ।।
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੭੯)

੯. ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ।।
ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ।।
(ਸ੍ਰੀ ਰਾਗੁ ਮ: ੩, ਆ. ਗ੍ਰੰ. ਪੰਨਾ ੨੭)

੧੦. ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ।।
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ।।੪੦।।
(ਰਾਮਕਲੀ ਮ: ੧ ਦਖਣੀ ਓਅੰਕਾਰ, ਆ. ਗ੍ਰੰ. ਪੰਨਾ ੯੩੫)

੧੧. ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ।।੧।।
(ਸ੍ਰੀ ਰਾਗੁ ਮ: ੩, ਆ. ਗ੍ਰੰ. ਪੰਨਾ ੬੭)

੧੨. ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ।।
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ।।
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ।।
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ।।
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ।।੨੩।।
(ਰਾਮਕਲੀ ਮ: ੩ ਅਨੰਦੁ, ਆ. ਗ੍ਰੰ. ਪੰਨਾ ੯੨੦)

੧੩. ਅਫਰਿਓ ਜਮੁ ਮਾਰਿਆ ਨ ਜਾਈ।। ਗੁਰ ਕੈ ਸਬਦੇ ਨੇੜਿ ਨ ਆਈ।।
ਸਬਦੁ ਸੁਣੇ ਤਾ ਦੂਰਹੁ ਭਾਗੈ ਮਤੁ ਮਾਰੇ ਹਰਿ ਜੀਉ ਵੇਪਰਵਾਹਾ ਹੇ।।੭।।
(ਮਾਰੂ ਸੋਲਹੇ ਮ: ੩, ਆ. ਗ੍ਰੰ. ਪੰਨਾ ੧੦੫੪)

੧੪. ਗੁਰ ਪੂਰੇ ਕੀ ਬਾਣੀ ਜਪਿ ਅਨਦੁ ਕਰਹੁ ਨਿਤ ਪ੍ਰਾਣੀ।।੧।।
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੧੬)

੧੫. ਅੰਮ੍ਰਿਤ ਬਚਨ ਸਾਧ ਕੀ ਬਾਣੀ।।
ਜੋ ਜੋ ਜਪੈ ਤਿਸ ਕੀ ਗਤਿ ਹੋਵੈ

ਹਰਿ ਹਰਿ ਨਾਮੁ ਨਿਤ ਰਸਨ ਬਖਾਨੀ।। ੧।। ਰਹਾਉ।।
ਕਲੀ ਕਾਲ ਕੇ ਮਿਟੇ ਕਲੇਸਾ।। ਏਕੋ ਨਾਮੁ ਮਨ ਮਹਿ ਪਰਵੇਸਾ।। ੧।।
(ਸੂਹੀ ਮ: ੫, ਆ. ਗ੍ਰੰ. ਪੰਨਾ ੭੪੪)

੧੬. ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ।। ੨੦।।
ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ।। ੨੧।।
(ਰਾਮਕਲੀ ਮ: ੩, ਆ. ਗ੍ਰੰ. ਪੰਨਾ ੯੦੯)

੧੭. ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ।।
ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ।।
(ਸੂਹੀ ਮ: ੪ ਛੰਤ, ਆ. ਗ੍ਰੰ. ਪੰਨਾ ੭੭੩)

੧੮. ਬਾਣੀ ਮੁਖਹੁ ਉਚਾਰੀਐ ਹੋਇ ਰੁਸ਼ਨਾਈ ਮਿਟੈ ਅੰਧਾਰਾ।।
(ਵਾਰਾਂ ਭਾਈ ਗੁਰਦਾਸ ਜੀ)

੧੯. ਜੈਸੇ ਹੀਰਾ ਹਾਥ ਮੈ ਤਨਕ ਸੋ ਦਿਖਾਈ ਦੇਤ
ਮੋਲ ਕੀਏ ਤੇ ਦਮਕਨ ਭਰਤ ਭੰਡਾਰ ਜੀ।।
ਜੈਸੇ ਬਰ ਬਾਧੇ ਹੁੰਡੀ ਲਾਗਤ ਨ ਭਾਰ ਕਛੂ
ਆਗੇ ਜਾਏ ਭਾਈਅਤਿ ਲਛਮੀ ਅਪਾਰ ਜੀ।।
ਜੈਸੇ ਬਟ ਬੀਜ ਅਤਿ ਸੂਖਮ ਸਰੂਪ ਹੋਤ
ਬੋਏ ਸੈ ਬਿਬਿਧ ਕਰੈ ਬਿਰਖਾ ਬਿਸਥਾਰ ਜੀ।।
ਤੈਸੇ ਗੁਰ ਬਚਨ ਸਚਨ ਗੁਰ ਸਿਖਨ ਮੈ
ਜਾਨੀਐ ਮਹਾਤਮ ਗਏ ਹੀ ਹਰਿਦੁਆਰ ਜੀ।। ੩੭੩।।
(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

੨੦. ਬਾਬਾ ਬੋਲੇ ਨਾਥ ਜੀ ਸ਼ਬਦ ਸੁਣਹੁ ਸੱਚ ਮੁਖਹੁ ਅਲਾਈ।।
ਬਾਝਹੁ ਸਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ।।
(ਵਾਰਾਂ ਭਾਈ ਗੁਰਦਾਸ ਜੀ)

# ਨਾਮ

## ਸ਼ਬਦ ਨੰ: ੧੬

ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ।।
ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ।।੨੦।।
(ਸਲੋਕ ਮ: ੯, ਆ. ਗ੍ਰੰ. ਪੰਨਾ ੧੪੨੭)

## ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ

੧. ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ।।
ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ।। ੧।। ਰਹਾਉ।।
ਨਗਜ ਤੇਰੇ ਬੰਦੇ ਦੀਦਾਰੁ ਅਪਾਰੁ ।।
ਨਾਮ ਬਿਨਾ ਸਭ ਦੁਨੀਆ ਛਾਰੁ।। ੧।।
(ਭੈਰਉ ਮ: ੫, ਆ. ਗ੍ਰੰ. ਪੰਨਾ ੧੧੩੭)

੨. ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ।।
ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ।। ੨।।
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੭੧)

੩. ਇਸੁ ਜੁਗ ਮਹਿ ਸੋਭਾ ਨਾਮ ਕੀ ਬਿਨੁ ਨਾਵੈ ਸੋਭ ਨ ਹੋਇ।।
ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ ਜਾਦੀ ਬਿਲਮੁ ਨ ਹੋਇ।। ੫।।
(ਆਸਾ ਮ: ੩, ਆ. ਗ੍ਰੰ. ਪੰਨਾ ੪੨੯)

੪. ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ।।
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ।। ੧।।
(ਧਨਾਸਰੀ ਮ: ੧ ਛੰਤ, ਆ. ਗ੍ਰੰ. ਪੰਨਾ ੬੮੭)

੫. ਸਰਬ ਰੋਗ ਕਾ ਅਉਖਦੁ ਨਾਮੁ।।
ਕਲਿਆਣ ਰੂਪ ਮੰਗਲ ਗੁਣ ਗਾਮ।।
ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ।।
ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ।। ੫।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੭੪)

੬. ਨਾਦ ਬਿਨੋਦ ਅਨੰਦ ਕੋਡ ਪ੍ਰਿਅ ਪ੍ਰੀਤਮ ਸੰਗਿ ਬਨੇ।।
ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ।। ੨।।
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੯੨੯)

੭. ਨਿਮਖ ਨਿਮਖ ਕਰਿ ਸਰੀਰੁ ਕਟਾਵੈ।। ਤਉ ਭੀ ਹਉਮੈ ਮੈਲੁ ਨ ਜਾਵੈ।।
ਹਰਿ ਕੇ ਨਾਮ ਸਮਸਰਿ ਕਛੁ ਨਾਹਿ।।
ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ।। ੨।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੬੫)

੮. ਖੋਜਤ ਖੋਜਤ ਇਹੈ ਬੀਚਾਰਿਓ ਸਰਬ ਸੁਖਾ ਹਰਿ ਨਾਮਾ।।
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਾ ਕੈ ਲੇਖੁ ਮਥਾਮਾ।। ੪।। ੧੧।।
(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੦੬)

੯. ਅੰਮ੍ਰਿਤੁ ਨਾਮੁ ਤੁਮ੍ਹਾਰਾ ਠਾਕੁਰ ਏਹੁ ਮਹਾ ਰਸੁ ਜਨਹਿ ਪੀਓ।।
ਜਨਮ ਜਨਮ ਚੂਕੇ ਭੈ ਭਾਰੇ ਦੁਰਤੁ ਬਿਨਾਸਿਓ ਭਰਮੁ ਬੀਓ।। ੧।।
(ਆਸਾ ਮ: ੫, ਆ. ਗ੍ਰੰ. ਪੰਨਾ ੩੮੨)

੧੦. ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ।।
ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ।। ੧।।
(ਸੂਹੀ ਮ: ੫, ਆ. ਗ੍ਰੰ. ਪੰਨਾ ੭੬੧)

੧੧. ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ।।
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ।। ੧।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੬੫)

੧੨. ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ।।
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ।। ੧।।
(ਗਉੜੀ ਰਵਿਦਾਸ ਜੀ, ਆ. ਗ੍ਰੰ. ਪੰਨਾ ੩੪੬)

੧੩. ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ।।
ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ।। ੧।।
(ਭੈਰਉ ਮ: ੧, ਆ. ਗ੍ਰੰ. ਪੰਨਾ ੧੧੨੭)

੧੪. ਅਬ ਕਲੂ ਆਇਓ ਰੇ।। ਇਕੁ ਨਾਮੁ ਬੋਵਹੁ ਬੋਵਹੁ।।
ਅਨ ਰੂਤਿ ਨਾਹੀ ਨਾਹੀ।। ਮਤੁ ਭਰਮਿ ਭੂਲਹੁ ਭੂਲਹੁ।।
(ਬਸੰਤੁ ਮ: ੫, ਆ. ਗ੍ਰੰ. ਪੰਨਾ ੧੧੮੫)

੧੫. ਕਰਕੇ ਨੀਚ ਸਦਾਵਣਾ ਤਾਂ ਪ੍ਰਭੁ ਲੇਖੇ ਅੰਦਰ ਭਾਈ।।
ਕਲਿਜੁਗ ਨਾਵੈ ਕੀ ਵਡਿਆਈ।। ੧੯।। (ਵਾਰਾਂ ਭਾਈ ਗੁਰਦਾਸ ਜੀ)


www.sikhbookclub.com

੧੬. ਗਰ ਬਜ਼ੁਰਗੀ ਬਾਇਦਤ ਕੁਨ ਬੰਦਗੀ।।
ਵਰਨਹ ਆਖਰ ਮੇਕਸ਼ੀ ਸ਼ਰਮਿੰਦਗੀ।।

(ਜ਼ਿੰਦਗੀ ਨਾਮਾ ਭਾਈ ਨੰਦ ਲਾਲ ਜੀ)

੧੭. ਹਰ ਕਿ ਯਾਦਿ ਹੱਕ ਕੁਨੱਦ ਜ਼ਾਤੇ ਖ਼ੁਦਾਸ੍ਤ।।
ਹਲਿ ਹਰ ਮੁਸ਼ਕਿਲ ਹਮੀ ਯਾਦੇ ਖ਼ੁਦਾਸ੍ਤ ।।

(ਜ਼ਿੰਦਗੀ ਨਾਮਾ ਭਾਈ ਨੰਦ ਲਾਲ ਜੀ)

## — ਇਸ ਦਾ ਭਾਵ ਗੁਰਬਾਣੀ ਵਿਚੋਂ —

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ।।
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ।।
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ।।
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ।। ੧।।

(ਸਿਰੀ ਰਾਗੁ ਮ: ੫, ਆ. ਗ੍ਰੰ. ਪੰਨਾ ੭੦)

੧੮. ਜਿਹ ਕੋਟਿ ਇੰਦ੍ਰ ਨ੍ਰਿਪਾਰ।। ਕਈ ਬ੍ਰਹਮ ਬਿਸਨ ਬਿਚਾਰ।।
ਕਈ ਰਾਮ ਕ੍ਰਿਸ਼ਨ ਰਸੂਲ।। ਬਿਨੁ ਭਗਤ ਕੋ ਨ ਕਬੂਲ।। ੮।।

(ਸ੍ਰੀ ਅਕਾਲ ਉਸਤਤਿ ਭਾਈ ੧੦)

SIKHBOOKCLUB.COM

੧੯. ਜ਼ਿਕਰਿ ਵਸਿਫ਼ਸ਼ ਬਰ ਜ਼ੁਬਾ ਬਾਸ਼ਦ ਲਜ਼ੀਜ਼।।
ਨਾਮਿ ਓ ਅੰਦਰ ਜਹਾਂ ਬਾਸ਼ਦ ਲਜ਼ੀਜ਼।।

(ਗ਼ਜ਼ਲ ਭਾਈ ਨੰਦ ਲਾਲ ਜੀ)

# ਕਰਿ ਕਿਰਪਾ ਅਪਨਾ ਨਾਮੁ ਦੀਜੈ

੧. ਪ੍ਰਭ ਜੀ ਮਿਲੁ ਮੇਰੇ ਪ੍ਰਾਨ।।
ਬਿਸਰੁ ਨਹੀ ਨਿਮਖ ਹੀਅਰੇ ਤੇ ਅਪਨੇ ਭਗਤ ਕਉ ਪੂਰਨ ਦਾਨ।। ਰਹਾਉ।।

(ਟੋਡੀ ਮ: ੫, ਆ. ਗ੍ਰੰ. ਪੰਨਾ ੭੧੬)

੨. ਕਰਤਾ ਤੂ ਮੇਰਾ ਜਜਮਾਨੁ।।
ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ।। ੧।। ਰਹਾਉ।।

(ਪ੍ਰਭਾਤੀ ਮ: ੧, ਆ. ਗ੍ਰੰ. ਪੰਨਾ ੧੩੨੯)

੩. ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ।।
ਏਹਾ ਭਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ।। ੩।।

(ਸੂਹੀ ਮ: ੫, ਆ. ਗ੍ਰੰ. ਪੰਨਾ ੭੬੧)

੪. ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ॥
ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ॥ ੫੫॥
(ਗਉੜੀ ਬਾਵਨ ਅਖਰੀ ਮ: ੫, ਆ. ਗ੍ਰੰ. ਪੰਨਾ ੨੬੧)

੫. ਗੁਣ ਨਿਧਾਨ ਦਇਆਲ ਪੁਰਖ ਪ੍ਰਭ ਸਰਬ ਸੂਖ ਦਇਆਲਾ॥
ਮਾਗੈ ਦਾਨੁ ਨਾਮੁ ਤੇਰੋ ਨਾਨਕੁ ਜਿਉ ਮਾਤਾ ਬਾਲ ਗੁਪਾਲਾ॥ ੩॥ ੧੪॥
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੭੪)

੬. ਹਰਿ ਚਰਨ ਸਰਨ ਗੋਬਿੰਦ ਦੁਖ ਭੰਜਨਾ
ਦਾਸ ਅਪੁਨੇ ਕਉ ਨਾਮੁ ਦੇਵਹੁ॥
ਦ੍ਰਿਸਟਿ ਪ੍ਰਭ ਧਾਰਹੁ ਕ੍ਰਿਪਾ ਕਰਿ ਤਾਰਹੁ
ਭੁਜਾ ਗਹਿ ਕੂਪ ਤੇ ਕਾਢਿ ਲੇਵਹੁ॥ ਰਹਾਉ॥
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੮੩)

੭. ਜਾਚਿਕੁ ਮੰਗੈ ਨਿਤ ਨਾਮੁ ਸਾਹਿਬੁ ਕਰੇ ਕਬੂਲੁ॥
ਨਾਨਕ ਪਰਮੇਸਰੁ ਜਜਮਾਨੁ ਤਿਸਹਿ ਭੁਖ ਨ ਮੂਲਿ॥ ੨॥
(ਗਉੜੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੩੨੩)

੮. ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ॥
ਤੈਸੀ ਬੁਧਿ ਕਰਹੁ ਪਰਗਾਸਾ ਲਾਗੈ ਪ੍ਰਭ ਸੰਗਿ ਪ੍ਰੀਤਿ॥ ਰਹਾਉ॥
ਦਾਸ ਤੁਮਾਰੇ ਕੀ ਪਾਵਉ ਧੂਰਾ ਮਸਤਕਿ ਲੇ ਲੇ ਲਾਵਉ॥
ਮਹਾ ਪਤਿਤ ਤੇ ਹੋਤ ਪੁਨੀਤਾ ਹਰਿ ਕੀਰਤਨ ਗੁਨ ਗਾਵਉ॥ ੧॥
(ਟੋਡੀ ਮ: ੫, ਆ. ਗ੍ਰੰ. ਪੰਨਾ ੭੧੨)

੯. ਸਾਰ ਨ ਜਾਣਾ ਤੂ ਵਡ ਦਾਣਾ ਕਰਿ ਮਿਹਰੰਮਤਿ ਸਾਂਈ॥
ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ॥
(ਸੂਹੀ ਮ: ੫ ਛੰਤ, ਆ. ਗ੍ਰੰ. ਪੰਨਾ ੭੭੯)

੧੦. ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ॥
ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ॥
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੭੭)

੧੧. ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ॥
ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥
(ਸੂਹੀ ਮ: ੫, ਆ. ਗ੍ਰੰ. ਪੰਨਾ ੭੬੨)

੧੨. ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥
(ਵਾਰ ਰਾਮਕਲੀ ਮ: ੫, ਆ. ਗ੍ਰੰ. ਪੰਨਾ ੯੫੮)

੧੩. ਹਵਾਇ ਬੰਦਗੀ ਆਵੁਰਦ ਦਰ ਵਜੂਦ ਮਰਾ॥
ਵਗਰਨਾ ਜ਼ੌਕਿ ਚੁਨੀਂ ਆਮਦਨ ਨ ਬੂਦ ਮਰਾ॥
ਖ਼ੁਸ਼ ਅਸਤ ਉਮਰ ਕਿਹ ਦਰ ਯਾਦ ਬਿਗੁਜ਼ਰਦ ਵਰਜਾ
ਚਿ ਹਾਸਲ ਅਸਤ ਅਜ਼ੀਂ ਗੁੰਬਦਿ ਕਬੂਦ ਮਰਾ॥
(ਗ਼ਜ਼ਲ ੧ ਭਾਈ ਨੰਦ ਲਾਲ ਜੀ)

੧੪. ਹਰ ਕਸ ਬ ਜਹਾਂ ਨਸ਼ਤੋ ਨੁਮਾ ਮੇ ਖ਼ਾਹਦ॥
ਅਸ਼ਪੋ ਸ਼ੁਤਰੋ ਫ਼ੀਲੋ ਤਿਲਾ ਮੇ ਖ਼ਾਹਦ॥
ਹਰ ਕਸ ਜ਼ਿ ਬਰਾਏ ਖ਼ੇਸ਼ ਚੀਜ਼ੇ ਖ਼ਾਹਦ॥
ਗੋਯਾ ਜ਼ਿ ਖ਼ੁਦਾ ਯਾਦੇ ਖ਼ੁਦਾ ਮੇ ਖ਼ਾਹਦ॥ (ਰੁਬਾਈ ਭਾਈ ਨੰਦ ਲਾਲ ਜੀ)

੧੫. ਗੋਯਾ ਖ਼ਬਰ ਅਜ਼ ਯਾਦਿ ਖ਼ੁਦਾ ਯਾਫ਼ਤਾਏਮ॥
ਈਂ ਜਾਮਿ ਲਬਾ ਲਬ ਅਜ਼ ਕੁਜਾ ਯਾਫ਼ਤਾਏਮ॥
ਜੁਜ਼ ਤਾਲਿਬਿ ਹੱਕ ਨਸੀਬਿ ਹਰ ਕਸ ਨ ਬਵਦ॥
ਕੀਂ ਦੌਲਤਿ ਨਾਯਾਬ ਕਿ ਮਾ ਯਾਫ਼ਤਾਏਮ॥
(ਰੁਬਾਈ ਭਾਈ ਨੰਦ ਲਾਲ ਜੀ)

# ਨਾਮ ਸਿਮਰਨ

**ਸ਼ਬਦ ਨੰ: ੧੭**

ਹਰਿ ਕੋ ਨਾਮੁ ਸਦਾ ਸੁਖਦਾਈ।। ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ।।੧।। ਰਹਾਉ।। ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ।। ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ।। ੧।। ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ।। ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨਿ ਸਰਨਾਈ।।੨।।੧।। (ਮਾਰੂ ਮਹਲਾ ੯, ਆ. ਗ੍ਰੰ. ਪੰਨਾ ੧੦੦੮)

## ਹਰਿ ਕੋ ਨਾਮੁ ਸਦਾ ਸੁਖਦਾਈ

੧. ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ।।
ਕਲਿ ਕਲੇਸ ਤਨ ਮਾਹਿ ਮਿਟਾਵਉ।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੬੨)

੨. ਤਿਸ ਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ।।
ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ।।
(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੪੪)

੩. ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ।।
ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ ।। ੧।।
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੭੯)

੪. ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ।।
(ਆਸਾ ਦੀ ਵਾਰ ਮ: ੧, ਆ. ਗ੍ਰੰ. ਪੰਨਾ ੪੭੪)

੫. ਰਸਨਾ ਜਪੀਐ ਏਕੁ ਨਾਮ।।
ਈਹਾ ਸੁਖੁ ਆਨੰਦੁ ਘਨਾ ਆਗੈ ਜੀਅ ਕੈ ਸੰਗਿ ਕਾਮ।। ੧।। ਰਹਾਉ।।
(ਗਉੜੀ ਮ: ੫, ਆ. ਗ੍ਰੰ. ਪੰਨਾ ੨੧੧)

੬. ਉਠੰਦਿਆ ਬਹੰਦਿਆ ਸਵੰਦਿਆ ਸੁਖੁ ਸੋਇ।।
ਨਾਨਕ ਨਾਮਿ ਸਲਾਹਿਐ ਮਨੁ ਤਨੁ ਸੀਤਲੁ ਹੋਇ।। ੧।।
(ਸਲੋਕ ਮ: ੫ ਗਉੜੀ ਕੀ ਵਾਰ, ਆ. ਗ੍ਰੰ. ਪੰਨਾ ੩੨੧)

 www.sikhbookclub.com

੭. ਜਾ ਕੈ ਸਿਮਰਣਿ ਹੋਇ ਅਨੰਦਾ ਬਿਨਸੈ ਜਨਮ ਮਰਣ ਭੈ ਦੁਖੀ॥
ਚਾਰਿ ਪਦਾਰਥ ਨਵ ਨਿਧਿ ਪਾਵਹਿ ਬਹੁਰਿ ਨ ਤ੍ਰਿਸਨਾ ਭੁਖੀ॥ ੧॥
ਜਾ ਕੋ ਨਾਮੁ ਲੈਤ ਤੂ ਸੁਖੀ॥ ਸਾਸਿ ਸਾਸਿ ਧਿਆਵਹੁ ਠਾਕੁਰ ਕਉ
ਮਨ ਤਨ ਜੀਅਰੇ ਮੁਖੀ॥ ੧॥ ਰਹਾਉ॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੧੭)

੮. ਹਰਿ ਹਰਿ ਕਬਹੂ ਨ ਮਨਹੁ ਬਿਸਾਰੇ॥
ਈਹਾ ਊਹਾ ਸਰਬ ਸੁਖਦਾਤਾ ਸਗਲ ਘਟਾ ਪ੍ਰਤਿਪਾਰੇ॥ ੧॥ ਰਹਾਉ॥
ਮਹਾ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ॥
ਸੀਤਲ ਸਾਂਤਿ ਸੂਖ ਹਰਿ ਸਰਣੀ ਜਲਤੀ ਅਗਨਿ ਨਿਵਾਰੇ॥ ੧॥
(ਗਉੜੀ ਮ: ੫, ਆ. ਗ੍ਰੰ. ਪੰਨਾ ੨੧੦)

੯. ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ॥
ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ॥
(ਸਲੋਕ ਵਾਰਾਂ ਤੋਂ ਵਧੀਕ ਮ: ੪, ਆ. ਗ੍ਰੰ. ਪੰਨਾ ੧੪੨੨)

੧੦. ਜਿਸੁ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ॥
ਜਿਸੁ ਤੂ ਆਵਹਿ ਚਿਤਿ ਤਿਸੁ ਜਮ ਨਾਹਿ ਦੁਖ॥
ਜਿਸੁ ਤੂ ਆਵਹਿ ਚਿਤਿ ਤਿਸੁ ਕਿ ਕਾੜਿਆ॥
ਜਿਸ ਦਾ ਕਰਤਾ ਮਿਤ੍ਰੁ ਸਭਿ ਕਾਜ ਸਵਾਰਿਆ॥
(ਵਾਰ ਰਾਮਕਲੀ ਮ: ੫, ਆ. ਗ੍ਰੰ. ਪੰਨਾ ੯੬੦)

੧੧. ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ
ਤਾ ਸਰਬ ਸੁਖ ਪਾਵਹਿ ਮੇਰੇ ਮਨਾ॥ ੧॥
ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥
ਹਲਤਿ ਪਲਤਿ ਮੁਖ ਊਜਲ ਹੋਈ ਹੈ
ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥ ਰਹਾਉ॥
(ਧਨਾਸਰੀ ਮ: ੪, ਆ. ਗ੍ਰੰ. ਪੰਨਾ ੬੬੯)

੧੨. ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥
ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ॥ ੧॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੧੧)

੧੩. ਦਾਰੂਇ ਹਰ ਦਰਦ ਰਾ ਯਾਦਿ ਖ਼ੁਦਾਸਤ।।
ਜ਼ਾਂ ਕਿ ਦਰ ਹਰ ਹਾਲ ਹੱਕ ਦਾਰਦ ਰਵਾਸਤ।।
(ਜ਼ਿੰਦਗੀ ਨਾਮਾ ਭਾਈ ਨੰਦ ਲਾਲ ਜੀ)

### — ਇਸ ਦਾ ਭਾਵ ਗੁਰਬਾਣੀ ਵਿਚੋਂ —

ਸਰਬ ਰੋਗ ਕਾ ਅਉਖਦੁ ਨਾਮੁ।।
ਕਲਿਆਣ ਰੂਪ ਮੰਗਲ ਗੁਣ ਗਾਮ।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੭੪)

## ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ

੧. ਬਡਭਾਗੀ ਤਿਹ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ।।
ਜਨਮ ਜਨਮ ਕੇ ਪਾਪ ਖੋਇ ਕੈ ਫੁਨਿ ਬੈਕੁੰਠਿ ਸਿਧਾਵੈ।। ੧।।
ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ।।
ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ।। ੨।।
ਨਾਹਿਨ ਗੁਨੁ ਨਾਹਿਨ ਕਛੁ ਬਿਦਿਆ ਧਰਮੁ ਕਉਨੁ ਗਜਿ ਕੀਨਾ।।
ਨਾਨਕ ਬਿਰਦੁ ਰਾਮ ਕਾ ਦੇਖਹੁ ਅਭੈ ਦਾਨੁ ਤਿਹ ਦੀਨਾ।। ੩।। ੧।।
(ਰਾਮਕਲੀ ਮ: ੯, ਆ. ਗ੍ਰੰ. ਪੰਨਾ ੯੦੧)

੨. ਦੁਖ ਹਰਤਾ ਹਰਿ ਨਾਮੁ ਪਛਾਨੋ।।
ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ।।੧।। ਰਹਾਉ।।
(ਬਿਲਾਵਲੁ ਮ: ੯, ਆ. ਗ੍ਰੰ. ਪੰਨਾ ੮੩੦)

੩. ਜਿਹਿ ਜਿਹਿ ਹਰਿ ਕੋ ਨਾਮੁ ਸਮ੍ਹਾਰਿ ।।
ਤੇ ਭਵ ਸਾਗਰ ਉਤਰੇ ਪਾਰਿ ।। ੨।। (ਬਸੰਤੁ ਮ: ੯, ਆ. ਗ੍ਰੰ. ਪੰਨਾ ੧੧੮੬)

੪. ਸਰਬ ਸੁਖਾ ਕਾ ਏਕੁ ਹਰਿ ਸੁਆਮੀ ਸੋ ਗੁਰਿ ਨਾਮੁ ਦਇਓ।।
ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ।। ੩।।
(ਬਿਲਾਵਲੁ ਕਬੀਰ ਜੀ, ਆ. ਗ੍ਰੰ. ਪੰਨਾ ੮੫੬)

੫. ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ।।
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ।। ੧।। ਰਹਾਉ।।

ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ।।
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ।। ੧।।
(ਮ: ੫ ਧੰਨਾ ਜੀ, ਆ. ਗ੍ਰੰ. ਪੰਨਾ ੪੮੭)

੬. ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ।।
ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ।। ੨।।
ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ।।
ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ।। ੩।। ੪।।
(ਸੋਰਠਿ ਮ: ੯, ਆ. ਗ੍ਰੰ. ਪੰਨਾ ੬੩੨)

੭. ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ।।
ਪੁਤ੍ਰ ਹੇਤਿ ਨਾਰਾਇਣੁ ਕਹਿਓ ਜਮਕੰਕਰ ਮਾਰਿ ਬਿਦਾਰੇ।। ੧।।
ਮੇਰੇ ਠਾਕੁਰ ਕੇਤੇ ਅਗਨਤ ਉਧਾਰੇ।।
ਮੋਹਿ ਦੀਨ ਅਲਪ ਮਤਿ ਨਿਰਗੁਣ ਪਰਿਓ ਸਰਣਿ ਦੁਆਰੇ।। ੧।। ਰਹਾਉ।।
(ਮਾਰੂ ਮ: ੫, ਆ. ਗ੍ਰੰ. ਪੰਨਾ ੯੯੯)

੮. ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ।।
ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ।। ੨।।
(ਨਟ ਮ: ੪, ਆ. ਗ੍ਰੰ. ਪੰਨਾ ੯੮੧)

੯. ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ।।
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ।। ੨।।
ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ।।
ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ।। ੩।।
(ਸੂਹੀ ਮਹਲਾ ੪, ਆ. ਗ੍ਰੰ. ਪੰਨਾ ੭੩੩)

੧੦. ਹਰਿ ਹਰਿ ਕਰਤ ਪੂਤਨਾ ਤਰੀ।। ਬਾਲ ਘਾਤਨੀ ਕਪਟਹਿ ਭਰੀ।।
ਸਿਮਰਨ ਦ੍ਰੋਪਦ ਸੁਤ ਉਧਰੀ।। ਗਊਤਮ ਸਤੀ ਸਿਲਾ ਨਿਸਤਰੀ।। ੩।।
ਕੇਸੀ ਕੰਸ ਮਥਨੁ ਜਿਨਿ ਕੀਆ।। ਜੀਅ ਦਾਨੁ ਕਾਲੀ ਕਉ ਦੀਆ।।
ਪ੍ਰਣਵੈ ਨਾਮਾ ਐਸੋ ਹਰੀ।। ਜਾਸੁ ਜਪਤ ਭੈ ਅਪਦਾ ਟਰੀ।। ੪।।
(ਗੌਂਡ ਨਾਮਦੇਵ ਜੀ , ਆ. ਗ੍ਰੰ. ਪੰਨਾ ੮੭੪)

੧੧. ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ ਗੁਰ ਪੂਰੇ ਵਾਹੁ ਵਾਹੁ ਭਾਵੈ।।
ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ
ਤਿਸੁ ਜਮਕੰਕਰੁ ਨੇੜਿ ਨ ਆਵੈ।। ੨।।
(ਗੂਜਰੀ ਕੀ ਵਾਰ ਮ: ੩, ਆ. ਗ੍ਰੰ. ਪੰਨਾ ੫੧੫)

 www.sikhbookclub.com

੧੨. ਸਭ ਕੋ ਕਾਲ ਸਭਨ ਕੋ ਕਰਤਾ।। ਰੋਗ ਸੋਗ ਦੋਖਨ ਕੋ ਹਰਤਾ।।
ਏਕ ਚਿੱਤ ਜਿਹ ਇਕ ਛਿਨ ਧਿਆਇਓ।।
ਕਾਲ ਫਾਸ ਕੇ ਬੀਚ ਨ ਆਇਓ।। ੧੦।। (ਅਕਾਲ ਉਸਤਤਿ ਪਾ: ੧੦)

੧੩. ਬੇਦ ਕਤੇਬ ਨ ਭੇਦ ਲਹਯੋ ਤਿਹਿ ਸਿੱਧ ਸਮਾਧਿ ਸਭੈ ਕਰਿ ਹਾਰੇ।।
ਸਿੰਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭਾਂਤਿ ਪੁਰਾਨ ਬਿਚਾਰ ਬਿਚਾਰੇ।।
ਆਦਿ ਅਨਾਦਿ ਅਗਾਧਿ ਕਥਾ ਧ੍ਰੂਅ ਸੇ ਪ੍ਰਹਿਲਾਦਿ ਅਜਾਮਲ ਤਾਰੇ।।
ਨਾਮੁ ਉਚਾਰ ਤਰੀ ਗਨਿਕਾ ਸੋਈ ਨਾਮ ਅਧਾਰ ਬੀਚਾਰ ਹਮਾਰੇ।। ੧੦।।
(੩੩ ਸਵੱਯੇ ਸ੍ਰੀ ਮੁਖਵਾਕ ਪਾ: ੧੦)

੧੪. ਏਕ ਬਾਰ ਜਿਨ ਤੁਮੈ ਸੰਭਾਰਾ।। ਕਾਲ ਫਾਸ ਤੇ ਤਾਹਿ ਉਬਾਰਾ।।
ਜਿਨ ਨਰ ਨਾਮ ਤਿਹਾਰੋ ਕਹਾ।। ਦਾਰਿਦ ਦੁਸਟ ਦੋਖ ਤੇ ਰਹਾ।।
(ਚੌਪਈ ਸ੍ਰੀ ਮੁਖਵਾਕ ਪਾ: ੧੦)

੧੫. ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾਵਾਲੀ
ਦਿੱਲੀ ਕੇ ਦਿਲਵਾਲੀ ਤੇਰੀ ਆਗਿਆ ਮੈ ਚਲਤ ਹੈਂ।।
ਰੋਹ ਕੇ ਰੁਹੇਲੇ ਮਾਘ ਦੇਸ ਕੇ ਮਘੇਲੇ
ਬੀਰ ਬੰਗਸੀ ਬੁੰਦੇਲੇ ਪਾਪ ਪੁੰਜ ਕੋ ਮਲਤ ਹੈਂ।।
ਗੋਖਾ ਗੁਨ ਗਾਵੈ ਚੀਨ ਮਚੀਨ ਕੇ ਸੀਸ ਨਯਾਵੈ
ਤਿਬਤੀ ਧਿਆਇ ਦੋਖ ਦੇਹ ਕੇ ਦਲਤ ਹੈਂ।।
ਜਿਨੈ ਤੋਹਿ ਧਿਆਇਓ ਤਿਨੈ ਪੂਰਨ ਪ੍ਰਤਾਪ ਪਾਇਓ
ਸਰਬ ਧਨ ਧਾਮ ਫਲ ਫੂਲ ਸੋਂ ਫਲਤ ਹੈਂ।। ੩।। ੨੫੫।।
(ਅਕਾਲ ਉਸਤਤਿ ਪਾ : ੧੦)

੧੬. ਭਗਤ ਵਡਾ ਰਾਜਾ ਜਨਕ ਹੈ ਗੁਰਮੁਖ ਮਾਇਆ ਵਿੱਚ ਉਦਾਸੀ।।
ਦੇਵ ਲੋਕ ਨੋਂ ਚੱਲਿਆ ਗਣ ਗੰਧਰਬ ਸਭਾ ਸੁਖਵਾਸੀ।।
ਜਮਪੁਰ ਗਇਆ ਪੁਕਾਰ ਸੁਣ ਵਿਲਲਾਵਣ ਜੀ ਨਰਕ ਨਿਵਾਸੀ।।
ਧਰਮਰਾਇ ਨੋਂ ਆਖਿਓਨੁ ਸਭਨਾਂ ਦੀ ਕਰ ਬੰਦਿਖਲਾਸੀ।।
ਕਰੇ ਬੇਨਤੀ ਧਰਮਰਾਇ ਹਉਂ ਸੇਵਕ ਠਾਕੁਰ ਅਬਿਨਾਸੀ ।।
ਗਹਿਣੇ ਧਰਿਅਨੁ ਇੱਕ ਨਾਉਂ ਪਾਪਾਂ ਨਾਲਿ ਕਰੇ ਨਿਰਜਾਸੀ ।।


www.sikhbookclub.com

ਪਾਸੰਗ ਪਾਪ ਨ ਪੁੱਜਨੀ ਗੁਰਮੁਖ ਨਾਉਂ ਅਤੁਲ ਨ ਤੁਲਾਸੀ॥
ਨਰਕਹੁੰ ਛੁੱਟੇ ਜੀਅ ਜੰਤ ਕੱਟੀ ਗਲਹੁ ਸਿਲਕ ਜਮ ਫਾਸੀ॥
ਮੁਕਤਿ ਜੁਗਤਿ ਨਾਵੈ ਦੀ ਦਾਸੀ ॥੫॥੧੦॥

(ਵਾਰਾਂ ਭਾਈ ਗੁਰਦਾਸ ਜੀ)

੧੭. ਪਤਿਤ ਅਜਾਮਲ ਪਾਪ ਕਰ ਜਾਇ ਕਲਾਵਤਣੀ ਦੇ ਰਹਿਆ॥
ਗੁਰ ਤੇ ਬੇਮੁਖ ਹੋਇਕੈ ਪਾਪ ਕਮਾਵੈ ਦੁਰਮਤਿ ਦਹਿਆ ॥
ਬਿਰਥਾ ਜਨਮ ਗਵਾਇਅਨੁ ਭਵਜਲ ਅੰਦਰ ਫਿਰਦਾ ਵਹਿਆ॥
ਛਿਅ ਪੁਤ ਜਾਏ ਵੇਸੁਆ ਪਾਪਾਂ ਦੇ ਫਲ ਇੱਛੇ ਲਹਿਆ ॥
ਪੁੱਤ੍ਰ ਉਪੰਨਾ ਸੱਤਵਾਂ ਨਾਉਂ ਧਰਣ ਨੋਂ ਚਿੱਤ ਉਮਹਿਆ ॥
ਗੁਰੂ ਦੁਆਰੈ ਜਾਇਕੈ ਗੁਰਮੁਖਿ ਨਾਉਂ ਨਰਾਇਣ ਕਹਿਆ ॥
ਅੰਤਕਾਲ ਜਮਦੂਤ ਵੇਖਿ ਪੁੱਤ ਨਰਾਇਣ ਬੋਲੈ ਛਹਿਆ ॥
ਜਮਗਣ ਮਾਰੇ ਹਰਿਜਨਾਂ ਗਇਆ ਸੁਰਗ ਜਮਡੰਡ ਨ ਸਹਿਆ॥
ਨਾਇ ਲਏ ਦੁਖ ਡੇਰਾ ਢਹਿਆ ॥੨੦॥੧੦॥

SIKHBOOKCLUB.COM

(ਵਾਰਾਂ ਭਾਈ ਗੁਰਦਾਸ ਜੀ)

# ਆਰਾਧਨਾ

## ਸ਼ਬਦ ਨੰ: ੧੮

ਦਿਨੁ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ॥ ਸੰਤ ਸੇਵਾ ਕਰਿ ਭਾਵਨੀ ਲਾਈਐ ਤਿਆਗਿ ਮਾਨੁ ਹਾਠੀਲਾ॥੧॥ ਮੋਹਨੁ ਪ੍ਰਾਨ ਮਾਨ ਰਾਗੀਲਾ॥ ਬਾਸਿ ਰਹਿਓ ਹੀਅਰੇ ਕੈ ਸੰਗੇ ਪੇਖਿ ਮੋਹਿਓ ਮਨੁ ਲੀਲਾ॥੧॥ ਰਹਾਉ॥ ਜਿਸੁ ਸਿਮਰਤ ਮਨਿ ਹੋਤ ਅਨੰਦਾ ਉਤਰੈ ਮਨਹੁ ਜੰਗੀਲਾ॥ ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ॥੨॥੪॥੧੩॥

(ਗੂਜਰੀ ਮ: ੫, ਆ. ਗ੍ਰੰ. ਪੰਨਾ ੪੯੮)

## ਦਿਨੁ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ

SIKHBOOKCLUB.COM

੧. ਊਠਤ ਬੈਠਤ ਸੋਵਤ ਧਿਆਈਐ॥
ਮਾਰਗਿ ਚਲਤ ਹਰੇ ਹਰਿ ਗਾਈਐ॥੧॥

(ਆਸਾ ਮ: ੫, ਆ. ਗ੍ਰੰ. ਪੰਨਾ ੩੮੬)

੨. ਗਗਾ ਗੋਬਿਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ॥
ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ॥
ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥
ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥

(ਗਉੜੀ ਬਾਵਨ ਅਖਰੀ ਮ: ੫, ਆ. ਗ੍ਰੰ. ਪੰਨਾ ੨੫੪)

੩. ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥

(ਬਿਹਾਗੜਾ ਮ: ੪, ਆ. ਗ੍ਰੰ. ਪੰਨਾ ੫੪੦)

੪. ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥
ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ॥੧॥

(ਧਨਾਸਰੀ ਮ: ੧, ਆ. ਗ੍ਰੰ. ਪੰਨਾ ੬੬੦)

੫. ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ ।।
ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ ।। ੩ ।।
(ਤਿਲੰਗ ਮ: ੫, ਆ. ਗ੍ਰੰ. ਪੰਨਾ ੭੨੪)

੬. ਬੋਲਹੁ ਜਸੁ ਜਿਹਬਾ ਦਿਨੁ ਰਾਤਿ ।।
ਪ੍ਰਭਿ ਅਪਨੈ ਜਨ ਕੀਨੀ ਦਾਤਿ ।।
ਕਰਹਿ ਭਗਤਿ ਆਤਮ ਕੈ ਚਾਇ ।।
ਪ੍ਰਭ ਅਪਨੇ ਸਿਉ ਰਹਹਿ ਸਮਾਇ ।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੮੬)

੭. ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ ਦੁਖੁ ਜਾਇ ।।
ਦਿਲ ਮਹਿ ਸਾਂਈ ਪਰਗਟੈ ਬੁਝੈ ਬਲੰਤੀ ਨਾਂਇ ।। ੧੮੬ ।।
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੪)

੮. ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ।।
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ।। ੨੧੩ ।।
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੬)

੯. ਸਾਧੋ ਗੋਬਿੰਦ ਕੇ ਗੁਨ ਗਾਵਉ ।।
ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ ।। ੧ ।। ਰਹਾਉ ।।
ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ ।।
ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ ।। ੧ ।।
(ਗਉੜੀ ਮ: ੯, ਆ. ਗ੍ਰੰ. ਪੰਨਾ ੨੧੯)

੧੦. ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ ।।
ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ ।।
ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ ।। ੧ ।। ਰਹਾਉ ।।
(ਜੈਜਾਵੰਤੀ ਮ: ੯, ਆ. ਗ੍ਰੰ. ਪੰਨਾ ੧੩੫੨)

੧੧. ਰਾਮ ਸਿਮਰਿ ਰਾਮ ਸਿਮਰਿ ਰਾਮ ਸਿਮਰਿ ਭਾਈ ।।
ਰਾਮ ਨਾਮ ਸਿਮਰਨ ਬਿਨੁ ਬੂਡਤੇ ਅਧਿਕਾਈ ।। ੧ ।। ਰਹਾਉ ।।
(ਧਨਾਸਰੀ ਕਬੀਰ ਜੀ, ਆ. ਗ੍ਰੰ. ਪੰਨਾ ੬੯੨)

੧੨. ਜਬ ਲਗੁ ਜਰਾ ਰੋਗੁ ਨਹੀ ਆਇਆ ।।
ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ।।
ਜਬ ਲਗੁ ਬਿਕਲ ਭਈ ਨਹੀ ਬਾਨੀ ।।

ਭਜਿ ਲੇਹਿ ਰੇ ਮਨ ਸਾਰਿਗਪਾਨੀ॥ ੨॥
ਅਬ ਨ ਭਜਸਿ ਭਜਸਿ ਕਬ ਭਾਈ॥
ਆਵੈ ਅੰਤੁ ਨ ਭਜਿਆ ਜਾਈ॥
ਜੋ ਕਿਛੁ ਕਰਹਿ ਸੋਈ ਅਬ ਸਾਰੁ॥
ਫਿਰਿ ਪਛੁਤਾਹੁ ਨ ਪਾਵਹੁ ਪਾਰੁ॥ ੩॥

(ਭੈਰਉ ਕਬੀਰ ਜੀ, ਆ. ਗ੍ਰੰ. ਪੰਨਾ ੧੧੫੯)

੧੩. ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ॥
ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ॥ ੧॥

(ਗੂਜਰੀ ਮ: ੫, ਆ. ਗ੍ਰੰ. ਪੰਨਾ ੪੯੬)

੧੪. ਸੁਖੁ ਨਾਹੀ ਬਹੁਤੈ ਧਨਿ ਖਾਟੇ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ॥
ਸੁਖੁ ਨਾਹੀ ਬਹੁ ਦੇਸ ਕਮਾਏ॥ ਸਰਬ ਸੁਖਾ ਹਰਿ ਹਰਿ ਗੁਣ ਗਾਏ॥ ੧॥
ਸੂਖ ਸਹਜ ਆਨੰਦ ਲਹਹੁ॥ ਸਾਧਸੰਗਤਿ ਪਾਈਐ ਵਡਭਾਗੀ
ਗੁਰਮੁਖਿ ਹਰਿ ਹਰਿ ਨਾਮੁ ਕਹਹੁ॥ ੧॥ ਰਹਾਉ॥

(ਭੈਰਉ ਮ: ੫, ਆ. ਗ੍ਰੰ. ਪੰਨਾ ੧੧੪੭)

SIKHBOOKCLUB.COM

੧੫. ਰੂਜ਼ੋ ਸ਼ਬ ਦਰ ਬੰਦਗੀ ਬਾਸ਼ੰਦ ਸ਼ਾਦ
ਬੰਦਗੀ ੳ ਬੰਦਗੀ ੳ ਯਾਦੋ ਯਾਦ ॥ ੪੪॥

(ਜ਼ਿੰਦਗੀ ਨਾਮਾ ਭਾਈ ਨੰਦ ਲਾਲ ਜੀ)

੧੬. ਬਸ ਬਜ਼ੁਰਗੀ ਹਸਤ ਅੰਦਰ ਯਾਦਿ ਊ
ਯਾਦਿ ਊ ਕੁਨ ਯਾਦਿ ਊ ਕੁਨ ਯਾਦਿ ਊ॥ ੪੭॥

(ਜ਼ਿੰਦਗੀ ਨਾਮਾ ਭਾਈ ਨੰਦ ਲਾਲ ਜੀ)

੧੭. ਬੰਦਾ ਪੈਦਾ ਸ਼ੁਦ ਬਰਾਏ ਬੰਦਗੀ
ਖ਼ੁਸ਼ ਇਲਾਜੇ ਹਸਤ ਬਹਿਰਿ ਬੰਦਗੀ॥ ੨੧੭॥

(ਜ਼ਿੰਦਗੀ ਨਾਮਾ ਭਾਈ ਨੰਦ ਲਾਲ ਜੀ)

## — ਇਸ ਦਾ ਭਾਵ ਗੁਰਬਾਨੀ ਵਿਚੋਂ —

ਆਇਓ ਸੁਨਨ ਪੜਨ ਕਉ ਬਾਣੀ॥
ਨਾਮੁ ਵਿਸਾਰਿ ਲਗਹਿ ਅਨ ਲਾਲਚਿ
ਬਿਰਥਾ ਜਨਮੁ ਪਰਾਣੀ॥ ੧॥ ਰਹਾਉ॥

(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੧੯)

੧੮. ਹੋਇ ਬਿਰਕਤ ਬਨਾਰਸੀ ਰਹਿੰਦਾ ਰਾਮਾਨੰਦ ਗੁਸਾਈਂ।
ਅੰਮ੍ਰਿਤ ਵੇਲੇ ਉਠਕੈ ਜਾਂਦਾ ਗੰਗਾ ਨ੍ਹਾਵਣ ਤਾਈਂ।
ਅਗੋਂਹੀ ਦੇ ਜਾਇਕੈ ਲੰਮਾ ਪਇਆ ਕਬੀਰ ਤਿਥਾਈਂ।
ਪੈਰੀਂ ਟੁੰਬ ਉਠਾਲਿਆ ਬੋਲਹੁ ਰਾਮ ਸਿੱਖ ਸਮਝਾਈ।
(ਵਾਰਾਂ ਭਾਈ ਗੁਰਦਾਸ ਜੀ)

੧੯. ਤੌ ਤਨ ਤਜਾਗਤ ਹੀ ਸੁਨ ਰੇ ਜੜ ਪ੍ਰੇਤ ਬਖਾਨ ਤ੍ਰਿਆ ਭਜਿ ਜੈ ਹੈ।।
ਪੁੱਤ੍ਰ ਕਲੱਤ੍ਰ ਸੁ ਮਿਤ੍ਰ ਸਖਾ ਇਹ ਬੇਗ ਨਿਕਾਰਹੁ ਆਇਸੁ ਦੈ ਹੈ।।
ਭਉਨ ਭੰਡਾਰ ਧਰਾ ਗੜ ਜੇਤਕ ਛਾਡਤ ਪ੍ਰਾਨ ਬਿਗਾਨ ਕਹੈ ਹੈ।।
ਚੇਤ ਰੇ ਚੇਤ ਅਚੇਤ ਮਹਾਂ ਪਸੁ ਅੰਤ ਕੀ ਬਾਰ ਅਕੇਲੋ ਈ ਜੈ ਹੈ।। ੩੩।।
(੩੩ ਸਵੱਯੇ ਪਾ: ੧੦)

# ਨਾਮ ਬਿਨਾ ਜੋ ਪਹਿਰੈ ਖਾਇ

੧. ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ
ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ ।।
ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ
ਜਿਤੁ ਹੁਣਿ ਖਸਮੁ ਨ ਪਾਇਆ ।।
ਪਉੜੀ ਛੁੜਕੀ ਫਿਰਿ ਹਾਥਿ ਨ ਆਵੈ
ਅਹਿਲਾ ਜਨਮੁ ਗਵਾਇਆ ।। ੧।।
(ਬਿਲਾਵਲੁ ਮ: ੩, ਆ. ਗ੍ਰੰ. ਪੰਨਾ ੭੯੬)

SIKHBOOKCLUB.COM

੨. ਹਰਿ ਨਾਮੁ ਨ ਸਿਮਰਹਿ ਸਾਧਸੰਗਿ ਤੈ ਤਨਿ ਉਡੈ ਖੇਹ।।
ਜਿਨਿ ਕੀਤੀ ਤਿਸੈ ਨ ਜਾਣਈ ਨਾਨਕ ਫਿਟੁ ਅਲੂਣੀ ਦੇਹ।। ੧।।
(ਬਿਹਾਗੜੇ ਕੀ ਵਾਰ ਮ: ੫, ਆ. ਗ੍ਰੰ. ਪੰਨਾ ੫੫੩)

੩. ਚੋਆ ਚੰਦਨੁ ਅੰਕਿ ਚੜਾਵਉ ।। ਪਾਟ ਪਟੰਬਰ ਪਹਿਰਿ ਹਢਾਵਉ ।।
ਬਿਨੁ ਹਰਿ ਨਾਮ ਕਹਾ ਸੁਖੁ ਪਾਵਉ ।। ੧।।
ਕਿਆ ਪਹਿਰਉ ਕਿਆ ਓਢਿ ਦਿਖਾਵਉ ।।
ਬਿਨੁ ਜਗਦੀਸ ਕਹਾ ਸੁਖੁ ਪਾਵਉ।। ੧।। ਰਹਾਉ।।
(ਗਉੜੀ ਮ: ੧, ਆ. ਗ੍ਰੰ. ਪੰਨਾ ੨੨੫)

੪. ਬਿਰਥਾ ਨਾਮ ਬਿਨਾ ਤਨੁ ਅੰਧ॥
ਮੁਖਿ ਆਵਤ ਤਾ ਕੈ ਦੁਰਗੰਧ॥
ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ॥
ਮੇਘ ਬਿਨਾ ਜਿਉ ਖੇਤੀ ਜਾਇ॥
ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ॥
ਜਿਉ ਕਿਰਪਨ ਕੇ ਨਿਰਾਰਥ ਦਾਮ॥
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੬੯)

੫. ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥
ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥੨॥
(ਵਾਰ ਸੂਹੀ ਮ: ੧, ਆ. ਗ੍ਰੰ. ਪੰਨਾ ੭੯੦)

੬. ਗ੍ਰਿਹ ਰਚਨਾ ਅਪਾਰੰ ਮਨਿ ਬਿਲਾਸ ਸੁਆਦੰ ਰਸਹ॥
ਕਦਾਂਚ ਨਹ ਸਿਮਰੰਤਿ ਨਾਨਕ ਤੇ ਜੰਤ ਬਿਸਟਾ ਕ੍ਰਿਮਹ॥੧॥
(ਸਲੋਕ ਵਾਰ ਜੈਤਸਰੀ ਮ: ੫, ਆ. ਗ੍ਰੰ. ਪੰਨਾ ੭੦੭)

੭. ਪਾਵਤੁ ਰਲੀਆ ਜੋਬਨਿ ਬਲੀਆ॥
ਨਾਮ ਬਿਨਾ ਮਾਟੀ ਸੰਗਿ ਰਲੀਆ॥੧॥
ਕਾਨ ਕੁੰਡਲੀਆ ਬਸਤ੍ਰ ਓਢਲੀਆ॥
ਸੇਜ ਸੁਖਲੀਆ ਮਨਿ ਗਰਬਲੀਆ॥੧॥ ਰਹਾਉ॥
ਤਲੈ ਕੁੰਚਰੀਆ ਸਿਰਿ ਕਨਿਕ ਛਤਰੀਆ॥
ਹਰਿ ਭਗਤਿ ਬਿਨਾ ਲੇ ਧਰਨਿ ਗਡਲੀਆ॥੨॥
ਰੂਪ ਸੁੰਦਰੀਆ ਅਨਿਕ ਇਸਤਰੀਆ॥
ਹਰਿ ਰਸ ਬਿਨੁ ਸਭਿ ਸੁਆਦ ਫਿਕਰੀਆ॥੩॥
(ਆਸਾ ਮਹਲਾ ੫, ਆ. ਗ੍ਰੰ. ਪੰਨਾ ੩੮੫)

੮. ਕਿਆ ਖਾਧੈ ਕਿਆ ਪੈਧੈ ਹੋਇ ॥ ਜਾ ਮਨਿ ਨਾਹੀ ਸਚਾ ਸੋਇ ॥
ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ॥
ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ॥
ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ॥
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ॥੨॥
(ਵਾਰ ਮਾਝ ਮ: ੧, ਆ. ਗ੍ਰੰ. ਪੰਨਾ ੧੪੨)

੯. ਲਖ ਲਸਕਰ ਲਖ ਵਾਜੇ ਨੇਜੇ ਲਖ ਉਠਿ ਕਰਹਿ ਸਲਾਮੁ।।
ਲਖਾ ਉਪਰਿ ਫੁਰਮਾਇਸਿ ਤੇਰੀ ਲਖ ਉਠਿ ਰਾਖਹਿ ਮਾਨੁ।।
ਜਾਂ ਪਤਿ ਲੇਖੈ ਨਾ ਪਵੈ ਤਾਂ ਸਭਿ ਨਿਰਾਫਲ ਕਾਮ ।। ੧।।
(ਆਸਾ ਮ: ੧, ਆ. ਗ੍ਰੰ. ਪੰਨਾ ੩੫੮)

੧੦. ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ।।
ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ।।
ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ।।
ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ।।
ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ।। ੬।।
(ਪਉੜੀ ਵਾਰ ਜੈਤਸਰੀ ਮ: ੫, ਆ. ਗ੍ਰੰ. ਪੰਨਾ ੭੦੭)

੧੧. ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ।।
ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ।।
ਤੁਧੁ ਨੋ ਸਭ ਧਿਆਇਦੀ ਸੇ ਥਾਇ ਪਏ ਜੋ ਸਾਹਿਬ ਲੋੜੇ।।
ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ ਸੇ ਮੁਏ ਮਰਿ ਜੰਮੇ ਕੋੜ੍ਹੇ।।
(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੦੬)

੧੨. ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ।।
ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ।। ੧।।
ਪ੍ਰਾਣੀ ਏਕੋ ਨਾਮੁ ਧਿਆਵਹੁ।।
ਅਪਨੀ ਪਤਿ ਸੇਤੀ ਘਰਿ ਜਾਵਹੁ।। ੧।। ਰਹਾਉ।।
(ਮਲਾਰ ਮ: ੧, ਆ. ਗ੍ਰੰ. ਪੰਨਾ ੧੨੫੪)

੧੩. ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਨਾਉ ਵਿਸਾਰਿਆ।।
ਨਾਨਕ ਗੁਰਮੁਖਿ ਰਸਨਾ ਹਰਿ ਜਪੈ ਹਰਿ ਕੈ ਨਾਇ ਪਿਆਰਿਆ।। ੨।।
(ਬਿਹਾਗੜੇ ਕੀ ਵਾਰ ਮ: ੩, ਆ. ਗ੍ਰੰ. ਪੰਨਾ ੫੫੦)

੧੪. ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ।।
ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ।। ੧।।
(ਆਸਾ ਦੀ ਵਾਰ ਮ: ੧, ਆ. ਗ੍ਰੰ. ਪੰਨਾ ੪੭੩)

੧੫. ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ।।
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ।। ੩।।
(ਗੂਜਰੀ ਮ: ੧, ਆ. ਗ੍ਰੰ. ਪੰਨਾ ੪੮੯)

੧੬. ਸੁਇਨੇ ਕਾ ਚਉਕਾ ਕੰਚਨ ਕੁਆਰ ॥
ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥
ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥
ਗਰੁੜਾ ਖਾਣਾ ਦੁਧ ਸਿਉ ਗਾਡਿ॥ ੧॥
ਰੇ ਮਨ ਲੇਖੈ ਕਬਹੂ ਨ ਪਾਇ ॥
ਜਾਮਿ ਨ ਭੀਜੈ ਸਾਚ ਨਾਇ॥ ੧॥ ਰਹਾਉ॥

(ਬਸੰਤੁ ਮ: ੧, ਆ. ਗ੍ਰੰ. ਪੰਨਾ ੧੧੬੮)

੧੭. ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ॥
ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ॥ ੨॥

(ਗੂਜਰੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੫੨੩)

੧੮. ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ॥
ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ॥ ੧॥ ਰਹਾਉ॥
ਨਾਮ ਬਿਨਾ ਜੋ ਪਹਿਰੈ ਖਾਇ॥
ਜਿਉ ਕੂਕਰੁ ਜੂਠਨ ਮਹਿ ਪਾਇ॥ ੧॥
ਨਾਮ ਬਿਨਾ ਜੇਤਾ ਬਿਉਹਾਰੁ॥
ਜਿਉ ਮਿਰਤਕ ਮਿਥਿਆ ਸੀਗਾਰੁ॥ ੨॥
ਨਾਮੁ ਬਿਸਾਰਿ ਕਰੇ ਰਸ ਭੋਗ॥
ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥ ੩॥
ਨਾਮੁ ਤਿਆਗਿ ਕਰੇ ਅਨ ਕਾਜ॥
ਬਿਨਸਿ ਜਾਇ ਝੂਠੇ ਸਭਿ ਪਾਜ॥ ੪ ॥
ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ॥
ਕੋਟਿ ਕਰਮ ਕਰਤੋ ਨਰਕਿ ਜਾਵੈ॥ ੫॥
ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ॥
ਚੋਰ ਕੀ ਨਿਆਈ ਜਮ ਪੁਰਿ ਬਾਧਾ॥ ੬॥
ਲਾਖ ਅਡੰਬਰ ਬਹੁਤੁ ਬਿਸਥਾਰਾ॥
ਨਾਮ ਬਿਨਾ ਝੂਠੇ ਪਾਸਾਰਾ॥ ੭॥
ਹਰਿ ਕਾ ਨਾਮੁ ਸੋਈ ਜਨੁ ਲੇਇ॥
ਕਰਿ ਕਿਰਪਾ ਨਾਨਕ ਜਿਸੁ ਦੇਇ॥ ੮॥ ੧੦॥

(ਗਉੜੀ ਮ: ੫, ਆ. ਗ੍ਰੰ. ਪੰਨਾ ੨੪੦)


www.sikhbookclub.com

# ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ

੧. ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ।।
ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ।। ੧।।
(ਸਾਰੰਗ ਕੀ ਵਾਰ ਮ: ੩, ਆ. ਗ੍ਰੰ. ਪੰਨਾ ੧੨੪੭)

੨. ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ।।
ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ।। ੨।।
(ਗੂਜਰੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੫੨੪)

੩. ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ।।
ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ।। ੧੦੬।।
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੮੩)

੪. ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ।।
ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ।। ੨।।
(ਜੈਤਸਰੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੭੦੭)

੫. ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ।।
ਬਿਧਵਾ ਕਸ ਨ ਭਈ ਮਹਤਾਰੀ।। ੧।।
ਜਿਹ ਨਰ ਰਾਮ ਭਗਤਿ ਨਹਿ ਸਾਧੀ ।।
ਜਨਮਤ ਕਸ ਨ ਮੁਓ ਅਪਰਾਧੀ।। ੧।। ਰਹਾਉ।।
(ਗਉੜੀ ਕਬੀਰ ਜੀ, ਆ. ਗ੍ਰੰ. ਪੰਨਾ ੩੨੮)

੬. ਜੀਉ ਤਪਤੁ ਹੈ ਬਾਰੋ ਬਾਰ।। ਤਪਿ ਤਪਿ ਖਪੈ ਬਹੁਤੁ ਬੇਕਾਰ।।
ਜੈ ਤਨਿ ਬਾਣੀ ਵਿਸਰਿ ਜਾਇ।। ਜਿਉ ਪਕਾ ਰੋਗੀ ਵਿਲਲਾਇ।। ੧।।
(ਧਨਾਸਰੀ ਮ: ੧, ਆ. ਗ੍ਰੰ. ਪੰਨਾ ੬੬੧)

੭. ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ।।
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ।।
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ।।
(ਮਾਝ ਮ: ੫ ਬਾਰਹ ਮਾਹਾ, ਆ. ਗ੍ਰੰ. ਪੰਨਾ ੧੩੫)

੮. ਸੋਈ ਮਲੀਨੁ ਦੀਨੁ ਹੀਨੁ ਜਿਸੁ ਪ੍ਰਭੁ ਬਿਸਰਾਨਾ।।
ਕਰਨੈਹਾਰੁ ਨ ਬੂਝਈ ਆਪੁ ਗਨੈ ਬਿਗਾਨਾ।। ੧।।
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੧੩)

੯. ਦੁਲਭ ਦੇਹ ਪਾਈ ਵਡਭਾਗੀ।।
ਨਾਮੁ ਨ ਜਪਹਿ ਤੇ ਆਤਮ ਘਾਤੀ।। ੧।।
ਮਰਿ ਨ ਜਾਹੀ ਜਿਨਾ ਬਿਸਰਤ ਰਾਮ।।
ਨਾਮ ਬਿਹੂਨ ਜੀਵਨ ਕਉਨ ਕਾਮ।। ੧।। ਰਹਾਉ।।

(ਗਉੜੀ ਮ: ੫, ਆ. ਗ੍ਰੰ. ਪੰਨਾ ੧੮੮)

੧੦. ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ।।
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ।। ੧।।

(ਗਉੜੀ ਬਾਵਨ ਅਖਰੀ ਮ: ੫, ਆ. ਗ੍ਰੰ. ਪੰਨਾ ੨੫੩)

੧੧. ਦੂਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ।।
ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ।। ੧।।
ਕੀ ਵਿਸਰਹਿ ਦੁਖੁ ਬਹੁਤਾ ਲਾਗੈ।।
ਦੁਖੁ ਲਾਗੈ ਤੂੰ ਵਿਸਰੁ ਨਾਹੀ।। ੧।। ਰਹਾਉ।।

(ਆਸਾ ਮ: ੧, ਆ. ਗ੍ਰੰ. ਪੰਨਾ ੩੫੪)

੧੨. ਕਣ ਬਿਨਾ ਜੈਸੇ ਥੋਥਰ ਤੁਖਾ।। ਨਾਮ ਬਿਹੂਨ ਸੂਨੇ ਸੇ ਮੁਖਾ।। ੧।।
ਹਰਿ ਹਰਿ ਨਾਮੁ ਜਪਹੁ ਨਿਤ ਪ੍ਰਾਣੀ।।
ਨਾਮ ਬਿਹੂਨ ਧ੍ਰਿਗੁ ਦੇਹ ਬਿਗਾਨੀ।। ੧।। ਰਹਾਉ।।

(ਗਉੜੀ ਮ: ੫, ਆ. ਗ੍ਰੰ. ਪੰਨਾ ੧੯੨)

੧੩. ਆਦਿ ਹੀ ਅਧਾਨ ਬਿਖੈ ਹੋਇ ਨਿਰਮਾਣ ਪ੍ਰਾਨੀ
ਮਾਸ ਦਸ ਗਨਤ ਹੀ ਗਨਤ ਬਿਹਾਤ ਹੈ।।
ਜਨਮਤ ਸੁਤ ਸਬ ਕੁਟੰਬ ਅਨੰਦ ਮਈ
ਬਾਲ ਬੁਧਿ ਗਨਤ ਬਿਤੀਤ ਨਿਸ ਪ੍ਰਾਤ ਹੈ।।
ਪਢਤ ਬਿਆਹੀ ਅਤਿ ਜੋਬਨ ਮੈ ਭੋਗ ਬਿਖੈ
ਬਨਜ ਬਿਉਹਾਰ ਕੇ ਬਿਥਾਰ ਲਪਟਾਤ ਹੈ।।
ਬਢਤਾ ਬਿਆਜ ਕਾਜ ਗਣਤ ਅਵਧ ਬੀਤੀ
ਗੁਰ ਉਪਦੇਸ਼ ਬਿਨ ਜਮਪੁਰ ਜਾਤ ਹੈ।। ੨੪੧।।

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

SIKHBOOKCLUB.COM

# ਸਾਧ ਸੰਗਤ

## ਸ਼ਬਦ ਨੰ: ੧੯

ਸਾਧ ਕੈ ਸੰਗਿ ਮੁਖ ਊਜਲ ਹੋਤ।। ਸਾਧ ਸੰਗਿ ਮਲੁ ਸਗਲੀ ਖੋਤ।।
ਸਾਧ ਕੈ ਸੰਗਿ ਮਿਟੈ ਅਭਿਮਾਨੁ।। ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ।।
ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ।। ਸਾਧ ਸੰਗਿ ਸਭੁ ਹੋਤ ਨਿਬੇਰਾ।।
ਸਾਧ ਕੈ ਸੰਗਿ ਪਾਏ ਨਾਮ ਰਤਨੁ।। ਸਾਧ ਕੈ ਸੰਗਿ ਏਕ ਊਪਰਿ ਜਤਨੁ।।
ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ।। ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ।।੧।। (ਗਉੜੀ ਸੁਖਮਨੀ ਮ: ੫, ਪੰਨਾ ੨੭੧)

## ਸਾਧ ਕੈ ਸੰਗਿ ਮੁਖ ਊਜਲ ਹੋਤ

੧. ਸਤਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ।।
ਵਡੈ ਭਾਗਿ ਸਤਸੰਗਤਿ ਪਾਈ ਗੁਰੁ ਸਤਿਗੁਰੁ ਪਰਸਿ ਭਗਵਾਨ।। ੩।।
(ਪ੍ਰਭਾਤੀ ਮ: ੪, ਆ. ਗ੍ਰੰ. ਪੰਨਾ ੧੩੩੫)

SIKHBOOKCLUB.COM

੨. ਵਡਭਾਗੀ ਹਰਿ ਸੰਗਤਿ ਪਾਵਹਿ।। ਭਾਗਹੀਨ ਭ੍ਰਮਿ ਚੋਟਾ ਖਾਵਹਿ ।।
ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ।। ੩।।
(ਮਾਝ ਮ: ੪, ਆ. ਗ੍ਰੰ. ਪੰਨਾ ੯੫)

੩. ਖੋਜਤ ਖੋਜਤ ਭਈ ਬੈਰਾਗਨਿ
ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ।। ੩।।
ਦੀਨ ਦਇਆਲ ਕ੍ਰਿਪਾਲ
ਪ੍ਰਭ ਨਾਨਕ ਸਾਧਸੰਗਿ ਮੇਰੀ ਜਲਨਿ ਬੁਝਾਈ।। ੪।।
(ਗਉੜੀ ਮ: ੫, ਆ. ਗ੍ਰੰ. ਪੰਨਾ ੨੦੪)

੪. ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸਿ ਤਰਿਆ।।
ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ।।੧।। ਰਹਾਉ ।।
(ਗੂਜਰੀ ਮ: ੫, ਆ. ਗ੍ਰੰ. ਪੰਨਾ ੪੯੫)

੫. ਖੋਜਤ ਖੋਜਤ ਸੁਨੀ ਇਹ ਸੋਇ।। ਸਾਧਸੰਗਤਿ ਬਿਨੁ ਤਰਿਓ ਨ ਕੋਇ।।
(ਆਸਾ ਮ: ੫, ਆ. ਗ੍ਰੰ. ਪੰਨਾ ੩੭੩)

੬. ਬ੍ਰਾਹਮਣੁ ਖਤ੍ਰੀ ਸੂਦ ਵੈਸ
ਚਾਰਿ ਵਰਨ ਚਾਰਿ ਆਸ੍ਰਮ ਹਹਿ
ਜੋ ਹਰਿ ਧਿਆਵੈ ਸੋ ਪਰਧਾਨੁ॥
ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ
ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ॥ ੩॥

(ਗੋਂਡ ਮ: ੪, ਆ. ਗ੍ਰੰ. ਪੰਨਾ ੮੬੧)

੭. ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥ ੧॥ ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥ ੧॥

(ਕਾਨੜਾ ਮ: ੫, ਆ. ਗ੍ਰੰ. ਪੰਨਾ ੧੨੯੯)

੮. ਹਉ ਮਨੁ ਤਨੁ ਖੋਜੀ ਭਾਲਿ ਭਲਾਈ ॥
ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ ॥
ਮਿਲਿ ਸਤਸੰਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥ ੨॥

(ਮਾਝ ਮ: ੪, ਆ. ਗ੍ਰੰ. ਪੰਨਾ ੯੪)

੯. ਜਬ ਲਗੁ ਮਨਿ ਬੈਕੁੰਠ ਕੀ ਆਸ॥
ਤਬ ਲਗੁ ਹੋਇ ਨਹੀ ਚਰਨ ਨਿਵਾਸੁ॥ ੩॥
ਕਹੁ ਕਬੀਰ ਇਹ ਕਹੀਐ ਕਾਹਿ॥
ਸਾਧਸੰਗਤਿ ਬੈਕੁੰਠੈ ਆਹਿ॥ ੪॥ ੧੦॥

(ਗਉੜੀ ਕਬੀਰ ਜੀ, ਆ. ਗ੍ਰੰ. ਪੰਨਾ ੩੨੫)

੧੦. ਆਂ ਹਜੂਮੇ ਖ਼ੁਸ਼ ਕਿ ਬਹਰੇ ਬੰਦਗੀਸ੍ਰ॥
ਆਂ ਹਜੂਮੇ ਖ਼ੁਸ਼ ਕਿ ਮਹਜ਼ੇ ਜ਼ਿੰਦਗੀਸ੍ਰ॥
ਆਂ ਹਜੂਮੇ ਖ਼ੁਸ਼ ਕਿ ਬਹਰੋ ਯਾਦਿ ਊਸ੍ਰ॥
ਆਂ ਹਜੂਮੇ ਖ਼ੁਸ਼ ਕਿ ਹੱਕ ਬੁਨੀਆਦਿ ਊਸ੍ਰ॥

(ਜ਼ਿੰਦਗੀ ਨਾਮਾ ਭਾਈ ਨੰਦ ਲਾਲ ਜੀ)

੧੧. ਰੂਜ਼ਿ ਜੁਮਆ ਮੋਮਨਾਨਿ ਪਾਕਬਾਜ਼॥
ਗਿਰਦ ਮੀਆਇੰਦ ਅਜ਼ ਬਹਿਰਿ ਨਿਮਾਜ਼॥
ਹਮਚੁਨਾਂ ਦਰ ਮਜ਼ਹਬਿ ਮਾ ਸਾਧ ਸੰਗ ॥
ਕਜ਼ ਮੁਹੱਬਤ ਬਾ-ਖ਼ੁਦਾ ਦਾਰੰਦ ਰੰਗ॥ (ਜ਼ਿੰਦਗੀ ਨਾਮਾ ਭਾਈ ਨੰਦ ਲਾਲ ਜੀ)

੧੨. ਗੁਰਮੁਖ ਪੈਰ ਸਕਾਰਥੇ ਗੁਰਮੁਖ ਮਾਰਗ ਚਾਲ ਚਲੰਦੇ॥
ਗੁਰੂ ਦੁਆਰੇ ਜਾਣ ਚਲ ਸਾਧ ਸੰਗਤਿ ਚਲ ਜਾਇ ਬਹੰਦੇ॥

(ਵਾਰਾਂ ਭਾਈ ਗੁਰਦਾਸ ਜੀ)

੧੩. ਅਪਣੇ ਅਪਣੇ ਖੇਤ ਵਿਚ ਬੀਉ ਸਭੇ ਕਿਰਸਾਣ ਬੀਜੰਦੇ।।
ਕਾਰੀਗਰ ਕਾਰੀਗਰਾਂ ਕਾਰਖਾਨੇ ਵਿਚ ਜਾਇ ਮਿਲੰਦੇ ।।
ਸਾਧਸੰਗਤਿ ਗੁਰਸਿੱਖ ਪੁਜੰਦੇ ।। (ਵਾਰਾਂ ਭਾਈ ਗੁਰਦਾਸ ਜੀ)

੧੪. ਸਾਧ ਸੰਗਤ ਗੁਰ ਸ਼ਬਦ ਵਿਣ ਥਾਉਂ ਨ ਪਾਇਨ ਭਲੇ ਭਲੇਰੇ।।
(ਵਾਰਾਂ ਭਾਈ ਗੁਰਦਾਸ ਜੀ)

੧੫. ਗੁਰਸਿੱਖ ਭਲਕੇ ਉੱਠ ਕਰ ਅੰਮ੍ਰਿਤ ਵੇਲੇ ਸਰ ਨ੍ਹਾਵੰਦਾ।।
ਗੁਰ ਕੇ ਬਚਨ ਉਚਾਰਿਕੈ ਧਰਮਸਾਲ ਦੀ ਸੁਰਤਿ ਕਰੰਦਾ।।
ਸਾਧ ਸੰਗਤ ਵਿੱਚ ਜਾਇ ਕੈ ਗੁਰਬਾਣੀ ਦੇ ਪ੍ਰੀਤ ਸੁਣੰਦਾ।।
(ਵਾਰਾਂ ਭਾਈ ਗੁਰਦਾਸ ਜੀ)

੧੬. ਨਿਜ ਘਰ ਮੇਰੋ ਸਾਧ ਸੰਗਤਿ ਨਾਰਦ ਮੁਨਿ ਦਰਸਨ ਸਾਧ ਸੰਗ ਮੇਰੋ ਨਿਜਰੂਪ ਹੈ।। ਸਾਧ ਸੰਗ ਮੇਰੋ ਮਾਤਾ ਪਿਤਾ ਅਉ ਕੁਟੰਬ ਸਖਾ ਸਾਧ ਸੰਗ ਮੇਰੋ ਸੁਤ ਸ੍ਰੇਸ਼ਟ ਅਨੂਪ ਹੈ।। ਸਾਧ ਸੰਗ ਸਰਬ ਨਿਧਾਨ ਪ੍ਰਾਨ ਜੀਵਨ ਮੈ ਸਾਧ ਸੰਗ ਨਿਜ ਪਦ ਸੇਵਾ ਦੀਪ ਧੂਪ ਹੈ।। ਸਾਧ ਸੰਗ ਰੰਗ ਰਸ ਭੋਗ ਸੁਖ ਸਹਜ ਮੈ ਸਾਧ ਸੰਗ ਸੋਭਾ ਅਤਿ ਉਪਮਾ ਅਉ ਊਪ ਹੈ।। ੩੦੩।।
(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

੧੭. ਜੈਸੇ ਬੋਝ ਭਰੀ ਨਾਵ ਆਂਗੁਰੀ ਦੁਇ ਬਾਹਰ ਹੁਇ ਪਾਰਿ ਪਰੈ ਪੂਰ ਸਬੈ ਕੁਸਲ ਬਿਹਾਤ ਹੈ।। ਜੈਸੇ ਏਕਾ ਹਾਰੀ ਏਕ ਘਰੀ ਪਾਕਸ਼ਾਲਾ ਬੈਠ ਭੋਜਨ ਕੈ ਬਿੰਜਨਾਦਿ ਸ੍ਵਾਦਿ ਕੈ ਅਘਾਤ ਹੈ।। ਜੈਸੇ ਰਾਜ ਦੁਆਰਿ ਜਾਇ ਕਰਤ ਜੁਹਾਰ ਜਨ ਏਕ ਘਰੀ ਪਾਛੈ ਦੇਸ਼ ਭੋਗਤਾ ਹੁਇ ਖਾਤ ਹੈ।। ਆਠ ਹੀ ਪਹਰ ਸਾਠ ਘਰੀ ਮੈ ਜਉ ਏਕ ਘਰੀ ਸਾਧ ਸਮਾਗਮ ਕਰੈ ਨਿਜ ਘਰ ਜਾਤ ਹੈ।। ੩੧੦।।
(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

੧੮. ਚਰਣ ਸਰਣ ਜਿਸ ਲੱਖਮੀ ਲੱਖ ਕਲਾ ਹੋਇ ਲਖੀ ਨਾ ਜਾਈ।।
ਰਿਧ ਸਿਧ ਨਿਧ ਸਭ ਗੋਲੀਆਂ ਸਾਧਕ ਸਿੱਧ ਰਹੈ ਲਪਟਾਈ।।
ਚਾਰ ਵਰਨ ਛਿਅ ਦਰਸ਼ਨਾਂ ਜਤੀ ਸਤੀ ਨਾਉਂ ਨਾਥ ਨਿਵਾਈ।।
ਤਿੰਨ ਲੋਅ ਚਉਦਹ ਭਵਨ ਜਲ ਥਲ ਮਹੀਅਲਿ ਛਲਕ ਛਰਾਈ।।
ਕਵਲਾਸਨ ਕਵਲਾਪਤੀ ਸਾਧ ਸੰਗਤਿ ਸ਼ਰਨਾਗਤ ਆਈ।।
(ਵਾਰਾਂ ਭਾਈ ਗੁਰਦਾਸ ਜੀ)

੧੯. ਗੁਰਮੁਖ ਸੁਖ ਫਲ ਪਾਇਆ ਸਾਧਸੰਗਤਿ ਗੁਰ ਸ਼ਰਨੀ ਆਏ।।
ਧ੍ਰੂ ਪ੍ਰਹਿਲਾਦ ਵਖਾਣੀਅਨਿ ਅੰਬਰੀਕ ਬਲਿ ਭਗਤ ਸਬਾਏ।।
ਜਣਕਾਦਿਕ ਜੈਦੇਉ ਜਗ ਬਾਲਮੀਕ ਸਤਿਸੰਗ ਤਰਾਏ।।
(ਵਾਰਾਂ ਭਾਈ ਗੁਰਦਾਸ ਜੀ)

# ਸੰਤ

## ਸ਼ਬਦ ਨੰ: ੨੦

ਆਠ ਪਹਰ ਨਿਕਟਿ ਕਰਿ ਜਾਨੈ।। ਪ੍ਰਭ ਕਾ ਕੀਆ ਮੀਠਾ ਮਾਨੈ।। ਏਕੁ ਨਾਮੁ ਸੰਤਨ ਆਧਾਰੁ।। ਹੋਇ ਰਹੇ ਸਭ ਕੀ ਪਗ ਛਾਰੁ।।੧।। ਸੰਤ ਰਹਤ ਸੁਨਹੁ ਮੇਰੇ ਭਾਈ।। ਉਆ ਕੀ ਮਹਿਮਾ ਕਥਨੁ ਨ ਜਾਈ।।੧।। ਰਹਾਉ।। ਵਰਤਣਿ ਜਾ ਕੈ ਕੇਵਲ ਨਾਮ।। ਅਨਦ ਰੂਪ ਕੀਰਤਨੁ ਬਿਸ੍ਰਾਮ।। ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ।। ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ।। ੨।। ਕੋਟਿ ਕੋਟਿ ਅਘ ਕਾਟਨਹਾਰਾ।। ਦੁਖ ਦੂਰਿ ਕਰਨ ਜੀਅ ਕੇ ਦਾਤਾਰਾ।। ਸੂਰਬੀਰ ਬਚਨ ਕੇ ਬਲੀ।। ਕਉਲਾ ਬਪੁਰੀ ਸੰਤੀ ਛਲੀ।। ੩।। ਤਾ ਕਾ ਸੰਗੁ ਬਾਛਹਿ ਸੁਰਦੇਵ।। ਅਮੋਘ ਦਰਸੁ ਸਫਲ ਜਾ ਕੀ ਸੇਵ।। ਕਰ ਜੋੜਿ ਨਾਨਕੁ ਕਰੇ ਅਰਦਾਸਿ।। ਮੋਹਿ ਸੰਤਹ ਟਹਲ ਦੀਜੈ ਗੁਣਤਾਸਿ।। ੪।। ੩੭।। ੮੮।। (ਆਸਾ ਮ: ੫, ਆ. ਗ੍ਰੰ. ਪੰਨਾ ੩੯੨)

## ਸੰਤ ਰਹਤ ਸੁਨਹੁ ਮੇਰੇ ਭਾਈ

੧. ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ।।
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ।। ੧।।
(ਗਉੜੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੩੧੯)

੨. ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ।।
ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ।। ੨।।
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੨੨)

੩. ਦੂਖ ਰੋਗ ਬਿਨਸੇ ਭੈ ਭਰਮ।। ਸਾਧ ਨਾਮ ਨਿਰਮਲ ਤਾ ਕੇ ਕਰਮ।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੯੬)

੪. ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ।।
ਕਥਾ ਕੀਰਤਨੁ ਆਨੰਦ ਮੰਗਲ ਧੁਨਿ
ਪੂਰਿ ਰਹੀ ਦਿਨਸੁ ਅਰੁ ਰਾਤਿ।। ੧।। ਰਹਾਉ।।
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੦)

੫. ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ।।
ਜਮਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ।।
(ਗਉੜੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੩੨੦).

੬. ਮਨਿ ਤਨਿ ਰਾਮ ਕੋ ਬਿਉਹਾਰੁ।।
ਪ੍ਰੇਮ ਭਗਤਿ ਗੁਨ ਗਾਵਨ ਗੀਧੇ ਪੋਹਤ ਨਹ ਸੰਸਾਰੁ।। ੧।। ਰਹਾਉ।।
ਸ੍ਰਵਣੀ ਕੀਰਤਨੁ ਸਿਮਰਨੁ ਸੁਆਮੀ ਇਹੁ ਸਾਧ ਕੋ ਆਚਾਰੁ।।
ਚਰਨ ਕਮਲ ਅਸਥਿਤਿ ਰਿਦ ਅੰਤਰਿ ਪੂਜਾ ਪ੍ਰਾਨ ਕੋ ਆਧਾਰੁ।। ੧।।
(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੨੨)

੭. ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ ।।
ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ।।
ਕਰਮੀ ਸਤਿਗੁਰੁ ਪਾਈਐ ਅਨਦਿਨੁ ਲਗੈ ਧਿਆਨੁ।।
ਤਿਨ ਕੀ ਸੰਗਤਿ ਮਿਲਿ ਰਹਾ ਦਰਗਹ ਪਾਈ ਮਾਨੁ ।।
ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ ।।
ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ ।। ੧।।
(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੧੨)

੮. ਤੈਸਾ ਸੁਵਰਨੁ ਤੈਸੀ ਉਸੁ ਮਾਟੀ ।। ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ।।
ਤੈਸਾ ਮਾਨੁ ਤੈਸਾ ਅਭਿਮਾਨੁ ।। ਤੈਸਾ ਰੰਕੁ ਤੈਸਾ ਰਾਜਾਨੁ ।।
ਜੋ ਵਰਤਾਏ ਸਾਈ ਜੁਗਤਿ ।।
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ।। ੭।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੭੫)

੯. ਊਠਤ ਬੈਠਤ ਸੋਵਤ ਨਾਮ।। ਕਹੁ ਨਾਨਕ ਜਨ ਕੈ ਸਦ ਕਾਮ।। ੬।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੮੬)

੧੦. ਚਰਣ ਕਮਲ ਆਤਮ ਆਧਾਰ ।। ਏਕੁ ਨਿਹਾਰਹਿ ਆਗਿਆਕਾਰ ।।
ਏਕੋ ਬਨਜੁ ਏਕੋ ਬਿਉਹਾਰੀ ।। ਅਵਰੁ ਨ ਜਾਨਹਿ ਬਿਨੁ ਨਿਰੰਕਾਰੀ।। ੨।।
ਹਰਖ ਸੋਗ ਦੁਹਹੂੰ ਤੇ ਮੁਕਤੇ ।। ਸਦਾ ਅਲਿਪਤੁ ਜੋਗ ਅਰੁ ਜੁਗਤੇ ।।
ਦੀਸਹਿ ਸਭ ਮਹਿ ਸਭ ਤੇ ਰਹਤੇ।।
ਪਾਰਬ੍ਰਹਮ ਕਾ ਓਇ ਧਿਆਨੁ ਧਰਤੇ।। ੩।।
ਸੰਤਨ ਕੀ ਮਹਿਮਾ ਕਵਨ ਵਖਾਨਉ ।।
ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ ।।
ਪਾਰਬ੍ਰਹਮ ਮੋਹਿ ਕਿਰਪਾ ਕੀਜੈ।। ਧੂਰਿ ਸੰਤਨ ਕੀ ਨਾਨਕ ਦੀਜੈ।। ੪।।
(ਗਉੜੀ ਮ: ੫, ਗੁਆਰੇਰੀ, ਆ. ਗ੍ਰੰ. ਪੰਨਾ ੧੮੧)

੧੧. ਜਿਨੀ ਹਰਿ ਹਰਿ ਨਾਮੁ ਧਿਆਇਆ ਤਿਨੀ ਪਾਇਅੜੇ ਸਰਬ ਸੁਖਾ॥
ਸਭੁ ਜਨਮੁ ਤਿਨਾ ਕਾ ਸਫਲੁ ਹੈ
ਜਿਨ ਹਰਿ ਕੇ ਨਾਮ ਕੀ ਮਨਿ ਲਾਗੀ ਭੁਖਾ॥
ਜਿਨੀ ਗੁਰ ਕੈ ਬਚਨਿ ਆਰਾਧਿਆ ਤਿਨ ਵਿਸਰਿ ਗਏ ਸਭਿ ਦੁਖਾ॥
ਤੇ ਸੰਤ ਭਲੇ ਗੁਰਸਿਖ ਹੈ ਜਿਨ ਨਾਹੀ ਚਿੰਤ ਪਰਾਈ ਚੁਖਾ॥
ਧਨੁ ਧੰਨੁ ਤਿਨਾ ਕਾ ਗੁਰੂ ਹੈ ਜਿਸੁ ਅੰਮ੍ਰਿਤ ਫਲ ਹਰਿ ਲਾਗੇ ਮੁਖਾ॥ ੬॥
(ਵਡਹੰਸ ਕੀ ਵਾਰ ਮ: ੪, ਆ. ਗ੍ਰੰ. ਪੰਨਾ ੫੮੮)

੧੨. ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੦੫)

੧੩. ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥
(ਵਾਰ ਮਾਝ ਕੀ ਮ: ੪, ਆ. ਗ੍ਰੰ. ਪੰਨਾ ੧੪੦)

੧੪. ਸਾਧ ਕਰਮ ਜੋ ਪੁਰਖ ਕਮਾਵੈ॥ ਨਾਮ ਦੇਵਤਾ ਜਗਤ ਕਹਾਵੈ॥
(ਬਚਿੱਤ੍ਰ ਨਾਟਕ ਪਾ: ੧੦)

੧੫. ਚਸ਼ਮਿ ਊ ਬਰ ਗ਼ੈਰ ਹਰਗਿਜ਼ ਵਾ ਨ–ਸ਼ੁਦ ॥
ਕਤਰਾਇ ਊ ਜੁਜ਼ ਸੂਇ ਦਰਿਆ ਨ–ਸ਼ੁਦ ॥
ਮੰਜ਼ਲਿ ਊ ਬਰ ਜ਼ੁਬਾਨਿ ਔਲੀਆ–ਸਤ॥
ਰੂਜ਼ੋ ਸ਼ਬ ਕਾਂਦਰ ਦਿਲਸ਼ ਯਾਦਿ ਖੁਦਾ–ਸਤ॥
(ਜ਼ਿੰਦਗੀ ਨਾਮਾ ਭਾਈ ਨੰਦ ਲਾਲ ਜੀ)

੧੬. ਤਾਲਿਬ ਮੌਲਾ ਹਮੇਸ਼ਾ ਜ਼ਿੰਦਾ ਅਸਤ॥
ਬਰ ਜ਼ਬਾਨਸ ਨਾਮਿ ਸੁਬਹਾਨ ਅਸਤੋ ਬਸ॥
( ਦੀਵਾਨਿ ਗੋਯਾ ਗ਼ਜ਼ਲਾਂ ਭਾਈ ਨੰਦ ਲਾਲ ਜੀ)

੧੭. ਬਾਂਛੈ ਨ ਸੁਰਗ ਬਾਸ ਮਾਨੈ ਨ ਨਰਕ ਤ੍ਰਾਸ
ਆਸਾ ਨ ਕਰਤ ਚਿਤ ਹੋਨਹਾਰ ਹੋਇ ਹੈ॥
ਸੰਪਤ ਨ ਹਰਖ ਬਿਪਤ ਮੈ ਨ ਸੋਗ ਤਾਹਿ
ਸੁਖ ਦੁਖ ਸਮਸਰਿ ਬਿਹਸ ਨ ਰੋਏ ਹੈ ॥
ਜਨਮ ਜੀਵਨ ਮ੍ਰਿਤ ਮੁਕਤਿ ਨ ਭੇਦ ਖੇਦ
ਗਮਿਤਾ ਤ੍ਰਿਕਾਲ ਬਾਲ ਬੁਧਿ ਅਵਿਲੋਇ ਹੈ॥
ਗਿਆਨ ਗੁਰ ਅੰਜਨ ਕੈ ਚੀਨਤ ਨਿਰੰਜਨਹਿ
ਬਿਰਲੋ ਸੰਸਾਰ ਪ੍ਰੇਮ ਭਗਤ ਮਹਿ ਕੋਇ ਹੈ॥ ੪੦੯॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

੧੮. ਸਫਲ ਬਿਰਖ ਫਲ ਦੇਤ ਜਿਉ ਪਖਾਨ ਮਾਰੇ
ਸਿਰਿ ਕਰਵਤ ਸਹਿ ਗਹਿ ਪਾਰਿ ਪਾਰਿ ਹੈ॥
ਸਾਗਰ ਮੈ ਕਾਢਿ ਮੁਖ ਫੋਰੀਅਤਿ ਸੀਪ ਕੋ ਜਿਉਂ
ਦੇਤ ਮੁਕਤਾਹਲ ਅਵਗਿਆ ਨ ਬੀਚਾਰ ਹੈ॥
ਜੈਸੇ ਖਨਵਾਰਾ ਖਾਨਿ ਖਨਤ ਹਨਤ ਘਨ
ਮਾਣਿਕ ਹੀਰਾ ਅਮੋਲ ਪਰਉਪਕਾਰ ਹੈ॥
ਊਖ ਮੈ ਪਿਊਖ ਜਿਉਂ ਪਰਗਾਸ ਹੋਤ ਕੋਲੂ ਪਚੈ
ਅਵਗੁਨ ਕੀਏ ਗੁਨ ਸਾਧਨ ਕੈ ਦੁਆਰ ਹੈ॥ ੩੨੬॥

(ਕਬਿਤ ਸਵੱਯੇ ਭਾਈ ਗੁਰਦਾਸ ਜੀ)

੧੯. ਤੀਰਥ ਨ੍ਹਾਤੈ ਪਾਪ ਜਾਣ ਪਤਿਤ ਉਧਾਰਨ ਨਾਉਂ ਧਰਾਇਆ॥
ਤੀਰਥ ਹੋਣ ਸਕਾਰਥੇ ਸਾਧ ਜਨਾਂ ਦਾ ਦਰਸ਼ਨ ਪਾਇਆ॥
ਸਾਧ ਹੋਇ ਮਨ ਸਾਧਿਕੈ ਚਰਨ ਕਵਲ ਗੁਰ ਚਿੱਤ ਵਸਾਇਆ॥
ਉਪਮਾ ਸਾਧ ਅਗਾਧ ਬੋਧ ਕੋਟ ਮਧੇ ਕੋ ਸਾਧ ਸੁਣਾਇਆ॥

(ਵਾਰਾਂ ਭਾਈ ਗੁਰਦਾਸ ਜੀ)

 www.sikhbookclub.com

# ਸੰਤ ਸੇਵਾ

## ਸ਼ਬਦ ਨੰ: ੨੧

ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ।। ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ।। ੧।। ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ।। ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ।। ੧।। ਰਹਾਉ।। ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ।। ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ।। ੨।। ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ।। ਸਚਾ ਸੁਖੁ ਸਚੀ ਵਡਿਆਈ ਜਿਸਕੇ ਸੇ ਤਿਨਿ ਜਾਤੇ।। ੩।। ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ।। ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ।। ੪।। ੭।। ੫੪।।

(ਸੂਹੀ ਮ: ੫, ਆ. ਗ੍ਰੰ. ਪੰਨਾ ੭੪੯)

SIKHBOOKCLUB.COM

## ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ

੧. ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ।।
ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ।। ੧।।
(ਸੂਹੀ ਮ: ੫, ਆ. ਗ੍ਰੰ. ਪੰਨਾ ੭੪੫)

੨. ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ।।
ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁ ਰੀ।। ੧।।
(ਆਸਾ ਮ: ੫, ਆ. ਗ੍ਰੰ. ਪੰਨਾ ੪੦੦)

੩. ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ।।
ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ।। ੧।। ਰਹਾਉ।।
(ਸੂਹੀ ਮ: ੫, ਆ. ਗ੍ਰੰ. ਪੰਨਾ ੭੪੯)

੪. ਨੈਨਹੁ ਸੰਗਿ ਸੰਤਨ ਕੀ ਸੇਵਾ ਚਰਨ ਝਾਰੀ ਕੇਸਾਇਓ।।
ਆਠ ਪਹਰ ਦਰਸਨੁ ਸੰਤਨ ਕਾ ਸੁਖੁ ਨਾਨਕ ਇਹੁ ਪਾਇਓ।।
(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੧੭)

੫. ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ ॥
ਹਰਿ ਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ॥ ੪॥
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੧੧)

੬. ਸੰਤਹ ਚਰਨ ਮਾਥਾ ਮੇਰੋ ਪਉਤ ॥
ਅਨਿਕ ਬਾਰ ਸੰਤਹ ਡੰਡਉਤ ॥੧॥
ਇਹੁ ਮਨੁ ਸੰਤਨ ਕੈ ਬਲਿਹਾਰੀ॥
ਜਾ ਕੀ ਓਟ ਗਹੀ ਸੁਖੁ ਪਾਇਆ ਰਾਖੇ ਕਿਰਪਾ ਧਾਰੀ॥ ੧॥ ਰਹਾਉ ॥
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੮੯)

੭. ਮੈ ਬਧੀ ਸਚੁ ਧਰਮ ਸਾਲ ਹੈ॥ ਗੁਰਸਿਖਾ ਲਹਦਾ ਭਾਲਿ ਕੈ॥
ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥ ੧੦॥
(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੭੩)

੮. ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ॥
ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ॥
(ਗੂਜਰੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੫੧੮)

SIKHBOOKCLUB.COM

੯. ਚਰਨ ਸਾਧ ਕੇ ਧੋਇ ਧੋਇ ਪੀਉ॥ ਅਰਪਿ ਸਾਧ ਕਉ ਅਪਨਾ ਜੀਉ॥
ਸਾਧ ਕੀ ਧੂਰਿ ਕਰਹੁ ਇਸਨਾਨੁ॥ ਸਾਧ ਊਪਰਿ ਜਾਈਐ ਕੁਰਬਾਨੁ॥
ਸਾਧ ਸੇਵਾ ਵਡਭਾਗੀ ਪਾਈਐ ॥ ਸਾਧਸੰਗਿ ਹਰਿ ਕੀਰਤਨੁ ਗਾਈਐ॥
ਅਨਿਕ ਬਿਘਨ ਤੇ ਸਾਧੂ ਰਾਖੈ ॥ ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ॥
ਓਟ ਗਹੀ ਸੰਤਹ ਦਰਿ ਆਇਆ।
ਸਰਬ ਸੂਖ ਨਾਨਕ ਤਿਹ ਪਾਇਆ॥ ੬॥
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੮੩)

੧੦. ਗੰਗਾ ਜਮੁਨਾ ਗੋਦਾਵਰੀ ਸਰਸੁਤੀ
ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ
ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥ ੧॥
ਤੀਰਥਿ ਅਠਸਠਿ ਮਜਨੁ ਨਾਈ॥

ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ
ਸਭ ਦੁਰਮਤਿ ਮੈਲੁ ਗਵਾਈ।। ੧।। ਰਹਾਉ।।

(ਮਲਾਰ ਮ: ੪, ਆ. ਗ੍ਰੰ. ਪੰਨਾ ੧੨੬੩)

੧੧. ਮੇਰੀ ਖਲਹੁੰ ਮੌਜੜੇ ਗੁਰ ਸਿੱਖ ਹੰਢਾਂਦੇ।
ਮਸਤਕ ਲੱਗੇ ਸਾਧ ਰੇਣੁ ਵਡਭਾਗ ਜਿਨ੍ਹਾਂ ਦੇ।

(ਵਾਰਾਂ ਭਾਈ ਗੁਰਦਾਸ ਜੀ)

੧੨. ਹਰ ਕਿਹ ਬਾਸ਼ਦ ਦਾਯਮਾ ਦਰ ਯਾਦਿ ਊ।
ਯਾਦਿ ਹੱਕ ਹਰ ਦਮ ਬਵਦ ਇਰਸ਼ਾਦਿ ਊ।

(ਜ਼ਿੰਦਗੀ ਨਾਮਾ ਭਾਈ ਨੰਦ ਲਾਲ ਜੀ)

੧੩. ਦੌਲਤ ਅੰਦਰ ਖ਼ਿਦਮਤਿ ਮਰਦਾਨਿ ਊਸਤ।
ਹਰਿ ਗਦਾ ੳ ਪਾਦਸ਼ਹਿ ਕੁਰਬਾਨਿ ਊਸਤ।

(ਜ਼ਿੰਦਗੀ ਨਾਮਾ ਭਾਈ ਨੰਦ ਲਾਲ ਜੀ)

### — ਇਸਦਾ ਭਾਵ ਗੁਰਬਾਣੀ ਵਿਚੋਂ —

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।। (ਗਉੜੀ ਕੀ ਵਾਰ ਮ: ੪)

# ਝੂਠੇ ਭੇਖ

**ਸ਼ਬਦ ਨੰ: ੨੨**

ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸ ਕੀਨ ।।
ਅੰਤ ਕਾਲ ਕਾਤੀ ਕਟਿਯੋ ਬਾਸ ਨਰਕ ਮੋ ਲੀਨ।।
(ਦਸਮ ਗ੍ਰੰਥ, ਪਾ: ੧੦)

## ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸ ਕੀਨ

੧. ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ।।
ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ।।
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ।। ੧।।
(ਆਸਾ ਕਬੀਰ ਜੀ, ਆ. ਗ੍ਰੰ. ਪੰਨਾ ੪੭੬)

੨. ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ।।
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ।। ੨।।
(ਗੂਜਰੀ ਮ: ੩, ਆ. ਗ੍ਰੰ. ਪੰਨਾ ੪੯੧)

੩. ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ।।
ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ।।
(ਆਸਾ ਮ: ੩, ਆ. ਗ੍ਰੰ. ਪੰਨਾ ੭੫੧)

੪. ਨਗਨ ਫਿਰਤ ਜੌ ਪਾਈਐ ਜੋਗੁ।।
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ।। ੧।।
ਕਿਆ ਨਾਗੇ ਕਿਆ ਬਾਧੇ ਚਾਮ ।।
ਜਬ ਨਹੀ ਚੀਨਸਿ ਆਤਮ ਰਾਮ।। ੧।। ਰਹਾਉ।।
(ਗਉੜੀ ਕਬੀਰ ਜੀ, ਆ. ਗ੍ਰੰ. ਪੰਨਾ ੩੨੪)

੫. ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ।।
ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਾ ਕਾਹੇ ਭਇਆ ਸੰਨਿਆਸੀ।। ੧।।
ਭਰਮੇ ਭੂਲੀ ਰੇ ਜੈ ਚੰਦਾ।।
ਨਹੀ ਨਹੀ ਚੀਨ੍ਿਆ ਪਰਮਾਨੰਦਾ।। ੧।। ਰਹਾਉ।।

ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ।।
ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ।। ੨।।
(ਗੂਜਰੀ ਸ੍ਰੀ ਤ੍ਰਿਲੋਚਨ ਜੀ, ਆ. ਗ੍ਰੰ. ਪੰਨਾ ੫੨੫)

੬. ਕਲ ਮਹਿ ਰਾਮ ਨਾਮੁ ਸਾਰੁ।।
ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ।। ੧।। ਰਹਾਉ।।
ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ।।
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ।। ੨।।
(ਧਨਾਸਰੀ ਮ: ੧, ਆ. ਗ੍ਰੰ. ਪੰਨਾ ੬੬੨)

੭. ਮਨ ਰੇ ਗਹਿਓ ਨ ਗੁਰ ਉਪਦੇਸੁ।।
ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ।। ੧।। ਰਹਾਉ।।
(ਸੋਰਠਿ ਮ: ੯, ਆ. ਗ੍ਰੰ. ਪੰਨਾ ੬੩੩)

੮. ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ।।
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ।। ੫੦।।
(ਸੁਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੮੦)

੯. ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ।।
ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ।।
(ਸਲੋਕ ਮ: ੩ ਵਾਰ ਰਾਮਕਲੀ, ਆ. ਗ੍ਰੰ. ਪੰਨਾ ੯੪੯)

੧੦. ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ।।
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ।।
ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ।।
ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ।। ੬।।
(ਮਾਰੂ ਮ: ੧, ਆ. ਗ੍ਰੰ. ਪੰਨਾ ੧੦੧੩)

੧੧. ਜੇ ਜੇ ਜਗ ਕੋ ਡਿੰਭ ਦਿਖਾਵੈ। ਲੋਗਨ ਮੂੰਡਿ ਅਧਿਕ ਸੁਖੁ ਪਾਵੈ।
ਨਾਸਾਂ ਮੂੰਦ ਕਰੈ ਪ੍ਰਣਾਮੰ।। ਫੋਕਟ ਧਰਮ ਨ ਕਉਡੀ ਕਾਮੰ।। ੫੭।।
ਫੋਕਟ ਧਰਮ ਜਿਤੇ ਜਗ ਕਰ ਹੀ।। ਨਰਕ ਕੁੰਡ ਭੀਤਰ ਤੇ ਪਰ ਹੀ।।
ਹਾਥ ਹਿਲਾਏ ਸੁਰਗ ਨ ਜਾਹੂ।। ਜੋ ਮਨੁ ਜੀਤ ਸਕਾ ਨਹੀ ਕਾਹੂ।। ੫੮।।
(ਬਚਿਤ੍ਰ ਨਾਟਕ ਪਾ: ੧੦)

੧੨. ਕਾਹੇ ਕਉ ਡਿੰਭ ਕਰੈ ਮਨ ਮੂਰਖ ਡਿੰਭ ਕਰੈ ਅਪਨੀ ਪਤਿ ਖ੍ਵੈਹੈ।।
ਕਾਹੇ ਕਉ ਲੋਗ ਠਗੇ ਠਗ ਲੋਗਨਿ ਲੋਗ ਗਯੋ ਪਰਲੋਗ ਗਵੈਹੈ।।

 www.sikhbookclub.com

ਦੀਨ ਦਯਾਲ ਕੀ ਠੌਰ ਜਹਾ ਤਿਹਿ ਠੌਰ ਬਿਖੈ ਤੋਹਿ ਠੌਰ ਨ ਐਹੈ।।
ਚੇਤ ਰੇ ਚੇਤ ਅਚੇਤ ਮਹਾਂ ਜੜ ਭੇਖ ਕੇ ਕੀਨੇ ਅਲੇਖ ਨ ਪੈਹੈ।।
(੩੩ ਸਵੱਯੇ ਪਾ: ੧੦)

੧੩. ਆਂਖਨ ਭੀਤਰਿ ਤੇਲ ਕੌ ਡਾਰ ਸੁ ਲੋਗਨ ਨੀਰੁ ਬਹਾਇ ਦਿਖਾਵੈ।।
ਜੋ ਧਨਵਾਨੁ ਲਖੈ ਨਿਜ ਸੇਵਕ ਤਾਹੀ ਪਰੋਸਿ ਪ੍ਰਸਾਦਿ ਜਿਮਾਵੈ ।।
ਜੋ ਧਨ ਹੀਨ ਲਖੈ ਤਿਹ ਦੇਤ ਨ ਮਾਗਨ ਜਾਤ ਮੁਖੇ ਨ ਦਿਖਾਵੈ।।
ਲੂਟਤ ਹੈ ਪਸੁ ਲੋਗਨ ਕੋ ਕਬਹੁੰ ਨ ਪਰਮੇਸ਼ਰ ਕੇ ਗੁਨ ਗਾਵੈ।। ੩੦।।
(੩੩ ਸਵੱਯੇ ਪਾ: ੧੦)

੧੪. ਜੋ ਜੋ ਭੇਖ ਸੁ ਤਨ ਮੈ ਧਾਰੈ।। ਤੇ ਪ੍ਰਭੁ ਜਨ ਕਛੁ ਕੈ ਨ ਬਿਚਾਰੈ।।
ਸਮਝ ਲੇਹੁ ਸਭ ਜਨ ਮਨ ਮਾਹੀ।। ਡਿੰਭਨ ਮੈ ਪਰਮੇਸੁਰ ਨਾਹੀ।। ੫੩।।
ਜੇ ਜੇ ਕਰਮ ਕਰਿ ਡਿੰਭ ਦਿਖਾਹੀ।। ਤਿਨ ਪਰ ਲੋਗਨ ਮੈ ਗਤਿ ਨਾਹੀ।।
ਜੀਵਨ ਚਲਤ ਜਗਤ ਕੇ ਕਾਜਾ।। ਸ੍ਵਾਂਗ ਦੇਖਿ ਕਰਿ ਪੂਜਤ ਰਾਜਾ।। ੫੪।।
ਸੁਆਂਗਨ ਮੈ ਪ੍ਰਮੇਸੁਰ ਨਾਹੀ।। ਖੋਜਿ ਫਿਰੈ ਸਭ ਹੀ ਕੋ ਕਾਹੀ।।
ਅਪਨੋ ਮਨੁ ਕਰ ਮੋ ਜਿਹ ਆਨਾ।। ਪਾਰਬ੍ਰਹਮ ਕੋ ਤਿਨੀ ਪਛਾਨਾ।। ੫੫।।
(ਬਚਿਤ੍ਰ ਨਾਟਕ ਪਾ: ੧੦)

੧੫. ਧਯਾਨ ਲਗਾਇ ਠਗਿਓ ਸਭ ਲੋਗਨ ਸੀਸ ਜਟਾ ਨਖ ਹਾਥ ਬਢਾਏ।।
ਲਾਇ ਬਿਭੂਤ ਫਿਰਯੋ ਮੁਖ ਊਪਰਿ ਦੇਵ ਅਦੇਵ ਸਭੈ ਡਹਿਕਾਏ।।
ਲੋਭ ਕੇ ਲਾਗੈ ਫਿਰਯੋ ਘਰ ਹੀ ਘਰ ਜੋਗ ਕੇ ਨਜਾਸ ਸਭੈ ਬਿਸਰਾਏ।।
ਲਾਜ ਗਈ ਕਛੁ ਕਾਜੁ ਸਰਯੋ ਨਹਿ ਪ੍ਰੇਮ ਬਿਨਾ ਪ੍ਰਭੂ ਪਾਨ ਨ ਆਏ।।
(੩੩ ਸਵੱਯੇ ਪਾ: ੧੦)

੧੬. ਪੂਛਤ ਪਥਕਿ ਤਿਹ ਮਾਰਗਿ ਨ ਧਾਰੈ ਪਗਿ
ਪ੍ਰੀਤਮ ਕੇ ਦੇਸ ਕੈਸੇ ਬਾਤਨ ਸੇ ਜਾਈਐ।।
ਪੂਛਤ ਹੈ ਬੈਦੁ ਖਾਤ ਅਉਖਧਿ ਨ ਸੰਜਮ ਸੈ
ਕੈਸੇ ਮਿਟੇ ਰੋਗ ਸੁਖ ਸਹਿਜ ਸਮਾਈਐ।।
ਪੂਛਤ ਹੈ ਸੁਹਾਗਨਿ ਕਰਮਿ ਹੈ ਦੁਹਾਗਨ ਕੈ
ਰਿਦੈ ਬਿਬਚਾਰ ਕਤ ਸੇਜਾ ਬੁਲਾਈਐ।।
ਗਾਏ ਸੁਨੈ ਆਖੈਂ ਮੀਚੈ ਪਾਈਐ ਨ ਪਰਮ ਪਦ
ਗੁਰ ਉਪਦੇਸ਼ ਗਹਿ ਜਉ ਲਉ ਨ ਕਮਾਈਐ।।
(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

SIKHBOOKCLUB.COM

# ਮਾਨਸ ਜਨਮ

**ਸ਼ਬਦ ਨੰ: ੨੩**

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥
ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥ ੨੭॥
(ਸਲੋਕ ਮ: ੯, ਆ. ਗ੍ਰੰ. ਪੰਨਾ ੧੪੨੭)

## ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ

੧. ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥੨॥੨॥
(ਸੋਰਠਿ ਮ: ੯, ਆ. ਗ੍ਰੰ. ਪੰਨਾ ੬੩੧)

੨. ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ॥
ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ॥ ੩॥ ੩॥
(ਸੋਰਠਿ ਮ: ੯, ਆ. ਗ੍ਰੰ. ਪੰਨਾ ੬੩੨)

੩. ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥
ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥ ੨॥
(ਮਾਰੂ ਸੋਲਹੇ ਮ: ੫, ਆ. ਗ੍ਰੰ. ਪੰਨਾ ੧੦੭੫)

੪. ਸਭੁ ਮੋਹੁ ਮਾਇਆ ਸਰੀਰੁ ਹਰਿ ਕੀਆ
ਵਿਚਿ ਦੇਹੀ ਮਾਨੁਖ ਭਗਤਿ ਕਰਾਈ॥
(ਸੂਹੀ ਮ: ੪, ਆ. ਗ੍ਰੰ. ਪੰਨਾ ੭੩੫)

੫. ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥ ੩੦॥
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੬੬)

੬. ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ॥
(ਗਉੜੀ ਮ: ੯, ਆ. ਗ੍ਰੰ. ਪੰਨਾ ੨੨੦)

੭. ਫਫਾ ਫਿਰਤ ਫਿਰਤ ਤੂ ਆਇਆ॥ ਦ੍ਰੂਲਭ ਦੇਹ ਕਲਿਜੁਗ ਮਹਿ ਪਾਇਆ॥
ਫਿਰਿ ਇਆ ਅਉਸਰੁ ਚਰੈ ਨ ਹਾਥਾ॥ ਨਾਮੁ ਜਪਹੁ ਤਉ ਕਟੀਅਹਿ ਫਾਸਾ॥
(ਗਉੜੀ ਬਾਵਨ ਅਖਰੀ ਮ: ੫, ਆ. ਗ੍ਰੰ. ਪੰਨਾ ੨੫੮)

੮. ਅਵਰ ਜੋਨਿ ਤੇਰੀ ਪਨਿਹਾਰੀ।। ਇਸੁ ਧਰਤੀ ਮਹਿ ਤੇਰੀ ਸਿਕਦਾਰੀ।।
(ਆਸਾ ਮ: ੫, ਆ. ਗ੍ਰੰ. ਪੰਨਾ ੩੭੪)

੯. ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ।।
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ।। ੧।।
(ਗਉੜੀ ਮ: ੧, ਆ. ਗ੍ਰੰ. ਪੰਨਾ ੧੫੬)

੧੦. ਪ੍ਰਾਨੀ ਕਾਹੇ ਕਉ ਲੋਭਿ ਲਾਗੇ ਰਤਨ ਜਨਮੁ ਖੋਇਆ।।
ਪੂਰਬ ਜਨਮਿ ਕਰਮ ਭੂਮਿ ਬੀਜੁ ਨਾਹੀ ਬੋਇਆ।। ੧।। ਰਹਾਉ।।
(ਆਸਾ ਕਬੀਰ ਜੀ, ਆ. ਗ੍ਰੰ. ਪੰਨਾ ੪੮੧)

੧੧. ਭਈ ਪਰਾਪਤਿ ਮਾਨੁਖ ਦੇਹੁਰੀਆ।।
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।।
ਅਵਰਿ ਕਾਜ ਤੇਰੈ ਕਿਤੈ ਨ ਕਾਮ।।
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।। ੧।।
(ਆਸਾ ਮ: ੫, ਆ. ਗ੍ਰੰ. ਪੰਨਾ ੩੭੮)

੧੨. ਕਈ ਜਨਮ ਭਏ ਕੀਟ ਪਤੰਗਾ।। ਕਈ ਜਨਮ ਗਜ ਮੀਨ ਕੁਰੰਗਾ।।
ਕਈ ਜਨਮ ਪੰਖੀ ਸਰਪ ਹੋਇਓ।।
ਕਈ ਜਨਮ ਹੈਵਰ ਬ੍ਰਿਖ ਜੋਇਓ।। ੧।।
ਮਿਲੁ ਜਗਦੀਸ ਮਿਲਨ ਕੀ ਬਰੀਆ।।
ਚਿਰੰਕਾਲ ਇਹ ਦੇਹ ਸੰਜਰੀਆ।। ੧।। ਰਹਾਉ।।
(ਗਉੜੀ ਗੁਆਰੇਰੀ ਮ: ੫, ਆ. ਗ੍ਰੰ. ਪੰਨਾ ੧੭੬)

੧੩. ਸਾਧੋ ਗੋਬਿੰਦ ਕੇ ਗੁਨ ਗਾਵਉ।।
ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ।। ੧।। ਰਹਾਉ।।
(ਗਉੜੀ ਮ: ੯, ਆ. ਗ੍ਰੰ. ਪੰਨਾ ੨੧੯)

੧੪. ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ।।
ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ।। ੧।।
(ਗਉੜੀ ਮ: ੯, ਆ. ਗ੍ਰੰ. ਪੰਨਾ ੨੨੦)

੧੫. ਦੁਲਭ ਜਨਮੁ ਚਿਰੰਕਾਲ ਪਾਇਓ ਜਾਤਉ ਕਉਡੀ ਬਦਲਹਾ।।
ਕਾਥੂਰੀ ਕੋ ਗਾਹਕੁ ਆਇਓ ਲਾਦਿਓ ਕਾਲਰ ਬਿਰਖ ਜਿਵਹਾ।। ੧।।
ਆਇਓ ਲਾਭੁ ਲਾਭਨ ਕੈ ਤਾਈ ਮੋਹਨਿ ਠਾਗਉਰੀ ਸਿਉ ਉਲਝਿ ਪਹਾ।।
ਕਾਚ ਬਾਦਰੈ ਲਾਲੁ ਖੋਈ ਹੈ ਫਿਰਿ ਇਹੁ ਅਉਸਰੁ ਕਦਿ ਲਹਾ।। ੨।।
(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੦੩)

੧੬. ਗੁਰ ਸੇਵਾ ਤੇ ਭਗਤਿ ਕਮਾਈ।। ਤਬ ਇਹ ਮਾਨਸ ਦੇਹੀ ਪਾਈ।।
ਇਸ ਦੇਹੀ ਕਉ ਸਿਮਰਹਿ ਦੇਵ।। ਸੋ ਦੇਹੀ ਭਜੁ ਹਰਿ ਕੀ ਸੇਵ।। ੧।।
ਭਜਹੁ ਗੋੁਬਿੰਦ ਭੂਲਿ ਮਤ ਜਾਹੁ।।
ਮਾਨਸ ਜਨਮ ਕਾ ਏਹੀ ਲਾਹੁ।। ੧।। ਰਹਾਉ।।

(ਭੈਰਉ ਕਬੀਰ ਜੀ, ਆ. ਗ੍ਰੰ. ਪੰਨਾ ੧੧੫੯)

੧੭. ਕਲਿਜੁਗ ਕੀ ਸੁਣ ਸਾਧਨਾ ਕਰਮ ਕਿਰਤ ਕੀ ਚਲੇ ਨ ਕਾਈ।।
ਬਿਨਾ ਭਜਨ ਭਗਵਾਨ ਕੇ ਭਾਉ ਭਗਤਿ ਬਿਨ ਠਉਰ ਨ ਪਾਈ।।
ਲਹੈ ਕਮਾਣਾ ਏਤ ਜੁਗ ਪਿਛਲੀ ਜੁਗੀ ਕਰੀ ਕਮਾਈ।।
ਪਾਇਆ ਮਾਨਸ ਦੇਹ ਕੌਂ ਐਥੋਂ ਚੁਕਿਆ ਠਉੜ ਨ ਠਾਈ।।

(ਵਾਰਾਂ ਭਾਈ ਗੁਰਦਾਸ ਜੀ)

੧੮. ਖੁਲੇ ਸੇ ਬੰਧਨ ਬਿਖੈ ਭਲੋ ਹੈ ਸੀਚਾਨੋ ਜਾਤੇ,
ਜੀਵ ਘਾਤ ਕਰੈ ਨ ਬਿਕਾਰ ਹੋਇ ਆਵਈ।।
"ਖੁਲੇ ਸੇ ਬੰਧਨ ਬਿਖੈ ਚਕਈ ਭਲੀ ਜਾਤੇ,
ਰਾਮ ਰੇਖ ਮੇਟਿ ਨਿਸਿ ਪ੍ਰਿਯ ਸੰਗ ਪਾਵਈ।।"
"ਖੁਲੇ ਸੇ ਬੰਧਨ ਬਿਖੈ ਭਲੋ ਹੈ ਸੂਆ ਪ੍ਰਸਿਧ,
ਸੁਨਿ ਉਪਦੇਸ ਰਾਮ ਨਾਮ ਲਿਵ ਲਾਵਈ।।"
"ਮੋਖ ਪਦਵੀ ਸੈ ਤੈਸੇ ਮਾਨਸ ਜਨਮ ਭਲੋ,
ਗੁਰਮੁਖਿ ਹੋਇ ਸਾਧ ਸੰਗਿ ਪ੍ਰਭ ਧਿਆਵਈ।।"

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

੧੯. ਅਸਨ ਬਸਨ ਸੰਗ ਲੀਨੋ ਅਉ ਬਚਨ ਕੀਨੋ,
ਜਨਮਿ ਲੈ ਸਾਧ ਸੰਗਿ ਸ੍ਰੀ ਗੁਰ ਅਰਾਧ ਹੈ।।
ਈਹਾਂ ਆਏ ਦਾਤਾ ਬਿਸਰਾਏ ਦਾਸੀ ਲਪਟਾਏ
ਪੰਚਭੂਤ ਦੂਤ ਭ੍ਰਮ ਭ੍ਰਮਤ ਅਸਾਧਿ ਹੈ।।
ਸਾਚ ਮਰਨੌਂ ਬਿਸਾਰ ਜੀਵਨ ਮਿਥਿਆ ਸੰਸਾਰ
ਸਮਝੇ ਨ ਜੀਤ ਹਾਰ ਸੁਪਨ ਸਮਾਧਿ ਹੈ।।
ਅਉਸਰ ਹੋਇ ਹੈ ਬਿਤੀਤ ਲੀਜੀਏ ਜਨਮ ਜੀਤ
ਕੀਜੀਐ ਸਾਧ ਸੰਗਿ ਪ੍ਰੀਤਿ ਅਗਮ ਅਗਾਧ ਹੈ।।

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

੨੦. ਸਭ ਸਰੀਰ ਸਕਾਰਥੇ ਅਤਿ ਅਪਵਿਤ੍ਰ ਸੁ ਮਾਣਸੁ ਦੇਹੀ।।
ਬਹੁ ਬਿੰਜਨ ਮਿਸ਼ਟਾਨ ਪਾਨ ਹੁਇ ਮਲ ਮੂਤ੍ਰ ਕਸੂਤ੍ਰ ਇਵੇਹੀ।।
ਪਾਟ ਪਟੰਬਰ ਵਿਗੜਦੇ ਪਾਨ ਕਪੂਰ ਕੁਸੰਗ ਸਨੇਹੀ।।
ਚੋਆ ਚੰਦਨ ਅਰਗਜਾ ਹੋਇ ਦੁਰਗੰਧ ਸੁਗੰਧ ਹੁਰੇਹੀ।।
ਰਾਜੇ ਰਾਜ ਕਮਾਂਵਦੇ ਪਾਤਿਸ਼ਾਹ ਖਹਿ ਮੂਏ ਸਭੇਹੀ।।
ਸਾਧ ਸੰਗਤਿ ਗੁਰ ਸ਼ਰਣ ਵਿਣ ਨਿਹਫਲ ਮਾਨਸ ਦੇਹ ਇਵੇਹੀ।।
ਚਰਨ ਸ਼ਰਨ ਮਸਕੀਨੀ ਜੇਹੀ।। (ਵਾਰਾਂ ਭਾਈ ਗੁਰਦਾਸ ਜੀ)

੨੧. ਲਖ ਚਉਰਾਸੀਹ ਜੂਨਿ ਵਿੱਚ ਉੱਤਮ ਜੂਨਿ ਸੁ ਮਾਣਸ ਦੇਹੀ।।
ਅਖੀਂ ਦੇਖੈ ਨਦਰਿ ਕਰ ਜਿਹਬਾ ਬੋਲੈ ਬਚਨ ਬਿਦੇਹੀ।।
ਕੰਨੀ ਸੁਣਦਾ ਸੁਰਤਿ ਕਰ ਵਾਸ ਲੈ ਨਕ ਸਾਸ ਸਨੇਹੀ।।
ਹਥੀਂ ਕਿਰਤ ਕਮਾਵਣੀ ਪੈਰੀਂ ਚਲਣ ਜੋਤਿ ਇਵੇਹੀ।।
ਗੁਰਮੁਖ ਜਨਮ ਸਕਾਰਥਾ ਮਨਮੁਖ ਮੂਰਤ ਮਤਿ ਕਿਨੇਹੀ।।
ਕਰਤਾ ਪੁਰਖੁ ਵਿਸਾਰਿਕੈ ਮਾਣਸ ਦੀ ਮਨ ਆਸ ਧਰੇਹੀ।।
ਪਸੂ ਪਰੇਤਹੁੰ ਬੁਰੀ ਬੁਰੇਹੀ।। (ਵਾਰਾਂ ਭਾਈ ਗੁਰਦਾਸ ਜੀ)

SIKHBOOKCLUB.COM

੨੨. ਮਾਨਸ ਦੇਹ ਦੁਲੰਭ ਹੈ ਜੁਗਹ ਜੁਗੰਤਰ ਆਵੈ ਵਾਰੀ।।
ਉੱਤਮ ਜਨਮ ਦੁਲੰਭ ਹੈ ਇਕ ਵਾਕੀ ਕੋੜਮਾ ਵੀਚਾਰੀ।।
ਦੇਹ ਅਰੋਗ ਦੁਲੰਭ ਹੈ ਭਾਗਠ ਮਾਤ ਪਿਤਾ ਹਿਤਕਾਰੀ।।
ਸਾਧੂ ਸੰਗ ਦੁਲੰਭ ਹੈ ਗੁਰਮੁਖਿ ਸੁਖ ਫਲ ਭਗਤਿ ਪਿਆਰੀ।।
ਫਾਥਾ ਮਾਇਆ ਮਹਾਂ ਜਾਲ ਪੰਜ ਦੂਤ ਜਮਕਾਲ ਸੁ ਭਾਰੀ।।
ਜਿਉਕਰ ਸਾਹਾ ਵਹੀਰ ਵਿਚ ਪਰ ਹੱਥ ਪਾਸਾ ਪਉਛਕਿ ਸਾਰੀ।।
ਦੂਜੇ ਭਾਇ ਕੁਦਾਇ ਅੜ ਜਮ ਜੰਦਾਰ ਸਾਰ ਸਿਰ ਮਾਰੀ।।
ਆਵੈ ਜਾਏ ਭਵਾਈਐ ਭਵਜਲ ਅੰਦਰ ਹੋਇ ਖੁਆਰੀ।।
ਹਾਰੈ ਜਨਮ ਅਮੋਲ ਜੁਆਰੀ।। (ਵਾਰਾਂ ਭਾਈ ਗੁਰਦਾਸ ਜੀ)

# ਮਾਇਆ

**ਸ਼ਬਦ ਨੰ: ੨੪**

ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ ।।
ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ ।।
(ਦਖਣੀ ਓਅੰਕਾਰ ਰਾਮਕਲੀ ਮ: ੧, ਆ. ਗ੍ਰੰ. ਪੰਨਾ ੯੩੫)

## ਬਾਬਾ ਮਾਇਆ ਸਾਥਿ ਨ ਹੋਇ

੧. ਮਾਇਆ ਸਾਥਿ ਨ ਚਲਈ ਕਿਆ ਲਪਟਾਵਹਿ ਅੰਧ।।
ਗੁਰ ਕੇ ਚਰਣ ਧਿਆਇ ਤੂ ਤੂਟਹਿ ਮਾਇਆ ਬੰਧ।। ੨।।
(ਮਾਰੂ ਕੀ ਵਾਰ ਮ: ੫, ਆ. ਗ੍ਰੰ. ਪੰਨਾ ੧੦੯੩)

੨. ਮਾਇਆ ਸੰਚਿ ਰਾਜੇ ਅਹੰਕਾਰੀ।। ਮਾਇਆ ਸਾਥਿ ਨ ਚਲੈ ਪਿਆਰੀ।।
ਮਾਇਆ ਮਮਤਾ ਹੈ ਬਹੁ ਰੰਗੀ।। ਬਿਨੁ ਨਾਵੈ ਕੋ ਸਾਥਿ ਨ ਸੰਗੀ।। ੨।।
(ਪ੍ਰਭਾਤੀ ਮ: ੧, ਆ. ਗ੍ਰੰ. ਪੰਨਾ ੧੩੪੨)

੩. ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ।।
ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ।।
(ਦਖਣੀ ਓਅੰਕਾਰ ਰਾਮਕਲੀ ਮ: ੧, ਆ. ਗ੍ਰੰ. ਪੰਨਾ ੯੩੫)

੪. ਕਾਚਾ ਧਨੁ ਸੰਚਹਿ ਮੂਰਖ ਗਾਵਾਰ।। ਮਨਮੁਖ ਭੂਲੇ ਅੰਧ ਗਾਵਾਰ।।
ਬਿਖਿਆ ਕੈ ਧਨਿ ਸਦਾ ਦੁਖੁ ਹੋਇ।।
ਨਾ ਸਾਥਿ ਜਾਇ ਨ ਪਰਾਪਤਿ ਹੋਇ।। ੧।।
ਸਾਚਾ ਧਨੁ ਗੁਰਮਤੀ ਪਾਇ।। ਕਾਚਾ ਧਨੁ ਫੁਨਿ ਆਵੈ ਜਾਏ।। ਰਹਾਉ।।
(ਧਨਾਸਰੀ ਮ: ੩, ਆ. ਗ੍ਰੰ. ਪੰਨਾ ੬੬੫)

੫. ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ।।
ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਇ।। ੨।।
(ਸੂਹੀ ਕੀ ਵਾਰ ਮ: ੨, ਆ. ਗ੍ਰੰ. ਪੰਨਾ ੭੮੭)

੬. ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੈ ਤਾਈ।।
ਮਾਟੀ ਸਿਉ ਮਾਟੀ ਰਲੀ ਨਾਗਾ ਉਠਿ ਜਾਈ।। ੨।।
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੦੯)

 www.sikhbookclub.com

੭. ਭੂਪਤਿ ਹੋਇ ਕੈ ਰਾਜੁ ਕਮਾਇਆ।।
ਕਰਿ ਕਰਿ ਅਨਰਥ ਵਿਹਾਝੀ ਮਾਇਆ।।
ਸੰਚਤ ਸੰਚਤ ਥੈਲੀ ਕੀਨ੍ਹੀ।। ਪ੍ਰਭਿ ਉਸ ਤੇ ਡਾਰਿ ਅਵਰ ਕਉ ਦੀਨ੍ਹੀ।੧।।
(ਆਸਾ ਮ: ੫, ਆ. ਗ੍ਰੰ. ਪੰਨਾ ੩੯੧)

੮. ਸਿੰਚਹਿ ਦਰਬੁ ਦੇਹਿ ਦੁਖੁ ਲੋਗ।। ਤੇਰੈ ਕਾਜਿ ਨ ਅਵਰਾ ਜੋਗ।।
ਕਰਿ ਅਹੰਕਾਰੁ ਹੋਇ ਵਰਤਹਿ ਅੰਧ।।
ਜਮ ਕੀ ਜੇਵੜੀ ਤੂ ਆਗੈ ਬੰਧ।। ੧।।
ਛਾਡਿ ਵਿਡਾਣੀ ਤਾਤਿ ਮੂੜੇ।। ਈਹਾ ਬਸਨਾ ਰਾਤਿ ਮੂੜੇ।।
ਮਾਇਆ ਕੇ ਮਾਤੇ ਤੈ ਉਠਿ ਚਲਨਾ।।
ਰਾਚਿ ਰਹਿਓ ਤੂ ਸੰਗਿ ਸੁਪਨਾ।। ੧।। ਰਹਾਉ ।।
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੮੯)

੯. ਰਾਜ ਮਿਲਕ ਜੋਬਨ ਗ੍ਰਿਹ ਸੋਭਾ ਰੂਪਵੰਤੁ ਜੋੁਆਨੀ।।
ਬਹੁਤੁ ਦਰਬੁ ਹਸਤੀ ਅਰੁ ਘੋੜੇ ਲਾਲ ਲਾਖ ਬੈ ਆਨੀ।।
ਆਗੈ ਦਰਗਹਿ ਕਾਮਿ ਨ ਆਵੈ ਛੋਡਿ ਚਲੈ ਅਭਿਮਾਨੀ।। ੧।।
(ਆਸਾ ਮ: ੫, ਆ. ਗ੍ਰੰ. ਪੰਨਾ ੩੭੯)

੧੦. ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ।।
ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ।। ੩।।
(ਸਿਰੀ ਰਾਗੁ ਮ: ੫, ਆ. ਗ੍ਰੰ. ਪੰਨਾ ੫੦)

੧੧. ਗਹੁ ਕਰਿ ਪਕਰੀ ਨ ਆਈ ਹਾਥਿ।।
ਪ੍ਰੀਤਿ ਕਰੀ ਚਾਲੀ ਨਹੀ ਸਾਥਿ ।।
ਕਹੁ ਨਾਨਕ ਜਉ ਤਿਆਗਿ ਦਈ।।
ਤਬ ਓਹ ਚਰਣੀ ਆਇ ਪਈ।। ੧।। ਰਹਾਉ।।
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੯੧)

੧੨. ਤਾਹੂ ਸੰਗਿ ਨ ਧਨੁ ਚਲੈ ਗ੍ਰਿਹ ਜੋਬਨ ਨਹ ਰਾਜ।।
ਸੰਤਸੰਗਿ ਸਿਮਰਤ ਰਹਹੁ ਇਹੈ ਤੁਹਾਰੈ ਕਾਜ।।
(ਗਉੜੀ ਬਾਵਨ ਅਖਰੀ ਮ: ੫, ਆ. ਗ੍ਰੰ. ਪੰਨਾ ੨੫੭)

੧੩. ਕਰਿ ਕਰਿ ਅਨਰਥ ਬਿਹਾਝੀ ਸੰਪੈ ਸੁਇਨਾ ਰੂਪਾ ਦਾਮਾ।।
ਭਾੜੀ ਕਉ ਓਹੁ ਭਾੜਾ ਮਿਲਿਆ ਹੋਰੁ ਸਗਲ ਭਇਓ ਬਿਰਾਨਾ।। ੩।।

ਹੈਵਰ ਗੈਵਰ ਰਥ ਸੰਬਾਹੇ ਗਹੁ ਕਰਿ ਕੀਨੇ ਮੇਰੇ ॥
ਜਬ ਤੇ ਹੋਈ ਲਾਂਮੀ ਧਾਈ ਚਲਹਿ ਨਾਹੀ ਇਕ ਪੈਰੇ ॥ ੪ ॥
(ਗੂਜਰੀ ਮ: ੫, ਆ. ਗ੍ਰੰ. ਪੰਨਾ ੪੯੭)

੧੪. ਸੋਭਾ ਰਾਜ ਬਿਭੈ ਬਡਿਆਈ ॥ ਅੰਤਿ ਨ ਕਾਹੂ ਸੰਗ ਸਹਾਈ ॥ ੨ ॥
ਪੁਤ੍ਰ ਕਲਤ੍ਰ ਲਛਮੀ ਮਾਇਆ ॥ ਇਨ ਤੇ ਕਹੁ ਕਵਨੈ ਸੁਖੁ ਪਾਇਆ ॥ ੩ ॥
(ਧਨਾਸਰੀ ਕਬੀਰ ਜੀ, ਆ. ਗ੍ਰੰ. ਪੰਨਾ ੬੯੨)

੧੫. ਮੁਕਤਿ ਮਾਲ ਕਨਿਕ ਲਾਲ ਹੀਰਾ ਮਨਰੰਜਨ ਕੀ ਮਾਇਆ ॥
ਹਾ ਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ ॥ ੨ ॥
ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ ॥
ਸੰਗਿ ਨ ਚਾਲਿਓ ਇਨ ਮਹਿ ਕਛੂਐ ਊਠਿ ਸਿਧਾਇਓ ਨਾਂਗਾ ॥ ੩ ॥
(ਜੈਤਸਰੀ ਮ: ੫, ਆ. ਗ੍ਰੰ. ਪੰਨਾ ੭੦੦)

੧੬. ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ ॥
ਅਢੁ ਨ ਲਹੰਦੜੋ ਮੁਲੁ ਨਾਨਕ ਸਾਥਿ ਨ ਜੁਲਈ ਮਾਇਆ ॥ ੨ ॥
(ਜੈਤਸਰੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੭੦੮)

੧੭. ਚਲਦਿਆ ਨਾਲਿ ਨ ਚਲੈ ਸੋ ਕਿਉ ਸੰਜੀਐ ॥
ਤਿਸ ਕਾ ਕਹੁ ਕਿਆ ਜਤਨੁ ਜਿਸ ਤੇ ਵੰਜੀਐ ॥
(ਜੈਤਸਰੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੭੦੮)

੧੮. ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥ ੧ ॥ ਰਹਾਉ ॥
ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ ॥ ੧ ॥
(ਸਾਰੰਗ ਮ: ੪, ਆ. ਗ੍ਰੰ. ਪੰਨਾ ੧੨੦੦)

੧੯. ਨਾ ਕੋਊ ਲੈ ਆਇਓ ਇਹੁ ਧਨੁ ਨਾ ਕੋਊ ਲੈ ਜਾਤੁ ॥
ਰਾਵਨ ਹੂੰ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ ॥ ੨ ॥
(ਸਾਰੰਗ ਕਬੀਰ ਜੀ, ਆ. ਗ੍ਰੰ. ਪੰਨਾ ੧੨੫੧)

੨੦. ਏਕੈ ਸੂਮੁ ਕਰਿ ਗਾਡੀ ਗਡਹੈ ॥ ਏਕਹਿ ਸੁਪਨੈ ਦਾਮੁ ਨ ਛਡਹੈ ॥
ਰਾਜੁ ਕਮਾਇ ਕਰੀ ਜਿਨਿ ਥੈਲੀ ਤਾ ਕੈ ਸੰਗਿ ਨ ਚੰਚਲਿ ਚਲੀਆ ॥ ੨ ॥
ਏਕਹਿ ਪ੍ਰਾਣ ਪਿੰਡ ਤੇ ਪਿਆਰੀ ॥ ਏਕ ਸੰਚੀ ਤਜਿ ਬਾਪ ਮਹਤਾਰੀ ॥
ਸੁਤ ਮੀਤ ਭ੍ਰਾਤ ਤੇ ਗੁਹਜੀ ਤਾ ਕੈ ਨਿਕਟਿ ਨ ਹੋਈ ਖਲੀਆ ॥ ੩ ॥
(ਮਾਰੂ ਮ: ੪, ਆ. ਗ੍ਰੰ. ਪੰਨਾ ੧੦੦੪)

# ਮੋਹ ਮਾਇਆ

## ਸ਼ਬਦ ਨੰ: ੨੫

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥ ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥ ੧॥ ਬਾਬਾ ਮਾਇਆ ਸਾਥਿ ਨ ਹੋਇ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥ ਰਹਾਉ॥ ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ॥ ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ॥ ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ॥ ੨॥ ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ॥ ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ॥ ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ॥ ੩॥ ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ॥ ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ॥ ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ॥ ੪॥ ੨॥

(ਸੋਰਠਿ ਮ: ੧, ਆ. ਗ੍ਰੰ. ਪੰਨਾ ੫੯੫)

SIKHBOOKCLUB.COM

## ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ

੧. ਮੋਹਨੀ ਮੋਹਿ ਲੀਏ ਤ੍ਰੈ ਗੁਨੀਆ॥ ਲੋਭਿ ਵਿਆਪੀ ਝੂਠੀ ਦੁਨੀਆ॥
ਮੇਰੀ ਮੇਰੀ ਕਰਿ ਕੈ ਸੰਚੀ ਅੰਤ ਕੀ ਬਾਰ ਸਗਲ ਲੇ ਛਲੀਆ॥ ੧॥
(ਮਾਰੂ ਮ: ੫, ਆ. ਗ੍ਰੰ. ਪੰਨਾ ੧੦੦੪)

੨. ਜਲ ਮਹਿ ਮੀਨ ਮਾਇਆ ਕੇ ਬੇਧੇ॥ ਦੀਪਕ ਪਤੰਗ ਮਾਇਆ ਕੇ ਛੇਦੇ॥
ਕਾਮ ਮਾਇਆ ਕੁੰਚਰ ਕਉ ਬਿਆਪੈ॥
ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ॥ ੧॥
ਮਾਇਆ ਐਸੀ ਮੋਹਨੀ ਭਾਈ॥ ਜੇਤੇ ਜੀਅ ਤੇਤੇ ਡਹਕਾਈ॥੧॥ ਰਹਾਉ॥
(ਭੈਰਉ ਕਬੀਰ ਜੀ, ਆ. ਗ੍ਰੰ. ਪੰਨਾ ੧੧੬੦)

੩. ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦੰਮ॥
ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮਿ॥ ੧॥
(ਮਾਰੂ ਵਾਰ ਮ: ੫, ਆ. ਗ੍ਰੰ. ਪੰਨਾ ੧੦੯੩)

੪. ਮਾਇਆ ਮੋਹਿ ਸਗਲ ਜਗੁ ਛਾਇਆ।।
ਕਾਮਣਿ ਦੇਖਿ ਕਾਮਿ ਲੋਭਾਇਆ।।
ਸੁਤ ਕੰਚਨ ਸਿਉ ਹੇਤੁ ਵਧਾਇਆ।।
ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ।। ੧।।

(ਪ੍ਰਭਾਤੀ ਮ: ੧, ਆ. ਗ੍ਰੰ. ਪੰਨਾ ੧੩੪੨)

੫. ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ।।
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ।।

(ਗੂਜਰੀ ਕੀ ਵਾਰ ਮ: ੩, ਆ. ਗ੍ਰੰ. ਪੰਨਾ ੫੧੦)

੬. ਮਾਇਆਧਾਰੀ ਅਤਿ ਅੰਨਾ ਬੋਲਾ।।
ਸਬਦੁ ਨ ਸੁਣਈ ਬਹੁ ਰੋਲ ਘਚੋਲਾ।।

(ਗਉੜੀ ਕੀ ਵਾਰ ਮ: ੩, ਆ. ਗ੍ਰੰ. ਪੰਨਾ ੩੧੩)

੭. ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ।।
ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ।।

(ਸਲੋਕ ਮ: ੯, ਆ. ਗ੍ਰੰ. ਪੰਨਾ ੧੪੨੮)

੮. ਮਾਈ ਮਾਇਆ ਛਲੁ।।
ਤ੍ਰਿਣ ਕੀ ਅਗਨਿ ਮੇਘ ਕੀ ਛਾਇਆ
ਗੋਬਿਦ ਭਜਨ ਬਿਨੁ ਹੜ ਕਾ ਜਲੁ।। ਰਹਾਉ।।

(ਟੋਡੀ ਮ: ੫, ਆ. ਗ੍ਰੰ. ਪੰਨਾ ੭੧੭)

੯. ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ।।
ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ।।

(ਸੋਰਠਿ ਕੀ ਵਾਰ ਮ: ੪, ਆ. ਗ੍ਰੰ. ਪੰਨਾ ੬੪੩)

੧੦. ਇਨਿ ਮਾਇਆ ਜਗਦੀਸ ਗੁਸਾਈ ਤੁਮ੍ਹਰੇ ਚਰਨ ਬਿਸਾਰੇ।।
ਕਿੰਚਤ ਪ੍ਰੀਤਿ ਨ ਉਪਜੈ ਜਨ ਕਉ
ਜਨ ਕਹਾ ਕਰਹਿ ਬੇਚਾਰੇ।। ੧।। ਰਹਾਉ।।

(ਬਿਲਾਵਲੁ ਕਬੀਰ ਜੀ, ਆ. ਗ੍ਰੰ. ਪੰਨਾ ੮੫੭)

੧੧. ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ ਭਵਣ ਚਤੁਰ ਸੰਸਾਰਾ।।
ਜਗ ਇਸਨਾਨ ਤਾਪ ਥਾਨ ਖੰਡੇ ਕਿਆ ਇਹੁ ਜੰਤੁ ਵਿਚਾਰਾ।। ੧।।
ਪ੍ਰਭ ਕੀ ਓਟ ਗਹੀ ਤਉ ਛੂਟੋ।।
ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ
ਬਿਖੈ ਬਿਆਧਿ ਤਬ ਹੂਟੋ।। ੧।। ਰਹਾਉ।।
ਨਹ ਸੁਣੀਐ ਨਹ ਮੁਖ ਤੇ ਬਕੀਐ ਨਹ ਮੋਹੈ ਉਹ ਡੀਠੀ।।


www.sikhbookclub.com

ਐਸੀ ਠਗਉਰੀ ਪਾਇ ਭੁਲਾਵੈ ਮਨਿ ਸਭ ਕੈ ਲਾਗੈ ਮੀਠੀ।। ੨।।
ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ।।
ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ ਸਗਲੇ ਲਰਿ ਲਰਿ ਮੂਆ।। ੩।।
ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਇਹੁ ਚਲਤੁ ਦਿਖਾਇਆ।।
ਗੂਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ।। ੪।।

(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੭੩)

੧੨. ਸਰਪਨੀ ਤੇ ਊਪਰਿ ਨਹੀ ਬਲੀਆ।।
ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ।। ੧।।

(ਆਸਾ ਕਬੀਰ ਜੀ, ਆ. ਗ੍ਰੰ. ਪੰਨਾ ੪੮੦)

੧੩. ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ।।
ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ।।

(ਰਾਮਕਲੀ ਮ: ੩ ਅਨੰਦੁ, ਆ. ਗ੍ਰੰ. ਪੰਨਾ ੯੧੮)

੧੪. ਮਾਇਆ ਮੋਹਿ ਨਟਿ ਬਾਜੀ ਪਾਈ।। ਮਨਮੁਖ ਅੰਧ ਰਹੇ ਲਪਟਾਈ।।
ਗੁਰਮੁਖਿ ਅਲਿਪਤ ਰਹੇ ਲਿਵਲਾਈ।। ੫।।

(ਗਉੜੀ ਮ: ੩, ਆ. ਗ੍ਰੰ. ਪੰਨਾ ੨੩੦)

੧੫. ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ।। ਬੋਲੈ ਕਉੜਾ ਜਿਹਬਾ ਕੀ ਫੂੜਿ।।
ਸਦਾ ਭੂਖੀ ਪਿਰੁ ਜਾਨੈ ਦੂਰਿ।। ੧।। ਐਸੀ ਇਸਤ੍ਰੀ ਇਕ ਰਾਮਿ ਉਪਾਈ।।
ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ।। ਰਹਾਉ।।
ਪਾਇ ਠਗਉਲੀ ਸਭੁ ਜਗੁ ਜੋਹਿਆ।। ਬ੍ਰਹਮਾ ਬਿਸਨੁ ਮਹਾਦੇਉ ਮੋਹਿਆ।।
ਗੁਰਮੁਖਿ ਨਾਮਿ ਲਗੇ ਸੇ ਸੋਹਿਆ।। ੨।।

(ਆਸਾ ਮ: ੫, ਆ. ਗ੍ਰੰ. ਪੰਨਾ ੩੯੪)

੧੬. ਮਾਇਆ ਮੋਹਿ ਸੋਇ ਰਹੇ ਅਭਾਗੇ।।
ਗੁਰ ਪ੍ਰਸਾਦਿ ਕੋ ਵਿਰਲਾ ਜਾਗੇ।। ੩।।

(ਆਸਾ ਮ: ੫, ਆ. ਗ੍ਰੰ. ਪੰਨਾ ੩੭੫)

੧੭. ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ।।
ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ।। ੨੪।।

(ਸਲੋਕ ਮ: ੯, ਆ. ਗ੍ਰੰ. ਪੰਨਾ ੧੪੨੭)

੧੮. ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ।।
ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ।। ੨੮।।

(ਸਲੋਕ ਮ: ੯, ਆ. ਗ੍ਰੰ. ਪੰਨਾ ੧੪੨੭)

੧੯. ਚਿਤਵਤ ਪਾਪ ਨ ਆਲਕੁ ਆਵੈ।। ਬੇਸੁਆ ਭਜਤ ਕਿਛੁ ਨਹ ਸਰਮਾਵੈ।।
ਸਾਰੋ ਦਿਨਸੁ ਮਜੂਰੀ ਕਰੈ।।
ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ।। ੧।।
ਮਾਇਆ ਲਗਿ ਭੂਲੋ ਸੰਸਾਰੁ।।
ਆਪਿ ਭੁਲਾਇਆ ਭੁਲਾਵਣਹਾਰੈ
ਰਾਚਿ ਰਹਿਆ ਬਿਰਥਾ ਬਿਉਹਾਰ।। ੧।। ਰਹਾਉ।।
ਪੇਖਤ ਮਾਇਆ ਰੰਗ ਬਿਹਾਇ।। ਗੜਬੜ ਕਰੈ ਕਉਡੀ ਰੰਗੁ ਲਾਇ।।
ਅੰਧ ਬਿਉਹਾਰ ਬੰਧ ਮਨੁ ਧਾਵੈ।। ਕਰਣੈਹਾਰੁ ਨ ਜੀਅ ਮਹਿ ਆਵੈ।। ੨।।
ਕਰਤ ਕਰਤ ਇਵ ਹੀ ਦੁਖੁ ਪਾਇਆ।। ਪੂਰਨ ਹੋਤ ਨ ਕਾਰਜ ਮਾਇਆ।।
(ਭੈਰਉ ਮ: ੫, ਆ. ਗ੍ਰੰ. ਪੰਨਾ ੧੧੪੩)

੨੦. ਕਾਮਿ ਕ੍ਰੋਧਿ ਲੋਭਿ ਮਨੁ ਲੀਨਾ।।
ਤੜਫਿ ਮੂਆ ਜਿਉ ਜਲ ਬਿਨੁ ਮੀਨਾ।। ੩।।
ਜਿਸ ਕੇ ਰਾਖੇ ਹੋਏ ਹਰਿ ਆਪਿ।। ਹਰਿ ਹਰਿ ਨਾਮੁ ਸਦਾ ਜਪੁ ਜਾਪਿ।।
ਸਾਧਸੰਗਿ ਹਰਿ ਕੇ ਗੁਣ ਗਾਇਆ।।
ਨਾਨਕ ਸਤਿਗੁਰੁ ਪੂਰਾ ਪਾਇਆ।। ੪।। ੧੫।। ੨੮।।
(ਭੈਰਉ ਮ: ੫, ਆ. ਗ੍ਰੰ. ਪੰਨਾ ੧੧੪੩)

੨੧. ਇਨ੍ ਸਿਉ ਪ੍ਰੀਤਿ ਕਰੀ ਘਨੇਰੀ।। ਜਉ ਮਿਲੀਐ ਤਉ ਵਧੈ ਵਧੇਰੀ।।
ਗਲਿ ਚਮੜੀ ਜਉ ਛੋਡੈ ਨਾਹੀ।। ਲਾਗਿ ਛੁਟੋ ਸਤਿਗੁਰ ਕੀ ਪਾਈ।। ੧।।
ਜਗ ਮੋਹਨੀ ਹਮ ਤਿਆਗਿ ਗਵਾਈ।।
ਨਿਰਗੁਨੁ ਮਿਲਿਓ ਵਜੀ ਵਧਾਈ।। ੧।। ਰਹਾਉ।।
ਐਸੀ ਸੁੰਦਰਿ ਮਨ ਕਉ ਮੋਹੈ।। ਬਾਟਿ ਘਾਟਿ ਗ੍ਰਿਹਿ ਬਨਿ ਬਨਿ ਜੋਹੈ।।
ਮਨਿ ਤਨਿ ਲਾਗੈ ਹੋਇ ਕੈ ਮੀਠੀ।। ਗੁਰ ਪ੍ਰਸਾਦਿ ਮੈ ਖੋਟੀ ਡੀਠੀ।। ੨।।
(ਆਸਾ ਮ: ੫, ਆ. ਗ੍ਰੰ. ਪੰਨਾ ੩੯੨)

੨੨. ਕਉਡੀ ਬਦਲੈ ਤਿਆਗੈ ਰਤਨੁ।। ਛੋਡਿ ਜਾਇ ਤਾਹੂ ਕਾ ਜਤਨੁ।।
ਸੋ ਸੰਚੈ ਜੋ ਹੋਛੀ ਬਾਤ।। ਮਾਇਆ ਮੋਹਿਆ ਟੇਢਉ ਜਾਤ।। ੧।।
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੯੨)

੨੩. ਮੋਹਨੀ ਮੋਹਿ ਲੀਏ ਤ੍ਰੈ ਗੁਨੀਆ।। ਲੋਭਿ ਵਿਆਪੀ ਝੂਠੀ ਦੁਨੀਆ।।
ਮੇਰੀ ਮੇਰੀ ਕਰਿ ਕੈ ਸੰਚੀ ਅੰਤ ਕੀ ਬਾਰ ਸਗਲ ਲੇ ਛਲੀਆ।। ੧।।
(ਮਾਰੂ ਮ: ੫, ਆ. ਗ੍ਰੰ. ਪੰਨਾ ੧੦੦੪)


www.sikhbookclub.com

# ਕੀਰਤਨ

## ਸ਼ਬਦ ਨੰ : ੨੬

ਪਤਿਤ ਪਵਿਤ੍ ਲੀਏ ਕਰਿ ਅਪੁਨੇ ਸਗਲ ਕਰਤ ਨਮਸਕਾਰੋ।। ਬਰਨੁ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ।। ੧।। ਠਾਕੁਰ ਐਸੋ ਨਾਮੁ ਤੁਮ੍ਾਰੋ।। ਸਗਲ ਸ੍ਰਿਸਟਿ ਕੋ ਧਣੀ ਕਹੀਜੈ ਜਨ ਕੋ ਅੰਗੁ ਨਿਰਾਰੋ।। ੧।। ਰਹਾਉ।। ਸਾਧਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ।। ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ।। ੨।। ੧।। ੧੦।। (ਗੂਜਰੀ ਮ: ੫, ਆ. ਗ੍ਰੰ. ਪੰਨਾ ੪੯੮)

## ਸਾਧਸੰਗਿ ਨਾਨਕ ਬੁਧਿ ਪਾਈ
## ਹਰਿ ਕੀਰਤਨੁ ਆਧਾਰੋ

੧. ਕਲਜੁਗ ਮਹਿ ਕੀਰਤਨੁ ਪਰਧਾਨਾ।। ਗੁਰਮੁਖਿ ਜਪੀਐ ਲਾਇ ਧਿਆਨਾ।।
ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ।। ੬।।
(ਮਾਰੂ ਸੋਲਹੇ ਮ: ੫, ਆ. ਗ੍ਰੰ. ਪੰਨਾ ੧੦੭੫)

੨. ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ।।
ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ।। ੪।।
(ਰਾਗੁ ਗਉੜੀ ਮਾਲਵਾ ਮ: ੫, ਆ. ਗ੍ਰੰ. ਪੰਨਾ ੨੧੪)

੩. ਸਾਧਸੰਗਿ ਹਰਿ ਕੀਰਤਨੁ ਗਾਈਐ।। ਇਹੁ ਅਸਥਾਨੁ ਗੁਰੂ ਤੇ ਪਾਈਐ।।
(ਆਸਾ ਮ: ੫, ਆ. ਗ੍ਰੰ. ਪੰਨਾ ੩੮੫)

੪. ਰਾਜ ਲੀਲਾ ਤੇਰੈ ਨਾਮਿ ਬਨਾਈ।।
ਜੋਗੁ ਬਨਿਆ ਤੇਰਾ ਕੀਰਤਨੁ ਗਾਈ।। ੧।।
ਸਰਬ ਸੁਖਾ ਬਨੇ ਤੇਰੈ ਓਲ੍ਹੈ।। ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ।। ੧।। ਰਹਾਉ।।
(ਆਸਾ ਮ: ੫, ਆ. ਗ੍ਰੰ. ਪੰਨਾ ੩੮੫)

੫. ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ।।
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ।। ੮।।

ਤੇਰੋ ਸੇਵਕੁ ਇਹ ਰੰਗਿ ਮਾਤਾ॥
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੪੨)

੬. ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ॥
ਤਿਸੁ ਜਨ ਦੂਖੁ ਨਿਕਟਿ ਨਹੀ ਆਵੈ॥੨॥
(ਗਉੜੀ ਮ: ੫, ਆ. ਗ੍ਰੰ. ਪੰਨਾ ੧੯੦)

੭. ਜੇ ਕੋ ਅਪਨੇ ਠਾਕੁਰ ਭਾਵੈ॥ ਕੋਟਿ ਮਧਿ ਏਹੁ ਕੀਰਤਨੁ ਗਾਵੈ॥
ਸਾਧਸੰਗਤਿ ਕੀ ਜਾਵਉ ਟੇਕ॥
ਕਹੁ ਨਾਨਕ ਤਿਸੁ ਕੀਰਤਨੁ ਏਕ॥੪॥੮॥
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੮੫)

੮. ਕੀਰਤਨੁ ਨਿਰਮੋਲਕ ਹੀਰਾ॥ ਆਨੰਦ ਗੁਣੀ ਗਹੀਰਾ॥
ਅਨਹਦ ਬਾਣੀ ਪੂੰਜੀ॥ ਸੰਤਨ ਹਥਿ ਰਾਖੀ ਕੂੰਜੀ॥੨॥
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੯੩)

੯. ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ॥
ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ॥੨॥
(ਸੂਹੀ ਮ: ੫, ਆ. ਗ੍ਰੰ. ਪੰਨਾ ੭੪੯)

੧੦. ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥੧॥
(ਸੂਹੀ ਮ: ੫, ਆ. ਗ੍ਰੰ. ਪੰਨਾ ੭੪੭)

੧੧. ਚਰਨ ਕਮਲ ਕਾ ਆਸਰਾ ਪ੍ਰਭ ਪੁਰਖ ਗੁਣਤਾਸੁ॥
ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ॥੧॥ ਰਹਾਉ॥
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੧੮)

੧੨. ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ ਧਾਰਣਹ॥
ਅੰਮ੍ਰਿਤ ਨਾਮੁ ਨਾਰਾਇਣ ਨਾਨਕ ਪੀਵਤੰ ਸੰਤ ਨ ਤ੍ਰਿਪ੍ਰਤੇ॥੨੬॥
(ਸਲੋਕ ਸਹਸਕ੍ਰਿਤੀ ਮ: ੫, ਆ. ਗ੍ਰੰ. ਪੰਨਾ ੧੩੫੬)

੧੩. ਬੀਜ ਮੰਤ੍ਰੁ ਹਰਿ ਕੀਰਤਨੁ ਗਾਉ॥ ਆਗੈ ਮਿਲੀ ਨਿਥਾਵੇ ਥਾਉ॥
ਗੁਰ ਪੂਰੇ ਕੀ ਚਰਣੀ ਲਾਗੁ॥ ਜਨਮ ਜਨਮ ਕਾ ਸੋਇਆ ਜਾਗੁ॥੧॥
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੯੧)

੧੪. ਸਫਲੁ ਜਨਮੁ ਤਾਂ ਕਾ ਪਰਵਾਣੁ।। ਪਾਰਬ੍ਰਹਮੁ ਨਿਕਟਿ ਕਰਿ ਜਾਣੁ।।
ਭਾਇ ਭਗਤਿ ਪ੍ਰਭ ਕੀਰਤਨਿ ਲਾਗੈ।।
ਜਨਮ ਜਨਮ ਕਾ ਸੋਇਆ ਜਾਗੈ।। ੩।।

(ਗੌਂਡ ਮ: ੫, ਆ. ਗ੍ਰੰ. ਪੰਨਾ ੮੬੯)

੧੫. ਮਨ ਮਹਿ ਸਿੰਚਹੁ ਹਰਿ ਹਰਿ ਨਾਮ।।
ਅਨਦਿਨੁ ਕੀਰਤਨੁ ਹਰਿ ਗੁਣ ਗਾਮ।। ੧।।

(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੦੭)

੧੬. ਵੈਰ ਵਿਰੋਧ ਮਿਟੇ ਤਿਹ ਮਨ ਤੇ।। ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ।।

(ਗਉੜੀ ਬਾਵਨ ਅਖਰੀ, ਆ. ਗ੍ਰੰ. ਪੰਨਾ ੨੫੯)

੧੭. ਤੀਰਥਿ ਜਾਉ ਤ ਹਉ ਹਉ ਕਰਤੇ ।।
ਪੰਡਿਤ ਪੂਛਉ ਤ ਮਾਇਆ ਰਾਤੇ।। ੧।।
ਸੋ ਅਸਥਾਨੁ ਬਤਾਵਹੁ ਮੀਤਾ।।
ਜਾ ਕੈ ਹਰਿ ਹਰਿ ਕੀਰਤਨੁ ਨੀਤਾ।। ੧।। ਰਹਾਉ।।

(ਆਸਾ ਮ: ੫, ਆ. ਗ੍ਰੰ. ਪੰਨਾ ੩੮੫)

੧੮. ਨਾਮੁ ਅਵਖਧੁ ਜਿਨਿ ਜਨ ਤੇਰੈ ਪਾਇਆ।।
ਜਨਮ ਜਨਮ ਕਾ ਰੋਗੁ ਗਵਾਇਆ।।
ਹਰਿ ਕੀਰਤਨੁ ਗਾਵਹੁ ਦਿਨੁ ਰਾਤੀ ਸਫਲ ਏਹਾ ਹੈ ਕਾਰੀ ਜੀਉ।। ੩।।

(ਮਾਝ ਮ: ੫, ਆ. ਗ੍ਰੰ. ਪੰਨਾ ੧੦੭)

੧੯. ਸੁਣਿ ਕੀਰਤਨੁ ਸਾਧ ਪਹਿ ਜਾਇ।।
ਜਨਮ ਮਰਣ ਕੀ ਤ੍ਰਾਸ ਮਿਟਾਇ।। ੩।।

(ਗਉੜੀ ਮ: ੫, ਆ. ਗ੍ਰੰ. ਪੰਨਾ ੧੯੦)

੨੦. ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ।।
ਹਰਿ ਕੀਰਤਨ ਮਹਿ ਏਹੁ ਮਨੁ ਜਾਗੈ।। ੧।।

(ਗਉੜੀ ਮ: ੫, ਆ. ਗ੍ਰੰ. ਪੰਨਾ ੧੯੯)

੨੧. ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋੁ।।
ਹਰਿ ਕੀਰਤਨੁ ਆਧਾਰੁ ਨਿਹਚਲੁ ਏਹੁ ਧਨੋੁ।। ੨।।

(ਆਸਾ ਮ: ੫, ਆ. ਗ੍ਰੰ. ਪੰਨਾ ੩੯੮)

੨੨. ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਉ ਉਠਿ ਨੀਤ।।
ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ।। ੧।।

(ਗੂਜਰੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੫੧੯)

੨੩. ਅੰਮ੍ਰਿਤ ਰਸੁ ਹਰਿ ਕੀਰਤਨੋ ਕੋ ਵਿਰਲਾ ਪੀਵੈ।।
ਵਜਹੁ ਨਾਨਕ ਮਿਲੈ ਏਕੁ ਨਾਮੁ ਰਿਦ ਜਪਿ ਜਪਿ ਜੀਵੈ।। ੪।।
(ਆਸਾ ਮ: ੫, ਆ. ਗ੍ਰੰ. ਪੰਨਾ ੪੦੦)

੨੪. ਦਾਸ ਤੁਮਾਰੇ ਕੀ ਪਾਵਉ ਧੂਰਾ ਮਸਤਕਿ ਲੇ ਲੇ ਲਾਵਉ।।
ਮਹਾ ਪਤਿਤ ਤੇ ਹੋਤ ਪੁਨੀਤਾ ਹਰਿ ਕੀਰਤਨ ਗੁਨ ਗਾਵਉ।। ੧।।
(ਟੋਡੀ ਮ: ੫, ਆ. ਗ੍ਰੰ. ਪੰਨਾ ੭੧੨)

੨੫. ਸਭ ਮਹਿ ਏਕੁ ਰਹਿਆ ਭਰਪੂਰਾ।। ਸੋ ਜਾਪੈ ਜਿਸੁ ਸਤਿਗੁਰੁ ਪੂਰਾ।।
ਹਰਿ ਕੀਰਤਨੁ ਤਾ ਕੋ ਆਧਾਰੁ।। ਕਹੁ ਨਾਨਕ ਜਿਸੁ ਆਪਿ ਦਇਆਰੁ।।
(ਭੈਰਉ ਮ: ੫, ਆ. ਗ੍ਰੰ. ਪੰਨਾ ੧੧੪੩)

੨੬. ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ।।
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ।। ੮।। ੨।।
(ਗਉੜੀ ਮ: ੫, ਆ. ਗ੍ਰੰ. ਪੰਨਾ ੨੩੬)

੨੭. ਐਸਾ ਕੀਰਤਨੁ ਕਰਿ ਮਨ ਮੇਰੇ।।
ਈਹਾ ਊਹਾ ਜੋ ਕਾਮਿ ਤੇਰੈ।। ੧।। ਰਹਾਉ।।
(ਗਉੜੀ ਮ: ੫, ਆ. ਗ੍ਰੰ. ਪੰਨਾ ੨੩੬)

੨੮. ਸ਼ਬਦ ਸੁਰਤਿ ਕਰ ਕੀਰਤਨ ਸਤਸੰਗ ਵਿਲੋਈ।।
ਵਾਹਿਗੁਰੂ ਗੁਰ ਮੰਤ੍ਰ ਹੈ ਜਪ ਹਉਮੈ ਖੋਈ।।
(ਵਾਰਾਂ ਭਾਈ ਗੁਰਦਾਸ ਜੀ)

੨੯. ਲੀਹਾਂ ਅੰਦਰ ਚੱਲੀਐ ਜਿਉ ਗਾਡੀ ਰਾਹੁ।।
ਹੁਕਮਿ ਰਜਾਈ ਚਲਣਾਂ ਸਾਧ ਸੰਗ ਨਿਬਾਹੁ।।
ਜਿਉਂ ਧਨ ਸੋੱਘਾ ਰਖਦਾ ਘਰ ਅੰਦਰਿ ਸ਼ਾਹੁ।।
ਜਿਉਂ ਮਿਰਯਾਦ ਨ ਛੱਡਈ ਸਾਇਰ ਅਸਗਾਹੁ।।
ਲੱਤਾਂ ਹੇਠ ਲਤਾੜੀਐ ਅਜਰਾਵਰ ਘਾਹੁ।।
ਧਰਮਸਾਲ ਹੈ ਮਾਨਸਰ ਹੰਸ ਗੁਰ ਸਿਖ ਵਾਹੁ।।
ਰਤਨ ਪਦਾਰਥ ਗੁਰ ਸ਼ਬਦ ਕਰ ਕੀਰਤਨ ਖਾਹੁ।।
(ਵਾਰਾਂ ਭਾਈ ਗੁਰਦਾਸ ਜੀ)

# ਮੇਰੇ ਸਾਹਿਬ

## ਸ਼ਬਦ ਨੰ: ੨੭

ਤੁਧੁ ਚਿਤਿ ਆਏ ਮਹਾ ਅਨੰਦਾ ਜਿਸੁ ਵਿਸਰਹਿ ਸੋ ਮਰਿ ਜਾਏ॥ ਦਇਆਲੁ ਹੋਵਹਿ ਜਿਸੁ ਊਪਰਿ ਕਰਤੇ ਸੋ ਤੁਧੁ ਸਦਾ ਧਿਆਏ॥ ੧॥ ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ॥ ਅਰਦਾਸਿ ਕਰੀ ਪ੍ਰਭ ਅਪਨੇ ਆਗੈ ਸੁਣਿ ਸੁਣਿ ਜੀਵਾ ਤੇਰੀ ਬਾਣੀ॥ ੧॥ ਰਹਾਉ॥ ਚਰਣ ਧੂੜਿ ਤੇਰੇ ਜਨ ਕੀ ਹੋਵਾ ਤੇਰੇ ਦਰਸਨ ਕਉ ਬਲਿ ਜਾਈ॥ ਅੰਮ੍ਰਿਤ ਬਚਨ ਰਿਦੈ ਉਰਿ ਧਾਰੀ ਤਉ ਕਿਰਪਾ ਤੇ ਸੰਗੁ ਪਾਈ॥ ੨॥ ਅੰਤਰ ਕੀ ਗਤਿ ਤੁਧੁ ਪਹਿ ਸਾਰੀ ਤੁਧੁ ਜੇਵਡੁ ਅਵਰੁ ਨ ਕੋਈ॥ ਜਿਸ ਨੋ ਲਾਇ ਲੈਹਿ ਸੋ ਲਾਗੈ ਭਗਤੁ ਤੁਹਾਰਾ ਸੋਈ॥ ੩॥ ਦੁਇ ਕਰ ਜੋੜਿ ਮਾਗਉ ਇਕੁ ਦਾਨਾ ਸਾਹਿਬਿ ਤੁਠੈ ਪਾਵਾ॥ ਸਾਸਿ ਸਾਸਿ ਨਾਨਕੁ ਆਰਾਧੇ ਆਠ ਪਹਰ ਗੁਣ ਗਾਵਾ॥ ੪॥ ੯॥ ੫੬॥ (ਸੂਹੀ ਮ: ੫, ਆ. ਗ੍ਰੰ. ਪੰਨਾ ੭੪੯)

## ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ

੧. ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥
ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥ ੧॥
(ਵਾਰ ਸੂਹੀ ਸਲੋਕ ਮ: ੨, ਆ. ਗ੍ਰੰ. ਪੰਨਾ ੭੯੧)

੨. ਜੇ ਭੁਲੀ ਜੇ ਚੁਕੀ ਸਾਈ ਭੀ ਤਹਿੰਜੀ ਕਾਢੀਆ॥
ਜਿਨ੍ਹਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ॥ ੧॥
ਹਉ ਨ ਛੋਡਉ ਕੰਤ ਪਾਸਰਾ॥
ਸਦਾ ਰੰਗੀਲਾ ਲਾਲੁ ਪਿਆਰਾ ਏਹੁ ਮਹਿੰਜਾ ਆਸਰਾ॥ ੧॥ ਰਹਾਉ॥
ਸਜਣੁ ਤੂਹੈ ਸੈਣੁ ਤੂ ਮੈ ਤੁਝ ਉਪਰਿ ਬਹੁ ਮਾਣੀਆ॥
ਜਾ ਤੂ ਅੰਦਰਿ ਤਾ ਸੁਖੇ ਤੂੰ ਨਿਮਾਣੀ ਮਾਣੀਆ॥ ੨॥
(ਸੂਹੀ ਮ: ੫, ਆ. ਗ੍ਰੰ. ਪੰਨਾ ੭੬੧)

੩. ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ॥
ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ॥ ੧॥

ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ॥
ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ
ਜਿਉ ਭਾਵੈ ਤਿਵੈ ਬਖਸਿ॥ ੧॥ ਰਹਾਉ॥

(ਸੂਹੀ ਮ: ੪, ਆ. ਗ੍ਰੰ. ਪੰਨਾ ੭੩੬)

੪. ਭਈ ਨਿਮਾਣੀ ਸਰਨਿ ਇਕ ਤਾਕੀ ਗੁਰ ਸਤਿਗੁਰ ਪੁਰਖ ਸੁਖਦਾਈ॥
ਏਕ ਨਿਮਖ ਮਹਿ ਮੇਰਾ ਸਭੁ ਦੁਖੁ ਕਾਟਿਆ
ਨਾਨਕ ਸੁਖਿ ਰੈਨਿ ਬਿਹਾਈ॥ ੨॥ ੨॥ ੬॥

(ਮਲਾਰ ਮ: ੫, ਆ. ਗ੍ਰੰ. ਪੰਨਾ ੧੨੬੭)

੫. ਠਾਕੁਰ ਜੀਉ ਤੁਹਾਰੋ ਪਰਨਾ॥
ਮਾਨੁ ਮਹਤੁ ਤੁਮ੍ਾਰੈ ਊਪਰਿ ਤੁਮ੍ਰੀ ਓਟ ਤੁਮ੍ਾਰੀ ਸਰਨਾ॥ ੧॥ ਰਹਾਉ॥
ਤੁਮ੍ਰੀ ਆਸ ਭਰੋਸਾ ਤੁਮ੍ਰਾ ਤੁਮਰਾ ਨਾਮੁ ਰਿਦੈ ਲੈ ਧਰਨਾ॥
ਤੁਮਰੋ ਬਲੁ ਤੁਮ ਸੰਗਿ ਸੁਹੇਲੇ ਜੋ ਜੋ ਕਹਹੁ ਸੋਈ ਸੋਈ ਕਰਨਾ॥ ੧॥
ਤੁਮਰੀ ਦਇਆ ਮਇਆ ਸੁਖੁ ਪਾਵਉ ਹੋਹੁ ਕ੍ਰਿਪਾਲ ਤ ਭਉਜਲੁ ਤਰਨਾ॥
ਅਭੈ ਦਾਨੁ ਨਾਮੁ ਹਰਿ ਪਾਇਓ ਸਿਰੁ ਡਾਰਿਓ ਨਾਨਕ ਸੰਤ ਚਰਨਾ। ੨। ੯।

(ਕਾਨੜਾ ਮ: ੫, ਆ. ਗ੍ਰੰ. ਪੰਨਾ ੧੨੯੯)

੬. ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ॥
ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ॥ ੧॥

(ਮਾਰੂ ਵਾਰ ਡਖਣੇ ਮ: ੫, ਆ. ਗ੍ਰੰ. ਪੰਨਾ ੧੦੯੫)

੭. ਚਾਰੇ ਕੁੰਡਾ ਢੂਢੀਆ ਕੋ ਨੀਮ੍ਹੀ ਮੈਡਾ॥
ਜੇ ਤੁਧੁ ਭਾਵੈ ਸਾਹਿਬਾ ਤੂ ਮੈ ਹਉ ਤੈਡਾ॥ ੧॥
ਦਰੁ ਬੀਭਾ ਮੈ ਨੀਮ੍ਹਿ ਕੋ ਕੈ ਕਰੀ ਸਲਾਮੁ॥
ਹਿਕੋ ਮੈਡਾ ਤੂ ਧਣੀ ਸਾਚਾ ਮੁਖਿ ਨਾਮੁ॥ ੧॥ ਰਹਾਉ॥

(ਆਸਾ ਮ: ੧, ਆ. ਗ੍ਰੰ. ਪੰਨਾ ੪੧੮)

੮. ਕਿਸ ਹੀ ਜੋਰੁ ਅਹੰਕਾਰ ਬੋਲਣ ਕਾ॥ ਕਿਸ ਹੀ ਜੋਰੁ ਦੀਬਾਨ ਮਾਇਆ ਕਾ।
ਮੈ ਹਰਿ ਬਿਨੁ ਟੇਕ ਧਰ ਅਵਰ ਨ ਕਾਈ
ਤੂ ਕਰਤੇ ਰਾਖੁ ਮੈ ਨਿਮਾਣੀ ਹੇ॥ ੧੩॥
ਨਿਮਾਣੇ ਮਾਣੁ ਕਰਹਿ ਤੁਧੁ ਭਾਵੈ॥ ਹੋਰ ਕੇਤੀ ਝਖਿ ਝਖਿ ਆਵੈ ਜਾਵੈ॥

SIKHBOOKCLUB.COM

ਜਿਨ ਕਾ ਪਖੁ ਕਰਹਿ ਤੂ ਸੁਆਮੀ
ਤਿਨ ਕੀ ਊਪਰਿ ਗਲ ਤੁਧੁ ਆਣੀ ਹੇ।। ੧੪।।
(ਮਾਰੂ ਸੋਲਹੇ ਮ: ੪, ਆ. ਗ੍ਰੰ. ਪੰਨਾ ੧੦੭੧)

੯. ਕਿਨ ਹੀ ਕੀਆ ਪਰਵਿਰਤਿ ਪਸਾਰਾ।। ਕਿਨ ਹੀ ਕੀਆ ਪੂਜਾ ਬਿਸਥਾਰਾ।।
ਕਿਨ ਹੀ ਨਿਵਲ ਭੁਇਅੰਗਮ ਸਾਧੇ।। ਮੋਹਿ ਦੀਨ ਹਰਿ ਹਰਿ ਆਰਾਧੇ।੧।।
ਤੇਰਾ ਭਰੋਸਾ ਪਿਆਰੇ।। ਆਨ ਨ ਜਾਨਾ ਵੇਸਾ।। ੧।। ਰਹਾਉ।।
ਕਿਨ ਹੀ ਗ੍ਰਿਹੁ ਤਜਿ ਵਣ ਖੰਡਿ ਪਾਇਆ।।
ਕਿਨ ਹੀ ਮੋਨਿ ਅਉਧੂਤੁ ਸਦਾਇਆ।।
ਕੋਈ ਕਹਤਉ ਅਨੰਨਿ ਭਗਉਤੀ।।
ਮੋਹਿ ਦੀਨ ਹਰਿ ਹਰਿ ਓਟ ਲੀਤੀ।। ੨।।
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੯੧੨)

੧੦. ਸਾਚੀ ਲਿਵੈ ਬਿਨੁ ਦੇਹ ਨਿਮਾਣੀ।।
ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ।।
ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ।।
ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ।।
ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ।। ੬।।
(ਰਾਮਕਲੀ ਮ: ੩ ਅਨੰਦੁ, ਆ. ਗ੍ਰੰ. ਪੰਨਾ ੯੧੭)

੧੧. ਮਨੁ ਤਨੁ ਤੇਰਾ ਧਨੁ ਭੀ ਤੇਰਾ।। ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ।
ਜੀਉ ਪਿੰਡੁ ਸਭੁ ਰਾਸਿ ਤੁਮਾਰੀ ਤੇਰਾ ਜੋਰੁ ਗੋਪਾਲਾ ਜੀਉ।। ੧।।
ਸਦਾ ਸਦਾ ਤੂੰ ਹੈ ਸੁਖਦਾਈ।। ਨਿਵਿ ਨਿਵਿ ਲਾਗਾ ਤੇਰੀ ਪਾਈ।।
ਕਾਰ ਕਮਾਵਾ ਜੇ ਤੁਧੁ ਭਾਵਾ ਜਾ ਤੂੰ ਦੇਹਿ ਦਇਆਲਾ ਜੀਉ।। ੨।।
ਪ੍ਰਭ ਤੁਮ ਤੇ ਲਹਣਾ ਤੂੰ ਮੇਰਾ ਗਹਣਾ।। ਜੋ ਤੂੰ ਦੇਹਿ ਸੋਈ ਸੁਖੁ ਸਹਣਾ।।
ਜਿਥੈ ਰਖਹਿ ਬੈਕੁੰਠੁ ਤਿਥਾਈ ਤੂੰ ਸਭਨਾ ਕੇ ਪ੍ਰਤਿਪਾਲਾ ਜੀਉ।। ੩।।
ਸਿਮਰਿ ਸਿਮਰਿ ਨਾਨਕ ਸੁਖੁ ਪਾਇਆ।। ਆਠ ਪਹਰ ਤੇਰੇ ਗੁਣ ਗਾਇਆ।।
ਸਗਲ ਮਨੋਰਥ ਪੂਰਨ ਹੋਏ
ਕਦੇ ਨ ਹੋਇ ਦੁਖਾਲਾ ਜੀਉ।। ੪।। ੩੩।। ੪੦।।
(ਮਾਝ ਮ: ੫, ਆ. ਗ੍ਰੰ. ਪੰਨਾ ੧੦੬)

੧੨. ਤੇਰੀ ਟੇਕ ਰਹਾ ਕਲਿ ਮਾਹਿ।। ਤੇਰੀ ਟੇਕ ਤੇਰੇ ਗੁਣ ਗਾਹਿ।।
ਤੇਰੀ ਟੇਕ ਨ ਪੋਹੈ ਕਾਲੁ।। ਤੇਰੀ ਟੇਕ ਬਿਨਸੈ ਜੰਜਾਲੁ।। ੧।।
ਦੀਨ ਦੁਨੀਆ ਤੇਰੀ ਟੇਕ।।
ਸਭ ਮਹਿ ਰਵਿਆ ਸਾਹਿਬੁ ਏਕ।। ੧।। ਰਹਾਉ।।
ਤੇਰੀ ਟੇਕ ਕਰਉ ਆਨੰਦ।। ਤੇਰੀ ਟੇਕ ਜਪਉ ਗੁਰਮੰਤ।।
ਤੇਰੀ ਟੇਕ ਤਰੀਐ ਭਉ ਸਾਗਰੁ।। ਰਾਖਣਹਾਰੁ ਪੂਰਾ ਸੁਖ ਸਾਗਰੁ।। ੨।।
ਤੇਰੀ ਟੇਕ ਨਾਹੀ ਭਉ ਕੋਇ।। ਅੰਤਰਜਾਮੀ ਸਾਚਾ ਸੋਇ।।
ਤੇਰੀ ਟੇਕ ਤੇਰਾ ਮਨਿ ਤਾਣੁ।। ਈਹਾਂ ਊਹਾਂ ਤੂ ਦੀਬਾਣੁ।। ੩।।
ਤੇਰੀ ਟੇਕ ਤੇਰਾ ਭਰਵਾਸਾ।। ਸਗਲ ਧਿਆਵਹਿ ਪ੍ਰਭ ਗੁਣਤਾਸਾ।।
ਜਪਿ ਜਪਿ ਅਨਦੁ ਕਰਹਿ ਤੇਰੇ ਦਾਸਾ।।
ਸਿਮਰਿ ਨਾਨਕ ਸਾਚੇ ਗੁਣਤਾਸਾ।। ੪।। ੨੬।। ੩੯।।
(ਭੈਰਉ ਮ: ੫, ਆ. ਗ੍ਰੰ. ਪੰਨਾ ੧੧੪੭)

੧੩. ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ।।
ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ।।
(ਸੂਹੀ ਮ: ੧ ਸੁਚਜੀ, ਆ. ਗ੍ਰੰ. ਪੰਨਾ ੭੬੨)

SIKHBOOKCLUB.COM

੧੪. ਤੂੰ ਮੇਰਾ ਬਹੁ ਮਾਣੁ ਕਰਤੇ ਤੂੰ ਮੇਰਾ ਬਹੁ ਮਾਣੁ।।
ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ।। ੧।। ਰਹਾਉ।।
(ਰਾਗੁ ਗਉੜੀ ਮਾਝ ਮ: ੫, ਆ. ਗ੍ਰੰ. ਪੰਨਾ ੨੧੭)

੧੫. ਤੂੰ ਜੀਵਨੁ ਤੂੰ ਪ੍ਰਾਨ ਅਧਾਰਾ।। ਤੁਝ ਹੀ ਪੇਖਿ ਪੇਖਿ ਮਨੁ ਸਾਧਾਰਾ।। ੧।।
ਤੂੰ ਸਾਜਨੁ ਤੂੰ ਪ੍ਰੀਤਮੁ ਮੇਰਾ।।
ਚਿਤਹਿ ਨ ਬਿਸਰਹਿ ਕਾਹੂ ਬੇਰਾ।। ੧।। ਰਹਾਉ।।
ਬੈ ਖਰੀਦੁ ਹਉ ਦਾਸਰੋ ਤੇਰਾ।। ਤੂੰ ਭਾਰੋ ਠਾਕੁਰੁ ਗੁਣੀ ਗਹੇਰਾ।। ੨।।
ਕੋਟਿ ਦਾਸ ਜਾ ਕੈ ਦਰਬਾਰੇ।। ਨਿਮਖ ਨਿਮਖ ਵਸੈ ਤਿਨ੍ਹ ਨਾਲੇ।। ੩।।
ਹਉ ਕਿਛੁ ਨਾਹੀ ਸਭੁ ਕਿਛੁ ਤੇਰਾ।।
ਓਤਿ ਪੋਤਿ ਨਾਨਕ ਸੰਗਿ ਬਸੇਰਾ।। ੪।। ੫।। ੧੧।।
(ਸੂਹੀ ਮਹਲਾ ੫, ਆ. ਗ੍ਰੰ. ਪੰਨਾ ੭੩੯)

੧੬ ਪ੍ਰਭ ਤੂ ਠਾਕੁਰੁ ਸਰਬ ਪ੍ਰਤਿਪਾਲਕੁ ਮੋਹਿ ਕਲਤ੍ਰ ਸਹਿਤ ਸਭਿ ਗੋਲਾ।।
ਮਾਣੁ ਤਾਣੁ ਸਭੁ ਤੂਹੈ ਤੂਹੈ ਇਕੁ ਨਾਮੁ ਤੇਰਾ ਮੈ ਓਲ੍ਹਾ।। ੧।।

ਜੇ ਤਖਤਿ ਬੈਸਾਲਹਿ ਤਉ ਦਾਸ ਤੁਮ੍ਾਰੇ ਘਾਸੁ ਬਢਾਵਹਿ ਕੇਤਕ ਬੋਲਾ॥
ਜਨ ਨਾਨਕ ਕੇ ਪ੍ਰਭ ਪੁਰਖ ਬਿਧਾਤੇ
ਮੇਰੇ ਠਾਕੁਰ ਅਗਹ ਅਤੋਲਾ॥੨॥੧੩॥੩੬॥

(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੧੧)

੧੭. ਗੁਨ ਕੀਰਤਿ ਨਿਧਿ ਮੋਰੀ॥੧॥ ਰਹਾਉ॥
ਤੂੰਹੀ ਰਸ ਤੂੰਹੀ ਜਸ ਤੂਹੀ ਰੂਪ ਤੂੰਹੀ ਰੰਗ॥
ਆਸ ਓਟ ਪ੍ਰਭ ਤੋਰੀ॥੧॥
ਤੂਹੀ ਮਾਨ ਤੂੰਹੀ ਧਾਨ ਤੂਹੀ ਪਤਿ ਤੂਹੀ ਪ੍ਰਾਨ॥
ਗੁਰਿ ਤੂਟੀ ਲੈ ਜੋਰੀ॥੨॥
ਤੂਹੀ ਗ੍ਰਿਹਿ ਤੂਹੀ ਬਨਿ ਤੂਹੀ ਗਾਉ ਤੂਹੀ ਸੁਨਿ॥
ਹੈ ਨਾਨਕ ਨੇਰ ਨੇਰੀ॥੩॥੩॥੧੫੬॥

(ਗਉੜੀ ਮ: ੫, ਆ. ਗ੍ਰੰ. ਪੰਨਾ ੨੧੩)

੧੮. ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ॥
ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ॥੧॥
ਮੈ ਹਰਿ ਹਰਿ ਨਾਮੁ ਧਰ ਸੋਈ॥
ਜਿਉ ਭਾਵੈ ਤਿਉ ਰਾਖੁ ਮੇਰੇ ਸਾਹਿਬ
ਮੈ ਤੁਝ ਬਿਨੁ ਅਵਰੁ ਨ ਕੋਈ॥੧॥ ਰਹਾਉ॥
ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ॥
ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ
ਮੇਰਾ ਦੁਖੁ ਸੁਖੁ ਤੁਝ ਹੀ ਪਾਸਿ॥੨॥

(ਸੂਹੀ ਮ: ੪, ਆ. ਗ੍ਰੰ. ਪੰਨਾ ੭੩੫)

੧੯. ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ॥
ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥
ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ॥
ਹਮਾਰਾ ਧੜਾ ਹਰਿ ਰਹਿਆ ਸਮਾਈ॥੧॥
ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ॥
ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ
ਹਉ ਹਰਿ ਗੁਣ ਗਾਵਾ ਅਸੰਖ ਅਨੇਕ॥੧॥ ਰਹਾਉ॥


www.sikhbookclub.com

ਜਿਨ੍ ਸਿਉ ਧੜੇ ਕਰਹਿ ਸੇ ਜਾਹਿ।। ਝੂਠੁ ਧੜੇ ਕਰਿ ਪਛੋਤਾਹਿ।।
ਥਿਰੁ ਨ ਰਹਹਿ ਮਨਿ ਖੋਟੁ ਕਮਾਹਿ।।
ਹਮ ਹਰਿ ਸਿਉ ਧੜਾ ਕੀਆ ਜਿਸ ਕਾ ਕੋਈ ਸਮਰਥੁ ਨਾਹਿ।। ੨।।

(ਆਸਾ ਮ: ੪, ਆ. ਗ੍ਰੰ. ਪੰਨਾ ੩੬੬)

੨੦. ਸੰਨਿਆਸੀ ਬਿਭੂਤ ਲਾਇ ਦੇਹ ਸਵਾਰੀ।।
ਪਰ ਤ੍ਰਿਅ ਤਿਆਗੁ ਕਰੀ ਬ੍ਰਹਮਚਾਰੀ।।
ਮੈ ਮੂਰਖ ਹਰਿ ਆਸ ਤੁਮਾਰੀ।। ੨।। ਖਤ੍ਰੀ ਕਰਮ ਕਰੇ ਸੂਰਤਣੁ ਪਾਵੈ।।
ਸੂਦੁ ਵੈਸੁ ਪਰ ਕਿਰਤਿ ਕਮਾਵੈ।। ਮੈ ਮੂਰਖ ਹਰਿ ਨਾਮੁ ਛਡਾਵੈ।। ੩।।
ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ।।
ਗੁਰਮੁਖਿ ਨਾਨਕ ਦੇ ਵਡਿਆਈ।।
ਮੈ ਅੰਧੁਲੇ ਹਰਿ ਟੇਕ ਟਿਕਾਈ।। ੪।। ੧।। ੩੯।।

(ਗਉੜੀ ਗੁਆਰੇਰੀ ਮ: ੪, ਆ. ਗ੍ਰੰ. ਪੰਨਾ ੧੬੪)

੨੧. ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ।। ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ।।
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ।।
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ।। ੧।।
ਮਹਾ ਅਨੰਦ ਅਚਿੰਤ ਸਹਜਾਇਆ।।
ਦੁਸਮਨ ਦੂਤ ਮੁਏ ਸੁਖੁ ਪਾਇਆ।। ੧।। ਰਹਾਉ।।
ਸਤਿਗੁਰਿ ਮੋਕਉ ਦੀਆ ਉਪਦੇਸੁ।।
ਜੀਉ ਪਿੰਡੁ ਸਭੁ ਹਰਿ ਕਾ ਦੇਸੁ।। ਜੋ ਕਿਛੁ ਕਰੀ ਸੁ ਤੇਰਾ ਤਾਣੁ।।
ਤੂੰ ਮੇਰੀ ਓਟ ਤੂੰਹੈ ਦੀਬਾਣੁ।। ੨।। (ਆਸਾ ਮ: ੫, ਆ. ਗ੍ਰੰ. ਪੰਨਾ ੩੭੧)

੨੨. ਪ੍ਰਭ ਜੀ ਤੂ ਮੇਰੋ ਪ੍ਰਾਨ ਅਧਾਰੈ।।
ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ।। ੧।। ਰਹਾਉ।।
ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ।।
ਸੂਖ ਦੂਖ ਇਸੁ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੈ।। ੧।।
ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ ਤੁਮਹਿ ਮੇਰੈ ਪਰਵਾਰੈ।।
ਜੋ ਤੁਮ ਕਰਹੁ ਸੋਈ ਭਲ ਹਮਰੈ
ਪੇਖਿ ਨਾਨਕ ਸੁਖ ਚਰਨਾਰੈ।। ੨।। ੨।। ੮੨।।

(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੦)

੨੩. ਹੋਇ ਨਿਮਾਣੀ ਢਹਿ ਪਵਾ ਪੂਰੇ ਸਤਿਗੁਰ ਪਾਸਿ ।।
ਨਿਮਾਣਿਆ ਗੁਰੁ ਮਾਣੁ ਹੈ ਗੁਰੁ ਸਤਿਗੁਰੁ ਕਰੇ ਸਾਬਾਸਿ ।।
ਹਉ ਗੁਰੁ ਸਾਲਾਹਿ ਨ ਰਜਊ ਮੈ ਮੇਲੇ ਹਰਿ ਪ੍ਰਭੁ ਪਾਸਿ ।। ੨ ।।
(ਸਿਰੀ ਰਾਗੁ ਮ: ੪, ਆ. ਗ੍ਰੰ. ਪੰਨਾ ੪੧)

੨੪. ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ ।।
ਜੀਉ ਪਿੰਡੁ ਸਭੁ ਤਿਸ ਦਾ ਸਭੁ ਕਿਛੁ ਹੈ ਤੇਰਾ ।। ੧ ।।
ਮਾਣੁ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ ।।
ਬਿਨੁ ਸਾਚੇ ਅਨ ਟੇਕ ਹੈ ਸੋ ਜਾਣਹੁ ਕਾਚਾ ।। ੧ ।। ਰਹਾਉ ।।
(ਆਸਾ ਮ: ੫, ਆ. ਗ੍ਰੰ. ਪੰਨਾ ੩੯੬)

## ਤੁਧੁ ਚਿਤਿ ਆਏ ਮਹਾ ਅਨੰਦਾ.....

੧. ਜਿਸੁ ਚੀਤਿ ਆਵਹਿ ਸੋ ਵੇਪਰਵਾਹਾ ।।
ਜਿਸੁ ਚੀਤਿ ਆਵਹਿ ਸੋ ਸਾਚਾ ਸਾਹਾ ।।
ਜਿਸੁ ਚੀਤਿ ਆਵਹਿ ਤਿਸੁ ਭਉ ਕੇਹਾ ਅਵਰੁ ਕਹਾ ਕਿਛੁ ਕੀਜਾ ਹੇ ।। ੧੨ ।।
(ਮਾਰੂ ਸੋਲਹੇ ਮ: ੫, ਆ. ਗ੍ਰੰ. ਪੰਨਾ ੧੦੭੪)

੨. ਜਿਸੁ ਮਨਿ ਵਸੈ ਪਾਰਬ੍ਰਹਮੁ ਨਿਕਟਿ ਨ ਆਵੈ ਪੀਰ ।।
ਭੁਖ ਤਿਖ ਤਿਸੁ ਨ ਵਿਆਪਈ ਜਮੁ ਨਹੀ ਆਵੈ ਨੀਰ ।।੩ ।।
(ਮਾਰੂ ਵਾਰ ਡਖਣੇ ਮ: ੫, ਆ. ਗ੍ਰੰ. ਪੰਨਾ ੧੧੦੨)

੩. ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ ।।
ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ ।। ੧ ।।
(ਮਲਾਰ ਕੀ ਵਾਰ ਮ: ੧, ਆ. ਗ੍ਰੰ. ਪੰਨਾ ੧੨੮੭)

੪. ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ ।। ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ ।।
ਸੋ ਰਿਦਾ ਸੁਹੇਲਾ ਜਿਤੁ ਰਿਦੈ ਤੂੰ ਵੁਠਾ ਸਭਨਾ ਕੇ ਦਾਤਾਰਾ ਜੀਉ ।। ੧ ।।
(ਰਾਗੁ ਮਾਝ ਮ: ੫, ਆ. ਗ੍ਰੰ. ਪੰਨਾ ੯੭)

੫. ਦੂਖੁ ਤਦੇ ਜਾ ਵਿਸਰਿ ਜਾਵੈ ।। ਭੁਖ ਵਿਆਪੈ ਬਹੁ ਬਿਧਿ ਧਾਵੈ ।।
ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ ਦਇਆਲਾ ਜੀਉ ।। ੧ ।।
(ਮਾਝ ਮ: ੫, ਆ. ਗ੍ਰੰ. ਪੰਨਾ ੯੮)

੬. ਕੋਟਿ ਜਾਪ ਤਾਪ ਬਿਸ੍ਰਾਮ ।। ਰਿਧਿ ਬੁਧਿ ਸਿਧਿ ਸੁਰ ਗਿਆਨ ।।
ਅਨਿਕ ਰੂਪ ਰੰਗ ਭੋਗ ਰਸੈ ।। ਗੁਰਮੁਖਿ ਨਾਮੁ ਨਿਮਖ ਰਿਦੈ ਵਸੈ ।। ੧ ।।

ਹਰਿ ਕੇ ਨਾਮ ਕੀ ਵਡਿਆਈ।। ਕੀਮਤਿ ਕਹਣੁ ਨ ਜਾਈ।। ੧।। ਰਹਾਉ।।
ਸੂਰਬੀਰ ਧੀਰਜ ਮਤਿ ਪੂਰਾ।। ਸਹਜ ਸਮਾਧਿ ਧੁਨਿ ਗਹਿਰ ਗੰਭੀਰਾ।।
ਸਦਾ ਮੁਕਤੁ ਤਾ ਕੇ ਪੂਰੇ ਕਾਮ।। ਜਾ ਕੈ ਰਿਦੈ ਵਸੈ ਹਰਿ ਨਾਮ।। ੨।।
ਸਗਲ ਸੂਖ ਆਨੰਦ ਅਰੋਗ।। ਸਮਦਰਸੀ ਪੂਰਨ ਨਿਰਜੋਗ।।
ਆਇ ਨ ਜਾਇ ਡੋਲੈ ਕਤ ਨਾਹੀ।। ਜਾ ਕੈ ਨਾਮੁ ਬਸੈ ਮਨ ਮਾਹੀ।। ੩।।
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੯੦)

੭. ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ।।
ਮਨ ਤਨ ਨਿਰਮਲ ਹੋਈ ਹੈ ਗੁਰ ਕਾ ਜਪੁ ਜਪਨਾ।। ੧।। ਰਹਾਉ।।
ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ।।
ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ ਬਿਗਸਨਾ।। ੨।।
ਸੀਤਲ ਸਾਂਤਿ ਸੰਤੋਖੁ ਹੋਇ ਸਭ ਬੂਝੀ ਤ੍ਰਿਸਨਾ।।
ਦਹ ਦਿਸ ਧਾਵਤ ਮਿਟਿ ਗਏ ਨਿਰਮਲ ਥਾਨਿ ਬਸਨਾ।। ੩।।
ਰਾਖਨਹਾਰੈ ਰਾਖਿਆ ਭਏ ਭ੍ਰਮ ਭਸਨਾ।।
ਨਾਮੁ ਨਿਧਾਨ ਨਾਨਕ ਸੁਖੀ ਪੇਖਿ ਸਾਧ ਦਰਸਨਾ।। ੪।। ੧੩।। ੪੩।।
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੧੧)

੮. ਸੀਤਲ ਸੁਖੁ ਪਾਇਓ ਮਨ ਤ੍ਰਿਪਤੇ ਹਰਿ ਸਿਮਰਤ ਸ੍ਰਮ ਸਗਲੇ ਲਾਥ।।
ਨਿਧਿ ਨਿਧਾਨ ਨਾਨਕ ਹਰਿ ਸੇਵਾ ਅਵਰ ਸਿਆਨਪ ਸਗਲ ਅਕਾਥ।।
੨।। ੬।। ੧੨੨।। (ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੮)

੯. ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ।।
ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ।। ੧।।
ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ।।
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ।। ੨।।
ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ।।
ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ।। ੩।।
(ਸੂਹੀ ਮ: ੫, ਆ. ਗ੍ਰੰ. ਪੰਨਾ ੭੪੫)

੧੦. ਕੋਈ ਚਤੁਰੁ ਕਹਾਵੈ ਪੰਡਿਤ।। ਕੋ ਖਟੁ ਕਰਮ ਸਹਿਤ ਸਿਉ ਮੰਡਿਤ।।
ਕੋਈ ਕਰੈ ਆਚਾਰ ਸੁਕਰਣੀ।। ਮੋਹਿ ਦੀਨ ਹਰਿ ਹਰਿ ਹਰਿ ਸਰਣੀ।। ੭।।

ਸਗਲੇ ਕਰਮ ਧਰਮ ਜੁਗ ਸੋਧੇ।। ਬਿਨੁ ਨਾਵੈ ਇਹੁ ਮਨੁ ਨ ਪ੍ਰਬੋਧੇ।।
ਕਹੁ ਨਾਨਕ ਜਉ ਸਾਧਸੰਗੁ ਪਾਇਆ।।
ਬੂਝੀ ਤ੍ਰਿਸਨਾ ਮਹਾ ਸੀਤਲਾਇਆ।। ੮।। ੧।।
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੯੧੩)

੧੧. ਨਾਮੁ ਧਿਆਇ ਮਹਾ ਸੁਖੁ ਪਾਇਆ।।
ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ।।
ਗੁਰਿ ਪੂਰੈ ਵਜੀ ਵਾਧਾਈ
ਨਾਨਕ ਜਿਤਾ ਬਿਖਾੜਾ ਜੀਉ।। ੪।। ੨੪।। ੩੧।।
(ਮਾਝ ਮ: ੫, ਆ. ਗ੍ਰੰ. ਪੰਨਾ ੧੦੩)

੧੨. ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ।।
ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ।। ੧।।
(ਗਉੜੀ ਬਾਵਨ ਅਖਰੀ ਮ: ੫, ਸਲੋਕੁ, ਆ. ਗ੍ਰੰ. ਪੰਨਾ ੨੫੪)

੧੩. ਦੁਖ ਭੁਖ ਨਹ ਵਿਆਪਈ ਜੇ ਸੁਖਦਾਤਾ ਮਨਿ ਹੋਇ।।
ਕਿਤ ਹੀ ਕੰਮਿ ਨ ਛਿਜੀਐ ਜਾ ਹਿਰਦੈ ਸਚਾ ਸੋਇ।।
(ਸਿਰੀ ਰਾਗੁ ਮ: ੫, ਆ. ਗ੍ਰੰ. ਪੰਨਾ ੪੩)

SIKHBOOKCLUB.COM

## ਜਿਸੁ ਵਿਸਰਹਿ ਸੋ ਮਰਿ ਜਾਇ

੧. ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ।।
ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ।।
ਜਿਸ ਨੋ ਵਿਸਰੈ ਨਾਉ ਸੁ ਨਿਰਧਨੁ ਕਾਂਢੀਐ।।
ਜਿਸ ਨੋ ਵਿਸਰੈ ਨਾਉ ਸੁ ਜੋਨੀ ਹਾਂਢੀਐ।।
ਜਿਸੁ ਖਸਮੁ ਨ ਆਵੈ ਚਿਤਿ ਤਿਸੁ ਜਮੁ ਡੰਡੁ ਦੇ।।
ਜਿਸੁ ਖਸਮੁ ਨ ਆਵੀ ਚਿਤਿ ਰੋਗੀ ਸੇ ਗਣੇ।।
ਜਿਸੁ ਖਸਮੁ ਨ ਆਵੀ ਚਿਤਿ ਸੁ ਖਰੋ ਅਹੰਕਾਰੀਆ।।
ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ।। ੧੪।।
(ਰਾਮਕਲੀ ਕੀ ਵਾਰ ਮ: ੫, ਪਉੜੀ, ਆ. ਗ੍ਰੰ. ਪੰਨਾ ੯੬੪)

੨. ਜਿਨ ਕਉ ਪਿਆਸ ਤੁਮਾਰੀ ਪ੍ਰੀਤਮ ਤਿਨ ਕਉ ਅੰਤਰੁ ਨਾਹੀ।।
ਜਿਨ ਕਉ ਬਿਸਰੈ ਮੇਰੋ ਰਾਮ ਪਿਆਰਾ ਸੇ ਮੂਏ ਮਰਿ ਜਾਂਹੀਂ।। ੧।।
(ਮਲਾਰ ਮਹਲਾ ੫, ਆ. ਗ੍ਰੰ. ਪੰਨਾ ੧੨੬੮)

੩. ਜਿਨ ਕਉ ਅੰਦਰਿ ਗਿਆਨੁ ਨਹੀ ਭੈ ਕੀ ਨਾਹੀ ਬਿੰਦ॥
ਨਾਨਕ ਮੁਇਆ ਕਾ ਕਿਆ ਮਾਰਣਾ ਜਿ ਆਪਿ ਮਾਰੇ ਗੋਵਿੰਦ॥ ੧॥
(ਮਾਰੂ ਵਾਰ, ਸਲੋਕ ਮ: ੩, ਆ. ਗ੍ਰੰ. ਪੰਨਾ ੧੦੯੩)

੪. ਸਤਿਗੁਰ ਕੀ ਸੇਵ ਨ ਕੀਨੀਆ ਹਰਿ ਨਾਮਿ ਨ ਲਗੋ ਪਿਆਰੁ॥
ਮਤ ਤੁਮ ਜਾਣਹੁ ਓਇ ਜੀਵਦੇ ਓਇ ਆਪਿ ਮਾਰੇ ਕਰਤਾਰਿ॥
ਹਉਮੈ ਵਡਾ ਰੋਗੁ ਹੈ ਭਾਇ ਦੂਜੈ ਕਰਮ ਕਮਾਇ॥
ਨਾਨਕ ਮਨਮੁਖਿ ਜੀਵਦਿਆ ਮੁਏ ਹਰਿ ਵਿਸਰਿਆ ਦੁਖੁ ਪਾਇ॥ ੨॥
(ਵਡਹੰਸ ਕੀ ਵਾਰ ਮ: ੩, ਆ. ਗ੍ਰੰ. ਪੰਨਾ ੫੮੯)

੫. ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ॥
ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ॥ ੧॥
(ਵਾਰ ਰਾਮਕਲੀ ਸਲੋਕ ਮ: ੫, ਆ. ਗ੍ਰੰ. ਪੰਨਾ ੯੬੧

੬. ਅਤਿ ਸੁੰਦਰ ਕੁਲੀਨ ਚਤੁਰ ਮੁਖਿ ङਿਆਨੀ ਧਨਵੰਤ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥ ੧॥
(ਗਉੜੀ ਬਾਵਨ ਅਖਰੀ ਮ: ੫, ਸਲੋਕ, ਆ. ਗ੍ਰੰ. ਪੰਨਾ ੨੫੩)

੭. ਜਿਸ ਨੋ ਬਿਸਰੈ ਪੁਰਖੁ ਬਿਧਾਤਾ॥ ਜਲਤਾ ਫਿਰੈ ਰਹੈ ਨਿਤ ਤਾਤਾ॥
ਅਕਿਰਤਘਣੈ ਕਉ ਰਖੈ ਨ ਕੋਈ ਨਰਕ ਘੋਰ ਮਹਿ ਪਾਵਣਾ॥ ੭॥
ਜੀਉ ਪ੍ਰਾਣ ਤਨੁ ਧਨੁ ਜਿਨਿ ਸਾਜਿਆ॥
ਮਾਤ ਗਰਭ ਮਹਿ ਰਾਖਿ ਨਿਵਾਜਿਆ॥
ਤਿਸ ਸਿਉ ਪ੍ਰੀਤਿ ਛਾਡਿ ਅਨ ਰਾਤਾ ਕਾਹੂ ਸਿਰੈ ਨ ਲਾਵਣਾ॥ ੮॥
(ਮਾਰੂ ਮ: ੫, ਆ. ਗ੍ਰੰ. ਪੰਨਾ ੧੦੮੬)

੮. ਚਰਨ ਕਮਲ ਸਿਉ ਜਾ ਕਾ ਮਨੁ ਲੀਨਾ ਸੇ ਜਨ ਤ੍ਰਿਪਤਿ ਅਘਾਈ॥
ਗੁਣ ਅਮੋਲ ਜਿਸੁ ਰਿਦੈ ਨ ਵਸਿਆ ਤੇ ਨਰ ਤ੍ਰਿਸਨ ਤ੍ਰਿਖਾਈ॥ ੧॥
ਹਰਿ ਆਰਾਧੇ ਅਰੋਗ ਅਨਦਾਈ॥
ਜਿਸ ਨੋ ਵਿਸਰੈ ਮੇਰਾ ਰਾਮ ਸਨੇਹੀ
ਤਿਸੁ ਲਾਖ ਬੇਦਨ ਜਣੁ ਆਈ॥ ਰਹਾਉ॥
ਜਿਹ ਜਨ ਓਟ ਗਹੀ ਪ੍ਰਭ ਤੇਰੀ ਸੇ ਸੁਖੀਏ ਪ੍ਰਭ ਸਰਣੇ॥
ਜਿਹ ਨਰ ਬਿਸਰਿਆ ਪੁਰਖੁ ਬਿਧਾਤਾ ਤੇ ਦੁਖੀਆ ਮਹਿ ਗਨਣੇ॥ ੨॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੧੨)


www.sikhbookclub.com

੯. ਸੋ ਜੀਵਿਆ ਜਿਸੁ ਮਨਿ ਵਸਿਆ ਸੋਇ।। ਨਾਨਕ ਅਵਰੁ ਨ ਜੀਵੈ ਕੋਇ।।
ਜੇ ਜੀਵੈ ਪਤਿ ਲਥੀ ਜਾਇ।। ਸਭੁ ਹਰਾਮੁ ਜੇਤਾ ਕਿਛੁ ਖਾਇ।।
ਰਾਜਿ ਰੰਗੁ ਮਾਲਿ ਰੰਗੁ।। ਰੰਗਿ ਰਤਾ ਨਚੈ ਨੰਗੁ।।
ਨਾਨਕ ਠਗਿਆ ਮੁਠਾ ਜਾਇ।। ਵਿਣੁ ਨਾਵੈ ਪਤਿ ਗਇਆ ਗਵਾਇ।। ੧ ।।
(ਮਾਝ ਕੀ ਵਾਰ ਮ: ੧, ਆ. ਗ੍ਰੰ. ਪੰਨਾ ੧੪੨)

੧੦. ਛਨਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ।।
ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ।। ੧ ।।
ਪਉੜੀ।। ਡੰਡਾ ਗ੍ਰਾਸੈ ਕਾਲੁ ਤਿਹ ਜੋ ਸਾਕਤ ਪ੍ਰਭਿ ਕੀਨ।।
ਅਨਿਕ ਜੋਨਿ ਜਨਮਹਿ ਮਰਹਿ ਆਤਮ ਰਾਮੁ ਨ ਚੀਨ।।
ਗਿਆਨ ਧਿਆਨ ਤਾਹੂ ਕਉ ਆਏ।। ਕਰਿ ਕਿਰਪਾ ਜਿਹ ਆਪਿ ਦਿਵਾਏ।।
ਛਣਤੀ ਛਣੀ ਨਹੀ ਕੋਊ ਛੂਟੈ।। ਕਾਚੀ ਗਾਗਰਿ ਸਰਪਰ ਫੂਟੈ।।
ਸੋ ਜੀਵਤ ਜਿਹ ਜੀਵਤ ਜਪਿਆ।।
ਪ੍ਰਗਟ ਭਏ ਨਾਨਕ ਨਹ ਛਪਿਆ।। ੨੧ ।।
(ਗਉੜੀ ਬਾਵਨ ਅਖਰੀ ਮ: ੫, ਸਲੋਕ, ਆ. ਗ੍ਰੰ. ਪੰਨਾ ੨੫੪)

SIKHBOOKCLUB.COM

## ਦਇਆਲੁ ਹੋਵਹਿ ਜਿਸੁ ਊਪਰਿ ਕਰਤੇ ਸੋ ਤੁਧੁ ਸਦਾ ਧਿਆਏ

੧. ਫਰੀਦਾ ਕਾਲੀਂ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ।।
ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ।। ੧੨ ।।
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੭੮)

੨. ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ।।
ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ।।
ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ।। ੧੩ ।।
(ਸਲੋਕ ਫਰੀਦ ਜੀ, ਮ: ੩, ਆ. ਗ੍ਰੰ. ਪੰਨਾ ੧੩੭੮)

੩. ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ।।
ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ।। ੧ ।।
ਤੇਰਿਆ ਭਗਤਾ ਕਉ ਬਲਿਹਾਰਾ।।

ਥਾਨੁ ਸੁਹਾਵਾ ਸਦਾ ਪ੍ਰਭ ਤੇਰਾ ਰੰਗ ਤੇਰੇ ਆਪਾਰਾ।। ੧।। ਰਹਾਉ।।
ਤੇਰੀ ਸੇਵਾ ਤੁਝ ਤੇ ਹੋਵੈ ਅਉਰੁ ਨ ਦੂਜਾ ਕਰਤਾ।।
ਭਗਤੁ ਤੇਰਾ ਸੋਈ ਤੁਧੁ ਭਾਵੈ ਜਿਸ ਨੋ ਤੂ ਰੰਗੁ ਧਰਤਾ।। ੨।।
(ਬਸੰਤੁ ਮ: ੫, ਹਿੰਡੋਲ, ਆ. ਗ੍ਰੰ. ਪੰਨਾ ੧੧੮੫)

੪. ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ।।
ਹਰਿ ਗੁਣ ਸਦ ਹੀ ਆਖਿ ਵਖਾਣੈ।।
ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ।।
ਸਹਜੇ ਹੀ ਹਰਿ ਨਾਮਿ ਸਮਾਇਆ।। ੩।।
(ਆਸਾ ਮ: ੪, ਆ. ਗ੍ਰੰ. ਪੰਨਾ ੧੧)

੫. ਜਿਸ ਨੋ ਲਾਇ ਲਏ ਸੋ ਲਾਗੈ ।। ਗਿਆਨ ਰਤਨੁ ਅੰਤਰਿ ਤਿਸੁ ਜਾਗੈ।।
ਦੁਰਮਤਿ ਜਾਇ ਪਰਮ ਪਦੁ ਪਾਏ।। ਗੁਰ ਪਰਸਾਦੀ ਨਾਮੁ ਧਿਆਏ।। ੩।।
(ਸੂਹੀ ਮ: ੫, ਆ. ਗ੍ਰੰ. ਪੰਨਾ ੭੩੭)

੬. ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ।। ੧੨ ।।
ਨਾਨਕ ਲਗੀ ਤੁਰਿ ਮਰੈ ਜੀਵਣ ਨਾਹੀ ਤਾਣੁ ।।
ਚੋਟੈ ਸੇਤੀ ਜੋ ਮਰੈ ਲਗੀ ਸਾ ਪਰਵਾਣੁ ।।
ਜਿਸ ਨੋ ਲਾਏ ਤਿਸੁ ਲਗੈ ਲਗੀ ਤਾ ਪਰਵਾਣੁ ।।
ਪਿਰਮ ਪੈਕਾਮੁ ਨ ਨਿਕਲੈ ਲਾਇਆ ਤਿਨਿ ਸੁਜਾਣਿ।। ੧੩।।
(ਸਲੋਕ ਵਾਰਾਂ ਤੇ ਵਧੀਕ ਮ: ੧, ਆ. ਗ੍ਰੰ. ਪੰਨਾ ੧੪੧੧)

੭. ਨਿਤ ਜਪੀਐ ਸਾਸਿ ਗਿਰਾਸਿ ਨਾਉ ਪਰਵਦਿਗਾਰ ਦਾ।।
ਜਿਸ ਨੋ ਕਰੇ ਰਹੰਮ ਤਿਸੁ ਨ ਵਿਸਾਰਦਾ ।।
ਆਪਿ ਉਪਾਵਣਹਾਰ ਆਪੇ ਹੀ ਮਾਰਦਾ ।।
ਸਭੁ ਕਿਛੁ ਜਾਣੈ ਜਾਣੁ ਬੁਝਿ ਵੀਚਾਰਦਾ ।।
ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ ।।
ਜਿਸ ਨੋ ਲਾਏ ਸਚਿ ਤਿਸਹਿ ਉਧਾਰਦਾ ।।
(ਗੂਜਰੀ ਕੀ ਵਾਰ ਮ: ੫, ਪਉੜੀ, ਆ. ਗ੍ਰੰ. ਪੰਨਾ ੫੧੮)

੮. ਗੁਰਮੁਖਿ ਜਨਮੁ ਸਫਲੁ ਹੈ ਜਿਸ ਨੋ ਆਪੇ ਲਏ ਮਿਲਾਇ ।।
ਨਾਨਕ ਨਦਰੀ ਨਦਰਿ ਕਰੇ ਤਾ ਨਾਮ ਧਨੁ ਪਲੈ ਪਾਇ ।। ੨।।
(ਬਿਲਾਵਲ ਕੀ ਵਾਰ, ਮ: ੩, ਆ. ਗ੍ਰੰ. ਪੰਨਾ ੮੫੦)

੯. ਤੂ ਕਰਤਾ ਸਭੁ ਕਿਛੁ ਜਾਣਦਾ ਸਭਿ ਜੀਅ ਤੁਮਾਰੇ ॥
ਜਿਸੁ ਤੂ ਭਾਵੈ ਤਿਸੁ ਤੂ ਮੇਲਿ ਲੈਹਿ ਕਿਆ ਜੰਤ ਵਿਚਾਰੇ ॥
ਤੂ ਕਰਣ ਕਾਰਣ ਸਮਰਥੁ ਹੈ ਸਚੁ ਸਿਰਜਣਹਾਰੇ ॥
ਜਿਸੁ ਤੂ ਮੇਲਹਿ ਪਿਆਰਿਆ ਸੋ ਤੁਧੁ ਮਿਲੈ ਗੁਰਮੁਖਿ ਵੀਚਾਰੇ ॥
ਹਉ ਬਲਿਹਾਰੀ ਸਤਿਗੁਰ ਆਪਣੇ ਜਿਨਿ ਮੇਰਾ ਹਰਿ ਅਲਖੁ ਲਖਾਰੇ ॥ ੮ ॥
(ਵਡਹੰਸ ਕੀ ਵਾਰ ਮ: ੪, ਆ. ਗ੍ਰੰ. ਪੰਨਾ ੫੮੯)

੧੦. ਆਪਿ ਜਪਾਏ ਜਪੈ ਸੋ ਨਾਉ ॥ ਆਪਿ ਗਾਵਾਏ ਸੁ ਹਰਿ ਗੁਨ ਗਾਉ ॥
ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥ ਪ੍ਰਭੂ ਦਇਆ ਤੇ ਕਮਲ ਬਿਗਾਸੁ ॥
ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ ॥ ਪ੍ਰਭ ਦਇਆ ਤੇ ਮਤਿ ਊਤਮ ਹੋਇ ॥
ਸਰਬ ਨਿਧਾਨ ਪ੍ਰਭ ਤੇਰੀ ਮਇਆ ॥ ਆਪਹੁ ਕਛੂ ਨ ਕਿਨਹੂ ਲਇਆ ॥
ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ ॥
ਨਾਨਕ ਇਨ ਕੈ ਕਛੂ ਨ ਹਾਥ ॥ ੮ ॥ ੬ ॥
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੭੦)

੧੧. ਕਰਣ ਪਲਾਹ ਕਰਹਿ ਸਿਵ ਦੇਵ ॥ ਤਿਲੁ ਨਹੀ ਬੂਝਹਿ ਅਲਖ ਅਭੇਵ ॥
ਪ੍ਰੇਮ ਭਗਤਿ ਜਿਸੁ ਆਪੇ ਦੇਇ ॥ ਜਗ ਮਹਿ ਵਿਰਲੋ ਕੋਈ ਕੇਇ ॥ ੩ ॥
ਮੋਹਿ ਨਿਰਗੁਣ ਗੁਣੁ ਕਿਛਹੂ ਨਾਹਿ ॥ ਸਰਬ ਨਿਧਾਨ ਤੇਰੀ ਦ੍ਰਿਸਟੀ ਮਾਹਿ ॥
ਨਾਨਕੁ ਦੀਨੁ ਜਾਚੈ ਤੇਰੀ ਸੇਵ ॥
ਕਰਿ ਕਿਰਪਾ ਦੀਜੈ ਗੁਰਦੇਵ ॥ ੪ ॥ ੧੫ ॥ ੧੭ ॥
(ਗੌਂਡ ਮ: ੫, ਆ. ਗ੍ਰੰ. ਪੰਨਾ ੮੬੭)

੧੨. ਧੰਨੁ ਸੁ ਤੇਰਾ ਥਾਨੁ ਜਿਥੈ ਤੂ ਵੁਠਾ ॥
ਧੰਨੁ ਸੁ ਤੇਰੇ ਭਗਤ ਜਿਨੀ ਸਚੁ ਤੂੰ ਡਿਠਾ ॥
ਜਿਸ ਨੋ ਤੇਰੀ ਦਇਆ ਸਲਾਹੇ ਸੋਇ ਤੁਧੁ ॥
ਜਿਸੁ ਗੁਰ ਭੇਟੇ ਨਾਨਕ ਨਿਰਮਲ ਸੋਈ ਸੁਧੁ ॥ ੨੦ ॥
(ਰਾਮਕਲੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੯੬੫)

# ਜਿਸ ਨੋ ਲਾਇ ਲੈਹਿ ਸੋ ਲਾਗੈ ਭਗਤੁ ਤੁਹਾਰਾ ਸੋਈ

੧. ਮੇਰੇ ਮਨ ਗੁਰੁ ਅਪਣਾ ਸਾਲਾਹਿ ।।
ਪੂਰਾ ਭਾਗੁ ਹੋਵੈ ਮੁਖਿ ਮਸਤਕਿ
ਸਦਾ ਹਰਿ ਕੇ ਗੁਣ ਗਾਹਿ ।। ੧।। ਰਹਾਉ ।।
ਅੰਮ੍ਰਿਤ ਨਾਮੁ ਭੋਜਨੁ ਹਰਿ ਦੇਇ ।।
ਕੋਟਿ ਮਧੇ ਕੋਈ ਵਿਰਲਾ ਲੇਇ ।।
ਜਿਸ ਨੋ ਅਪਣੀ ਨਦਰਿ ਕਰੇਇ ।। ੧।।

(ਪ੍ਰਭਾਤੀ ਮ: ੩, ਆ. ਗ੍ਰੰ. ਪੰਨਾ ੧੩੩੪)

੨. ਕੋਟਿ ਮਧੇ ਕਿਸਹਿ ਬੁਝਾਈ ।। ਆਪੇ ਬਖਸੇ ਦੇ ਵਡਿਆਈ ।।
ਜੋ ਧੁਰਿ ਮਿਲਿਆ ਸੁ ਵਿਛੁੜਿ ਨ ਜਾਈ ।।
ਨਾਨਕ ਹਰਿ ਹਰਿ ਨਾਮਿ ਸਮਾਈ।। ੪ ।। ੩।। ੧੨।।

(ਮਲਾਰ ਮ: ੩, ਆ. ਗ੍ਰੰ. ਪੰਨਾ ੧੨੬੨)

੩. ਗੁਰ ਬਚਨੀ ਸਚੁ ਕਾਰ ਕਮਾਵੈ ਗਤਿ ਮਤਿ ਤਬ ਹੀ ਪਾਈ ।।
ਕੋਟਿ ਮਧੇ ਕਿਸਹਿ ਬੁਝਾਏ ਤਿਨਿ ਰਾਮ ਨਾਮਿ ਲਿਵ ਲਾਈ ।। ੩।।

(ਮਲਾਰ ਮ: ੩, ਆ. ਗ੍ਰੰ. ਪੰਨਾ ੧੨੬੦)

੪. ਕੋਟਿ ਮਧੇ ਕਿਸਹਿ ਬੁਝਾਏ।। ਗੁਰ ਕੈ ਸਬਦਿ ਰਤੇ ਰੰਗੁ ਲਾਏ।।
ਹਰਿ ਸਾਲਾਹਹਿ ਸਦਾ ਸੁਖਦਾਤਾ ਹਰਿ ਬਖਸੇ ਭਗਤਿ ਸਲਾਹਾ ਹੇ।। ੫।।

(ਮਾਰੂ ਮ: ੩ ਸੋਲਹੇ, ਆ. ਗ੍ਰੰ. ਪੰਨਾ ੧੦੫੫)

੫. ਸਭ ਪਰੋਈ ਇਕਤੁ ਧਾਗੈ।। ਜਿਸੁ ਲਾਇ ਲਏ ਸੋ ਚਰਣੀ ਲਾਗੈ।।
ਊਂਧ ਕਵਲੁ ਜਿਸੁ ਹੋਇ ਪ੍ਰਗਾਸਾ ਤਿਨਿ ਸਰਬ ਨਿਰੰਜਨੁ ਡੀਠਾ ਜੀਉ।।੨।

(ਮਾਝ ਮ: ੫, ਆ. ਗ੍ਰੰ. ਪੰਨਾ ੧੦੮)

੬. ਤੇਰੇ ਕੀਤੇ ਕੰਮ ਤੁਧੈ ਹੀ ਗੋਚਰੇ।। ਸੋਈ ਵਰਤੈ ਜਗਿ ਜਿ ਕੀਆ ਤੁਧੁ ਧੁਰੇ।।
ਬਿਸਮੁ ਭਏ ਬਿਸਮਾਦ ਦੇਖਿ ਕੁਦਰਤਿ ਤੇਰੀਆ।।
ਸਰਣਿ ਪਰੇ ਤੇਰੀ ਦਾਸ ਕਰਿ ਗਤਿ ਹੋਇ ਮੋਰੀਆ।।
ਤੇਰੈ ਹਥਿ ਨਿਧਾਨੁ ਭਾਵੈ ਤਿਸੁ ਦੇਹਿ।।
ਜਿਸ ਨੋ ਹੋਇ ਦਇਆਲੁ ਹਰਿ ਨਾਮੁ ਸੇਇ ਲੇਹਿ।।

 www.sikhbookclub.com

ਅਗਮ ਅਗੋਚਰ ਬੇਅੰਤ ਅੰਤੁ ਨ ਪਾਈਐ॥
ਜਿਸ ਨੋ ਹੋਹਿ ਕ੍ਰਿਪਾਲੁ ਸੁ ਨਾਮੁ ਧਿਆਈਐ॥ ੧੧॥
(ਗੂਜਰੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੫੨੧)

੭. ਜਿਸੁ ਹਰਿ ਸੇਵਾ ਲਾਏ ਸੋਈ ਜਨੁ ਲਾਗੈ॥
ਗੁਰ ਕੈ ਸਬਦਿ ਭਰਮ ਭਉ ਭਾਗੈ ॥
ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ॥ ੧੦॥
ਵਿਚਿ ਹਉਮੈ ਸੇਵਾ ਥਾਇ ਨ ਪਾਏ॥ ਜਨਮਿ ਮਰੈ ਫਿਰਿ ਆਵੈ ਜਾਏ॥
ਸੋ ਤਪੁ ਪੂਰਾ ਸਾਈ ਸੇਵਾ ਜੋ ਹਰਿ ਮੇਰੇ ਮਨਿ ਭਾਣੀ ਹੇ॥ ੧੧॥
(ਮਾਰੂ ਸੋਲਹੇ ਮ: ੪, ਆ. ਗ੍ਰੰ. ਪੰਨਾ ੧੦੭੦)

੮. ਖੰਡ ਬ੍ਰਹਮੰਡ ਉਧਾਰਣਹਾਰਾ॥ ਊਚ ਅਥਾਹ ਅਗੰਮ ਅਪਾਰਾ॥
ਜਿਸ ਨੋ ਕ੍ਰਿਪਾ ਕਰੇ ਪ੍ਰਭੁ ਅਪਨੀ ਸੋ ਜਨੁ ਤਿਸਹਿ ਧਿਆਈ ਹੇ॥ ੧੧॥
(ਮਾਰੂ ਸੋਲਹੇ ਮ: ੫, ਆ. ਗ੍ਰੰ. ਪੰਨਾ ੧੦੭੨)

੯. ਮੇਰੇ ਰਾਮ ਰਾਇ ਜਿਉ ਰਾਖਹਿ ਤਿਉ ਰਹੀਐ॥
ਤੁਧੁ ਭਾਵੈ ਤਾ ਨਾਮੁ ਜਪਾਵਹਿ ਸੁਖੁ ਤੇਰਾ ਦਿਤਾ ਲਹੀਐ॥ ੧॥ ਰਹਾਉ॥
ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ॥
ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ॥ ੨॥
(ਸੂਹੀ ਮ: ੫, ਆ. ਗ੍ਰੰ. ਪੰਨਾ ੭੪੯)

੧੦. ਏਕਸ ਬਿਨੁ ਨਾਹੀ ਕੋ ਦੂਜਾ॥ ਤੁਮ੍ ਹੀ ਜਾਨਹੁ ਅਪਨੀ ਪੂਜਾ॥ ੨॥
ਆਪਹੁ ਕਛੂ ਨ ਹੋਵਤ ਭਾਈ॥ ਜਿਸੁ ਪ੍ਰਭੁ ਦੇਵੈ ਸੋ ਨਾਮੁ ਪਾਈ॥ ੩॥
ਕਹੁ ਨਾਨਕ ਜੋ ਜਨੁ ਪ੍ਰਭ ਭਾਇਆ॥
ਗੁਣ ਨਿਧਾਨ ਪ੍ਰਭੁ ਤਿਨ ਹੀ ਪਾਇਆ॥ ੪॥ ੧੦॥ ੧੫॥
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੦੫)

੧੧. ਜਿਨ੍ ਕਉ ਭਏ ਦਇਆਲ ਤਿਨ੍ ਸਾਧੂ ਸੰਗੁ ਭਇਆ ॥
ਅੰਮ੍ਰਿਤੁ ਹਰਿ ਕਾ ਨਾਮੁ ਤਿਨ੍ੀ ਜਨੀ ਜਪਿ ਲਇਆ॥ ੬॥
ਖੋਜਹਿ ਕੋਟਿ ਅਸੰਖ ਬਹੁਤੁ ਅਨੰਤ ਕੇ ॥
ਜਿਸੁ ਬੁਝਾਏ ਆਪਿ ਨੇੜਾ ਤਿਸੁ ਹੇ ॥ ੭॥
(ਸੂਹੀ ਮ: ੫, ਆ. ਗ੍ਰੰ. ਪੰਨਾ ੭੬੨)

੧੨. ਜੈਸੇ ਨਰ ਪਤਿ ਬਹੁ ਬਨਿਤਾ ਬਿਵਾਹ ਕਰੈ
ਜਾਕੈ ਜਨਮਤ ਸੁਤ ਵਾਂਹੀ ਗ੍ਰਿਹਿ ਰਾਜ ਹੈ।
ਜੈਸੇ ਉਦਧਿ ਮਧਿ ਚਹੂੰ ਓਰ ਮੈਂ ਬੋਹਿਥ ਚਲੈ
ਜੋਈ ਪਾਰਿ ਪਹੁੰਚੈ ਪੂਰਨ ਸ੍ਰਬ ਕਾਜ ਹੈ।
ਜੈਸੇ ਖਾਨਿ ਖਨਤ ਅਨੰਤ ਖਨਵਾਰਾ ਖੋਜੀ
ਹੀਰਾ ਹਾਥ ਚੜੈ ਜਾਕੈ ਤਾਕੈ ਬਾਜ ਬਾਜ ਹੈ।
ਤੈਸੇ ਗੁਰਸਿੱਖ ਨਵਤਨ ਅਉ ਪੁਰਾਤਨ
ਜਿਨ ਪਰਿ ਕਟਾਛ ਕ੍ਰਿਪਾ ਕੈ ਛਬਿ ਛਾਜ ਹੈ।

੧੩. ਜੋਈ ਪ੍ਰਿਅ ਭਾਵੈ ਤਾਂਹਿ ਸੁੰਦਰਤਾ ਕੈ ਸੁਹਾਵੈ
ਸੋਇ ਸੁੰਦਰੀ ਕਹਾਵੈ ਛਬਿ ਕੈ ਛਬੀਲੀ ਹੈ।।
ਜੋਈ ਪ੍ਰਿਅ ਭਾਵੈ ਤਾਹਿ ਬਾਨਕ ਬਧੂ ਬਨਾਵੈ
ਸੋਈ ਬਨਿਤਾ ਕਹਾਵੈ ਰੰਗ ਮੈ ਰੰਗੀਲੀ ਹੈ।।
ਜੋਈ ਪ੍ਰਿਅ ਭਾਵੈ ਤਾਕੀ ਸਬੈ ਕਾਮਨਾ ਪੁਜਾਵੈ
ਸੋਈ ਕਾਮਨੀ ਕਹਾਵੈ ਸੀਲ ਕੈ ਸੁਸ਼ੀਲੀ ਹੈ।।
ਜੋਈ ਪ੍ਰਿਅ ਭਾਵੈ ਤਾਹਿ ਪ੍ਰੇਮ ਰਸ ਲੈ ਪੀਆਵੈ
ਸੋਈ ਪ੍ਰੇਮਨੀ ਕਹਾਵੈ ਰਸਿਕ ਰਸੀਲੀ ਹੈ।। ੨੦੯।।

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

SIKHBOOKCLUB.COM

# ਅਕਾਲ ਪੁਰਖ

## ਸ਼ਬਦ ਨੰ: ੨੮

ਜਿਸੁ ਸਿਮਰਤ ਦੁਖੁ ਜਾਇ ਸਹਜ ਸੁਖੁ ਪਾਈਐ ॥
ਰੈਣਿ ਦਿਨਸੁ ਕਰ ਜੋੜਿ ਹਰਿ ਹਰਿ ਧਿਆਈਐ ॥੧॥
ਨਾਨਕ ਕਾ ਪ੍ਰਭੁ ਸੋਇ ਜਿਸ ਕਾ ਸਭੁ ਕੋਇ ॥
ਸਰਬ ਰਹਿਆ ਭਰਪੂਰਿ ਸਚਾ ਸਚੁ ਸੋਇ॥੧॥ ਰਹਾਉ॥
ਅੰਤਰਿ ਬਾਹਰਿ ਸੰਗਿ ਸਹਾਈ ਗਿਆਨ ਜੋਗੁ ॥
ਤਿਸਹਿ ਅਰਾਧਿ ਮਨਾ ਬਿਨਾਸੈ ਸਗਲ ਰੋਗੁ ॥੨॥
ਰਾਖਨਹਾਰੁ ਅਪਾਰੁ ਰਾਖੈ ਅਗਨਿ ਮਾਹਿ ॥
ਸੀਤਲੁ ਹਰਿ ਹਰਿ ਨਾਮੁ ਸਿਮਰਤ ਤਪਤਿ ਜਾਇ ॥੩॥
ਸੂਖ ਸਹਜ ਆਨੰਦ ਘਣਾ ਨਾਨਕ ਜਨ ਧੂਰਾ ॥
ਕਾਰਜ ਸਗਲੇ ਸਿਧਿ ਭਏ ਭੇਟਿਆ ਗੁਰੁ ਪੂਰਾ ॥੪॥
੧੦॥੧੧੨॥ (ਆਸਾ ਮ: ੫, ਆ. ਗ੍ਰੰ. ਪੰਨਾ ੩੯੮)

SIKHBOOKCLUB.COM

## ਨਾਨਕ ਕਾ ਪ੍ਰਭੁ ਸੋਇ ਜਿਸ ਕਾ ਸਭੁ ਕੋਇ

੧. ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ ॥
ਨਾ ਵੇਛੋੜਿਆ ਵਿਛੁੜੈ ਸਭ ਮਹਿ ਰਹਿਆ ਸਮਾਇ ॥
ਦੀਨ ਦਰਦ ਦੁਖ ਭੰਜਨਾ ਸੇਵਕ ਕੈ ਸਤ ਭਾਇ ॥
ਅਚਰਜ ਰੂਪੁ ਨਿਰੰਜਨੋ ਗੁਰਿ ਮੇਲਾਇਆ ਮਾਇ॥੧॥
ਭਾਈ ਰੇ ਮੀਤੁ ਕਰਹੁ ਪ੍ਰਭੁ ਸੋਇ ॥
ਮਾਇਆ ਮੋਹ ਪਰੀਤਿ ਧ੍ਰਿਗੁ ਸੁਖੀ ਨ ਦੀਸੈ ਕੋਇ॥੧॥ ਰਹਾਉ॥
ਦਾਨਾ ਦਾਤਾ ਸੀਲਵੰਤੁ ਨਿਰਮਲੁ ਰੂਪੁ ਅਪਾਰੁ ॥
ਸਖਾ ਸਹਾਈ ਅਤਿ ਵਡਾ ਊਚਾ ਵਡਾ ਅਪਾਰੁ ॥
ਬਾਲਕੁ ਬਿਰਧਿ ਨ ਜਾਣੀਐ ਨਿਹਚਲੁ ਤਿਸੁ ਦਰਵਾਰੁ ॥
ਜੋ ਮੰਗੀਐ ਸੋਈ ਪਾਈਐ ਨਿਧਾਰਾ ਆਧਾਰੁ ॥੨॥
ਜਿਸੁ ਪੇਖਤ ਕਿਲਵਿਖ ਹਿਰਹਿ ਮਨਿ ਤਨਿ ਹੋਵੈ ਸਾਂਤਿ ॥

ਇਕ ਮਨਿ ਏਕੁ ਧਿਆਈਐ ਮਨ ਕੀ ਲਾਹਿ ਭਰਾਂਤਿ ॥
ਗੁਣ ਨਿਧਾਨੁ ਨਵਤਨੁ ਸਦਾ ਪੂਰਨ ਜਾ ਕੀ ਦਾਤਿ ॥
ਸਦਾ ਸਦਾ ਆਰਾਧੀਐ ਦਿਨੁ ਵਿਸਰਹੁ ਨਹੀ ਰਾਤਿ ॥ ੩॥

(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੪੬)

੨. ਗਹਿਰ ਗੰਭੀਰ ਸਾਗਰ ਰਤਨਾਗਰ ਅਵਰ ਨਹੀ ਅਨ ਪੂਜਾ॥
ਸਬਦੁ ਬੀਚਾਰਿ ਭਰਮ ਭਉ ਭੰਜਨੁ ਅਵਰੁ ਨ ਜਾਨਿਆ ਦੂਜਾ॥ ੫॥
ਮਨੂਆ ਮਾਰਿ ਨਿਰਮਲ ਪਦੁ ਚੀਨਿਆ ਹਰਿ ਰਸ ਰਤੇ ਅਧਿਕਾਈ॥
ਏਕਸ ਬਿਨੁ ਮੈ ਅਵਰੁ ਨ ਜਾਨਾਂ ਸਤਿਗੁਰਿ ਬੂਝ ਬੁਝਾਈ ॥ ੬॥
ਅਗਮ ਅਗੋਚਰੁ ਅਨਾਥੁ ਅਜੋਨੀ ਗੁਰਮਤਿ ਏਕੋ ਜਾਨਿਆ ॥
ਸੁਭਰ ਭਰੇ ਨਾਹੀ ਚਿਤੁ ਡੋਲੈ ਮਨ ਹੀ ਤੇ ਮਨੁ ਮਾਨਿਆ ॥ ੭॥
ਗੁਰ ਪਰਸਾਦੀ ਅਕਥਉ ਕਥੀਐ ਕਹਉ ਕਹਾਵੈ ਸੋਈ ॥
ਨਾਨਕ ਦੀਨ ਦਇਆਲ ਹਮਾਰੇ ਅਵਰੁ ਨ ਜਾਨਿਆ ਕੋਈ॥ ੮॥ ੨॥

(ਸਾਰੰਗ ਮ: ੧, ਆ. ਗ੍ਰੰ. ਪੰਨਾ ੧੨੩੩)

੩. ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ॥
ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ॥ ੧॥
ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ ॥ ੧॥ ਰਹਾਉ॥

(ਆਸਾ ਮ: ੧, ਆ. ਗ੍ਰੰ. ਪੰਨਾ ੩੫੦)

੪. ਸਭ ਤੈ ਉਪਾਈ ਭਰਮ ਭੁਲਾਈ ॥
ਜਿਸ ਤੂੰ ਦੇਵਹਿ ਤਿਸਹਿ ਬੁਝਾਈ॥ ੨॥
ਸਤਿਗੁਰੁ ਮਿਲੈ ਤ ਸਹਸਾ ਜਾਈ॥
ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ॥ ੩॥
ਏਕੈ ਪਾਥਰ ਕੀਜੈ ਭਾਉ॥ ਦੂਜੈ ਪਾਥਰ ਧਰੀਐ ਪਾਉ॥
ਜੇ ਓਹੁ ਦੇਉ ਤ ਓਹੁ ਭੀ ਦੇਵਾ॥
ਕਹਿ ਨਾਮਦੇਉ ਹਮ ਹਰਿ ਕੀ ਸੇਵਾ॥ ੪॥ ੧॥

(ਗੂਜਰੀ ਸ੍ਰੀ ਨਾਮਦੇਵ ਜੀ, ਆ. ਗ੍ਰੰ. ਪੰਨਾ ੫੨੫)

੫. ਹਰਿ ਇਕਸੈ ਨਾਲਿ ਮੈ ਦੋਸਤੀ ਹਰਿ ਇਕਸੈ ਨਾਲਿ ਮੈ ਰੰਗੁ॥
ਹਰਿ ਇਕੋ ਮੇਰਾ ਸਜਣੋ ਹਰਿ ਇਕਸੈ ਨਾਲਿ ਮੈ ਸੰਗੁ ॥
ਹਰਿ ਇਕਸੈ ਨਾਲਿ ਮੈ ਗੋਸਟੇ ਮੁਹੁ ਮੈਲਾ ਕਰੈ ਨ ਭੰਗੁ ॥

ਜਾਣੈ ਬਿਰਥਾ ਜੀਅ ਕੀ ਕਦੇ ਨ ਮੋੜੈ ਰੰਗੁ ॥
ਹਰਿ ਇਕੋ ਮੇਰਾ ਮਸਲਤੀ ਭੰਨਣ ਘੜਨ ਸਮਰਥੁ ॥
ਹਰਿ ਇਕੋ ਮੇਰਾ ਦਾਤਾਰੁ ਹੈ ਸਿਰਿ ਦਾਤਿਆ ਜਗ ਹਥੁ ॥
ਹਰਿ ਇਕਸੈ ਦੀ ਮੈ ਟੇਕ ਹੈ ਜੋ ਸਿਰਿ ਸਭਨਾ ਸਮਰਥੁ ॥

(ਰਾਮਕਲੀ ਕੀ ਵਾਰ ਮ: ੫, ੯੫੮)

੬. ਪ੍ਰਾਨ ਅਧਾਰ ਮੀਤ ਸਾਜਨ ਪ੍ਰਭ ਏਕੈ ਏਕੰਕਾਰੈ ॥
ਸਭ ਤੇ ਊਚ ਠਾਕੁਰੁ ਨਾਨਕ ਕਾ ਬਾਰ ਬਾਰ ਨਮਸਕਾਰੈ ॥੨॥੪੯॥੭੨॥

(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੧੮)

੭. ਨਾਨਕ ਕਾ ਪ੍ਰਭੁ ਸੋਇ ਜਿਸ ਕਾ ਸਭੁ ਕੋਇ ॥
ਸਰਬ ਰਹਿਆ ਭਰਪੂਰਿ ਸਚਾ ਸਚੁ ਸੋਇ ॥੧॥ ਰਹਾਉ ॥

(ਆਸਾ ਮ: ੫, ਆ. ਗ੍ਰੰ. ਪੰਨਾ ੩੯੮)

੮. ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ ॥
ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ ॥ ੩ ॥

(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੧)

੯. ਦ੍ਰਿਸਟਿ ਧਾਰਿ ਅਪਨਾ ਦਾਸੁ ਸਵਾਰਿਆ ॥
ਘਟ ਘਟ ਅੰਤਰਿ ਪਾਰਬ੍ਰਹਮੁ ਨਮਸਕਾਰਿਆ ॥
ਇਕਸੁ ਵਿਣੁ ਹੋਰੁ ਦੂਜਾ ਨਾਹੀ
ਬਾਬਾ ਨਾਨਕ ਇਹ ਮਤਿ ਸਾਰੀ ਜੀਉ ॥ ੪ ॥ ੩੯ ॥ ੪੬ ॥

(ਮਾਝ ਮ: ੫, ਆ. ਗ੍ਰੰ. ਪੰਨਾ ੧੦੮)

੧੦. ਹਉ ਗੁਰ ਮਿਲਿ ਇਕੁ ਪਛਾਣਦਾ ॥ ਦੁਯਾ ਕਾਗਲੁ ਚਿਤਿ ਨ ਜਾਣਦਾ ॥
ਹਰਿ ਇਕਤੈ ਕਾਰੈ ਲਾਇਓਨੁ ਜਿਉ ਭਾਵੈ ਤਿਵੈ ਨਿਬਾਹਿ ਜੀਉ ॥ ੩ ॥

(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੭੩)

੧੧. ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥
ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥

(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੦੯)

੧੨. ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥ ੪ ॥ ੩ ॥ ੭ ॥

(ਗੋਂਡ ਸ੍ਰੀ ਨਾਮਦੇਵ ਜੀ, ਆ. ਗ੍ਰੰ. ਪੰਨਾ ੮੭੫)

੧੩. ਤੋਰਉ ਨ ਪਾਤੀ ਪੂਜਉ ਨ ਦੇਵਾ ।।
ਰਾਮ ਭਗਤਿ ਬਿਨੁ ਨਿਹਫਲ ਸੇਵਾ।। ੨।।
ਸਤਿਗੁਰੁ ਪੂਜਉ ਸਦਾ ਸਦਾ ਮਨਾਵਉ ।।
ਐਸੀ ਸੇਵ ਦਰਗਹ ਸੁਖੁ ਪਾਵਉ ।। ੩।।

(ਭੈਰਉ ਕਬੀਰ ਜੀ, ਆ. ਗ੍ਰੰ. ਪੰਨਾ ੧੧੫੮)

੧੪. ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ ਜੀਉ।।
ਤਾ ਕੀ ਗਤਿ ਕਹੀ ਨ ਜਾਈ ਅਮਿਤਿ ਵਡਿਆਈ
ਮੇਰਾ ਗੋਵਿੰਦੁ ਅਲਖ ਅਪਾਰ ਜੀਉ।।

(ਆਸਾ ਮ: ੪ ਛੰਤ, ਆ. ਗ੍ਰੰ. ਪੰਨਾ ੪੪੮)

੧੫. ਪੂਰਿ ਰਹਿਆ ਸ੍ਰਬ ਠਾਇ ਹਮਾਰਾ ਖਸਮੁ ਸੋਇ ।।
ਏਕੁ ਸਾਹਿਬੁ ਸਿਰਿ ਛਤੁ ਦੂਜਾ ਨਾਹਿ ਕੋਇ ।। ੧।।

(ਆਸਾ ਮ: ੫, ਆ. ਗ੍ਰੰ. ਪੰਨਾ ੩੯੮)

੧੬. ਆਦਿ ਅੰਤਿ ਏਕੈ ਅਵਤਾਰਾ ।। ਸੋਈ ਗੁਰੂ ਸਮਝਿਯਹੁ ਹਮਾਰਾ ।। ੯।।
ਨਮਸਕਾਰ ਤਿਸਹੀ ਕੋ ਹਮਾਰੀ।। ਸਕਲ ਪ੍ਰਜਾ ਜਿਨ ਆਪ ਸਵਾਰੀ।।

SIKHBOOKCLUB.COM

(ਚੌਪਈ ਪਾ: ੧੦)

# ਸਿਫਤਿ ਸਾਲਾਹੁ

## ਸ਼ਬਦ ਨੰ: ੨੯

ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ।। ਧੰਧਾ ਸਭੁ ਜਲਾਇ ਕੈ ਗੁਰਿ ਨਾਮੁ ਦੀਆ ਸਚੁ ਸੁਆਉ।। ਆਸਾ ਸਭੇ ਲਾਹਿ ਕੈ ਇਕਾ ਆਸ ਕਮਾਉ ।। ਜਿਨੀ ਸਤਿਗੁਰੁ ਸੇਵਿਆ ਤਿਨ ਅਗੈ ਮਿਲਿਆ ਥਾਉ।।੧।। ਮਨ ਮੇਰੇ ਕਰਤੇ ਨੋ ਸਾਲਾਹਿ।। ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ।।੧।। ਰਹਾਉ।। ਦੁਖ ਭੁਖ ਨਹ ਵਿਆਪਈ ਜੇ ਸੁਖਦਾਤਾ ਮਨਿ ਹੋਇ ।। ਕਿਤ ਹੀ ਕੰਮਿ ਨ ਛਿਜੀਐ ਜਾ ਹਿਰਦੈ ਸਚਾ ਸੋਇ ।। ਜਿਸੁ ਤੂੰ ਰਖਹਿ ਹਥ ਦੇ ਤਿਸੁ ਮਾਰਿ ਨ ਸਕੈ ਕੋਇ ।। ਸੁਖਦਾਤਾ ਗੁਰੁ ਸੇਵੀਐ ਸਭਿ ਅਵਗਣ ਕਢੈ ਧੋਇ ।।੨।। ਸੇਵਾ ਮੰਗੈ ਸੇਵਕੋ ਲਾਈਆਂ ਅਪੁਨੀ ਸੇਵ ।। ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ ।। ਸਭੁ ਕਿਛੁ ਵਸਗਤਿ ਸਾਹਿਬੈ ਆਪੇ ਕਰਣ ਕਰੇਵ ।। ਸਤਿਗੁਰ ਕੈ ਬਲਿਹਾਰਣੈ ਮਨਸਾ ਸਭ ਪੂਰੇਵ ।।੩।। ਇਕੋ ਦਿਸੈ ਸਜਣੋ ਇਕੋ ਭਾਈ ਮੀਤੁ ।। ਇਕਸੈ ਦੀ ਸਾਮਗਰੀ ਇਕਸੈ ਦੀ ਹੈ ਰੀਤਿ ।। ਇਕਸ ਸਿਉ ਮਨੁ ਮਾਨਿਆ ਤਾ ਹੋਆ ਨਿਹਚਲੁ ਚੀਤੁ।। ਸਚੁ ਖਾਣਾ ਸਚੁ ਪੈਨਣਾ ਟੇਕ ਨਾਨਕ ਸਚੁ ਕੀਤੁ ।।੪।।੫।।੭੫।।

(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੪੩)

## ਮਨ ਮੇਰੇ ਕਰਤੇ ਨੋ ਸਾਲਾਹਿ

੧. ਸਲੋਕੁ।। ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ।।
ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ।।੧।।
ਪਉੜੀ।। ਖਖਾ ਖਰਾ ਸਰਾਹਉ ਤਾਹੂ।।
ਜੋ ਖਿਨ ਮਹਿ ਊਨੇ ਸੁਭਰ ਭਰਾਹੂ।।
ਖਰਾ ਨਿਮਾਨਾ ਹੋਤ ਪਰਾਨੀ ।। ਅਨਦਿਨੁ ਜਾਪੈ ਪ੍ਰਭ ਨਿਰਬਾਨੀ ।।
ਭਾਵੈ ਖਸਮ ਤ ਉਆ ਸੁਖੁ ਦੇਤਾ ।। ਪਾਰਬ੍ਰਹਮੁ ਐਸੋ ਆਗਨਤਾ ।।
ਅਸੰਖ ਖਤੇ ਖਿਨ ਬਖਸਨਹਾਰਾ ।।
ਨਾਨਕ ਸਾਹਿਬ ਸਦਾ ਦਇਆਰਾ ।।੪੯।।

(ਗਉੜੀ ਬਾਵਨ ਅਖਰੀ ਮ: ੫, ਆ. ਗ੍ਰੰ. ਪੰਨਾ ੨੬੦)


www.sikhbookclub.com

੨. ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ ॥
ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨੀ ਸਚੁ ਕਮਾਇਆ ॥ ੩ ॥
(ਆਸਾ ਮ: ੧ ਪਟੀ, ਆ. ਗ੍ਰੰ. ਪੰਨਾ ੪੩੨)

੩. ਰੇ ਮਨ ਮੇਰੇ ਤੂੰ ਤਾ ਕਉ ਆਹਿ ॥
ਜਾ ਕੈ ਊਣਾ ਕਛਹੂ ਨਾਹਿ ॥ ੧ ॥
ਹਰਿ ਸਾ ਪ੍ਰੀਤਮੁ ਕਰਿ ਮਨ ਮੀਤ ॥
ਪ੍ਰਾਨ ਅਧਾਰੁ ਰਾਖਹੁ ਸਦ ਚੀਤ ॥ ੧ ॥ ਰਹਾਉ ॥
ਰੇ ਮਨ ਮੇਰੇ ਤੂੰ ਤਾ ਕਉ ਸੇਵਿ ॥
ਆਦਿ ਪੁਰਖ ਅਪਰੰਪਰ ਦੇਵ ॥ ੨ ॥
ਤਿਸੁ ਊਪਰਿ ਮਨ ਕਰਿ ਤੂੰ ਆਸਾ ॥
ਆਦਿ ਜੁਗਾਦਿ ਜਾ ਕਾ ਭਰਵਾਸਾ ॥ ੩ ॥
ਜਾ ਕੀ ਪ੍ਰੀਤਿ ਸਦਾ ਸੁਖੁ ਹੋਇ ॥
ਨਾਨਕੁ ਗਾਵੈ ਗੁਰ ਮਿਲਿ ਸੋਇ ॥ ੪ ॥ ੩੯ ॥ ੧੦੮ ॥
(ਗਉੜੀ ਮ: ੫, ਆ. ਗ੍ਰੰ. ਪੰਨਾ ੧੮੭)

SIKHBOOKCLUB.COM

੪. ਜਹ ਦੇਖਉ ਤਹ ਰਵਿ ਰਹੇ ਰਖੁ ਰਾਖਨਹਾਰਾ ॥
ਤੂੰ ਦਾਤਾ ਭੁਗਤਾ ਤੂੰਹੈ ਤੂੰ ਪ੍ਰਾਣ ਅਧਾਰਾ ॥ ੨ ॥
ਕਿਰਤੁ ਪਇਆ ਅਧ ਊਰਧੀ ਬਿਨੁ ਗਿਆਨ ਬੀਚਾਰਾ ॥
ਬਿਨੁ ਉਪਮਾ ਜਗਦੀਸ ਕੀ ਬਿਨਸੈ ਨ ਅੰਧਿਆਰਾ ॥ ੩ ॥
(ਗਉੜੀ ਬੈਰਾਗਣਿ ਮ: ੧, ਆ. ਗ੍ਰੰ. ਪੰਨਾ ੨੨੮)

੫. ਸਭ ਘਟ ਤਿਸ ਕੇ ਓਹੁ ਕਰਨੈਹਾਰੁ ॥ ਸਦਾ ਸਦਾ ਤਿਸ ਕਉ ਨਮਸਕਾਰੁ ॥
ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ ॥ ਤਿਸਹਿ ਧਿਆਵਹੁ ਸਾਸਿ ਗਿਰਾਸਿ ॥
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੮੦)

੬. ਨਿਮਾਨੇ ਕਉ ਜੋ ਦੇਤੋ ਮਾਨੁ ॥ ਸਗਲ ਭੂਖੇ ਕਉ ਕਰਤਾ ਦਾਨੁ ॥
ਗਰਭ ਘੋਰ ਮਹਿ ਰਾਖਨਹਾਰੁ ॥ ਤਿਸੁ ਠਾਕੁਰ ਕਉ ਸਦਾ ਨਮਸਕਾਰੁ ॥ ੧ ॥
ਐਸੋ ਪ੍ਰਭੁ ਮਨ ਮਾਹਿ ਧਿਆਇ ॥
ਘਟਿ ਅਵਘਟਿ ਜਤ ਕਤਹਿ ਸਹਾਇ ॥ ੧ ॥ ਰਹਾਉ ॥
(ਗੋਂਡ ਮ: ੫, ਆ. ਗ੍ਰੰ. ਪੰਨਾ ੮੬੩)

੭. ਸੋਈ ਧਿਆਈਐ ਜੀਅੜੇ ਸਿਰਿ ਸਾਹਾਂ ਪਾਤਿਸਾਹੁ ॥
ਤਿਸ ਹੀ ਕੀ ਕਰਿ ਆਸ ਮਨ ਜਿਸ ਕਾ ਸਭਸੁ ਵੇਸਾਹੁ ॥
ਸਭਿ ਸਿਆਣਪਾ ਛਡਿ ਕੈ ਗੁਰ ਕੀ ਚਰਣੀ ਪਾਹੁ ॥ ੧ ॥
ਮਨ ਮੇਰੇ ਸੁਖ ਸਹਜ ਸੇਤੀ ਜਪਿ ਨਾਉ ॥
ਆਠ ਪਹਰ ਪ੍ਰਭੁ ਧਿਆਇ ਤੂੰ ਗੁਣ ਗੋਇੰਦ ਨਿਤ ਗਾਉ ॥ ੧ ॥ ਰਹਾਉ ॥
ਤਿਸ ਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ ॥
ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ ॥
ਸਦਾ ਸਦਾ ਕਰਿ ਚਾਕਰੀ ਪ੍ਰਭੁ ਸਾਹਿਬੁ ਸਚਾ ਸੋਇ ॥ ੨ ॥
(ਸਿਰੀ ਰਾਗੁ ਮ: ੫, ਆ. ਗ੍ਰੰ. ਪੰਨਾ ੪੪)

੮. ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥
ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥ ੧ ॥ ਵਾਹੁ ਮੇਰੇ ਸਾਹਿਬਾ ਵਾਹੁ ॥
ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ॥ ੧ ॥ ਰਹਾਉ ॥
(ਸੂਹੀ ਮ: ੩, ਆ. ਗ੍ਰੰ. ਪੰਨਾ ੭੫੫)

੯. ਕੀਤਾ ਕਿਆ ਸਾਲਾਹੀਐ ਕਰੇ ਸੋਇ ਸਾਲਾਹਿ ॥
ਨਾਨਕ ਏਕੀ ਬਾਹਰਾ ਦੂਜਾ ਦਾਤਾ ਨਾਹਿ ॥
ਕਰਤਾ ਸੋ ਸਾਲਾਹੀਐ ਜਿਨਿ ਕੀਤਾ ਆਕਾਰੁ ॥
ਦਾਤਾ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ ॥
ਨਾਨਕ ਆਪਿ ਸਦੀਵ ਹੈ ਪੂਰਾ ਜਿਸੁ ਭੰਡਾਰੁ ॥
ਵਡਾ ਕਰਿ ਸਾਲਾਹੀਐ ਅੰਤੁ ਨ ਪਾਰਾਵਾਰੁ ॥ ੨ ॥
(ਸਾਰੰਗ ਕੀ ਵਾਰ, ਮ: ੨, ਆ. ਗ੍ਰੰ. ਪੰਨਾ ੧੨੩੯)

੧੦. ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥
ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ ॥
ਕੀਤਾ ਕਿਆ ਸਾਲਾਹੀਐ ਜਿਸੁ ਜਾਦੇ ਬਿਲਮ ਨ ਹੋਈ ॥
ਨਿਹਚਲੁ ਸਚਾ ਏਕੁ ਹੈ ਗੁਰਮੁਖਿ ਬੂਝੈ ਸੁ ਨਿਹਚਲੁ ਹੋਈ ॥ ੬ ॥
(ਮਾਰੂ ਕੀ ਵਾਰ ਮ: ੩, ਆ. ਗ੍ਰੰ. ਪੰਨਾ ੧੦੮੮)

੧੧. ਉਸਤਤਿ ਮਨ ਮਹਿ ਕਰਿ ਨਿਰੰਕਾਰ ॥ ਕਰਿ ਮਨ ਮੇਰੇ ਸਤਿ ਬਿਉਹਾਰ ॥
ਨਿਰਮਲ ਰਸਨਾ ਅੰਮ੍ਰਿਤੁ ਪੀਉ ॥ ਸਦਾ ਸੁਹੇਲਾ ਕਰਿ ਲੇਹਿ ਜੀਉ ॥

ਨੈਨਹੁ ਪੇਖੁ ਠਾਕੁਰ ਕਾ ਰੰਗੁ।। ਸਾਧਸੰਗਿ ਬਿਨਸੈ ਸਭ ਸੰਗੁ।।
ਚਰਨ ਚਲਉ ਮਾਰਗਿ ਗੋਬਿੰਦ।। ਮਿਟਹਿ ਪਾਪ ਜਪੀਐ ਹਰਿ ਬਿੰਦ।।
ਕਰ ਹਰਿ ਕਰਮ ਸ੍ਰਵਨਿ ਹਰਿ ਕਥਾ।।
ਹਰਿ ਦਰਗਹ ਨਾਨਕ ਊਜਲ ਮਥਾ।। ੨।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੮੧)

੧੨. ਜਿਨਿ ਕੀਤਾ ਮਾਟੀ ਤੇ ਰਤਨੁ।। ਗਰਭ ਮਹਿ ਰਾਖਿਆ ਜਿਨਿ ਕਰਿ ਜਤਨੁ।।
ਜਿਨਿ ਦੀਨੀ ਸੋਭਾ ਵਡਿਆਈ।।
ਤਿਸੁ ਪ੍ਰਭ ਕਉ ਆਠ ਪਹਰ ਧਿਆਈ।। ੧।।
ਰਮਈਆ ਰੇਨੁ ਸਾਧ ਜਨ ਪਾਵਉ।।
ਗੁਰ ਮਿਲਿ ਅਪੁਨਾ ਖਸਮੁ ਧਿਆਵਉ।। ੧।। ਰਹਾਉ।।
ਜਿਨਿ ਕੀਤਾ ਮੂੜ ਤੇ ਬਕਤਾ।। ਜਿਨਿ ਕੀਤਾ ਬੇਸੁਰਤ ਤੇ ਸੁਰਤਾ।।
ਜਿਸੁ ਪਰਸਾਦਿ ਨਵੈ ਨਿਧਿ ਪਾਈ।।
ਸੋ ਪ੍ਰਭੁ ਮਨ ਤੇ ਬਿਸਰਤ ਨਾਹੀ।।.੨।।
ਜਿਨਿ ਦੀਆ ਨਿਥਾਵੇ ਕਉ ਥਾਨੁ।।
ਜਿਨਿ ਦੀਆ ਨਿਮਾਨੇ ਕਉ ਮਾਨੁ।।
ਜਿਨਿ ਕੀਨੀ ਸਭ ਪੂਰਨ ਆਸਾ।।
ਸਿਮਰਉ ਦਿਨੁ ਰੈਨਿ ਸਾਸ ਗਿਰਾਸਾ।। ੩।।
ਜਿਸੁ ਪ੍ਰਸਾਦਿ ਮਾਇਆ ਸਿਲਕ ਕਾਟੀ।।
ਗੁਰ ਪ੍ਰਸਾਦਿ ਅੰਮ੍ਰਿਤੁ ਬਿਖੁ ਖਾਟੀ।।
ਕਹੁ ਨਾਨਕ ਇਸ ਤੇ ਕਿਛੁ ਨਾਹੀ।।
ਰਾਖਨਹਾਰੇ ਕਉ ਸਾਲਾਹੀ।। ੪।। ੬।। ੭੫।।
(ਗਉੜੀ ਗੁਆਰੇਰੀ ਮ: ੫, ਆ. ਗ੍ਰੰ. ਪੰਨਾ ੧੭੭)

੧੩. ਜਿਨਿ ਤੁਮ ਸਿਰਜੇ ਸਿਰਜਿ ਸਵਾਰੇ ਤਿਸੁ ਧਿਆਵਹੁ ਦਿਨੁ ਰੈਨੇਹੀ।।
ਜਨ ਨਾਨਕ ਪ੍ਰਭ ਕਿਰਪਾ ਧਾਰੀ ਮੈ ਸਤਿਗੁਰ ਓਟ ਗਹੇਹੀ ।। ੪।। ੪।।
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੦੯)

੧੪. ਬਿਨੁ ਕਰਤਾਰ ਨ ਕਿਰਤਮ ਮਾਨੋ।।
ਆਦਿ ਅਜੋਨ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ।। ੧।। ਰਹਾਉ।।
ਕਹਾ ਭਯੋ ਜੋ ਆਨਿ ਜਗਤ ਮੈ ਦਸਕ ਅਸੁਰ ਹਰਿ ਘਾਏ।।

 www.sikhbookclub.com

ਅਧਿਕ ਪ੍ਰਪੰਚ ਦਿਖਾਇ ਸਭਨ ਕਹ ਆਪਹਿ ਬ੍ਰਹਮੁ ਕਹਾਏ।। ੧।।
ਭੰਜਨ ਗੜ੍ਹਨ ਸਮਰਥ ਸਦਾ ਪ੍ਰਭ ਸੋ ਕਿਮ ਜਾਤਿ ਗਿਨਾਯੋ।।
ਤਾ ਤੇ ਸਰਬ ਕਾਲ ਕੇ ਅਸਿ ਕੋ ਘਾਇ ਬਚਾਇ ਨ ਆਯੋ।। ੨।।
ਕੈਸੇ ਤੋਹਿ ਤਾਰਿ ਹੈ ਸੁਨਿ ਜੜ ਆਪ ਡੁਬਿਯੋ ਭਵ ਸਾਗਰ।।
ਛੁਟਿਹੋ ਕਾਲ ਫਾਸ ਤੇ ਤਬ ਹੀ ਗਹੋ ਸਰਨਿ ਜਗਤਾਗਰ।। ੩।। ੫।।
(ਸ਼ਬਦ ਹਜ਼ਾਰੇ ਪਾ: ੧੦)

੧੫. ਭੂਮ ਅਕਾਸ ਪਤਾਲ ਸਭੈ ਸਜਿ ਏਕ ਅਨੇਕ ਸਦਾਏ ।।
ਸੋ ਨਰ ਕਾਲ ਫਾਸ ਤੇ ਬਾਚੇ ਜੋ ਹਰਿ ਸਰਣ ਸਿਧਾਏ ।।
(ਸ਼ਬਦ ਹਜ਼ਾਰੇ ਪਾ: ੧੦)

੧੬. ਇਕ ਬਿਨ ਦੂਸਰ ਸੋ ਨ ਚਿਨਾਰ।।
ਭੰਜਨ ਗੜ੍ਹਨ ਸਮਰਥ ਸਦਾ ਪ੍ਰਭ ਜਾਨਤ ਹੈ ਕਰਤਾਰ।। ਰਹਾਉ।।
ਕਹਾ ਭਇਓ ਜੋ ਅਤਿ ਹਿਤ ਚਿਤ ਕਰ ਬਹੁ ਬਿਧ ਸਿਲਾ ਪੁਜਾਈ।।
ਪ੍ਰਾਨ ਥਕਿਓ ਪਾਹਿਨ ਕਹ ਪਰਸਤ ਕਛੁ ਕਰਿ ਸਿਧ ਨ ਆਈ।। ੧।।
ਅੱਛਤ ਧੂਪ ਦੀਪ ਅਰਪਤ ਹੈ ਪਾਹਨ ਕਛੂ ਨ ਖੈ ਹੈ।।
ਤਾ ਮੈ ਕਹਾਂ ਸਿਧਿ ਹੈ ਰੇ ਜੜ ਤੋਹਿ ਕਛੂ ਬਰ ਦੈ ਹੈ।। ੨।।
ਜੌ ਜਿਯ ਹੋਤ ਤੌ ਦੇਤ ਕਛੂ ਤੁਹਿ ਮਨ ਬਚ ਕਰਮ ਬਿਚਾਰ।।
ਕੇਵਲ ਏਕ ਸਰਣਿ ਸੁਆਮੀ ਬਿਨ ਯੌ ਨਹਿ ਕਤਹਿ ਉਧਾਰ।। ੩।। ੪।।
(ਸ਼ਬਦ ਹਜ਼ਾਰੇ ਪਾ: ੧੦)

੧੭. ਲੋਗ ਬੇਦ ਗਿਆਨ ਉਪਦੇਸ ਹੈ ਪ੍ਰਤਿਬ੍ਰਤਾ ਕਉ
ਮਨ ਬਚ ਕ੍ਰਮ ਸੁਆਮੀ ਸੇਵਾ ਅਧਿਕਾਰ ਹੈ।
ਨਾਮ ਇਸਨਾਨ ਦਾਨ ਸੰਜਮ ਨ ਜਾਪ ਤਾਪ
ਤੀਰਥ ਬ੍ਰਤ ਪੂਜਾ ਨੇਮ ਨਤਕਾਰ ਹੈ।
ਹੋਮ ਜਗ ਭੋਗ ਨਈਵੇਦ ਨਹੀ ਦੇਵੀ ਦੇਵ ਸੇਵ
ਰਾਗ ਨਾਦ ਬਾਦ ਨ ਸੰਬਾਦ ਆਨ ਦੁਆਰ ਹੈ।
ਤੈਸੇ ਗੁਰ ਸਿੱਖਨ ਮੈਂ ਏਕ ਟੇਕ ਹੀ ਪ੍ਰਧਾਨ
ਆਨ ਗਿਆਨ ਧਿਆਨ ਸਿਮਰਨ ਬਿਬਚਾਰ ਹੈ।
(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

# ਇਕ ਦਾਤਾ

## ਸ਼ਬਦ ਨੰ: ੩੦

ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ ।। ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ ।। ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ ।। ਜਿਨਿ ਸੇਵਿਆ ਤਿਨਿ ਫਲੁ ਪਾਇਆ ਤਿਸੁ ਜਨ ਕੀ ਸਭ ਭੁਖ ਗਵਾਈਐ ।। ਨਾਨਕੁ ਤਿਨ ਵਿਟਹੁ ਵਾਰਿਆ ਜਿਨ ਅਨਦਿਨੁ ਹਿਰਦੈ ਹਰਿ ਨਾਮੁ ਧਿਆਈਐ ।। ੧੦ ।।

(ਵਡਹੰਸ ਕੀ ਵਾਰ ਮ: ੪, ਆ. ਗ੍ਰੰ. ਪੰਨਾ ੫੯੦)

## ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ

੧. ਇਕੁ ਪਛਾਣੂ ਜੀਅ ਕਾ ਇਕੋ ਰਖਣਹਾਰੁ ।।
ਇਕਸ ਕਾ ਮਨਿ ਆਸਰਾ ਇਕੋ ਪ੍ਰਾਣ ਅਧਾਰੁ ।।
ਤਿਸੁ ਸਰਣਾਈ ਸਦਾ ਸੁਖੁ ਪਾਰਬ੍ਰਹਮੁ ਕਰਤਾਰੁ ।। ੧ ।।
ਮਨ ਮੇਰੇ ਸਗਲ ਉਪਾਵ ਤਿਆਗੁ ।।
ਗੁਰੁ ਪੂਰਾ ਆਰਾਧਿ ਨਿਤ ਇਕਸੁ ਕੀ ਲਿਵ ਲਾਗੁ ।। ੧ ।। ਰਹਾਉ ।।
ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ ।।
ਇਕਸ ਕੀ ਮਨਿ ਟੇਕ ਹੈ ਜਿਨਿ ਜੀਉ ਪਿੰਡੁ ਦਿਤਾ ।।
ਸੋ ਪ੍ਰਭੁ ਮਨਹੁ ਨ ਵਿਸਰੈ ਜਿਨਿ ਸਭੁ ਕਿਛੁ ਵਸਿ ਕੀਤਾ ।। ੨ ।।
ਘਰਿ ਇਕੋ ਬਾਹਰਿ ਇਕੋ ਥਾਨ ਥਨੰਤਰਿ ਆਪਿ ।।
ਜੀਅ ਜੰਤ ਸਭਿ ਜਿਨਿ ਕੀਏ ਆਠ ਪਹਰ ਤਿਸੁ ਜਾਪਿ ।।
ਇਕਸੁ ਸੇਤੀ ਰਤਿਆ ਨ ਹੋਵੀ ਸੋਗ ਸੰਤਾਪੁ ।। ੩ ।।
ਪਾਰਬ੍ਰਹਮੁ ਪ੍ਰਭੁ ਏਕੁ ਹੈ ਦੂਜਾ ਨਾਹੀ ਕੋਇ ।।
ਜੀਉ ਪਿੰਡੁ ਸਭੁ ਤਿਸ ਕਾ ਜੋ ਤਿਸੁ ਭਾਵੈ ਸੁ ਹੋਇ ।।
ਗੁਰਿ ਪੂਰੈ ਪੂਰਾ ਭਇਆ ਜਪਿ ਨਾਨਕ ਸਚਾ ਸੋਇ ।। ੪ ।। ੯ ।। ੭੯ ।।

(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੪੫)


www.sikhbookclub.com

੨. ਇਕਸੁ ਬਿਨੁ ਨਾਹੀ ਦੂਜਾ ਕੋਇ ।। ਜਾ ਕੀ ਦ੍ਰਿਸਟਿ ਸਦਾ ਸੁਖੁ ਹੋਇ ।। ੨ ।।
ਸਾਜਨੁ ਮੀਤੁ ਸਖਾ ਕਰਿ ਏਕੁ ।। ਹਰਿ ਹਰਿ ਅਖਰ ਮਨ ਮਹਿ ਲੇਖੁ ।। ੩ ।।
ਰਵਿ ਰਹਿਆ ਸਰਬਤ ਸੁਆਮੀ ।। ਗੁਣ ਗਾਵੈ ਨਾਨਕੁ ਅੰਤਰਜਾਮੀ ।। ੪ ।।
੬੨ ।। ੧੩੧ ।। (ਗਉੜੀ ਮ: ੫, ਆ. ਗ੍ਰੰ. ਪੰਨਾ ੧੯੨)

੩. ਹਰਿ ਕੀ ਤੁਮ ਸੇਵਾ ਕਰਹੁ ਦੂਜੀ ਸੇਵਾ ਕਰਹੁ ਨ ਕੋਇ ਜੀ ।।
ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ
ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ ।। ੧ ।।
ਹਰਿ ਮੇਰੀ ਪ੍ਰੀਤਿ ਰੀਤਿ ਹੈ ਹਰਿ ਮੇਰੀ ਹਰਿ ਮੇਰੀ ਕਥਾ ਕਹਾਨੀ ਜੀ ।।
ਗੁਰ ਪ੍ਰਸਾਦਿ ਮੇਰਾ ਮਨੁ ਭੀਜੈ ਏਹਾ ਸੇਵ ਬਨੀ ਜੀਉ ।। ੧ ।। ਰਹਾਉ ।।
ਹਰਿ ਮੇਰਾ ਸਿਮ੍ਰਿਤਿ ਹਰਿ ਮੇਰਾ ਸਾਸਤ੍ਰ ਹਰਿ ਮੇਰਾ ਬੰਧਪੁ ਹਰਿ ਮੇਰਾ ਭਾਈ ।।
ਹਰਿ ਕੀ ਮੈ ਭੂਖ ਲਾਗੈ ਹਰਿ ਨਾਮਿ ਮੇਰਾ ਮਨੁ ਤ੍ਰਿਪਤੈ
ਹਰਿ ਮੇਰਾ ਸਾਕੁ ਅੰਤਿ ਹੋਇ ਸਖਾਈ ।। ੨ ।।
(ਗੂਜਰੀ ਮ: ੩, ਆ. ਗ੍ਰੰ. ਪੰਨਾ ੪੯੦)

੪. ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲੁ ਹੋਇ ।।
ਮਾਤ ਪਿਤਾ ਸਾਕ ਅਗਲੇ ਤਿਸੁ ਬਿਨੁ ਅਵਰੁ ਨ ਕੋਇ ।।
ਮਿਹਰ ਕਰੇ ਜੇ ਆਪਣੀ ਚਸਾ ਨ ਵਿਸਰੈ ਸੋਇ ।। ੧ ।।
ਮਨ ਮੇਰੇ ਸਾਚਾ ਸੇਵਿ ਜਿਚਰੁ ਸਾਸੁ ।।
ਬਿਨੁ ਸਚੇ ਸਭ ਕੂੜੁ ਹੈ ਅੰਤੇ ਹੋਇ ਬਿਨਾਸੁ ।। ੧ ।। ਰਹਾਉ ।।
(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੪੯)

੫. ਵਾਹੁ ਵਾਹੁ ਤਿਸ ਨੋ ਆਖੀਐ ਜਿ ਸਚਾ ਗਹਿਰ ਗੰਭੀਰੁ ।।
ਵਾਹੁ ਵਾਹੁ ਤਿਸ ਨੋ ਆਖੀਐ ਜਿ ਗੁਣ ਦਾਤਾ ਮਤਿ ਧੀਰੁ ।।
ਵਾਹੁ ਵਾਹੁ ਤਿਸ ਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ ।।
ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸਬਾਹਿ ।।
ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ
ਜਿ ਸਤਿਗੁਰ ਦੀਆ ਦਿਖਾਇ ।। ੧ ।।
(ਗੂਜਰੀ ਕੀ ਵਾਰ ਮ: ੩, ਆ. ਗ੍ਰੰ. ਪੰਨਾ ੫੧੪)

 www.sikhbookclub.com

੬. ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ।।
ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ।। ੧ ।।
ਵਾਹੁ ਮੇਰੇ ਸਾਹਿਬਾ ਵਾਹੁ ।।
ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ।। ੧ ।। ਰਹਾਉ ।।
(ਸੂਹੀ ਮ: ੩, ਆ. ਗ੍ਰੰ. ਪੰਨਾ ੭੫੫)

੭. ਅਪਨਾ ਮੀਤੁ ਸੁਆਮੀ ਗਾਈਐ ।।
ਆਸ ਨ ਅਵਰ ਕਾਹੂ ਕੀ ਕੀਜੈ ਸੁਖਦਾਤਾ ਪ੍ਰਭੁ ਧਿਆਈਐ ।। ੧ ।। ਰਹਾਉ ।।
ਸੂਖ ਮੰਗਲ ਕਲਿਆਣ ਜਿਸਹਿ ਘਰਿ ਤਿਸ ਹੀ ਸਰਣੀ ਪਾਈਐ ।।
ਤਿਸਹਿ ਤਿਆਗਿ ਮਾਨੁਖੁ ਜੇ ਸੇਵਹੁ ਤਉ ਲਾਜ ਲੋਨੁ ਹੋਇ ਜਾਈਐ ।। ੧ ।।
(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੧੪)

੮. ਆਰਾਧਿਹੁ ਸਚਾ ਸੋਇ ਸਭੁ ਕਿਛੁ ਜਿਸੁ ਪਾਸਿ ।।
ਦੁਹਾ ਸਿਰਿਆ ਖਸਮੁ ਆਪਿ ਖਿਨ ਮਹਿ ਕਰੇ ਰਾਸਿ ।।
ਤਿਆਗਹੁ ਸਗਲ ਉਪਾਵ ਤਿਸ ਕੀ ਓਟ ਗਹੁ ।।
ਪਉ ਸਰਣਾਈ ਭਜਿ ਸੁਖੀ ਹੂੰ ਸੁਖ ਲਹੁ ।।
(ਗੂਜਰੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੫੨੧)

SIKHBOOKCLUB.COM

੯. ਏਕੋ ਜਪਿ ਏਕੋ ਸਾਲਾਹਿ ।। ਏਕੁ ਸਿਮਰਿ ਏਕੋ ਮਨ ਆਹਿ ।।
ਏਕਸ ਕੇ ਗੁਨ ਗਾਉ ਅਨੰਤ ।। ਮਨਿ ਤਨਿ ਜਾਪਿ ਏਕ ਭਗਵੰਤ ।।
ਏਕੋ ਏਕੁ ਏਕੁ ਹਰਿ ਆਪਿ ।। ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ।।
ਅਨਿਕ ਬਿਸਥਾਰ ਏਕ ਤੇ ਭਏ ।। ਏਕੁ ਅਰਾਧਿ ਪਰਾਛਤ ਗਏ ।।
ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ।।
ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ।। ੮ ।। ੧੯ ।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੮੯)

੧੦. ਮੂਲਿ ਲਾਗੇ ਸੇ ਜਨ ਪਰਵਾਣੁ ।।
ਅਨਦਿਨੁ ਰਾਮ ਨਾਮੁ ਜਪਿ ਹਿਰਦੈ
ਗੁਰ ਸਬਦੀ ਹਰਿ ਏਕੋ ਜਾਣੁ ।। ੧ ।। ਰਹਾਉ ।।
(ਆਸਾ ਮ: ੩, ਆ. ਗ੍ਰੰ. ਪੰਨਾ ੩੬੨)

੧੧. ਐਸਾ ਹਰਿ ਸੇਵੀਐ ਨਿਤ ਧਿਆਈਐ
ਜੋ ਖਿਨ ਮਹਿ ਕਿਲਵਿਖ ਸਭਿ ਕਰੇ ਬਿਨਾਸਾ ।।

ਜੇ ਹਰਿ ਤਿਆਗਿ ਅਵਰ ਕੀ ਆਸ ਕੀਜੈ
ਤਾ ਹਰਿ ਨਿਹਫਲ ਸਭ ਘਾਲ ਗਵਾਸਾ।।
ਮੇਰੇ ਮਨ ਹਰਿ ਸੇਵਿਹੁ ਸੁਖਦਾਤਾ ਸੁਆਮੀ
ਜਿਸੁ ਸੇਵਿਐ ਸਭ ਭੁਖ ਲਹਾਸਾ।। ੧।।
ਮੇਰੇ ਮਨ ਹਰਿ ਊਪਰਿ ਕੀਜੈ ਭਰਵਾਸਾ।।
ਜਹ ਜਾਈਐ ਤਹ ਨਾਲਿ ਮੇਰਾ ਸੁਆਮੀ
ਹਰਿ ਅਪਨੀ ਪੈਜ ਰਖੈ ਜਨ ਦਾਸਾ।। ੧।। ਰਹਾਉ।।

(ਗੋਂਡ ਮ: ੪, ਆ. ਗ੍ਰੰ. ਪੰਨਾ ੮੬੦)

੨. ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ
ਤਾ ਮਨ ਚਿੰਦੇ ਅਨੇਕ ਅਨੇਕ ਫਲ ਪਾਈ।।
ਹਰਿ ਜਾਣੈ ਸਭੁ ਕਿਛੁ ਜੋ ਜੀਇ ਵਰਤੈ
ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ।।
ਹਰਿ ਤਿਸ ਕੀ ਆਸ ਕੀਜੈ ਮਨ ਮੇਰੇ
ਜੋ ਸਭ ਮਹਿ ਸੁਆਮੀ ਰਹਿਆ ਸਮਾਈ।। ੧।।
ਮੇਰੇ ਮਨ ਆਸਾ ਕਰਿ ਜਗਦੀਸ ਗੁਸਾਈ।।
ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ
ਸਾ ਨਿਹਫਲ ਆਸ ਸਭ ਬਿਰਥੀ ਜਾਈ।। ੧।। ਰਹਾਉ।।
ਜੋ ਦੀਸੈ ਮਾਇਆ ਮੋਹ ਕੁਟੰਬੁ ਸਭੁ
ਮਤ ਤਿਸ ਕੀ ਆਸ ਲਗਿ ਜਨਮੁ ਗਵਾਈ।।
ਇਨ੍ ਕੈ ਕਿਛੁ ਹਾਥਿ ਨਹੀ ਕਹਾ ਕਰਹਿ ਇਹਿ ਬਪੁੜੇ
ਇਨ੍ ਕਾ ਵਾਹਿਆ ਕਛੁ ਨ ਵਸਾਈ।।
ਮੇਰੇ ਮਨ ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ
ਜੋ ਤੁਝੁ ਤਾਰੈ ਤੇਰਾ ਕੁਟੰਬੁ ਸਭੁ ਛਡਾਈ।। ੨।।
ਜੇ ਕਿਛੁ ਆਸ ਅਵਰ ਕਰਹਿ ਪਰਮਿਤ੍ਰੀ
ਮਤ ਤੂੰ ਜਾਣਹਿ ਤੇਰੈ ਕਿਤੈ ਕੰਮਿ ਆਈ।।
ਇਹ ਆਸ ਪਰਮਿਤ੍ਰੀ ਭਾਉ ਦੂਜਾ ਹੈ

 www.sikhbookclub.com

ਖਿਨ ਮਹਿ ਝੂਠੁ ਬਿਨਸਿ ਸਭ ਜਾਈ।।
ਮੇਰੇ ਮਨ ਆਸਾ ਕਰਿ ਹਰਿ ਪ੍ਰੀਤਮ ਸਾਚੇ ਕੀ
ਜੋ ਤੇਰਾ ਘਾਲਿਆ ਸਭੁ ਥਾਇ ਪਾਈ।। ੩।।
(ਗੌਂਡ ਮ: ੪, ਆ. ਗ੍ਰੰ. ਪੰਨਾ ੮੫੯, ਆ. ਗ੍ਰੰ. ਪੰਨਾ ੮੫੯)

੧੩. ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ।। ਦੇਵਨ ਕਉ ਏਕੈ ਭਗਵਾਨੁ ।।
ਜਿਸ ਕੈ ਦੀਐ ਰਹੈ ਅਘਾਇ ।। ਬਹੁਰਿ ਨ ਤ੍ਰਿਸਨਾ ਲਾਗੈ ਆਇ ।।
ਮਾਰੈ ਰਾਖੈ ਏਕੋ ਆਪਿ ।। ਮਾਨੁਖ ਕੈ ਕਿਛੁ ਨਾਹੀ ਹਾਥਿ ।।
ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ।। ਤਿਸ ਕਾ ਨਾਮੁ ਰਖੁ ਕੰਠਿ ਪਰੋਇ ।।
ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ।। ਨਾਨਕ ਬਿਘਨੁ ਨ ਲਾਗੈ ਕੋਇ।।੧।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੮੧)

੧੪. ਮੁਕੰਦ ਮੁਕੰਦ ਜਪਹੁ ਸੰਸਾਰ।। ਬਿਨੁ ਮੁਕੰਦ ਤਨੁ ਹੋਇ ਅਉਹਾਰ ।।
ਸੋਈ ਮੁਕੰਦੁ ਮੁਕਤਿ ਕਾ ਦਾਤਾ।। ਸੋਈ ਮੁਕੰਦੁ ਹਮਰਾ ਪਿਤ ਮਾਤਾ ।।੧।।
ਜੀਵਤ ਮੁਕੰਦੇ ਮਰਤ ਮੁਕੰਦੇ ।।
ਤਾ ਕੇ ਸੇਵਕ ਕਉ ਸਦਾ ਅਨੰਦੇ।।੧।। ਰਹਾਉ।।
(ਗੌਂਡ ਸ੍ਰੀ ਰਵਿਦਾਸ ਜੀ, ਆ. ਗ੍ਰੰ. ਪੰਨਾ ੮੭੫)

੧੫. ਏਕੋ ਜਪੀਐ ਮਨੈ ਮਾਹਿ ਇਕਸ ਕੀ ਸਰਣਾਇ ।।
ਇਕਸੁ ਸਿਉ ਕਰਿ ਪਿਰਹੜੀ ਦੂਜੀ ਨਾਹੀ ਜਾਇ।।
ਇਕੋ ਦਾਤਾ ਮੰਗੀਐ ਸਭੁ ਕਿਛੁ ਪਲੈ ਪਾਇ ।।
ਮਨਿ ਤਨਿ ਸਾਸਿ ਗਿਰਾਸਿ ਪ੍ਰਭੁ ਇਕੋ ਇਕੁ ਧਿਆਇ ।।
(ਰਾਮਕਲੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੯੬੧)

੧੬. ਮਾਂਗਉ ਰਾਮ ਤੇ ਸਭਿ ਥੋਕ।।
ਮਾਨੁਖ ਕਉ ਜਾਚਤ ਸ੍ਰਮੁ ਪਾਈਐ ਪ੍ਰਭ ਕੈ ਸਿਮਰਨਿ ਮੋਖ।।੧।। ਰਹਾਉ।।
ਘੋਖੇ ਮੁਨਿ ਜਨ ਸਿੰਮ੍ਰਿਤਿ ਪੁਰਾਨਾਂ ਬੇਦ ਪੁਕਾਰਹਿ ਘੋਖ।।
ਕ੍ਰਿਪਾ ਸਿੰਧੁ ਸੇਵਿ ਸਚੁ ਪਾਈਐ ਦੋਵੈ ਸੁਹੇਲੇ ਲੋਕ ।।੧।।
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੮੨)

੧੭. ਬਿਸੰਭਰ ਜੀਅਨ ਕੋ ਦਾਤਾ ਭਗਤਿ ਭਰੇ ਭੰਡਾਰ ।।
ਜਾ ਕੀ ਸੇਵਾ ਨਿਫਲ ਨ ਹੋਵਤ ਖਿਨ ਮਹਿ ਕਰੇ ਉਧਾਰ।।੧।।

 www.sikhbookclub.com

ਮਨ ਮੇਰੇ ਚਰਨ ਕਮਲ ਸੰਗਿ ਰਾਚੁ।।
ਸਗਲ ਜੀਅ ਜਾ ਕਉ ਆਰਾਧਹਿ ਤਾਹੂ ਕਉ ਤੂੰ ਜਾਚੁ।। ੧।। ਰਹਾਉ।।
(ਗੂਜਰੀ ਮ: ੫, ਆ. ਗ੍ਰੰ. ਪੰਨਾ ੫੦੦)

੧੮. ਰੇ ਜੀਅ ਨਿਲਜ ਲਾਜ ਤੁੋਹਿ ਨਾਹੀ ।।
ਹਰਿ ਤਜਿ ਕਤ ਕਾਹੂ ਕੇ ਜਾਂਹੀ।। ੧।। ਰਹਾਉ।।
ਜਾ ਕੋ ਠਾਕੁਰੁ ਊਚਾ ਹੋਈ ।। ਸੋ ਜਨੁ ਪਰ ਘਰ ਜਾਤ ਨ ਸੋਹੀ।। ੧।।
ਸੋ ਸਾਹਿਬੁ ਰਹਿਆ ਭਰਪੂਰਿ ।। ਸਦਾ ਸੰਗਿ ਨਾਹੀ ਹਰਿ ਦੂਰਿ।। ੨।।
ਕਵਲਾ ਚਰਨ ਸਰਨ ਹੈ ਜਾ ਕੇ ।। ਕਹੁ ਜਨ ਕਾ ਨਾਹੀ ਘਰ ਤਾ ਕੇ।। ੩।।
ਸਭੁ ਕੋਊ ਕਹੈ ਜਾਸੁ ਕੀ ਬਾਤਾ ।। ਸੋ ਸੰਮ੍ਰਥੁ ਨਿਜ ਪਤਿ ਹੈ ਦਾਤਾ।। ੪।।
ਕਹੈ ਕਬੀਰੁ ਪੂਰਨ ਜਗ ਸੋਈ ।।
ਜਾ ਕੇ ਹਿਰਦੈ ਅਵਰੁ ਨ ਹੋਈ।। ੫।। ੩੮।।
(ਗਉੜੀ ਭੀ ਸੋਰਠਿ ਭੀ ਕਬੀਰ ਜੀ, ਆ. ਗ੍ਰੰ. ਪੰਨਾ ੨੩੦)

੧੯. ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ।।
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ।।
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ।।
ਪੂਰਨ ਜੋਤ ਜਗੈ ਘਟਿ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ।।੧।।
(ਸਵੱਯੇ ਪਾ: ੧੦)

SIKHBOOKCLUB.COM

# ਦੂਜਾ

**ਸ਼ਬਦ ਨੰ: ੩੧**

ਸੇਵਕ ਸਚੇ ਸਾਹ ਕੇ ਸੇਈ ਪਰਵਾਣੁ ॥
ਦੂਜਾ ਸੇਵਨਿ ਨਾਨਕਾ ਸੇ ਪਚਿ ਪਚਿ ਮੁਏ ਅਜਾਣ ॥੧॥
(ਗਉੜੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੩੧੫)

## ਦੂਜਾ ਸੇਵਨਿ ਨਾਨਕਾ ਸੇ ਪਚਿ ਪਚਿ ਮੁਏ ਅਜਾਣ

੧. ਕਹਤ ਸੁਨਤ ਕਿਛੁ ਸਾਂਤਿ ਨ ਉਪਜਤ ਬਿਨੁ ਬਿਸਾਸ ਕਿਆ ਸੇਖਾਂ॥
ਪ੍ਰਭੂ ਤਿਆਗਿ ਆਨ ਜੋ ਚਾਹਤ ਤਾ ਕੈ ਮੁਖਿ ਲਾਗੈ ਕਾਲੇਖਾ॥੧॥
(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੨੧)

੨. ਗੁਰ ਹਰਿ ਬਿਨੁ ਕੋ ਨ ਬ੍ਰਿਥਾ ਦੁਖੁ ਕਾਟੈ॥
ਪ੍ਰਭੁ ਤਜਿ ਅਵਰ ਸੇਵਕੁ ਜੋ ਹੋਈ ਹੈ
ਤਿਤੁ ਮਾਨੁ ਮਹਤੁ ਜਸੁ ਘਾਟੈ॥੧॥ ਰਹਾਉ॥
(ਗੂਜਰੀ ਮ: ੫, ਆ. ਗ੍ਰੰ. ਪੰਨਾ ੪੯੭)

SIKHBOOKCLUB.COM

੩. ਦੂਜੀ ਛੋਡਿ ਕੁਵਾਟੜੀ ਇਕਸ ਸਉ ਚਿਤੁ ਲਾਇ ॥
ਦੂਜੈ ਭਾਂਵੀ ਨਾਨਕਾ ਵਹਣਿ ਲੁੜ੍ਹੰਦੜੀ ਜਾਇ ॥੧੬॥
(ਸਲੋਕ ਵਾਰਾਂ ਤੋਂ ਵਧੀਕ ਮ: ੫, ਆ. ਗ੍ਰੰ. ਪੰਨਾ ੧੪੨੬)

੪. ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ॥
ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ ॥੧੦੮॥
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੦)

੫. ਸਚੇ ਬਾਝਹੁ ਕੋ ਅਵਰੁ ਨ ਦੂਆ॥ ਦੂਜੈ ਲਾਗਿ ਜਗੁ ਖਪਿ ਖਪਿ ਮੂਆ॥
ਗੁਰਮੁਖਿ ਹੋਵੈ ਸੁ ਏਕੋ ਜਾਣੈ ਏਕੋ ਸੇਵਿ ਸੁਖੁ ਪਾਵਣਿਆ॥੬॥
(ਮਾਝ ਮ: ੩, ਆ. ਗ੍ਰੰ. ਪੰਨਾ ੧੧੩)

੬. ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ॥
ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ॥

ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥ ੩ ॥
ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ ॥
ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ ॥
ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ ॥ ੪ ॥ ੧੦ ॥ ੪੩ ॥

(ਸ੍ਰੀ ਰਾਗੁ ਮ: ੩, ਆ. ਗ੍ਰੰ. ਪੰਨਾ ੩੦)

੭. ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥ ੨੪੨ ॥

(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੭)

੮. ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ ॥
ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ ਪਸੂ ਸਮਾਨਾ ॥ ੨ ॥
ਜੀਉ ਪਿੰਡੁ ਤਨੁ ਧਨੁ ਸਭੁ ਪ੍ਰਭ ਕਾ ਸਾਕਤ ਕਹਤੇ ਮੇਰਾ ॥
ਅਹੰਬੁਧਿ ਦੁਰਮਤਿ ਹੈ ਮੈਲੀ ਬਿਨੁ ਗੁਰ ਭਵਜਲਿ ਫੇਰਾ ॥ ੩ ॥

(ਭੈਰਉ ਮ: ੫, ਆ. ਗ੍ਰੰ. ਪੰਨਾ ੧੧੩੮)

੯. ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥
ਦੂਜੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥

(ਬਾਰਹ ਮਾਹਾ ਮਾਝ ਮ: ੫, ਆ. ਗ੍ਰੰ. ਪੰਨਾ ੧੩੪)

੧੦. ਮਾਟੀ ਤੇ ਜਿਨਿ ਸਾਜਿਆ ਕਰਿ ਦੁਰਲਭ ਦੇਹ ॥
ਅਨਿਕ ਛਿਦ੍ਰ ਮਨ ਮਹਿ ਢਕੇ ਨਿਰਮਲ ਦ੍ਰਿਸਟੇਹ ॥ ੧ ॥
ਕਿਉ ਬਿਸਰੈ ਪ੍ਰਭੁ ਮਨੈ ਤੇ ਜਿਸ ਕੇ ਗੁਣ ਏਹ ॥
ਪ੍ਰਭ ਤਜਿ ਰਚੇ ਜਿ ਆਨ ਸਿਉ ਸੋ ਰਲੀਐ ਖੇਹ ॥ ੧ ॥ ਰਹਾਉ ॥

(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੧੨)

੧੧. ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥ ੧ ॥
ਹਉ ਤਉ ਏਕੁ ਰਮਈਆ ਲੈਹਉ ॥
ਆਨ ਦੇਵ ਬਦਲਾਵਨਿ ਦੈਹਉ ॥ ੧ ॥ ਰਹਾਉ ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥ ੨ ॥
ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥ ੩ ॥
ਤੂ ਕਹੀਅਤ ਹੀ ਆਦਿ ਭਵਾਨੀ ॥
ਮੁਕਤਿ ਕੀ ਬਰੀਆ ਕਹਾ ਛਪਾਨੀ ॥ ੪ ॥

SIKHBOOKCLUB.COM

ਗੁਰਮਤਿ ਰਾਮ ਨਾਮ ਗਹੁ ਮੀਤਾ।।
ਪ੍ਰਣਵੈ ਨਾਮਾ ਇਉ ਕਹੈ ਗੀਤਾ।। ੫।। ੨।। ੬।।
(ਗੌਂਡ ਸ੍ਰੀ ਨਾਮਦੇਵ ਜੀ, ਆ. ਗ੍ਰੰ. ਪੰਨਾ , ਆ. ਗ੍ਰੰ. ਪੰਨਾ ੮੭੪)

੧੨. ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ ਜਾਇ।।
ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ।। ੧੦੭।।
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੦)

੧੩. ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ ।।
ਓਹੁ ਅਉਹਾਣੀ ਕਦੇ ਨਾਹਿ ਨਾ ਆਵੈ ਨਾ ਜਾਇ ।।
ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ।।
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ ।।
ਨਿਹਫਲੁ ਤਿਨ ਕਾ ਜੀਵਿਆ ਜਿ ਖਸਮੁ ਨ ਜਾਣਹਿ ਆਪਣਾ
ਅਵਰੀ ਕਉ ਚਿਤੁ ਲਾਇ ।।
ਨਾਨਕ ਏਵ ਨ ਜਾਪਈ ਕਰਤਾ ਕੇਤੀ ਦੇਇ ਸਜਾਇ ।। ੧।।
(ਗੂਜਰੀ ਕੀ ਵਾਰ ਮ: ੩, ਆ. ਗ੍ਰੰ. ਪੰਨਾ ੫੦੯)

SIKHBOOKCLUB.COM

੧੪. ਸਦਾ ਸਦਾ ਸਾਲਾਹੀਐ ਸਚੇ ਕਉ ਬਲਿ ਜਾਉ।।
ਨਾਨਕ ਏਕੁ ਛੋਡਿ ਦੂਜੈ ਲਗੈ ਸਾ ਜਿਹਵਾ ਜਲਿ ਜਾਉ।। ੨।।
(ਗੂਜਰੀ ਕੀ ਵਾਰ ਮ: ੩, ਆ. ਗ੍ਰੰ. ਪੰਨਾ ੫੧੬)

੧੫. ਬ੍ਰਹਮਾਦਿਕ ਸਿਵ ਛੰਦ ਮੁਨੀਸੁਰ ਰਸਕਿ ਰਸਕਿ ਠਾਕੁਰ ਗੁਨ ਗਾਵਤ।।
ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ ਧਰਣਿ ਗਗਨ ਆਵਤ ਫੁਨਿ ਧਾਵਤ।।
ਸਿਧ ਮਨੁਖ੍ਯ ਦੇਵ ਅਰੁ ਦਾਨਵ ਇਕੁ ਤਿਲੁ ਤਾ ਕੋ ਮਰਮੁ ਨ ਪਾਵਤ।।
ਪ੍ਰਿਅ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ ਹਰਿ ਜਨ ਤਾ ਕੈ ਦਰਸਿ ਸਮਾਵਤ।।
ਤਿਸਹਿ ਤਿਆਗਿ ਆਨ ਕਉ ਜਾਚਹਿ ਮੁਖ ਦੰਤ ਰਸਨ ਸਗਲ ਘਸਿ ਜਾਵਤ।।
ਰੇ ਮਨ ਮੂੜ ਸਿਮਰਿ ਸੁਖਦਾਤਾ ਨਾਨਕ ਦਾਸ ਤੁਝਹਿ ਸਮਝਾਵਤ।। ੭।।
(ਸਵੱਯੇ ਸ੍ਰੀ ਮੁਖਬਾਕ੍ਯ ਮ: ੫, ਆ. ਗ੍ਰੰ. ਪੰਨਾ ੧੩੮੮)

੧੬. ਰਾਜ ਤੇ ਕੀਟ ਕੀਟ ਤੇ ਸੁਰਪਤਿ ਕਰਿ ਦੋਖ ਜਠਰ ਕਉ ਭਰਤੇ।।
ਕ੍ਰਿਪਾ ਨਿਧਿ ਛੋਡਿ ਆਨ ਕਉ ਪੂਜਹਿ ਆਤਮ ਘਾਤੀ ਹਰਤੇ।। ੧।।
ਹਰਿ ਬਿਸਰਤ ਤੇ ਦੁਖਿ ਦੁਖਿ ਮਰਤੇ।।
ਅਨਿਕ ਬਾਰ ਭ੍ਰਮਹਿ ਬਹੁ ਜੋਨੀ ਟੇਕ ਨ ਕਾਹੂ ਧਰਤੇ।। ੧।। ਰਹਾਉ।।

ਤਿਆਗਿ ਸੁਆਮੀ ਆਨ ਕਉ ਚਿਤਵਤ ਮੂੜ ਮੁਗਧ ਖਲ ਖਰ ਤੇ॥
ਕਾਗਰ ਨਾਵ ਲੰਘਹਿ ਕਤ ਸਾਗਰੁ ਬ੍ਰਿਥਾ ਕਥਤ ਹਮ ਤਰਤੇ॥ ੨॥
(ਮਲਾਰ ਮ: ੫, ਆ. ਗ੍ਰੰ. ਪੰਨਾ ੧੨੬੭)

੧੭. ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥
(ਆਸਾ ਦੀ ਵਾਰ ਮ: ੫, ਆ. ਗ੍ਰੰ. ਪੰਨਾ ੪੭੦)

੧੮. ਸਤਿਗੁਰ ਸਾਹਿਬ ਛੱਡਿ ਕੈ ਮਨਮੁਖ ਹੋਇ ਬੰਦੇ ਦਾ ਬੰਦਾ ॥
ਹੁਕਮੀ ਬੰਦਾ ਹੋਇਕੈ ਨਿੱਤ ਉਠਿ ਜਾਇ ਸਲਾਮ ਕਰੰਦਾ॥
ਅਠ ਪਹਿਰ ਹੱਥ ਜੋੜਕੇ ਹੋਇ ਹਜੂਰੀ ਖੜਾ ਰਹੰਦਾ ॥
ਨੀਂਦ ਨ ਭੁੱਖ ਨ ਸੁੱਖ ਤਿਸ ਸੂਲੀ ਚੜ੍ਹਿਆ ਰਹੈ ਡਰੰਦਾ॥
ਪਾਣੀ ਪਾਲਾ ਧੁਪ ਛਾਉ ਸਿਰ ਉਤੇ ਝੱਲਿ ਦੁਖ ਸਹੰਦਾ॥
ਆਤਸ਼ਬਾਜ਼ੀਸਾਰ ਵੇਖ ਰਣ ਵਿਚ ਘਾਇਲ ਹੋਇ ਮਰੰਦਾ॥
ਗੁਰੁ ਪੂਰੇ ਵਿਣ ਜੂਨਿ ਭਵੰਦਾ॥ ੪॥
(ਵਾਰਾਂ ਭਾਈ ਗੁਰਦਾਸ ਜੀ)

੧੯. ਸਤਿਗੁਰ ਤੀਰਥ ਛੱਡਿਕੈ ਅਠਸਠਿ ਤੀਰਥ ਨ੍ਹਾਵਣ ਜਾਹੀਂ॥
ਬਗਲ ਸਮਾਧਿ ਲਗਾਇਕੈ ਜਿਉ ਜਲ ਜੰਤਾਂ ਘੁਟ ਘੁਟ ਖਾਹੀਂ॥
ਹਸਤੀ ਨੀਰ ਨ੍ਹਵਾਲੀਅਨਿ ਬਾਹਰ ਨਿੱਕਲ ਖੇਹ ਉਡਾਹੀਂ ॥
ਨਦੀ ਨ ਡੁਬੈ ਤੂੰਬੜੀ ਤੀਰਥ ਵਿੱਸ ਨਿਵਾਰੈ ਨਾਹੀਂ ॥
ਪੱਥਰ ਨੀਰ ਪਖਾਲੀਐ ਚਿੱਤ ਕਠੋਰ ਨ ਭਿੱਜੈ ਕਾਹੀਂ ॥
ਮਨਮੁਖ ਭਰਮ ਨ ਉੱਤਰੈ ਭੰਭਲਭੂਸੇ ਖਾਹਿ ਭਵਾਹੀਂ॥
ਗੁਰੁ ਪੂਰੇ ਵਿਣ ਪਾਰ ਨ ਪਾਹੀਂ॥ ੧੦॥ (ਵਾਰਾਂ ਭਾਈ ਗੁਰਦਾਸ ਜੀ)

੨੦. ਜੈਸੇ ਬਛੁਰਾ ਬਿਛੁਰ ਪਰੈ ਆਨ ਗਾਇ ਥਨ ਦੁਗਧ ਨ ਪਾਨ ਕਰੈ ਮਾਰਤ ਹੈ ਲਾਤ ਕੀ। ਜੈਸੇ ਮਾਨਸਰ ਤਿਆਗਿ ਹੰਸ ਆਨ ਸਰ ਜਾਤ ਖਾਤ ਨ ਮੁਕਤ ਫਲ ਭੁਗਤ ਜੁ ਗਾਤ ਕੀ। ਜੈਸੇ ਰਾਜ ਦੁਆਰ ਤਜਿ ਆਨ ਦੁਆਰ ਜਾਤੁ ਜਨੁ ਹਤ ਮਨੁ ਭੰਗੁ ਮਹਿਮਾ ਨ ਕਾਹੂ ਬਾਤ ਕੀ। ਤੈਸੇ ਗੁਰ ਸਿਖ ਆਨ ਦੇਵ ਕੀ ਸ਼ਰਨਿ ਜਾਤਿ ਰਹਿਓ ਨ ਪਰਤ ਰਾਖਿ ਸਕਤ ਨ ਪਾਤਕੀ।
(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

# ਬੁਤ ਪੂਜਾ

**ਸ਼ਬਦ ਨੰ: ੩੨**

ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ ॥
ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ ॥੧੩੬॥
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੧)

## ਜੋ ਪਾਥਰ ਕੋ ਕਹਤੇ ਦੇਵ ਤਾ ਕੀ ਬਿਰਥਾ ਹੋਵੈ ਸੇਵ

੧. ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ॥
ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ ॥੧੩੫॥
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੧)

੨. ਭਰਮਿ ਭੂਲੇ ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ ਫੂਲ ਤੋਰਾਵੈ॥
ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ॥ ੩॥
(ਮਲਾਰ ਮ: ੪, ਆ. ਗ੍ਰੰ. ਪੰਨਾ ੧੨੬੪)

੩. ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ॥ ੬॥
(ਸੋਰਠਿ ਮ: ੧, ਆ. ਗ੍ਰੰ. ਪੰਨਾ ੬੩੭)

੪. ਜੋ ਪਾਥਰ ਕਉ ਕਹਤੇ ਦੇਵ॥ ਤਾ ਕੀ ਬਿਰਥਾ ਹੋਵੈ ਸੇਵ॥
ਜੋ ਪਾਥਰ ਕੀ ਪਾਂਈ ਪਾਇ॥ ਤਿਸ ਕੀ ਘਾਲ ਅਜਾਂਈ ਜਾਇ॥ ੧॥
ਠਾਕੁਰੁ ਹਮਰਾ ਸਦ ਬੋਲੰਤਾ॥
ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ॥ ੧॥ ਰਹਾਉ॥
ਅੰਤਰਿ ਦੇਉ ਨ ਜਾਨੈ ਅੰਧੁ॥ ਭ੍ਰਮ ਕਾ ਮੋਹਿਆ ਪਾਵੈ ਫੰਧੁ॥
ਨ ਪਾਥਰੁ ਬੋਲੈ ਨਾ ਕਿਛੁ ਦੇਇ॥ ਫੋਕਟ ਕਰਮ ਨਿਹਫਲ ਹੈ ਸੇਵ॥ ੨॥
(ਭੈਰਉ ਕਬੀਰ ਜੀ, ਮਹਲਾ ੫, ਆ. ਗ੍ਰੰ. ਪੰਨਾ ੧੧੬੦)

੫. ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥ ਨਾਰਦਿ ਕਹਿਆ ਸਿ ਪੂਜ ਕਰਾਂਹੀ॥
ਅੰਧੇ ਗੁੰਗੇ ਅੰਧ ਅੰਧਾਰੁ॥ ਪਾਥਰੁ ਲੇ ਪੂਜਹਿ ਮੁਗਧ ਗਵਾਰ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥ ੨॥
(ਬਿਹਾਗੜੇ ਕੀ ਵਾਰ ਮ: ੧, ਆ. ਗ੍ਰੰ. ਪੰਨਾ ੫੫੬)


www.sikhbookclub.com

੬. ਘਰ ਮਹਿ ਠਾਕੁਰੁ ਨਦਰਿ ਨ ਆਵੈ॥
ਗਲ ਮਹਿ ਪਾਹਣੁ ਲੈ ਲਟਕਾਵੈ॥੧॥
ਭਰਮੇ ਭੂਲਾ ਸਾਕਤੁ ਫਿਰਤਾ॥
ਨੀਰੁ ਬਿਰੋਲੈ ਖਪਿ ਖਪਿ ਮਰਤਾ॥੧॥ ਰਹਾਉ॥
ਜਿਸੁ ਪਾਹਣ ਕਉ ਠਾਕੁਰੁ ਕਹਤਾ॥
ਓਹੁ ਪਾਹਣੁ ਲੈ ਉਸ ਕਉ ਡੁਬਤਾ॥੨॥
ਗੁਨਹਗਾਰ ਲੂਣ ਹਰਾਮੀ॥ ਪਾਹਣ ਨਾਵ ਨ ਪਾਰਗਿਰਾਮੀ॥੩॥
ਗੁਰ ਮਿਲਿ ਨਾਨਕ ਠਾਕੁਰੁ ਜਾਤਾ॥
ਜਲਿ ਥਲਿ ਮਹੀਅਲਿ ਪੂਰਨ ਬਿਧਾਤਾ॥੪॥੩॥੯॥
(ਸੂਹੀ ਮਹਲਾ ੫, ਆ. ਗ੍ਰੰ. ਪੰਨਾ ੭੩੯)

੭. ਘਰਿ ਨਾਰਾਇਣੁ ਸਭਾ ਨਾਲਿ॥ ਪੂਜ ਕਰੇ ਰਖੈ ਨਾਵਾਲਿ॥
ਕੁੰਗੂ ਚੰਨਣੁ ਫੁਲ ਚੜਾਏ॥ ਪੈਰੀ ਪੈ ਪੈ ਬਹੁਤੁ ਮਨਾਏ॥
ਮਾਣੂਆ ਮੰਗਿ ਮੰਗਿ ਪੈਨ੍ਹੈ ਖਾਇ॥ ਅੰਧੀ ਕੰਮੀ ਅੰਧ ਸਜਾਇ॥
ਭੁਖਿਆ ਦੇਇ ਨ ਮਰਦਿਆ ਰਖੈ॥ ਅੰਧਾ ਝਗੜਾ ਅੰਧੀ ਸਥੈ॥੧॥
(ਸਾਰੰਗ ਕੀ ਵਾਰ ਮ: ੧, ਆ. ਗ੍ਰੰ. ਪੰਨਾ ੧੨੪੦)

੮. ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥੧॥
ਭੂਲੀ ਮਾਲਨੀ ਹੈ ਏਉ॥ ਸਤਿਗੁਰੁ ਜਾਗਤਾ ਹੈ ਦੇਉ॥੧॥ ਰਹਾਉ॥
ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰ ਦੇਉ॥
ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ॥੨॥
ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ॥
ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ॥੩॥
ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ॥
ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ॥੪॥
ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ॥
ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ॥੫॥੧॥੧੪॥
(ਆਸਾ ਕਬੀਰ ਜੀ, ਆ. ਗ੍ਰੰ. ਪੰਨਾ ੪੭੯)

# ਕਰਤਾ ਕਰਨੇਹਾਰ

## ਸ਼ਬਦ ਨੰ: ੩੩

ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ।। ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ।। ੧।। ਰਹਾਉ।। ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ।। ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ।। ੧।। ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ।। ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ।। ੨।। ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ।। ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ।। ੩।। ੩।। (ਆਸਾ ਭਗਤ ਧੰਨਾ ਜੀ, ਆ. ਗ੍ਰੰ. ਪੰਨਾ ੪੮੮)

## ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ

SIKHBOOKCLUB.COM

੧. ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ।।
ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ।।
(ਆਸਾ ਦੀ ਵਾਰ ਮ: ੧, ਆ. ਗ੍ਰੰ. ਪੰਨਾ ੪੬੯)

੨. ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ।।
ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ ਮਤਾਤ।। ੧।।
ਸਿਆਨਪ ਕਾਹੂ ਕਾਮਿ ਨ ਆਤ।।
ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ।। ੧।। ਰਹਾਉ।।
(ਗੂਜਰੀ ਮ: ੫, ਆ. ਗ੍ਰੰ. ਪੰਨਾ ੪੯੬)

੩. ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ।।
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ।। ੨।।
(ਸੋਰਠਿ ਵਾਰ, ਮ: ੨, ਆ. ਗ੍ਰੰ. ਪੰਨਾ ੬੫੩)

੪. ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ।।
ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ।। ੭੪।।
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੬੮)

੫. ਨਾ ਕੋ ਚਤੁਰੁ ਨਾਹੀ ਕੋ ਮੂੜਾ।। ਨਾ ਕੋ ਹੀਣੁ ਨਾਹੀ ਕੋ ਸੂਰਾ।।
ਜਿਤੁ ਕੋ ਲਾਇਆ ਤਿਤ ਹੀ ਲਾਗਾ।।
ਸੋ ਸੇਵਕੁ ਨਾਨਕ ਜਿਸੁ ਭਾਗਾ।। ੮।। ੬।।

(ਗਉੜੀ ਮ: ੫, ਆ. ਗ੍ਰੰ. ਪੰਨਾ ੨੩੮)

੬. ਆਪੇ ਕਰਿ ਕਰਿ ਵੇਖਦਾ ਆਪੇ ਸਭੁ ਸਚਾ ।।
ਜੋ ਹੁਕਮੁ ਨ ਬੂਝੈ ਖਸਮ ਕਾ ਸੋਈ ਨਰੁ ਕਚਾ ।।
ਜਿਤੁ ਭਾਵੈ ਤਿਤੁ ਲਾਇਦਾ ਗੁਰਮੁਖਿ ਹਰਿ ਸਚਾ ।।
ਸਭਨਾ ਕਾ ਸਾਹਿਬੁ ਏਕੁ ਹੈ ਗੁਰ ਸਬਦੀ ਰਚਾ ।।
ਗੁਰਮੁਖਿ ਸਦਾ ਸਲਾਹੀਐ ਸਭਿ ਤਿਸ ਦੇ ਜਚਾ ।।
ਜਿਉ ਨਾਨਕ ਆਪਿ ਨਚਾਇਦਾ ਤਿਵ ਹੀ ਕੋ ਨਚਾ।। ੨੨।। ੧।। ਸੁਧੁ।।

(ਮਾਰੂ ਵਾਰ ਮ: ੩, ਆ. ਗ੍ਰੰ. ਪੰਨਾ ੧੦੯੪)

੭. ਆਪੇ ਗੁਰੁ ਚੇਲਾ ਹੈ ਆਪੇ ਆਪੇ ਗੁਣੀ ਨਿਧਾਨਾ ।।
ਜਿਉ ਆਪਿ ਚਲਾਏ ਤਿਵੈ ਕੋਈ ਚਾਲੈ ਜਿਉ ਹਰਿ ਭਾਵੈ ਭਗਵਾਨਾ।। ੩।।

(ਬਿਲਾਵਲੁ ਮ: ੩, ਆ. ਗ੍ਰੰ. ਪੰਨਾ ੭੯੭)

SIKHBOOKCLUB.COM

੮. ਆਪੇ ਕਾਸਟ ਆਪਿ ਹਰਿ ਪਿਆਰਾ ਵਿਚਿ ਕਾਸਟ ਅਗਨਿ ਰਖਾਇਆ।।
ਆਪੇ ਹੀ ਆਪਿ ਵਰਤਦਾ ਪਿਆਰਾ ਭੈ ਅਗਨਿ ਨ ਸਕੈ ਜਲਾਇਆ।।
ਆਪੇ ਮਾਰਿ ਜੀਵਾਇਦਾ ਪਿਆਰਾ ਸਾਹ ਲੈਦੇ ਸਭਿ ਲਵਾਇਆ।। ੩।।
ਆਪੇ ਤਾਣੁ ਦੀਬਾਣੁ ਹੈ ਪਿਆਰਾ ਆਪੇ ਕਾਰੈ ਲਾਇਆ ।।
ਜਿਉ ਆਪਿ ਚਲਾਏ ਤਿਉ ਚਲੀਐ ਪਿਆਰੇ ਜਿਉ ਹਰਿ ਪ੍ਰਭ ਮੇਰੇ ਭਾਇਆ।।
ਆਪੇ ਜੰਤੀ ਜੰਤੁ ਹੈ ਪਿਆਰਾ ਜਨ ਨਾਨਕ ਵਜਹਿ ਵਜਾਇਆ।। ੪।। ੪।।

(ਸੋਰਠਿ ਮ: ੪, ਆ. ਗ੍ਰੰ. ਪੰਨਾ ੬੦੬)

੯. ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ।।
ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ ।। ੩।।

(ਆਸਾ ਮ: ੫, ਆ. ਗ੍ਰੰ. ਪੰਨਾ ੩੯੬)

੧੦. ਕਬੀਰ ਜੋ ਮੈ ਚਿਤਵਉ ਨਾ ਕਰੈ ਕਿਆ ਮੇਰੇ ਚਿਤਵੇ ਹੋਇ ।।
ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨ ਹੋਇ ।। ੨੧੯।।

(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੬)

੧੧. ਅਨਿਕ ਉਪਾਵ ਚਿਤਵੀਅਹਿ ਬਹੁਤੇਰੇ ਸਾ ਹੋਵੈ ਜਿ ਬਾਤ ਹੋਵੈਨੀ ॥
ਅਪਨਾ ਭਲਾ ਸਭੁ ਕੋਈ ਬਾਛੈ ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ ॥ ੨ ॥
(ਬਿਲਾਵਲ ਮ: ੪, ਆ. ਗ੍ਰੰ. ਪੰਨਾ ੮੦੦)

੧੨. ਸਰਬ ਨਿਧਾਨ ਪ੍ਰਭ ਤੇਰੀ ਮਇਆ ॥ ਆਪਹੁ ਕਛੂ ਨ ਕਿਨਹੂ ਲਇਆ ॥
ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ ॥
ਨਾਨਕ ਇਨ ਕੈ ਕਛੂ ਨ ਹਾਥ ॥ ੮ ॥ ੬ ॥
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੭੧)

# ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ

੧. ਮਿਹਰਵਾਨੁ ਸਾਹਿਬੁ ਮਿਹਰਵਾਨੁ ॥ ਸਾਹਿਬੁ ਮੇਰਾ ਮਿਹਰਵਾਨੁ ॥
ਜੀਅ ਸਗਲ ਕਉ ਦੇਇ ਦਾਨ ॥ ਰਹਾਉ ॥
ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥
ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥ ੧ ॥
ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥
ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥ ੨ ॥
(ਤਿਲੰਗ ਮ: ੫, ਆ. ਗ੍ਰੰ. ਪੰਨਾ ੭੨੪)

੨. ਕਿਆ ਤੂ ਸੋਚਹਿ ਕਿਆ ਤੂ ਚਿਤਵਹਿ ਕਿਆ ਤੂੰ ਕਰਹਿ ਉਪਾਏ ॥
ਤਾ ਕਉ ਕਹਹੁ ਪਰਵਾਹ ਕਾਹੂ ਕੀ ਜਿਹ ਗੋਪਾਲ ਸਹਾਏ ॥ ੧ ॥
(ਮਲਾਰ ਮ: ੫, ਆ. ਗ੍ਰੰ. ਪੰਨਾ ੧੨੬੬)

੩. ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥
ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ੧ ॥
ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥
ਗੁਰਪਰਸਾਦਿ ਪਰਮਪਦੁ ਪਾਇਆ ਸੂਕੇ ਕਾਸਟ ਹਰਿਆ ॥ ੧ ॥ ਰਹਾਉ ॥
ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥
ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥ ੨ ॥
ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥ ੩ ॥
(ਗੂਜਰੀ ਮ: ੫, ਆ. ਗ੍ਰੰ. ਪੰਨਾ ੧੦)


www.sikhbookclub.com

੪. ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥
ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥
ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥
ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥
ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥
ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥
ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥
ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ ॥
ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥ ੧ ॥
(ਆਸਾ ਦੀ ਵਾਰ ਮ: ੧, ਆ. ਗ੍ਰੰ. ਪੰਨਾ ੪੬੭)

੫. ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥
ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ ॥
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ ॥
ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ ॥
ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ ॥
ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ ॥ ੧ ॥
(ਰਾਮਕਲੀ ਕੀ ਵਾਰ ਮ: ੨, ਆ. ਗ੍ਰੰ. ਪੰਨਾ ੯੫੫)

੬. ਭੰਨਣ ਘੜਣ ਸਮਰਥੁ ਹੈ ਓਪਤਿ ਸਭ ਪਰਲੈ ॥
ਕਰਣ ਕਾਰਣ ਸਮਰਥੁ ਹੈ ਘਟਿ ਘਟਿ ਸਭ ਬੋਲੈ ॥
ਰਿਜਕੁ ਸਮਾਹੇ ਸਭਸੈ ਕਿਆ ਮਾਣਸੁ ਡੋਲੈ ॥
(ਮਾਰੂ ਵਾਰ ਡਖਣੇ ਮ: ੫, ਆ. ਗ੍ਰੰ. ਪੰਨਾ ੧੧੦੨)

੭. ਲਖ ਚਉਰਾਸੀਹ ਜੀਅ ਉਪਾਏ ॥ ਗਿਆਨੀ ਧਿਆਨੀ ਆਖਿ ਸੁਣਾਏ ॥
ਸਭਨਾ ਰਿਜਕੁ ਸਮਾਹੇ ਆਪੇ ਕੀਮਤਿ ਹੋਰ ਨ ਹੋਈ ਹੇ ॥ ੨ ॥
(ਮਾਰੂ ਸੋਲਹੇ ਮ: ੩, ਆ. ਗ੍ਰੰ. ਪੰਨਾ ੧੦੪੫)

੮. ਮਨ ਭੁਖਾ ਭੁਖਾ ਮਤ ਕਰਹਿ ਮਤ ਤੂ ਕਰਹਿ ਪੂਕਾਰ ॥
ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰੁ ॥

ਨਿਰਭਉ ਸਦਾ ਦਇਆਲੁ ਹੈ ਸਭਨਾ ਕਰਦਾ ਸਾਰ ॥
ਨਾਨਕ ਗੁਰਮੁਖਿ ਬੁਝੀਐ ਪਾਈਐ ਮੋਖ ਦੁਆਰੁ ॥੫॥੩॥੩੬॥
(ਸ੍ਰੀ ਰਾਗੁ ਮ: ੩, ਆ. ਗ੍ਰੰ. ਪੰਨਾ ੨੭)

੯. ਕਲਾ ਉਪਾਇ ਧਰੀ ਜਿਨਿ ਧਰਣਾ॥ ਗਗਨੁ ਰਹਾਇਆ ਹੁਕਮੇ ਚਰਣਾ॥
ਅਗਨਿ ਉਪਾਇ ਈਧਨ ਮਹਿ ਬਾਧੀ ਸੋ ਪ੍ਰਭੁ ਰਾਖੈ ਭਾਈ ਹੇ॥੧॥
ਜੀਅ ਜੰਤ ਕਉ ਰਿਜਕੁ ਸੰਬਾਹੇ॥ ਕਰਣ ਕਾਰਣ ਸਮਰਥ ਆਪਾਹੇ॥
ਖਿਨ ਮਹਿ ਥਾਪਿ ਉਥਾਪਨਹਾਰਾ ਸੋਈ ਤੇਰਾ ਸਹਾਈ ਹੇ॥੨॥
ਮਾਤ ਗਰਭ ਮਹਿ ਜਿਨਿ ਪ੍ਰਤਿਪਾਲਿਆ॥
ਸਾਸਿ ਗ੍ਰਾਸਿ ਹੋਇ ਸੰਗਿ ਸਮਾਲਿਆ॥
ਸਦਾ ਸਦਾ ਜਪੀਐ ਸੋ ਪ੍ਰੀਤਮੁ ਵਡੀ ਜਿਸੁ ਵਡਿਆਈ ਹੇ ॥੩॥
(ਮਾਰੂ ਮ: ੫, ਸੋਲਹੇ, ਆ. ਗ੍ਰੰ. ਪੰਨਾ ੧੦੭੧)

SIKHBOOKCLUB.COM

# ਨਿਮਾਣਿਆ ਦਾ ਮਾਣੁ

## ਸ਼ਬਦ ਨੰ: ੩੪

ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ।। ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆ ਧਾਰੀ।। ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ।। ੧।। ਹਰਿ ਜੀਉ ਨਿਮਾਣਿਆ ਤੂ ਮਾਣੁ।। ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ।। ਰਹਾਉ।। ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ।। ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ।। ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ।। ੨।। ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ।। ਕਹਣੈ ਕਥਨਿ ਨ ਭੀਜੈ ਗੋਬਿੰਦੁ ਹਰਿ ਭਾਵੈ ਪੈਜ ਰਖਾਈਐ।। ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ।। ੩।। ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨੰਤੀ।। ਪੂਰਾ ਸਤਗੁਰੁ ਮੇਲਿ ਮਿਲਾਵੈ ਸਭ ਚੂਕੈ ਮਨ ਕੀ ਚਿੰਤੀ।। ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ।। ੪।। ੧੨।। ੬੨।।

(ਸੋਰਠਿ ਮ: ੫, ਆ. ਗ੍ਰੰ. ਪੰਨਾ ੬੨੪)

## ਹਰਿ ਜੀਉ ਨਿਮਾਣਿਆ ਤੂ ਮਾਣੁ

੧. ਖਿਨ ਮਹਿ ਨੀਚ ਕੀਟ ਕਉ ਰਾਜ ।। ਪਾਰਬ੍ਰਹਮ ਗਰੀਬ ਨਿਵਾਜ ।।
ਜਾ ਕਾ ਦ੍ਰਿਸਟਿ ਕਛੂ ਨ ਆਵੈ।। ਤਿਸੁ ਤਤਕਾਲ ਦਹ ਦਿਸ ਪ੍ਰਗਟਾਵੈ।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੭੭)

੨. ਜਾ ਕੀ ਦ੍ਰਿਸਟਿ ਦੂਖ ਡੇਰਾ ਢਹੈ ।। ਅੰਮ੍ਰਿਤ ਨਾਮੁ ਸੀਤਲੁ ਮਨਿ ਗਹੈ ।।
ਅਨਿਕ ਭਗਤ ਜਾ ਕੇ ਚਰਨ ਪੂਜਾਰੀ।। ਸਗਲ ਮਨੋਰਥ ਪੂਰਨਹਾਰੀ।। ੨।।
ਖਿਨ ਮਹਿ ਊਣੇ ਸੁਭਰ ਭਰਿਆ ।। ਖਿਨ ਮਹਿ ਸੂਕੇ ਕੀਨੇ ਹਰਿਆ ।।
ਖਿਨ ਮਹਿ ਨਿਥਾਵੇ ਕਉ ਦੀਨੋ ਥਾਨੁ ।।
ਖਿਨ ਮਹਿ ਨਿਮਾਣੇ ਕਉ ਦੀਨੋ ਮਾਨੁ ।। ੩।।
(ਭੈਰਉ ਮ: ੫, ਆ. ਗ੍ਰੰ. ਪੰਨਾ ੧੧੪੨)

 www.sikhbookclub.com

੩. ਰੰਕ ਤੇ ਰਾਉ ਕਰਤ ਖਿਨ ਭੀਤਰਿ ਪ੍ਰਭੁ ਮੇਰੋ ਅਨਾਥ ਕੋ ਨਾਥ।।
ਜਲਤ ਅਗਨਿ ਮਹਿ ਜਨ ਆਪਿ ਉਧਾਰੇ ਕਰਿ ਅਪੁਨੇ ਦੇ ਰਾਖੇ ਹਾਥ।।੧।।
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੮)

੪. ਹਰਿ ਜੀਉ ਨਿਮਾਣਿਆ ਤੂ ਮਾਣੁ ।।
ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ
ਤੇਰੀ ਕੁਦਰਤਿ ਕਉ ਕੁਰਬਾਣੁ।। ਰਹਾਉ।।
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੨੪)

੫. ਰੋਗੀ ਕਾ ਪ੍ਰਭ ਖੰਡਹੁ ਰੋਗੁ।। ਦੁਖੀਏ ਕਾ ਮਿਟਾਵਹੁ ਪ੍ਰਭ ਸੋਗੁ।।
ਨਿਥਾਵੇ ਕਉ ਤੁਮ੍ਹ ਥਾਨਿ ਬੈਠਾਵਹੁ।।
ਦਾਸ ਅਪਨੇ ਕਉ ਭਗਤੀ ਲਾਵਹੁ।।੨।।
ਨਿਮਾਣੇ ਕਉ ਪ੍ਰਭ ਦੇਤੋ ਮਾਨੁ।। ਮੂੜ ਮੁਗਧੁ ਹੋਇ ਚਤੁਰ ਸੁਗਿਆਨੁ।।
ਸਗਲ ਭਇਆਨ ਕਾ ਭਉ ਨਸੈ।। ਜਨ ਅਪਨੇ ਕੈ ਹਰਿ ਮਨਿ ਬਸੈ।।੩।।
(ਭੈਰਉ ਮ: ੫, ਆ. ਗ੍ਰੰ. ਪੰਨਾ ੧੧੪੬)

੬. ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ।।
ਦੀਨ ਦਰਦ ਦੁਖ ਭੰਜਨ ਸੁਆਮੀ ਜਿਸੁ ਭਾਵੈ ਤਿਸਹਿ ਨਿਵਾਜੈ ਰੇ।।੨।।
(ਗਉੜੀ ਮ: ੫, ਆ. ਗ੍ਰੰ. ਪੰਨਾ ੨੦੯)

SIKHBOOKCLUB.COM

੭. ਅਨਾਥਾ ਕੋ ਨਾਥੁ ਸਰਬ ਪ੍ਰਤਿਪਾਲਕੁ ਭਗਤਿ ਵਛਲੁ ਹਰਿ ਨਾਉ।।
ਜਾ ਕਉ ਕੋਇ ਨ ਰਾਖੈ ਪ੍ਰਾਣੀ ਤਿਸੁ ਤੂ ਦੇਹਿ ਅਸਰਾਉ ।।੧।।
ਨਿਧਰਿਆ ਧਰ ਨਿਗਤਿਆ ਗਤਿ ਨਿਥਾਵਿਆ ਤੂ ਥਾਉ।।
ਦਹ ਦਿਸ ਜਾਂਉ ਤਹਾਂ ਤੂ ਸੰਗੇ ਤੇਰੀ ਕੀਰਤਿ ਕਰਮ ਕਮਾਉ।।੨।।
(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੦੨)

੮. ਨਿਰਧਨ ਕਉ ਧਨੁ ਤੇਰੋ ਨਾਉ ।। ਨਿਥਾਵੇ ਕਉ ਨਾਉ ਤੇਰਾ ਥਾਉ ।।
ਨਿਮਾਨੇ ਕਉ ਪ੍ਰਭ ਤੇਰੋ ਮਾਨੁ ।। ਸਗਲ ਘਟਾ ਕਉ ਦੇਵਹੁ ਦਾਨੁ ।।
ਕਰਨ ਕਰਾਵਨਹਾਰ ਸੁਆਮੀ ।। ਸਗਲ ਘਟਾ ਕੇ ਅੰਤਰਜਾਮੀ ।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੬੬)

੯. ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ।।
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ।।
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ।।
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ।।੧।।

ਸਾਹਿਬੁ ਨਿਤਾਣਿਆ ਕਾ ਤਾਣੁ ॥
ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ ॥ ੧ ॥ ਰਹਾਉ ॥
(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੭੦)

੧੦. ਆਪੇ ਸ੍ਰਿਸਟਿ ਉਪਾਇਦਾ ਪਿਆਰਾ ਕਰਿ ਸੂਰਜੁ ਚੰਦੁ ਚਾਨਾਣੁ ॥
ਆਪਿ ਨਿਤਾਣਿਆ ਤਾਣੁ ਹੈ ਪਿਆਰਾ ਆਪਿ ਨਿਮਾਣਿਆ ਮਾਣੁ ॥
ਆਪਿ ਦਇਆ ਕਰਿ ਰਖਦਾ ਪਿਆਰਾ ਆਪੇ ਸੁਘੜੁ ਸੁਜਾਣੁ ॥ ੧ ॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੦੬)

੧੧. ਜਾ ਕੈ ਮਸਤਕਿ ਰਾਖੈ ਹਾਥੁ ॥ ਪ੍ਰਭੁ ਮੇਰੋ ਅਨਾਥ ਕੋ ਨਾਥੁ ॥
ਪਤਿਤ ਉਧਾਰਣੁ ਕ੍ਰਿਪਾ ਨਿਧਾਨੁ ॥ ਸਦਾ ਸਦਾ ਜਾਈਐ ਕੁਰਬਾਨੁ ॥ ੨ ॥
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੯੦੦)

੧੨. ਤੁਮ ਹੋ ਸਭ ਰਾਜਨ ਕੇ ਰਾਜਾ ॥ ਆਪੇ ਆਪਿ ਗਰੀਬ ਨਿਵਾਜਾ ॥
ਦਾਸ ਜਾਨ ਕਰਿ ਕਿਰਪਾ ਕਰਹੁ ਮੋਹਿ ॥
ਹਾਰਿ ਪਰਾ ਮੈ ਆਨ ਦੁਆਰਿ ਤੋਹਿ ॥ (ਚੌਪਈ ਪਾ: ੧੦)

## ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ....

੧. ਸੇਵਹੁ ਸਤਿਗੁਰ ਦੇਵ ਅਗੈ ਨ ਮਰਹੁ ਡਰਿ ॥
ਖਿਨ ਮਹਿ ਕਰੇ ਨਿਹਾਲੁ ਊਣੇ ਸੁਭਰ ਭਰਿ ॥
(ਗੂਜਰੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੫੧੯)

੨. ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥
ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥
ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥
(ਮਾਝ ਕੀ ਵਾਰ ਸਲੋਕ ਮ: ੧, ਆ. ਗ੍ਰੰ. ਪੰਨਾ ੧੪੪)

੩. ਊਚਾ ਤੇ ਫੁਨਿ ਨੀਚੁ ਕਰਤੁ ਹੈ ਨੀਚ ਕਰੈ ਸੁਲਤਾਨੁ ॥
ਜਿਨੀ ਜਾਣੁ ਸੁਜਾਣਿਆ ਜਗਿ ਤੇ ਪੂਰੇ ਪਰਵਾਣੁ ॥ ੨ ॥
(ਪ੍ਰਭਾਤੀ ਮ: ੧, ਆ. ਗ੍ਰੰ. ਪੰਨਾ ੧੩੨੯)

੪. ਊਚੇ ਤੇ ਨੀਚਾ ਕਰੈ ਨੀਚ ਖਿਨ ਮਹਿ ਥਾਪੈ ॥
ਕੀਮਤਿ ਕਹੀ ਨ ਜਾਈਐ ਠਾਕੁਰ ਪਰਤਾਪੈ ॥ ੨ ॥
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੧੩)

੫. ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥
ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥ ੩॥
ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥
ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ॥ ੪॥ ੨॥
(ਸਾਰੰਗ ਕਬੀਰ ਜੀ, ਆ. ਗ੍ਰੰ. ਪੰਨਾ ੧੨੫੨)

੬. ਧੀਰਉ ਦੇਖਿ ਤੁਮ੍ਹਾਰੇ ਰੰਗਾ॥
ਤੁਹੀ ਸੁਆਮੀ ਅੰਤਰਜਾਮੀ ਤੂਹੀ ਵਸਹਿ ਸਾਧ ਕੈ ਸੰਗਾ॥ ੧॥ ਰਹਾਉ॥
ਖਿਨ ਮਹਿ ਥਾਪਿ ਨਿਵਾਜੇ ਠਾਕੁਰ ਨੀਚ ਕੀਟ ਤੇ ਕਰਹਿ ਰਾਜੰਗਾ॥ ੧॥
ਕਬਹੂ ਨ ਬਿਸਰੈ ਹੀਏ ਮੋਰੇ ਤੇ ਨਾਨਕ ਦਾਸ ਇਹੀ ਦਾਨੁ ਮੰਗਾ॥ ੨॥
੧੫॥ ੧੦੧॥ (ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੪)

੭. ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥ ੧॥
(ਆਸਾ ਸ੍ਰੀ ਰਵਿਦਾਸ ਜੀ, ਆ. ਗ੍ਰੰ. ਪੰਨਾ ੪੮੬)

੮. ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥ ੧॥ ਰਹਾਉ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥ ੧॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥ ੨॥ ੧॥
(ਮਾਰੂ ਸ੍ਰੀ ਰਵਿਦਾਸ ਜੀਉ, ਆ. ਗ੍ਰੰ. ਪੰਨਾ ੧੧੦੬)

੯. ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ ੧॥ ਰਹਾਉ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥ ੧॥
(ਮ: ੫, ਆਸਾ ਧੰਨਾ ਜੀ, ਆ. ਗ੍ਰੰ. ਪੰਨਾ ੪੮੭)

੧੦. ਮੂਕ ਊਚਰੈ ਸਾਸਤ੍ਰ ਖਟਿ ਪਿੰਗ ਗਿਰਨ ਚੜਿ ਜਾਇ॥
ਅੰਧ ਲਖੈ ਬਦਰੋ ਸੁਨੈ ਜੌ ਕਾਲ ਕ੍ਰਿਪਾ ਕਰਾਇ ॥ ੨॥
(ਬਚਿਤ੍ਰ ਨਾਟਕ ਪਾ: ੧੦)

 www.sikhbookclub.com

# ਹਾਜਿਰਾ ਹਜੂਰਿ

## ਸ਼ਬਦ ਨੰ: ੩੫

ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ।। ਦੂਖੁ ਦਰਦੁ ਰੋਗੁ ਮਾਇ ਮੈਡਾ ਹਭੁ ਨਸੈ।। ੧।। ਹਉ ਵੰਞਾ ਕੁਰਬਾਣੁ ਸਾਈ ਆਪਣੇ ।। ਹੋਵੈ ਅਨਦੁ ਘਣਾ ਮਨਿ ਤਨਿ ਜਾਪਣੇ।। ੧।। ਰਹਾਉ।। ਬਿੰਦਕ ਗਾਲ੍ਹਿ ਸੁਣੀ ਸਚੇ ਤਿਸੁ ਧਣੀ ।। ਸੂਖੀ ਹੂੰ ਸੁਖੁ ਪਾਇ ਮਾਇ ਨ ਕੀਮ ਗਣੀ ।। ੨।। ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ ।। ਮੈ ਨਿਰਗੁਣਿ ਮੇਰੀ ਮਾਇ ਆਪਿ ਲੜਿ ਲਾਇ ਲਈ।। ੩।। ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ ।। ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ।। ੪।। ੩।। ੧੦੫।।

(ਆਸਾ ਮ: ੫, ਆ. ਗ੍ਰੰ. ਪੰਨਾ ੩੯੭)

## ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ

੧. ਸਦਾ ਹਜੂਰਿ ਦੂਰਿ ਨਹ ਦੇਖਹੁ ਰਚਨਾ ਜਿਨਿ ਰਚਾਈ ।। ੫।।
ਸਚਾ ਸਬਦੁ ਰਵੈ ਘਟ ਅੰਤਰਿ ਸਚੇ ਸਿਉ ਲਿਵ ਲਾਈ ।। ੬।।

(ਰਾਮਕਲੀ ਮ: ੩, ਆ. ਗ੍ਰੰ. ਪੰਨਾ ੯੦੯)

੨. ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ।।
ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ।। ੨।।

(ਮਾਰੂ ਮ: ੫, ਆ. ਗ੍ਰੰ. ਪੰਨਾ ੧੦੦੦)

੩. ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ।।
ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ ।। ੧।।

(ਤਿਲੰਗ ਸ੍ਰੀ ਕਬੀਰ ਜੀ, ਆ. ਗ੍ਰੰ. ਪੰਨਾ ੭੨੭)

੪. ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ ।।
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ।। ੪।। ੩।।

(ਆਸਾ ਮ: ੫, ਆ. ਗ੍ਰੰ. ਪੰਨਾ ੩੯੭)

੫. ਸੁਨਤ ਪੇਖਤ ਸੰਗਿ ਸਭ ਕੈ ਪ੍ਰਭ ਨੇਰਹੂ ਤੇ ਨੇਰੇ ।।
ਅਰਦਾਸਿ ਨਾਨਕ ਸੁਨਿ ਸੁਆਮੀ ਰਖਿ ਲੇਹੁ ਘਰ ਕੇ ਚੇਰੇ।। ੧।।

(ਬਿਹਾਗੜਾ ਮ: ੫, ਆ. ਗ੍ਰੰ. ਪੰਨਾ ੫੪੭)

੬. ਤੂੰ ਵਰਨਾ ਚਿਹਨਾ ਬਾਹਰਾ।। ਹਰਿ ਦਿਸਹਿ ਹਾਜਰੁ ਜਾਹਰਾ।।
ਸੁਣਿ ਸੁਣਿ ਤੁਝੈ ਧਿਆਇਦੇ ਤੇਰੇ ਭਗਤ ਰਤੇ ਗੁਣਤਾਸੁ ਜੀਉ।। ੨੦।।
(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੭੪)

੭. ਨਹ ਦੂਰਿ ਪੂਰਿ ਹਜੂਰਿ ਸੰਗੇ।। ਸੁੰਦਰ ਰਸਾਲ ਤੂ।। ੧।।
ਨਹ ਬਰਨ ਬਰਨ ਨਹ ਕੁਲਹ ਕੁਲ।।
ਨਾਨਕ ਪ੍ਰਭ ਕਿਰਪਾਲ ਤੂ।। ੨।। ੯।। ੧੩੮।।
(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੩੧)

੮. ਅੰਤਰਜਾਮੀ ਸਭ ਮਹਿ ਵਰਤੈ ਤਾਂ ਭਉ ਕੈਸਾ ਭਾਈ ।।
ਸੰਗਿ ਸਹਾਈ ਛੋਡਿ ਨ ਜਾਈ ਪ੍ਰਭੁ ਦੀਸੈ ਸਭਨੀ ਠਾਈਂ।। ੧।।
(ਮਲਾਰ ਮ: ੫, ਆ. ਗ੍ਰੰ. ਪੰਨਾ ੧੨੬੯)

੯. ਜਹ ਜਾਈਐ ਤਹ ਨਾਲਿ ਮੇਰਾ ਸੁਆਮੀ।।
ਨਾਨਕ ਕਉ ਮਿਲਿਆ ਅੰਤਰਜਾਮੀ ।। ੪।। ੮੯।। ੧੫੮।।
(ਗਉੜੀ ਮ: ੫, ਆ. ਗ੍ਰੰ. ਪੰਨਾ ੧੯੭)

੧੦. ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ।।
ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ।। ੧।।
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੭੭)

੧੧. ਸੋ ਮੁਲਾਂ ਜੋ ਮਨ ਸਿਉ ਲਰੈ।। ਗੁਰ ਉਪਦੇਸਿ ਕਾਲ ਸਿਉ ਜੁਰੈ।।
ਕਾਲ ਪੁਰਖ ਕਾ ਮਰਦੈ ਮਾਨੁ।। ਤਿਸੁ ਮੁਲਾ ਕਉ ਸਦਾ ਸਲਾਮੁ।। ੧।।
ਹੈ ਹਜੂਰਿ ਕਤ ਦੂਰਿ ਬਤਾਵਹੁ।।
ਦੁੰਦਰ ਬਾਧਹੁ ਸੁੰਦਰ ਪਾਵਹੁ।। ੧।। ਰਹਾਉ।।
(ਭੈਰਉ ਕਬੀਰ ਜੀ, ਆ. ਗ੍ਰੰ. ਪੰਨਾ ੧੧੫੯)

੧੨. ਨਾਨਕ ਜਹ ਜਹ ਮੈ ਫਿਰਉ ਤਹ ਤਹ ਸਾਚਾ ਸੋਇ ।।
ਜਹ ਦੇਖਾ ਤਹ ਏਕੁ ਹੈ ਗੁਰਮੁਖਿ ਪਰਗਟੁ ਹੋਇ ।। ੮।।
(ਸਲੋਕ ਵਾਰਾਂ ਤੋਂ ਵਧੀਕ ਮ: ੩, ਆ. ਗ੍ਰੰ. ਪੰਨਾ ੧੪੧੩)

# ਅੰਤਰਜਾਮੀ

## ਸ਼ਬਦ ਨੰ: ੩੯

ਪ੍ਰਭੁ ਮੇਰਾ ਅੰਤਰਜਾਮੀ ਜਾਣੁ॥ ਕਰਿ ਕਿਰਪਾ ਪੂਰਨ ਪਰਮੇਸਰ ਨਿਹਚਲੁ ਸਚੁ ਸਬਦੁ ਨੀਸਾਣੁ॥ ੧॥ ਰਹਾਉ॥ ਹਰਿ ਬਿਨੁ ਆਨ ਨ ਕੋਈ ਸਮਰਥੁ ਤੇਰੀ ਆਸ ਤੇਰਾ ਮਨਿ ਤਾਣੁ॥ ਸਰਬ ਘਟਾ ਕੇ ਦਾਤੇ ਸੁਆਮੀ ਦੇਹਿ ਸੁ ਪਹਿਰਣੁ ਖਾਣੁ॥ ੧॥ ਸੁਰਤਿ ਮਤਿ ਚਤੁਰਾਈ ਸੋਭਾ ਰੂਪੁ ਰੰਗੁ ਧਨੁ ਮਾਣੁ॥ ਸਰਬ ਸੂਖ ਆਨੰਦ ਨਾਨਕ ਜਪਿ ਰਾਮ ਨਾਮੁ ਕਲਿਆਣੁ॥ ੨॥ ੬॥ ੯॥

(ਕਲਿਆਨੁ ਮ: ੫, ਆ. ਗ੍ਰੰ. ਪੰਨਾ ੧੩੨੩)

## ਪ੍ਰਭੁ ਮੇਰਾ ਅੰਤਰਜਾਮੀ ਜਾਣੁ

੧. ਦਿਨੁ ਰਾਤਿ ਕਮਾਇਅੜੋ ਸੋ ਆਇਓ ਮਾਥੈ ॥
ਜਿਸੁ ਪਾਸਿ ਲੁਕਾਇਦੜੋ ਸੋ ਵੇਖੀ ਸਾਥੈ ॥
ਸੰਗਿ ਦੇਖੈ ਕਰਣਹਾਰਾ ਕਾਇ ਪਾਪੁ ਕਮਾਈਐ ॥
ਸੁਕ੍ਰਿਤੁ ਕੀਜੈ ਨਾਮੁ ਲੀਜੈ ਨਰਕਿ ਮੂਲਿ ਨ ਜਾਈਐ॥
ਆਠ ਪਹਰ ਹਰਿ ਨਾਮੁ ਸਿਮਰਹੁ ਚਲੈ ਤੇਰੈ ਸਾਥੇ॥
ਭਜੁ ਸਾਧਸੰਗਤਿ ਸਦਾ ਨਾਨਕ ਮਿਟਹਿ ਦੋਖ ਕਮਾਤੇ॥ ੧॥

(ਆਸਾ ਮ: ੫, ਆ. ਗ੍ਰੰ. ਪੰਨਾ ੪੬੧)

੨. ਹਰਿ ਜੀਉ ਅੰਤਰਜਾਮੀ ਜਾਨ ॥
ਕਰਤ ਬੁਰਾਈ ਮਾਨੁਖ ਤੇ ਛਪਾਈ ਸਾਖੀ ਭੂਤ ਪਵਾਨ ॥ ੧॥ ਰਹਾਉ॥

(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੦੨)

੩. ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ ॥
ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ ॥

(ਬਿਹਾਗੜਾ ਮ: ੫, ਆ. ਗ੍ਰੰ. ਪੰਨਾ ੫੪੬)

੪. ਤਹ ਸਾਚ ਨਿਆਇ ਨਿਬੇਰਾ॥ ਊਹਾ ਸਮ ਠਾਕੁਰੁ ਸਮ ਚੇਰਾ ॥
ਅੰਤਰਜਾਮੀ ਜਾਨੈ॥ ਬਿਨੁ ਬੋਲਤ ਆਪਿ ਪਛਾਨੈ ॥ ੩॥

(ਸੋਰਠਿ ਮ: ੫, ਆ. ਗ੍ਰੰ. ਪੰਨਾ ੬੨੧)

੫. ਅੰਤਰਜਾਮੀ ਪੁਰਖ ਸੁਆਮੀ ਅਨ ਬੋਲਤ ਹੀ ਜਾਨਹੁ ਹਾਲ ॥
ਤਨੁ ਮਨੁ ਸੀਤਲੁ ਹੋਇ ਹਮਾਰੋ
ਨਾਨਕ ਪ੍ਰਭ ਜੀਉ ਨਦਰਿ ਨਿਹਾਲ ॥੨॥੫॥੧੨੧॥
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੮)

੬. ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ ॥
ਜੇਹਾ ਨਿੰਦਕ ਅਪਣੈ ਜੀਇ ਕਮਾਵਦੇ ਤੇਹੋ ਫਲੁ ਪਾਈ ॥
ਅੰਦਰਿ ਕਮਾਣਾ ਸਰਪਰ ਉਘੜੈ ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ॥
ਜਨ ਨਾਨਕੁ ਦੇਖਿ ਵਿਗਸਿਆ ਹਰਿ ਕੀ ਵਡਿਆਈ ॥੨॥
(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੧੬)

੭. ਸਤਿਗੁਰ ਨੋ ਜੇਹਾ ਕੋ ਇਛਦਾ ਤੇਹਾ ਫਲੁ ਪਾਏ ਕੋਇ ॥
ਨਾਨਕ ਕਰਤਾ ਸਭੁ ਕਿਛੁ ਜਾਣਦਾ ਜਿਦੂ ਕਿਛੁ ਗੁਝਾ ਨ ਹੋਇ ॥੨॥
(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੦੨)

੮. ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ ॥
ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ ॥੩॥
(ਆਸਾ ਮ: ੫, ਆ. ਗ੍ਰੰ. ਪੰਨਾ ੩੮੧)

੯. ਤੂ ਕਰਤਾ ਸਭੁ ਕਿਛੁ ਜਾਣਦਾ ਜੋ ਜੀਆ ਅੰਦਰਿ ਵਰਤੈ ॥
ਤੂ ਕਰਤਾ ਆਪਿ ਅਗਣਤੁ ਹੈ ਸਭੁ ਜਗੁ ਵਿਚਿ ਗਣਤੈ ॥
(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੧੪)

੧੦. ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥
ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥
( ਗਉੜੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੩੧੫)

੧੧. ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥
ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥੩॥
(ਗਉੜੀ ਮ: ੧, ਆ. ਗ੍ਰੰ. ਪੰਨਾ ੧੫੬)

੧੨. ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ ਪਛਾਨਤ ॥

੧੩. ਏਕ ਏਕ ਕੀ ਪੀਰ ਪਛਾਨੈ ॥ ਘਟ ਘਟ ਕੇ ਪਟ ਪਟ ਕੀ ਜਾਨੈ ॥
(ਚੌਪਈ ਪਾ: ੧੦)

# ਸਤਿਗੁਰ-ਉਪਕਾਰ

## ਸ਼ਬਦ ਨੰ: ੩੭

ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ।। ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ।। ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ।। ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ ਜਿਤੁ ਮਿਲਿਐ ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ।। ਨਾਨਕ ਇਹੁ ਅਚਰਜੁ ਦੇਖਹੁ ਮੇਰੇ ਹਰਿ ਸਚੇ ਸਾਹ ਕਾ ਜਿ ਸਤਿਗੁਰੂ ਨੋ ਮੰਨੈ ਸੁ ਸਭਨਾਂ ਭਾਵੈ।। ੧੩।। ੧।। ਸੁਧੁ।।

(ਬਿਲਾਵਲ ਕੀ ਵਾਰ ਮ: ੪, ਆ. ਗ੍ਰੰ. ਪੰਨਾ ੮੫੫)

## ਪਿਛਲੇ ਅਉਗੁਣ ਬਖਸਿ ਲਏ<br>ਪ੍ਰਭੁ ਆਗੈ ਮਾਰਗਿ ਪਾਵੈ

SIKHBOOKCLUB.COM

੧. ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ।।
ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ।।
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ।।
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ।।
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ।। ੨।।

(ਰਾਮਕਲੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੯੬੦)

੨. ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ।।
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ।।
ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ ।।
ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ।।
ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ।।
ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ।।

ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ।।
ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ।। ੨੧।।
(ਮਾਰੂ ਵਾਰ ਡਖਣੇ ਮ: ੫, ਆ. ਗ੍ਰੰ. ਪੰਨਾ ੧੧੦੧)

੩. ਮਿਠਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ।।
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।।
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ।।
ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ।।
(ਸੂਹੀ ਛੰਤ ਮ: ੫, ਆ. ਗ੍ਰੰ. ਪੰਨਾ ੭੮੪)

੪. ਸਤਿਗੁਰ ਸੇਤੀ ਗਣਤ ਜਿ ਰਖੈ ਹਲਤੁ ਪਲਤੁ ਸਭੁ ਤਿਸ ਕਾ ਗਇਆ।।
ਨਿਤ ਝਹੀਆ ਪਾਏ ਝਗੂ ਸੁਟੇ ਝਖਦਾ ਝਖਦਾ ਝੜਿ ਪਇਆ।।
ਨਿਤ ਉਪਾਵ ਕਰੈ ਮਾਇਆ ਧਨ ਕਾਰਣਿ ਅਗਲਾ ਧਨੁ ਭੀ ਉਡਿ ਗਇਆ।।
ਕਿਆ ਓਹੁ ਖਟੇ ਕਿਆ ਓਹੁ ਖਾਵੈ ਜਿਸੁ ਅੰਦਰਿ ਸਹਸਾ ਦੁਖੁ ਪਇਆ।।
ਨਿਰਵੈਰੈ ਨਾਲਿ ਜਿ ਵੈਰੁ ਰਚਾਏ
ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ।।
ਓਸੁ ਅਗੈ ਪਿਛੈ ਢੋਈ ਨਾਹੀ ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ।।
ਜੇ ਸੁਇਨੇ ਨੋ ਓਹੁ ਹਥੁ ਪਾਏ ਤਾ ਖੇਹੂ ਸੇਤੀ ਰਲਿ ਗਇਆ।।
ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ
ਤਾ ਪਿਛਲੇ ਅਉਗਣ ਬਖਸਿ ਲਇਆ।।
ਜਨ ਨਾਨਕ ਅਨਦਿਨੁ ਨਾਮੁ ਧਿਆਇਆ
ਹਰਿ ਸਿਮਰਤ ਕਿਲਵਿਖ ਪਾਪ ਗਇਆ।। ੨।।
(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੦੭)

੫. ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ।।
ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ।।
ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ
ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ।।
ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ
ਜਿਤੁ ਮਿਲਿਐ ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ।।


www.sikhbookclub.com

ਨਾਨਕ ਇਹੁ ਅਚਰਜੁ ਦੇਖਹੁ ਮੇਰੇ ਹਰਿ ਸਚੇ ਸਾਹ ਕਾ
ਜਿ ਸਤਿਗੁਰੂ ਨੋ ਮੰਨੈ ਸੁ ਸਭਨਾਂ ਭਾਵੈ।। ੧੩।। ੧।। ਸੁਧੁ।।
(ਬਿਲਾਵਲੁ ਕੀ ਵਾਰ ਮ: ੪, ਆ. ਗ੍ਰੰ. ਪੰਨਾ ੮੫੫)

੬. ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ।।
ਸਭਨਾ ਕਾ ਦਾਤਾ ਕਰਮ ਬਿਧਾਤਾ ਦੂਖ ਬਿਸਾਰਣਹਾਰੁ ਜੀਉ।।
ਦੂਖ ਬਿਸਾਰਣਹਾਰੁ ਸੁਆਮੀ ਕੀਤਾ ਜਾ ਕਾ ਹੋਵੈ।।
ਕੋਟ ਕੋਟੰਤਰ ਪਾਪਾ ਕੇਰੇ ਏਕ ਘੜੀ ਮਹਿ ਖੋਵੈ।।
(ਆਸਾ ਮ: ੧ ਛੰਤ, ਆ. ਗ੍ਰੰ. ਪੰਨਾ ੪੩੮)

੭. ਧੰਨੁ ਧੰਨੁ ਗੁਰਦੇਵ ਜਿਸੁ ਸੰਗਿ ਹਰਿ ਜਪੇ।।
ਗੁਰ ਕ੍ਰਿਪਾਲ ਜਬ ਭਏ ਤ ਅਵਗੁਣ ਸਭਿ ਛਪੇ ।।
(ਜੈਤਸਰੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੭੧੮)

੮. ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ।।
ਹਮ ਅਪਰਾਧੀ ਤੁਮ੍ ਬਖਸਾਤੇ ।।
ਜਿਸੁ ਪਾਪੀ ਕਉ ਮਿਲੈ ਨ ਢੋਈ ।।
ਸਰਣਿ ਆਵੈ ਤਾਂ ਨਿਰਮਲੁ ਹੋਈ ।।੧।।
(ਭੈਰਉ ਮ: ੫, ਆ. ਗ੍ਰੰ. ਪੰਨਾ ੧੧੪੧)

੯. ਸਤਿਗੁਰੁ ਗੁਣੀ ਨਿਧਾਨ ਹੈ ਗੁਣ ਕਰ ਬਖਸੈ ਅਵਗੁਣਿਆਰੇ ।।
ਸਤਿਗੁਰੁ ਪੂਰਾ ਵੈਦ ਹੈ ਪੰਜੇ ਰੋਗ ਅਸਾਧ ਨਿਵਾਰੇ ।।
ਸੁਖ ਸਾਗਰ ਗੁਰਦੇਉ ਹੈ ਸੁਖ ਦੇ ਮੇਲ ਲਏ ਦੁਖਿਆਰੇ ।।
ਗੁਰ ਪੂਰਾ ਨਿਰਵੈਰ ਹੈ ਨਿੰਦਕ ਦੋਖੀ ਬੇਮੁਖ ਤਾਰੇ ।।
ਗੁਰ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰ ਉਤਾਰੇ ।।
ਸਤਿਗੁਰੁ ਪੁਰਖ ਸੁਜਾਨ ਹੈ ਵਡੇ ਅਜਾਣ ਮੁਗਧ ਨਿਸਤਾਰੇ ।।
ਸਤਿਗੁਰੁ ਆਗੂ ਜਾਣੀਐ ਬਾਂਹ ਪਕੜ ਅੰਧੁਲੇ ਉਧਾਰੇ ।।
ਮਾਣ ਨਿਮਾਣੇ ਸਦ ਬਲਿਹਾਰੇ ।। ੧੯।। (ਵਾਰਾਂ ਭਾਈ ਗੁਰਦਾਸ ਜੀ)

੧੦. ਜੈਸੇ ਤਉ ਸਰਿਤਾ ਜਲੁ ਕਾਸਟਹਿ ਨ ਬੋਰਤ
ਕਰਤ ਚਿਤ ਲਾਜ ਅਪਨੋਈ ਪ੍ਰਤਿਪਾਰਿਓ ਹੈ ।।
ਜੈਸੇ ਤਉ ਕਰਤ ਸੁਤ ਅਨਿਕ ਇਆਨਪ

ਤਊ ਨ ਜਨਨੀ ਅਵਗੁਨ ਉਰ ਧਾਰਿਓ ਹੈ ॥
ਜੈਸੇ ਤਉ ਸਰੰਨ ਸੂਰ ਪੂਰਨ ਪਰਤਗਿਆ ਰਾਖੈ
ਲਖ ਅਪਰਾਧ ਕੀਏ ਮਾਰਿ ਨ ਬਿਡਾਰਿਓ ਹੈ ॥
ਤੈਸੇ ਹੀ ਪਰੰਮ ਗੁਰ ਪਾਰਸ ਪਰਸਿ ਗਤਿ
ਸਿਖਨ ਕੋ ਕਿਰਤ ਕਰਮੁ ਕਛੂ ਨ ਬੀਚਾਰਿਓ ਹੈ ॥

੧੧. ਜੈਸੇ ਕਰ ਗਹਤ ਸਰਪ ਸੁਤ ਪੇਖਿ ਮਾਤਾ
ਕਹੈ ਨ ਪੁਕਾਰ ਫੁਸਲਾਇ ਉਰ ਮੰਡ ਹੈ ॥
ਜੈਸੇ ਬੈਦ ਰੋਗੀ ਪ੍ਰਤਿ ਕਹੈ ਨ ਬਿਥਾਰ ਬ੍ਰਿਥਾ
ਸੰਜਮ ਕੈ ਅਉਖਧ ਖਵਾਇ ਰੋਗ ਡੰਡ ਹੈ ॥
ਜੈਸੇ ਭੂਲ ਚੂਕ ਚਟੀਆ ਕੀ ਨ ਬਿਚਾਰੈ ਪਾਂਧਾ
ਕਹਿ ਕਹਿ ਸੀਖਿਆ ਮੂਰਖਤਿ ਮਤਿ ਖੰਡ ਹੈ ॥
ਤੈਸੇ ਪੇਖਿ ਅਉਗਨ ਕਹੈ ਨ ਸਤਿਗੁਰ ਕਾਹੂ
ਪੂਰਨ ਬਿਬੇਕ ਸਮਝਾਵਤ ਪਰਚੰਡ ਹੈ ॥

SIKHBOOKCLUB.COM

੧੨. ਜੈਸੇ ਭੂਲਿ ਬਛੁਰਾ ਪਰਤ ਆਨ ਗਾਇ ਥਨ
ਬਹੁਰਿਓ ਮਿਲਤ ਮਾਤ ਬਾਤ ਨ ਸਮਾਰ ਹੈ ॥
ਜੈਸੇ ਆਨ ਸਰ ਭ੍ਰਮਿ ਆਵੈ ਮਾਨਸਰ ਹੰਸ
ਦੇਤ ਮੁਕਤਾ ਅਮੋਲ ਦੋਖ ਨ ਬੀਚਾਰ ਹੈ ॥

ਜੈਸੇ ਨ੍ਰਿਪ ਸੇਵਕ ਜਉ ਆਨ ਦੁਆਰ ਹਾਰਿ ਆਵੈ
ਚਉਗਨੋ ਬਢਾਵੈ ਨ ਅਵਗਿਆ ਉਰਿਧਾਰ ਹੈ॥
ਸਤਿਗੁਰ ਅਸਰਨਿ ਸਰਨਿ ਦਇਆਲ ਦੇਵ
ਸਿਖਨ ਕੋ ਭੂਲਬੋ ਨ ਰਿਦ ਮੈ ਨਿਹਾਰ ਹੈ ॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

# ਸਮਰਥ ਗੁਰੂ

## ਸ਼ਬਦ ਨੰ: ੩੮

ਸਮਰਥ ਗੁਰੂ ਸਿਰਿ ਹਥੁ ਧਰ੍ਯ੍ਉ ।। ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ ਜਿਸੁ ਦੇਖਿ ਚਰੰਨ ਅਘੰਨ ਹਰ੍ਯ੍ਉ ।। ਨਿਸਿ ਬਾਸੁਰ ਏਕ ਸਮਾਨ ਧਿਆਨ ਸੁ ਨਾਮ ਸੁਨੇ ਸੁਤੁ ਭਾਨ ਡਰ੍ਯ੍ਉ ।। ਭਨਿ ਦਾਸ ਸੁ ਆਸ ਜਗਤ੍ਰ ਗੁਰੂ ਕੀ ਪਾਰਸੁ ਭੇਟਿ ਪਰਸੁ ਕਰ੍ਯ੍ਉ ।। ਰਾਮਦਾਸੁ ਗੁਰੂ ਹਰਿ ਸਤਿ ਕੀਯਉ ਸਮਰਥ ਗੁਰੂ ਸਿਰਿ ਹਥੁ ਧਰ੍ਯ੍ਉ ।। ੭ ।। ੧੧ ।।

(ਸਵੱਯੇ ਮਹਲੇ ਚੌਥੇ ਕੇ, ਆ. ਗ੍ਰੰ. ਪੰਨਾ ੧੪੦੦)

## ਸਮਰਥ ਗੁਰੂ ਸਿਰਿ ਹਥੁ ਧਰ੍ਯ੍ਉ

੧. ਚਹੁ ਦਿਸ ਫੂਲਿ ਰਹੀ ਬਿਖਿਆ ਬਿਖੁ ਗੁਰਮੰਤ੍ਰੂ ਮੂਖਿ ਗਰੁੜਾਰੀ ।।
ਹਾਥ ਦੇਇ ਰਾਖਿਓ ਕਰਿ ਅਪੁਨਾ ਜਿਉ ਜਲ ਕਮਲਾ ਅਲਿਪਾਰੀ ।। ੧ ।।
(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੦੯)

੨. ਮਨ ਤਨ ਰਸਨਾ ਹਰਿ ਚੀਨ੍ਹਾ ।।
ਭਏ ਅਨੰਦਾ ਮਿਟੇ ਅੰਦੇਸੇ ਸਰਬ ਸੂਖ ਮੋ ਕਉ ਗੁਰਿ ਦੀਨ੍ਹਾ ।। ੧ ।। ਰਹਾਉ ।।
ਇਆਨਪ ਤੇ ਸਭ ਭਈ ਸਿਆਨਪ ਪ੍ਰਭੁ ਮੇਰਾ ਦਾਨਾ ਬੀਨਾ ।।
ਹਾਥ ਦੇਇ ਰਾਖੈ ਅਪਨੇ ਕਉ ਕਾਹੂ ਨ ਕਰਤੇ ਕਛੁ ਖੀਨਾ ।। ੧ ।।
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੩)

੩. ਗੁਰੁ ਪੂਰਾ ਭੇਟਿਓ ਬਡ ਭਾਗੀ ਅੰਤਰਜਾਮੀ ਸੁਘੜੁ ਸੁਜਾਨੁ ।।
ਹਾਥ ਦੇਇ ਰਾਖੇ ਕਰਿ ਅਪਨੇ ਬਡ ਸਮਰਥੁ ਨਿਮਾਣਿਆ ਕੋ ਮਾਨੁ ।। ੧ ।।
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੫)

੪. ਠਾਕੁਰ ਹੋਏ ਆਪਿ ਦਇਆਲ ।।
ਭਈ ਕਲਿਆਣ ਅਨੰਦ ਰੂਪ ਹੋਈ ਹੈ ਉਬਰੇ ਬਾਲ ਗੁਪਾਲ ।। ਰਹਾਉ ।।
ਦੁਇ ਕਰ ਜੋੜਿ ਕਰੀ ਬੇਨੰਤੀ ਪਾਰਬ੍ਰਹਮੁ ਮਨਿ ਧਿਆਇਆ ।।
ਹਾਥੁ ਦੇਇ ਰਾਖੇ ਪਰਮੇਸੁਰਿ ਸਗਲਾ ਦੁਰਤੁ ਮਿਟਾਇਆ ।। ੧ ।।
(ਦੇਵਗੰਧਾਰੀ ਮ: ੫, ਆ. ਗ੍ਰੰ. ਪੰਨਾ ੫੩੭)

 www.sikhbookclub.com

੫. ਸਿਮਰਉ ਅਪੁਨਾ ਸਾਂਈ॥ ਦਿਨਸੁ ਰੈਨਿ ਸਦ ਧਿਆਈ ॥
ਹਾਥ ਦੇਇ ਜਿਨਿ ਰਾਖੇ॥ ਹਰਿ ਨਾਮ ਮਹਾ ਰਸ ਚਾਖੇ ॥ ੧॥
ਅਪਨੇ ਗੁਰ ਊਪਰਿ ਕੁਰਬਾਨੁ॥
ਭਏ ਕਿਰਪਾਲ ਪੂਰਨ ਪ੍ਰਭ ਦਾਤੇ ਜੀਅ ਹੋਏ ਮਿਹਰਵਾਨ॥ ਰਹਾਉ॥
ਨਾਨਕ ਜਨ ਸਰਨਾਈ॥ ਜਿਨਿ ਪੂਰਨ ਪੈਜ ਰਖਾਈ॥
ਸਗਲੇ ਦੂਖ ਮਿਟਾਈ॥ ਸੁਖੁ ਭੁੰਚਹੁ ਮੇਰੇ ਭਾਈ ॥ ੨॥ ੨੮॥ ੯੨॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੩੦)

੬. ਮੇਰਾ ਲਾਗੋ ਰਾਮ ਸਿਉ ਹੇਤੁ॥
ਸਤਿਗੁਰੁ ਮੇਰਾ ਸਦਾ ਸਹਾਈ ਜਿਨਿ ਦੁਖ ਕਾ ਕਾਟਿਆ ਕੇਤੁ॥ ੧॥ ਰਹਾਉ॥
ਹਾਥ ਦੇਇ ਰਾਖਿਓ ਅਪੁਨਾ ਕਰਿ ਬਿਰਥਾ ਸਗਲ ਮਿਟਾਈ॥
ਨਿੰਦਕ ਕੇ ਮੁਖ ਕਾਲੇ ਕੀਨੇ ਜਨ ਕਾ ਆਪਿ ਸਹਾਈ॥ ੧॥
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੭੫)

੭. ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ॥
ਜਨਮ ਜਨਮ ਕੇ ਕਿਲਬਿਖ ਦੁਖ ਉਤਰੇ
ਗੁਰਿ ਨਾਮੁ ਦੀਓ ਰਿਨੁ ਲਾਥਾ॥ ੧॥
(ਜੈਤਸਰੀ ਮ: ੪, ਆ. ਗ੍ਰੰ. ਪੰਨਾ ੬੯੬)

## ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ

੧. ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ ॥
ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ॥ ੨॥
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੭੧)

੨. ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ ਅਬਿਨਾਸੀ ਪੁਰਖੁ ਬਿਧਾਤਾ॥
ਹਰਿ ਨਾਮੁ ਹਮ ਸ੍ਰੇਵਹ ਹਰਿ ਨਾਮੁ ਹਮ ਪੂਜਹ ਹਰਿ ਨਾਮੇ ਹੀ ਮਨੁ ਰਾਤਾ॥
ਹਰਿ ਨਾਮੈ ਜੇਵਡੁ ਕੋਈ ਅਵਰੁ ਨ ਸੂਝੈ ਹਰਿ ਨਾਮੋ ਅੰਤਿ ਛਡਾਤਾ॥
ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ਧਨੁ ਧੰਨੁ ਗੁਰੂ ਕਾ ਪਿਤਾ ਮਾਤਾ॥
ਹੰਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ
ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ॥ ੧੬॥
(ਵਡਹੰਸ ਕੀ ਵਾਰ ਮ: ੪, ਆ. ਗ੍ਰੰ. ਪੰਨਾ ੫੯੨)

 www.sikhbookclub.com

੩. ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ॥
ਖੋਏ ਪਾਪ ਭਏ ਸਭਿ ਪਾਵਨ
ਜਨ ਨਾਨਕ ਸੁਖਿ ਘਰਿ ਆਇਆ ॥੪॥੩॥੫੩॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੨੨)

੪. ਹਉ ਬਲਿਹਾਰੀ ਸਤਿਗੁਰ ਪੂਰੇ॥ ਜਿਨਿ ਬੰਧਨ ਕਾਟੇ ਸਗਲੇ ਮੇਰੇ॥
ਹਿਰਦੈ ਨਾਮੁ ਦੇ ਨਿਰਮਲ ਕੀਏ ਨਾਨਕ ਰੰਗਿ ਰਸਾਲਾ ਜੀਉ ॥
(ਮਾਝ ਮ: ੫, ਆ. ਗ੍ਰੰ. ਪੰਨਾ ੯੯)

੫. ਸੋਇ ਅਚਿੰਤਾ ਜਾਗਿ ਅਚਿੰਤਾ॥ ਜਹਾ ਕਹਾਂ ਪ੍ਰਭੁ ਤੂੰ ਵਰਤੰਤਾ॥੨॥
ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ॥
ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ॥੩॥੨॥
(ਭੈਰਉ ਮ: ੫, ਆ. ਗ੍ਰੰ. ਪੰਨਾ ੧੧੩੬)

੬. ਹੀਰਾ ਰਤਨ ਜਵੇਹਰ ਮਾਣਕ ਬਹੁ ਸਾਗਰ ਭਰਪੂਰੁ ਕੀਆ॥
ਜਿਸੁ ਵਡਭਾਗੁ ਹੋਵੈ ਵਡ ਮਸਤਕਿ
ਤਿਨਿ ਗੁਰਮਤਿ ਕਢਿ ਕਢਿ ਲੀਆ॥੨॥
ਰਤਨੁ ਜਵੇਹਰੁ ਲਾਲੁ ਹਰਿ ਨਾਮਾ ਗੁਰਿ ਕਾਢਿ ਤਲੀ ਦਿਖਲਾਇਆ॥
ਭਾਗਹੀਣ ਮਨਮੁਖਿ ਨਹੀ ਲੀਆ ਤ੍ਰਿਣ ਓਲੈ ਲਾਖੁ ਛਪਾਇਆ॥੩॥
(ਰਾਮਕਲੀ ਮ: ੪, ਆ. ਗ੍ਰੰ. ਪੰਨਾ ੮੮੦)

੭. ਗੁਰਿ ਪੂਰੈ ਹਰਿ ਨਾਮੁ ਦਿੜਾਇਆ ਤਿਨਿ ਵਿਚਹੁ ਭਰਮੁ ਚੁਕਾਇਆ॥
ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ॥
ਗੁਰਮਤੀ ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ॥
ਜਨ ਨਾਨਕੁ ਨਾਮੁ ਲਏ ਤਾ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ॥੨॥
(ਸ੍ਰੀ ਰਾਗੁ ਕੀ ਵਾਰ ਮ: ੩, ਆ. ਗ੍ਰੰ. ਪੰਨਾ ੮੬)

੮. ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ ॥
ਹਰਿ ਨਾਮੁ ਸਲਾਹਨਿ ਸਦਾ ਸਦਾ ਵਖਰੁ ਹਰਿ ਨਾਮੁ ਅਧਾਰੁ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਹਰਿ ਭਗਤਾ ਅਤੁਟੁ ਭੰਡਾਰੁ॥੧॥
(ਸ੍ਰੀ ਰਾਗੁ ਮ: ੩, ਆ. ਗ੍ਰੰ. ਪੰਨਾ ੨੮)

੯. ਮੈ ਛਡਿਆ ਸਭੋ ਧੰਧੜਾ।। ਗੋਸਾਈ ਸੇਵੀ ਸਚੜਾ।।
ਨਉ ਨਿਧਿ ਨਾਮੁ ਨਿਧਾਨੁ ਹਰਿ ਮੈ ਪਲੈ ਬਧਾ ਛਿਕਿ ਜੀਉ।। ੮।।
ਮੈ ਸੁਖੀ ਹੂੰ ਸੁਖੁ ਪਾਇਆ।। ਗੁਰਿ ਅੰਤਰਿ ਸਬਦੁ ਵਸਾਇਆ ।।
ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰਿ ਕੈ ਹਥੁ ਜੀਉ।। ੯।।
ਮੈ ਬਧੀ ਸਚੁ ਧਰਮ ਸਾਲ ਹੈ।। ਗੁਰਸਿਖਾ ਲਹਦਾ ਭਾਲਿ ਕੈ ।।
ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ।। ੧੦।।
ਸੁਣਿ ਗਲਾ ਗੁਰ ਪਹਿ ਆਇਆ।। ਨਾਮੁ ਦਾਨੁ ਇਸਨਾਨੁ ਦਿੜਾਇਆ।।
ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ ।। ੧੧।।
(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੭੩)

੧੦. ਸੇਵਕੁ ਲਾਇਓ ਅਪੁਨੀ ਸੇਵ।। ਅੰਮ੍ਰਿਤੁ ਨਾਮੁ ਦੀਓ ਮੁਖਿ ਦੇਵ ।।
ਸਗਲੀ ਚਿੰਤਾ ਆਪਿ ਨਿਵਾਰੀ।।
ਤਿਸੁ ਗੁਰ ਕਉ ਹਉ ਸਦ ਬਲਿਹਾਰੀ।। ੧।।
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੮੭)

੧੧. ਛਡਾਇ ਲੀਓ ਮਹਾ ਬਲੀ ਤੇ ਅਪਨੇ ਚਰਨ ਪਰਾਤਿ ।।
ਏਕੁ ਨਾਮੁ ਦੀਓ ਮਨ ਮੰਤਾ ਬਿਨਸਿ ਨ ਕਤਹੂ ਜਾਤਿ।। ੧।।
ਸਤਿਗੁਰਿ ਪੂਰੈ ਕੀਨੀ ਦਾਤਿ।।
ਹਰਿ ਹਰਿ ਨਾਮੁ ਦੀਓ ਕੀਰਤਨ ਕਉ ਭਈ ਹਮਾਰੀ ਗਾਤਿ।। ਰਹਾਉ।।
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੮੧)

੧੨. ਜਨ ਕੀ ਪੈਜ ਸਵਾਰੀ ਆਪ।।
ਹਰਿ ਹਰਿ ਨਾਮੁ ਦੀਓ ਗੁਰਿ ਅਵਖਧੁ
ਉਤਰਿ ਗਇਓ ਸਭੁ ਤਾਪੁ ।। ੧।। ਰਹਾਉ।।
(ਗੂਜਰੀ ਮ: ੫, ਆ. ਗ੍ਰੰ. ਪੰਨਾ ੫੦੦)

੧੩. ਹਰਿ ਹਰਿ ਨਾਮੁ ਦੀਓ ਦਾਰੂ।। ਤਿਨਿ ਸਗਲਾ ਰੋਗੁ ਬਿਦਾਰੂ।।
ਅਪਣੀ ਕਿਰਪਾ ਧਾਰੀ।। ਤਿਨਿ ਸਗਲੀ ਬਾਤ ਸਵਾਰੀ।। ੨।।
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੨੨)

੧੪. ਹਰਿ ਹਰਿ ਨਾਮੁ ਦੀਓ ਗੁਰਿ ਸਾਥੇ।।
ਨਿਮਖ ਬਚਨੁ ਪ੍ਰਭ ਹੀਅਰੈ ਬਸਿਓ ਸਗਲ ਭੂਖ ਮੇਰੀ ਲਾਥੇ।। ੧।। ਰਹਾਉ।।
(ਸਾਰਗ ਮ: ੫, ਆ. ਗ੍ਰੰ. ਪੰਨਾ ੧੨੧੨)

੧੫. ਹਮ ਬਹੁ ਪਾਪ ਕੀਏ ਅਪਰਾਧੀ ਗੁਰਿ ਕਾਟੇ ਕਟਿਤ ਕਟੀਤਿ ॥
ਹਰਿ ਹਰਿ ਨਾਮੁ ਦੀਓ ਮੁਖਿ ਅਉਖਧੁ
ਜਨ ਨਾਨਕ ਪਤਿਤ ਪੁਨੀਤਿ ॥ ੪ ॥ ੫ ॥

(ਕਾਨੜਾ ਮ: ੪, ਆ. ਗ੍ਰੰ. ਪੰਨਾ ੧੨੯੬)

੧੬. ਉਗਵੈ ਸੂਰੁ ਗੁਰਮੁਖਿ ਹਰਿ ਬੋਲਹਿ ਸਭ ਰੈਨਿ ਸਮ੍ਾਲਹਿ ਹਰਿ ਗਾਲ ॥
ਹਮਰੈ ਪ੍ਰਭਿ ਹਮ ਲੋਚ ਲਗਾਈ ਹਮ ਕਰਹ ਪ੍ਰਭੂ ਹਰਿ ਭਾਲ ॥ ੧ ॥
ਮੇਰਾ ਮਨੁ ਸਾਧੂ ਧੂਰਿ ਰਵਾਲ ॥
ਹਰਿ ਹਰਿ ਨਾਮੁ ਦ੍ਰਿੜਾਇਓ ਗੁਰਿ ਮੀਠਾ
ਗੁਰ ਪਗ ਝਾਰਹ ਹਮ ਬਾਲ ॥ ੧ ॥ ਰਹਾਉ ॥

(ਪ੍ਰਭਾਤੀ ਮ: ੪, ਆ. ਗ੍ਰੰ. ਪੰਨਾ ੧੩੩੫)

੧੭. ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ ਪੂਰੇ ਗੁਰ ਕੈ ਆਗੇ ॥
ਸਤਿਗੁਰ ਦਾਤੈ ਨਾਮੁ ਦਿੜਾਇਆ ਮੁਖਿ ਮਸਤਕਿ ਭਾਗ ਸਭਾਗੇ ॥ ੧ ॥
ਰਾਮ ਗੁਰਮਤਿ ਹਰਿ ਲਿਵ ਲਾਗੇ ॥ ੧ ॥ ਰਹਾਉ ॥

(ਗਉੜੀ ਪੂਰਬੀ ਮ: ੪, ਆ. ਗ੍ਰੰ. ਪੰਨਾ ੧੭੧)

੧੮. ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ਚਿੰਤਾ ਸਗਲ ਬਿਨਾਸੀ ॥
ਕਰਿ ਕਿਰਪਾ ਅਪੁਨੋ ਕਰਿ ਲੀਨਾ ਮਨਿ ਵਸਿਆ ਅਬਿਨਾਸੀ ॥ ੨ ॥

(ਸੋਰਠਿ ਮ: ੫, ਆ. ਗ੍ਰੰ. ਪੰਨਾ ੬੧੫)

੧੯. ਸਤਿਗੁਰ ਸਬਦਿ ਉਜਾਰੋ ਦੀਪਾ ॥
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ
ਕੋਠੜੀ ਖੁਲ੍ਹੀ ਅਨੂਪਾ ॥ ੧ ॥ ਰਹਾਉ ॥

(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੧)

੨੦. ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ ॥
ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ ॥ ੧ ॥ ਰਹਾਉ ॥

(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੧੯)

੨੧. ਮਾਈ ਮੈ ਧਨੁ ਪਾਇਓ ਹਰਿ ਨਾਮੁ ॥
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥ ੧ ॥ ਰਹਾਉ ॥
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥ ੧ ॥

ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ।।
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ।। ੨।।
(ਬਸੰਤੁ ਮ: ੯, ਆ. ਗ੍ਰੰ. ਪੰਨਾ ੧੧੮੬)

੨੨. ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ।।
ਨਿਮਖ ਨ ਬਿਸਰਉ ਮਨ ਤੇ ਹਰਿ ਹਰਿ ਸਾਧਸੰਗਤਿ ਮਹਿ ਪਾਇਆ ।।੧।।
ਮਾਈ ਖਾਟਿ ਆਇਓ ਘਰਿ ਪੂਤਾ।।
ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ ।।੧।। ਰਹਾਉ।।
ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿ ਸੰਗਿ ਲਾਇ ਧਿਆਨਾ।।
ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ।। ੨।।
ਹਰਿ ਧਨ ਮੇਰੀ ਚਿੰਤ ਵਿਸਾਰੀ ਹਰਿ ਧਨਿ ਲਾਹਿਆ ਧੋਖਾ।।
ਹਰਿ ਧਨ ਤੇ ਮੈ ਨਵ ਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ।। ੩।।
ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ।।
ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ
ਇਹੁ ਮਨੁ ਹਰਿ ਰੰਗਿ ਰੰਗੇ।।੪।।੨।। ੩।।
(ਗੂਜਰੀ ਮ: ੫, ਆ. ਗ੍ਰੰ. ਪੰਨਾ ੪੯੫)

੨੩. ਹੁਕਮੁ ਬੂਝੈ ਸੋਈ ਪਰਵਾਨੁ।। ਸਾਚੁ ਸਬਦੁ ਜਾ ਕਾ ਨੀਸਾਨੁ।। ੩।।
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ।।
ਭਨਤਿ ਨਾਨਕੁ ਮੇਰੈ ਮਨਿ ਸੁਖੁ ਪਾਇਆ ।।੪।। ੮।। ੫੯।।
(ਆਸਾ ਮ: ੫, ਆ. ਗ੍ਰੰ. ਪੰਨਾ ੩੮੬)

੨੪. ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ।।
ਗੁਰ ਸਤਿਗੁਰਿ ਨਾਮੁ ਦਿੜਾਇਆ ਮਨੁ ਅਨਤ ਨ ਕਾਹੂ ਡੋਲੇ।।
ਜਨ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੁਲ ਗੋਲੇ।। ੩੦।।
(ਸਲੋਕ ਵਾਰਾਂ ਤੋਂ ਵਧੀਕ ਮ: ੪, ਆ. ਗ੍ਰੰ. ਪੰਨਾ ੧੪੨੪)

੨੫. ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ।।
ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ।।
ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ ।।
ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ ।।

 www.sikhbookclub.com

ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥
ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥
ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥
ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥ ੧੬॥

(ਗੂਜਰੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੫੨੨)

੨੬. ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ
ਜਿਤੁ ਮਿਲਿਐ ਹਮ ਕਉ ਸਾਂਤਿ ਆਈ॥
ਧਨੁ ਧਨੁ ਸਤ ਪੁਰਖੁ ਸਤਿਗੁਰੁ ਹਮਾਰਾ
ਜਿਤੁ ਮਿਲਿਐ ਹਮ ਹਰਿ ਭਗਤਿ ਪਾਈ॥
ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ
ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ॥
ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ
ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ॥
ਧਨੁ ਧਨੁ ਸਤਿਗੁਰੂ ਮਿਤ੍ਰੁ ਹਮਾਰਾ
ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ॥ ੧੯॥

(ਵਡਹੰਸ ਕੀ ਵਾਰ ਮ: ੪, ਆ. ਗ੍ਰੰ. ਪੰਨਾ ੫੯੪)

੨੭. ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ॥
ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ॥

(ਜੈਤਸਰੀ ਮ: ੪, ਆ. ਗ੍ਰੰ. ਪੰਨਾ ੬੯੬)

# ਭਰਮ ਵਿਨਾਸਕ

## ਸ਼ਬਦ ਨੰ: ੩੯

ਰਾਜ ਲੀਲਾ ਤੇਰੈ ਨਾਮਿ ਬਨਾਈ।। ਜੋਗੁ ਬਨਿਆ ਤੇਰਾ ਕੀਰਤਨੁ ਗਾਈ।। ੧।। ਸਰਬ ਸੁਖਾ ਬਨੇ ਤੇਰੈ ਓਲ੍ਹੈ।। ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ।। ੧।। ਰਹਾਉ।। ਹੁਕਮੁ ਬੂਝਿ ਰੰਗ ਰਸ ਮਾਣੇ।। ਸਤਿਗੁਰ ਸੇਵਾ ਮਹਾ ਨਿਰਬਾਣੇ।। ੨।। ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ।। ਨਾਮਿ ਰਤਾ ਸੋਈ ਨਿਰਬਾਣੁ।। ੩।। ਜਾ ਕਉ ਮਿਲਿਓ ਨਾਮੁ ਨਿਧਾਨਾ।। ਭਨਤਿ ਨਾਨਕ ਤਾ ਕਾ ਪੂਰ ਖਜਾਨਾ।। ੪।। ੬।। ੫੭।। (ਆਸਾ ਮ: ੫, ਆ. ਗ੍ਰੰ. ਪੰਨਾ ੩੮੫)

## ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ

੧. ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ ।।
ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ ।। ੧।।
ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ ।।
ਹਮ ਛੂਟੇ ਅਬ ਉਨ੍ਹਾ ਤੇ ਓਇ ਹਮ ਤੇ ਛੂਟੇ।।੧।। ਰਹਾਉ।।
ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ ।।
ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ ।। ੨।।
ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ।।
ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ।। ੩।।
ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ।।
ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ।। ੪।। ੧੭।। ੧੧੯।।
(ਆਸਾ ਮ: ੫, ਆ. ਗ੍ਰੰ. ਪੰਨਾ ੪੦੦)

੨. ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ।।
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ।। ੧।।
ਆਵਣ ਜਾਣੁ ਰਹਿਓ।।
ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ।। ੧।। ਰਹਾਉ।।
(ਮਾਰੂ ਮ: ੫, ਆ. ਗ੍ਰੰ. ਪੰਨਾ ੧੦੦੨)

੩. ਦੇਖੌ ਭਾਈ ਗ੍ਯਾਨ ਕੀ ਆਈ ਆਂਧੀ॥
ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ॥ ੧॥ ਰਹਾਉ॥
ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ॥
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ॥ ੧॥
ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ ॥
ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ॥ ੨॥ ੪੩॥
(ਗਉੜੀ ਕਬੀਰ ਜੀ, ਆ. ਗ੍ਰੰ. ਪੰਨਾ ੩੩੧)

੪. ਗੁਰੁ ਪੂਰਾ ਭੇਟਿਓ ਬਡ ਭਾਗੀ ਅੰਤਰਜਾਮੀ ਸੁਘੜੁ ਸੁਜਾਨੁ ॥
ਹਾਥ ਦੇਇ ਰਾਖੇ ਕਰਿ ਅਪਨੇ ਬਡ ਸਮਰਥੁ ਨਿਮਾਣਿਆ ਕੋ ਮਾਨੁ॥ ੧॥
ਭ੍ਰਮ ਭੈ ਬਿਨਸਿ ਗਏ ਖਿਨ ਭੀਤਰਿ ਅੰਧਕਾਰ ਪ੍ਰਗਟੇ ਚਾਨਾਣੁ॥
ਸਾਸਿ ਸਾਸਿ ਆਰਾਧੈ ਨਾਨਕੁ
ਸਦਾ ਸਦਾ ਜਾਈਐ ਕੁਰਬਾਣੁ ॥ ੨॥ ੨੧॥ ੧੦੭॥
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੫)

੫. ਆਜੁ ਮੈ ਬੈਸਿਓ ਹਰਿ ਹਾਟ॥
ਨਾਮੁ ਰਾਸਿ ਸਾਝੀ ਕਰਿ ਜਨ ਸਿਉ ਜਾਂਉ ਨ ਜਮ ਕੈ ਘਾਟ॥ ੧॥ ਰਹਾਉ॥
ਧਾਰਿ ਅਨੁਗ੍ਰਹੁ ਪਾਰਬ੍ਰਹਮਿ ਰਾਖੇ ਭ੍ਰਮ ਕੇ ਖੁਲ੍ਹੇ ਕਪਾਟ॥
ਬੇਸੁਮਾਰ ਸਾਹੁ ਪ੍ਰਭੁ ਪਾਇਆ ਲਾਹਾ ਚਰਨ ਨਿਧਿ ਖਾਟ॥ ੧॥
ਸਰਨਿ ਗਹੀ ਅਚੁਤ ਅਬਿਨਾਸੀ ਕਿਲਬਿਖ ਕਾਢੇ ਹੈ ਛਾਂਟਿ॥
ਕਲਿ ਕਲੇਸ ਮਿਟੇ ਦਾਸ ਨਾਨਕ
ਬਹੁਰਿ ਨ ਜੋਨੀ ਮਾਟ ॥ ੨॥ ੧੦॥ ੧੪॥
(ਮਲਾਰ ਮ: ੫, ਆ. ਗ੍ਰੰ. ਪੰਨਾ ੧੨੬੯)

੬. ਕਾਮ ਕ੍ਰੋਧ ਲੋਭੁ ਮੋਹੁ ਤਜੋ॥ ਜਨਮ ਮਰਨ ਦੁਹੁ ਤੇ ਰਹਿਓ॥ ੬॥
ਦੂਖੁ ਅੰਧੇਰਾ ਘਰ ਤੇ ਮਿਟਿਓ॥
ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ॥ ੭॥
ਜਿਨਿ ਸੇਵਿਆ ਸੋ ਪਾਰਿ ਪਰਿਓ॥ ਜਨ ਨਾਨਕ ਗੁਰਮੁਖਿ ਜਗਤੁ ਤਰਿਓ॥
੮॥ ੧॥ ੧੩॥ (ਗਉੜੀ ਮ: ੫, ਆ. ਗ੍ਰੰ. ਪੰਨਾ ੨੪੧)

੭. ਜਿਨਿ ਗੁਰਿ ਕਹਿਆ ਮਾਰਗੁ ਸੀਧਾ ॥
ਸਗਲ ਤਿਆਗਿ ਨਾਮਿ ਹਰਿ ਗੀਧਾ ॥
ਤਿਸੁ ਗੁਰ ਕੈ ਸਦਾ ਬਲਿ ਜਾਈਐ ॥

ਹਰਿ ਸਿਮਰਨੁ ਜਿਸੁ ਗੁਰ ਤੇ ਪਾਈਐ ॥੨॥
ਬੂਡਤ ਪ੍ਰਾਨੀ ਜਿਨਿ ਗੁਰਹਿ ਤਰਾਇਆ ॥
ਜਿਸੁ ਪ੍ਰਸਾਦਿ ਮੋਹੈ ਨਹੀ ਮਾਇਆ ॥
ਹਲਤੁ ਪਲਤੁ ਜਿਨਿ ਗੁਰਹਿ ਸਵਾਰਿਆ ॥
ਤਿਸੁ ਗੁਰ ਊਪਰਿ ਸਦਾ ਹਉ ਵਾਰਿਆ ॥੩॥
ਮਹਾ ਮੁਗਧ ਤੇ ਕੀਆ ਗਿਆਨੀ ॥ ਗੁਰ ਪੂਰੇ ਕੀ ਅਕਥ ਕਹਾਨੀ ॥
ਪਾਰਬ੍ਰਹਮ ਨਾਨਕ ਗੁਰਦੇਵ ॥
ਵਡੈ ਭਾਗਿ ਪਾਈਐ ਹਰਿ ਸੇਵ ॥੪॥੩॥

(ਪ੍ਰਭਾਤੀ ਮ: ੫, ਆ. ਗ੍ਰੰ. ਪੰਨਾ ੧੩੩੮)

੮. ਚਰਨ ਕਮਲ ਸਿਉ ਲਾਗੋ ਪਿਆਰੁ ॥ ਬਿਨਸੇ ਕਾਮ ਕ੍ਰੋਧ ਅਹੰਕਾਰ ॥
ਪ੍ਰਭ ਮਿਲਨ ਕਾ ਮਾਰਗੁ ਜਾਨਾਂ ॥
ਭਾਇ ਭਗਤਿ ਹਰਿ ਸਿਉ ਮਨੁ ਮਾਨਾਂ ॥੩॥

(ਪ੍ਰਭਾਤੀ ਮ: ੫, ਆ. ਗ੍ਰੰ. ਪੰਨਾ ੧੩੩੯)

੯. ਚੂਕਾ ਗਉਣੁ ਮਿਟਿਆ ਅੰਧਿਆਰੁ ॥
ਗੁਰਿ ਦਿਖਲਾਇਆ ਮੁਕਤਿ ਦੁਆਰੁ ॥
ਹਰਿ ਪ੍ਰੇਮ ਭਗਤਿ ਮਨੁ ਤਨੁ ਸਦ ਰਾਤਾ ॥
ਪ੍ਰਭੂ ਜਨਾਇਆ ਤਬ ਹੀ ਜਾਤਾ ॥੨॥

(ਪ੍ਰਭਾਤੀ ਮ: ੫, ਆ. ਗ੍ਰੰ. ਪੰਨਾ ੧੩੪੮)

੧੦. ਕਬੀਰ ਘਾਣੀ ਪੀੜਤੇ ਸਤਿਗੁਰ ਲੀਏ ਛਡਾਇ ॥
ਪਰਾ ਪੂਰਬਲੀ ਭਾਵਨੀ ਪਰਗਟੁ ਹੋਈ ਆਇ ॥੨੦੭॥

(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੫)

੧੧. ਮੈ ਜੁਗਿ ਜੁਗਿ ਦਯੈ ਸੇਵੜੀ॥ ਗੁਰਿ ਕਟੀ ਮਿਹਡੀ ਜੇਵੜੀ॥
ਹਉ ਬਾਹੁੜਿ ਛਿੰਝ ਨ ਨਚਊ
ਨਾਨਕ ਅਉਸਰੁ ਲਧਾ ਭਾਲਿ ਜੀਉ॥੨੧॥੨॥੨੯॥

(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੭੪)

੧੨. ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ॥
ਵਰੁ ਪਾਇਆ ਪ੍ਰਭੁ ਅੰਤਰਜਾਮੀ ਨਾਨਕ ਸੋਹਾਗੁ ਨ ਟਲਿਆ॥੪॥੪॥

(ਗਉੜੀ ਛੰਤ ਮ: ੫, ਆ. ਗ੍ਰੰ. ਪੰਨਾ ੨੪੯)

੧੩. ਸਤਿਗੁਰ ਕਉ ਬਲਿ ਜਾਈਐ॥ ਜਿਤੁ ਮਿਲਿਐ ਪਰਮ ਗਤਿ ਪਾਈਐ॥
ਸੁਰਿ ਨਰ ਮੁਨਿ ਜਨ ਲੋਚਦੇ ਸੋ ਸਤਿਗੁਰਿ ਦੀਆ ਬੁਝਾਇ ਜੀਉ॥੪॥

(ਸ੍ਰੀ ਰਾਗੁ ਮ: ੧, ਆ. ਗ੍ਰੰ. ਪੰਨਾ ੭੨)

੧੪. ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥੧॥

(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੯੩)

੧੫. ਭਨਤਿ ਨਾਨਕ ਭਰਮ ਪਟ ਖੂਲ੍ਹੇ ਗੁਰ ਪਰਸਾਦੀ ਜਾਨਿਆ ॥
ਸਾਚੀ ਲਿਵ ਲਾਗੀ ਹੈ ਭੀਤਰਿ
ਸਤਿਗੁਰ ਸਿਉ ਮਨੁ ਮਾਨਿਆ॥੩॥੧॥੯॥

(ਧਨਾਸਰੀ ਮ: ੩, ਆ. ਗ੍ਰੰ. ਪੰਨਾ ੬੬੬)

੧੬. ਜਹ ਜਹ ਦੇਖਾ ਤਹ ਤਹ ਸੁਆਮੀ॥
ਤੂ ਘਟਿ ਘਟਿ ਰਵਿਆ ਅੰਤਰਜਾਮੀ॥
ਗੁਰਿ ਪੂਰੈ ਹਰਿ ਨਾਲਿ ਦਿਖਾਲਿਆ
ਹਉ ਸਤਿਗੁਰ ਵਿਟਹੁ ਸਦ ਵਾਰਿਆ ਜੀਉ ॥੨॥

(ਮਾਝ ਮ: ੪, ਆ. ਗ੍ਰੰ. ਪੰਨਾ ੯੬)

SIKHBOOKCLUB.COM

੧੭. ਭਰਮੁ ਗਇਆ ਭੈ ਮੋਹ ਬਿਨਾਸੇ ਮਿਟਿਆ ਸਗਲ ਵਿਸੂਰਾ ॥
ਨਾਨਕ ਦਇਆ ਕਰੀ ਸੁਖਦਾਤੈ
ਭੇਟਿਆ ਸਤਿਗੁਰੁ ਪੂਰਾ ॥੪॥੫॥੫੨॥

(ਸੂਹੀ ਮ: ੫, ਆ. ਗ੍ਰੰ. ਪੰਨਾ ੭੪੮)

# ਪੂਰਾ ਗੁਰੂ

## ਸ਼ਬਦ ਨੰ: ੪੦

ਗੁਰ ਕੀ ਮੂਰਤਿ ਮਨ ਮਹਿ ਧਿਆਨੁ।। ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ।। ਗੁਰ ਕੇ ਚਰਨ ਰਿਦੈ ਲੈ ਧਾਰਉ।। ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ।। ੧।। ਮਤ ਕੋ ਭਰਮਿ ਭੁਲੈ ਸੰਸਾਰਿ।। ਗੁਰ ਬਿਨੁ ਕੋਇ ਨ ਉਤਰਸਿ ਪਾਰਿ।। ੧।। ਰਹਾਉ।। ਭੂਲੇ ਕਉ ਗੁਰਿ ਮਾਰਗਿ ਪਾਇਆ।। ਅਵਰ ਤਿਆਗਿ ਹਰਿ ਭਗਤੀ ਲਾਇਆ।। ਜਨਮ ਮਰਨ ਕੀ ਤ੍ਰਾਸ ਮਿਟਾਈ।। ਗੁਰ ਪੂਰੇ ਕੀ ਬੇਅੰਤ ਵਡਾਈ।। ੨।। ਗੁਰ ਪ੍ਰਸਾਦਿ ਊਰਧ ਕਮਲ ਬਿਗਾਸ।। ਅੰਧਕਾਰ ਮਹਿ ਭਇਆ ਪ੍ਰਗਾਸ।। ਜਿਨਿ ਕੀਆ ਸੋ ਗੁਰ ਤੇ ਜਾਨਿਆ।। ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ।। ੩।। ਗੁਰੁ ਕਰਤਾ ਗੁਰੁ ਕਰਣੈ ਜੋਗੁ।। ਗੁਰੁ ਪਰਮੇਸਰੁ ਹੈ ਭੀ ਹੋਗੁ।। ਕਹੁ ਨਾਨਕ ਪ੍ਰਭਿ ਇਹੈ ਜਨਾਈ।। ਬਿਨੁ ਗੁਰ ਮੁਕਤਿ ਨ ਪਾਈਐ ਭਾਈ।। ੪।। ੫।। ੭।।

(ਗੋਂਡ ਮ: ੫, ਆ. ਗ੍ਰੰ. ਪੰਨਾ ੮੬੪)

SIKHBOOKCLUB.COM

## ਗੁਰ ਪੂਰੇ ਕੀ ਬੇਅੰਤ ਵਡਾਈ

੧. ਘਾਲ ਸਿਆਣਪ ਉਕਤਿ ਨ ਮੇਰੀ ਪੂਰੈ ਗੁਰੂ ਕਮਾਈ ।। ੧੨।।
ਜਪ ਤਪ ਸੰਜਮ ਸੁਚਿ ਹੈ ਸੋਈ ਆਪੇ ਕਰੇ ਕਰਾਈ।। ੧੩।।
ਪੁਤ੍ਰ ਕਲਤ੍ਰ ਮਹਾ ਬਿਖਿਆ ਮਹਿ ਗੁਰਿ ਸਾਚੈ ਲਾਇ ਤਰਾਈ।। ੧੪।।
ਅਪਣੇ ਜੀਅ ਤੈ ਆਪਿ ਸਮ੍ਹਾਲੇ ਆਪਿ ਲੀਏ ਲੜਿ ਲਾਈ।। ੧੫।।
ਸਾਚ ਧਰਮ ਕਾ ਬੇੜਾ ਬਾਂਧਿਆ ਭਵਜਲੁ ਪਾਰਿ ਪਵਾਈ ।। ੧੬।।
ਬੇਸੁਮਾਰ ਬੇਅੰਤ ਸੁਆਮੀ ਨਾਨਕ ਬਲਿ ਬਲਿ ਜਾਈ ।। ੧੭।।

(ਰਾਮਕਲੀ ਮ: ੫, ਆ. ਗ੍ਰੰ. ਪੰਨਾ ੯੧੫)

੨. ਅਬ ਮੋਕਉ ਭਏ ਰਾਜਾ ਰਾਮ ਸਹਾਈ ।।
ਜਨਮ ਮਰਨ ਕਟਿ ਪਰਮ ਗਤਿ ਪਾਈ।। ੧।। ਰਹਾਉ।।
ਸਾਧੂ ਸੰਗਤਿ ਦੀਓ ਰਲਾਇ ।। ਪੰਚ ਦੂਤ ਤੇ ਲੀਓ ਛਡਾਇ ।।

ਅੰਮ੍ਰਿਤ ਨਾਮੁ ਜਪਉ ਜਪੁ ਰਸਨਾ।।
ਅਮੋਲ ਦਾਸੁ ਕਰਿ ਲੀਨੋ ਅਪਨਾ।। ੧।।
ਸਤਿਗੁਰ ਕੀਨੋ ਪਰਉਪਕਾਰੁ ।। ਕਾਢਿ ਲੀਨ ਸਾਗਰ ਸੰਸਾਰ ।।
ਚਰਨ ਕਮਲ ਸਿਉ ਲਾਗੀ ਪ੍ਰੀਤਿ ।।
ਗੋਬਿੰਦੁ ਬਸੈ ਨਿਤਾ ਨਿਤ ਚੀਤ ।। ੨।।

(ਗਉੜੀ ਕਬੀਰ ਜੀ, ਆ. ਗ੍ਰੰ. ਪੰਨਾ ੩੩੧)

੩. ਦੋਵੈ ਥਾਵ ਰਖੇ ਗੁਰ ਸੂਰੇ।।
ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ।। ੧।। ਰਹਾਉ।।
ਹਰਿ ਹਰਿ ਨਾਮੁ ਜਪਤ ਸੁਖ ਸਹਜੇ ਮਜਨੁ ਹੋਵਤ ਸਾਧੂ ਧੂਰੇ।।
ਆਵਣ ਜਾਣ ਰਹੇ ਥਿਤਿ ਪਾਈ ਜਨਮ ਮਰਣ ਕੇ ਮਿਟੇ ਬਿਸੂਰੇ।। ੧।।
ਭ੍ਰਮ ਭੈ ਤਰੇ ਛੁਟੇ ਭੈ ਜਮ ਕੇ ਘਟਿ ਘਟਿ ਏਕੁ ਰਹਿਆ ਭਰਪੂਰੇ।।
ਨਾਨਕ ਸਰਣਿ ਪਰਿਓ ਦੁਖ ਭੰਜਨ
ਅੰਤਰਿ ਬਾਹਰਿ ਪੇਖਿ ਹਜੂਰੇ।। ੨।। ੨੨।। ੧੦੮।।

(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੫)

੪. ਆਗੈ ਹੀ ਤੇ ਸਭੁ ਕਿਛੁ ਹੂਆ ਅਵਰੁ ਕਿ ਜਾਣੈ ਗਿਆਨਾ।।
ਭੂਲ ਚੂਕ ਅਪਨਾ ਬਾਰਿਕੁ ਬਖਸਿਆ ਪਾਰਬ੍ਰਹਮ ਭਗਵਾਨਾ।। ੧।।
ਸਤਿਗੁਰੁ ਮੇਰਾ ਸਦਾ ਦਇਆਲਾ ਮੋਹਿ ਦੀਨ ਕਉ ਰਾਖਿ ਲੀਆ।।
ਕਾਟਿਆ ਰੋਗੁ ਮਹਾ ਸੁਖੁ ਪਾਇਆ
ਹਰਿ ਅੰਮ੍ਰਿਤੁ ਮੁਖਿ ਨਾਮੁ ਦੀਆ।। ੧।। ਰਹਾਉ।।
ਅਨਿਕ ਪਾਪ ਮੇਰੇ ਪਰਹਰਿਆ ਬੰਧਨ ਕਾਟੇ ਮੁਕਤ ਭਏ।।
ਅੰਧ ਕੂਪ ਮਹਾ ਘੋਰ ਤੇ ਬਾਹ ਪਕਰਿ ਗੁਰਿ ਕਾਢਿ ਲੀਏ ।। ੨।।
ਨਿਰਭਉ ਭਏ ਸਗਲ ਭਉ ਮਿਟਿਆ ਰਾਖੇ ਰਾਖਨਹਾਰੇ।।
ਐਸੀ ਦਾਤਿ ਤੇਰੀ ਪ੍ਰਭ ਮੇਰੇ ਕਾਰਜ ਸਗਲ ਸਵਾਰੇ।। ੩।।
ਗੁਣ ਨਿਧਾਨ ਸਾਹਿਬ ਮਨਿ ਮੇਲਾ।।
ਸਰਣਿ ਪਇਆ ਨਾਨਕ ਸੋੁਹੇਲਾ ।। ੪।। ੯।। ੪੮।।

(ਆਸਾ ਮ:. ੫, ਆ. ਗ੍ਰੰ. ਪੰਨਾ ੩੮੩)

੫. ਜੀਅ ਜੰਤ ਸਗਲ ਸੰਤੋਖੇ ਆਪਨਾ ਪ੍ਰਭੁ ਧਿਆਇ।।
ਰਤਨ ਜਨਮੁ ਅਪਾਰ ਜੀਤਿਓ ਬਹੁੜਿ ਜੋਨਿ ਨ ਪਾਇ।। ੧।।

 www.sikhbookclub.com

ਭਏ ਕ੍ਰਿਪਾਲ ਦਇਆਲ ਗੋਬਿਦ ਭਇਆ ਸਾਧੂ ਸੰਗੁ ।।
ਹਰਿ ਚਰਨ ਰਾਸਿ ਨਾਨਕ ਪਾਈ
ਲਗਾ ਪ੍ਰਭ ਸਿਉ ਰੰਗੁ ।। ੨।। ੯੩।। ੧੧੬।।

(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੨੬)

੬. ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ ।।
ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ ।। ੧।।

(ਗਉੜੀ ਬਾਵਨ ਅਖਰੀ ਮ: ੫, ਆ. ਗ੍ਰੰ. ਪੰਨਾ ੨੫੮)

੭. ਜਿਉ ਤੂੰ ਰਾਖਹਿ ਤਿਉ ਰਹਾ ਹਰਿ ਨਾਮ ਅਧਾਰਾ ।।
ਅੰਤਿ ਸਖਾਈ ਪਾਇਆ ਜਨ ਮੁਕਤਿ ਦੁਆਰਾ ।। ੭।।
ਜਨਮ ਮਰਣ ਦੁਖ ਮੇਟਿਆ ਜਪਿ ਨਾਮੁ ਮੁਰਾਰੇ ।।
ਨਾਨਕ ਨਾਮੁ ਨ ਵੀਸਰੈ ਪੂਰਾ ਗੁਰੁ ਤਾਰੇ।। ੮।। ੨੨।।

(ਆਸਾ ਮ: ੧, ਆ. ਗ੍ਰੰ. ਪੰਨਾ ੪੨੨)

੮. ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ।।
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ।।੧।।
ਜਨਮ ਮਰਨ ਚੂਕੇ ਸਭਿ ਭਾਰੇ।।
ਮਿਲਤ ਸੰਗਿ ਭਇਓ ਮਨੁ ਨਿਰਮਲੁ
ਗੁਰਿ ਪੂਰੈ ਲੈ ਖਿਨ ਮਹਿ ਤਾਰੇ।। ੧।। ਰਹਾਉ।।

(ਆਸਾ ਮ: ੫, ਆ. ਗ੍ਰੰ. ਪੰਨਾ ੩੭੯)

੯. ਰਾਮ ਜਪਤ ਜਨ ਪਾਰਿ ਪਰੇ ।।
ਜਨਮ ਜਨਮ ਕੇ ਪਾਪ ਹਰੇ।। ੧।। ਰਹਾਉ।।
ਗੁਰ ਕੇ ਚਰਨ ਰਿਦੈ ਉਰਿ ਧਾਰੇ ।।
ਅਗਨਿ ਸਾਗਰ ਤੇ ਉਤਰੇ ਪਾਰੇ ।।
ਜਨਮ ਮਰਣ ਸਭ ਮਿਟੀ ਉਪਾਧਿ ।।
ਪ੍ਰਭ ਸਿਉ ਲਾਗੀ ਸਹਜਿ ਸਮਾਧਿ ।। ੨।।

(ਗੋਂਡ ਮ: ੫, ਆ. ਗ੍ਰੰ. ਪੰਨਾ ੮੬੫)

੧੦. ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾ ਗਵਨ ।।
ਆਪਿ ਤਰਿਆ ਕੁਟੰਬ ਸਿਉ ਗੁਣ ਗੁਬਿੰਦ ਪ੍ਰਭ ਰਵਨ ।।
ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ।।
ਗੁਰ ਪੂਰੇ ਤੇ ਪਾਇਆ ਨਾਨਕ ਸੁਖ ਬਿਸ੍ਰਾਮੁ ।। ੧੫।।

(ਥਿਤੀ ਗਉੜੀ ਮ: ੫, ਆ. ਗ੍ਰੰ. ਪੰਨਾ ੩੦੦)

 www.sikhbookclub.com

੧੧. ਤਪਤਿ ਮਾਹਿ ਠਾਢਿ ਵਰਤਾਈ ॥
ਅਨਦੁ ਭਇਆ ਦੁਖ ਨਾਠੇ ਭਾਈ ॥
ਜਨਮ ਮਰਨ ਕੇ ਮਿਟੇ ਅੰਦੇਸੇ ॥
ਸਾਧੂ ਕੇ ਪੂਰਨ ਉਪਦੇਸੇ ॥
ਭਉ ਚੂਕਾ ਨਿਰਭਉ ਹੋਇ ਬਸੇ ॥
ਸਗਲ ਬਿਆਧਿ ਮਨ ਤੇ ਖੈ ਨਸੇ ॥
ਜਿਸ ਕਾ ਸਾ ਤਿਨਿ ਕਿਰਪਾ ਧਾਰੀ ॥
ਸਾਧਸੰਗਿ ਜਪਿ ਨਾਮੁ ਮੁਰਾਰੀ ॥
ਥਿਤਿ ਪਾਈ ਚੂਕੇ ਭ੍ਰਮ ਗਵਨ ॥
ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ ॥੭॥
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੯੭)

੧੨. ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥
ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥੧॥
ਸੁਹੇਲਾ ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ ॥੧॥ ਰਹਾਉ ॥
ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥
ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥੨॥
ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥
ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥੩॥
ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥
ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥੪॥੨੭॥੯੭॥
(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੫੧)

੧੩. ਮਨ ਤਨ ਨਾਮਿ ਰਤੇ ਇਕ ਰੰਗਿ ॥ ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥
ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥
ਮਿਟਿ ਗਏ ਗਵਨ ਪਾਏ ਬਿਸ੍ਰਾਮ ॥
ਨਾਨਕ ਪ੍ਰਭ ਕੈ ਸਦ ਕੁਰਬਾਨ ॥੮॥੧੧॥
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੭੮)

੧੪. ਸੁਪ੍ਰਸੰਨ ਗੋਪਾਲ ਰਾਇ ਕਾਟੈ ਰੇ ਬੰਧਨ ਮਾਇ
ਗੁਰ ਕੈ ਸਬਦਿ ਮੇਰਾ ਮਨੁ ਰਾਤਾ ॥

ਸਦਾ ਸਦਾ ਆਨੰਦੁ ਭੇਟਿਓ ਨਿਰਭੈ ਗੋਬਿੰਦੁ
ਸੁਖ ਨਾਨਕ ਲਾਧੇ ਹਰਿ ਚਰਨ ਪਰਾਤਾ॥ ੮॥
ਸਫਲ ਸਫਲ ਭਈ ਸਫਲ ਜਾਤ੍ਰਾ॥
ਆਵਣ ਜਾਣ ਰਹੇ ਮਿਲੇ ਸਾਧਾ॥ ੧॥ ਰਹਾਉ ਦੂਜਾ॥
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੮੭)

੧੫. ਹਠ ਮੰਝਾਹੂ ਮੈ ਮਾਣਕੁ ਲਧਾ॥ ਮੁਲਿ ਨ ਘਿਧਾ ਮੈ ਕੂ ਸਤਿਗੁਰਿ ਦਿਤਾ॥
ਢੂੰਢ ਵਞਾਈ ਥੀਆ ਥਿਤਾ ॥ ਜਨਮੁ ਪਦਾਰਥੁ ਨਾਨਕ ਜਿਤਾ ॥ ੨॥
(ਰਾਮਕਲੀ ਵਾਰ ਮ: ੫, ਆ. ਗ੍ਰੰ. ਪੰਨਾ ੯੬੪)

੧੬. ਗੁਰੁ ਬੋਹਿਥੁ ਤਾਰੇ ਭਵ ਪਾਰਿ ॥ ਗੁਰ ਸੇਵਾ ਜਮ ਤੇ ਛੁਟਕਾਰਿ ॥
ਅੰਧਕਾਰ ਮਹਿ ਗੁਰਮੰਤ੍ਰੁ ਉਜਾਰਾ॥ ਗੁਰ ਕੈ ਸੰਗਿ ਸਗਲ ਨਿਸਤਾਰਾ॥ ੩॥
(ਗੌਂਡ ਮ: ੫, ਆ. ਗ੍ਰੰ. ਪੰਨਾ ੮੬੪)

੧੭. ਵਡਭਾਗੀ ਸਤਿਗੁਰੁ ਪਾਇਆ ॥ ਜਿਨਿ ਜਮ ਕਾ ਪੰਥੁ ਮਿਟਾਇਆ ॥
ਹਰਿ ਭਗਤਿ ਭਾਇ ਚਿਤੁ ਲਾਗਾ॥ ਜਪਿ ਜੀਵਹਿ ਸੇ ਵਡਭਾਗਾ ॥ ੨॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੨੩)

੧੮. ਗੁਰਿ ਕਾਢਿਓ ਭੁਜਾ ਪਸਾਰਿ ਮੋਹ ਕੂਪਾਰੀਆ ॥
ਮੈ ਜੀਤਿਓ ਜਨਮੁ ਅਪਾਰੁ ਬਹੁਰਿ ਨ ਹਾਰੀਆ ॥ ੬॥
ਮੈ ਪਾਇਓ ਸਰਬ ਨਿਧਾਨੁ ਅਕਥੁ ਕਥਾਰੀਆ ॥
ਹਰਿ ਦਰਗਹ ਸੋਭਾਵੰਤ ਬਾਹ ਲੁਡਾਰੀਆ ॥ ੭॥
ਜਨ ਨਾਨਕ ਲਧਾ ਰਤਨੁ ਅਮੋਲੁ ਅਪਾਰੀਆ ॥
ਗੁਰ ਸੇਵਾ ਭਉਜਲੁ ਤਰੀਐ ਕਹਉ ਪੁਕਾਰੀਆ॥ ੮॥ ੧੨॥
(ਗਉੜੀ ਮਾਝ ਮ: ੫, ਆ. ਗ੍ਰੰ. ਪੰਨਾ ੨੪੧)

੧੯. ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ ॥
ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ ਦਰਸਾਰੀ ॥ ੩॥
ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖ ਬਰੀਆ ॥
ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ
ਜਨ ਨਾਨਕ ਪ੍ਰਿਅ ਸੰਗਿ ਮਿਰੀਆ॥ ੪॥ ੭॥ ੧੨੮॥
(ਗਉੜੀ ਮ: ੫, ਆ. ਗ੍ਰੰ. ਪੰਨਾ ੨੦੭)

# ਸਿਮਰਨ ਮਹਿਮਾ

**ਸ਼ਬਦ ਨੰ: ੪੧**

ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ ॥
ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੋਪਾਲੁ ॥ ੧॥
(ਆਸਾ ਮ: ੫, ਆ. ਗ੍ਰੰ. ਪੰਨਾ ੪੫੮)

## ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ

੧. ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ ॥
ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ ॥ ੧ ॥ ਰਹਾਉ ॥
ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ ॥
ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ ॥ ੧ ॥
(ਗਉੜੀ ਮ: ੫, ਮਾਂਝ, ਆ. ਗ੍ਰੰ. ਪੰਨਾ ੨੧੮)

੨. ਹਸਤ ਪੁਨੀਤ ਹੋਹਿ ਤਤਕਾਲ ॥ ਬਿਨਸਿ ਜਾਹਿ ਮਾਇਆ ਜੰਜਾਲ ॥
ਰਸਨਾ ਰਮਹੁ ਰਾਮ ਗੁਣ ਨੀਤ ॥ ਸੁਖੁ ਪਾਵਹੁ ਮੇਰੇ ਭਾਈ ਮੀਤ ॥ ੧ ॥
ਲਿਖੁ ਲੇਖਣਿ ਕਾਗਦਿ ਮਸਵਾਣੀ ॥
ਰਾਮ ਨਾਮ ਹਰਿ ਅੰਮ੍ਰਿਤ ਬਾਣੀ ॥ ੧ ॥ ਰਹਾਉ ॥
ਇਹ ਕਾਰਜਿ ਤੇਰੇ ਜਾਹਿ ਬਿਕਾਰ ॥ ਸਿਮਰਤ ਰਾਮ ਨਾਹੀ ਜਮ ਮਾਰ ॥
ਧਰਮ ਰਾਇ ਕੇ ਦੂਤ ਨ ਜੋਹੈ ॥ ਮਾਇਆ ਮਗਨ ਨ ਕਛੂਐ ਮੋਹੈ ॥ ੨ ॥
(ਗਉੜੀ ਮ: ੫, ਆ. ਗ੍ਰੰ. ਪੰਨਾ ੧੮੫)

੩. ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥
ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥
ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥
ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ ॥ ੨ ॥
(ਸ੍ਰੀ ਰਾਗੁ ਮ: ੩, ਆ. ਗ੍ਰੰ. ਪੰਨਾ ੩੮)


www.sikhbookclub.com

੪. ਜਿਨੀ ਅੰਦਰੁ ਭਾਲਿਆ ਗੁਰ ਸਬਦਿ ਸੁਹਾਵੈ।।
ਜੋ ਇਛਨਿ ਸੋ ਪਾਇਦੇ ਹਰਿ ਨਾਮੁ ਧਿਆਵੈ।।
ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਸੋ ਹਰਿ ਗੁਣ ਗਾਵੈ ।।
ਧਰਮ ਰਾਇ ਤਿਨ ਕਾ ਮਿਤੁ ਹੈ ਜਮ ਮਗਿ ਨ ਪਾਵੈ ।।
ਹਰਿ ਨਾਮੁ ਧਿਆਵਹਿ ਦਿਨਸੁ ਰਾਤਿ ਹਰਿ ਨਾਮਿ ਸਮਾਵੈ ।। ੧੪।।
(ਮਾਰੂ ਵਾਰ ਮ: ੩, ਆ. ਗ੍ਰੰ. ਪੰਨਾ ੧੦੯੧)

੫. ਗੁਰਮਤਿ ਰਾਮ ਨਾਮੁ ਧਨੁ ਪਾਇਆ ਸੁਣਿ ਕਹਤਿਆ ਪਾਪ ਨਿਵਾਰੇ।।
ਧਰਮ ਰਾਇ ਜਮੁ ਨੇੜਿ ਨ ਆਵੈ ਮੇਰੇ ਠਾਕੁਰ ਕੇ ਜਨ ਪਿਆਰੇ।। ੬।।
(ਨਟ ਮ: ੪, ਆ. ਗ੍ਰੰ. ਪੰਨਾ ੯੮੦)

੬. ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ ।।
ਏਕੁ ਜੁ ਸਾਧੂ ਮੋੁਹਿ ਮਿਲਿਓ ਤਿਨ੍ਹਿ ਲੀਆ ਅੰਚਲਿ ਲਾਇ।। ੭੮।।
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੬੮)

੭. ਸਤਿਗੁਰੁ ਸਿਮਰਹੁ ਆਪਣਾ ਘਟਿ ਅਵਘਟਿ ਘਟ ਘਾਟ ।।
ਹਰਿ ਹਰਿ ਨਾਮੁ ਜਪੰਤਿਆ ਕੋਇ ਨ ਬੰਧੈ ਵਾਟ।। ੨।। ਮ: ੫।।
ਪਉੜੀ ।। ਤਿਥੈ ਤੂ ਸਮਰਥੁ ਜਿਥੈ ਕੋਇ ਨਾਹਿ ।।
ਓਥੈ ਤੇਰੀ ਰਖ ਅਗਨੀ ਉਦਰ ਮਾਹਿ ।।
ਸੁਣਿ ਕੈ ਜਮ ਕੇ ਦੂਤ ਨਾਇ ਤੇਰੈ ਛਡਿ ਜਾਹਿ ।।
ਭਉਜਲੁ ਬਿਖਮੁ ਅਸਗਾਹੁ ਗੁਰ ਸਬਦੀ ਪਾਰਿ ਪਾਹਿ ।।
(ਰਾਮਕਲੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੯੬੧)

੮. ਅਫਰਿਓ ਜਮੁ ਮਾਰਿਆ ਨ ਜਾਈ।। ਗੁਰ ਕੈ ਸਬਦੇ ਨੇੜਿ ਨ ਆਈ।।
ਸਬਦੁ ਸੁਣੇ ਤਾ ਦੂਰਹੁ ਭਾਗੈ ਮਤੁ ਮਾਰੇ ਹਰਿ ਜੀਉ ਵੇਪਰਵਾਹਾ ਹੇ।। ੭।।
(ਮਾਰੂ ਮ: ੩, ਆ. ਗ੍ਰੰ. ਪੰਨਾ ੧੦੫੪)

੯. ਮਥੁਰਾ ਭਨਿ ਭਾਗ ਭਲੇ ਉਨ੍ ਕੇ ਮਨ ਇਛਤ ਹੀ ਫਲ ਪਾਵਤ ਹੈ।।
ਰਵਿ ਕੇ ਸੁਤ ਕੋ ਤਿਨ੍ ਤ੍ਰਾਸੁ ਕਹਾ ਜੁ ਚਰੰਨ ਗੁਰੂ ਚਿਤੁ ਲਾਵਤ ਹੈ।। ੩।।
(ਸਵਯੇ ਮਹਲੇ ਚੌਥੇ ਕੇ, ਆ. ਗ੍ਰੰ. ਪੰਨਾ ੧੪੦੪)

੧੦. ਇਕਨਾ ਨੋ ਹਰਿ ਲਾਭੁ ਦੇਇ ਜੋ ਗੁਰਮੁਖਿ ਥੀਵੇ ।।
ਤਿਨ ਜਮਕਾਲੁ ਨ ਵਿਆਪਈ ਜਿਨ ਸਚੁ ਅੰਮ੍ਰਿਤੁ ਪੀਵੇ ।।
ਓਇ ਆਪਿ ਛੁਟੇ ਪਰਵਾਰ ਸਿਉ ਤਿਨ ਪਿਛੈ ਸਭੁ ਜਗਤੁ ਛੁਟੀਵੇ।। ੩।।
(ਸ੍ਰੀ ਰਾਗ ਕੀ ਵਾਰ ਮ: ੪, ਆ. ਗ੍ਰੰ. ਪੰਨਾ ੮੩)

੧੧. ਗੁਣ ਗਾਵੈ ਨਿਤ ਨਿਤ ਨਿਤ ਨਵੇ।। ਲਖ ਚਉਰਾਸੀਹ ਜੋਨਿ ਨ ਭਵੇ।।
ਈਹਾਂ ਊਹਾਂ ਚਰਣ ਪੂਜਾਰੇ।। ਮੁਖੁ ਊਜਲੁ ਸਾਚੇ ਦਰਬਾਰੇ।। ੩।।
ਜਿਸੁ ਮਸਤਕਿ ਗੁਰਿ ਧਰਿਆ ਹਾਥੁ।। ਕੋਟਿ ਮਧੇ ਕੋ ਵਿਰਲਾ ਦਾਸੁ ।
ਜਲਿ ਥਲਿ ਮਹੀਅਲਿ ਪੇਖੈ ਭਰਪੂਰਿ।।
ਨਾਨਕ ਉਧਰਸਿ ਤਿਸੁ ਜਨ ਕੀ ਧੂਰਿ।। ੪।। ੧੦।।
(ਪ੍ਰਭਾਤੀ ਮ: ੫, ਆ. ਗ੍ਰੰ. ਪੰਨਾ ੧੩੪੦)

੧੨. ਜਿਨੀ ਸਤਿਗੁਰ ਸਿਉ ਚਿਤੁ ਲਾਇਆ ਸੇ ਖਾਲੀ ਕੋਈ ਨਾਹਿ।।
ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ ।।
ਨਾਨਕ ਗੁਰਮੁਖਿ ਉਬਰੇ ਸਚੈ ਸਬਦਿ ਸਮਾਹਿ ।। ੩।।
(ਰਾਮਕਲੀ ਕੀ ਵਾਰ ਮ: ੩, ਆ. ਗ੍ਰੰ. ਪੰਨਾ ੯੫੦)

੧੩. ਮਨਮੁਖ ਕਾਲੁ ਵਿਆਪਦਾ ਮੋਹਿ ਮਾਇਆ ਲਾਗੇ।।
ਖਿਨ ਮਹਿ ਮਾਰਿ ਪਛਾੜਸੀ ਭਾਇ ਦੂਜੈ ਠਾਗੇ ।।
ਫਿਰਿ ਵੇਲਾ ਹਥਿ ਨ ਆਵਈ ਜਮ ਕਾ ਡੰਡੁ ਲਾਗੇ।।
ਤਿਨ ਜਮ ਡੰਡੁ ਨ ਲਗਈ ਜੋ ਹਰਿ ਲਿਵ ਜਾਗੇ।।
ਸਭ ਤੇਰੀ ਤੁਧੁ ਛਡਾਵਣੀ ਸਭ ਤੁਧੈ ਲਾਗੇ।। ੧੨।।
(ਮਾਰੂ ਕੀ ਵਾਰ ਮ: ੩, ਆ. ਗ੍ਰੰ. ਪੰਨਾ ੧੦੯੦)

੧੪. ਇਸੁ ਜੁਗ ਮਹਿ ਨਾਮੁ ਨਿਧਾਨੁ ਹੈ ਨਾਮੋ ਨਾਲਿ ਚਲੈ ।।
ਏਹੁ ਅਖੁਟੁ ਕਦੇ ਨ ਨਿਖੁਟਈ ਖਾਇ ਖਰਚਿਉ ਪਲੈ ।।
ਹਰਿ ਜਨ ਨੇੜਿ ਨ ਆਵਈ ਜਮਕੰਕਰ ਜਮਕਲੈ ।।
ਸੇ ਸਾਹ ਸਚੇ ਵਣਜਾਰਿਆ ਜਿਨ ਹਰਿ ਧਨੁ ਪਲੈ ।।
ਹਰਿ ਕਿਰਪਾ ਤੇ ਹਰਿ ਪਾਈਐ ਜਾ ਆਪਿ ਹਰਿ ਘਲੈ ।। ੧੫।।
(ਮਾਰੂ ਕੀ ਵਾਰ ਮ: ੩, ਆ. ਗ੍ਰੰ. ਪੰਨਾ ੧੦੯੧)

੧੫. ਜਿਨ ਹਰਿ ਨਾਮਾ ਹਰਿ ਚੇਤਿਆ ਹਿਰਦੈ ਉਰਿ ਧਾਰੇ ।।
ਤਿਨ ਜਮੁ ਨੇੜਿ ਨ ਆਵਈ ਗੁਰਸਿਖ ਗੁਰ ਪਿਆਰੇ ।। ੧੪।।
(ਤਿਲੰਗ ਮ: ੪, ਆ. ਗ੍ਰੰ. ਪੰਨਾ ੭੨੬)

੧੬. ਜਿਨ੍ਹ ਇਕ ਮਨਿ ਧਿਆਇਆ ਤਿਨ੍ਹ ਸੁਖੁ ਪਾਇਆ
ਤੇ ਵਿਰਲੇ ਸੰਸਾਰਿ ਜੀਉ।।
ਤਿਨ ਜਮੁ ਨੇੜਿ ਨ ਆਵੈ ਗੁਰ ਸਬਦੁ ਕਮਾਵੈ


www.sikhbookclub.com

ਕਬਹੂ ਨ ਆਵਹਿ ਹਾਰਿ ਜੀਉ॥
ਤੇ ਕਬਹੂ ਨ ਹਾਰਹਿ ਹਰਿ ਹਰਿ ਗੁਣ ਸਾਰਹਿ
ਤਿਨ੍ ਜਮੁ ਨੇੜਿ ਨ ਆਵੈ॥
ਜੰਮਣੁ ਮਰਣੁ ਤਿਨ੍ਾ ਕਾ ਚੂਕਾ ਜੋ ਹਰਿ ਲਾਗੇ ਪਾਵੈ॥
ਗੁਰਮਤਿ ਹਰਿ ਰਸੁ ਹਰਿ ਫਲੁ ਪਾਇਆ ਹਰਿ ਹਰਿ ਨਾਮੁ ਉਰ ਧਾਰਿ ਜੀਉ॥
ਜਿਨ੍ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ
ਤੇ ਵਿਰਲੇ ਸੰਸਾਰਿ ਜੀਉ॥੨॥

(ਆਸਾ ਮ: ੧, ਆ. ਗ੍ਰੰ. ਪੰਨਾ ੪੩੮)

੧੭. ਜੋ ਹਰਿ ਹਰਿ ਨਾਮੁ ਧਿਆਇਦੇ ਤਿਨ੍ ਜਮੁ ਨੇੜਿ ਨ ਆਵੈ॥
ਜਨ ਨਾਨਕ ਕਉ ਹਰਿ ਕ੍ਰਿਪਾ ਕਰਿ
ਨਿਤ ਜਪੈ ਹਰਿ ਨਾਮੁ ਹਰਿ ਨਾਮਿ ਤਰਾਵੈ॥੧॥

(ਆਸਾ ਮ: ੪ ਛੰਤ, ਆ. ਗ੍ਰੰ. ਪੰਨਾ ੪੫੧)

੧੮. ਜੋ ਸੇਵਹਿ ਸਤਿ ਮੁਰਾਰਿ ਸੇ ਭਵਜਲ ਤਰਿ ਗਇਆ ॥
ਜੋ ਬੋਲਹਿ ਹਰਿ ਹਰਿ ਨਾਉ ਤਿਨ ਜਮੁ ਛਡਿ ਗਇਆ ॥

(ਸੋਰਠਿ ਕੀ ਵਾਰ ਮ: ੪, ਆ. ਗ੍ਰੰ. ਪੰਨਾ ੬੪੫)

੧੯. ਹਰਿ ਜਨ ਸਿਮਰਹੁ ਹਿਰਦੈ ਰਾਮ॥
ਹਰਿ ਜਨ ਕਉ ਅਪਦਾ ਨਿਕਟਿ ਨ ਆਵੈ
ਪੂਰਨ ਦਾਸ ਕੇ ਕਾਮ॥੧॥ ਰਹਾਉ॥
ਕੋਟਿ ਬਿਘਨ ਬਿਨਸਹਿ ਹਰਿ ਸੇਵਾ ਨਿਹਚਲੁ ਗੋਵਿਦ ਧਾਮ॥
ਭਗਵੰਤ ਭਗਤ ਕਉ ਭਉ ਕਿਛੁ ਨਾਹੀ ਆਦਰੁ ਦੇਵਤ ਜਾਮ॥੧॥

(ਜੈਤਸਰੀ ਮ: ੫, ਆ. ਗ੍ਰੰ. ਪੰਨਾ ੭੦੨)

੨੦. ਸੂਰਜ ਘਰ ਅਵਤਾਰ ਲੈ ਧਰਮ ਵਿਚਾਰਨ ਜਾਇ ਬਹਿੱਠਾ ॥
ਮੂਰਤਿ ਇੱਕਾ ਨਾਉਂ ਦੁਇ ਧਰਮਰਾਇ ਜਮ ਦੇਖ ਸਹਿੱਠਾ ॥
ਧਰਮੀ ਡਿੱਠਾ ਧਰਮਰਾਇ ਪਾਪ ਕਮਾਇ ਪਾਪੀ ਜਮ ਡਿੱਠਾ ॥
ਪਾਪੀ ਨੂੰ ਪਛੜਾਇੰਦਾ ਧਰਮੀ ਨਾਲ ਬੋਲੇਂਦਾ ਮਿੱਠਾ ॥

(ਵਾਰਾਂ ਭਾਈ ਗੁਰਦਾਸ ਜੀ)

# ਮਿਹਰ

## ਸ਼ਬਦ ਨੰ: ੪੨

ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥
ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥
ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ ॥
ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ ॥
ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ ॥
ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ ॥
ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ ॥
ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ ॥੭॥
(ਮਾਰੂ ਕੀ ਵਾਰ ਡਖਣੇ ਮ: ੫, ਆ. ਗ੍ਰੰ. ਪੰਨਾ ੧੦੯੬)

## ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ

੧. ਸੰਤਨ ਮੋਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥
ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥੩॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੧੪)

੨. ਜਿਨ ਕਉ ਕ੍ਰਿਪਾ ਕਰੀ ਜਗ ਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ ॥
ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥੪॥੫॥
(ਜੈਤਸਰੀ ਮ: ੪, ਆ. ਗ੍ਰੰ. ਪੰਨਾ ੬੯੮)

੩. ਸਿਮਰਤ ਨਾਮੁ ਕਿਲਬਿਖ ਸਭਿ ਕਾਟੇ॥ ਧਰਮ ਰਾਇ ਕੇ ਕਾਗਰ ਫਾਟੇ॥
ਸਾਧਸੰਗਤਿ ਮਿਲਿ ਹਰਿ ਰਸੁ ਪਾਇਆ ॥
ਪਾਰਬ੍ਰਹਮੁ ਰਿਦ ਮਾਹਿ ਸਮਾਇਆ ॥੧॥
(ਪ੍ਰਭਾਤੀ ਮ: ੫, ਆ. ਗ੍ਰੰ. ਪੰਨਾ ੧੩੪੮)

੪. ਹਰਿ ਕੇ ਸੇਵਕ ਸੇ ਹਰਿ ਪਿਆਰੇ ਜਿਨ ਜਪਿਓ ਹਰਿ ਬਚਨਾਕੀ॥
ਲੇਖਾ ਚਿਤ੍ਰ ਗੁਪਤਿ ਜੋ ਲਿਖਿਆ ਸਭ ਛੂਟੀ ਜਮ ਕੀ ਬਾਕੀ॥੨॥
(ਧਨਾਸਰੀ ਮ: ੪, ਆ. ਗ੍ਰੰ. ਪੰਨਾ ੬੬੮)

੫. ਅਨਦ ਮੂਲੁ ਧਿਆਇਓ ਪੁਰਖੋਤਮੁ ਅਨਦਿਨੁ ਅਨਦ ਅਨੰਦੇ ।।
ਧਰਮ ਰਾਇ ਕੀ ਕਾਣਿ ਚੁਕਾਈ ਸਭਿ ਚੂਕੇ ਜਮ ਕੇ ਛੰਦੇ ।। ੧ ।।
(ਬਿਲਾਵਲੁ ਮ: ੪, ਆ. ਗ੍ਰੰ. ਪੰਨਾ ੮੦੦)

੬. ਤੇਰਾ ਅੰਤੁ ਨ ਜਾਈ ਲਖਿਆ ਅਕਥੁ ਨ ਜਾਈ ਹਰਿ ਕਥਿਆ ।।
ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ
ਤਿਨ੍ ਕਾ ਲੇਖਾ ਨਿਬੜਿਆ ।। ੧੮ ।। ੧ ।। ੨ ।।
(ਆਸਾ ਮ: ੩, ਪਟੀ, ਆ. ਗ੍ਰੰ. ਪੰਨਾ ੪੩੫)

੭. ਜਾ ਕਉ ਅਪੁਨੀ ਕਰੈ ਬਖਸੀਸ ।। ਤਾ ਕਾ ਲੇਖਾ ਨ ਗਨੈ ਜਗਦੀਸ ।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੭੭)

੮. ਅਪੁਨੈ ਠਾਕੁਰਿ ਜੋ ਪਹਿਰਾਇਆ ।। ਬਹੁਰਿ ਨ ਲੇਖਾ ਪੁਛਿ ਬੁਲਾਇਆ ।।
ਤਿਸੁ ਸੇਵਕ ਕੈ ਨਾਨਕ ਕੁਰਬਾਣੀ
ਸੋ ਗਹਿਰ ਗਭੀਰਾ ਗਉਹਰੁ ਜੀਉ ।। ੪ ।। ੧੮ ।। ੨੫ ।।
(ਮਾਝ ਮ: ੫, ਆ. ਗ੍ਰੰ. ਪੰਨਾ ੧੦੨)

੯. ਭਾਈ ਰੇ ਗੁਰ ਕਿਰਪਾ ਤੇ ਭਗਤਿ ਠਾਕੁਰ ਕੀ ।।
ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ
ਨਾ ਜਮ ਕਾਣਿ ਨ ਜਮ ਕੀ ਬਾਕੀ ।। ੧ ।। ਰਹਾਉ ।।
(ਗੂਜਰੀ ਮ: ੧, ਆ. ਗ੍ਰੰ. ਪੰਨਾ ੫੦੪)

SIKHBOOKCLUB.COM

੧੦. ਜਿਹ ਪੈਡੈ ਲੂਟੀ ਪਨਿਹਾਰੀ ।। ਸੋ ਮਾਰਗੁ ਸੰਤਨ ਦੂਰਾਰੀ ।। ੧ ।।
ਸਤਿਗੁਰ ਪੂਰੈ ਸਾਚੁ ਕਹਿਆ ।।
ਨਾਮ ਤੇਰੇ ਕੀ ਮੁਕਤੇ ਬੀਥੀ
ਜਮ ਕਾ ਮਾਰਗੁ ਦੂਰਿ ਰਹਿਆ ।। ੧ ।। ਰਹਾਉ ।।
ਜਹ ਲਾਲਚ ਜਾਗਾਤੀ ਘਾਟ ।। ਦੂਰਿ ਰਹੀ ਉਹ ਜਨ ਤੇ ਬਾਟ ।। ੨ ।।
ਜਹ ਆਵਟੇ ਬਹੁਤ ਘਨ ਸਾਥ ।। ਪਾਰਬ੍ਰਹਮ ਕੇ ਸੰਗੀ ਸਾਧ ।। ੩ ।।
ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ।।
ਭਗਤ ਜਨਾ ਕਉ ਦ੍ਰਿਸਟਿ ਨ ਪੇਖਾ ।। ੪ ।।
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ।।
ਵਾਜੇ ਤਾ ਕੈ ਅਨਹਦ ਤੂਰਾ ।। ੫ ।। ੪੦ ।। ੯੧ ।।
(ਆਸਾ ਮ: ੫, ਆ. ਗ੍ਰੰ. ਪੰਨਾ ੩੯੩)

੧੧. ਗੁਰ ਪਰਸਾਦੀ ਏਕ ਲਿਵ ਲਾਗੀ ਦੁਬਿਧਾ ਤਦੇ ਬਿਨਾਸੀ।।
ਜੋ ਤਿਸੁ ਭਾਣਾ ਸੋ ਸਤਿ ਕਰਿ ਮਾਨਿਆ ਕਾਟੀ ਜਮ ਕੀ ਫਾਸੀ।। ੪।।
ਭਣਤਿ ਨਾਨਕੁ ਲੇਖਾ ਮਾਗੈ ਕਵਨਾ ਜਾ ਚੂਕਾ ਮਨਿ ਅਭਿਮਾਨਾ।।
ਤਾਸੁ ਤਾਸੁ ਧਰਮ ਰਾਇ ਜਪਤੁ ਹੈ ਪਏ ਸਚੇ ਕੀ ਸਰਨਾ।। ੫।। ੧।।
(ਮਾਰੂ ਮ: ੩, ਆ. ਗ੍ਰੰ. ਪੰਨਾ ੯੯੩)

੧੨. ਜਿਤੁ ਦਰਿ ਲੇਖਾ ਮੰਗੀਐ ਸੋ ਦਰੁ ਸੇਵਿਹੁ ਨ ਕੋਇ ।।
ਐਸਾ ਸਤਿਗੁਰੁ ਲੋੜਿ ਲਹੁ ਜਿਸੁ ਜੇਵਡੁ ਅਵਰੁ ਨ ਕੋਇ ।।
ਤਿਸੁ ਸਰਣਾਈ ਛੂਟੀਐ ਲੇਖਾ ਮੰਗੈ ਨ ਕੋਇ ।।
(ਮਾਰੂ ਵਾਰ ਮ: ੩, ਆ. ਗ੍ਰੰ. ਪੰਨਾ ੧੦,੮੯)

SIKHBOOKCLUB.COM

# ਪ੍ਰੀਤ

## ਸ਼ਬਦ ਨੰ: ੪੩

ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥੧੨॥
(ਜੈਤਸਰੀ ਕੀ ਵਾਰ, ਮ: ੫, ਆ. ਗ੍ਰੰ. ਪੰਨਾ ੭੦੮)

## ਤਿਉ ਸੰਤ ਜਨਾ ਹਰਿ ਪ੍ਰੀਤਿ ਹੈ.....

੧. ਜੋ ਸੁਖੁ ਦਰਸਨੁ ਪੇਖਤੇ ਪਿਆਰੇ ਮੁਖ ਤੇ ਕਹਣੁ ਨ ਜਾਇ ॥੫॥
ਸਾਚੀ ਪ੍ਰੀਤਿ ਨ ਤੁਟਈ ਪਿਆਰੇ ਜੁਗੁ ਜੁਗੁ ਰਹੀ ਸਮਾਇ ॥੬॥
(ਆਸਾ ਮ: ੫, ਆ. ਗ੍ਰੰ. ਪੰਨਾ ੪੩੧)

SIKHBOOKCLUB.COM

੨. ਜਉ ਤੁਮ ਗਿਰਿਵਰ ਤਉ ਹਮ ਮੋਰਾ ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥੧॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥੧॥ ਰਹਾਉ॥
ਜਉ ਤੁਮ ਦੀਵਰਾ ਤਉ ਹਮ ਬਾਤੀ ॥
ਜਉ ਤੁਮ ਤੀਰਥ ਤਉ ਹਮ ਜਾਤੀ ॥੨॥
ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩॥
ਜਹ ਜਹ ਜਾਉ ਤਹਾ ਤੇਰੀ ਸੇਵਾ ॥
ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥੪॥
ਤੁਮਰੇ ਭਜਨ ਕਟਹਿ ਜਮ ਫਾਂਸਾ ॥
ਭਗਤਿ ਹੇਤ ਗਾਵੈ ਰਵਿਦਾਸਾ॥੫॥੫॥
(ਸੋਰਠਿ ਰਵਿਦਾਸ ਜੀ, ਆ. ਗ੍ਰੰ. ਪੰਨਾ ੬੫੮)

੩. ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ ਬੀਚੁ ਨ ਰਾਈ ਹੋਤ ॥
ਚਰਨ ਕਮਲ ਮਨੁ ਬੇਧਿਓ ਬੂਝਨੁ ਸੁਰਤਿ ਸੰਜੋਗ ॥੨॥
ਸਾਗਰ ਮੇਰ ਉਦਿਆਨ ਬਨ ਨਵ ਖੰਡ ਬਸੁਧਾ ਭਰਮ ॥
ਮੂਸਨ ਪ੍ਰੇਮ ਪਿਰੰਮ ਕੈ ਗਨਉ ਏਕ ਕਰਿ ਕਰਮ ॥੩॥
ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ ॥
ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ ॥੪॥
ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ ॥
ਮੂਸਨ ਨਿਮਖਕ ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ ॥੫॥
(ਚਉਬੋਲੇ ਮ: ੫, ਆ. ਗ੍ਰੰ. ਪੰਨਾ ੧੩੬੩)

੪. ਪ੍ਰਭ ਤੁਝ ਬਿਨਾ ਨਹੀ ਹੋਰ ॥ ਮਨਿ ਪ੍ਰੀਤਿ ਚੰਦ ਚਕੋਰ ॥
ਜਿਉ ਮੀਨ ਜਲ ਸਿਉ ਹੇਤੁ ॥ ਅਲਿ ਕਮਲ ਭਿੰਨੁ ਨ ਭੇਤੁ ॥
ਜਿਉ ਚਕਵੀ ਸੂਰਜ ਆਸ ॥ ਨਾਨਕ ਚਰਨ ਪਿਆਸ ॥੬॥
ਜਿਉ ਤਰੁਨਿ ਭਰਤ ਪਰਾਨ ॥ ਜਿਉ ਲੋਭੀਐ ਧਨੁ ਦਾਨੁ ॥
ਜਿਉ ਦੂਧ ਜਲਹਿ ਸੰਜੋਗੁ ॥ ਜਿਉ ਮਹਾ ਖੁਧਿਆਰਥ ਭੋਗੁ ॥
ਜਿਉ ਮਾਤ ਪੂਤਹਿ ਹੇਤੁ ॥ ਹਰਿ ਸਿਮਰਿ ਨਾਨਕ ਨੇਤ ॥੭॥
ਜਿਉ ਦੀਪ ਪਤਨ ਪਤੰਗ ॥ ਜਿਉ ਚੋਰੁ ਹਿਰਤ ਨਿਸੰਗ ॥
ਮੈਗਲਹਿ ਕਾਮੈ ਬੰਧੁ ॥ ਜਿਉ ਗ੍ਰਸਤ ਬਿਖਈ ਧੰਧੁ ॥
ਜਿਉ ਜੂਆਰ ਬਿਸਨੁ ਨ ਜਾਇ ॥ ਹਰਿ ਨਾਨਕ ਇਹੁ ਮਨੁ ਲਾਇ ॥੮॥
ਕੁਰੰਕ ਨਾਦੈ ਨੇਹੁ ॥ ਚਾਤ੍ਰਿਕੁ ਚਾਹਤ ਮੇਹੁ ॥
ਜਨ ਜੀਵਨਾ ਸਤਸੰਗਿ ॥ ਗੋਬਿਦੁ ਭਜਨਾ ਰੰਗਿ ॥
ਰਸਨਾ ਬਖਾਨੈ ਨਾਮੁ ॥ ਨਾਨਕ ਦਰਸਨ ਦਾਨੁ ॥੯॥
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੩੮)

੫. ਮੋਹਿ ਮਛੁਲੀ ਤੁਮ ਨੀਰ ਤੁਝ ਬਿਨੁ ਕਿਉ ਸਰੈ ॥
ਮੋਹਿ ਚਾਤ੍ਰਿਕ ਤੁਮ੍ਹ ਬੂੰਦ ਤ੍ਰਿਪਤਉ ਮੁਖਿ ਪਰੈ ॥
ਮੁਖਿ ਪਰੈ ਹਰੈ ਪਿਆਸ ਮੇਰੀ ਜੀਅ ਹੀਆ ਪ੍ਰਾਨਪਤੇ ॥
ਲਾਡਿਲੇ ਲਾਡ ਲਡਾਇ ਸਭ ਮਹਿ ਮਿਲੁ ਹਮਾਰੀ ਹੋਇ ਗਤੇ ॥

ਚੀਤਿ ਚਿਤਵਉ ਮਿਟੁ ਅੰਧਾਰੇ ਜਿਉ ਆਸ ਚਕਵੀ ਦਿਨੁ ਚਰੈ।।
ਨਾਨਕੁ ਪਇਅੰਪੈ ਪ੍ਰਿਅ ਸੰਗਿ ਮੇਲੀ ਮਛੁਲੀ ਨੀਰੁ ਨ ਵੀਸਰੈ ।। ੪।।
(ਬਿਲਾਵਲੁ ਮ: ੫ ਛੰਤ, ਆ. ਗ੍ਰੰ. ਪੰਨਾ ੮੪੭)

੬. ਜੈਸੀ ਭੂਖੇ ਪ੍ਰੀਤਿ ਅਨਾਜ ।। ਤ੍ਰਿਖਾਵੰਤ ਜਲ ਸੇਤੀ ਕਾਜ ।।
ਜੈਸੀ ਮੂੜ ਕੁਟੰਬ ਪਰਾਇਣ ।। ਐਸੀ ਨਾਮੇ ਪ੍ਰੀਤਿ ਨਰਾਇਣ।।੧।।
ਨਾਮੇ ਪ੍ਰੀਤਿ ਨਾਰਾਇਣ ਲਾਗੀ ।।
ਸਹਜ ਸੁਭਾਇ ਭਇਓ ਬੈਰਾਗੀ।। ੧।। ਰਹਾਉ।।
ਜੈਸੀ ਪਰ ਪੁਰਖਾ ਰਤ ਨਾਰੀ।। ਲੋਭੀ ਨਰੁ ਧਨ ਕਾ ਹਿਤਕਾਰੀ ।।
ਕਾਮੀ ਪੁਰਖ ਕਾਮਨੀ ਪਿਆਰੀ।। ਐਸੀ ਨਾਮੇ ਪ੍ਰੀਤਿ ਮੁਰਾਰੀ।। ੨।।
ਸਾਈ ਪ੍ਰੀਤਿ ਜਿ ਆਪੇ ਲਾਏ।। ਗੁਰ ਪਰਸਾਦੀ ਦੂਬਿਧਾ ਜਾਏ ।।
ਕਬਹੁ ਨ ਤੂਟਸਿ ਰਹਿਆ ਸਮਾਇ ।।
ਨਾਮੇ ਚਿਤੁ ਲਾਇਆ ਸਚਿ ਨਾਇ।। ੩।।
ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ।। ਐਸਾ ਹਰਿ ਸੇਤੀ ਮਨੁ ਰਾਤਾ।।
ਪ੍ਰਣਵੈ ਨਾਮਦੇਉ ਲਾਗੀ ਪ੍ਰੀਤਿ।।
ਗੋਬਿਦੁ ਬਸੈ ਹਮਾਰੈ ਚੀਤਿ।। ੪।।੧।।੭।।
(ਭੈਰਉ ਨਾਮਦੇਉ ਜੀ, ਆ. ਗ੍ਰੰ. ਪੰਨਾ ੧੧੬੪)

SIKHBOOKCLUB.COM

੭. ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ।।
ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ।।੧।।
ਮਨੁ ਰਾਮ ਨਾਮਾ ਬੇਧੀਅਲੇ ।।
ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ।। ੧।। ਰਹਾਉ।।
(ਰਾਮਕਲੀ ਭਗਤ ਨਾਮਦੇਉ ਜੀ, ਆ. ਗ੍ਰੰ. ਪੰਨਾ ੯੭੨)

੮. ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ।।
ਜਿਉ ਕੁਰੰਕ ਨਿਸਿ ਨਾਦੁ ਬਾਲਹਾ ਤਿਉ ਮੇਰੈ ਮਨਿ ਰਾਮਈਆ।। ੧।।
ਤੇਰਾ ਨਾਮੁ ਰੂੜੋ ਰੂਪੁ ਰੂੜੋ ਅਤਿ ਰੰਗ ਰੂੜੋ ਮੇਰੋ ਰਾਮਈਆ।। ੧।। ਰਹਾਉ।।
ਜਿਉ ਧਰਣੀ ਕਉ ਇੰਦ੍ਰ ਬਾਲਹਾ ਕੁਸਮ ਬਾਸੁ ਜੈਸੇ ਭਵਰਲਾ।।
ਜਿਉ ਕੋਕਿਲ ਕਉ ਅੰਬੁ ਬਾਲਹਾ ਤਿਉ ਮੇਰੈ ਮਨਿ ਰਾਮਈਆ।। ੨।।

ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ ਸਰੋਵਰ ਹੰਸੁਲਾ॥
ਜਿਉ ਤਰੁਣੀ ਕਉ ਕੰਤੁ ਬਾਲਹਾ ਤਿਉ ਮੋਰੈ ਮਨਿ ਰਾਮਈਆ॥ ੩॥
ਬਾਰਿਕ ਕਉ ਜੈਸੇ ਖੀਰੁ ਬਾਲਹਾ ਚਾਤ੍ਰਿਕ ਮੁਖ ਜੈਸੇ ਜਲਧਰਾ॥
ਮਛੁਲੀ ਕਉ ਜੈਸੇ ਨੀਰੁ ਬਾਲਹਾ ਤਿਉ ਮੋਰੈ ਮਨਿ ਰਾਮਈਆ॥ ੪॥
ਸਾਧਿਕ ਸਿਧ ਸਗਲ ਮੁਨਿ ਚਾਹਹਿ ਬਿਰਲੇ ਕਾਹੂ ਡੀਠੁਲਾ॥
ਸਗਲ ਭਵਣ ਤੇਰੋ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ॥ ੫॥ ੩॥
(ਧਨਾਸਰੀ ਨਾਮਦੇਵ ਜੀ, ਆ. ਗ੍ਰੰ. ਪੰਨਾ ੬੯੩)

੯. ਸਤਿਗੁਰੁ ਸਾਗਰੁ ਗੁਣ ਨਾਮ ਕਾ ਮੈ ਤਿਸੁ ਦੇਖਣ ਕਾ ਚਾਉ॥
ਹਉ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਦੇਖੇ ਮਰਿ ਜਾਉ ॥ ੬॥
ਜਿਉ ਮਛੁਲੀ ਵਿਣੁ ਪਾਣੀਐ ਰਹੈ ਨ ਕਿਤੈ ਉਪਾਇ ॥
ਤਿਉ ਹਰਿ ਬਿਨੁ ਸੰਤੁ ਨ ਜੀਵਈ ਬਿਨੁ ਹਰਿ ਨਾਮੈ ਮਰਿ ਜਾਇ॥ ੭॥
(ਸੂਹੀ ਮ: ੪, ਆ. ਗ੍ਰੰ. ਪੰਨਾ ੭੫੯)

੧੦. ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ ਲੋਗੁ ਅਜਾਨੁ॥
ਤਾ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨ ॥੨੧੭॥
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੬)

੧੧. ਮਗਨੁ ਭਇਓ ਪ੍ਰਿਅ ਪ੍ਰੇਮ ਸਿਉ ਸੂਧ ਨ ਸਿਮਰਤ ਅੰਗ ॥
ਪ੍ਰਗਟਿ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ ॥ ੧੧॥
(ਚਉਬੋਲੇ ਮ: ੫, ਆ. ਗ੍ਰੰ. ਪੰਨਾ ੧੩੬੪)

੧੨. ਵਾਰਿ ਵਾਰਉ ਅਨਿਕ ਡਾਰਉ॥
ਸੁਖੁ ਪ੍ਰਿਅ ਸੁਹਾਗ ਪਲਕ ਰਾਤ॥ ੧॥ ਰਹਾਉ॥
ਕਨਿਕ ਮੰਦਰ ਪਾਟ ਸੇਜ ਸਖੀ ਮੋਹਿ ਨਾਹਿ ਇਨ ਸਿਉ ਤਾਤ ॥ ੧॥
ਮੁਕਤ ਲਾਲ ਅਨਿਕ ਭੋਗ ਬਿਨੁ ਨਾਮ ਨਾਨਕ ਹਾਤ॥
ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ॥ ੨॥ ੩॥ ੪੨॥
(ਕਾਨੜਾ ਮ: ੫, ਆ. ਗ੍ਰੰ. ਪੰਨਾ ੧੩੦੬)

੧੩. ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ ॥
ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ ॥ ੨॥
(ਸਲੋਕ ਵਾਰਾਂ ਤੇ ਵਧੀਕ ਮ: ੫, ਆ. ਗ੍ਰੰ. ਪੰਨਾ ੧੪੨੫)

੧੪. ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥੩੪॥

੧੫. ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥੨੪॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥੨੫॥
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੭੯)

੧੬. ਹਠ ਮਝਾਹੂ ਮਾ ਪਿਰੀ ਪਸੇ ਕਿਉ ਦੀਦਾਰ॥
ਸੰਤ ਸਰਣਾਈ ਲਭਣੇ ਨਾਨਕ ਪ੍ਰਾਣ ਅਧਾਰ॥੧॥
ਛੰਤ॥ ਚਰਨ ਕਮਲ ਸਿਉ ਪ੍ਰੀਤਿ ਰੀਤਿ ਸੰਤਨ ਮਨਿ ਆਵਏ ਜੀਉ॥
ਦੁਤੀਆ ਭਾਉ ਬਿਪਰੀਤਿ ਅਨੀਤਿ ਦਾਸਾ ਨਹ ਭਾਵਏ ਜੀਉ॥
ਦਾਸਾ ਨਹ ਭਾਵਏ ਬਿਨੁ ਦਰਸਾਵਏ ਇਕ ਖਿਨੁ ਧੀਰਜੁ ਕਿਉ ਕਰੈ॥
ਨਾਮ ਬਿਹੂਨਾ ਤਨੁ ਮਨੁ ਹੀਨਾ ਜਲ ਬਿਨੁ ਮਛੁਲੀ ਜਿਉ ਮਰੈ॥
ਮਿਲੁ ਮੇਰੇ ਪਿਆਰੇ ਪ੍ਰਾਨ ਅਧਾਰੇ ਗੁਣ ਸਾਧਸੰਗਿ ਮਿਲਿ ਗਾਵਏ॥
ਨਾਨਕ ਕੇ ਸੁਆਮੀ ਧਾਰਿ ਅਨੁਗ੍ਰਹੁ ਮਨਿ ਤਨਿ ਅੰਕਿ ਸਮਾਵਏ ॥੧॥
(ਸ੍ਰੀ ਰਾਗੁ ਛੰਤ ਮ: ੫, ਆ. ਗ੍ਰੰ. ਪੰਨਾ ੮੦)

੧੭. ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ॥
ਬਾਣ ਬੇਧੰਚ ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ॥
ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ॥੧॥
ਮੁਖੁ ਡੇਖਾਊ ਪਲਕ ਛਡਿ ਆਨ ਨ ਡੇਊ ਚਿਤੁ॥
ਜੀਵਣ ਸੰਗਮੁ ਤਿਸੁ ਧਣੀ ਹਰਿ ਨਾਨਕ ਸੰਤਾਂ ਮਿਤੁ॥੨॥
(ਸਲੋਕ ਜੈਤਸਰੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੭੦੮)

੧੮. ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ॥
ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ॥
ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗ ਕਸਾਈਆਂ ਦਾ ਸਹਿਣਾ॥
ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭੱਠ ਖੇੜਿਆਂ ਦਾ ਰਹਿਣਾ॥
(ਸ਼ਬਦ ਹਜ਼ਾਰੇ ਪਾ: ੧੦)

 www.sikhbookclub.com

੧੯. ਜਲ ਸੈ ਨਿਕਾਸਿ ਮੀਨ ਰਾਖੀਐ ਪਟੰਬਰ ਮੈਂ
ਬਿਨੁ ਜਲ ਤਲਫ ਤਜਤ ਪ੍ਰਿਅ ਪ੍ਰਾਨ ਹੈ ॥
ਬਨ ਸੈ ਪਕਰਿ ਪੰਛੀ ਪਿੰਜਰੀ ਮੈ ਰਾਖੀਐ ਤਉ
ਬਿਨ ਬਨ ਮਨ ਉਨਮਨ ਉਨਮਾਨ ਹੈ ॥
ਭਾਵਨੀ ਭਤਾਰਿ ਬਿਛੁਰਤਿ ਅਤਿ ਛੀਨ ਦੀਨ
ਬਿਲਖ ਬਦਨ ਤਾਹਿ ਭਵਨ ਭੈ ਆਨ ਹੈ ॥
ਤੈਸੇ ਗੁਰਸਿੱਖ ਬਿਛੁਰਤ ਸਾਧ ਸੰਗਤਿ ਸੈ
ਜੀਵਨ ਜਤਨ ਬਿਨੁ ਸੰਗਤਿ ਨ ਆਨ ਹੈ॥

੨੦. ਸਲਿਲ ਨਿਵਾਸ ਜੈਸੇ ਮੀਨ ਕੀ ਨ ਘਟੈ ਰੁਚ
ਦੀਪਕ ਪ੍ਰਗਾਸ ਘਟੈ ਪ੍ਰੀਤਿ ਨ ਪਤੰਗ ਕੀ ॥
ਕੁਸਮ ਸੁਬਾਸ ਜੈਸੋ ਤ੍ਰਿਪਤ ਨ ਮਧੁਮ ਕਉ
ਉਡਤ ਅਕਾਸ ਆਸ ਘਟੈ ਨ ਬਿਹੰਗ ਕੀ ॥
ਘਟਾ ਘਨਘੋਰ ਮੋਰ ਚਾਤ੍ਰਿਕ ਰਿਦੈ ਉਲਾਸ
ਨਾਦ ਬਾਦ ਸੁਨਿ ਰਤਿ ਘਟੈ ਨ ਕੁਰੰਗ ਕੀ ॥
ਤੈਸੇ ਪ੍ਰਿਅ ਪ੍ਰੇਮ ਰਸ ਰਸਿਕ ਰਸਾਲ ਸੰਤ
ਘਟਤ ਨਾ ਤ੍ਰਿਸਨਾ ਪ੍ਰਬਲ ਅੰਗ ਅੰਗ ਕੀ ॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

SIKHBOOKCLUB.COM

# ਅੰਮ੍ਰਿਤ ਵੇਲਾ

## ਸ਼ਬਦ ਨੰ: ੪੪

ਪਰਭਾਤੇ ਪ੍ਰਭ ਨਾਮੁ ਜਪਿ ਗੁਰ ਕੇ ਚਰਣ ਧਿਆਇ ॥
ਜਨਮ ਮਰਣ ਮਲੁ ਉਤਰੈ ਸਚੇ ਕੇ ਗੁਣ ਗਾਇ ॥੧॥
(ਮਾਰੂ ਵਾਰ ਡਖਣੇ ਮ: ੫, ਆ. ਗ੍ਰੰ. ਪੰਨਾ ੧੦੯੯)

## ਪਰਭਾਤੇ ਪ੍ਰਭ ਨਾਮੁ ਜਪਿ.......

੧. ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥੩॥
(ਬਸੰਤੁ ਮ: ੫, ਆ. ਗ੍ਰੰ. ਪੰਨਾ ੧੧੮੫)

੨. ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥
ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥੧॥
(ਗਉੜੀ ਬਾਵਨ ਅਖਰੀ ਮ: ੫, ਆ. ਗ੍ਰੰ. ਪੰਨਾ ੨੫੫)

੩. ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥
ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥੧॥
ਪ੍ਰਭ ਬਾਣੀ ਸਬਦੁ ਸੁਭਾਖਿਆ ॥
ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ ਰਹਾਉ ॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੧੧)

੪. ਪ੍ਰਾਤਹਕਾਲਿ ਹਰਿ ਨਾਮੁ ਉਚਾਰੀ ॥ ਈਤ ਊਤ ਕੀ ਓਟ ਸਵਾਰੀ ॥੧॥
ਸਦਾ ਸਦਾ ਜਪੀਐ ਹਰਿ ਨਾਮ ॥
ਪੂਰਨ ਹੋਵਹਿ ਮਨ ਕੇ ਕਾਮ ॥੧॥ ਰਹਾਉ ॥
(ਸੂਹੀ ਮ: ੫, ਆ. ਗ੍ਰੰ. ਪੰਨਾ ੭੪੩)

੫. ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ ॥
ਪ੍ਰਣਵਤਿ ਨਾਨਕ ਦਾਸਨਿ ਦਾਸਾ ਜਗਿ ਹਾਰਿਆ ਤਿਨਿ ਜੀਤਾ ॥੪॥੯॥
(ਪ੍ਰਭਾਤੀ ਮ: ੧, ਆ. ਗ੍ਰੰ. ਪੰਨਾ ੧੩੩੦)

੬. ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥੭੧॥

 www.sikhbookclub.com

ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ।।
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ।। ੭੨।।

੭. ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ।।
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ।। ੧੦੭।।
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੮੧ ))

੮. ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ।।
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ।।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ।।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ।।
ਸੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ।।
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ।।
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।।੨।।
(ਗਉੜੀ ਕੀ ਵਾਰ ਮ: ੩, ਆ. ਗ੍ਰੰ. ਪੰਨਾ ੩੦੫)

੯. ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ
ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ।।
ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ
ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ।।
ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ।। ੩।।
(ਸੂਹੀ ਮ: ੪, ਆ. ਗ੍ਰੰ. ਪੰਨਾ ੭੩੪)

੧੦. ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ।।
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ।।
ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ।।
(ਮਾਝ ਕੀ ਵਾਰ ਮ: ੨, ਆ. ਗ੍ਰੰ. ਪੰਨਾ ੧੪੬)

SIKHBOOKCLUB.COM

੧੧. ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ॥
ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ ॥

(ਮਾਝ ਕੀ ਵਾਰ ਸਲੋਕ ਮ: ੧, ਆ. ਗ੍ਰੰ. ਪੰਨਾ ੧੪੫)

੧੨. ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ ॥
ਜਿੰਨ੍ਹਾ ਨੈਣ ਨੀਂਦ੍ਰਾਵਲੇ ਤਿੰਨ੍ਹਾ ਮਿਲਣੁ ਕੁਆਉ ॥ ੮੦ ॥

(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੮੨)

੧੩. ਸ਼ਬਦ ਗੁਰੂ ਗੁਰ ਜਾਣੀਐ ਗੁਰਮੁਖ ਹੋਇ ਸੁਰਤਿ ਧੁਨਿ ਚੇੱਲਾ ॥
ਸਾਧ ਸੰਗਤਿ ਸਚਖੰਡ ਵਿਚ ਪ੍ਰੇਮ ਭਗਤਿ ਪਰਚੈ ਹੋਇ ਮੇੱਲਾ ॥
ਗਯਾਨ ਧਯਾਨ ਸਿਮਰਣ ਜੁਗਤਿ ਕੂੰਜ ਕਰਮ ਹੰਸਵੰਸ ਨਵੇੱਲਾ॥
ਬਿਰਖਹੁੰ ਫਲ ਫਲ ਤੇ ਬਿਰਖ ਗੁਰਸਿਖ ਸਿਖ ਗੁਰ ਮੰਤ੍ਰ ਸੁਹੇੱਲਾ॥
ਵੀਹਾਂ ਅੰਦਰ ਵਰਤਮਾਨ ਹੋਇ ਇਕੀਹ ਅਗੋਚੱਰ ਖੇੱਲਾ॥
ਆਦਿ ਪੁਰਖ ਆਦੇਸ ਕਰ ਆਦਿ ਪੁਰਖ ਆਦੇਸ ਵਹੇੱਲਾ ॥
ਸਿਫਤ ਸਲਾਹਣ ਅੰਮ੍ਰਿਤ ਵੇੱਲਾ ॥ ੨੦ ॥ ੭ ॥

(ਵਾਰਾਂ ਭਾਈ ਗੁਰਦਾਸ ਜੀ)

੧੪. ਅੰਮ੍ਰਿਤ ਵੇਲੇ ਉਠਕੇ ਜਾਇ ਅੰਦਰ ਦਰਿਆਇ ਨ੍ਹਵੰਦੇ ॥ ਸਹਜ ਸਮਾਧ ਅਗਾਧ ਵਿੱਚ ਇਕ ਮਨ ਹੋ ਗੁਰ ਜਾਪ ਜਪੰਦੇ ॥ ਮੱਥੇ ਟਿੱਕੇ ਲਾਲ ਲਾਇ ਸਾਧ ਸੰਗਤ ਚੱਲ ਜਾਇ ਬਹੰਦੇ ॥ ਸ਼ਬਦ ਸੁਰਤ ਲਿਵ ਲੀਨ ਹੋਇ ਸਤਿਗੁਰ ਬਾਣੀ ਗਾਵ ਸੁਣੰਦੇ॥ ਭਾਇ ਭਗਤ ਭੈ ਵਰਤਮਾਨ ਗੁਰ ਸੇਵਾ ਗੁਰ ਪੁਰਬ ਕਰੰਦੇ॥ ਸੰਝੈ ਸੋਦਰ ਗਾਵਣਾ ਮਨ ਮੇਲੀ ਕਰ ਮੇਲ ਮਲੰਦੇ ॥ ਰਾਤੀ ਕੀਰਤਨ ਸੋਹਿਲਾ ਕਰ ਆਰਤੀ ਪਰਸ਼ਾਦ ਵਡੰਦੇ॥ ਗੁਰਮੁਖ ਸੁਖ ਫਲ ਪਿਰਮ ਚਖੰਦੇ ॥ ੩ ॥ (ਵਾਰਾਂ ਭਾਈ ਗੁਰਦਾਸ ਜੀ)

੧੫. ਗੁਰਮੁਖ ਸੱਚਾ ਖੇਲ ਗੁਰ ਉਪਦੇਸਿਆ ॥ ਸਾਧ ਸੰਗਤ ਦਾ ਮੇਲ ਸ਼ਬਦ ਅਵੇਸਿਆ ॥ ਫੁੱਲੀਂ ਤਿਲੀ ਫੁਲੇਲ ਸੰਗ ਸਲੇਸਿਆ ॥ ਗੁਰਸਿਖ ਨੱਕ ਨਕੇਲ ਮਿਟੇ ਅੰਦੇਸਿਆ ॥ ਨ੍ਹਾਵਣ ਅੰਮ੍ਰਿਤ ਵੇਲ ਵੱਸਣ ਸੁ ਦੇਸਿਆ ॥ ਗੁਰ ਜਪ ਰਿਦੇ ਸੁਹੇਲ ਗੁਰ ਪਰਵੇਸਿਆ ॥

(ਵਾਰਾਂ ਭਾਈ ਗੁਰਦਾਸ ਜੀ)

੧੬. ਕੁਰਬਾਣੀ ਤਿਨ੍ਹਾਂ ਗੁਰਸਿੱਖਾਂ ਪਿੱਛਲ ਰਾਤੀਂ ਉਠ ਬਹੰਦੇ ॥
ਕੁਰਬਾਣੀ ਤਿਨ੍ਹਾਂ ਗੁਰਸਿੱਖਾਂ ਅੰਮ੍ਰਿਤ ਵੇਲੇ ਸਰ ਨ੍ਹਾਵੰਦੇ ॥
ਕੁਰਬਾਣੀ ਤਿਨ੍ਹਾਂ ਗੁਰਸਿੱਖਾਂ ਹੋ ਇਕ ਮਨ ਗੁਰ ਜਾਪ ਜਪੰਦੇ ॥

(ਵਾਰਾਂ ਭਾਈ ਗੁਰਦਾਸ ਜੀ)

# ਗੁਰਮੰਤ੍ਰ

**ਸ਼ਬਦ ਨੰ: ੪੫**

ਗੁਰ ਸਿੱਖਹੁੰ ਗੁਰ ਸਿੱਖ ਹੈ ਪੀਰ ਪੀਰਹੁੰ ਕੋਈ ।। ਸ਼ਬਦ ਸੁਰਤਿ ਚੇਲਾ ਗੁਰੂ ਪਰਮੇਸ਼ਰ ਸੋਈ ।। ਦਰਸ਼ਨ ਦ੍ਰਿਸ਼ਟਿ ਧਿਆਨ ਧਰ ਗੁਰ ਮੂਰਤਿ ਹੋਈ ।। ਸ਼ਬਦ ਸੁਰਤਿ ਕਰ ਕੀਰਤਨ ਸਤਸੰਗ ਵਿਲੋਈ ।। ਵਾਹਿਗੁਰੂ ਗੁਰੂ ਮੰਤ੍ਰ ਹੈ ਜਪ ਹਉਮੈਂ ਖੋਈ ।। ਆਪ ਗਵਾਏ ਆਪ ਹੈ ਗੁਣ ਗੁਣੀ ਪਰੋਈ ।। ੨ ।। (ਵਾਰਾਂ ਭਾਈ ਗੁਰਦਾਸ ਜੀ)

## ਵਾਹਿਗੁਰੂ ਗੁਰੂ ਮੰਤ੍ਰ ਹੈ ਜਪ ਹਉਮੈਂ ਖੋਈ

੧. ਵੇਦ ਨ ਜਾਣੈ ਭੇਦ ਕਿਹੁ ਸ਼ੇਖਨਾਗ ਨ ਪਾਇ ।।
ਵਾਹਿਗੁਰੂ ਸਲਾਹਣਾ ਗੁਰ ਸ਼ਬਦ ਅਲਾਏ ।।

੨. ਪਰਦਖਣਾ ਡੰਡਉਤ ਕਰ ਮਸਤਕ ਚਰਣ ਕਮਲ ਗੁਰ ਲਾਇਆ ।।
ਸਤਿਗੁਰ ਪੁਰਖ ਦਇਆਲ ਹੋਇ ਵਾਹਿਗੁਰੂ ਸਚ ਮੰਤ੍ਰ ਸੁਣਾਇਆ ।।

੩. ਨਿਰੰਕਾਰ ਅਕਾਰ ਕਰ ਜੋਤਿ ਸਰੂਪ ਅਨੂਪ ਦਿਖਾਇਆ ।।
ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦ ਸੁਨਾਇਆ ।।

੪. ਸਤਿਜੁਗ ਸਤਿਗੁਰ ਵਾਸਦੇਵ ਵਾਵਾ ਵਿਸ਼ਨਾ ਨਾਮ ਜਪਾਵੈ।। ਦੁਆਪਰ ਸਤਿਜੁਗ ਹਰੀਕ੍ਰਿਸ਼ਨ ਹਾਹਾ ਹਰਿ ਹਰਿ ਨਾਮ ਜਪਾਵੈ।। ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖ ਪਾਵੈ।। ਕਲਿਜੁਗ ਨਾਨਕ ਗੁਰ ਗੋਬਿੰਦ ਗੱਗਾ ਗੋਵਿੰਦੁ ਨਾਮ ਜਪਾਵੈ।। ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚ ਜਾਇ ਸਮਾਵੈ।। ਚਾਰੋਂ ਅੱਛਰ ਇਕ ਕਰ ਵਾਹਿਗੁਰੂ ਜਪ ਮੰਤ੍ਰ ਜਪਾਵੈ।। ਜਹਾਂ ਤੇ ਉਪਜਿਆ ਫਿਰ ਤਹਾਂ ਸਮਾਵੈ।। ੪੯।।

੫. ਗੁਰਸਿੱਖੀ ਗੁਰਸਿੱਖ ਸੁਣ ਅੰਦਰ ਸਿਆਣਾ ਬਾਹਰ ਭੋਲਾ।। ਸ਼ਬਦ ਸੁਰਤ ਸਾਵਧਾਨ ਹੋ ਵਿਣ ਗੁਰ ਸਬਦ ਨ ਸੁਣਈ ਬੋਲਾ।। ਸਤਿਗੁਰ ਦਰਸ਼ਨ ਦੇਖਣਾ ਸਾਧ ਸੰਗਤਿ ਵਿਣ ਅੰਨਾ ਖੋਲਾ।। ਵਾਹਿਗੁਰੂ ਗੁਰੁ ਸਬਦ ਲੈ ਪਿਰਮ ਪਿਆਲਾ ਚੁੱਪ ਚਬੋਲਾ।। ਪੈਰੀਂ ਪੈ ਪਾਖਾਕ ਹੋਇ ਚਰਨ ਧੋਇ ਚਰਣੋਦਕ ਝੋਲਾ।। ਚਰਨ ਕਵਲ ਚਿਤ ਭਵਰ ਕਰ ਭਵਜਲ ਅੰਦਰ ਰਹੈ ਨਿਰੋਲਾ।। ਜੀਵਨ ਮੁਕਤਿ ਸਚਾਵਾ ਚੋਲਾ ।। ੧੭।। (ਵਾਰਾਂ ਭਾਈ ਗੁਰਦਾਸ ਜੀ)

# ਗ਼ਰੀਬੀ

**ਸ਼ਬਦ ਨੰ: ੪੯**

ਹਉਂ ਤਿਸ ਘੋਲ ਘੁਮਾਇਆ ਗੁਰਮਤਿ ਰਿਦੇ ਗਰੀਬੀ ਆਵੈ ॥
ਹਉਂ ਤਿਸ ਘੋਲ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ ॥
ਹਉਂ ਤਿਸ ਘੋਲ ਘੁਮਾਇਆ ਪਰ ਦਰਬੇ ਨੋਂ ਹਥੁ ਨ ਲਾਵੈ ॥
ਹਉਂ ਤਿਸ ਘੋਲ ਘੁਮਾਇਆ ਪਰ ਨਿੰਦਾ ਸੁਣ ਆਪ ਹਟਾਵੈ ॥
ਹਉਂ ਤਿਸ ਘੋਲ ਘੁਮਾਇਆ ਸਤਿਗੁਰ ਦਾ ਉਪਦੇਸ਼ ਕਮਾਵੈ ॥
ਹਉਂ ਤਿਸ ਘੋਲ ਘੁਮਾਇਆ ਥੋੜਾ ਸਵੇਂ ਥੋੜੋਂ ਹੀ ਖਾਵੈ ॥
ਗੁਰਮੁਖ ਸੋਈ ਸਹਜ ਸਮਾਵੈ ॥੪॥
(ਵਾਰਾਂ ਭਾਈ ਗੁਰਦਾਸ ਜੀ)

## ਹਉਂ ਤਿਸ ਘੋਲ ਘੁਮਾਇਆ<br>ਗੁਰਮਤਿ ਰਿਦੇ ਗਰੀਬੀ ਆਵੈ

SIKHBOOKCLUB.COM

੧. ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥

੨. ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥
ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩੦॥
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੮੪)

੩. ਸਭ ਕੀ ਰੇਨੁ ਹੋਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ ॥
ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਅ ਸਮ੍ਹਾਰੇ ॥੨॥
(ਆਸਾ ਮ: ੫, ਆ. ਗ੍ਰੰ. ਪੰਨਾ ੩੭੯)

੪. ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ ॥
ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥
(ਮਾਝ ਕੀ ਵਾਰ ਮ: ੧, ਆ. ਗ੍ਰੰ. ਪੰਨਾ ੧੪੫)

 www.sikhbookclub.com

੫. ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ।।
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ।। ੨।।
(ਆਸਾ ਮ: ੫, ਆ. ਗ੍ਰੰ. ਪੰਨਾ ੩੭੭)

੬. ਦਾਸਨਿ ਦਾਸੁ ਹੋਵੈ ਤਾ ਹਰਿ ਪਾਏ ਵਿਚਹੁ ਆਪੁ ਗਵਾਈ ।।
ਭਗਤਾ ਕਾ ਕਾਰਜੁ ਹਰਿ ਅਨੰਦੁ ਹੈ ਅਨਦਿਨੁ ਹਰਿ ਗੁਣ ਗਾਈ ।।
(ਸੋਰਠਿ ਮ: ੩, ਆ. ਗ੍ਰੰ. ਪੰਨਾ ੬੦੦)

੭. ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ।।
ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ।। ੪।। ੭।।
(ਮਾਰੂ ਮ: ੧, ਆ. ਗ੍ਰੰ. ਪੰਨਾ ੯੯੧)

੮. ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ।।
ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ।।
(ਆਸਾ ਦੀ ਵਾਰ ਮ: ੧, ਆ. ਗ੍ਰੰ. ਪੰਨਾ ੪੭੦)

੯. ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ।।
ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ ।।
ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ।।
(ਆਸਾ ਦੀ ਵਾਰ ਮ: ੧, ਆ. ਗ੍ਰੰ. ਪੰਨਾ ੪੬੫)

੧੦. ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ।। ਸਾਧਸੰਗਿ ਜਾ ਕਾ ਮਿਟੈ ਅਭਿਮਾਨੁ।।
ਆਪਸ ਕਉ ਜੋ ਜਾਣੈ ਨੀਚਾ ।। ਸੋਊ ਗਨੀਐ ਸਭ ਤੇ ਊਚਾ ।।
ਜਾ ਕਾ ਮਨੁ ਹੋਇ ਸਗਲ ਕੀ ਰੀਨਾ।।
ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ।।
ਮਨ ਅਪੁਨੇ ਤੇ ਬੁਰਾ ਮਿਟਾਨਾ ।। ਪੇਖੈ ਸਗਲ ਸ੍ਰਿਸਟਿ ਸਾਜਨਾ ।।
ਸੂਖ ਦੂਖ ਜਨ ਸਮ ਦ੍ਰਿਸਟੇਤਾ ।। ਨਾਨਕ ਪਾਪ ਪੁੰਨ ਨਹੀ ਲੇਪਾ ।। ੬।।
(ਗਉੜੀ ਸੁਖਮਨੀ ਮ: ੧, ਆ. ਗ੍ਰੰ. ਪੰਨਾ ੨੬੬)

੧੧. ਮੇਰਾ ਤੇਰਾ ਛੋਡੀਐ ਭਾਈ ਹੋਈਐ ਸਭ ਕੀ ਧੂਰਿ ।।
ਘਟਿ ਘਟਿ ਬ੍ਰਹਮੁ ਪਸਾਰਿਆ ਭਾਈ ਪੇਖੈ ਸੁਣੈ ਹਜੂਰਿ ।।
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੪੦)

੧੨. ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ।।
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ
ਗੁਰ ਸਤਿਗੁਰ ਕੀ ਮਤਿ ਲੈਨੀ।। ੩।।
(ਬਿਲਾਵਲੁ ਮ: ੪, ਆ. ਗ੍ਰੰ. ਪੰਨਾ ੮੦੦)

੧੩. ਜੀਵਤ ਜੋ ਮਰੈ ਹਾਂ ॥ ਦੁਤਰੁ ਸੋ ਤਰੈ ਹਾਂ ॥
ਸਭ ਕੀ ਰੇਨੁ ਹੋਇ ਹਾਂ ॥ ਨਿਰਭਉ ਕਹਉ ਸੋਇ ਹਾਂ ॥
ਮਿਟੇ ਅੰਦੇਸਿਆ ਹਾਂ॥ ਸੰਤ ਉਪਦੇਸਿਆ ਮੇਰੇ ਮਨਾ ॥੧॥
(ਆਸਾਵਰੀ ਮ: ੫, ਆ. ਗ੍ਰੰ. ਪੰਨਾ ੪੧੦)

੧੪. ਕਾਮ ਕ੍ਰੋਧ ਲੋਭ ਮੋਹ ਅਭਿਮਾਨਾ ਤਾ ਮਹਿ ਸੁਖੁ ਨਹੀ ਪਾਈਐ ॥
ਹੋਹੁ ਰੇਨ ਤੂ ਸਗਲ ਕੀ ਮੇਰੇ ਮਨ ਤਉ ਅਨਦ ਮੰਗਲ ਸੁਖੁ ਪਾਈਐ॥੨॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੧੪)

੧੫. ਹਉਮੈ ਗਰਬ ਨਿਵਾਰੀਐ ਗੁਰਮੁਖ ਰਿਦੈ ਗਰੀਬੀ ਆਵੈ ॥
ਗਿਆਨ ਮਤੀ ਘਟ ਚਾਨਣਾ ਭ੍ਰਮ ਅਗਯਾਨ ਅੰਧੇਰ ਮਿਟਾਵੈ ॥
ਹੋਇ ਨਿਮਾਣਾ ਢਹਿ ਪਵੈ ਦਰਗਹ ਮਾਣ ਨਿਮਾਣਾ ਪਾਵੈ॥
ਖਸਮੈ ਸੋਈ ਭਾਂਵਦਾ ਖਸਮੈ ਦਾ ਜਿਸ ਭਾਣਾ ਭਾਵੈ ॥
ਭਾਣਾ ਮੰਨੈ ਮੰਨੀਐ ਅਪਣਾ ਭਾਣਾ ਆਪ ਮਨਾਵੈ ॥
ਦੁਨੀਆ ਵਿਚ ਪਰਾਹੁਣਾ ਦਾਵਾ ਛੱਡ ਰਹੈ ਲਾਦਾਵੈ ॥
ਸਾਧ ਸੰਗਤਿ ਮਿਲਿ ਹੁਕਮ ਕਮਾਵੈ ॥੧੩॥ (ਵਾਰਾਂ ਭਾਈ ਗੁਰਦਾਸ ਜੀ)

੧੬. ਧਰਤੀ ਪੈਰਾਂ ਹੇਠ ਹੈ ਧਰਤੀ ਹੇਠ ਵਸੰਦਾ ਪਾਣੀ ॥
ਪਾਣੀ ਚਲੇ ਨੀਵਾਣ ਨੋਂ ਨਿਰਮਲ ਸੀਤਲ ਸੁੱਧ ਪਰਾਣੀ ॥
ਬਹੁ ਰੰਗੀ ਇਕ ਰੰਗ ਹੈ ਸਭਨਾਂ ਅੰਦਰ ਇਕੋ ਜਾਣੀ ॥
ਤੱਤਾ ਹੋਵੈ ਧੁੱਪ ਵਿੱਚ ਛਾਵੈਂ ਠੰਢਾ ਵਿਰਤੀਹਾਣੀ ॥
ਤਪਦਾ ਪਰਉਪਕਾਰ ਨੋ ਠੰਢੇ ਪਰਉਪਕਾਰ ਵਿਹਾਣੀ ॥
ਅਗਨਿ ਬੁਝਾਏ ਤਪਤ ਵਿਚ ਠੰਢਾ ਹੋਵੈ ਬਿਲਮੁ ਨ ਆਣੀ ॥
ਗੁਰ ਸਿੱਖੀ ਦੀ ਏਹੁ ਨਿਸ਼ਾਨੀ ॥੧੩॥
(ਵਾਰਾਂ ਭਾਈ ਗੁਰਦਾਸ ਜੀ)

੧੭. ਹਉਂ ਤਿਸੁ ਵਿੱਟਹੁੰ ਵਾਰਿਆ ਹੋਂਦੈ ਤਾਣ ਜੋ ਹੋਇ ਨਿਤਾਣਾ ॥
ਹਉਂ ਤਿਸ ਵਿੱਟਹੁੰ ਵਾਰਿਆ ਹੋਂਦੇ ਮਾਣ ਜੋ ਰਹੈ ਨਿਮਾਣਾ ॥
ਹਉਂ ਤਿਸ ਵਿੱਟਹੁੰ ਵਾਰਿਆ ਛੱਡ ਸਿਆਣਪ ਹੋਇ ਇਆਣਾ ॥
ਹਉਂ ਤਿਸ ਵਿੱਟਹੁੰ ਵਾਰਿਆ ਖਸਮੇ ਦਾ ਭਾਵੈ ਜਿਸ ਭਾਣਾ ॥
ਹਉਂ ਤਿਸ ਵਿੱਟਹੁੰ ਵਾਰਿਆ ਗੁਰਮੁਖ ਮਾਰਗ ਦੇਖ ਲੁਭਾਣਾ ॥
ਹਉਂ ਤਿਸ ਵਿੱਟਹੁੰ ਵਾਰਿਆ ਚੱਲਣ ਜਾਣ ਜੁਗਤਿ ਮਿਹਮਾਣਾ ॥
ਦੀਨ ਦੁਨੀ ਦਰਗਹ ਪ੍ਰਵਾਣਾ ॥੩॥ (ਵਾਰਾਂ ਭਾਈ ਗੁਰਦਾਸ ਜੀ)


www.sikhbookclub.com

੧੮. ਹਉਂ ਤਿਸਦੈ ਚਉਖੰਨੀਐ ਗੁਰ ਪਰਮੇਸ਼ਰ ਏਕੋ ਜਾਣੈ ॥
ਹਉਂ ਤਿਸਦੈ ਚਉਖੰਨੀਐ ਦੂਜਾ ਭਾਉ ਨ ਅੰਦਰ ਆਣੈ ॥
ਹਉਂ ਤਿਸਦੈ ਚਉਖੰਨੀਐ ਅਉਗਣ ਕੀਤੇ ਗੁਣ ਪਰਵਾਣੈ ॥
ਹਉਂ ਤਿਸਦੈ ਚਉਖੰਨੀਐ ਮੰਦਾ ਕਿਸੈ ਨ ਆਖ ਵਖਾਣੈ ॥
ਹਉਂ ਤਿਸਦੈ ਚਉਖੰਨੀਐ ਆਪ ਠਗਾਏ ਲੋਕਾਂ ਭਾਣੈ ॥
ਹਉਂ ਤਿਸਦੈ ਚਉਖੰਨੀਐ ਪਰਉਪਕਾਰ ਕਰੇ ਰੰਗ ਮਾਣੈ ॥
ਲਉਬਾਲੀ ਦਰਗਾਹ ਵਿਚ ਮਾਣ ਨਿਮਾਣਾ ਮਾਣ ਨਿਮਾਣੈ ॥
ਗੁਰ ਪੂਰਾ ਗੁਰ ਸ਼ਬਦ ਸਿਵਾਣੈ ॥੫॥

(ਵਾਰਾਂ ਭਾਈ ਗੁਰਦਾਸ ਜੀ)

੧੯. ਹੋਇ ਨਿਮਾਣਾ ਭਗਤਿ ਕਰ ਗੁਰਮੁਖ ਧ੍ਰੂ ਹਰਿ ਦਰਸ਼ਨ ਪਾਯਾ ॥
ਭਗਤਿ ਵਛਲ ਹੋਇਆ ਭੇਟਿਆ ਮਾਣ ਨਿਮਾਣੇ ਆਪ ਦਿਵਾਯਾ ॥
ਮਾਤ ਲੋਕ ਵਿਚ ਮੁਕਤਿ ਕਰ ਨਿਹਚਲ ਵਾਸ ਅਗਾਸ ਚੜ੍ਹਾਯਾ ॥
ਚੰਦ ਸੂਰ ਤੇਤੀ ਕਰੋੜ ਪਰਦੱਖਣਾ ਚਉਫੇਰ ਫਿਰਾਯਾ ॥
ਵੇਦ ਪੁਰਾਣ ਵਖਾਣਦੇ ਪਰਗਟ ਕਰ ਪਰਤਾਪ ਜਣਾਯਾ ॥
ਅਵਗਤਿ ਗਤਿ ਅਤਿ ਅਗਮ ਹੈ ਅਕਥ ਕਥਾ ਵੀਚਾਰ ਨ ਆਯਾ ॥
ਗੁਰਮੁਖ ਸੁਖ ਫਲ ਅਲਖ ਲਖਾਯਾ ॥੨੧॥੪॥

(ਵਾਰਾਂ ਭਾਈ ਗੁਰਦਾਸ ਜੀ)

੨੦. ਮੁਰਦਾ ਹੋਇ ਮੁਰੀਦ ਸੋ ਗੁਰ ਗੋਰ ਸਮਾਵੈ ॥
ਸ਼ਬਦ ਸੁਰਤਿ ਲਿਵ ਲੀਣ ਹੋਇ ਓਹ ਆਪ ਗਵਾਵੈ ॥
ਤਨੁ ਧਰਤੀ ਕਰ ਧਰਮਸਾਲ ਮਨ ਦੱਭ ਵਿਛਾਵੈ ॥
ਲੱਤਾ ਹੇਠ ਲਤਾੜੀਐ ਗੁਰ ਸ਼ਬਦ ਕਮਾਵੈ ॥
ਭਾਇ ਭਗਤਿ ਨੀਵਾਣ ਹੋਇ ਗੁਰਮਤਿ ਠਹਿਰਾਵੈ ॥
ਵਰਸੈ ਨਿੱਝਰ ਧਾਰ ਹੋਇ ਸੰਗਤਿ ਚਲ ਆਵੈ ॥੨੨॥੯॥

(ਵਾਰਾਂ ਭਾਈ ਗੁਰਦਾਸ ਜੀ)

੨੧. ਗੁਰਮੁਖ ਸੱਚਾ ਪੰਥ ਹੈ ਸਿੱਖ ਸਹਜ ਘਰ ਜਾਇ ਖਲੋਵੈ ॥
ਗੁਰਮੁਖ ਸੱਚ ਰਹਿਰਾਸ ਹੈ ਪੈਰੀਂ ਪੈ ਪਾਖਾਕ ਜੋ ਹੋਵੈ ॥
ਗੁਰੁ ਸਿੱਖੀ ਦਾ ਨ੍ਹਾਵਣਾ ਗੁਰਮਤਿ ਲੈ ਦੁਰਮਤਿ ਮਲ ਧੋਵੈ ॥
ਗੁਰ ਸਿੱਖੀ ਦਾ ਪੂਜਣਾ ਗੁਰਸਿਖ ਪੂਜ ਪਿਰਮ ਰਸ ਭੋਵੈ ॥

ਗੁਰ ਸਿੱਖੀ ਦਾ ਮੰਨਣਾ ਗੁਰੁ ਬਚਨੀ ਗਲ ਹਾਰ ਪਰੋਵੈ ।।
ਗੁਰ ਸਿੱਖੀ ਦਾ ਜੀਵਣਾ ਜੀਵੰਦਿਆ ਮਰ ਹਉਮੈ ਖੋਵੈ ।।
ਸਾਧ ਸੰਗਤਿ ਗੁਰੁ ਸ਼ਬਦ ਵਿਲੋਵੈ ।। ੯।। (ਵਾਰਾਂ ਭਾਈ ਗੁਰਦਾਸ ਜੀ)

੨੨. ਗੁਰਮੁਖ ਸ਼ਬਦ ਸੁਰਤਿ ਲਿਵ ਸਾਧ ਸੰਗਿ
ਤ੍ਰਿਗੁਣ ਅਤੀਤ ਚੀਤ ਆਸਾ ਮੈ ਨਿਰਾਸ ਹੈ।।
ਨਾਮ ਨਿਹਕਾਮ ਧਾਮ ਸਹਿਜ ਸੁਭਾਇ ਰਿਦੈ
ਬਰਤੈ ਬਰਤਮਾਨ ਗਿਆਨ ਕੋ ਪ੍ਰਗਾਸ ਹੈ ।।
ਸੂਖਮ ਸਥੂਲ ਏਕ ਏਕ ਔ ਅਨੇਕ ਮੇਕ
ਬ੍ਰਹਮ ਬਿਬੇਕ ਟੇਕ ਬ੍ਰਹਮ ਬਿਸ੍ਵਾਸ ਹੈ ।।
ਚਰਨ ਸਰਨ ਲਿਵ ਆਪਾ ਖੋਇ ਹੋਇ ਰੇਨ
ਸਤਿਗੁਰ ਸਤਿ ਗੁਰਮਤਿ ਗੁਰਦਾਸ ਹੈ ।।
(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

੨੩. ਜਿਉਂ ਪਾਣੀ ਨਿਵ ਚੱਲਦਾ ਨੀਵਾਣ ਚਲਾਇਆ ।।
ਸਭਨਾਂ ਰੰਗਾਂ ਨੋਂ ਮਿਲੇ ਰਲ ਜਾਇ ਰਲਾਇਆ ।।
ਪਰਉਪਕਾਰ ਕਮਾਂਵਦਾ ਉਨ੍ਹ ਆਪ ਗਵਾਇਆ ।।
ਕਾਠ ਨ ਡੋਬੈ ਪਾਲਿ ਕੈ ਸੰਗਿ ਲੋਹ ਤਰਾਯਾ ।।
ਵੁੱਠੇ ਮੀਂਹ ਸੁਕਾਲ ਹੋਇ ਰਸ ਕਸ ਉਪਜਾਇਆ ।।
ਜੀਵੰਦਿਆ ਮਰ ਸਾਧ ਹੋਇ ਸਫਲਿਓ ਜਗ ਆਇਆ ।। ੨੦।।
(ਵਾਰਾਂ ਭਾਈ ਗੁਰਦਾਸ ਜੀ)

 www.sikhbookclub.com

# ਪਰ ਨਾਰੀ

**ਸ਼ਬਦ ਨੰ: ੪੭**

ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ।। ਸਾਧ ਕੀ ਟਹਲ ਸੰਤਸੰਗਿ ਹੇਤ ।। ਕਰਨ ਨ ਸੁਨੈ ਕਾਹੂ ਕੀ ਨਿੰਦਾ ।। ਸਭ ਤੇ ਜਾਨੈ ਆਪਸ ਕਉ ਮੰਦਾ ।। ਗੁਰ ਪ੍ਰਸਾਦਿ ਬਿਖਿਆ ਪਰਹਰੈ ।। ਮਨ ਕੀ ਬਾਸਨਾ ਮਨ ਤੇ ਟਰੈ ।। ਇੰਦ੍ਰੀ ਜਿਤ ਪੰਚ ਦੋਖ ਤੇ ਰਹਤ।। ਨਾਨਕ ਕੋਟਿ ਮਧੇ ਕੋ ਐਸਾ ਅਪਰਸ।। ੧।। (ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੭੪)

## ਹਉਂ ਤਿਸ ਘੋਲਿ ਘੁਮਾਇਆ
## ਪਰ ਨਾਰੀ ਦੇ ਨੇੜਿ ਨ ਜਾਵੈ

੧. ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ ।।
ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ ।। ੧।।
(ਮਲਾਰ ਮ: ੧, ਆ. ਗ੍ਰੰ. ਪੰਨਾ ੧੨੫੫)

੨. ਪਰ ਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ ।।
ਚਰਨ ਕਮਲ ਸੇਵੀ ਰਿਦ ਅੰਤਰਿ ਗੁਰ ਪੂਰੇ ਕੈ ਆਧਾਰਿ ।। ੩।।
(ਆਸਾ ਮ: ੫, ਆ. ਗ੍ਰੰ. ਪੰਨਾ ੩੭੯)

੩. ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ ।।
ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ।। ੩।।
(ਮਾਰੂ ਵਾਰ ਡਖਣੇ ਮ: ੫, ਆ. ਗ੍ਰੰ. ਪੰਨਾ ੧੦੯੫)

੪. ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ ।।
ਨਿਤਪ੍ਰਤਿ ਹਿਰਹਿ ਪਰ ਦਰਬੁ ਛਿਦ੍ਰ ਕਤ ਢਾਕੀਅਹਿ ।।
(ਫੁਨਹੇ ਮ: ੫, ਆ. ਗ੍ਰੰ. ਪੰਨਾ ੧੩੬੨)

੫. ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ।।
ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ।। ੧।।
ਅੰਧੇ ਚੇਤਿ ਹਰਿ ਹਰਿ ਰਾਇਆ।।
ਤੇਰਾ ਸੋ ਦਿਨੁ ਨੇੜੈ ਆਇਆ।। ੧।। ਰਹਾਉ।।

 www.sikhbookclub.com

ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰੁ ।।
ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ।। ੨।।
(ਆਸਾ ਮ: ੫, ਆ. ਗ੍ਰੰ. ਪੰਨਾ ੪੦੩)

੬. ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ ।।
ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ।। ੧।।
ਰੇ ਨਰ ਕਾਇ ਪਰ ਗ੍ਰਿਹਿ ਜਾਇ ।।
ਕੁਚਲ ਕਠੋਰ ਕਾਮਿ ਗਰਧਭ
ਤੁਮ ਨਹੀ ਸੁਨਿਓ ਧਰਮ ਰਾਇ।। ੧।। ਰਹਾਉ।।
ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ।।
ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ।। ੨।।
(ਮਾਰੂ ਮ: ੫, ਆ. ਗ੍ਰੰ. ਪੰਨਾ ੧੦੦੧)

੭. ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ।।
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ।।
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ।।
ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ।। ੨।।
(ਆਸਾ ਦੀ ਵਾਰ ਮ: ੧, ਆ. ਗ੍ਰੰ. ਪੰਨਾ ੪੭੨)

੮. ਪਰ ਧਨ ਪਰ ਦਾਰਾ ਪਰਹਰੀ ।। ਤਾ ਕੈ ਨਿਕਟਿ ਬਸੈ ਨਰਹਰੀ ।। ੧।।
(ਭੈਰਉ ਨਾਮਦੇਵ ਜੀ, ਆ. ਗ੍ਰੰ. ਪੰਨਾ ੧੧੬੩)

੯. ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ।।
ਪੂਤ ਇਹੈ ਪ੍ਰਣ ਤੋਹਿ ਪ੍ਰਾਨ ਜਬ ਲਗ ਘਟ ਥਾਰੇ ।।
ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ ।।
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ।। ੫੧।।
ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ ।।
ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕਿ ਲਗਾਏ ।।
ਪਰ ਨਾਰੀ ਕੇ ਹੇਤ ਸੀਸ ਦਸ ਸੀਸ ਗਵਾਯੋ ।।
ਹੋ ਪਰ ਨਾਰੀ ਕੇ ਹੇਤਿ ਕਟਕ ਕਵਰਨ ਕੋ ਘਾਯੋ ।। ੫੨।।
ਪਰ ਨਾਰੀ ਸੌ ਨੇਹੁ ਛੁਰੀ ਪੈਨੀ ਕਰਿ ਜਾਨਹੁ ।।
ਪਰ ਨਾਰੀ ਕੇ ਭਜੇ ਕਾਲ ਬਿਆਪਿਯੋ ਤਨ ਮਾਨਹੁ।।

 www.sikhbookclub.com

ਅਧਿਕ ਹਰੀਫੀ ਜਾਨਿ ਭੋਗ ਪਰ ਤ੍ਰਿਯ ਜੋ ਕਰਹੀ ॥
ਹੋ ਅੰਤ ਸ੍ਵਾਨ ਕੀ ਮ੍ਰਿਤੁ ਹਾਥ ਲੇਂਡੀ ਕੇ ਮਰਹੀ ॥ ੫੩॥
(ਚਰਿੱਤ੍ਰ ਪਖਯਾਨ ਪਾ: ੧੦)

੧੦. ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ॥
ਉਸ ਸੂਅਰ ਉਸ ਗਾਇ ਕੈ ਪਰ ਧਨ ਹਿੰਦੂ ਮੁਸਲਮਾਣੈ ॥
(ਵਾਰਾਂ ਭਾਈ ਗੁਰਦਾਸ ਜੀ)

੧੧. ਜੈਸੇ ਬਿਖੁ ਤਨਕ ਹੀ ਖਾਤ ਮਰਿ ਜਾਤ ਤਾਤ
ਗਾਤਿ ਮੁਰਝਾਤਿ ਪ੍ਰਤਿਪਾਲੀ ਬਰਖਨ ਕੀ ॥
ਜੈਸੇ ਕੋਟਿ ਭਾਰਿ ਤੂਲਿ ਰੰਚਕ ਚਿਨਗ ਪਰੇ
ਹੋਤ ਭਸਮਾਤ ਛਿਨ ਮੈ ਨ ਅਕਰਖਨ ਕੀ ॥
ਮਹਿਖੀ ਦੁਹਾਇ ਦੂਧ ਰਾਖੀਐ ਭਾਂਜਨ ਭਰਿ
ਪਰਤ ਕਾਂਜੀ ਕੀ ਬੂੰਦ ਬਾਤਿ ਨ ਰਖਨ ਕੀ ॥
ਤੈਸੇ ਪਰ ਤਨ ਪਰ ਧਨ ਦੂਖਨਾ ਬਿਕਾਰ ਕੀਏ
ਹਰੈ ਨਿਧਿ ਸੁਕ੍ਰਿਤ ਸਹਜਿ ਹਰਖਨ ਕੀ ॥
(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

SIKHBOOKCLUB.COM

੧੨. ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ ॥
ਪਰ ਧਨ ਸੂਅਰ ਗਾਇ ਜਿਉ ਮਕਰੂਹ ਹਿੰਦੂ ਮੁਸਲਮਾਣੈ ॥
ਘਰਬਾਰੀ ਗੁਰ ਸਿਖ ਹੋਇ ਸਿਖਾ ਸੂਤ੍ਰ ਮਲ ਮੂਤ੍ਰ ਵਿਡਾਣੈ ॥
ਪਾਰਬ੍ਰਹਮ ਪੂਰਨ ਬ੍ਰਹਮ ਗਯਾਨ ਧਯਾਨ ਗੁਰਸਿੱਖ ਸਿਞਾਣੈ ॥
ਸਾਧ ਸੰਗਤ ਮਿਲ ਪਤਿ ਪਰਵਾਣੈ ॥ (ਵਾਰਾਂ ਭਾਈ ਗੁਰਦਾਸ ਜੀ)

# ਗੁਰਮਤਿ

**ਸ਼ਬਦ ਨੰ: ੪੮**

ਗੁਰਮਤਿ ਮਾਨਿਆ ਕਰਣੀ ਸਾਰੁ ॥
ਗੁਰਮਤਿ ਮਾਨਿਆ ਮੋਖ ਦੁਆਰੁ ॥
ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ ॥੮॥
(ਬਿਲਾਵਲੁ ਮ: ੩, ਆ. ਗ੍ਰੰ. ਪੰਨਾ ੮੩੩)

## ਸਤਿਗੁਰ ਦਾ ਉਪਦੇਸ ਕਮਾਵੈ

੧. ਗੁਰ ਕਾ ਕਹਿਆ ਜੇ ਕਰੇ ਸੁਖੀ ਹੂ ਸੁਖੁ ਸਾਰੁ ॥
ਗੁਰ ਕੀ ਕਰਣੀ ਭਉ ਕਟੀਐ ਨਾਨਕ ਪਾਵਹਿ ਪਾਰੁ॥੧॥
(ਸਾਰੰਗ ਕੀ ਵਾਰ ਮ: ੩, ਆ. ਗ੍ਰੰ. ਪੰਨਾ ੧੨੪੮)

੨. ਗੁਰਿ ਕਹਿਆ ਸਾ ਕਾਰ ਕਮਾਵਹੁ ॥
ਸਬਦੁ ਚੀਨਿ ਸਹਜ ਘਰਿ ਆਵਹੁ ॥ ਸਾਚੈ ਨਾਇ ਵਡਾਈ ਪਾਵਹੁ ॥੨॥
(ਬਿਲਾਵਲੁ ਮ: ੩, ਆ. ਗ੍ਰੰ. ਪੰਨਾ ੮੩੨)

੩. ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ
ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥
(ਧਨਾਸਰੀ ਮ: ੪, ਆ. ਗ੍ਰੰ. ਪੰਨਾ ੬੬੯)

੪. ਗੁਰਮਤਿ ਮਾਨਿਆ ਕਰਣੀ ਸਾਰੁ ॥ ਗੁਰਮਤਿ ਮਾਨਿਆ ਮੋਖ ਦੁਆਰੁ ॥
ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ ॥੮॥
(ਬਿਲਾਵਲੁ ਮ: ੩, ਆ. ਗ੍ਰੰ. ਪੰਨਾ ੮੩੩)

੫. ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ ॥
ਸਤਗੁਰੁ ਦਇਆ ਕਰੇ ਸੁਖਦਾਤਾ ਹਮ ਲਾਵੈ ਆਪਨ ਪਾਲੀ ॥੧॥
ਗੁਰਸਿਖ ਮੀਤ ਚਲਹੁ ਗੁਰ ਚਾਲੀ॥

 www.sikhbookclub.com

ਜੋ ਗੁਰੁ ਕਹੈ ਸੋਈ ਭਲ ਮਾਨਹੁ
ਹਰਿ ਹਰਿ ਕਥਾ ਨਿਰਾਲੀ ॥ ੧॥ ਰਹਾਉ ॥
(ਧਨਾਸਰੀ ਮ: ੪, ਆ. ਗ੍ਰੰ. ਪੰਨਾ ੬੬੭)

੬. ਖੋਜੀ ਖੋਜਿ ਦੇਖਿ ਚਲਿਓ ਜਾਇ ਪਹੁੰਚੇ ਠਿਕਾਨੋ
ਆਲਸ ਬਿਲੰਬ ਕੀਏ ਖੋਜ ਮਿਟ ਜਾਤ ਹੈ ॥
ਸਿਹਜਾ ਸਮੈ ਰਮੈ ਭਰਤਾਰ ਬਰ ਨਾਰਿ ਸੋਈ
ਕਰੈ ਜਉ ਆਗਿਆ ਨ ਮਾਨ ਪ੍ਰਗਟਤ ਪ੍ਰਾਤ ਹੈ ॥
ਬਰਖਤ ਮੇਘ ਜਲ ਚਾਤ੍ਰਿਕ ਤ੍ਰਿਪਤਿ ਪੀਏ
ਮੋਨ ਗਹੇ ਬਰਖ ਬਤੀਤੇ ਬਿਲਲਾਤ ਹੈ ॥
ਸਿਖ ਸੋਈ ਸੁਨਿ ਗੁਰ ਸ਼ਬਦ ਰਹਤ ਰਹੈ
ਕਪਟ ਸਨੇਹ ਕੀਏ ਪਾਛੇ ਪਛਤਾਤ ਹੈ ॥
(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

੭. ਗੁਰ ਸਿੱਖੀ ਮਿਲ ਸਾਧਸੰਗਿ ਸ਼ਬਦ ਸੁਰਤਿ ਜਗ ਦੁੱਤਰ ਤਰਣਾ॥
ਗੁਰੁ ਸਿੱਖੀ ਦਾ ਕਰਮ ਏਹ ਗੁਰ ਫੁਰਮਾਏ ਗੁਰ ਸਿਖ ਕੁਰਣਾ ॥
ਗੁਰੁ ਕਿਰਪਾ ਗੁਰੁ ਸਿਖ ਗੁਰੁ ਸਰਣਾ॥ ੧੦॥ (ਵਾਰਾਂ ਭਾਈ ਗੁਰਦਾਸ ਜੀ)

੮. ਗੁਰਮੁਖ ਹੱਥ ਸਕੱਥ ਹਨ ਸਾਧ ਸੰਗਤ ਗੁਰ ਕਾਰ ਕਮਾਵੈ ॥
ਪਾਣੀ ਪੱਖਾ ਪੀਹਣਾ ਪੈਰ ਧੋਇ ਚਰਣਾਮ੍ਰਿਤ ਪਾਵੈ ॥
ਗੁਰਬਾਣੀ ਲਿਖ ਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵੈ ॥
ਨਮਸਕਾਰ ਡੰਡੌਤ ਕਰ ਗੁਰ ਭਾਈ ਗਲ ਮਿਲ ਗਲ ਲਾਵੈ ॥
ਕਿਰਤ ਵਿਰਤ ਕਰ ਧਰਮ ਦੀ ਹਥਹੁੰ ਦੇ ਕੇ ਭਲਾ ਮਨਾਵੈ ॥
ਪਾਰਸ ਪਰਸ ਅਪਰਸ ਹੋਇ ਪਰ ਤਨ ਪਰ ਧਨ ਹੱਥ ਨ ਲਾਵੈ ॥
ਗੁਰ ਸਿਖ ਗੁਰ ਸਿਖ ਪੂਜ ਕੈ ਭਾਇ ਭਗਤ ਭੈ ਭਾਣਾ ਭਾਵੈ ॥
ਆਪ ਗਵਾਇ ਨ ਆਪ ਲਖਾਵੈ ॥ ੧੨॥ (ਵਾਰਾਂ ਭਾਈ ਗੁਰਦਾਸ ਜੀ)

# ਸੰਤੋਖ

## ਸ਼ਬਦ ਨੰ: ੪੯

ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
(ਆਸਾ ਦੀ ਵਾਰ ਮ: ੧, ਆ. ਗ੍ਰੰ. ਪੰਨਾ ੪੬੬)

## ਥੋੜਾ ਸਵੇਂ ਥੋੜਾ ਹੀ ਖਾਵੈ

੧. ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋੁਲਾਈ॥
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥
ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ॥ ੮॥
(ਸਿਧ ਗੋਸਟਿ ਰਾਮਕਲੀ ਮ: ੧, ਆ. ਗ੍ਰੰ. ਪੰਨਾ ੯੩੯)

੨. ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
(ਆਸਾ ਦੀ ਵਾਰ ਮ: ੧, ਆ. ਗ੍ਰੰ. ਪੰਨਾ ੪੬੬)

੩. ਦ੍ਰਿਸ਼ਟ ਦਰਸ ਲਿਵ ਸਾਵਧਾਨ ਸਬਦ ਸੁਰਤ ਚੈਤੰਨ ਸਿਆਣਾ ॥
ਨਾਮ ਦਾਨ ਇਸ਼ਨਾਨ ਦ੍ਰਿੜ੍ਹ ਮਨ ਵਿਚ ਕਰਮ ਕਰੈ ਮੋਲਾਣਾ ॥
ਗੁਰ ਸਿੱਖ ਥੋੜਾ ਬੋਲਣਾ ਥੋੜਾ ਸਉਣਾ ਥੋੜਾ ਖਾਣਾ ॥
ਪਰ ਤਨ ਪਰ ਧਨ ਪਰਹਰੈ ਪਰਨਿੰਦਾ ਸੁਣ ਮਨ ਸ਼ਰਮਾਣਾ॥
ਗੁਰ ਮੂਰਤ ਸਤਿਗੁਰ ਸਬਦ ਸਾਧ ਸੰਗਤਿ ਸਮਸਰ ਪਰਵਾਣਾ ॥
ਇਕ ਮਨ ਇਕ ਅਰਾਧਣਾ ਦੁਤੀਆ ਨਾਸਤ ਭਾਵੈ ਭਾਣਾ ॥
ਗੁਰਮੁਖਿ ਹੋਂਦੈ ਤਾਣ ਨਿਤਾਣਾ ॥੨॥
(ਵਾਰਾਂ ਭਾਈ ਗੁਰਦਾਸ ਜੀ)

# ਹੁਕਮ-ਭਾਣਾ

## ਸ਼ਬਦ ਨੰ: ੫੦

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥
ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥
ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥ ੧॥
(ਮਾਝ ਕੀ ਵਾਰ ਮ: ੨, ਆ. ਗ੍ਰੰ. ਪੰਨਾ ੧੩੯)

# ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ

੧. ਪੂਰੈ ਸਤਿਗੁਰਿ ਬੂਝਿ ਬੁਝਾਇਆ॥ ਹੁਕਮੇ ਹੀ ਸਭੁ ਜਗਤੁ ਉਪਾਇਆ॥
ਹੁਕਮੁ ਮੰਨੇ ਸੋਈ ਸੁਖੁ ਪਾਏ ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ ॥ ੩॥
(ਮਾਰੂ ਮ: ੩ ਸੋਲਹੇ, ਆ. ਗ੍ਰੰ. ਪੰਨਾ ੧੦੫੫)

SIKHBOOKCLUB.COM

੨. ਸਭਨਾ ਕਾ ਸਹੁ ਏਕੁ ਹੈ ਸਦ ਹੀ ਰਹੈ ਹਜੂਰਿ ॥
ਨਾਨਕ ਹੁਕਮੁ ਨ ਮੰਨਈ ਤਾ ਘਰ ਹੀ ਅੰਦਰਿ ਦੂਰਿ ॥
ਹੁਕਮੁ ਭੀ ਤਿਨ੍ਾ ਮਨਾਇਸੀ ਜਿਨ੍ ਕਉ ਨਦਰਿ ਕਰੇਇ ॥
ਹੁਕਮੁ ਮੰਨਿ ਸੁਖੁ ਪਾਇਆ ਪ੍ਰੇਮ ਸੁਹਾਗਣਿ ਹੋਇ ॥ ੧॥
(ਗੂਜਰੀ ਕੀ ਵਾਰ ਮ: ੩, ਆ. ਗ੍ਰੰ. ਪੰਨਾ ੫੧੦)

੩. ਹੁਕਮੁ ਜਿਨਾ ਨੋ ਮਨਾਇਆ॥ ਤਿਨ ਅੰਤਰਿ ਸਬਦੁ ਵਸਾਇਆ॥
ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥ ੯॥
ਜਿਨਾ ਭਾਣੇ ਕਾ ਰਸੁ ਆਇਆ॥ ਤਿਨ ਵਿਚਹੁ ਭਰਮੁ ਚੁਕਾਇਆ॥
ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥ ੧੦॥
(ਸ੍ਰੀ ਰਾਗੁ ਮ: ੧, ਆ. ਗ੍ਰੰ. ਪੰਨਾ ੭੨)

੪. ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥
ਸਾਚੀ ਦਰਗਹ ਪੂਛ ਨ ਹੋਇ ॥ ਮਾਨੇ ਹੁਕਮੁ ਸੀਝੈ ਦਰਿ ਸੋਇ ॥ ੬॥
ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥ ਰਹੈ ਰਜਾਈ ਹੁਕਮੁ ਪਛਾਣੈ ॥
ਹੁਕਮੁ ਪਛਾਣਿ ਸਚੈ ਦਰਿ ਵਾਸੁ ॥

ਕਾਲ ਬਿਕਾਲ ਸਬਦਿ ਭਏ ਨਾਸੁ ॥੭॥
ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥
ਤਨੁ ਮਨੁ ਅਰਪੈ ਹੈ ਇਹੁ ਜਿਸ ਕਾ॥
ਨਾ ਓਹੁ ਆਵੈ ਨਾ ਓਹੁ ਜਾਇ॥
ਨਾਨਕ ਸਾਚੇ ਸਾਚਿ ਸਮਾਇ॥ ੮॥੨॥

(ਬਿਲਾਵਲੁ ਮ: ੧, ਆ. ਗ੍ਰੰ. ਪੰਨਾ ੮੩੨)

੫. ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ॥
ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ ॥੧੦੯॥

(ਮ: ੫, ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੮੩)

੬. ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ ॥
ਗੁਰ ਕੈ ਭਾਣੈ ਜੋ ਚਲੈ ਬਹੁੜਿ ਨ ਆਵਣੁ ਹੋਇ ॥
ਨਾਨਕ ਨਾਮਿ ਵਿਸਾਰਿਐ ਆਵਣ ਜਾਣਾ ਦੋਇ ॥੨॥

(ਸਾਰੰਗ ਕੀ ਵਾਰ ਮ: ੩, ਆ. ਗ੍ਰੰ. ਪੰਨਾ ੧੨੪੮)

੭. ਪੂਰੈ ਭਾਗਿ ਸਤਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ॥
ਅੰਤਰਹੁ ਦੁਖੁ ਭ੍ਰਮੁ ਕਟੀਐ ਸੁਖੁ ਪਰਾਪਤਿ ਹੋਇ॥
ਗੁਰ ਕੈ ਭਾਣੈ ਜੋ ਚਲੈ ਦੁਖੁ ਨ ਪਾਵੈ ਕੋਇ॥ ੩॥
ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ॥
ਜਿਨਾ ਪਰਾਪਤਿ ਤਿਨ ਪੀਆ ਹਉਮੈ ਵਿਚਹੁ ਖੋਇ॥
ਨਾਨਕ ਗੁਰਮੁਖਿ ਨਾਮੁ ਧਿਆਈਐ
ਸਚਿ ਮਿਲਾਵਾ ਹੋਇ॥ ੪॥ ੧੩॥ ੪੬॥

(ਸ੍ਰੀ ਰਾਗੁ ਮ: ੩, ਆ. ਗ੍ਰੰ. ਪੰਨਾ ੩੧)

੮. ਮਨ ਰੇ ਗੁਰ ਕੀ ਕਾਰ ਕਮਾਇ॥
ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ॥੧॥ਰਹਾਉ॥

(ਸ੍ਰੀ ਰਾਗੁ ਮ: ੩, ਆ. ਗ੍ਰੰ. ਪੰਨਾ ੬੬)

੯. ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ॥
ਧੰਨੁ ਧੰਨੁ ਵਡਭਾਗੀ ਨਾਨਕਾ
ਜਿਨਾ ਸਤਿਗੁਰੁ ਲਏ ਮਿਲਾਇ॥ ੪॥ ੩॥ ੬੭॥

(ਸ੍ਰੀ ਰਾਗੁ ਮ: ੪, ਆ. ਗ੍ਰੰ. ਪੰਨਾ ੪੦)

 www.sikhbookclub.com

੧੦. ਇਹੁ ਜਗਤੁ ਮਮਤਾ ਮੁਆ ਜੀਵਣ ਕੀ ਬਿਧਿ ਨਾਹਿ।।
ਗੁਰ ਕੈ ਭਾਣੈ ਜੋ ਚਲੈ ਤਾਂ ਜੀਵਣ ਪਦਵੀ ਪਾਹਿ।।
(ਗੂਜਰੀ ਕੀ ਵਾਰ ਮ: ੩, ਆ. ਗ੍ਰੰ. ਪੰਨਾ ੫੦੮)

੧੧. ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ।।
ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ।।੩।।੨੮।।
(ਆਸਾ ਮ: ੫, ਆ. ਗ੍ਰੰ. ਪੰਨਾ ੩੭੭)

੧੨. ਹੁਕਮੁ ਨ ਜਾਣੈ ਬਹੁਤਾ ਰੋਵੈ ।। ਅੰਦਰਿ ਧੋਖਾ ਨੀਦ ਨ ਸੋਵੈ ।।
ਜੇ ਧਨ ਖਸਮੈ ਚਲੈ ਰਜਾਈ ।। ਦਰਿ ਘਰਿ ਸੋਭਾ ਮਹਿਲ ਬੁਲਾਈ ।।
ਨਾਨਕ ਕਰਮੀ ਇਹ ਮਤਿ ਪਾਈ।। ਗੁਰ ਪਰਸਾਦੀ ਸਚਿ ਸਮਾਈ।।੧।।
(ਸਿਰੀ ਰਾਗ ਕੀ ਵਾਰ, ਆ. ਗ੍ਰੰ. ਪੰਨਾ ੮੫)

੧੩. ਸਭੁ ਕੋਈ ਹੈ ਖਸਮ ਕਾ ਖਸਮਹੁ ਸਭੁ ਕੋ ਹੋਇ ।।
ਹੁਕਮੁ ਪਛਾਣੈ ਖਸਮ ਕਾ ਤਾ ਸਚੁ ਪਾਵੈ ਕੋਇ ।।
ਗੁਰਮੁਖਿ ਆਪੁ ਪਛਾਣੀਐ ਬੁਰਾ ਨ ਦੀਸੈ ਕੋਇ ।।
ਨਾਨਕ ਗੁਰਮੁਖਿ ਨਾਮੁ ਧਿਆਈਐ ਸਹਿਲਾ ਆਇਆ ਸੋਇ ।।੧।।
(ਸਾਰੰਗ ਕੀ ਵਾਰ ਮ: ੪, ਆ. ਗ੍ਰੰ. ਪੰਨਾ ੧੨੪੪)

੧੪. ਨਾਂਗੇ ਆਵਣਾ ਨਾਂਗੇ ਜਾਣਾ ਹਰਿ ਹੁਕਮੁ ਪਾਇਆ ਕਿਆ ਕੀਜੈ।।
ਜਿਸ ਕੀ ਵਸਤੁ ਸੋਈ ਲੈ ਜਾਇਗਾ ਰੋਸੁ ਕਿਸੈ ਸਿਉ ਕੀਜੈ ।।
ਗੁਰਮੁਖਿ ਹੋਵੈ ਸੁ ਭਾਣਾ ਮੰਨੇ ਸਹਜੇ ਹਰਿ ਰਸੁ ਪੀਜੈ ।।
ਨਾਨਕ ਸੁਖਦਾਤਾ ਸਦਾ ਸਲਾਹਿਹੁ ਰਸਨਾ ਨਾਮੁ ਰਵੀਜੈ ।।੨।।
(ਸਾਰੰਗ ਕੀ ਵਾਰ ਮ: ੩, ਆ. ਗ੍ਰੰ. ਪੰਨਾ ੧੨੪੬)

੧੫. ਜੋ ਤੁਧੁ ਕਰਣਾ ਸੋ ਕਰਿ ਪਾਇਆ।। ਭਾਣੇ ਵਿਚਿ ਕੋ ਵਿਰਲਾ ਆਇਆ।।
ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ।।੧।।
ਗੁਰਮੁਖਿ ਤੇਰਾ ਭਾਣਾ ਭਾਵੈ ।। ਸਹਜੇ ਹੀ ਸੁਖੁ ਸਚੁ ਕਮਾਵੈ ।।
ਭਾਣੇ ਨੋ ਲੋਚੈ ਬਹੁਤੇਰੀ ਆਪਣਾ ਭਾਣਾ ਆਪਿ ਮਨਾਇਦਾ।।੨।।
ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ।।
ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ ।।
ਭਾਣੇ ਵਿਚਿ ਵਡੀ ਵਡਿਆਈ ਭਾਣਾ ਕਿਸਹਿ ਕਰਾਇਦਾ ।।੩।।
(ਮਾਰੂ ਸੋਲਹੇ ਮ: ੩, ਆ. ਗ੍ਰੰ. ਪੰਨਾ ੧੦੬੩)

SIKHBOOKCLUB.COM

੧੬. ਗੋਬਿਦ ਕੀ ਐਸੀ ਕਾਰ ਕਮਾਇ ॥
ਜੋ ਕਿਛੁ ਕਰੇ ਸੁ ਸਤਿ ਕਰਿ ਮਾਨਹੁ
ਗੁਰਮੁਖਿ ਨਾਮਿ ਰਹਹੁ ਲਿਵ ਲਾਇ ॥ ੧ ॥ ਰਹਾਉ ॥
(ਸਾਰੰਗ ਮ: ੪, ਆ. ਗ੍ਰੰ. ਪੰਨਾ ੧੧੯੯)

੧੭. ਹੁਕਮੇ ਬੂਝਿ ਨਿਹਾਲੁ ਸੁਖਿ ਸੁਖੇਟਿਆ ॥
ਪਰਖਿ ਖਜਾਨੈ ਪਾਏ ਸੇ ਬਹੁੜਿ ਨ ਖੋਟਿਆ ॥ ੧੦ ॥
(ਗੂਜਰੀ ਵਾਰ ਮ: ੫, ਆ. ਗ੍ਰੰ. ਪੰਨਾ ੫੨੦)

੧੮. ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ ॥
ਹਉਮੈ ਅਨ ਸਿਉ ਲਰਿ ਮਰੈ ਸੋ ਸੋਭਾ ਦੂ ਹੋਇ ॥
ਮਣੀ ਮਿਟਾਇ ਜੀਵਤ ਮਰੈ ਗੁਰ ਪੂਰੈ ਉਪਦੇਸ ॥
ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ ॥
ਣਾ ਕੋ ਜਾਣੈ ਆਪਣੋ ਏਕਹਿ ਟੇਕ ਅਧਾਰ ॥
ਰੈਣਿ ਦਿਣਸੁ ਸਿਮਰਤ ਰਹੈ ਸੋ ਪ੍ਰਭੁ ਪੁਰਖੁ ਅਪਾਰ ॥
ਰੇਣ ਸਗਲ ਇਆ ਮਨੁ ਕਰੈ ਏਊ ਕਰਮ ਕਮਾਇ ॥
ਹੁਕਮੈ ਬੂਝੈ ਸਦਾ ਸੁਖੁ ਨਾਨਕ ਲਿਖਿਆ ਪਾਇ ॥ ੩੧ ॥
(ਗਉੜੀ ਬਾਵਨ ਅਖਰੀ ਮ: ੫, ਆ. ਗ੍ਰੰ. ਪੰਨਾ ੨੫੬)

੧੯. ਸਤਸੰਗਤਿ ਮਿਲਿ ਸਭ ਸੋਝੀ ਪਾਏ ॥
ਗੁਰ ਕਾ ਸਬਦੁ ਹਰਿ ਭਗਤਿ ਦ੍ਰਿੜਾਏ ॥
ਭਾਣਾ ਮੰਨੇ ਸਦਾ ਸੁਖੁ ਹੋਇ ॥
ਨਾਨਕ ਸਚਿ ਸਮਾਵੈ ਸੋਇ ॥ ੪ ॥ ੧੦ ॥ ੪੯ ॥
(ਆਸਾ ਮ: ੩, ਆ. ਗ੍ਰੰ. ਪੰਨਾ ੩੬੪)

੨੦. ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥
ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ॥ ੧ ॥
(ਸੋਰਠਿ ਮ: ੩, ਆ. ਗ੍ਰੰ. ਪੰਨਾ ੬੦੧)

੨੧. ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥ ੧ ॥
(ਗਉੜੀ ਮ: ੫, ਆ. ਗ੍ਰੰ. ਪੰਨਾ ੨੦੯)

੨੨. ਸੋਈ ਕਰਣਾ ਜਿ ਆਪਿ ਕਰਾਏ ।। ਜਿਥੈ ਰਖੈ ਸਾ ਭਲੀ ਜਾਏ ।।
ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ ।।੧।।
(ਮਾਝ ਮ: ੫, ਆ. ਗ੍ਰੰ. ਪੰਨਾ ੧੦੮)

੨੩. ਗੁਰਮੁਖ ਹਉਮੈਂ ਪਰਹਰੈ ਮਨ ਭਾਵੈ ਖਸਮੈ ਦਾ ਭਾਣਾ ।।
ਪੈਰੀਂ ਪੈ ਪਾਖਾਕ ਹੋਇ ਦਰਗਹ ਪਾਵੈ ਮਾਣ ਨਿਮਾਣਾ ।।
ਵਰਤਮਾਨ ਵਿਚ ਵਰਤਦਾ ਹੋਵਣਹਾਰ ਸੋਈ ਪਰਵਾਣਾ ।।
ਕਾਰਣ ਕਰਤਾ ਜੋ ਕਰੈ ਸਿਰ ਧਰ ਮੰਨ ਕਰੈ ਸ਼ੁਕਰਾਣਾ ।।
ਰਾਜੀ ਹੋਇ ਰਜਾਇ ਵਿੱਚ ਦੁਨੀਆਂ ਅੰਦਰ ਜਿਉ ਮਿਹਮਾਣਾ।।
ਵਿਸਮਾਦੀ ਵਿਸਮਾਦ ਵਿਚ ਕੁਦਰਤ ਕਾਦਰ ਨੋ ਕੁਰਬਾਣਾ।।
ਲੇਪ ਅਲੇਪ ਸਦਾ ਨਿਰਬਾਣਾ ।।੨੧।। (ਵਾਰਾਂ ਭਾਈ ਗੁਰਦਾਸ ਜੀ)

੨੪. ਹੁਕਮੀ ਬੰਦਾ ਹੋਇਕੈ ਸਾਹਿਬ ਦੇ ਹੁਕਮੈ ਵਿੱਚ ਰਹਿਣਾ ।।
ਹੁਕਮੈ ਅੰਦਰ ਸਭ ਕੋ ਸਭਨਾਂ ਆਵੱਟਣ ਹੈ ਸਹਿਣਾ ।।
ਦਿਲ ਦਰਿਆਉ ਸਮਾਉ ਕਰ ਗਰਬ ਗਵਾਇ ਗਰੀਬੀ ਵਹਿਣਾ ।।
ਵੀਹ ਇਕੀਹ ਉਲੰਘਿਕੈ ਸਾਧ ਸੰਗਤਿ ਸਿੰਘਾਸਣਿ ਬਹਿਣਾ।।
ਸ਼ਬਦ ਸੁਰਤਿ ਲਿਵਲੀਣ ਹੋਇ ਅਨਭਉ ਅਘੜ ਘੜਾਏ ਗਹਿਣਾ ।।
ਸਿਦਕ ਸਬੂਰੀ ਸਾਬਰਾ ਸ਼ਾਕਰ ਸ਼ੁਕਰ ਨ ਦੇਣਾ ਲਹਿਣਾ ।।
ਨੀਰ ਨ ਡੁੱਬਣ ਅੱਗ ਨ ਦਹਿਣਾ ।।੨੨।।
(ਵਾਰਾਂ ਭਾਈ ਗੁਰਦਾਸ ਜੀ)

# ਵਿਰਲੇ ਸੇਵਕ

## ਸ਼ਬਦ ਨੰ: ੫੧

ਕਹਨ ਕਹਾਵਨ ਕਉ ਕਈ ਕੇਤੈ॥ ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤ ਜੋਗ ਕਉ ਬੇਤੈ ॥੧॥ ਰਹਾਉ॥ ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥ ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥੧॥ ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ॥ ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ॥੨॥੩॥੨੨॥

(ਕਾਨੜਾ ਮ: ੫, ਆ. ਗ੍ਰੰ. ਪੰਨਾ ੧੩੦੨)

## ਐਸੋ ਜਨੁ ਬਿਰਲੋ ਹੈ ਸੇਵਕੁ......

੧. ਸੋਈ ਪੂਰੇ ਸਾਹ ਜਿਨੀ ਪੂਰਾ ਪਾਇਆ ॥
ਅਠੀ ਵੇਪਰਵਾਹ ਰਹਨਿ ਇਕਤੈ ਰੰਗਿ ॥
ਦਰਸਨਿ ਰੂਪਿ ਅਥਾਹ ਵਿਰਲੇ ਪਾਈਅਹਿ ॥
ਕਰਮਿ ਪੂਰੈ ਪੂਰਾ ਗੁਰੂ ਪੂਰਾ ਜਾ ਕਾ ਬੋਲੁ ॥
ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ ॥੨॥

(ਮਾਝ ਕੀ ਵਾਰ ਮ: ੨, ਆ. ਗ੍ਰੰ. ਪੰਨਾ ੧੪੬)

੨. ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ ॥
ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ ॥੭॥
ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ ॥
ਨਾਨਕੁ ਤਿਨ ਕੇ ਚਰਨ ਪਖਾਲੈ
ਜਿਨਾ ਗੁਰਮੁਖਿ ਸਾਚਾ ਭਾਇਆ॥੮॥੭॥

(ਪ੍ਰਭਾਤੀ ਮ: ੧, ਆ. ਗ੍ਰੰ. ਪੰਨਾ ੧੩੪੫)

੩. ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ॥
ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ॥੧॥
ਠਾਕੁਰੁ ਸਰਬੇ ਸਮਾਣਾ॥

ਕਿਆ ਕਹਉ ਸੁਣਉ ਸੁਆਮੀ ਤੂੰ ਵਡ ਪੁਰਖੁ ਸੁਜਾਣਾ।। ੧।। ਰਹਾਉ।।
ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ।।
ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ।। ੨।।
ਕਹਨ ਕਹਾਵਨ ਇਹੁ ਕੀਰਤਿ ਕਰਲਾ।।
ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ।। ੩।।
ਗਤਿ ਅਵਗਤਿ ਕਛੁ ਨਦਰਿ ਨ ਆਇਆ ।।
ਸੰਤਨ ਕੀ ਰੇਣੁ ਨਾਨਕ ਦਾਨੁ ਪਾਇਆ ।। ੪।। ੨੬।। ੯੬।।
(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੫੧)

੪. ਭਾਉ ਭਗਤਿ ਭਗਵਾਨ ਸੰਗਿ ਮਾਇਆ ਲਿਪਤ ਨ ਰੰਚ ।।
ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ ।। ੫।।
(ਥਿਤੀ ਗਉੜੀ ਮ: ੫, ਆ. ਗ੍ਰੰ. ਪੰਨਾ ੨੯੭)

੫. ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ।।
ਐਸੋ ਸਮਰਥੁ ਵਰਨਿ ਨ ਸਾਕਉ ਤਾ ਕੀ ਉਪਮਾ ਜਾਤ ਨ ਕਹਿਓ ਰੀ।।੨।।
(ਆਸਾ ਮ: ੫, ਆ. ਗ੍ਰੰ. ਪੰਨਾ ੩੮੪)

੬. ਕੋਟਿ ਮਧੇ ਕਿਨੈ ਪਛਾਣਿਆ ਹਰਿ ਨਾਮਾ ਸਚੁ ਸੋਈ ।।
ਨਾਨਕ ਨਾਮਿ ਮਿਲੈ ਵਡਿਆਈ ਦੂਜੈ ਭਾਇ ਪਤਿ ਖੋਈ।। ੩।।
(ਸੂਹੀ ਮ: ੩ ਛੰਤ, ਆ. ਗ੍ਰੰ. ਪੰਨਾ ੭੬੯)

੭. ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ ।।
ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ।। ੧।।
ਮੇਰੇ ਠਾਕੁਰ ਰਖਿ ਲੇਵਹੁ ਕਿਰਪਾ ਧਾਰੀ।।
ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ।। ੧।। ਰਹਾਉ।।
(ਗੂਜਰੀ ਮ: ੫, ਆ. ਗ੍ਰੰ. ਪੰਨਾ ੪੯੫)

੮. ਸਚੁ ਸੁਤਿਆ ਜਿਨੀ ਅਰਾਧਿਆ ਜਾ ਉਠੇ ਤਾ ਸਚੁ ਚਵੇ।।
ਸੇ ਵਿਰਲੇ ਜੁਗ ਮਹਿ ਜਾਣੀਅਹਿ ਜੋ ਗੁਰਮੁਖਿ ਸਚੁ ਰਵੇ।।
ਹਉ ਬਲਿਹਾਰੀ ਤਿਨ ਕਉ ਜਿ ਅਨਦਿਨੁ ਸਚੁ ਲਵੇ।।
ਜਿਨ ਮਨਿ ਤਨਿ ਸਚਾ ਭਾਵਦਾ ਸੇ ਸਚੀ ਦਰਗਹ ਗਵੇ।।
ਜਨੁ ਨਾਨਕੁ ਬੋਲੈ ਸਚੁ ਨਾਮੁ ਸਚੁ ਸਚਾ ਸਦਾ ਨਵੇ।। ੨੧।।
(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੧੨)

੯. ਬੋਲੈ ਨਾਹੀ ਹੋਇ ਬੈਠਾ ਮੋਨੀ ।। ਅੰਤਰਿ ਕਲਪ ਭਵਾਈਐ ਜੋਨੀ ।।
ਅੰਨ ਤੇ ਰਹਤਾ ਦੁਖੁ ਦੇਹੀ ਸਹਤਾ ।।
ਹੁਕਮੁ ਨ ਬੂਝੈ ਵਿਆਪਿਆ ਮਮਤਾ।। ੬।।
ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ।। ਪੂਛਹੁ ਸਗਲ ਬੇਦ ਸਿੰਮ੍ਰਿਤੇ।।
ਮਨਮੁਖ ਕਰਮ ਕਰੈ ਅਜਾਈ।। ਜਿਉ ਬਾਲੂ ਘਰ ਠਉਰ ਨ ਠਾਈ।। ੭।।
ਜਿਸ ਨੋ ਭਏ ਗੋੁਬਿੰਦ ਦਇਆਲਾ।। ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ।।
ਕੋਟਿ ਮਧੇ ਕੋਈ ਸੰਤੁ ਦਿਖਾਇਆ।।
ਨਾਨਕੁ ਤਿਨ ਕੈ ਸੰਗਿ ਤਰਾਇਆ।। ੮।।
ਜੇ ਹੋਵੈ ਭਾਗੁ ਤਾ ਦਰਸਨੁ ਪਾਈਐ।।
ਆਪਿ ਤਰੈ ਸਭੁ ਕੁਟੰਬੁ ਤਰਾਈਐ।। ੧।। ਰਹਾਉ ਦੂਜਾ।। ੨।।
(ਪ੍ਰਭਾਤੀ ਮ: ੫, ਆ. ਗ੍ਰੰ. ਪੰਨਾ ੧੩੪੮)

੧੦. ਸਚਿ ਰਤੇ ਸੇ ਟੋਲਿ ਲਹੁ ਸੇ ਵਿਰਲੇ ਸੰਸਾਰਿ ।।
ਤਿਨ ਮਿਲਿਆ ਮੁਖੁ ਉਜਲਾ ਜਪਿ ਨਾਮੁ ਮੁਰਾਰਿ।। ੧।।
(ਮਾਰੂ ਮ: ੩, ਆ. ਗ੍ਰੰ. ਪੰਨਾ ੯੯੪)

੧੧. ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ।।
ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ।। ੧।।
(ਗੂਜਰੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੫੧੭)

੧੨. ਪ੍ਰਥਮੇ ਛੋਡੀ ਪਰਾਈ ਨਿੰਦਾ ।। ਉਤਰਿ ਗਈ ਸਭ ਮਨ ਕੀ ਚਿੰਦਾ ।।
ਲੋਭੁ ਮੋਹੁ ਸਭੁ ਕੀਨੋ ਦੂਰਿ ।। ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ।। ੧।।
ਐਸੋ ਤਿਆਗੀ ਵਿਰਲਾ ਕੋਇ ।।
ਹਰਿ ਹਰਿ ਨਾਮੁ ਜਪੈ ਜਨੁ ਸੋਇ ।। ੧।। ਰਹਾਉ।।
(ਭੈਰਉ ਮ: ੫, ਆ. ਗ੍ਰੰ. ਪੰਨਾ ੧੧੪੭)

੧੩. ਐਸੇ ਜਨ ਵਿਰਲਾ ਸੰਸਾਰੇ ।। ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ।।
ਆਪਿ ਤਰਹਿ ਸੰਗਤਿ ਕੁਲ ਤਾਰਹਿ
ਤਿਨ ਸਫਲ ਜਨਮੁ ਜਗਿ ਆਇਆ।। ੧੧।।
(ਮਾਰੂ ਮ: ੧ ਸੋਲਹੇ, ਆ. ਗ੍ਰੰ. ਪੰਨਾ ੧੦੩੯)

੧੪. ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ।।
ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ।। ੨੪।।
(ਸਲੋਕ ਮ: ੯, ਆ. ਗ੍ਰੰ. ਪੰਨਾ ੧੪੨੭)

੧੫. ਸਭੇ ਗਲਾ ਜਾਤੀਆ ਸੁਣਿ ਕੈ ਚੁਪ ਕੀਆ ।।
ਕਦ ਹੀ ਸੁਰਤਿ ਨ ਲਧੀਆ ਮਾਇਆ ਮੋਹੜਿਆ।। ੧।।

ਦੇਇ ਬੁਝਾਰਤ ਸਾਰਤਾ ਸੇ ਅਖੀ ਡਿਠੜਿਆ ॥
ਕੋਈ ਜਿ ਮੂਰਖੁ ਲੋਭੀਆ ਮੂਲਿ ਨ ਸੁਣੀ ਕਹਿਆ॥ ੨॥
ਇਕਸੁ ਦੁਹੁ ਚਹੁ ਕਿਆ ਗਣੀ ਸਭ ਇਕਤੁ ਸਾਦਿ ਮੁਠੀ॥
ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ॥ ੩॥

(ਗਉੜੀ ਮ: ੫, ਆ. ਗ੍ਰੰ. ਪੰਨਾ ੨੧੭)

੧੬. ਭਗਤ ਸਚੇ ਦਰਿ ਸੋਹਦੇ ਅਨਦ ਕਰਹਿ ਦਿਨ ਰਾਤਿ ॥
ਰੰਗਿ ਰਤੇ ਪਰਮੇਸਰੈ ਜਨ ਨਾਨਕ ਤਿਨ ਬਲਿ ਜਾਤ ॥੪॥੧॥੧੬੯॥

(ਗਉੜੀ ਮ: ੫, ਆ. ਗ੍ਰੰ. ਪੰਨਾ ੨੧੮)

੧੭. ਮਨ ਰੇ ਅਹਿਨਿਸਿ ਹਰਿ ਗੁਣ ਸਾਰਿ॥
ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ॥੧॥ਰਹਾਉ॥

(ਸ੍ਰੀ ਰਾਗੁ ਮ: ੧, ਆ. ਗ੍ਰੰ. ਪੰਨਾ ੨੧)

੧੮. ਸਚੁ ਸਦਾ ਹੈ ਨਿਰਮਲਾ ਭਾਈ ਨਿਰਮਲ ਸਾਚੇ ਸੋਇ ॥
ਨਦਰਿ ਕਰੇ ਜਿਸੁ ਆਪਣੀ ਭਾਈ ਤਿਸੁ ਪਰਾਪਤਿ ਹੋਇ ॥
ਕੋਟਿ ਮਧੇ ਜਨੁ ਪਾਈਐ ਭਾਈ ਵਿਰਲਾ ਕੋਈ ਕੋਇ ॥
ਨਾਨਕ ਰਤਾ ਸਚਿ ਨਾਮਿ ਭਾਈ
ਸੁਣਿ ਮਨੁ ਤਨੁ ਨਿਰਮਲੁ ਹੋਇ॥੪॥੨॥

(ਸੋਰਠਿ ਮ: ੫, ਆ. ਗ੍ਰੰ. ਪੰਨਾ ੬੦੯)

੧੯. ਬਹੁ ਬਿਧਿ ਮਾਇਆ ਮੋਹ ਹਿਰਾਨੋ॥
ਕੋਟਿ ਮਧੇ ਕੋਊ ਬਿਰਲਾ ਸੇਵਕੁ ਪੂਰਨ ਭਗਤੁ ਚਿਰਾਨੋ॥ ੧॥ ਰਹਾਉ॥

(ਮਲਾਰ ਮ: ੫, ਆ. ਗ੍ਰੰ. ਪੰਨਾ ੧੨੬੯)

੨੦. ਇਕਿ ਪਾਧੇ ਪੰਡਿਤ ਮਿਸਰ ਕਹਾਵਹਿ॥
ਦੁਬਿਧਾ ਰਾਤੇ ਮਹਲੁ ਨ ਪਾਵਹਿ॥
ਜਿਸੁ ਗੁਰ ਪਰਸਾਦੀ ਨਾਮੁ ਅਧਾਰੁ ॥
ਕੋਟਿ ਮਧੇ ਕੋ ਜਨੁ ਆਪਾਰੁ ॥ ੭॥

(ਰਾਮਕਲੀ ਮ: ੧, ਆ. ਗ੍ਰੰ. ਪੰਨਾ ੯੦੪)

੨੧. ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥
ਵਿਰਲੇ ਕੇਈ ਪਾਈਅਨਿ੍ ਜਿਨ੍ਾ ਪਿਆਰੇ ਨੇਹ॥ ੨॥

(ਸਲੋਕ ਫਰੀਦ ਰਾਮਕਲੀ ਵਾਰ ਮ: ੫, ਆ. ਗ੍ਰੰ. ਪੰਨਾ ੯੬੬)

੨੨. ਮੁਆ ਜੀਵੰਦਾ ਪੇਖੁ ਜੀਵੰਦੇ ਮਰਿ ਜਾਨਿ ॥
ਜਿਨ੍ਾ ਮੁਹਬਤਿ ਇਕ ਸਿਉ ਤੇ ਮਾਣਸ ਪਰਧਾਨ ॥ ੨॥

(ਮਾਰੂ ਵਾਰ ਡਖਣੇ ਮ: ੫, ਆ. ਗ੍ਰੰ. ਪੰਨਾ ੧੧੦੨)


www.sikhbookclub.com

੨੩. ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ।।
ਵਡਭਾਗੀ ਹਰਿ ਨਾਮੁ ਧਿਆਇਆ ।।
ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ।।੧।।
(ਮਾਝ ਮ: ੪, ਆ. ਗ੍ਰੰ. ਪੰਨਾ ੯੪)

੨੪. ਪੁੰਨ ਦਾਨ ਚੰਗਿਆਈਆ ਕਰ ਕਰ ਕਰਤਬ ਥਿਰ ਨ ਰਹੰਦੇ।।
ਰਾਜੇ ਪਰਜੇ ਹੋਇਕੈ ਕਰ ਕਰ ਵਾਦ ਨ ਪਾਰ ਪਵੰਦੇ।।
ਗੁਰਸਿੱਖ ਸੁਣ ਗੁਰ ਸਿੱਖ ਹੋਇ ਸਾਧ ਸੰਗਤ ਕਰ ਮੇਲ ਮਿਲੰਦੇ।।
ਗੁਰਮਤਿ ਚਲਦੇ ਵਿਰਲੇ ਬੰਦੇ ।।
(ਵਾਰਾਂ ਭਾਈ ਗੁਰਦਾਸ ਜੀ)

੨੫. ਗੁਰੁ ਚੇਲਾ ਚੇਲਾ ਗੁਰੂ ਗੁਰੁ ਸਿੱਖ ਸੁਣ ਗੁਰ ਸਿੱਖ ਸਦਾਵੈ ।।
ਇਕ ਮਨ ਇਕ ਅਰਾਧਣਾ ਬਾਹਰਿ ਜਾਂਦਾ ਵਰਜ ਰਹਾਵੈ ।।
ਹੁਕਮੀ ਬੰਦਾ ਹੋਇਕੈ ਖਸਮੈ ਦਾ ਭਾਣਾ ਤਿਸ ਭਾਵੈ ।।
ਮੁਰਦਾ ਹੋਇ ਮੁਰੀਦ ਸੋਇ ਕੋ ਵਿਰਲਾ ਗੁਰੁ ਗੋਰਿ ਸਮਾਵੈ ।।
ਪੈਰੀਂ ਪੈ ਪਾਖਾਕ ਹੋਇ ਪੈਰਾਂ ਉੱਪਰ ਸੀਸ ਧਰਾਵੈ ।।
ਆਪ ਗਵਾਏ ਆਪ ਖੁਇ ਦੂਜਾ ਭਾਉ ਨ ਨਦਰੀ ਆਵੈ।।
ਗੁਰੁ ਸਿੱਖੀ ਗੁਰ ਸਿੱਖ ਕਮਾਵੈ ।।੧੬।। (ਵਾਰਾਂ ਭਾਈ ਗੁਰਦਾਸ ਜੀ)

SIKHBOOKCLUB.COM

੨੬. ਤੇ ਵਿਰਲੇ ਸੈਂਸਾਰ ਵਿੱਚ ਦਰਸ਼ਨ ਜੋਤਿ ਪਤੰਗ ਮਿਲੰਦੇ ।।
ਤੇ ਵਿਰਲੇ ਸੈਂਸਾਰ ਵਿੱਚ ਸਬਦ ਸੁਰਤਿ ਹੋਇ ਮਿਰਗ ਮਰੰਦੇ।।
ਤੇ ਵਿਰਲੇ ਸੈਂਸਾਰ ਵਿੱਚ ਚਰਣ ਕਵਲ ਹੁਇ ਭਵਰ ਵਸੰਦੇ ।।
ਤੇ ਵਿਰਲੇ ਸੈਂਸਾਰ ਵਿੱਚ ਪਿਰਮ ਸਨੇਹੀ ਮੀਨ ਤਰੰਦੇ ।।
ਤੇ ਵਿਰਲੇ ਸੈਂਸਾਰ ਵਿੱਚ ਗੁਰੁ ਸਿੱਖ ਗੁਰੁ ਸਿੱਖ ਸੇਵ ਕਰੰਦੇ ।।
ਭੈ ਵਿਚਿ ਜੰਮਣ ਭੈ ਰਚਣ ਭੈ ਵਿੱਚ ਮਰ ਗੁਰ ਸਿੱਖ ਜੀਵੰਦੇ।।
ਗੁਰਮੁਖ ਸੁਖ ਫਲ ਪਿਰਮ ਚਖੰਦੇ ।।੧੭।। (ਵਾਰਾਂ ਭਾਈ ਗੁਰਦਾਸ ਜੀ)

੨੭. ਗੁਰਮੁਖ ਪੰਥ ਸੁਹੇਲੜਾ ਮਨਮੁਖ ਬਾਰਹ ਵਾਟ ਫਿਰੰਦੇ ।।
ਗੁਰਮੁਖ ਪਾਰ ਲੰਘਾਇਦਾ ਮਨਮੁਖ ਭਵਜਲ ਵਿਚ ਡੁਬੰਦੇ ।।
ਗੁਰਮੁਖ ਜੀਵਨ ਮੁਕਤ ਕਰ ਮਨਮੁਖ ਫਿਰ ਫਿਰ ਜਨਮ ਮਰੰਦੇ ।।
ਗੁਰਮੁਖ ਸੁਖ ਫਲ ਪਾਇੰਦੇ ਮਨਮੁਖ ਦੁਖ ਫਲ ਦੁੱਖ ਲਹੰਦੇ ।।
ਗੁਰਮੁਖ ਦਰਗਹਿ ਸੁਰਖਰੂ ਮਨਮੁਖ ਜਮ ਪੁਰ ਡੰਡ ਸਹੰਦੇ ।।
ਗੁਰਮੁਖ ਆਪ ਗਵਾਇਆ ਮਨਮੁਖ ਹਉਮੈ ਅਗਨਿ ਜਲੰਦੇ ।।
ਬੰਦੀ ਅੰਦਰ ਵਿਰਲੇ ਬੰਦੇ ।।੧੫।। (ਵਾਰਾਂ ਭਾਈ ਗੁਰਦਾਸ ਜੀ)

# ਕਰਮ ਫਲ

## ਸ਼ਬਦ ਨੰ: ੫੨

ਸਤਿਗੁਰ ਪੁਰਖ ਅਗੰਮ ਹੈ ਨਿਰਵੈਰ ਨਿਰਾਲਾ ।।
ਜਾਣਹੁ ਧਰਤੀ ਧਰਮ ਕੀ ਸੱਚੀ ਧਰਮਸਾਲਾ ।।
ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮਾਲਾ ।।
ਜਿਉਂ ਕਰ ਨਿਰਮਲ ਆਰਸੀ ਜਗ ਵੇਖਣ ਵਾਲਾ ।।
ਜੇਹਾ ਮੁਹ ਕਰ ਭਾਲੀਐ ਤੇਹੋ ਵੇਖਾਲਾ ।।
ਸੇਵਕ ਦਰਗਹਿ ਸੁਰਖਰੂ ਵੇਮੁਖ ਮੁਹ ਕਾਲਾ ।। ੧ ।।
(ਵਾਰਾਂ ਭਾਈ ਗੁਰਦਾਸ ਜੀ)

## ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮਾਲਾ

੧. ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ।।
ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ।। ੩।।
(ਆਸਾ ਮ: ੫, ਆ. ਗ੍ਰੰ. ਪੰਨਾ ੪੦੬)

SIKHBOOKCLUB.COM

੨. ਚੋਰੁ ਸੁਆਲਿਉ ਚੋਰੁ ਸਿਆਣਾ ।। ਖੋਟੇ ਕਾ ਮੁਲੁ ਏਕੁ ਦੁਗਾਣਾ ।।
ਜੇ ਸਾਥਿ ਰਖੀਐ ਦੀਜੈ ਰਲਾਇ।। ਜਾ ਪਰਖੀਐ ਖੋਟਾ ਹੋਇ ਜਾਇ।। ੨।।
ਜੈਸਾ ਕਰੇ ਸੁ ਤੈਸਾ ਪਾਵੈ ।। ਆਪਿ ਬੀਜਿ ਆਪੇ ਹੀ ਖਾਵੈ ।।
(ਧਨਾਸਰੀ ਮ: ੧, ਆ. ਗ੍ਰੰ. ਪੰਨਾ ੬੬੨)

੩. ਵਿਣੁ ਕਰਮਾ ਹਰਿ ਜੀਉ ਨ ਪਾਈਐ ਬਿਨੁ ਸਤਿਗੁਰ ਮਨੂਆ ਨ ਲਗੈ।।
ਧਰਮੁ ਧੀਰਾ ਕਲਿ ਅੰਦਰੇ ਇਹੁ ਪਾਪੀ ਮੂਲਿ ਨ ਤਗੈ।।
ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਇਕ ਘੜੀ ਮੁਹਤੁ ਨ ਲਗੈ।।
(ਮਾਰੂ ਵਾਰ ਡਖਣੇ ਮ: ੫, ਆ. ਗ੍ਰੰ. ਪੰਨਾ ੧੦੯੮)

੪. ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ।।
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ।।
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ।।
(ਬਾਰਹਮਾਹਾ ਮਾਂਝ ਮ: ੫, ਆ. ਗ੍ਰੰ. ਪੰਨਾ ੧੩੪)

੫. ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ।।
ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ।।
ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ।।

(ਆਸਾ ਛੰਤ ਮ: ੪, ਆ. ਗ੍ਰੰ. ਪੰਨਾ ੪੫੦)

੬. ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ।।
ਕਹੁ ਨਾਨਕ ਭਗਤ ਸੋਹਹਿ ਦਰਵਾਰੇ
ਮਨਮੁਖ ਸਦਾ ਭਵਾਤਿ ।।੫।।੧।।੪।।

(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੭੮)

੭. ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ।।
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ।।
ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ।।
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।।੧।।

(ਆਸਾ ਦੀ ਵਾਰ ਵਿਚੋਂ, ਆ. ਗ੍ਰੰ. ਪੰਨਾ ੪੭੨)

੮. ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ।।
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ।।

(ਮਾਝ ਕੀ ਵਾਰ ਮ: ੫, ਆ. ਗ੍ਰੰ. ਪੰਨਾ ੧੩੮)

੯. ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ।।
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।।੨੧।।

(ਆਸਾ ਮ: ੧, ਪੱਟੀ, ਆ. ਗ੍ਰੰ. ਪੰਨਾ ੪੩੩)

੧੦. ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ।।
ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ।।
ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ।।
ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ।।੯੮।।

(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੮੩)

੧੧. ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ।।
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ।।੬।।

(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੭੮ )

੧੨. ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ।।
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ।।੫੯।।

(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੮੧)

 www.sikhbookclub.com

੧੩. ਐਥੈ ਨਾਵਹੁ ਭੁਲਿਆ ਫਿਰਿ ਹਥੁ ਕਿਥਾਊ ਨ ਪਾਇ॥
ਜੋਨੀ ਸਭਿ ਭਵਾਈਅਨਿ ਬਿਸਟਾ ਮਾਹਿ ਸਮਾਇ॥ ੨॥
(ਮਾਰੂ ਮ: ੩, ਆ. ਗ੍ਰੰ. ਪੰਨਾ ੯੯੪)

੧੪. ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ॥
ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ॥ ੪੯॥
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੮੦)

੧੫. ਹਉਮੈ ਵਿਚਿ ਜਗਤੁ ਮੁਆ ਮਰਦੋ ਮਰਦਾ ਜਾਇ॥
ਜਿਚਰੁ ਵਿਚਿ ਦੰਮੁ ਹੈ ਤਿਚਰੁ ਨ ਚੇਤਈ ਕਿ ਕਰੇਗੁ ਅਗੈ ਜਾਇ॥
ਗਿਆਨੀ ਹੋਇ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ॥
ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ॥ ੧॥
(ਬਿਹਾਗੜੇ ਕੀ ਵਾਰ ਮ: ੩, ਆ. ਗ੍ਰੰ. ਪੰਨਾ ੫੫੬)

੧੬. ਸਾਕਤ ਕਉ ਦਿਨੁ ਰੈਨਿ ਅੰਧਾਰੀ ਮੋਹਿ ਫਾਥੇ ਮਾਇਆ ਜਾਲ॥
ਖਿਨੁ ਪਲੁ ਹਰਿ ਪ੍ਰਭੁ ਰਿਦੈ ਨ ਵਸਿਓ ਰਿਨਿ ਬਾਧੇ ਬਹੁ ਬਿਧਿ ਬਾਲ॥ ੨॥
(ਪ੍ਰਭਾਤੀ ਮ: ੪, ਆ. ਗ੍ਰੰ. ਪੰਨਾ ੧੩੩੫)

SIKHBOOKCLUB.COM

੧੭. ਸਾਚੀ ਸੁਰਤਿ ਨਾਮਿ ਨਹੀ ਤ੍ਰਿਪਤੇ ਹਉਮੈ ਕਰਤ ਗਵਾਇਆ॥
ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ॥
ਸਬਦੁ ਚੀਨਿ ਭੈ ਕਪਟ ਨ ਛੂਟੇ ਮਨਿ ਮੁਖਿ ਮਾਇਆ ਮਾਇਆ॥
ਅਜਗਰਿ ਭਾਰਿ ਲਦੇ ਅਤਿ ਭਾਰੀ ਮਰਿ ਜਨਮੇ ਜਨਮੁ ਗਵਾਇਆ॥ ੧॥
(ਮਲਾਰ ਮ: ੧, ਆ. ਗ੍ਰੰ. ਪੰਨਾ ੧੨੫੪)

੧੮. ਜਿਨ੍ਹੀ ਨਾਮੁ ਵਿਸਾਰਿਆ ਕਿਆ ਜਪੁ ਜਾਪਹਿ ਹੋਰਿ॥
ਬਿਸਟਾ ਅੰਦਰਿ ਕੀਟ ਸੇ ਮੁਠੇ ਧੰਧੈ ਚੋਰਿ॥
ਨਾਨਕ ਨਾਮੁ ਨ ਵੀਸਰੈ ਝੂਠੇ ਲਾਲਚ ਹੋਰਿ॥ ੨॥
(ਮਹਲਾ ੩, ਸਾਰੰਗ ਕੀ ਵਾਰ, ਆ. ਗ੍ਰੰ. ਪੰਨਾ ੧੨੪੭)


www.sikhbookclub.com

# ਅਰਦਾਸ

## ਸ਼ਬਦ ਨੰ: ੫੩

ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ॥ ਅਰਦਾਸਿ ਕਰੀ ਗੁਰ ਪੂਰੇ ਆਗੈ ਰਖਿ ਲੇਵਹੁ ਦੇਹੁ ਵਡਾਈ ਰਾਮ॥ ਰਖਿ ਲੇਵਹੁ ਸਰਣਾਈ ਹਰਿ ਨਾਮੁ ਵਡਾਈ ਤੁਧੁ ਜੇਵਡੁ ਅਵਰੁ ਨ ਦਾਤਾ॥ ਸੇਵਾ ਲਾਗੇ ਸੇ ਵਡਭਾਗੇ ਜੁਗਿ ਜੁਗਿ ਏਕੋ ਜਾਤਾ॥ ਜਤੁ ਸਤੁ ਸੰਜਮੁ ਕਰਮ ਕਮਾਵੈ ਬਿਨੁ ਗੁਰ ਗਤਿ ਨਹੀ ਪਾਈ॥ ਨਾਨਕ ਤਿਸ ਨੋ ਸਬਦੁ ਬੁਝਾਏ ਜੋ ਜਾਇ ਪਵੈ ਹਰਿ ਸਰਣਾਈ ॥੩॥

(ਵਡਹੰਸੁ ਮ: ੩ ਛੰਤ, ਆ. ਗ੍ਰੰ. ਪੰਨਾ ੫੭੧)

ਤੁਧੁ ਚਿਤਿ ਆਏ ਮਹਾ ਅਨੰਦਾ ਜਿਸੁ ਵਿਸਰਹਿ ਸੋ ਮਰਿ ਜਾਏ॥ ਦਇਆਲੁ ਹੋਵਹਿ ਜਿਸੁ ਊਪਰਿ ਕਰਤੇ ਸੋ ਤੁਧੁ ਸਦਾ ਧਿਆਏ॥ ੧॥ ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ॥ ਅਰਦਾਸਿ ਕਰੀ ਪ੍ਰਭ ਅਪਨੇ ਆਗੈ ਸੁਣਿ ਸੁਣਿ ਜੀਵਾ ਤੇਰੀ ਬਾਣੀ॥ ੧॥ ਰਹਾਉ॥ ਚਰਣ ਧੂੜਿ ਤੇਰੇ ਜਨ ਕੀ ਹੋਵਾ ਤੇਰੇ ਦਰਸਨ ਕਉ ਬਲਿ ਜਾਈ॥ ਅੰਮ੍ਰਿਤ ਬਚਨ ਰਿਦੈ ਉਰਿ ਧਾਰੀ ਤਉ ਕਿਰਪਾ ਤੇ ਸੰਗੁ ਪਾਈ॥ ੨॥ ਅੰਤਰ ਕੀ ਗਤਿ ਤੁਧੁ ਪਹਿ ਸਾਰੀ ਤੁਧੁ ਜੇਵਡੁ ਅਵਰੁ ਨ ਕੋਈ॥ ਜਿਸ ਨੋ ਲਾਇ ਲੈਹਿ ਸੋ ਲਾਗੈ ਭਗਤੁ ਤੁਹਾਰਾ ਸੋਈ॥ ੩॥ ਦੁਇ ਕਰ ਜੋੜਿ ਮਾਗਉ ਇਕੁ ਦਾਨਾ ਸਾਹਿਬਿ ਤੁਠੈ ਪਾਵਾ॥ ਸਾਸਿ ਸਾਸਿ ਨਾਨਕੁ ਆਰਾਧੇ ਆਠ ਪਹਰ ਗੁਣ ਗਾਵਾ॥ ੪॥ ੯॥ ੫੬॥ (ਸੂਹੀ ਮ: ੫, ਆ. ਗ੍ਰੰ. ਪੰਨਾ ੭੪੯)

## ਅਰਦਾਸਿ ਕਰੀ ਗੁਰ ਪੂਰੇ ਆਗੈ

੧. ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ ॥
ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ
ਮੇਰਾ ਦੁਖੁ ਸੁਖੁ ਤੁਝ ਹੀ ਪਾਸਿ॥ ੨॥ (ਸੂਹੀ ਮ: ੪, ਆ. ਗ੍ਰੰ. ਪੰਨਾ ੭੩੫)

੨. ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥
ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ॥ ੮॥ ੧॥ ੩॥
(ਸੂਹੀ ਮ: ੧, ਆ. ਗ੍ਰੰ. ਪੰਨਾ ੭੫੨)


www.sikhbookclub.com

੩. ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ ॥
ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ ॥
ਦੁਖ ਹਰਨ ਕਿਰਪਾ ਕਰਨ ਮੋਹਨ ਕਲਿ ਕਲੇਸਹ ਭੰਜਨਾ॥
ਸਰਨਿ ਤੇਰੀ ਰਖਿ ਲੇਹੁ ਮੇਰੀ ਸਰਬ ਮੈ ਨਿਰੰਜਨਾ॥
ਸੁਨਤ ਪੇਖਤ ਸੰਗਿ ਸਭ ਕੈ ਪ੍ਰਭ ਨੇਰਹੂ ਤੇ ਨੇਰੇ॥
ਅਰਦਾਸਿ ਨਾਨਕ ਸੁਨਿ ਸੁਆਮੀ ਰਖਿ ਲੇਹੁ ਘਰ ਕੇ ਚੇਰੇ॥੧॥
(ਬਿਹਾਗੜਾ ਮ: ੪, ਆ. ਗ੍ਰੰ. ਪੰਨਾ ੫੪੭)

੪. ਗੁਰੁ ਗੁਰੁ ਜਪੀ ਗੁਰੂ ਗੁਰੁ ਧਿਆਈ॥
ਜੀਅ ਕੀ ਅਰਦਾਸਿ ਗੁਰੂ ਪਹਿ ਪਾਈ॥ ਰਹਾਉ॥
(ਆਸਾ ਮ: ੫, ਆ. ਗ੍ਰੰ. ਪੰਨਾ ੩੯੬)

੫. ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥
ਕਹੁ ਨਾਨਕ ਸਭ ਤੇਰੀ ਵਡਿਆਈ
ਕੋਈ ਨਾਉ ਨ ਜਾਣੈ ਮੇਰਾ॥੪॥੧੦॥੪੯॥
(ਆਸਾ ਮ: ੫, ਆ. ਗ੍ਰੰ. ਪੰਨਾ ੩੮੩)

੬. ਇਕ ਅਰਦਾਸਿ ਭਾਟ ਕੀਰਤਿ ਕੀ
ਗੁਰ ਰਾਮਦਾਸ ਰਾਖਹੁ ਸਰਣਾਈ॥੪॥੫੮॥
(ਸਵੈਯੇ ਮ: ੪, ਆ. ਗ੍ਰੰ. ਪੰਨਾ ੧੪੦੬)

੭. ਜੇਤਾ ਦੇਹਿ ਤੇਤਾ ਹਉ ਖਾਉ॥ ਬਿਆ ਦਰੁ ਨਾਹੀ ਕੈ ਦਰਿ ਜਾਉ॥
ਨਾਨਕੁ ਏਕ ਕਹੈ ਅਰਦਾਸਿ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥
(ਸ੍ਰੀ ਰਾਗੁ ਮ: ੧, ਆ. ਗ੍ਰੰ. ਪੰਨਾ ੨੫)

੮. ਤੂ ਠਾਕੁਰੁ ਤੁਮ ਪਹਿ ਅਰਦਾਸਿ॥ ਜੀਉ ਪਿੰਡੁ ਸਭੁ ਤੇਰੀ ਰਾਸਿ ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੬੮)

੯. ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ ॥
ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥੪॥੧॥
(ਵਡਹੰਸੁ ਮ: ੧, ਆ. ਗ੍ਰੰ. ਪੰਨਾ ੫੫੭)

੧੦. ਕਰਿ ਕਿਰਪਾ ਗੋਬਿੰਦ ਪ੍ਰਭ ਪ੍ਰੀਤਮ ਦੀਨਾ ਨਾਥ ਸੁਨਹੁ ਅਰਦਾਸਿ॥
ਕਰੁ ਗਹਿ ਲੇਹੁ ਨਾਨਕ ਕੇ ਸੁਆਮੀ
ਜੀਉ ਪਿੰਡੁ ਸਭੁ ਤੁਮਰੀ ਰਾਸਿ ॥੨॥੩॥੧੨੦॥
(ਗਉੜੀ ਮ: ੫, ਆ. ਗ੍ਰੰ. ਪੰਨਾ ੨੦੪)


www.sikhbookclub.com

੧੧. ਦੂਰਿ ਨ ਹੋਈ ਕਤਹੂ ਜਾਈਐ।। ਨਦਰਿ ਕਰੇ ਤਾ ਹਰਿ ਹਰਿ ਪਾਈਐ।।
ਅਰਦਾਸਿ ਕਰੀ ਪੂਰੇ ਗੁਰ ਪਾਸਿ।।
ਨਾਨਕੁ ਮੰਗੈ ਹਰਿ ਧਨੁ ਰਾਸਿ ।।੪।।੫।।੯੯।।

(ਆਸਾ ਮ: ੫, ਆ. ਗ੍ਰੰ. ਪੰਨਾ ੩੯੫)

੧੨. ਨਾਨਕੁ ਏਕ ਕਹੈ ਅਰਦਾਸਿ।। ਜੀਉ ਪਿੰਡੁ ਸਭੁ ਤੇਰੈ ਪਾਸਿ।।੩।।
ਜਾਂ ਤੂੰ ਦੇਹਿ ਜਪੀ ਤੇਰਾ ਨਾਉ।। ਦਰਗਹ ਬੈਸਣ ਹੋਵੈ ਥਾਉ।।

(ਆਸਾ ਮ: ੧, ਆ. ਗ੍ਰੰ. ਪੰਨਾ ੩੫੪)

੧੩. ਤੂ ਅਥਾਹੁ ਅਪਾਰੁ ਅਤਿ ਊਚਾ ਕੋਈ ਅਵਰੁ ਨ ਤੇਰੀ ਭਾਤੇ।।
ਇਹ ਅਰਦਾਸਿ ਹਮਾਰੀ ਸੁਆਮੀ ਵਿਸਰੁ ਨਾਹੀ ਸੁਖਦਾਤੇ।।੩।।

(ਸੂਹੀ ਮ: ੫, ਆ. ਗ੍ਰੰ. ਪੰਨਾ ੭੪੭)

੧੪. ਸੁਨਹੁ ਬਿਨਉ ਪ੍ਰਭ ਮੇਰੇ ਮੀਤਾ।। ਚਰਣ ਕਮਲ ਵਸਹਿ ਮੇਰੈ ਚੀਤਾ।।੩।।
ਨਾਨਕੁ ਏਕ ਕਰੈ ਅਰਦਾਸਿ।।
ਵਿਸਰੁ ਨਾਹੀ ਪੂਰਨ ਗੁਣਤਾਸਿ।।੪।।੧੮।।੨੪।।

(ਸੂਹੀ ਮ: ੫, ਆ. ਗ੍ਰੰ. ਪੰਨਾ ੭੪੨)

## ਹਮ ਬਾਰਿਕ ਪਿਤਾ ਪ੍ਰਭੁ ਦਾਤਾ

੧. ਖੀਰ ਅਧਾਰਿ ਬਾਰਿਕੁ ਜਬ ਹੋਤਾ ਬਿਨੁ ਖੀਰੈ ਰਹਨੁ ਨ ਜਾਈ ।।
ਸਾਰਿ ਸਮ੍ਹਾਲਿ ਮਾਤਾ ਮੁਖਿ ਨੀਰੈ ਤਬ ਓਹੁ ਤ੍ਰਿਪਤਿ ਅਘਾਈ ।।੧।।
ਹਮ ਬਾਰਿਕ ਪਿਤਾ ਪ੍ਰਭੁ ਦਾਤਾ।। ਭੂਲਹਿ ਬਾਰਿਕ ਅਨਿਕ ਲਖ ਬਰੀਆ
ਅਨ ਠਉਰ ਨਾਹੀ ਜਹ ਜਾਤਾ।।੧।। ਰਹਾਉ।।
ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ ਮੇਲੈ।।
ਮਾਤਾ ਪਿਤਾ ਕੰਠਿ ਲਾਇ ਰਾਖੈ ਅਨਦ ਸਹਜਿ ਤਬ ਖੇਲੈ।।੨।।
ਜਿਸ ਕਾ ਪਿਤਾ ਤੂ ਹੈ ਮੇਰੇ ਸੁਆਮੀ ਤਿਸੁ ਬਾਰਿਕ ਭੂਖ ਕੈਸੀ।।
ਨਵ ਨਿਧਿ ਨਾਮੁ ਨਿਧਾਨੁ ਗ੍ਰਿਹਿ ਤੇਰੈ ਮਨਿ ਬਾਂਛੈ ਸੋ ਲੈਸੀ।।੩।।
ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ ਬਾਰਿਕੁ ਮੁਖਿ ਮਾਂਗੈ ਸੋ ਦੇਨਾ।।
ਨਾਨਕ ਬਾਰਿਕੁ ਦਰਸੁ ਪ੍ਰਭ ਚਾਹੈ
ਮੋਹਿ ਹ੍ਰਿਦੈ ਬਸਹਿ ਨਿਤ ਚਰਨਾ।।੪।।੨।।

(ਮਲਾਰ ਮ: ੫, ਆ. ਗ੍ਰੰ. ਪੰਨਾ ੧੨੬੬)


www.sikhbookclub.com

੨. ਪਿਤਾ ਹਮਾਰੋ ਵਡ ਗੋਸਾਈ।। ਤਿਸੁ ਪਿਤਾ ਪਹਿ ਹਉ ਕਿਉ ਕਰਿ ਜਾਈ।।
ਸਤਿਗੁਰ ਮਿਲੇ ਤ ਮਾਰਗੁ ਦਿਖਾਇਆ।।
ਜਗਤ ਪਿਤਾ ਮੇਰੈ ਮਨਿ ਭਾਇਆ।। ੩।।
ਹਉ ਪੂਤੁ ਤੇਰਾ ਤੂੰ ਬਾਪੁ ਮੇਰਾ।। ਏਕੈ ਠਾਹਰ ਦੁਹਾ ਬਸੇਰਾ।।
(ਆਸਾ ਕਬੀਰ ਜੀ, ਆ. ਗ੍ਰੰ. ਪੰਨਾ ੪੭੬)

੩. ਸਦਾ ਸਦਾ ਹਮ ਛੋਹਰੇ ਤੁਮਰੇ ਤੂ ਪ੍ਰਭ ਹਮਰੋ ਮੀਰਾ।।
ਨਾਨਕ ਬਾਰਿਕ ਤੁਮ ਮਾਤ ਪਿਤਾ
ਮੁਖਿ ਨਾਮੁ ਤੁਮਾਰੋ ਖੀਰਾ।। ੪।। ੩।। ੫।।
(ਟੋਡੀ ਮ: ੫, ਆ. ਗ੍ਰੰ. ਪੰਨਾ ੭੧੩)

੪. ਹਮ ਬਾਰਿਕ ਤੁਮ ਪਿਤਾ ਹਮਾਰੇ ਤੁਮ ਮੁਖਿ ਦੇਵਹੁ ਖੀਰਾ।।
ਹਮ ਖੇਲਹ ਸਭਿ ਲਾਡ ਲਡਾਵਹ ਤੁਮ ਸਦ ਗੁਣੀ ਗਹੀਰਾ।। ੩।।
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੮੪)

੫. ਦਇਆ ਦਇਆ ਕਰਿ ਰਾਖਹੁ ਹਰਿ ਜੀਉ ਹਮ ਦੀਨ ਤੇਰੀ ਸਰਣਾਇ।।
ਹਮ ਬਾਰਿਕ ਤੁਮ ਪਿਤਾ ਪ੍ਰਭ ਮੇਰੇ
ਜਨ ਨਾਨਕ ਬਖਸਿ ਮਿਲਾਇ।। ੫।। ੨।।
(ਰਾਮਕਲੀ ਮ: ੪, ਆ. ਗ੍ਰੰ. ਪੰਨਾ ੮੮੧)

੬. ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ।।
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ।।
ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ।।
ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ।।
ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ।।
ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ।।
ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ।।
ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ।। ੨੧।।
(ਮਾਰੂ ਵਾਰ ਡਖਣੇ ਮ: ੫, ਆ. ਗ੍ਰੰ. ਪੰਨਾ ੧੧੦੧)


www.sikhbookclub.com

੭. ਹਮ ਬਾਰਿਕ ਹਰਿ ਪਿਤਾ ਪ੍ਰਭ ਮੇਰੇ
ਮੋ ਕਉ ਦੇਹੁ ਮਤੀ ਜਿਤੁ ਹਰਿ ਪਾਵੀਐ ਰੇ॥
ਜਿਉ ਬਛਰਾ ਦੇਖਿ ਗਊ ਸੁਖੁ ਮਾਨੈ
ਤਿਉ ਨਾਨਕ ਹਰਿ ਗਲਿ ਲਾਵੀਐ ਰੇ॥ ੪॥ ੧॥

(ਕੇਦਾਰਾ ਮ: ੪, ਆ. ਗ੍ਰੰ. ਪੰਨਾ ੧੧੧੮)

੮. ਹਮ ਬਾਰਿਕ ਪ੍ਰਤਿਪਾਰੇ ਤੁਮਰੇ
ਤੂ ਬਡ ਪੁਰਖੁ ਪਿਤਾ ਮੇਰਾ ਮਾਇਆ॥ ੧॥ ਰਹਾਉ॥

(ਕਲਿਆਨ ਮ: ੪, ਆ. ਗ੍ਰੰ. ਪੰਨਾ ੧੩੧੯)

੯. ਹਮ ਬਾਰਿਕ ਗੁਰ ਅਗਮ ਗੁਸਾਈ ਗੁਰ ਕਰਿ ਕਿਰਪਾ ਪ੍ਰਤਿਪਾਲ॥
ਬਿਖੁ ਭਉਜਲ ਡੁਬਦੇ ਕਾਢਿ ਲੇਹੁ
ਪ੍ਰਭ ਗੁਰ ਨਾਨਕ ਬਾਲ ਗੁਪਾਲ॥ ੪॥ ੨॥

(ਪ੍ਰਭਾਤੀ ਮ: ੪, ਆ. ਗ੍ਰੰ. ਪੰਨਾ ੧੩੩੫)

੧੦. ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ॥
ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ॥ ੧॥
ਸੁਹੇਲਾ ਕਹਨੁ ਕਹਾਵਨੁ॥ ਤੇਰਾ ਬਿਖਮੁ ਭਾਵਨੁ॥ ੧॥ ਰਹਾਉ॥
ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ॥
ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ॥ ੨॥

(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੫੧)

੧੧. ਸੁਤੁ ਅਪਰਾਧ ਕਰਤ ਹੈ ਜੇਤੇ॥ ਜਨਨੀ ਚੀਤਿ ਨ ਰਾਖਸਿ ਤੇਤੇ॥ ੧॥
ਰਾਮਈਆ ਹਉ ਬਾਰਿਕੁ ਤੇਰਾ॥
ਕਾਹੇ ਨ ਖੰਡਸਿ ਅਵਗਨੁ ਮੇਰਾ॥ ੧॥ ਰਹਾਉ॥

(ਆਸਾ ਕਬੀਰ ਜੀ), ਆ. ਗ੍ਰੰ. ਪੰਨਾ ੪੭੮

੧੨. ਹਮ ਬਾਰਿਕ ਤਉ ਸਰਣਾਈ॥ ਪ੍ਰਭਿ ਆਪੇ ਪੈਜ ਰਖਾਈ॥ ੧॥
ਮੇਰਾ ਮਾਤ ਪਿਤਾ ਹਰਿ ਰਾਇਆ॥
ਕਰਿ ਕਿਰਪਾ ਪ੍ਰਤਿਪਾਲਣ ਲਾਗਾ ਕਰੀਂ ਤੇਰਾ ਕਰਾਇਆ॥ ਰਹਾਉ॥

(ਸੋਰਠਿ ਮ: ੫, ਆ. ਗ੍ਰੰ. ਪੰਨਾ ੬੨੬)

੧੩. ਹਮਰੇ ਪਿਤਾ ਗੋਪਾਲ ਦਇਆਲ॥
ਜਿਉ ਰਾਖੈ ਮਹਤਾਰੀ ਬਾਰਿਕ ਕਉ ਤੈਸੇ ਹੀ ਪ੍ਰਭ ਪਾਲ॥ ੧॥ ਰਹਾਉ॥

(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੮੦)


www.sikhbookclub.com

੧੪. ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ।।
ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ।।
(ਸੋਰਠਿ ਕੀ ਵਾਰ ਮ: ੩, ਆ. ਗ੍ਰੰ. ਪੰਨਾ ੬੫੩)

੧੫. ਬਿਨਸਤ ਨਾਹੀ ਛੋਡਿ ਨ ਜਾਇ ।। ਜਹ ਪੇਖਾ ਤਹ ਰਹਿਆ ਸਮਾਇ ।। ੨ ।।
ਸੁੰਦਰੁ ਸੁਘੜੁ ਚਤੁਰੁ ਜੀਅ ਦਾਤਾ ।। ਭਾਈ ਪੂਤੁ ਪਿਤਾ ਪ੍ਰਭੁ ਮਾਤਾ ।। ੩ ।।
(ਗਉੜੀ ਮ: ੫, ਆ. ਗ੍ਰੰ. ਪੰਨਾ ੨੪੦)

੧੬. ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ ।।
ਜਨੁ ਨਾਨਕੁ ਦਾਸੁ ਹਰਿ ਕਾਂਢਿਆ ਹਰਿ ਪੈਜ ਰਖਾਏ ।। ੪ ।। ੧੦ ।। ੧੭ ।।
(ਆਸਾ ਮ: ੪, ਆ. ਗ੍ਰੰ. ਪੰਨਾ ੪੫੦)

# ਸੰਸਾਰੁ ਸਮੁੰਦੇ ਤਾਰਿ ਗੋਬਿੰਦੇ

੧. ਲੋਭ ਲਹਰਿ ਅਤਿ ਨੀਝਰ ਬਾਜੈ ।। ਕਾਇਆ ਡੂਬੈ ਕੇਸਵਾ ।। ੧ ।।
ਸੰਸਾਰੁ ਸਮੁੰਦੇ ਤਾਰਿ ਗੋਬਿੰਦੇ ।। ਤਾਰਿ ਲੈ ਬਾਪ ਬੀਠੁਲਾ ।। ੧ ।। ਰਹਾਉ ।।
ਅਨਿਲ ਬੇੜਾ ਹਉ ਖੇਵਿ ਨ ਸਾਕਉ ।।
ਤੇਰਾ ਪਾਰੁ ਨ ਪਾਇਆ ਬੀਠੁਲਾ ।। ੨ ।।
ਹੋਹੁ ਦਇਆਲੁ ਸਤਿਗੁਰੁ ਮੇਲਿ ਤੂ ਮੋ ਕਉ ।। ਪਾਰਿ ਉਤਾਰੇ ਕੇਸਵਾ ।।
ਨਾਮਾ ਕਹੈ ਹਉ ਤਰਿ ਭੀ ਨ ਜਾਨਉ ।।
ਮੋ ਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ ।। ੪ ।। ੨ ।।
(ਬਸੰਤੁ ਨਾਮਦੇਵ ਜੀ, ਆ. ਗ੍ਰੰ. ਪੰਨਾ ੧੧੯੬)

੨. ਹਮ ਪਾਥਰ ਗੁਰੁ ਨਾਵ ਬਿਖੁ ਭਵਜਲੁ ਤਾਰੀਐ ਰਾਮ ।।
ਗੁਰ ਦੇਵਹੁ ਸਬਦੁ ਸੁਭਾਇ ਮੈ ਮੂੜ ਨਿਸਤਾਰੀਐ ਰਾਮ ।।
ਹਮ ਮੂੜ ਮੁਗਧ ਕਿਛੁ ਮਿਤਿ ਨਹੀ ਪਾਈ ਤੂ ਅਗੰਮੁ ਵਡ ਜਾਣਿਆ ।।
ਤੂ ਆਪਿ ਦਇਆਲੁ ਦਇਆ ਕਰਿ ਮੇਲਹਿ ਹਮ ਨਿਰਗੁਣੀ ਨਿਮਾਣਿਆ ।।
ਅਨੇਕ ਜਨਮ ਪਾਪ ਕਰਿ ਭਰਮੇ ਹੁਣਿ ਤਉ ਸਰਣਾਗਤਿ ਆਏ ।।
ਦਇਆ ਕਰਹੁ ਰਖਿ ਲੇਵਹੁ ਹਰਿ ਜੀਉ
ਹਮ ਲਾਗਹ ਸਤਿਗੁਰ ਪਾਏ ।। ੩ ।।
(ਤੁਖਾਰੀ ਛੰਤ ਮ: ੪, ਆ. ਗ੍ਰੰ. ਪੰਨਾ ੧੧੧੪)

੩. ਸੰਸਾਰ ਸਾਗਰੁ ਦੁਖਿ ਬਿਆਪਿਓ ਦਾਸ ਲੇਵਹੁ ਤਾਰਿ ॥
ਚਰਨ ਕਮਲ ਸਰਣਾਇ
ਨਾਨਕ ਸਦ ਸਦਾ ਬਲਿਹਾਰਿ ॥ ੨ ॥ ੮੪ ॥ ੧੦੭ ॥

(ਸਾਰਗ ਮ: ੫, ਆ. ਗ੍ਰੰ. ਪੰਨਾ ੧੨੨੫)

੪. ਦੀਨ ਦਯਾਲ ਪੁਰਖ ਪ੍ਰਭ ਪੂਰਨ ਛਿਨ ਛਿਨ ਸਿਮਰਹੁ ਅਗਮ ਅਪਾਰਹੁ ॥
ਸ੍ਰੀਪਤਿ ਨਾਥ ਸਰਣਿ ਨਾਨਕ ਜਨ ਹੇ ਭਗਵੰਤ ਕ੍ਰਿਪਾ ਕਰਿ ਤਾਰਹੁ ॥ ੫ ॥

(ਸਵੈਯੇ ਸ੍ਰੀ ਮੁਖਬਾਕ ਮ: ੫, ਆ. ਗ੍ਰੰ. ਪੰਨਾ ੧੩੮੮)

੫. ਆਏ ਅਨਿਕ ਜਨਮ ਭ੍ਰਮਿ ਸਰਣੀ ॥
ਉਧਰੁ ਦੇਹ ਅੰਧ ਕੂਪ ਤੇ ਲਾਵਹੁ ਅਪੁਨੀ ਚਰਣੀ ॥ ੧ ॥ ਰਹਾਉ ॥
ਗਿਆਨੁ ਧਿਆਨੁ ਕਿਛੁ ਕਰਮੁ ਨ ਜਾਨਾ ਨਾਹਿਨ ਨਿਰਮਲ ਕਰਣੀ ॥
ਸਾਧਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ ਤਰਣੀ ॥ ੧ ॥

(ਜੈਤਸਰੀ ਮ: ੫, ਆ. ਗ੍ਰੰ. ਪੰਨਾ ੭੦੨)

੬. ਕਹੁ ਨਾਨਕ ਪ੍ਰਭ ਬਿਨਉ ਸੁਨੀਜੈ ॥
ਕੁਚਲੁ ਕਠੋਰੁ ਕਾਮੀ ਮੁਕਤੁ ਕੀਜੈ ॥ ੪ ॥ (ਸੂਹੀ ਮ: ੫, ਆ. ਗ੍ਰੰ. ਪੰਨਾ ੭੩੮)

੭. ਪ੍ਰਭ ਜਨਮ ਮਰਨ ਨਿਵਾਰਿ ॥ ਹਾਰਿ ਪਰਿਓ ਦੁਆਰਿ ॥
ਗਹਿ ਚਰਨ ਸਾਧੂ ਸੰਗ ॥ ਮਨ ਮਿਸਟ ਹਰਿ ਹਰਿ ਰੰਗ ॥
ਕਰਿ ਦਇਆ ਲੇਹੁ ਲੜਿ ਲਾਇ ॥ ਨਾਨਕਾ ਨਾਮੁ ਧਿਆਇ ॥ ੧ ॥

(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੩੮)

੮. ਮੋ ਕਉ ਤਾਰਿ ਲੇ ਰਾਮਾ ਤਾਰਿ ਲੇ ॥
ਮੈ ਅਜਾਨੁ ਜਨੁ ਤਰਿਬੇ ਨ ਜਾਨਉ ਬਾਪ ਬੀਠੁਲਾ ਬਾਹ ਦੇ ॥ ੧ ॥ ਰਹਾਉ ॥

(ਗੋਂਡ ਨਾਮਦੇਵ ਜੀ, ਆ. ਗ੍ਰੰ. ਪੰਨਾ ੮੭੩)

੯. ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ ॥
ਸਨਮੁਖ ਸਿਧ ਭੇਟਣ ਕਉ ਆਏ ਨਿਹਚਉ ਦੇਹਿ ਵਡਿਆਈ ॥ ੧ ॥
ਗੁਰ ਤਾਰਿ ਤਾਰਣਹਾਰਿਆ ॥
ਦੇਹਿ ਭਗਤਿ ਪੂਰਨ ਅਵਿਨਾਸੀ
ਹਉ ਤੁਝ ਕਉ ਬਲਿਹਾਰਿਆ ॥ ੧ ॥ ਰਹਾਉ ॥

(ਰਾਮਕਲੀ ਮ: ੧, ਆ. ਗ੍ਰੰ. ਪੰਨਾ ੮੭੮)

੧੦. ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ ॥
ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ ॥ ੧ ॥

(ਬਾਵਨ ਅਖਰੀ ਮ: ੫, ਆ. ਗ੍ਰੰ. ਪੰਨਾ ੨੬੧)

੧੧. ਜਪ ਤਪ ਬਰਤ ਕੀਨੇ ਪੇਖਨ ਕਉ ਚਰਣਾ ਰਾਮ।।
ਤਪਤਿ ਨ ਕਤਹਿ ਬੁਝੈ ਬਿਨੁ ਸੁਆਮੀ ਸਰਣਾ ਰਾਮ।।
ਪ੍ਰਭ ਸਰਣਿ ਤੇਰੀ ਕਾਟਿ ਬੇਰੀ ਸੰਸਾਰੁ ਸਾਗਰੁ ਤਾਰੀਐ।।
ਅਨਾਥ ਨਿਰਗੁਨਿ ਕਛੁ ਨ ਜਾਨਾ ਮੇਰਾ ਗੁਣੁ ਅਉਗਣੁ ਨ ਬੀਚਾਰੀਐ।।
(ਬਿਹਾਗੜਾ ਮ: ੫, ਆ. ਗ੍ਰੰ. ਪੰਨਾ ੫੪੫)

੧੨. ਪਿੰਧੀ ਉਭ ਕਲੇ ਸੰਸਾਰਾ ।। ਭ੍ਰਮਿ ਭ੍ਰਮਿ ਆਏ ਤੁਮਚੇ ਦੁਆਰਾ ।।
ਤੂ ਕੁਨੁ ਰੇ।। ਮੈਜੀ।। ਨਾਮਾ।। ਹੋ ਜੀ ।।
ਆਲਾ ਤੇ ਨਿਵਾਰਣਾ ਜਮ ਕਾਰਣਾ।। ੩।। ੪।।
(ਧਨਾਸਰੀ ਨਾਮਦੇਵ ਜੀ, ਆ. ਗ੍ਰੰ. ਪੰਨਾ ੬੯੪)

੧੩. ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰਹੂ ਤੇ ਨੇਰਿਆ।।
ਬਿਨਵੰਤਿ ਨਾਨਕ ਦਇਆ ਧਾਰਹੁ ਕਾਢਿ ਭਵਜਲ ਫੇਰਿਆ।। ੧।।
(ਜੈਤਸਰੀ ਮ: ੫, ਆ. ਗ੍ਰੰ. ਪੰਨਾ ੭੦੪)

੧੪. ਤੁਝ ਬਿਨੁ ਨਾਹੀ ਕੋਇ ਬਿਨਉ ਮੋਹਿ ਸਾਰਿਆ।।
ਕਰਿ ਗਹਿ ਲੇਹੁ ਦਇਆਲ ਸਾਗਰ ਸੰਸਾਰਿਆ।। ੧੬।।
(ਜੈਤਸਰੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੭੦੯)

੧੫. ਤੇਰੇ ਜੀਅ ਤੂ ਸਦ ਹੀ ਸਾਥੀ।। ਸੰਸਾਰ ਸਾਗਰ ਤੇ ਕਢੁ ਦੇ ਹਾਥੀ।। ੨।।
ਆਵਣੁ ਜਾਣਾ ਤੁਮ ਹੀ ਕੀਆ।।
ਜਿਸੁ ਤੂ ਰਾਖਹਿ ਤਿਸੁ ਦੂਖੁ ਨ ਥੀਆ।। ੩।।
ਤੂ ਏਕੋ ਸਾਹਿਬੁ ਅਵਰੁ ਨ ਹੋਰਿ।।
ਬਿਨਉ ਕਰੈ ਨਾਨਕੁ ਕਰ ਜੋਰਿ ।। ੪।। ੭।।
(ਵਡਹੰਸੁ ਮ: ੫, ਆ. ਗ੍ਰੰ. ਪੰਨਾ ੫੬੩)

੧੬. ਮਿਲਉ ਸੰਤਨ ਕੈ ਸੰਗਿ ਮੋਹਿ ਉਧਾਰਿ ਲੇਹੁ।।
ਬਿਨਉ ਕਰਉ ਕਰ ਜੋੜਿ ਹਰਿ ਹਰਿ ਨਾਮੁ ਦੇਹੁ।।
ਹਰਿ ਨਾਮੁ ਮਾਗਉ ਚਰਣ ਲਾਗਉ ਮਾਨੁ ਤਿਆਗਉ ਤੁਮੑ ਦਇਆ।।
ਕਤਹੂੰ ਨ ਧਾਵਉ ਸਰਣਿ ਪਾਵਉ ਕਰੁਣਾ ਮੈ ਪ੍ਰਭ ਕਰਿ ਮਇਆ।।
ਸਮਰਥ ਅਗਥ ਅਪਾਰ ਨਿਰਮਲ ਸੁਣਹੁ ਸੁਆਮੀ ਬਿਨਉ ਏਹੁ।।
ਕਰ ਜੋੜਿ ਨਾਨਕ ਦਾਨੁ ਮਾਗੈ ਜਨਮ ਮਰਣ ਨਿਵਾਰਿ ਲੇਹੁ।। ੧।।
(ਆਸਾ ਛੰਤ ਮ: ੫, ਆ. ਗ੍ਰੰ. ਪੰਨਾ ੪੫੭)

੧੭. ਕੁਚਿਲ ਕਠੋਰ ਕਪਟ ਕਾਮੀ॥
ਜਿਉ ਜਾਨਹਿ ਤਿਉ ਤਾਰਿ ਸੁਆਮੀ॥ ੧॥ ਰਹਾਉ॥
ਤੂ ਸਮਰਥੁ ਸਰਨਿ ਜੋਗੁ ਤੂ ਰਾਖਹਿ ਅਪਨੀ ਕਲ ਧਾਰਿ॥ ੧॥
ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ॥
ਗਰਤ ਘੋਰ ਅੰਧ ਤੇ ਕਾਢਹੁ
ਪ੍ਰਭ ਨਾਨਕ ਨਦਰਿ ਨਿਹਾਰਿ॥ ੨॥ ੮॥ ੧੯॥

(ਕਾਨੜਾ ਮ: ੫, ਆ. ਗ੍ਰੰ. ਪੰਨਾ ੧੩੦੧)

੧੮. ਦਇਆਲ ਪੂਰਨ ਦੂਖ ਭੰਜਨ ਤੁਮ ਬਿਨੁ ਓਟ ਨ ਕਾਈ॥
ਕਾਢਿ ਲੇਹੁ ਸੰਸਾਰ ਸਾਗਰ ਮਹਿ
ਨਾਨਕ ਪ੍ਰਭ ਸਰਣਾਈ॥ ੪॥ ੧੫॥ ੨੬॥

(ਸੋਰਠਿ ਮ: ੫, ਆ. ਗ੍ਰੰ. ਪੰਨਾ ੬੧੬)

੧੯. ਕਹੈ ਕਬੀਰੁ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ॥
ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਵਜਲਿ ਫੇਰਾ॥ ੩॥ ੭॥

(ਮਾਰੂ ਕਬੀਰ ਜੀ, ਆ. ਗ੍ਰੰ. ਪੰਨਾ ੧੧੦੪)

SIKHBOOKCLUB.COM

੨੦. ਦੁਖੀਆ ਦਰਦਵੰਦੁ ਦਰਿ ਆਇਆ॥
ਬਹੁਤੁ ਪਿਆਸ ਜਬਾਬੁ ਨ ਪਾਇਆ॥
ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥
ਜਿਉ ਜਾਨਹੁ ਤਿਉ ਕਰੁ ਗਤਿ ਮੇਰੀ॥ ੩॥ ੧॥

(ਸ੍ਰੀ ਰਵਿਦਾਸ ਜੀ, ਆ. ਗ੍ਰੰ. ਪੰਨਾ ੭੯੩)

# ਦਰਸ਼ਨ ਪਿਆਸੀ

## ਸ਼ਬਦ ਨੰ: ੫੪

ਉਮਕਿਓ ਹੀਉ ਮਿਲਨ ਪ੍ਰਭ ਤਾਈ ॥
ਖੋਜਤ ਚਰਿਓ ਦੇਖਉ ਪ੍ਰਿਅ ਜਾਈ ॥
ਸੁਨਤ ਸਦੇਸਰੋ ਪ੍ਰਿਅ ਗ੍ਰਿਹਿ ਸੇਜ ਵਿਛਾਈ ॥
ਭ੍ਰਮਿ ਭ੍ਰਮਿ ਆਇਓ ਤਉ ਨਦਰਿ ਨ ਪਾਈ॥ ੧॥
ਕਿਨ ਬਿਧਿ ਹੀਅਰੋ ਧੀਰੈ ਨਿਮਾਨੋ ॥
ਮਿਲੁ ਸਾਜਨ ਹਉ ਤੁਝੁ ਕੁਰਬਾਨੋ॥ ੧॥ ਰਹਾਉ ॥
ਏਕਾ ਸੇਜ ਵਿਛੀ ਧਨ ਕੰਤਾ ॥
ਧਨ ਸੂਤੀ ਪਿਰੁ ਸਦ ਜਾਗੰਤਾ ॥
ਪੀਓ ਮਦਰੋ ਧਨ ਮਤਵੰਤਾ ॥
ਧਨ ਜਾਗੈ ਜੇ ਪਿਰੁ ਬੋਲੰਤਾ ॥੨॥
ਭਈ ਨਿਰਾਸੀ ਬਹੁਤੁ ਦਿਨ ਲਾਗੇ ॥
ਦੇਸ ਦਿਸੰਤਰ ਮੈ ਸਗਲੇ ਝਾਗੇ ॥
ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ ॥
ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ॥ ੩॥
ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥
ਬੂਝੀ ਤਪਤਿ ਘਰਹਿ ਪਿਰੁ ਪਾਇਆ ॥
ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ॥ ੪॥
ਜਹ ਦੇਖਾ ਤਹ ਪਿਰੁ ਹੈ ਭਾਈ ॥
ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ॥ ੧॥ ਰਹਾਉ
ਦੂਜਾ॥੫॥ (ਸੂਹੀ ਮ: ੫, ਆ. ਗ੍ਰੰ. ਪੰਨਾ ੭੩੭)

# ਉਮਕਿਓ ਹੀਉ ਮਿਲਨ ਪ੍ਰਭ ਤਾਈ

੧. ਮੇਰੈ ਅੰਤਰਿ ਲੋਚਾ ਮਿਲਣ ਕੀ ਪਿਆਰੇ ਹਉ ਕਿਉ ਪਾਈ ਗੁਰ ਪੂਰੇ॥
ਜੇ ਸਉ ਖੇਲ ਖੇਲਾਈਐ ਬਾਲਕੁ ਰਹਿ ਨ ਸਕੈ ਬਿਨੁ ਖੀਰੇ॥

ਮੇਰੈ ਅੰਤਰਿ ਭੁਖ ਨ ਉਤਰੈ ਅੰਮਾਲੀ ਜੇ ਸਉ ਭੋਜਨ ਮੈ ਨੀਰੇ॥
ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਬਿਨੁ ਦਰਸਨ ਕਿਉ ਮਨੁ ਧੀਰੇ॥੧॥
(ਵਡਹੰਸੁ ਮ: ੫, ਆ. ਗ੍ਰੰ. ਪੰਨਾ ੫੬੪)

੨. ਨੀਹੁ ਮਹਿੰਜਾ ਤਊ ਨਾਲਿ ਬਿਆ ਨੇਹੁ ਕੂੜਾਵੇ ਡੇਖੁ॥
ਕਪੜ ਭੋਗ ਡਰਾਵਣੇ ਜਿਚਰੁ ਪਿਰੀ ਨ ਡੇਖੁ॥੨॥
(ਮਾਰੂ ਵਾਰ ਡਖਣੇ ਮ: ੫, ਆ. ਗ੍ਰੰ. ਪੰਨਾ ੧੦੯੪)

੩. ਅੰਦਰਿ ਸਚਾ ਨੇਹੁ ਲਾਇਆ ਪ੍ਰੀਤਮ ਆਪਣੈ॥
ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਹਣੇ॥੧॥
(ਸੂਹੀ ਮ: ੪, ਆ. ਗ੍ਰੰ. ਪੰਨਾ ੭੫੯)

੪. ਮੇਰੇ ਸਾਹਾ ਮੈ ਹਰਿ ਦਰਸਨ ਸੁਖੁ ਹੋਇ॥
ਹਮਰੀ ਬੇਦਨਿ ਤੂ ਜਾਨਤਾ ਸਾਹਾ ਅਵਰੁ ਕਿਆ ਜਾਨੈ ਕੋਇ॥ ਰਹਾਉ॥
(ਧਨਾਸਰੀ ਮ: ੪, ਆ. ਗ੍ਰੰ. ਪੰਨਾ ੬੭੦)

੫. ਹਮਰੈ ਮਨਿ ਚਿਤਿ ਹਰਿ ਆਸ ਨਿਤ ਕਿਉ ਦੇਖਾ ਹਰਿ ਦਰਸੁ ਤੁਮਾਰਾ॥
ਜਿਨਿ ਪ੍ਰੀਤਿ ਲਾਈ ਸੋ ਜਾਣਤਾ ਹਮਰੈ ਮਨਿ ਚਿਤਿ ਹਰਿ ਬਹੁਤੁ ਪਿਆਰਾ॥
(ਗਉੜੀ ਮ: ੪, ਆ. ਗ੍ਰੰ. ਪੰਨਾ ੧੬੭)

SIKHBOOKCLUB.COM

੬. ਅੰਤਰਿ ਪਿਰੀ ਪਿਆਰੁ ਕਿਉ ਪਿਰ ਬਿਨੁ ਜੀਵੀਐ ਰਾਮ॥
ਜਬ ਲਗੁ ਦਰਸੁ ਨ ਹੋਇ ਕਿਉ ਅੰਮ੍ਰਿਤੁ ਪੀਵੀਐ ਰਾਮ॥
ਕਿਉ ਅੰਮ੍ਰਿਤੁ ਪੀਵੀਐ ਹਰਿ ਬਿਨੁ ਜੀਵੀਐ ਤਿਸੁ ਬਿਨੁ ਰਹਨੁ ਨ ਜਾਏ॥
ਅਨਦਿਨੁ ਪ੍ਰਿਉ ਪ੍ਰਿਉ ਕਰੇ ਦਿਨੁ ਰਾਤੀ ਪਿਰ ਬਿਨੁ ਪਿਆਸ ਨ ਜਾਏ॥
(ਤੁਖਾਰੀ ਛੰਤ ਮ: ੪, ਆ. ਗ੍ਰੰ. ਪੰਨਾ ੧੧੧੩)

੭. ਊਠਤ ਬੈਠਤ ਸੋਵਤ ਜਾਗਤ ਜੀਅ ਪ੍ਰਾਨ ਧਨ ਮਾਲ॥੨॥
ਦਰਸਨ ਪਿਆਸ ਬਹੁਤੁ ਮਨਿ ਮੇਰੈ
ਨਾਨਕ ਦਰਸ ਨਿਹਾਲ॥੩॥੮॥੯॥
(ਨਟ ਮ: ੪, ਆ. ਗ੍ਰੰ. ਪੰਨਾ ੯੮੦)

੮. ਦਰਸਨ ਪਿਆਸ ਬਹੁਤੁ ਮਨਿ ਮੇਰੈ॥
ਮਿਲੁ ਨਾਨਕ ਦੇਵ ਜਗਤ ਗੁਰ ਕੇਰੈ॥੨॥੧॥੩੪॥
(ਕਾਨੜਾ ਮ: ੫, ਆ. ਗ੍ਰੰ. ਪੰਨਾ ੧੩੦੪)

੯. ਕੈਸੇ ਕਹਉ ਮੋਹਿ ਜੀਅ ਬੇਦਨਾਈ॥
ਦਰਸਨ ਪਿਆਸ ਪ੍ਰਿਅ ਪ੍ਰੀਤਿ ਮਨੋਹਰ
ਮਨੁ ਨ ਰਹੈ ਬਹੁ ਬਿਧਿ ਉਮਕਾਈ॥ ੧॥ ਰਹਾਉ॥
ਚਿਤਵਨਿ ਚਿਤਵਉ ਪ੍ਰਿਅ ਪ੍ਰੀਤਿ ਬੈਰਾਗੀ ਕਦਿ ਪਾਵਉ ਹਰਿ ਦਰਸਾਈ॥
ਜਤਨ ਕਰਉ ਇਹੁ ਮਨੁ ਨਹੀ ਧੀਰੈ ਕੋਊ ਹੈ ਰੇ ਸੰਤੁ ਮਿਲਾਈ॥ ੧॥
ਜਪ ਤਪ ਸੰਜਮ ਪੁੰਨ ਸਭਿ ਹੋਮਉ ਤਿਸੁ ਅਰਪਉ ਸਭਿ ਸੁਖ ਜਾਂਈ॥
ਏਕ ਨਿਮਖ ਪ੍ਰਿਅ ਦਰਸੁ ਦਿਖਾਵੈ ਤਿਸੁ ਸੰਤਨ ਕੈ ਬਲਿ ਜਾਂਈ॥ ੨॥
(ਸਾਰਗ ਮ: ੫, ਆ. ਗ੍ਰੰ. ਪੰਨਾ ੧੨੦੬)

੧੦. ਮਨ ਮੇਰੇ ਹਰਿ ਕੇ ਚਰਨ ਰਵੀਜੈ॥
ਦਰਸ ਪਿਆਸ ਮੇਰੋ ਮਨੁ ਮੋਹਿਓ
ਹਰਿ ਪੰਖ ਲਗਾਇ ਮਿਲੀਜੈ॥ ੧॥ ਰਹਾਉ॥
(ਮਲਾਰ ਮ: ੫, ਆ. ਗ੍ਰੰ. ਪੰਨਾ ੧੨੬੯)

੧੧. ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ ਲਗਈਆ॥
ਮਨ ਕੀ ਬਿਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ॥ ੧॥
(ਬਿਲਾਵਲੁ ਮ: ੪, ਆ. ਗ੍ਰੰ. ਪੰਨਾ ੮੩੫)

੧੨. ਸਤਿਗੁਰ ਮੂਰਤਿ ਕਉ ਬਲਿ ਜਾਉ॥
ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ
ਸਫਲ ਦਰਸਨੁ ਕਦਿ ਪਾਉ॥ ੧॥ ਰਹਾਉ॥
(ਸਾਰੰਗ ਮ: ੫, ਆ. ਗ੍ਰੰ. ਪੰਨਾ , ਆ. ਗ੍ਰੰ. ਪੰਨਾ ੧੨੦੨)

੧੩. ਮੂ ਥੀਆਊ ਸੇਜ ਨੈਣਾ ਪਿਰੀ ਵਿਛਾਵਣਾ॥
ਜੇ ਡੇਖੈ ਹਿਕ ਵਾਰ ਤਾ ਸੁਖ ਕੀਮਾ ਹੂ ਬਾਹਰੇ॥ ੩॥
(ਸਲੋਕ ਡਖਣੇ ਮ: ੫, ਆ. ਗ੍ਰੰ. ਪੰਨਾ ੧੦੯੮)

੧੪. ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ॥
ਮੈ ਲਖ ਵਿੜਤੇ ਸਾਹਿਬਾ ਜੇ ਬਿੰਦ ਬੋੁਲਾਈਆ॥
ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨ ਸਾਈਆ॥
ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ॥
(ਮਾਰੂ ਵਾਰ ਡਖਣੇ ਮ: ੫, ਆ. ਗ੍ਰੰ. ਪੰਨਾ ੧੦੯੮)

੧੫. ਮੇਰਾ ਮਨੁ ਲੋਚੈ ਗੁਰ ਦਰਸਨ ਤਾਈ।।
ਬਿਲਪ ਕਰੇ ਚਾਤ੍ਰਿਕ ਕੀ ਨਿਆਈ।।
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ
ਬਿਨੁ ਦਰਸਨ ਸੰਤ ਪਿਆਰੇ ਜੀਉ।। ੧।। ਰਹਾਉ।।
ਹਉ ਘੋਲੀ ਜੀਉ ਘੋਲਿ ਘੁਮਾਈ
ਗੁਰ ਦਰਸਨ ਸੰਤ ਪਿਆਰੇ ਜੀਉ।। ੧।। ਰਹਾਉ।।
(ਮਾਝ ਮ: ੫, ਆ. ਗ੍ਰੰ. ਪੰਨਾ ੯੬)

੧੬. ਦਰਸ ਤੇਰੇ ਕੀ ਪਿਆਸ ਮਨਿ ਲਾਗੀ।। ਸਹਜ ਅਨੰਦ ਬਸੈ ਬੈਰਾਗੀ।। ੩।।
ਨਾਨਕ ਕੀ ਅਰਦਾਸਿ ਸੁਣੀਜੈ।।
ਕੇਵਲ ਨਾਮੁ ਰਿਦੇ ਮਹਿ ਦੀਜੈ।। ੪।। ੨੬।। ੭੭।।
(ਆਸਾ ਮ: ੫, ਆ. ਗ੍ਰੰ. ਪੰਨਾ ੩੮੯)

੧੭. ਮੇਰੇ ਮਨ ਹਰਿ ਸਿਉ ਲਾਗੀ ਪ੍ਰੀਤਿ।।
ਸਾਧਸੰਗਿ ਹਰਿ ਹਰਿ ਜਪਤ ਨਿਰਮਲ ਸਾਚੀ ਰੀਤਿ।। ੧।। ਰਹਾਉ।।
ਦਰਸਨ ਕੀ ਪਿਆਸ ਘਣੀ ਚਿਤਵਤ ਅਨਿਕ ਪ੍ਰਕਾਰ।।
ਕਰਹੁ ਅਨੁਗ੍ਰਹੁ ਪਾਰਬ੍ਰਹਮ ਹਰਿ ਕ੍ਰਿਪਾ ਧਾਰਿ ਮੁਰਾਰਿ।। ੧।।
(ਆਸਾਵਰੀ ਮ: ੫, ਆ. ਗ੍ਰੰ. ਪੰਨਾ ੪੩੧)

# ਖੋਜੰਤੀ

## ਸ਼ਬਦ ਨੰ: ੫੫

ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ।। ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ।। ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ।। ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ।। ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ।। ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ।। ੧।। (ਜੈਤਸਰੀ ਮ: ੫, ਛੰਤ, ਆ. ਗ੍ਰੰ. ਪੰਨਾ ੭੦੩)

# ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ

੧. ਹਉ ਨਿਰਖਤ ਫਿਰਉ ਸਭਿ ਦੇਸ ਦਿਸੰਤਰ
ਮੈ ਪ੍ਰਭ ਦੇਖਨ ਕੋ ਬਹੁਤੁ ਮਨਿ ਚਈਆ।।
ਮਨੁ ਤਨੁ ਕਾਟਿ ਦੇਉ ਗੁਰ ਆਗੈ
ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਈਆ।। ੨।।
(ਬਿਲਾਵਲੁ ਮ: ੪, ਆ. ਗ੍ਰੰ. ਪੰਨਾ ੮੩੬)

੨. ਆਸ ਪਿਆਸੀ ਮੈ ਫਿਰਉ ਕਬ ਪੇਖਉ ਗੋਪਾਲ।।
ਹੈ ਕੋਈ ਸਾਜਨੁ ਸੰਤ ਜਨੁ ਨਾਨਕ ਪ੍ਰਭ ਮੇਲਣਹਾਰ।। ੧।।
ਬਿਨੁ ਮਿਲਬੇ ਸਾਂਤਿ ਨ ਊਪਜੈ ਤਿਲੁ ਪਲੁ ਰਹਣੁ ਨ ਜਾਇ।।
ਹਰਿ ਸਾਧਹ ਸਰਣਾਗਤੀ ਨਾਨਕ ਆਸ ਪੁਜਾਇ।। ੨।।
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੯੨੮)

੩. ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ।।
ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ।। ੨੧।।
(ਸਲੋਕ ਵਾਰਾਂ ਤੋਂ ਵਧੀਕ ਮ: ੫, ਆ. ਗ੍ਰੰ. ਪੰਨਾ ੧੪੨੬)

੪. ਫਿਰਦੀ ਫਿਰਦੀ ਨਾਨਕ ਜੀਉ ਹਉ ਫਾਵੀ ਥੀਈ ਬਹੁਤੁ ਦਿਸਾਵਰ ਪੰਧਾ।।
ਤਾ ਹਉ ਸੁਖਿ ਸੁਖਾਲੀ ਸੁਤੀ ਜਾ ਗੁਰ ਮਿਲਿ ਸਜਣੁ ਮੈ ਲਧਾ।। ੨।।
(ਰਾਮਕਲੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੯੬੩)

੫. ਖੋਜਤ ਖੋਜਤ ਮੈ ਫਿਰਾ ਖੋਜਉ ਬਨ ਥਾਨ।।
ਅਛਲ ਅਛੇਦ ਅਭੇਦ ਪ੍ਰਭ ਐਸੇ ਭਗਵਾਨ।। ੧।।
ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ।।
ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ।। ੧।। ਰਹਾਉ।।
ਬਰਨ ਆਸ੍ਰਮ ਸਾਸਤ੍ਰ ਸੁਨਉ ਦਰਸਨ ਕੀ ਪਿਆਸ।।
ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ।। ੨।।
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੧੬)

੬. ਗੁਰਮੁਖਿ ਖੋਜਤ ਭਏ ਉਦਾਸੀ।। ਦਰਸਨ ਕੈ ਤਾਈ ਭੇਖ ਨਿਵਾਸੀ।।
ਸਾਚ ਵਖਰ ਕੇ ਹਮ ਵਣਜਾਰੇ।। ਨਾਨਕ ਗੁਰਮੁਖਿ ਉਤਰਸਿ ਪਾਰੇ।। ੧੮।।
(ਸਿਧ ਗੋਸਟਿ ਮ: ੧, ਆ. ਗ੍ਰੰ. ਪੰਨਾ ੯੩੯)

੭. ਭਈ ਨਿਰਾਸੀ ਬਹੁਤੁ ਦਿਨ ਲਾਗੇ।। ਦੇਸ ਦਿਸੰਤਰ ਮੈ ਸਗਲੇ ਝਾਗੇ।।
ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ।।
ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ।। ੩।।
(ਸੂਹੀ ਮ: ੫, ਆ. ਗ੍ਰੰ. ਪੰਨਾ ੭੩੭)

SIKHBOOKCLUB.COM

੮. ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ।।
ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ।।
ਖੋਜਉ ਤਾ ਕੇ ਚਰਣ ਕਹਹੁ ਕਤ ਪਾਈਐ।।
ਹਰਿਹਾਂ ਸੋਈ ਜਤੰਨੁ ਬਤਾਇ ਸਖੀ ਪ੍ਰਿਉ ਪਾਈਐ।। ੧੩।।
(ਫੁਨਹੇ ਮ: ੫, ਆ. ਗ੍ਰੰ. ਪੰਨਾ ੧੩੬੨)

੯. ਖੋਜਤ ਫਿਰਉ ਬਿਦੇਸਿ ਪੀਉ ਕਤ ਪਾਈਐ।।
ਹਰਿਹਾਂ ਜੇ ਮਸਤਕਿ ਹੋਵੈ ਭਾਗੁ ਤ ਦਰਸਿ ਸਮਾਈਐ।। ੯।।
(ਫੁਨਹੇ ਮ: ੫, ਆ. ਗ੍ਰੰ. ਪੰਨਾ ੧੩੬੨)

੧੦. ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ।। ੧।। ਰਹਾਉ।।
ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ।। ੧।।
ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ।। ੨।।
ਖੋਜਤ ਖੋਜਤ ਭਈ ਬੈਰਾਗਨਿ
ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ।। ੩।।
(ਗਉੜੀ ਪੂਰਬੀ ਮ: ੫, ਆ. ਗ੍ਰੰ. ਪੰਨਾ ੨੦੪)

੧੧. ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ॥
ਗੁਰਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ॥ ੧॥
ਮੈ ਬਨਜਾਰਨਿ ਰਾਮ ਕੀ॥ ਤੇਰਾ ਨਾਮੁ ਵਖਰੁ ਵਾਪਾਰੁ ਜੀ॥ ੧॥ ਰਹਾਉ॥
ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ॥
ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ॥ ੨॥
ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ॥
ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ॥ ੩॥
(ਗਉੜੀ ਮ: ੧, ਆ. ਗ੍ਰੰ. ਪੰਨਾ ੧੫੭)

੧੨. ਖੋਜਤ ਸੰਤ ਫਿਰਹਿ ਪ੍ਰਭ ਪ੍ਰਾਣ ਅਧਾਰੇ ਰਾਮ॥
ਤਾਣੁ ਤਨੁ ਖੀਨ ਭਇਆ ਬਿਨੁ ਮਿਲਤ ਪਿਆਰੇ ਰਾਮ॥
ਪ੍ਰਭ ਮਿਲਹੁ ਪਿਆਰੇ ਮਇਆ ਧਾਰੇ ਕਰਿ ਦਇਆ ਲੜਿ ਲਾਇ ਲੀਜੀਐ॥
ਦੇਹਿ ਨਾਮੁ ਅਪਨਾ ਜਪਉ ਸੁਆਮੀ ਹਰਿ ਦਰਸ ਪੇਖੇ ਜੀਜੀਐ॥
ਸਮਰਥ ਪੂਰਨ ਸਦਾ ਨਿਹਚਲ ਊਚ ਅਗਮ ਅਪਾਰੇ॥
ਬਿਨਵੰਤਿ ਨਾਨਕ ਧਾਰਿ ਕਿਰਪਾ ਮਿਲਹੁ ਪ੍ਰਾਨ ਪਿਆਰੇ॥ ੧॥
(ਬਿਹਾਗੜਾ ਮ: ੫, ਆ. ਗ੍ਰੰ. ਪੰਨਾ ੫੪੫)

੧੩. ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ॥
ਖੋਜੰਤੀ ਦਰਸਨੁ ਫਿਰਤ ਕਬ ਮਿਲੀਐ ਗੁਣਤਾਸ ਜੀਉ॥
ਬਿਨੁ ਕੰਤ ਪਿਆਰੇ ਨਹ ਸੂਖ ਸਾਰੇ ਹਾਰ ਕੰਙਣ ਧ੍ਰਿਗੁ ਬਨਾ॥
ਸੁੰਦਰਿ ਸੁਜਾਨਿ ਚਤੁਰਿ ਬੇਤੀ ਸਾਸ ਬਿਨੁ ਜੈਸੇ ਤਨਾ॥
ਈਤ ਉਤ ਦਹਦਿਸ ਅਲੋਕਨ ਮਨਿ ਮਿਲਨ ਕੀ ਪ੍ਰਭ ਪਿਆਸ ਜੀਉ॥
ਬਿਨਵੰਤਿ ਨਾਨਕ ਧਾਰਿ ਕਿਰਪਾ ਮੇਲਹੁ ਪ੍ਰਭ ਗੁਣਤਾਸ ਜੀਉ॥ ੫॥
(ਰਾਮਕਲੀ ਮ: ੫ ਰੁਤੀ, ਸਲੋਕ, ਆ. ਗ੍ਰੰ. ਪੰਨਾ ੯੨੮)

੧੪. ਰੂੜੋ ਮਨੁ ਹਰਿ ਰੰਗੋ ਲੋੜੈ॥ ਗਾਲੀ ਹਰਿ ਨੀਹੁ ਨ ਹੋਇ॥ ਰਹਾਉ॥
ਹਉ ਢੂਢੇਦੀ ਦਰਸਨ ਕਾਰਣਿ ਬੀਥੀ ਬੀਥੀ ਪੇਖਾ॥
ਗੁਰ ਮਿਲਿ ਭਰਮੁ ਗਵਾਇਆ ਹੇ॥ ੧॥
(ਟੋਡੀ ਮ: ੫, ਆ. ਗ੍ਰੰ. ਪੰਨਾ ੭੧੫)

# ਬ੍ਰਿਹਣੀ

## ਸ਼ਬਦ ਨੰ: ੫੬

ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ॥ ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ॥ ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ॥ ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ॥ ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ॥ ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ॥੧॥

(ਗਉੜੀ ਛੰਤ ਮ: ੧, ਆ. ਗ੍ਰੰ. ਪੰਨਾ ੨੪੩)

## ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ

੧. ਪ੍ਰਿਅ ਬਿਨੁ ਸੀਗਾਰੁ ਕਰੀ ਤੇਤਾ ਤਨੁ ਤਾਪੈ ਕਾਪਰੁ ਅੰਗਿ ਨ ਸੁਹਾਈ॥ ੬॥ ਅਪਨੇ ਪਿਆਰੇ ਬਿਨੁ ਇਕੁ ਖਿਨੁ ਰਹਿ ਨ ਸਕੰਉਬਿਨ ਮਿਲੇ ਨੀਂਦ ਨ ਪਾਈ॥੭॥

(ਮਲਾਰ ਮ: ੧, ਆ. ਗ੍ਰੰ. ਪੰਨਾ ੧੨੭੪)

੨. ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ॥
ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ॥੩॥

(ਮਾਰੂ ਵਾਰ ਡਖਣੇ ਮ: ੫, ਆ. ਗ੍ਰੰ. ਪੰਨਾ ੧੧੦੦)

੩. ਪਿਰ ਬਿਨੁ ਖਰੀ ਨਿਮਾਣੀ ਜੀਉ ਬਿਨੁ ਪਿਰ ਕਿਉ ਜੀਵਾ ਮੇਰੀ ਮਾਈ॥
ਪਿਰ ਬਿਨੁ ਨੀਦ ਨ ਆਵੈ ਜੀਉ ਕਾਪੜੁ ਤਨਿ ਨ ਸੁਹਾਈ॥

(ਗਉੜੀ ਮ: ੩, ਆ. ਗ੍ਰੰ. ਪੰਨਾ ੨੪੪)

੪. ਹਉ ਭਈ ਉਡੀਣੀ ਕੰਤ ਕਉ ਅੰਮਾਲੀ ਸੋ ਪਿਰੁ ਕਦਿ ਨੈਣੀ ਦੇਖਾ॥
ਸਭਿ ਰਸ ਭੋਗਣ ਵਿਸਰੇ ਬਿਨੁ ਪਿਰ ਕਿਤੈ ਨ ਲੇਖਾ॥
ਇਹੁ ਕਾਪੜੁ ਤਨਿ ਨ ਸੁਖਾਵਈ ਕਰਿ ਨ ਸਕਉ ਹਉ ਵੇਸਾ॥
ਜਿਨੀ ਸਖੀ ਲਾਲੁ ਰਾਵਿਆ ਪਿਆਰਾ ਤਿਨ ਆਗੈ ਹਮ ਆਦੇਸਾ॥੩॥

(ਵਡਹੰਸੁ ਮ: ੫, ਆ. ਗ੍ਰੰ. ਪੰਨਾ ੫੬੪)

੫. ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ।।
ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ।।
ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ
ਮੈ ਨੀਰੁ ਵਹੇ ਵਹਿ ਚਲੈ ਜੀਉ।। ੩।। (ਮਾਝ ਮ: ੪, ਆ. ਗ੍ਰੰ. ਪੰਨਾ ੯੪)

੬. ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ।।
ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ।।
ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ।।
ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ।।
ਸਤਿਗੁਰ ਸਬਦੀ ਮਿਲੈ ਵਿਛੁੰਨੀ ਤਨੁ ਮਨੁ ਆਗੈ ਰਾਖੈ।।
ਨਾਨਕ ਅੰਮ੍ਰਿਤ ਬਿਰਖੁ ਮਹਾ ਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ।। ੩।।
(ਤੁਖਾਰੀ ਮ: ੧, ਆ. ਗ੍ਰੰ. ਪੰਨਾ ੧੧੧੧)

੭. ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ।। ਬਾਵਲਿ ਹੋਈ ਸੋ ਸਹੁ ਲੋਰਉ।।
ਤੈ ਸਹਿ ਮਨ ਮਹਿ ਕੀਆ ਰੋਸੁ।। ਮੁਝੁ ਅਵਗਨ ਸਹ ਨਾਹੀ ਦੋਸੁ।। ੧।।
ਤੈ ਸਾਹਿਬ ਕੀ ਮੈ ਸਾਰ ਨ ਜਾਨੀ।।
ਜੋਬਨੁ ਖੋਇ ਪਾਛੈ ਪਛੁਤਾਨੀ।। ੧।। ਰਹਾਉ।।
ਕਾਲੀ ਕੋਇਲ ਤੂ ਕਿਤ ਗੁਨ ਕਾਲੀ।।
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ।।
ਪਿਰਹਿ ਬਿਹੂਨ ਕਤਹਿ ਸੁਖੁ ਪਾਏ।।
ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ।। ੨।।
(ਸੂਹੀ ਸੇਖ ਫਰੀਦ ਜੀ, ਆ. ਗ੍ਰੰ. ਪੰਨਾ ੭੯੪)

੮. ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ।।
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ।।
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ
ਬਿਨੁ ਦੇਖੇ ਗੁਰ ਦਰਬਾਰੇ ਜੀਉ।। ੩।।
ਹਉ ਘੋਲੀ ਜੀਉ ਘੋਲਿ ਘੁਮਾਈ
ਤਿਸੁ ਸਚੇ ਗੁਰ ਦਰਬਾਰੇ ਜੀਉ।। ੧।। ਰਹਾਉ।।
(ਮਾਝ ਮ: ੫, ਆ. ਗ੍ਰੰ. ਪੰਨਾ ੯੬)

੯. ਹਰਿ ਬਿਨੁ ਕਿਉ ਰਹੀਐ ਦੂਖੁ ਬਿਆਪੈ।।
ਜਿਹਵਾ ਸਾਦੁ ਨ ਫੀਕੀ ਰਸ ਬਿਨੁ ਬਿਨੁ ਪ੍ਰਭ ਕਾਲੁ ਸੰਤਾਪੈ।। ੧।। ਰਹਾਉ।।
(ਸਾਰੰਗ ਮ: ੧, ਆ. ਗ੍ਰੰ. ਪੰਨਾ ੧੧੯੭)

੧੦. ਸਤਿਗੁਰੁ ਸਾਗਰੁ ਗੁਣ ਨਾਮ ਕਾ ਮੈ ਤਿਸੁ ਦੇਖਣ ਕਾ ਚਾਉ॥
ਹਉ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਦੇਖੇ ਮਰਿ ਜਾਉ॥ ੬॥
(ਸੂਹੀ ਮ: ੪, ਆ. ਗ੍ਰੰ. ਪੰਨਾ ੭੫੯)

੧੧ ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥ ੯॥
(ਤੁਖਾਰੀ ਬਾਰਹਮਾਹਾ ਮ: ੧, ਆ. ਗ੍ਰੰ. ਪੰਨਾ ੧੧੦੮)

੧੨. ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥ ੩੦॥
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੭੯)

੧੩. ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ॥
ਉਡੀਨੀ ਉਡੀਨੀ ਉਡੀਨੀ॥ ਕਬ ਘਰਿ ਆਵੈ ਰੀ॥ ੧॥ ਰਹਾਉ॥
ਸਰਨਿ ਸੁਹਾਗਨਿ ਚਰਨ ਸੀਸੁ ਧਰਿ ॥
ਲਾਲਨੁ ਮੋਹਿ ਮਿਲਾਵਹੁ॥ ਕਬ ਘਰਿ ਆਵੈ ਰੀ॥ ੧॥
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੩੦)

੧੪. ਮੈ ਬਿਨੁ ਗੁਰ ਦੇਖੇ ਨੀਦ ਨ ਆਵੈ॥
ਮੇਰੇ ਮਨ ਤਨਿ ਵੇਦਨ ਗੁਰ ਬਿਰਹੁ ਲਗਾਵੈ॥
ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ
ਜਨ ਨਾਨਕ ਗੁਰ ਮਿਲਿ ਰਹਸੈ ਜੀਉ॥ ੪॥ ੨॥
(ਮਾਝ ਮ: ੪, ਆ. ਗ੍ਰੰ. ਪੰਨਾ ੯੪)

੧੫. ਚਾਰਿ ਪਹਰ ਚਹੁ ਜੁਗਹ ਸਮਾਨੇ॥ ਰੈਣਿ ਭਈ ਤਬ ਅੰਤੁ ਨ ਜਾਨੇ॥ ੨॥
ਪੰਚ ਦੂਤ ਮਿਲਿ ਪਿਰਹੁ ਵਿਛੋੜੀ॥ ਭ੍ਰਮਿ ਭ੍ਰਮਿ ਰੋਵੈ ਹਾਥ ਪਛੋੜੀ॥ ੩॥
(ਆਸਾ ਮ: ੫, ਆ. ਗ੍ਰੰ. ਪੰਨਾ ੩੭੫)

੧੬. ਕਿਉ ਜੀਵਨੁ ਪ੍ਰੀਤਮ ਬਿਨੁ ਮਾਈ॥
ਜਾ ਕੇ ਬਿਛੁਰਤ ਹੋਤ ਮਿਰਤਕਾ ਗ੍ਰਿਹ ਮਹਿ ਰਹਨੁ ਨ ਪਾਈ॥ ੧॥ ਰਹਾਉ॥
(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੦੭)

 www.sikhbookclub.com

# ਤ੍ਰਿਖਾਵੰਤ

**ਸ਼ਬਦ ਨੰ: ੫੭**

ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ।। ੧।। ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ।। ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ।। ੧।। ਰਹਾਉ।। ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ।। ੨।। ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀ ਮਤਿ ਧੀਰ।। ੩।। ਜਨ ਨਾਨਕ ਕੀ ਹਰਿ ਆਸ ਪੁਜਾਵਹੁ ਹਰਿ ਦਰਸਨਿ ਸਾਂਤਿ ਸਰੀਰ।। ੪।। ੬।। ਛਕਾ ੧।। (ਗੌਂਡ ਮ: ੪, ਆ. ਗ੍ਰੰ. ਪੰਨਾ ੮੬੧)

## ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ

੧. ਕੋਈ ਆਣਿ ਸਦੇਸਾ ਦੇਇ ਪ੍ਰਭ ਕੇਰਾ
ਰਿਦ ਅੰਤਰਿ ਮਨਿ ਤਨਿ ਮੀਠ ਲਗਈਆ।।
ਮਸਤਕੁ ਕਾਟਿ ਦੇਉ ਚਰਣਾ ਤਲਿ
ਜੋ ਹਰਿ ਪ੍ਰਭੁ ਮੇਲੇ ਮੇਲਿ ਮਿਲਈਆ।। ੩।।
(ਬਿਲਾਵਲੁ ਮ: ੪, ਆ. ਗ੍ਰੰ. ਪੰਨਾ ੮੩੬)

੨. ਕਰਉ ਨਿਹੋਰਾ ਬਹੁਤੁ ਬੇਨਤੀ ਸੇਵਉ ਦਿਨੁ ਰੈਨਾਈ।।
ਮਾਨੁ ਅਭਿਮਾਨੁ ਹਉ ਸਗਲ ਤਿਆਗਉ ਜੋ ਪ੍ਰਿਅ ਬਾਤ ਸੁਨਾਈ।। ੩।।
(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੦੭)

੩. ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ ਰਾਮ।।
ਹਉ ਮਨੁ ਤਨੁ ਹਉ ਮਨੁ ਤਨੁ ਦੇਵਾ ਤਿਸੁ ਕਾਟਿ ਸਰੀਰਾ ਰਾਮ।।
ਹਉ ਮਨੁ ਤਨੁ ਕਾਟਿ ਕਾਟਿ ਤਿਸੁ ਦੇਈ ਜੋ ਸਤਿਗੁਰ ਬਚਨ ਸੁਣਾਏ।।
ਮੇਰੈ ਮਨਿ ਬੈਰਾਗੁ ਭਇਆ ਬੈਰਾਗੀ ਮਿਲਿ ਗੁਰ ਦਰਸਨਿ ਸੁਖੁ ਪਾਏ।।
ਹਰਿ ਹਰਿ ਕ੍ਰਿਪਾ ਕਰਹੁ ਸੁਖਦਾਤੇ ਦੇਹੁ ਸਤਿਗੁਰ ਚਰਨ ਹਮ ਧੂਰਾ।।
ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ।। ੩।।
(ਵਡਹੰਸੁ ਮ: ੪ ਛੰਤ, ਆ. ਗ੍ਰੰ. ਪੰਨਾ ੫੭੨)

 www.sikhbookclub.com

੪. ਸਖੀ ਸਹੇਲੀ ਮੇਰੀਆ ਮੇਰੀ ਜਿੰਦੁੜੀਏ
ਕੋਈ ਹਰਿ ਪ੍ਰਭੁ ਆਣਿ ਮਿਲਾਵੈ ਰਾਮ॥
ਹਉ ਮਨੁ ਦੇਵਉ ਤਿਸੁ ਆਪਣਾ ਮੇਰੀ ਜਿੰਦੁੜੀਏ
ਹਰਿ ਪ੍ਰਭ ਕੀ ਹਰਿ ਕਥਾ ਸੁਣਾਵੈ ਰਾਮ॥

(ਬਿਹਾਗੜਾ ਛੰਤ ਮ: ੪, ਆ. ਗ੍ਰੰ. ਪੰਨਾ ੫੩੮)

੫. ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ॥
ਜੋ ਪ੍ਰਭ ਕੀ ਹਰਿ ਕਥਾ ਸੁਨਾਵੈ
ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ॥੧॥

(ਗਉੜੀ ਮ: ੫, ਆ. ਗ੍ਰੰ. ਪੰਨਾ ੨੦੪)

੬. ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ॥
ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ॥

(ਆ. ਗ੍ਰੰ. ਪੰਨਾ ੨੪੭)

੭. ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ ਤਿਸੁ ਮਨੁ ਤਨੁ ਅਪਣਾ ਦੇਵਾ॥
ਨਿਤ ਪਖਾ ਫੇਰੀ ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ॥

(ਵਡਹੰਸੁ ਮ: ੪, ਆ. ਗ੍ਰੰ. ਪੰਨਾ ੫੬੧)

੮. ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥
ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ॥੧॥੩॥

(ਵਡਹੰਸੁ ਮ: ੧, ਆ. ਗ੍ਰੰ. ਪੰਨਾ ੫੫੮)

# ਪਰਮ ਪਿਆਸੀ

## ਸ਼ਬਦ ਨੰ: ੫੮

ਇਕ ਘੜੀ ਦਿਨਸੁ ਮੋਕਉ ਬਹੁਤੁ ਦਿਹਾਰੇ।। ਮਨੁ ਨ ਰਹੈ ਕੈਸੇ ਮਿਲਉ ਪਿਆਰੇ।।੧।। ਇਕੁ ਪਲੁ ਦਿਨਸੁ ਮੋਕਉ ਕਬਹੁ ਨ ਬਿਹਾਵੈ।। ਦਰਸਨ ਕੀ ਮਨਿ ਆਸ ਘਨੇਰੀ ਕੋਈ ਐਸਾ ਸੰਤੁ ਮੋਕਉ ਹਰਿ ਪਿਰਹਿ ਮਿਲਾਵੈ।। ੧।। ਰਹਾਉ।। ਚਾਰਿ ਪਹਰ ਚਹੁ ਜੁਗਹ ਸਮਾਨੇ।। ਰੈਣਿ ਭਈ ਤਬ ਅੰਤੁ ਨ ਜਾਨੇ।। ੨।। ਪੰਚ ਦੂਤ ਮਿਲਿ ਪਿਰਹੁ ਵਿਛੋੜੀ।। ਭ੍ਰਮਿ ਭ੍ਰਮਿ ਰੋਵੈ ਹਾਥ ਪਛੋੜੀ।। ੩।। ਜਨ ਨਾਨਕ ਕਉ ਹਰਿ ਦਰਸੁ ਦਿਖਾਇਆ।। ਆਤਮੁ ਚੀਨਿ੍ ਪਰਮ ਸੁਖੁ ਪਾਇਆ।। ੪।। ੧੫।।

(ਆਸਾ ਮ: ੫, ਆ. ਗ੍ਰੰ. ਪੰਨਾ ੩੭੪)

## ਕੋਈ ਐਸਾ ਸੰਤੁ ਮੋਕਉ ਹਰਿ ਪਿਰਹਿ ਮਿਲਾਵੈ

੧. ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ।।
ਨਾਨਕ ਭ੍ਰਮ ਭਉ ਕਾਟੀਐ ਚੂਕੈ ਜਮ ਕੀ ਜੋਹ।।੧।।

(ਗਉੜੀ ਬਾਵਨ ਅਖਰੀ ਮ: ੫, ਆ. ਗ੍ਰੰ. ਪੰਨਾ ੨੫੬)

੨. ਹਉ ਫਿਰਉ ਦਿਵਾਨੀ ਆਵਲ ਬਾਵਲ ਤਿਸੁ ਕਾਰਣਿ ਹਰਿ ਢੋਲੀਐ।।
ਕੋਈ ਮੇਲੈ ਮੇਰਾ ਪ੍ਰੀਤਮੁ ਪਿਆਰਾ ਹਮ ਤਿਸ ਕੀ ਗੁਲ ਗੋਲੀਐ।। ੧।।

(ਦੇਵਗੰਧਾਰੀ ਮ: ੪, ਆ. ਗ੍ਰੰ. ਪੰਨਾ ੫੨੭)

੩. ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ।।
ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ ਫਿਰਾਉ।।
ਕਰਿ ਮਿੰਨਤਿ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ।। ੧।।
ਮੇਰੇ ਭਾਈ ਜਨਾ ਕੋਈ ਮੋਕਉ ਹਰਿ ਪ੍ਰਭੁ ਮੇਲਿ ਮਿਲਾਇ ।।
ਹਉ ਸਤਿਗੁਰ ਵਿਟਹੁ ਵਾਰਿਆ
ਜਿਨਿ ਹਰਿ ਪ੍ਰਭੁ ਦੀਆ ਦਿਖਾਇ।। ੧।। ਰਹਾਉ।।

(ਸ੍ਰੀ ਰਾਗੁ ਮ: ੪, ਆ. ਗ੍ਰੰ. ਪੰਨਾ ੪੧)

੪. ਸਾਹਿਬੁ ਮੇਰਾ ਨਿਰਮਲਾ ਤਿਸੁ ਬਿਨੁ ਰਹਣੁ ਨ ਜਾਇ।।
ਮੇਰੈ ਮਨਿ ਤਨਿ ਭੁਖ ਅਤਿ ਅਗਲੀ ਕੋਈ ਆਣਿ ਮਿਲਾਵੈ ਮਾਇ।।
ਚਾਰੇ ਕੁੰਡਾ ਭਾਲੀਆ ਸਹ ਬਿਨੁ ਅਵਰੁ ਨ ਜਾਇ।। ੨।।

(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੪੯)

੫. ਮਧੁਸੂਦਨ ਮੇਰੇ ਮਨ ਤਨ ਪ੍ਰਾਨਾ।। ਹਉ ਹਰਿ ਬਿਨੁ ਦੂਜਾ ਅਵਰੁ ਨ ਜਾਨਾ।।
ਕੋਈ ਸਜਣੁ ਸੰਤੁ ਮਿਲੈ ਵਡਭਾਗੀ
ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ।। ੧।।

(ਮਾਝ ਮ: ੪, ਆ. ਗ੍ਰੰ. ਪੰਨਾ ੯੪)

੬. ਹਰਿ ਜਨ ਸੰਤ ਮਿਲਹੁ ਮੇਰੇ ਭਾਈ।।
ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ।।
ਮੇਰੀ ਸਰਧਾ ਪੂਰਿ ਜਗਜੀਵਨ ਦਾਤੇ
ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ।। ੧।।

(ਮਾਝ ਮ: ੪, ਆ. ਗ੍ਰੰ. ਪੰਨਾ ੯੫)

੭. ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ।। ੧।। ਦਰਸਨੁ ਹਰਿ ਦੇਖਣ ਕੈ ਤਾਈ।। ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ।। ੧।। ਰਹਾਉ।।

(ਸੂਹੀ ਮ: ੪, ਆ. ਗ੍ਰੰ. ਪੰਨਾ ੭੫੭)

੮. ਸੁਣਿ ਸਜਣ ਪ੍ਰੀਤਮ ਮੇਰਿਆ ਮੈ ਸਤਿਗੁਰੁ ਦੇਹੁ ਦਿਖਾਲਿ ।।
ਹਉ ਤਿਸੁ ਦੇਵਾ ਮਨੁ ਆਪਣਾ ਨਿਤ ਹਿਰਦੈ ਰਖਾ ਸਮਾਲਿ।।

(ਰਾਮਕਲੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੯੫੭)

੯. ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ।।
ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ।।
ਹਉ ਜੀਉ ਕਰੀ ਤਿਸ ਵਿਟਉ ਚਉਖੰਨੀਐ ਜੋ ਮੈ ਪਿਰੀ ਦਿਖਾਵਏ।।
ਨਾਨਕ ਹਰਿ ਹੋਇ ਦਇਆਲੁ ਤਾਂ ਗੁਰੁ ਪੂਰਾ ਮੇਲਾਵਏ।। ੫।।

(ਸਲੋਕ ਵਾਰਾਂ ਤੋਂ ਵਧੀਕ ਮ: ੪, ਆ. ਗ੍ਰੰ. ਪੰਨਾ ੧੪੨੧)

੧੦. ਸੁਣਿ ਸਜਣ ਮੇਰੇ ਪ੍ਰੀਤਮ ਭਾਈ ਮੈ ਮੇਲਿਹੁ ਮਿਤ੍ਰੁ ਸੁਖਦਾਤਾ।।
ਓਹੁ ਜੀਅ ਕੀ ਮੇਰੀ ਸਭ ਬੇਦਨ ਜਾਣੈ ਨਿਤ ਸੁਣਾਵੈ ਹਰਿ ਕੀਆ ਬਾਤਾ।।
ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਾ
ਜਿਉ ਚਾਤ੍ਰਿਕੁ ਜਲ ਕਉ ਬਿਲਲਾਤਾ।।

(ਵਡਹੰਸੁ ਮ: ੫, ਆ. ਗ੍ਰੰ. ਪੰਨਾ ੫੬੪)

੧੧. ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ।।
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ।। ੨।।

(ਬਾਰਹ ਮਾਹਾ ਮਾਂਝ ਮ: ੫, ਆ. ਗ੍ਰੰ. ਪੰਨਾ ੧੩੩)

# ਆਸਾ ਵੰਤੀ

## ਸ਼ਬਦ ਨੰ: ੫੯

ਭੀਖਕ ਪ੍ਰੀਤਿ ਭੀਖ ਪ੍ਰਭ ਪਾਇ।। ਭੂਖੇ ਪ੍ਰੀਤਿ ਹੋਵੈ ਅੰਨੁ ਖਾਇ।। ਗੁਰਸਿਖ ਪ੍ਰੀਤਿ ਗੁਰ ਮਿਲਿ ਆਘਾਇ।। ੧।। ਹਰਿ ਦਰਸਨੁ ਦੇਹੁ ਹਰਿ ਆਸ ਤੁਮਾਰੀ।। ਕਰਿ ਕਿਰਪਾ ਲੋਚ ਪੂਰਿ ਹਮਾਰੀ।। ੧।। ਰਹਾਉ।। ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ।। ਮਿਲੈ ਪਿਆਰੇ ਸਭ ਦੁਖ ਤਿਆਗੈ।। ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਗੈ।। ੨।। ਬਛਰੇ ਪ੍ਰੀਤਿ ਖੀਰੁ ਮੁਖਿ ਖਾਇ।। ਹਿਰਦੈ ਬਿਗਸੈ ਦੇਖੈ ਮਾਇ।। ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਇ।। ੩।। ਹੋਰੁ ਸਭ ਪ੍ਰੀਤਿ ਮਾਇਆ ਮੋਹੁ ਕਾਚਾ।। ਬਿਨਸਿ ਜਾਇ ਕੂਰਾ ਕਚੁ ਪਾਚਾ।। ਜਨ ਨਾਨਕ ਪ੍ਰੀਤਿ ਤ੍ਰਿਪਤਿ ਗੁਰੁ ਸਾਚਾ।। ੪।। ੪।। ੪੨।।

(ਗਉੜੀ ਗੁਆਰੇਰੀ ਮ: ੪, ਆ. ਗ੍ਰੰ. ਪੰਨਾ ੧੬੪)

## ਹਰਿ ਦਰਸਨ ਦੇਹੁ ਹਰਿ ਆਸ ਤੁਮਾਰੀ।।

SIKHBOOKCLUB.COM

੧. ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਾਰੇ ਲੇਖੇ।।
ਕਹਿ ਰਵਿਦਾਸ ਆਸ ਲਗਿ ਜੀਵਉ
ਚਿਰ ਭਇਓ ਦਰਸਨੁ ਦੇਖੇ।। ੨।। ੧।।

(ਧਨਾਸਰੀ ਰਵਿਦਾਸ ਜੀਉ, ਆ. ਗ੍ਰੰ. ਪੰਨਾ ੬੯੪)

੨. ਗੁਰ ਪਰਮੇਸੁਰ ਸਗਲ ਨਿਵਾਸ।। ਘਟਿ ਘਟਿ ਰਵਿ ਰਹਿਆ ਗੁਣਤਾਸ।।
ਦਰਸੁ ਦੇਹਿ ਧਾਰਉ ਪ੍ਰਭ ਆਸ।।
ਨਿਤ ਨਾਨਕੁ ਚਿਤਵੈ ਸਚੁ ਅਰਦਾਸਿ।। ੪।। ੪੫।। ੫੬।।

(ਰਾਮਕਲੀ ਮ: ੫, ਆ. ਗ੍ਰੰ. ਪੰਨਾ ੯੦੦)

੩. ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ।।
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ।। ੧।।

(ਮਾਰੂ ਵਾਰ ਡਖਣੇ ਮ: ੫, ਆ. ਗ੍ਰੰ. ਪੰਨਾ ੧੦੯੪)

੪. ਡਿਠੀ ਹਭ ਢੰਢੋਲਿ ਹਿਕਸੁ ਬਾਝੁ ਨ ਕੋਇ।।
ਆਉ ਸਜਣ ਤੂ ਮੁਖਿ ਲਗੁ ਮੇਰਾ ਤਨੁ ਮਨੁ ਠੰਢਾ ਹੋਇ।। ੧।।

(ਮਾਰੂ ਵਾਰ ਡਖਣੇ ਮ: ੫, ਆ. ਗ੍ਰੰ. ਪੰਨਾ ੧੧੦੦)

੫. ਹਉ ਢਾਢੀ ਦਰਿ ਗੁਣ ਗਾਵਦਾ ਜੇ ਹਰਿ ਪ੍ਰਭ ਭਾਵੈ॥
ਪ੍ਰਭੁ ਮੇਰਾ ਥਿਰ ਥਾਵਰੀ ਹੋਰ ਆਵੈ ਜਾਵੈ॥
ਸੋ ਮੰਗਾ ਦਾਨੁ ਗੁੋਸਾਈਆ ਜਿਤੁ ਭੁਖ ਲਹਿ ਜਾਵੈ॥
ਪ੍ਰਭ ਜੀਉ ਦੇਵਹੁ ਦਰਸਨੁ ਆਪਣਾ ਜਿਤੁ ਢਾਢੀ ਤ੍ਰਿਪਤਾਵੈ॥
(ਮਾਰੂ ਵਾਰ ਡਖਣੇ ਮ: ੫, ਆ. ਗ੍ਰੰ. ਪੰਨਾ ੧੦੯੭)

੬. ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ॥
ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ॥
ਪਾਣੀ ਅੰਨੁ ਨ ਭਾਵੈ ਮਰੀਐ ਹਾਵੈ ਬਿਨੁ ਪਿਰ ਕਿਉ ਸੁਖੁ ਪਾਈਐ॥
ਗੁਰ ਆਗੈ ਕਰਉ ਬੇਨੰਤੀ ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ॥
(ਗਉੜੀ ਮ: ੩, ਆ. ਗ੍ਰੰ. ਪੰਨਾ ੨੪੪)

੭. ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥ ਮੈ ਦੇਵਾਨਾ ਭਇਆ ਅਤੀਤੁ॥
ਕਰ ਕਾਸਾ ਦਰਸਨ ਕੀ ਭੂਖ॥ ਮੈ ਦਰਿ ਮਾਗਉ ਨੀਤਾ ਨੀਤ॥ ੧॥
ਤਉ ਦਰਸਨ ਕੀ ਕਰਉ ਸਮਾਇ॥
ਮੈ ਦਰਿ ਮਾਗਤੁ ਭੀਖਿਆ ਪਾਇ॥ ੧॥ ਰਹਾਉ॥
(ਤਿਲੰਗ ਮ: ੧, ਆ. ਗ੍ਰੰ. ਪੰਨਾ ੭੨੧)

੮. ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ॥ ੧੧॥
ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ॥ ੧੨॥
(ਸੂਹੀ ਮ: ੪, ਆ. ਗ੍ਰੰ. ਪੰਨਾ ੭੫੭)

੯. ਤੇਰਿਆ ਭਗਤਾ ਭੁਖ ਸਦ ਤੇਰੀਆ॥ ਹਰਿ ਲੋਚਾ ਪੂਰਨ ਮੇਰੀਆ॥
ਦੇਹੁ ਦਰਸੁ ਸੁਖਦਾਤਿਆ ਮੈ ਗਲ ਵਿਚਿ ਲੈਹੁ ਮਿਲਾਇ ਜੀਉ॥ ੧੫॥
(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੭੪)

੧੦. ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ॥ ੧॥
ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ॥ ੧॥ ਰਹਾਉ॥
(ਗਾਉੜੀ ਸ੍ਰੀ ਰਵਿਦਾਸ ਜੀ, ਆ. ਗ੍ਰੰ. ਪੰਨਾ ੩੪੬)

੧੧. ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ॥
ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ॥ ੨॥
(ਧਨਾਸਰੀ ਮ: ੩, ਆ. ਗ੍ਰੰ. ਪੰਨਾ ੬੬੬)

੧੨. ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ॥
ਖੋਲਿ੍ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ॥ ੧॥
(ਜੈਤਸਰੀ ਮ: ੫, ਆ. ਗ੍ਰੰ. ਪੰਨਾ ੭੦੩)

੧੩. ਸਗਲ ਗੁਣਾ ਕੇ ਦਾਤੇ ਸੁਆਮੀ ਬਿਨਉ ਸੁਨਹੁ ਇਕ ਦੀਨਾ॥
ਦੇਹੁ ਦਰਸੁ ਨਾਨਕ ਬਲਿਹਾਰੀ ਜੀਅੜਾ ਬਲਿ ਬਲਿ ਕੀਨਾ॥੧॥
ਇਹੁ ਤਨੁ ਮਨੁ ਤੇਰਾ ਸਭਿ ਗੁਣ ਤੇਰੇ॥ ਖੰਨੀਐ ਵੰਞਾ ਦਰਸਨ ਤੇਰੇ॥
ਦਰਸਨ ਤੇਰੇ ਸੁਣਿ ਪ੍ਰਭ ਮੇਰੇ ਨਿਮਖ ਦ੍ਰਿਸਟਿ ਪੇਖਿ ਜੀਵਾ॥
ਅੰਮ੍ਰਿਤ ਨਾਮੁ ਸੁਨੀਜੈ ਤੇਰਾ ਕਿਰਪਾ ਕਰਹਿ ਤ ਪੀਵਾ॥
ਆਸ ਪਿਆਸੀ ਪਿਰ ਕੈ ਤਾਈ ਜਿਉ ਚਾਤ੍ਰਿਕੁ ਬੂੰਦੇਰੇ॥
ਕਹੁ ਨਾਨਕ ਜੀਅੜਾ ਬਲਿਹਾਰੀ ਦੇਹੁ ਦਰਸੁ ਪ੍ਰਭ ਮੇਰੇ॥੨॥

(ਤੁਖਾਰੀ ਮ: ੫, ਆ. ਗ੍ਰੰ. ਪੰਨਾ ੧੧੧੭)

੧੪. ਨਿਰਗੁਨੀਆਰੇ ਕੀ ਬੇਨਤੀ ਦੇਹੁ ਦਰਸੁ ਹਰਿ ਰਾਇਓ॥੭॥
ਨਾਨਕ ਸਰਨਿ ਤੁਹਾਰੀ ਠਾਕੁਰ ਸੇਵਕੁ ਦੁਆਰੈ ਆਇਓ॥੮॥੨॥੧੪॥

(ਗਉੜੀ ਮ: ੩, ਆ. ਗ੍ਰੰ. ਪੰਨਾ ੨੪੧)

੧੫. ਮੰਗਤ ਜਨੁ ਜਾਚੈ ਦਾਨੁ ਹਰਿ ਦੇਹੁ ਸੁਭਾਇ॥
ਹਰਿ ਦਰਸਨ ਕੀ ਪਿਆਸ ਹੈ ਦਰਸਨਿ ਤ੍ਰਿਪਤਾਇ॥
ਖਿਨੁ ਪਲੁ ਘੜੀ ਨ ਜੀਵਊ ਬਿਨੁ ਦੇਖੇ ਮਰਾਂ ਮਾਇ॥

(ਸਾਰੰਗ ਕੀ ਵਾਰ ਮ: ੪, ਆ. ਗ੍ਰੰ. ਪੰਨਾ ੧੨੪੮)

# ਸੁਹਾਗ ਵੰਤੀ

## ਸ਼ਬਦ ਨੰ: ੯੦

ਗੁਨੁ ਅਵਗਨੁ ਮੇਰੋ ਕਛੁ ਨ ਬੀਚਾਰੋ।। ਨਹ ਦੇਖਿਓ ਰੂਪ ਰੰਗ ਸੀਗਾਰੋ।। ਚਜ ਅਚਾਰ ਕਿਛੁ ਬਿਧਿ ਨਹੀ ਜਾਨੀ।। ਬਾਹ ਪਕਰਿ ਪ੍ਰਿਅ ਸੇਜੈ ਆਨੀ।। ੧।। ਸੁਨਿਬੋ ਸਖੀ ਕੰਤਿ ਹਮਾਰੋ ਕੀਅਲੋ ਖਸਮਾਨਾ।। ਕਰੁ ਮਸਤਕਿ ਧਾਰਿ ਰਾਖਿਓ ਕਰਿ ਅਪੁਨਾ ਕਿਆ ਜਾਨੈ ਇਹੁ ਲੋਕੁ ਅਜਾਨਾ।। ੧।। ਰਹਾਉ।। ਸੁਹਾਗੁ ਹਮਾਰੋ ਅਬ ਹੁਣਿ ਸੋਹਿਓ।। ਕੰਤੁ ਮਿਲਿਓ ਮੇਰੋ ਸਭੁ ਦੁਖੁ ਜੋਹਿਓ।। ਆਂਗਨਿ ਮੇਰੈ ਸੋਭਾ ਚੰਦ।। ਨਿਸਿ ਬਾਸੁਰ ਪ੍ਰਿਅ ਸੰਗਿ ਅਨੰਦ।। ੨।। ਬਸਤ੍ਰ ਹਮਾਰੇ ਰੰਗਿ ਚਲੂਲ।। ਸਗਲ ਆਭਰਣ ਸੋਭਾ ਕੰਠਿ ਫੂਲ।। ਪ੍ਰਿਅ ਪੇਖੀ ਦ੍ਰਿਸਟਿ ਪਾਏ ਸਗਲ ਨਿਧਾਨ।। ਦੁਸਟ ਦੂਤ ਕੀ ਚੂਕੀ ਕਾਨਿ।। ੩।। ਸਦ ਖੁਸੀਆ ਸਦਾ ਰੰਗ ਮਾਣੇ।। ਨਉ ਨਿਧਿ ਨਾਮੁ ਗ੍ਰਿਹ ਮਹਿ ਤ੍ਰਿਪਤਾਨੇ।। ਕਹੁ ਨਾਨਕ ਜਉ ਪ੍ਰਿਅ ਸੀਗਾਰੀ।। ਥਿਰੁ ਸੋਹਾਗਨਿ ਸੰਗਿ ਭਤਾਰੀ।। ੪।। ੭।।

(ਆਸਾ ਮ: ੫, ਆ. ਗ੍ਰੰ. ਪੰਨਾ ੩੭੨)

SIKHBOOKCLUB.COM

## ਸੁਹਾਗੁ ਹਮਾਰੋ ਅਬ ਹੁਣਿ ਸੋਹਿਓ

੧. ਨਾ ਮੈ ਕੁਲੁ ਨਾ ਸੋਭਾਵੰਤ।। ਕਿਆ ਜਾਨਾ ਕਿਉ ਭਾਨੀ ਕੰਤ।।
ਮੋਹਿ ਅਨਾਥ ਗਰੀਬ ਨਿਮਾਨੀ।। ਕੰਤ ਪਕਰਿ ਹਮ ਕੀਨੀ ਰਾਨੀ।। ੩।।
ਜਬ ਮੁਖਿ ਪ੍ਰੀਤਮੁ ਸਾਜਨੁ ਲਾਗਾ।। ਸੂਖ ਸਹਜ ਮੇਰਾ ਧਨੁ ਸੋਹਾਗਾ।।
ਕਹੁ ਨਾਨਕ ਮੋਰੀ ਪੂਰਨ ਆਸਾ।।
ਸਤਿਗੁਰ ਮੇਲੀ ਪ੍ਰਭ ਗੁਣਤਾਸਾ।। ੪।। ੧।। ੯੫।।

(ਆਸਾ ਮ: ੫, ਆ. ਗ੍ਰੰ. ਪੰਨਾ ੩੯੪)

੨. ਸੇਜ ਸੁਹਾਵੀ ਰਸਿ ਬਨੀ।। ਆਇ ਮਿਲੇ ਪ੍ਰਭ ਸੁਖ ਧਨੀ ।। ੩।।
ਮੇਰਾ ਗੁਣੁ ਅਵਗਣੁ ਨ ਬੀਚਾਰਿਆ।।
ਪ੍ਰਭ ਨਾਨਕ ਚਰਣ ਪੂਜਾਰਿਆ।। ੪।। ੧।। ੧੪।।

(ਬਸੰਤੁ ਮ: ੫, ਆ. ਗ੍ਰੰ. ਪੰਨਾ ੧੧੮੪)

੩. ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ।।
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ।।
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ।।

(ਬਾਰਹਮਾਹਾ ਮਾਂਝ ਮ: ੫, ਆ. ਗ੍ਰੰ. ਪੰਨਾ ੧੩੬)

੪. ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ॥
ਵਰੁ ਪਾਇਆ ਪ੍ਰਭੁ ਅੰਤਰਜਾਮੀ ਨਾਨਕ ਸੋਹਾਗੁ ਨ ਟਲਿਆ॥ ੪॥ ੪॥
(ਗਉੜੀ ਮ: ੫, ਆ. ਗ੍ਰੰ. ਪੰਨਾ ੨੪੯)

੫. ਮੇਰੈ ਮਨਿ ਅਨਦੁ ਭਇਆ ਜੀਉ ਵਜੀ ਵਾਧਾਈ॥
ਘਰਿ ਲਾਲੁ ਆਇਆ ਪਿਆਰਾ ਸਭ ਤਿਖਾ ਬੁਝਾਈ॥
ਮਿਲਿਆ ਤ ਲਾਲੁ ਗੁਪਾਲੁ ਠਾਕੁਰੁ ਸਖੀ ਮੰਗਲੁ ਗਾਇਆ॥
ਸਭ ਮੀਤ ਬੰਧਪ ਹਰਖੁ ਉਪਜਿਆ ਦੂਤ ਥਾਉ ਗਵਾਇਆ॥
ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ ਵਿਛਾਈ॥
ਬਿਨਵੰਤਿ ਨਾਨਕੁ ਸਹਜਿ ਰਹੈ ਹਰਿ ਮਿਲਿਆ ਕੰਤੁ ਸੁਖਦਾਈ॥ ੪॥ ੧॥
(ਗਉੜੀ ਮ: ੫, ਆ. ਗ੍ਰੰ. ਪੰਨਾ ੨੪੭)

੬. ਹਮ ਘਰਿ ਸਾਚਾ ਸੋਹਿਲੜਾ ਪ੍ਰਭ ਆਇਅੜੇ ਮੀਤਾ ਰਾਮ॥
ਰਾਵੇ ਰੰਗਿ ਰਾਤਿਅੜਾ ਮਨੁ ਲੀਅੜਾ ਦੀਤਾ ਰਾਮ॥
(ਆਸਾ ਮ: ੧, ਆ. ਗ੍ਰੰ. ਪੰਨਾ ੪੩੬)

੭. ਸਬਦਿ ਰਤੇ ਹਉਮੈ ਗਈ ਸੋਭਾਵੰਤੀ ਨਾਰਿ॥
ਪਿਰ ਕੈ ਭਾਣੈ ਸਦਾ ਚਲੈ ਤਾ ਬਨਿਆ ਸੀਗਾਰੁ॥
ਸੇਜ ਸੁਹਾਵੀ ਸਦਾ ਪਿਰੁ ਰਾਵੈ ਹਰਿ ਵਰੁ ਪਾਇਆ ਨਾਰਿ॥
ਨਾ ਹਰਿ ਮਰੈ ਨ ਕਦੇ ਦੁਖੁ ਲਾਗੈ ਸਦਾ ਸੁਹਾਗਣਿ ਨਾਰਿ॥
ਨਾਨਕ ਹਰਿ ਪ੍ਰਭ ਮੇਲਿ ਲਈ ਗੁਰ ਕੈ ਹੇਤਿ ਪਿਆਰਿ॥ ੨॥
(ਸੋਰਠਿ ਕੀ ਵਾਰ ਮ: ੩, ਆ. ਗ੍ਰੰ. ਪੰਨਾ ੬੫੧)

੮. ਸਾ ਧਨ ਮਨਿ ਅਨਦੁ ਭਇਆ ਹਰਿ ਜੀਉ ਮੇਲਿ ਪਿਆਰੇ ਰਾਮ॥
ਸਾ ਧਨ ਹਰਿ ਕੈ ਰਸਿ ਰਸੀ ਗੁਰ ਕੈ ਸਬਦਿ ਅਪਾਰੇ ਰਾਮ॥
ਸਬਦਿ ਅਪਾਰੇ ਮਿਲੇ ਪਿਆਰੇ ਸਦਾ ਗੁਣ ਸਾਰੇ ਮਨਿ ਵਸੇ॥
ਸੇਜ ਸੁਹਾਵੀ ਜਾ ਪਿਰਿ ਰਾਵੀ ਮਿਲਿ ਪ੍ਰੀਤਮ ਅਵਗਣ ਨਸੇ॥
ਜਿਤੁ ਘਰਿ ਨਾਮੁ ਹਰਿ ਸਦਾ ਧਿਆਈਐ ਸੋਹਿਲੜਾ ਜੁਗ ਚਾਰੇ॥
ਨਾਨਕ ਨਾਮਿ ਰਤੇ ਸਦਾ ਅਨਦੁ ਹੈ
ਹਰਿ ਮਿਲਿਆ ਕਾਰਜ ਸਾਰੇ॥ ੪॥ ੧॥ ੬॥
(ਆਸਾ ਛੰਤ ਮ: ੩, ਆ. ਗ੍ਰੰ. ਪੰਨਾ ੪੪੦)

੯. ਜਿਸੁ ਘਰਿ ਵਸਿਆ ਕੰਤੁ ਸਾ ਵਡਭਾਗਣੇ॥
ਤਿਸੁ ਬਣਿਆ ਹਭੁ ਸੀਗਾਰੁ ਸਾਈ ਸੋਹਾਗਣੇ॥
ਹਉ ਸੁਤੀ ਹੋਇ ਅਚਿੰਤ ਮਨਿ ਆਸ ਪੁਰਾਈਆ॥
ਹਰਿਹਾਂ ਜਾ ਘਰਿ ਆਇਆ ਕੰਤੁ ਤ ਸਭੁ ਕਿਛੁ ਪਾਈਆ॥੪॥
(ਫੁਨਹੇ ਮ: ੫, ਆ. ਗ੍ਰੰ. ਪੰਨਾ ੧੩੬੧)

੧੦. ਮੋਰੈ ਹਾਥਿ ਪਦਮੁ ਆਗਨਿ ਸੁਖ ਬਾਸਨਾ॥
ਸਖੀ ਮੋਰੈ ਕੰਠਿ ਰਤੰਨੁ ਪੇਖਿ ਦੁਖੁ ਨਾਸਨਾ॥
ਬਾਸਉ ਸੰਗਿ ਗੁਪਾਲ ਸਗਲ ਸੁਖ ਰਾਸਿ ਹਰਿ॥
ਹਰਿਹਾਂ ਰਿਧਿ ਸਿਧਿ ਨਵ ਨਿਧਿ ਬਸਹਿ ਜਿਸੁ ਸਦਾ ਕਰਿ॥੭॥
(ਫੁਨਹੇ ਮ: ੫, ਆ. ਗ੍ਰੰ. ਪੰਨਾ ੧੩੬੨)

੧੧. ਵਧੁ ਸੁਖੁ ਰੈਨੜੀਏ ਪ੍ਰਿਅ ਪ੍ਰੇਮੁ ਲਗਾ॥
ਘਟੁ ਦੁਖ ਨੀਦੜੀਏ ਪਰਸਉ ਸਦਾ ਪਗਾ॥
(ਬਿਹਾਗੜਾ ਮ: ੫, ਆ. ਗ੍ਰੰ. ਪੰਨਾ ੫੪੪)

੧੨. ਦੁਸਟ ਬਿਦਾਰੇ ਸਾਜਨ ਰਹਸੇ ਇਹਿ ਮੰਦਿਰ ਘਰ ਅਪਨਾਏ॥
ਜਉ ਗ੍ਰਿਹਿ ਲਾਲੁ ਰੰਗੀਓ ਆਇਆ ਤਉ ਮੈ ਸਭਿ ਸੁਖ ਪਾਏ॥੩॥
ਸੰਤ ਸਭਾ ਓਟ ਗੁਰ ਪੂਰੇ ਧੁਰਿ ਮਸਤਕਿ ਲੇਖੁ ਲਿਖਾਏ॥
ਜਨ ਨਾਨਕ ਕੰਤੁ ਰੰਗੀਲਾ ਪਾਇਆ
ਫਿਰਿ ਦੂਖੁ ਨ ਲਾਗੈ ਆਇ॥੪॥੧॥
(ਮਲਾਰ ਮ: ੫, ਆ. ਗ੍ਰੰ. ਪੰਨਾ ੧੨੬੬)

੧੩. ਪ੍ਰਗਟਿਆ ਸੂਰੁ ਜੋਤਿ ਉਜੀਆਰਾ॥ ਸੇਜ ਵਿਛਾਈ ਸਰਧ ਅਪਾਰਾ॥
ਨਵ ਰੰਗ ਲਾਲੁ ਸੇਜ ਰਾਵਣ ਆਇਆ॥
ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ॥੪॥੪॥
(ਸੂਹੀ ਮ: ੫, ਆ. ਗ੍ਰੰ. ਪੰਨਾ ੭੩੭)

੧੪. ਮੇਰੀ ਸੇਜੜੀਐ ਆਡੰਬਰੁ ਬਣਿਆ॥
ਮਨਿ ਅਨਦੁ ਭਇਆ ਪ੍ਰਭੁ ਆਵਤ ਸੁਣਿਆ॥
ਪ੍ਰਭ ਮਿਲੇ ਸੁਆਮੀ ਸੁਖਹ ਗਾਮੀ ਚਾਵ ਮੰਗਲ ਰਸ ਭਰੇ॥
ਅੰਗ ਸੰਗਿ ਲਾਗੇ ਦੂਖ ਭਾਗੇ ਪ੍ਰਾਣ ਮਨ ਤਨ ਸਭਿ ਹਰੇ॥
ਮਨ ਇਛ ਪਾਈ ਪ੍ਰਭ ਧਿਆਈ ਸੰਜੋਗੁ ਸਾਹਾ ਸੁਭ ਗਣਿਆ॥
ਬਿਨਵੰਤਿ ਨਾਨਕ ਮਿਲੇ ਸ੍ਰੀਧਰ ਸਗਲ ਆਨੰਦ ਰਸੁ ਬਣਿਆ॥੨॥
(ਆਸਾ ਮ: ੫, ਆ. ਗ੍ਰੰ. ਪੰਨਾ ੪੫੯)

# ਜਨ ਨਾਨਕ ਕਉ ਹਰਿ ਦਰਸ ਦਿਖਾਇਆ

੧. ਇਛ ਪੁੰਨੀ ਮੇਰੀ ਮਨੁ ਤਨੁ ਹਰਿਆ ਜੀਉ॥
ਦਰਸਨ ਪੇਖਤ ਸਭ ਦੁਖ ਪਰਹਰਿਆ ਜੀਉ॥
ਹਰਿ ਹਰਿ ਨਾਮੁ ਜਪੇ ਜਪਿ ਤਰਿਆ ਜੀਉ॥
ਇਹੁ ਅਜਰੁ ਨਾਨਕ ਸੁਖੁ ਸਹੀਐ ਜੀਉ॥੪॥੨॥੧੬੭॥
(ਗਉੜੀ ਮਾਝ ਮ: ੫, ਆ. ਗ੍ਰੰ. ਪੰਨਾ ੨੧੭)

੨. ਦਰਸਨੁ ਦੇਖਤ ਦੋਖ ਨਸੇ॥
ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ॥੧॥ ਰਹਾਉ॥
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੬)

੩. ਮਾਈ ਸੰਤ ਸੰਗਿ ਜਾਗੀ॥
ਪ੍ਰਿਅ ਰੰਗ ਦੇਖੈ ਜਪਤੀ ਨਾਮੁ ਨਿਧਾਨੀ॥ ਰਹਾਉ॥
ਦਰਸਨ ਪਿਆਸ ਲੋਚਨ ਤਾਰ ਲਾਗੀ॥ ਬਿਸਰੀ ਤਿਆਸ ਬਿਡਾਨੀ॥੧॥
ਅਬ ਗੁਰੁ ਪਾਇਓ ਹੈ ਸਹਜ ਸੁਖਦਾਇਕ ਦਰਸਨੁ ਪੇਖਤ ਮਨੁ ਲਪਟਾਨੀ॥
ਦੇਖਿ ਦਮੋਦਰ ਰਹਸੁ ਮਨਿ ਉਪਜਿਓ
ਨਾਨਕ ਪ੍ਰਿਅ ਅੰਮ੍ਰਿਤ ਬਾਨੀ॥੨॥੧॥
(ਕੇਦਾਰਾ ਮ: ੫, ਆ. ਗ੍ਰੰ. ਪੰਨਾ ੧੧੧੯)

੪. ਦਰਸਨ ਦੇਖਿ ਸੀਤਲ ਮਨ ਭਏ॥
ਜਨਮ ਜਨਮ ਕੇ ਕਿਲਬਿਖ ਗਏ॥੩॥
ਕਹੁ ਨਾਨਕ ਕਹਾ ਭੈ ਭਾਈ॥
ਅਪਨੇ ਸੇਵਕ ਕੀ ਆਪਿ ਪੈਜ ਰਖਾਈ॥੪॥੧੧੨॥
(ਗਉੜੀ ਮ: ੫, ਆ. ਗ੍ਰੰ. ਪੰਨਾ ੨੦੨)

੫. ਦਰਸਨੁ ਦੇਖਿ ਭਈ ਮਤਿ ਪੂਰੀ॥
ਅਠਸਠਿ ਮਜਨੁ ਚਰਨਹ ਧੂਰੀ॥੧॥ ਰਹਾਉ॥
ਨੇਤ੍ਰ ਸੰਤੋਖੇ ਏਕ ਲਿਵ ਤਾਰਾ॥ ਜਿਹਵਾ ਸੂਚੀ ਹਰਿ ਰਸ ਸਾਰਾ॥੨॥
(ਗਉੜੀ ਮ: ੧, ਆ. ਗ੍ਰੰ. ਪੰਨਾ ੨੨੪)

੬. ਮਾਈ ਰੀ ਚਰਨਹ ਓਟ ਗਹੀ॥
ਦਰਸਨੁ ਪੇਖਿ ਮੇਰਾ ਮਨੁ ਮੋਹਿਓ ਦੁਰਮਤਿ ਜਾਤ ਬਹੀ॥੧॥ ਰਹਾਉ॥
(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੨੫)

੭. ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ॥
ਹਉ ਆਕਲ ਬਿਕਲ ਭਈ ਗੁਰ ਦੇਖੇ
ਹਉ ਲੋਟ ਪੋਟ ਹੋਇ ਪਈਆ॥ ੧॥ ਰਹਾਉ॥

(ਬਿਲਾਵਲੁ ਮ: ੪, ਆ. ਗ੍ਰੰ. ਪੰਨਾ ੮੩੬)

੮. ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ॥
ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ॥

(ਸੂਹੀ ਮ: ੧, ਆ. ਗ੍ਰੰ. ਪੰਨਾ ੭੬੪)

੯. ਭਾਗੁ ਹੋਆ ਗੁਰਿ ਸੰਤੁ ਮਿਲਾਇਆ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥
ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ॥ ੪॥
ਹਉ ਘੋਲੀ ਜੀਉ ਘੋਲਿ ਘੁਮਾਈ
ਜਨ ਨਾਨਕ ਦਾਸ ਤੁਮਾਰੇ ਜੀਉ॥ ਰਹਾਉ॥ ੧॥ ੮॥

(ਮਾਝ ਮ: ੫, ਆ. ਗ੍ਰੰ. ਪੰਨਾ ੯੭)

੧੦. ਦੇਖਿ ਚਰਿਤ੍ਰ ਭਈ ਹਉ ਬਿਸਮਨਿ ਗੁਰਿ ਸਤਿਗੁਰਿ ਪੁਰਖਿ ਮਿਲਾਈ॥
ਪ੍ਰਭ ਰੰਗ ਦਇਆਲ ਮੋਹਿ ਗ੍ਰਿਹ ਮਹਿ ਪਾਇਆ
ਜਨ ਨਾਨਕ ਤਪਤਿ ਬੁਝਾਈ॥ ੪॥ ੧॥ ੧੫॥

(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੦੭)

੧੧. ਮਿਟੇ ਜੰਜਾਲ ਹੋਏ ਪ੍ਰਭ ਦਇਆਲ॥
ਗੁਰ ਕਾ ਦਰਸਨੁ ਦੇਖਿ ਨਿਹਾਲ॥
ਪਰਾ ਪੂਰਬਲਾ ਕਰਮੁ ਬਣਿ ਆਇਆ॥
ਹਰਿ ਕੇ ਗੁਣ ਨਿਤ ਰਸਨਾ ਗਾਇਆ॥ ੩॥

(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੯੭)

੧੨. ਜਬ ਲਗੁ ਦਰਸੁ ਨ ਪਰਸੈ ਪ੍ਰੀਤਮ ਤਬ ਲਗੁ ਭੂਖ ਪਿਆਸੀ॥
ਦਰਸਨੁ ਦੇਖਤ ਹੀ ਮਨੁ ਮਾਨਿਆ ਜਲ ਰਸਿ ਕਮਲ ਬਿਗਾਸੀ॥ ੧॥

(ਸਾਰੰਗ ਮ: ੧, ਆ. ਗ੍ਰੰ. ਪੰਨਾ ੧੧੯੭)

੧੩. ਅਬ ਮੋਰੋ ਪੰਚਾ ਤੇ ਸੰਗੁ ਤੂਟਾ॥
ਦਰਸਨੁ ਦੇਖਿ ਭਏ ਮਨਿ ਆਨਦ ਗੁਰ ਕਿਰਪਾ ਤੇ ਛੂਟਾ॥ ੧॥ ਰਹਾਉ॥

(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੧੦)

੧੪. ਭਏ ਕ੍ਰਿਪਾਲ ਗੁਸਾਈ ਮੇਰੇ॥ ਦਰਸਨੁ ਪਾਇਆ ਸਤਿਗੁਰ ਪੂਰੇ॥
ਸੂਖ ਸਹਜ ਸਦਾ ਆਨੰਦਾ ਨਾਨਕ ਦਾਸ ਦਸਾਇਣਾ॥ ੧੫॥ ੨॥ ੭॥

(ਮਾਰੂ ਮ: ੫, ਆ. ਗ੍ਰੰ. ਪੰਨਾ ੧੦੭੮)

# ਬਾਲਕ ਦੇ ਜਨਮ ਸਮੇਂ ਪੜ੍ਹਨ ਵਾਲੇ ਸ਼ਬਦ

## ਸ਼ਬਦ ਨੰ: ੬੧

ਸਤਿਗੁਰ ਸਾਚੈ ਦੀਆ ਭੇਜਿ ।। ਚਿਰੁ ਜੀਵਨੁ ਉਪਜਿਆ ਸੰਜੋਗਿ ।। ਉਦਰੈ ਮਾਹਿ ਆਇ ਕੀਆ ਨਿਵਾਸੁ ।। ਮਾਤਾ ਕੈ ਮਨਿ ਬਹੁਤੁ ਬਿਗਾਸੁ ।। ੧ ।। ਜੰਮਿਆ ਪੂਤੁ ਭਗਤੁ ਗੋਵਿੰਦ ਕਾ ।। ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ।। ੧ ।। ਰਹਾਉ ।। ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ।। ਮਿਟਿਆ ਸੋਗੁ ਮਹਾ ਅਨੰਦੁ ਥੀਆ ।। ਗੁਰਬਾਣੀ ਸਖੀ ਅਨੰਦੁ ਗਾਵੈ ।। ਸਾਚੇ ਸਾਹਿਬ ਕੈ ਮਨਿ ਭਾਵੈ ।। ੨ ।। ਵਧੀ ਵੇਲਿ ਬਹੁ ਪੀੜੀ ਚਾਲੀ ।। ਧਰਮ ਕਲਾ ਹਰਿ ਬੰਧਿ ਬਹਾਲੀ ।। ਮਨ ਚਿੰਦਿਆ ਸਤਿਗੁਰੂ ਦਿਵਾਇਆ ।। ਭਏ ਅਚਿੰਤ ਏਕ ਲਿਵ ਲਾਇਆ ।। ੩ ।। ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ।। ਬੁਲਾਇਆ ਬੋਲੈ ਗੁਰ ਕੈ ਭਾਣਿ ।। ਗੁਝੀ ਛੰਨੀ ਨਾਹੀ ਬਾਤ ।। ਗੁਰੁ ਨਾਨਕੁ ਤੁਠਾ ਕੀਨੀ ਦਾਤਿ ।। ੪ ।। ੭ ।। ੧੦੧ ।। (ਆਸਾ ਮ: ੫, ਆ. ਗ੍ਰੰ. ਪੰਨਾ ੩੯੬)

SIKHBOOKCLUB.COM

## ਸ਼ਬਦ ਨੰ: ੬੨

ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮ੍ਹਾਰਿਆ ।। ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ ।। ੧ ।। ਕਾਰਜੁ ਸਤਿਗੁਰਿ ਆਪਿ ਸਵਾਰਿਆ ।। ਵਡੀ ਆਰਜਾ ਹਰਿ ਗੋਬਿੰਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ ।। ੧ ।। ਰਹਾਉ ।। ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ ।। ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ ।। ੨ ।। ੫ ।। ੨੩ ।।

(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੦੬)

# ਕਾਰਜੁ ਸਤਿਗੁਰਿ ਆਪਿ ਸਵਾਰਿਆ

੧. ਧਰਣਿ ਸੁਵੰਨੀ ਖੜ ਰਤਨ ਜੜਾਵੀ ਹਰਿ ਪ੍ਰੇਮ ਪੁਰਖੁ ਮਨਿ ਵੁਠਾ ।।
ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰੁ ਤੁਠਾ ।। ੧ ।।
(ਗਉੜੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੩੨੨)

੨. ਗੁਰਿ ਪੂਰੈ ਕਿਰਪਾ ਧਾਰੀ ।। ਪ੍ਰਭਿ ਪੂਰੀ ਲੋਚ ਹਮਾਰੀ ।।
ਕਰਿ ਇਸਨਾਨੁ ਗ੍ਰਿਹਿ ਆਏ ।। ਅਨਦ ਮੰਗਲ ਸੁਖ ਪਾਏ ।। ੧ ।।
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੨੧)

੩. ਮਨ ਇਛੇ ਸੇਈ ਫਲ ਪਾਏ ਹਰਿ ਕੀ ਕਥਾ ਸੁਹੇਲੀ॥
ਆਦਿ ਅੰਤਿ ਮਧਿ ਨਾਨਕ ਕਉ ਸੋ ਪ੍ਰਭੁ ਹੋਆ ਬੇਲੀ॥੪॥੧੬॥੨੭॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੧੬)

੪. ਪਾਰਬ੍ਰਹਮ ਪ੍ਰਭ ਭਏ ਕ੍ਰਿਪਾਲ॥
ਕਾਰਜ ਸਗਲ ਸਵਾਰੇ ਸਤਿਗੁਰ
ਜਪਿ ਜਪਿ ਸਾਧੂ ਭਏ ਨਿਹਾਲ॥੧॥ ਰਹਾਉ॥
ਅੰਗੀਕਾਰੁ ਕੀਆ ਪ੍ਰਭਿ ਅਪਨੈ ਦੋਖੀ ਸਗਲੇ ਭਏ ਰਵਾਲ॥
ਕੰਠਿ ਲਾਇ ਰਾਖੇ ਜਨ ਅਪਨੇ ਉਧਰਿ ਲੀਏ ਲਾਇ ਅਪਨੈ ਪਾਲ॥੧॥
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੬)

੫. ਸਤਿਗੁਰ ਅਪੁਨੇ ਸੁਨੀ ਅਰਦਾਸਿ॥ ਕਾਰਜੁ ਆਇਆ ਸਗਲਾ ਰਾਸਿ॥
ਮਨ ਤਨ ਅੰਤਰਿ ਪ੍ਰਭੂ ਧਿਆਇਆ॥
ਗੁਰ ਪੂਰੇ ਡਰੁ ਸਗਲ ਚੁਕਾਇਆ॥੧॥
ਸਭ ਤੇ ਵਡ ਸਮਰਥ ਗੁਰਦੇਵ॥ ਸਭਿ ਸੁਖ ਪਾਈ ਤਿਸ ਕੀ ਸੇਵ॥ ਰਹਾਉ॥
(ਭੈਰਉ ਮ: ੫, ਆ. ਗ੍ਰੰ. ਪੰਨਾ ੧੧੫੨)

੬. ਭੀੜਹੁ ਮੋਕਲਾਈ ਕੀਤੀਅਨੁ ਸਭ ਰਖੇ ਕੁਟੰਬੈ ਨਾਲਿ॥
ਕਾਰਜ ਆਪਿ ਸਵਾਰਿਅਨੁ ਸੋ ਪ੍ਰਭ ਸਦਾ ਸਭਾਲਿ॥
ਪ੍ਰਭੁ ਮਾਤ ਪਿਤਾ ਕੰਠਿ ਲਾਇਦਾ ਲਹੁੜੇ ਬਾਲਕ ਪਾਲਿ॥
ਦਇਆਲ ਹੋਏ ਸਭ ਜੀਅ ਜੰਤ੍ਰ ਹਰਿ ਨਾਨਕ ਨਦਰਿ ਨਿਹਾਲ॥੧॥
(ਰਾਮਕਲੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੯੫੭)

੭. ਗੁਰੁ ਪੂਰਾ ਨਮਸਕਾਰੇ॥ ਪ੍ਰਭਿ ਸਭੇ ਕਾਜ ਸਵਾਰੇ॥
ਹਰਿ ਅਪਣੀ ਕਿਰਪਾ ਧਾਰੀ॥ ਪ੍ਰਭ ਪੂਰਨ ਪੈਜ ਸਵਾਰੀ॥੧॥
ਅਪਨੇ ਦਾਸ ਕੋ ਭਇਓ ਸਹਾਈ॥
ਸਗਲ ਮਨੋਰਥ ਕੀਨੇ ਕਰਤੈ ਊਣੀ ਬਾਤ ਨ ਕਾਈ॥ ਰਹਾਉ॥੧॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੨੫)

੮. ਪਾਰਬ੍ਰਹਮਿ ਨਿਬਾਹੀ ਪੂਰੀ॥ ਕਾਈ ਬਾਤ ਨ ਰਹੀਆ ਊਰੀ॥
ਗੁਰਿ ਚਰਨ ਲਾਇ ਨਿਸਤਾਰੇ॥ ਹਰਿ ਹਰਿ ਨਾਮੁ ਸਮ੍ਹਾਰੇ॥੧॥
ਅਪਨੇ ਦਾਸ ਕਾ ਸਦਾ ਰਖਵਾਲਾ॥
ਕਰਿ ਕਿਰਪਾ ਅਪੁਨੇ ਕਰਿ ਰਾਖੇ ਮਾਤ ਪਿਤਾ ਜਿਉ ਪਾਲਾ॥੧॥ ਰਹਾਉ॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੨੩)

੯. ਵਡੀ ਵਡਿਆਈ ਅਚਰਜ ਸੋਭਾ ਕਾਰਜੁ ਆਇਆ ਰਾਸੇ॥
ਨਾਨਕ ਕਉ ਗੁਰੁ ਪੂਰਾ ਭੇਟਿਓ ਸਗਲੇ ਦੂਖ ਬਿਨਾਸੇ॥ ੪॥ ੫॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੦੯)

੧੦. ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ॥
ਕ੍ਰਿਪਾ ਕਟਾਖ੍ਹ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ॥ ੧॥
ਹਰਿ ਜਨ ਰਾਖੇ ਗੁਰ ਗੋਵਿੰਦ॥
ਕੰਠਿ ਲਾਇ ਅਵਗੁਣ ਸਭਿ ਮੇਟੇ
ਦਇਆਲ ਪੁਰਖ ਬਖਸੰਦ॥ ਰਹਾਉ॥
ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥ ੨॥ ੧੪॥ ੪੫॥
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੮੧)

੧੧. ਸੂਖ ਸਹਜ ਆਨੰਦ ਘਣਾ ਨਾਨਕ ਜਨ ਧੂਰਾ॥
ਕਾਰਜ ਸਗਲੇ ਸਿਧਿ ਭਏ ਭੇਟਿਆ ਗੁਰੁ ਪੂਰਾ॥ ੪॥ ੧੦॥ ੧੧੨॥
(ਆਸਾ ਮ: ੫, ਆ. ਗ੍ਰੰ. ਪੰਨਾ ੩੯੯)

੧੨. ਗੁਰ ਮਿਲਿ ਪ੍ਰਭੂ ਚਿਤਾਰਿਆ॥ ਕਾਰਜ ਸਭਿ ਸਵਾਰਿਆ॥
ਮੰਦਾ ਕੋ ਨ ਅਲਾਏ॥ ਸਭ ਜੈ ਜੈ ਕਾਰੁ ਸੁਣਾਏ॥ ੧॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੨੭)

੧੩. ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ॥
ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ
ਤੇਰਿਆ ਚਰਣਾ ਕਉ ਬਲਿਹਾਰਾ॥ ੪॥ ੧॥ ੪੭॥
(ਸੂਹੀ ਮ: ੫, ਆ. ਗ੍ਰੰ. ਪੰਨਾ ੭੪੭)

੧੪. ਦੋਵੈ ਥਾਵ ਰਖੇ ਗੁਰ ਸੂਰੇ॥
ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ॥ ੧॥ ਰਹਾਉ॥
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੫)

# ਖੁਸ਼ੀ ਦੇ ਸਮਾਗਮਾਂ ਤੇ ਪੜ੍ਹਨ ਵਾਲੇ ਸ਼ਬਦ

## ਸ਼ਬਦ ਨੰ: ੬੩

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥ ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥੧॥ ਸੇਵਕ ਕਉ ਨਿਕਟੀ ਹੋਇ ਦਿਖਾਵੈ॥ ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥ ੧॥ ਰਹਾਉ॥ ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ ॥ ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ॥ ੨॥ ੭॥ ੧੨੯॥

(ਆਸਾ ਮ: ੫, ਆ. ਗ੍ਰੰ. ਪੰਨਾ ੪੦੩)

## ਸ਼ਬਦ ਨੰ: ੬੪

ਜਿਸ ਨੋ ਤੂ ਰਖਵਾਲਾ ਮਾਰੇ ਤਿਸੁ ਕਉਣੁ॥ ਜਿਸ ਨੋ ਤੂ ਰਖਵਾਲਾ ਜਿਤਾ ਤਿਨੈ ਭੈਣੁ॥ ਜਿਸ ਨੋ ਤੇਰਾ ਅੰਗੁ ਤਿਸੁ ਮੁਖੁ ਉਜਲਾ॥ ਜਿਸ ਨੋ ਤੇਰਾ ਅੰਗੁ ਸੁ ਨਿਰਮਲੀ ਹੂੰ ਨਿਰਮਲਾ॥ ਜਿਸ ਨੋ ਤੇਰੀ ਨਦਰਿ ਨ ਲੇਖਾ ਪੁਛੀਐ॥ ਜਿਸ ਨੋ ਤੇਰੀ ਖੁਸੀ ਤਿਨਿ ਨਉ ਨਿਧਿ ਭੁੰਚੀਐ॥ ਜਿਸ ਨੋ ਤੂ ਪ੍ਰਭ ਵਲਿ ਤਿਸੁ ਕਿਆ ਮੁਹਛੰਦਗੀ ॥ ਜਿਸ ਨੋ ਤੇਰੀ ਮਿਹਰ ਸੁ ਤੇਰੀ ਬੰਦਿਗੀ॥ ੮॥

(ਰਾਮਕਲੀ ਮ: ੫, ਆ. ਗ੍ਰੰ. ਪੰਨਾ ੯੬੧)

# ਅਪਨੇ ਸੇਵਕ ਕੀ ਆਪੇ ਰਾਖੈ

੧. ਅਪੁਨੇ ਜਨ ਕਾ ਪਰਦਾ ਢਾਕੈ॥ ਅਪਨੇ ਸੇਵਕ ਕੀ ਸਰਪਰ ਰਾਖੈ॥
ਅਪਨੇ ਦਾਸ ਕਉ ਦੇਇ ਵਡਾਈ॥ ਅਪਨੇ ਸੇਵਕ ਕਉ ਨਾਮੁ ਜਪਾਈ॥
ਅਪਨੇ ਸੇਵਕ ਕੀ ਆਪਿ ਪਤਿ ਰਾਖੈ॥ ਤਾ ਕੀ ਗਤਿ ਮਿਤਿ ਕੋਇ ਨ ਲਾਖੈ॥

(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੮੫)

੨. ਜੀਅ ਜੰਤ੍ਰ ਸਭਿ ਤਿਸ ਕੇ ਕੀਏ ਸੋਈ ਸੰਤ ਸਹਾਈ॥
ਅਪੁਨੇ ਸੇਵਕ ਕੀ ਆਪੇ ਰਾਖੈ ਪੂਰਨ ਭਈ ਬਡਾਈ॥ ੧॥
ਪਾਰਬ੍ਰਹਮੁ ਪੂਰਾ ਮੇਰੈ ਨਾਲਿ॥
ਗੁਰਿ ਪੂਰੈ ਪੂਰੀ ਸਭ ਰਾਖੀ ਹੋਏ ਸਰਬ ਦਇਆਲ॥ ੧॥ ਰਹਾਉ॥

 www.sikhbookclub.com

ਅਨਦਿਨੁ ਨਾਨਕੁ ਨਾਮੁ ਧਿਆਏ ਜੀਅ ਪ੍ਰਾਨ ਕਾ ਦਾਤਾ॥
ਅਪੁਨੇ ਦਾਸ ਕਉ ਕੰਠਿ ਲਾਇ ਰਾਖੈ
ਜਿਉ ਬਾਰਿਕ ਪਿਤ ਮਾਤਾ॥ ੨॥ ੨੨॥ ੫੦॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੨੧)

੩. ਸਾਚਾ ਸਾਹਿਬੁ ਅਮਿਤਿ ਵਡਾਈ ਭਗਤਿ ਵਛਲ ਦਇਆਲਾ ॥
ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ॥ ੨॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੧੧)

੪. ਧਨੁ ਮਾਲੁ ਜੋਬਨੁ ਜੁਗਤਿ ਗੋਪਾਲ॥ ਜੀਅ ਪ੍ਰਾਣ ਨਿਤ ਸੁਖ ਪ੍ਰਤਿਪਾਲ॥
ਅਪਨੇ ਦਾਸ ਕਉ ਦੇ ਰਾਖੈ ਹਾਥ॥ ਨਿਮਖ ਨ ਛੋਡੈ ਸਦ ਹੀ ਸਾਥ॥ ੨॥
ਹਰਿ ਸਾ ਪ੍ਰੀਤਮੁ ਅਵਰੁ ਨ ਕੋਇ॥ ਸਾਰਿ ਸਮ੍ਹਾਲੇ ਸਾਚਾ ਸੋਇ॥
(ਭੈਰਉ ਮ: ੫, ਆ. ਗ੍ਰੰ. ਪੰਨਾ ੧੧੫੧)

੫. ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ॥
ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ॥
ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ ਮਨਮੁਖ ਭਰਮਿ ਭੁਲਾਇਆ॥ ੧॥
ਹਰਿ ਜੀ ਏਹ ਤੇਰੀ ਵਡਿਆਈ॥
ਭਗਤਾ ਕੀ ਪੈਜ ਰਖੁ ਤੂ ਸੁਆਮੀ ਭਗਤ ਤੇਰੀ ਸਰਣਾਈ॥ ਰਹਾਉ॥
ਭਗਤਾ ਨੋ ਜਮੁ ਜੋਹਿ ਨ ਸਾਕੈ ਕਾਲੁ ਨ ਨੇੜੈ ਜਾਈ॥
ਕੇਵਲ ਰਾਮ ਨਾਮੁ ਮਨਿ ਵਸਿਆ ਨਾਮੇ ਹੀ ਮੁਕਤਿ ਪਾਈ॥
ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ ਗੁਰ ਕੈ ਸਹਜਿ ਸੁਭਾਈ॥ ੨॥
(ਸੋਰਠਿ ਮ: ੩, ਆ. ਗ੍ਰੰ. ਪੰਨਾ ੬੩੭)

੬. ਸੇਵਕ ਕਉ ਪ੍ਰਭ ਪਾਲਨਹਾਰਾ॥ ਸੇਵਕ ਕੀ ਰਾਖੈ ਨਿਰੰਕਾਰਾ॥
ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ॥
ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ॥ ੩॥
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੮੫)

੭. ਪ੍ਰਹਲਾਦੁ ਦੁਬਿਧਾ ਨ ਪੜੈ ਹਰਿ ਨਾਮੁ ਨ ਛੋਡੈ ਡਰੈ ਨ ਕਿਸੈ ਦਾ ਡਰਾਇਆ॥
ਸੰਤ ਜਨਾ ਕਾ ਹਰਿ ਜੀਉ ਰਾਖਾ ਦੈਤੈ ਕਾਲੁ ਨੇੜਾ ਆਇਆ॥ ੪॥
ਆਪਣੀ ਪੈਜ ਆਪੇ ਰਾਖੈ ਭਗਤਾਂ ਦੇਇ ਵਡਿਆਈ॥
ਨਾਨਕ ਹਰਣਾਖਸੁ ਨਖੀ ਬਿਦਾਰਿਆ
ਅੰਧੈ ਦਰ ਕੀ ਖਬਰਿ ਨ ਪਾਈ॥ ੫॥ ੧੧॥ ੨੧॥
(ਭੈਰਉ ਮ: ੩, ਆ. ਗ੍ਰੰ. ਪੰਨਾ ੧੧੩੩)

੮. ਅਪਨੇ ਸੇਵਕ ਕਉ ਸਦਾ ਪ੍ਰਤਿਪਾਰੈ।। ਭਗਤ ਜਨਾ ਕੇ ਸਾਸ ਨਿਹਾਰੈ।।
ਮਾਨਸ ਕੀ ਕਹੁ ਕੇਤਕ ਬਾਤ।। ਜਮ ਤੇ ਰਾਖੈ ਦੇ ਕਰਿ ਹਾਥ।। ੩।।
(ਭੈਰਉ ਮ: ੫, ਆ. ਗ੍ਰੰ. ਪੰਨਾ ੧੧੪੯)

੯. ਕਥਾ ਪੁਰਾਤਨ ਇਉ ਸੁਣੀ ਭਗਤਨ ਕੀ ਬਾਨੀ।।
ਸਗਲ ਦੁਸਟ ਖੰਡ ਖੰਡ ਕੀਏ ਜਨ ਲੀਏ ਮਾਨੀ।। ੩।।
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੧੫)

੧੦. ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ।।
ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ।। ੩।।
(ਸੂਹੀ ਮ: ੪, ਆ. ਗ੍ਰੰ. ਪੰਨਾ ੭੩੩)

੧੧. ਸੁਣਿ ਸੁਣਿ ਜੀਵੈ ਦਾਸੁ ਤੁਮ੍ ਬਾਣੀ ਜਨ ਆਖੀ।।
ਪ੍ਰਗਟ ਭਈ ਸਭ ਲੋਅ ਮਹਿ ਸੇਵਕ ਕੀ ਰਾਖੀ।। ੧।। ਰਹਾਉ।।
ਅਗਨਿ ਸਾਗਰ ਤੇ ਕਾਢਿਆ ਪ੍ਰਭਿ ਜਲਨਿ ਬੁਝਾਈ।।
ਅੰਮ੍ਰਿਤੁ ਨਾਮੁ ਜਲੁ ਸੰਚਿਆ ਗੁਰ ਭਏ ਸਹਾਈ।। ੨।।
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੧੪)

# ਜਿਸ ਨੋ ਤੂ ਰਖਵਾਲਾ ਮਾਰੇ ਤਿਸੁ ਕਉਣੁ

੧. ਜਿਸੁ ਊਪਰਿ ਹਰਿ ਕਾ ਮਨੁ ਮਾਨਿਆ।।
ਸੋ ਸੇਵਕੁ ਚਹੁ ਜੁਗ ਚਹੁ ਕੁੰਟ ਜਾਨਿਆ।।
ਜੇ ਉਸ ਕਾ ਬੁਰਾ ਕਹੈ ਕੋਈ ਪਾਪੀ ਤਿਸੁ ਜਮਕੰਕਰੁ ਖਾਈ ਜੀਉ।। ੩।।
ਸਭ ਮਹਿ ਏਕੁ ਨਿਰੰਜਨ ਕਰਤਾ।। ਸਭਿ ਕਰਿ ਕਰਿ ਵੇਖੈ ਅਪਣੇ ਚਲਤਾ।।
ਜਿਸੁ ਹਰਿ ਰਾਖੈ ਤਿਸੁ ਕਉਣੁ ਮਾਰੈ
ਜਿਸੁ ਕਰਤਾ ਆਪਿ ਛਡਾਈ ਜੀਉ।। ੪।।
(ਮਾਰੂ ਮ: ੪, ਆ. ਗ੍ਰੰ. ਪੰਨਾ ੯੯੮)

੨. ਜਿਸੁ ਤੂ ਰਾਖਹਿ ਤਿਸੁ ਕਉਨੁ ਮਾਰੈ।। ਸਭ ਤੁਝਹੀ ਅੰਤਰਿ ਸਗਲ ਸੰਸਾਰੈ।।
ਕੋਟਿ ਉਪਾਵ ਚਿਤਵਤ ਹੈ ਪ੍ਰਾਣੀ।। ਸੋ ਹੋਵੈ ਜਿ ਕਰੈ ਚੋਜ ਵਿਡਾਣੀ।। ੧।।
(ਭੈਰਉ ਮ: ੫, ਆ. ਗ੍ਰੰ. ਪੰਨਾ ੧੧੩੯)

੩. ਜਿਨਾ ਅੰਦਰਿ ਨਾਮੁ ਨਿਧਾਨੁ ਹਰਿ ਤਿਨ ਕੇ ਕਾਜ ਦਯਿ ਆਦੇ ਰਾਸਿ।।
ਤਿਨ ਚੂਕੀ ਮੁਹਤਾਜੀ ਲੋਕਨ ਕੀ ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ।।
ਜਾਂ ਕਰਤਾ ਵਲਿ ਤਾ ਸਭੁ ਕੋ ਵਲਿ ਸਭਿ ਦਰਸਨੁ ਦੇਖਿ ਕਰਹਿ ਸਾਬਾਸਿ।।

ਸਾਹੁ ਪਾਤਿਸਾਹੁ ਸਭਿ ਹਰਿ ਕਾ ਕੀਆ
ਸਭਿ ਜਨ ਕਉ ਆਇ ਕਰਹਿ ਰਹਰਾਸਿ॥

(ਗਉੜੀ ਵਾਰ ਮ: ੪, ਆ. ਗ੍ਰੰ. ਪੰਨਾ ੩੦੫)

੪. ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ॥
ਜਿਸੁ ਜਨ ਊਪਰਿ ਤੇਰੀ ਕਿਰਪਾ ਤਿਸੁ ਕਉ ਬਿਪੁ ਨ ਕੋਊ ਭਾਖੈ॥ ੨॥

(ਆਸਾ ਮ: ੫, ਆ. ਗ੍ਰੰ. ਪੰਨਾ ੩੮੩)

੫. ਜਿਸ ਨੋ ਲਾਏ ਸਚਿ ਤਿਸਹਿ ਉਧਾਰਦਾ॥
ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ॥
ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ॥ ੪॥

(ਗੂਜਰੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੫੧੯)

੬. ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਹਿ॥
ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ॥

(ਸਵਯੇ ਮ: ੪, ਆ. ਗ੍ਰੰ. ਪੰਨਾ ੧੩੯੯)

੭. ਜਿਸ ਦਾ ਸਾਹਿਬੁ ਡਾਢਾ ਹੋਇ॥ ਤਿਸ ਨੋ ਮਾਰਿ ਨ ਸਾਕੈ ਕੋਇ॥

(ਬਿਲਾਵਲੁ ਮ: ੩, ਆ. ਗ੍ਰੰ. ਪੰਨਾ ੮੪੨)

੮. ਜਿਸੁ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ॥
ਜਿਸੁ ਤੂ ਆਵਹਿ ਚਿਤਿ ਤਿਸੁ ਜਮ ਨਾਹਿ ਦੁਖ॥
ਜਿਸੁ ਤੂ ਆਵਹਿ ਚਿਤਿ ਤਿਸੁ ਕਿ ਕਾੜਿਆ॥
ਜਿਸ ਦਾ ਕਰਤਾ ਮਿਤ੍ਰੁ ਸਭਿ ਕਾਜ ਸਵਾਰਿਆ॥

(ਰਾਮਕਲੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੯੬੦)

੯. ਜਿਸੁ ਤੂੰ ਰਖਹਿ ਹਥ ਦੇ ਤਿਸੁ ਮਾਰਿ ਨ ਸਕੈ ਕੋਇ॥
ਸੁਖਦਾਤਾ ਗੁਰੁ ਸੇਵੀਐ ਸਭਿ ਅਵਗਣ ਕਢੈ ਧੋਇ॥ ੨॥

(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੪੩)

੧੦. ਮਹਜਰੁ ਝੂਠਾ ਕੀਤੋਨੁ ਆਪਿ॥ ਪਾਪੀ ਕਉ ਲਾਗਾ ਸੰਤਾਪੁ॥ ੧॥
ਜਿਸਹਿ ਸਹਾਈ ਗੋਬਿਦੁ ਮੇਰਾ॥
ਤਿਸੁ ਕਉ ਜਮੁ ਨਹੀ ਆਵੈ ਨੇੜਾ॥ ੧॥ ਰਹਾਉ॥

(ਗਉੜੀ ਮ: ੫, ਆ. ਗ੍ਰੰ. ਪੰਨਾ ੧੯੯)

੧੧. ਤੇਰੇ ਦਾਸਰੇ ਕਉ ਕਿਸ ਕੀ ਕਾਣਿ॥ ਜਿਸ ਕੀ ਮੀਰਾ ਰਾਖੈ ਆਣਿ॥ ੨॥

(ਆਸਾ ਮ: ੫, ਆ. ਗ੍ਰੰ. ਪੰਨਾ ੩੭੬)

੧੨. ਜਿਸ ਨੋ ਸਾਜਨ ਰਾਖਸੀ ਦੁਸਮਨ ਕਉਣ ਬਿਚਾਰ॥
ਛ੍ਵੈ ਨ ਸਕੈ ਤਿਹ ਛਾਹਿ ਕੋ ਨਿਹਫਲ ਜਾਇ ਗਵਾਰ॥

(ਬਚਿਤ੍ਰ ਨਾਟਕ ਪਾ: ੧੦)

# ਗ੍ਰਿਹ ਪ੍ਰਵੇਸ਼

## ਸ਼ਬਦ ਨੰ: ੬੫

ਸਰਬ ਕਲਿਆਣ ਕੀਏ ਗੁਰਦੇਵ॥ ਸੇਵਕੁ ਅਪਨੀ ਲਾਇਓ ਸੇਵ॥ ਬਿਘਨੁ ਨ ਲਾਗੈ ਜਪਿ ਅਲਖ ਅਭੇਵ॥੧॥ ਧਰਤਿ ਪੁਨੀਤ ਭਈ ਗੁਨ ਗਾਏ॥ ਦੁਰਤੁ ਗਇਆ ਹਰਿ ਨਾਮੁ ਧਿਆਏ॥੧॥ ਰਹਾਉ॥ ਸਭਨੀ ਥਾਂਈ ਰਵਿਆ ਆਪਿ॥ ਆਦਿ ਜੁਗਾਦਿ ਜਾ ਕਾ ਵਡ ਪਰਤਾਪੁ॥ ਗੁਰ ਪਰਸਾਦਿ ਨ ਹੋਇ ਸੰਤਾਪੁ॥੨॥ ਗੁਰ ਕੇ ਚਰਨ ਲਗੇ ਮਨਿ ਮੀਠੇ॥ ਨਿਰਬਿਘਨ ਹੋਇ ਸਭ ਥਾਂਈ ਵੂਠੇ॥ ਸਭਿ ਸੁਖ ਪਾਏ ਸਤਿਗੁਰ ਤੂਠੇ॥੩॥ ਪਾਰਬ੍ਰਹਮ ਪ੍ਰਭ ਭਏ ਰਖਵਾਲੇ॥ ਜਿਥੈ ਕਿਥੈ ਦੀਸਹਿ ਨਾਲੇ॥ ਨਾਨਕ ਦਾਸ ਖਸਮਿ ਪ੍ਰਤਿਪਾਲੇ॥੪॥੨॥

(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੦੧)

## ਸ਼ਬਦ ਨੰ: ੬੬

ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ॥ ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ॥ ਕਾਟੀ ਜਮ ਫਾਸੀ ਪ੍ਰਭਿ ਅਬਿਨਾਸੀ ਹਰਿ ਹਰਿ ਨਾਮੁ ਧਿਆਏ॥ ਸਗਲ ਸਮਗ੍ਰੀ ਪੂਰਨ ਹੋਈ ਮਨ ਇਛੇ ਫਲ ਪਾਏ॥ ਸੰਤ ਸਜਨ ਸੁਖਿ ਮਾਣਹਿ ਰਲੀਆ ਦੂਖ ਦਰਦ ਭ੍ਰਮ ਨਾਸੀ॥ ਸਬਦਿ ਸਵਾਰੇ ਸਤਿਗੁਰਿ ਪੂਰੈ ਨਾਨਕ ਸਦ ਬਲਿ ਜਾਸੀ॥੨॥

(ਸੂਹੀ ਮ: ੫, ਆ. ਗ੍ਰੰ. ਪੰਨਾ ੭੮੩)

# ਧਰਤਿ ਪੁਨੀਤ ਭਈ ਗੁਨ ਗਾਏ

੧. ਜਿਥੈ ਨਾਮੁ ਜਪੀਐ ਪ੍ਰਭ ਪਿਆਰੇ॥ ਸੇ ਅਸਥਲ ਸੋਇਨ ਚਉਬਾਰੇ॥
ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ॥੧॥

(ਮਾਝ ਮ: ੫, ਆ. ਗ੍ਰੰ. ਪੰਨਾ ੧੦੫)

੨. ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥
ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ॥

(ਗਉੜੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੩੧੯)

 www.sikhbookclub.com

੩. ਸੋ ਥਾਨੁ ਸੁਹਾਇਆ ਜੋ ਹਰਿ ਮਨਿ ਭਾਇਆ॥
ਸਤਸੰਗਤਿ ਬਹਿ ਹਰਿ ਗੁਣ ਗਾਇਆ॥
ਅਨਦਿਨੁ ਹਰਿ ਸਾਲਾਹਹਿ ਸਾਚਾ ਨਿਰਮਲ ਨਾਦੁ ਵਜਾਵਣਿਆ॥ ੬॥
(ਮਾਝ ਮ: ੩, ਆ. ਗ੍ਰੰ. ਪੰਨਾ ੧੧੫)

੪. ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ॥
ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ॥
(ਸੂਹੀ ਮ: ੫ ਛੰਤ, ਆ. ਗ੍ਰੰ. ਪੰਨਾ ੭੮੩)

੫. ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥
ਗੁਰਸਿਖੀਂ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ॥
(ਆਸਾ ਛੰਤ ਮ: ੪, ਆ. ਗ੍ਰੰ. ਪੰਨਾ ੪੫੦)

੬. ਜਿਥੈ ਜਾਏ ਭਗਤੁ ਸੁ ਥਾਨੁ ਸੁਹਾਵਣਾ॥
ਸਗਲੇ ਹੋਏ ਸੁਖ ਹਰਿ ਨਾਮੁ ਧਿਆਵਣਾ॥
(ਫੁਨਹੇ ਮ: ੫, ਆ. ਗ੍ਰੰ. ਪੰਨਾ ੧੩੬੩)

੭. ਸੋ ਸਚੁ ਮੰਦਰੁ ਜਿਤੁ ਸਚੁ ਧਿਆਈਐ॥
ਸੋ ਰਿਦਾ ਸੁਹੇਲਾ ਜਿਤੁ ਹਰਿ ਗੁਣ ਗਾਈਐ॥
ਸਾ ਧਰਤਿ ਸੁਹਾਵੀ ਜਿਤੁ ਵਸਹਿ ਹਰਿ ਜਨ
ਸਚੇ ਨਾਮ ਵਿਟਹੁ ਕੁਰਬਾਣੋ ਜੀਉ॥ ੧॥
(ਮਾਝ ਮ: ੫, ਆ. ਗ੍ਰੰ. ਪੰਨਾ ੧੦੭)

੮. ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥
ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥
(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੧੦)

੯. ਧਰਤਿ ਸੁਹਾਵੀ ਸਫਲ ਥਾਨੁ ਪੂਰਨ ਭਏ ਕਾਮ॥
ਭਉ ਨਾਠਾ ਭ੍ਰਮੁ ਮਿਟਿ ਗਇਆ ਰਵਿਆ ਨਿਤ ਰਾਮ॥ ੧॥
ਸਾਧ ਜਨਾ ਕੈ ਸੰਗਿ ਬਸਤ ਸੁਖ ਸਹਜ ਬਿਸ੍ਰਾਮ॥
ਸਾਈ ਘੜੀ ਸੁਲਖਣੀ ਸਿਮਰਤ ਹਰਿ ਨਾਮ॥ ੧॥ ਰਹਾਉ॥
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੧੯)

੧੦. ਧਰਤਿ ਸੁਹਾਵੜੀ ਆਕਾਸੁ ਸੁਹੰਦਾ ਜਪੰਦਿਆ ਹਰਿ ਨਾਉ॥
ਨਾਨਕ ਨਾਮੁ ਵਿਹੂਣਿਆ ਤਿਨ੍ ਤਨ ਖਾਵਹਿ ਕਾਉ ॥੨॥
(ਸਲੋਕ ਮ: ੩, ਆ. ਗ੍ਰੰ. ਪੰਨਾ ੧੨੪੭)

੧੧. ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ॥
ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ॥
ਕਰਤੈ ਆਪਿ ਵਸਾਇਆ ਸਰਬ ਸੁਖ ਪਾਇਆ ਪੁਤ ਭਾਈ ਸਿਖ ਬਿਗਾਸੇ॥
ਗੁਣ ਗਾਵਹਿ ਪੂਰਨ ਪਰਮੇਸੁਰ ਕਾਰਜੁ ਆਇਆ ਰਾਸੇ॥
ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ॥
ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਏਹੁ ਥਾਨੁ ਸੁਹਾਇਆ॥ ੧॥
(ਸੂਹੀ ਮ: ੫, ਆ. ਗ੍ਰੰ. ਪੰਨਾ ੭੮੩)

੧੨. ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ॥
ਸੋਈ ਸੁਹਾਵਾ ਥਾਨੁ ਜਿਥੈ ਪਿਰੀਏ ਨਾਨਕ ਜੀ ਤੂ ਵੁਠਿਆ॥ ੩॥
(ਮਾਰੂ ਵਾਰ ਡਖਣੇ ਮ: ੫, ਆ. ਗ੍ਰੰ. ਪੰਨਾ ੧੦੯੬)

੧੩. ਸਤਿਗੁਰ ਕ੍ਰਿ ਦੀਨੇ ਅਸਥਿਰ ਘਰ ਬਾਰ॥ ਰਹਾਉ॥
ਜੋ ਜੋ ਨਿੰਦ ਕਰੈ ਇਨ ਗ੍ਰਿਹਨ ਕੀ ਤਿਸੁ ਆਗੈ ਹੀ ਮਾਰੈ ਕਰਤਾਰ॥ ੧॥
ਨਾਨਕ ਦਾਸ ਤਾ ਕੀ ਸਰਨਾਈ
ਜਾ ਕੋ ਸਬਦੁ ਅਖੰਡ ਅਪਾਰ॥ ੨॥ ੯॥ ੨੭॥
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੦੭)

੧੪. ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥ ੧॥ ਰਹਾਉ॥
(ਸੂਹੀ ਮ: ੫, ਆ. ਗ੍ਰੰ. ਪੰਨਾ ੭੪੫)

੧੫. ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ॥
ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ॥
ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ॥ ੪॥ ੬॥ ੭੬॥
(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੪੪)

੧੬. ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ॥
ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ
ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ॥
(ਸੋਰਠਿ ਕੀ ਵਾਰ ਮ: ੧, ਆ. ਗ੍ਰੰ. ਪੰਨਾ ੬੪੮)

# ਅਨੰਦ ਕਾਰਜ

## ਸ਼ਬਦ ਨੰ: ੬੭

ਹਰਿ ਪ੍ਰਭਿ ਕਾਜੁ ਰਚਾਇਆ ।। ਗੁਰਮੁਖਿ ਵੀਆਹਣਿ ਆਇਆ ।। ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾ ਧਨ ਕੰਤ ਪਿਆਰੀ ।। ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ ।। ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ ।। ਨਾਨਕ ਪ੍ਰਭੁ ਪਾਇਆ ਮੈ ਸਾਚਾ ਨਾ ਕਦੇ ਮਰੈ ਨ ਜਾਈ ।। ੪ ।। ੧ ।। ੩ ।। (ਸੂਹੀ ਮ: ੪, ਆ. ਗ੍ਰੰ. ਪੰਨਾ ੭੭੫)

## ਸ਼ਬਦ ਨੰ: ੬੮

ਜਿਤੁ ਘਰਿ ਪਿਰਿ ਸੋਹਾਗੁ ਬਣਾਇਆ ।। ਤਿਤੁ ਘਰਿ ਸਖੀਏ ਮੰਗਲੁ ਗਾਇਆ ।। ਅਨਦ ਬਿਨੋਦ ਤਿਤੈ ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ ।। ੧ ।। ਸਾ ਗੁਣਵੰਤੀ ਸਾ ਵਡਭਾਗਣਿ ।। ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ।। ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ।। ੨ ।। ਅਚਾਰਵੰਤਿ ਸਾਈ ਪਰਧਾਨੇ ।। ਸਭ ਸਿੰਗਾਰ ਬਣੇ ਤਿਸੁ ਗਿਆਨੇ ।। ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ ।। ੩ ।। ਮਹਿਮਾ ਤਿਸ ਕੀ ਕਹਣੁ ਨ ਜਾਏ ।। ਜੋ ਪਿਰਿ ਮੇਲਿ ਲਈ ਅੰਗਿ ਲਾਏ ।। ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ ਜਨ ਨਾਨਕ ਪ੍ਰੇਮ ਸਾਧਾਰੀ ਜੀਉ ।। ੪ ।। ੪ ।। ੧੧ ।।

(ਮਾਝ ਮ: ੫, ਆ. ਗ੍ਰੰ. ਪੰਨਾ ੯੭)

## ਸ਼ਬਦ ਨੰ: ੬੯

ਹਮ ਘਰਿ ਸਾਜਨ ਆਏ ।। ਸਾਚੈ ਮੇਲਿ ਮਿਲਾਏ ।। ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ।। ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ।। ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ।। ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ।। ੧ ।।

(ਸੂਹੀ ਮ: ੧, ਆ. ਗ੍ਰੰ. ਪੰਨਾ ੭੬੪)

## ਸ਼ਬਦ ਨੰ: ੭੦

ਆਵਹੁ ਮੀਤ ਪਿਆਰੇ ।। ਮੰਗਲ ਗਾਵਹੁ ਨਾਰੇ ।। ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ।। ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ।। ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ।। ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ।। ੨ ।। (ਸੂਹੀ ਮ: ੧, ਆ. ਗ੍ਰੰ. ਪੰਨਾ ੭੬੪)

# ਗੁਰਮੁਖਿ ਵੀਆਹਣਿ ਆਇਆ

੧. ਆਇਆ ਲਗਨੁ ਗਣਾਇ ਹਿਰਦੈ ਧਨ ਓਮਾਹੀਆ ਬਲਿ ਰਾਮ ਜੀਉ॥
ਪੰਡਿਤ ਪਾਧੇ ਆਣਿ ਪਤੀ ਬਹਿ ਵਾਚਾਈਆ ਬਲਿ ਰਾਮ ਜੀਉ॥
ਪਤੀ ਵਾਚਾਈ ਮਨਿ ਵਜੀ ਵਧਾਈ ਜਬ ਸਾਜਨ ਸੁਣੇ ਘਰਿ ਆਏ॥
ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ॥
ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ ਸਦ ਨਵਤਨੁ ਬਾਲ ਸਖਾਈ॥
ਨਾਨਕ ਕਿਰਪਾ ਕਰਿ ਕੈ ਮੇਲੇ ਵਿਛੁੜਿ ਕਦੇ ਨ ਜਾਈ॥ ੪॥ ੧॥
(ਸੂਹੀ ਮ: ੪, ਆ. ਗ੍ਰੰ. ਪੰਨਾ ੭੭੩)

੨. ਯਾਰ ਵੇ ਨਿਤ ਸੁਖ ਸੁਖੇਦੀ ਸਾ ਮੈ ਪਾਈ॥
ਵਰੁ ਲੋੜੀਦਾ ਆਇਆ ਵਜੀ ਵਾਧਾਈ॥
ਮਹਾ ਮੰਗਲੁ ਰਹਸੁ ਥੀਆ ਪਿਰੁ ਦਇਆਲੁ ਸਦ ਨਵ ਰੰਗੀਆ॥
ਵਡ ਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਸੰਗੀਆ॥
ਆਸਾ ਮਨਸਾ ਸਗਲ ਪੂਰੀ ਪ੍ਰਿਅ ਅੰਕਿ ਅੰਕੁ ਮਿਲਾਈ॥
ਬਿਨਵੰਤਿ ਨਾਨਕੁ ਸੁਖ ਸੁਖੇਦੀ ਸਾ ਮੈ ਗੁਰ ਮਿਲਿ ਪਾਈ॥ ੪॥ ੧॥
(ਜੈਤਸਰੀ ਮ: ੫, ਆ. ਗ੍ਰੰ. ਪੰਨਾ ੭੦੪)

੩. ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ॥
ਮਿਲਿ ਵਰੁ ਨਾਰੀ ਮੰਗਲੁ ਗਾਇਆ॥
ਗੁਣ ਗਾਇ ਮੰਗਲੁ ਪ੍ਰੇਮਿ ਰਹਸੀ ਮੁੰਧ ਮਨਿ ਓਮਾਹਓ॥
ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ॥
ਕਰ ਜੋੜਿ ਸਾ ਧਨ ਕਰੈ ਬਿਨਤੀ ਰੈਣਿ ਦਿਨੁ ਰਸਿ ਭਿੰਨੀਆ॥
ਨਾਨਕ ਪਿਰੁ ਧਨ ਕਰਹਿ ਰਲੀਆ ਇਛ ਮੇਰੀ ਪੁੰਨੀਆ॥ ੪॥ ੧॥
(ਗਉੜੀ ਮ: ੧ ਛੰਤ, ਆ. ਗ੍ਰੰ. ਪੰਨਾ ੨੪੨)

੪. ਮੇਰਾ ਹਰਿ ਪ੍ਰਭੁ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ॥
ਗੁਰਿ ਤੁਠੈ ਹਰਿ ਪ੍ਰਭੁ ਪਾਇਆ ਰੰਗਿ ਰਲੀਆ ਮਾਣਾ ਰਾਮ॥
ਵਡਭਾਗੀਆ ਸੋਹਾਗਣੀ ਹਰਿ ਮਸਤਕਿ ਮਾਣਾ ਰਾਮ॥
ਹਰਿ ਪ੍ਰਭੁ ਹਰਿ ਸੋਹਾਗੁ ਹੈ ਨਾਨਕ ਮਨਿ ਭਾਣਾ ਰਾਮ॥ ੧॥
(ਬਿਲਾਵਲੁ ਮ: ੪, ਆ. ਗ੍ਰੰ. ਪੰਨਾ ੮੪੪)

੫. ਧਨਿ ਧੰਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ॥
ਸੋਹੇ ਬੰਕ ਦੁਆਰ ਸਗਲਾ ਬਨੁ ਹਰਾ॥
ਹਰ ਹਰਾ ਸੁਆਮੀ ਸੁਖਹ ਗਾਮੀ ਅਨਦ ਮੰਗਲ ਰਸੁ ਘਣਾ॥
ਨਵਲ ਨਵਤਨ ਨਾਹੁ ਬਾਲਾ ਕਵਨ ਰਸਨਾ ਗੁਨ ਭਣਾ॥
ਮੇਰੀ ਸੇਜ ਸੋਹੀ ਦੇਖਿ ਮੋਹੀ ਸਗਲ ਸਹਸਾ ਦੁਖੁ ਹਰਾ॥
ਨਾਨਕੁ ਪਾਇਅੰਪੈ ਮੇਰੀ ਆਸ ਪੂਰੀ
ਮਿਲੇ ਸੁਆਮੀ ਅਪਰੰਪਰਾ॥ ੫॥ ੧॥ ੩॥

(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੪੭)

੬. ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ॥
ਸੁਖਹ ਸਮੂਹ ਭਇਆ ਗਇਆ ਵਿਜੋਗੋ ਰਾਮ॥
ਮਿਲਿ ਸੰਤ ਆਏ ਪ੍ਰਭ ਧਿਆਏ ਬਣੇ ਅਚਰਜ ਜਾਞੀਆਂ॥
ਮਿਲਿ ਇਕਤ੍ਰ ਹੋਏ ਸਹਜਿ ਢੋਏ ਮਨਿ ਪ੍ਰੀਤਿ ਉਪਜੀ ਮਾਞੀਆ॥
ਮਿਲਿ ਜੋਤਿ ਜੋਤੀ ਓਤਿ ਪੋਤੀ ਹਰਿ ਨਾਮੁ ਸਭਿ ਰਸ ਭੋਗੋ॥
ਬਿਨਵੰਤਿ ਨਾਨਕ ਸਭ ਸੰਤਿ ਮੇਲੀ ਪ੍ਰਭੁ ਕਰਣ ਕਾਰਣ ਜੋਗੋ॥ ੩॥

(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੪੬)

੭. ਭਵਨੁ ਸੁਹਾਵੜਾ ਧਰਤਿ ਸਭਾਗੀ ਰਾਮ॥
ਪ੍ਰਭੁ ਘਰਿ ਆਇਅੜਾ ਗੁਰ ਚਰਣੀ ਲਾਗੀ ਰਾਮ॥

(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੪੬)

੮. ਕਾਮਣਿ ਮਨਿ ਸੋਹਿਲੜਾ ਸਾਜਨ ਮਿਲੇ ਪਿਆਰੇ ਰਾਮ॥
ਗੁਰਮਤੀ ਮਨੁ ਨਿਰਮਲੁ ਹੋਆ ਹਰਿ ਰਾਖਿਆ ਉਰਿ ਧਾਰੇ ਰਾਮ॥

(ਸੂਹੀ ਮ: ੩, ਆ. ਗ੍ਰੰ. ਪੰਨਾ ੭੭੨)

੯. ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ॥
ਪਾਹੁਨੜੇ ਪਾਹੁਨੜੇ ਮੇਰੇ ਸੰਤ ਪਿਆਰੇ ਰਾਮ॥
ਸੰਤ ਪਿਆਰੇ ਕਾਰਜ ਸਾਰੇ ਨਮਸਕਾਰ ਕਰਿ ਲਗੇ ਸੇਵਾ॥
ਆਪੇ ਜਾਞੀ ਆਪੇ ਮਾਞੀ ਆਪਿ ਸੁਆਮੀ ਆਪਿ ਦੇਵਾ॥
ਅਪਣਾ ਕਾਰਜੁ ਆਪਿ ਸਵਾਰੇ ਆਪੇ ਧਾਰਨ ਧਾਰੇ॥
ਕਹੁ ਨਾਨਕ ਸਹੁ ਘਰ ਮਹਿ ਬੈਠਾ ਸੋਹੇ ਬੰਕ ਦੁਆਰੇ॥

(ਆਸਾ ਮ: ੫, ਛੰਤ, ਆ. ਗ੍ਰੰ. ਪੰਨਾ ੪੫੨)

 www.sikhbookclub.com

੧੦. ਵਜੀ ਵਧਾਈ ਮਨਿ ਸਾਂਤਿ ਆਈ ਮਿਲਿਆ ਪੁਰਖੁ ਅਪਾਰੀ।।
ਬਿਨਵੰਤਿ ਨਾਨਕੁ ਸਿਮਰਿ ਹਰਿ ਹਰਿ ਇਛ ਪੁੰਨੀ ਹਮਾਰੀ।। ੪।। ੩।।
(ਬਿਹਾਗੜਾ ਮ: ੫, ਆ. ਗ੍ਰੰ. ਪੰਨਾ ੫੪੪)

੧੧. ਕਰਿ ਕਿਰਪਾ ਘਰਿ ਆਇਆ ਗੁਰ ਕੈ ਹੇਤਿ ਅਪਾਰਿ।।
ਵਰੁ ਪਾਇਆ ਸੋਹਾਗਣੀ ਕੇਵਲ ਏਕੁ ਮੁਰਾਰਿ।। ੭।।
(ਆਸਾ ਮ: ੩, ਆ. ਗ੍ਰੰ. ਪੰਨਾ ੪੨੮)

੧੨. ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਞ ਆਈ।।
ਜਨ ਨਾਨਕ ਹਰਿ ਵਰੁ ਪਾਇਆ ਮੰਗਲੁ
ਮਿਲਿ ਸੰਤ ਜਨਾ ਵਾਧਾਈ।। ੪।। ੧।। ੫।।
(ਵਡਹੰਸੁ ਮ: ੪, ਆ. ਗ੍ਰੰ. ਪੰਨਾ ੫੭੫)

# ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ

੧. ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ ਇਤੁ ਮਾਰਗਿ ਭੈਣੇ ਮਿਲੀਐ।।
ਆਪਨੜਾ ਪ੍ਰਭੁ ਨਦਰਿ ਕਰਿ ਦੇਖੈ ਨਾਨਕ ਜੋਤਿ ਜੋਤੀ ਰਲੀਐ।। ੩।।
(ਵਡਹੰਸੁ ਮ: ੪, ਆ. ਗ੍ਰੰ. ਪੰਨਾ ੫੬੧)

੨. ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ।।
ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ।। ੩।।
(ਤਿਲੰਗ ਮ: ੧, ਆ. ਗ੍ਰੰ. ਪੰਨਾ ੭੨੨)

੩. ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ।।
ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ।। ੨।।
(ਮਾਝ ਕੀ ਵਾਰ ਮ: ੨, ਆ. ਗ੍ਰੰ. ਪੰਨਾ ੧੩੯)

੪. ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ।।
ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ।। ੧।।
(ਤਿਲੰਗ ਮ: ੧, ਆ. ਗ੍ਰੰ. ਪੰਨਾ ੭੨੨)

੫. ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ੍ ਜਾਣਹੁ ਨਾਰੀ।।
ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ।। ੨।।
(ਬਸੰਤੁ ਮ: ੧, ਆ. ਗ੍ਰੰ. ਪੰਨਾ ੧੧੭੧)

੬. ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ।।
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤ।। ੧੨੭।।

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥ ੧੩੦॥
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੮੪)

੭. ਸਰਬ ਕੀ ਰੇਣ ਹੋਵੀਜੈ॥ ਆਪੁ ਮਿਟਾਇ ਮਿਲੀਜੈ॥
ਅਨਦਿਨੁ ਧਿਆਈਐ ਨਾਮੁ॥
ਸਫਲ ਨਾਨਕ ਇਹੁ ਕਾਮੁ॥ ੪॥ ੩੩॥ ੪੪॥
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੯੬)

੮. ਸੀਲ ਸੰਜਮਿ ਪ੍ਰਿਅ ਆਗਿਆ ਮਾਨੈ॥
ਤਿਸੁ ਨਾਰੀ ਕਉ ਦੁਖੁ ਨ ਜਮਾਨੈ॥ ੩॥
ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ॥
ਧੰਨੁ ਸਤੀ ਦਰਗਹ ਪਰਵਾਨਿਆ॥ ੪॥ ੩੦॥ ੯੯॥
(ਗਉੜੀ ਮ: ੫, ਆ. ਗ੍ਰੰ. ਪੰਨਾ ੧੮੫)

੯. ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ॥ ੧॥
(ਆਸਾ ਮ: ੫, ਆ. ਗ੍ਰੰ. ਪੰਨਾ ੩੭੭)

SIKHBOOKCLUB.COM

੧੦. ਸਾਚੁ ਸੀਲ ਸਚੁ ਸੰਜਮੀ ਸਾ ਪੂਰੀ ਪਰਵਾਰਿ॥
ਨਾਨਕ ਅਹਿਨਿਸਿ ਸਦਾ ਭਲੀ ਪਿਰ ਕੈ ਹੇਤਿ ਪਿਆਰਿ॥ ੨॥
(ਮਾਰੂ ਵਾਰ ਮ: ੩, ਆ. ਗ੍ਰੰ. ਪੰਨਾ ੧੦੮੮)

੧੧. ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ॥
ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ॥ ੬॥
(ਤਿਲੰਗ ਮ: ੧, ਆ. ਗ੍ਰੰ. ਪੰਨਾ ੭੨੫)

## ਵਰ ਦਾ ਪੱਲਾ ਫੜਨ ਸਮੇਂ

ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ।। ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ।। ੧।।

(ਰਾਮਕਲੀ ਕੀ ਵਾਰ, ਆ. ਗ੍ਰੰ. ਪੰਨਾ ੯੬੩)

## ਲਾਵਾਂ ਤੋਂ ਪਿਛੋਂ

### ਸ਼ਬਦ ਨੰ: ੭੧

ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ।। ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ।। ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ।। ਹਉਮੈ ਰੋਗੁ ਗਇਆ ਦੂਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ।। ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ।। ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ।। ੨।।

(ਸ੍ਰੀ ਰਾਗੁ ਮ: ੪, ਆ. ਗ੍ਰੰ. ਪੰਨਾ ੭੮)

### ਸ਼ਬਦ ਨੰ: ੭੨

ਪੂਰੀ ਆਸਾ ਜੀ ਮਨਸਾ ਮੇਰੇ ਰਾਮ।। ਮੋਹਿ ਨਿਰਗੁਣ ਜੀਉ ਸਭਿ ਗੁਣ ਤੇਰੇ ਰਾਮ।। ਸਭਿ ਗੁਣ ਤੇਰੇ ਠਾਕੁਰ ਮੇਰੇ ਕਿਤੁ ਮੁਖਿ ਤੁਧੁ ਸਾਲਾਹੀ।। ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ ਬਖਸਿ ਲੀਆ ਖਿਨ ਮਾਹੀ।। ਨਉ ਨਿਧਿ ਪਾਈ ਵਜੀ ਵਾਧਾਈ ਵਾਜੇ ਅਨਹਦ ਤੂਰੇ।। ਕਹੁ ਨਾਨਕ ਮੈ ਵਰੁ ਘਰਿ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ।। ੪।। ੧।।

(ਵਡਹੰਸੁ ਮ: ੫, ਆ. ਗ੍ਰੰ. ਪੰਨਾ ੫੭੭)

# ਨਿੰਮ੍ਰਤਾ

**ਸ਼ਬਦ ਨੰ: ੭੩**

ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ।।
ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ।। ੧।।
(ਗਉੜੀ ਬਾਵਨ ਅਖਰੀ ਮ: ੫, ਆ. ਗ੍ਰੰ. ਪੰਨਾ ੨੫੯)

## ਹੋਇ ਨਿਮਾਨਾ ਜਗਿ ਰਹਹੁ

੧. ਰਾਰਾ ਰੇਨ ਹੋਤ ਸਭ ਜਾ ਕੀ।। ਤਜਿ ਅਭਿਮਾਨੁ ਛੁਟੈ ਤੇਰੀ ਬਾਕੀ।।
ਰਣਿ ਦਰਗਹਿ ਤਉ ਸੀਝਹਿ ਭਾਈ।।
ਜਉ ਗੁਰਮੁਖਿ ਰਾਮ ਨਾਮ ਲਿਵ ਲਾਈ।।
(ਗਉੜੀ ਬਾਵਨ ਅਖਰੀ ਮ: ੫, ਆ. ਗ੍ਰੰ. ਪੰਨਾ ੨੫੯)

੨. ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ।।
ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ।। ੨।। ੫।।
(ਗਉੜੀ ਮ: ੯, ਆ. ਗ੍ਰੰ. ਪੰਨਾ ੨੧੯)

੩. ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ।।
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ।। ੭।।
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੭੮)

੪. ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ।।
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ।। ੭੮।।
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੮੧)

੫. ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ।।
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ।। ੧।।
(ਆਸਾ ਮ: ੫, ਆ. ਗ੍ਰੰ. ਪੰਨਾ ੩੭੭)

੬. ਮਤਿ ਹੋਦੀ ਹੋਇ ਇਆਣਾ।। ਤਾਣ ਹੋਦੇ ਹੋਇ ਨਿਤਾਣਾ।।
ਅਣਹੋਦੇ ਆਪੁ ਵੰਡਾਏ।। ਕੋ ਐਸਾ ਭਗਤੁ ਸਦਾਏ।। ੧੨੮।।
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੮੪)

੭. ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ।।
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ।। ੭।।

(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੬੪)

੮. ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸਤੀਂ ਚੁਨਿਓ ਨ ਜਾਈ।।
ਕਹੈ ਕਮੀਰ ਕੁਲ ਜਾਤਿ ਪਾਂਤਿ ਤਜਿ
ਚੀਟੀ ਹੋਇ ਚੁਨਿ ਖਾਈ।। ੨।। ੩।। ੧੨।।

(ਰਾਮਕਲੀ ਕਬੀਰ ਜੀ, ਆ. ਗ੍ਰੰ. ਪੰਨਾ ੯੭੨)

੯. ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ।।
ਗੁਰੁ ਸੇਵਹੁ ਅਰੁ ਨਾਮੁ ਧਿਆਵਹੁ
ਤਿਆਗਹੁ ਮਨਹੁ ਗੁਮਾਨੀ।। ੪।। ੬।। ੧੬੪।।

(ਗਉੜੀ ਮ: ੫, ਆ. ਗ੍ਰੰ. ਪੰਨਾ ੨੧੬)

੧੦. ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ।।
ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ।।

(ਗਉੜੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੩੨੨)

੧੧. ਕਾਮ ਕ੍ਰੋਧ ਲੋਭ ਮੋਹ ਅਭਿਮਾਨਾ ਤਾ ਮਹਿ ਸੁਖੁ ਨਹੀ ਪਾਈਐ।।
ਹੋਹੁ ਰੇਨ ਤੂ ਸਗਲ ਕੀ ਮੇਰੇ ਮਨ ਤਉ ਅਨਦ ਮੰਗਲ ਸੁਖੁ ਪਾਈਐ।। ੨।।

(ਸੋਰਠਿ ਮ: ੫, ਆ. ਗ੍ਰੰ. ਪੰਨਾ ੬੧੪)

੧੨. ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ।।
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ।।
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ।। ੧।।

(ਸੋਰਠਿ ਮ: ੧, ਆ. ਗ੍ਰੰ. ਪੰਨਾ ੫੯੫)

੧੩. ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ
ਗੁਰਮੁਖਿ ਨਿਮਾਣਾ ਹੋਹੁ।।
ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ।।
ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ।।
ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ।।
ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ।।
ਇਉ ਕਹੈ ਨਾਨਕੁ ਆਪੁ ਛਡਿ
ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ।। ੭।।

(ਆਸਾ ਛੰਤ ਮ: ੩, ਆ. ਗ੍ਰੰ. ਪੰਨਾ ੪੪੧)

੧੪. ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ।। ਸਾਧਸੰਗਿ ਜਾ ਕਾ ਮਿਟੈ ਅਭਿਮਾਨੁ।।
ਆਪਸ ਕਉ ਜੋ ਜਾਣੈ ਨੀਚਾ।। ਸੋਊ ਗਨੀਐ ਸਭ ਤੇ ਊਚਾ।।
ਜਾ ਕਾ ਮਨੁ ਹੋਇ ਸਗਲ ਕੀ ਰੀਨਾ।।
ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ।।
ਮਨ ਅਪੁਨੇ ਤੇ ਬੁਰਾ ਮਿਟਾਨਾ।। ਪੇਖੈ ਸਗਲ ਸ੍ਰਿਸਟਿ ਸਾਜਨਾ।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੬੬)

੧੫. ਕਿਸੈ ਨ ਬਦੈ ਆਪਿ ਅਹੰਕਾਰੀ।। ਧਰਮ ਰਾਇ ਤਿਸੁ ਕਰੇ ਖੁਆਰੀ।।
ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ।।
ਸੋ ਜਨੁ ਨਾਨਕ ਦਰਗਹ ਪਰਵਾਨੁ।। ੨।। (ਆ. ਗ੍ਰੰ. ਪੰਨਾ ੨੭੮)

੧੬. ਆਪਸ ਕਉ ਜੋ ਭਲਾ ਕਹਾਵੈ।। ਤਿਸਹਿ ਭਲਾਈ ਨਿਕਟਿ ਨ ਆਵੈ।।
ਸਰਬ ਕੀ ਰੇਨ ਜਾ ਕਾ ਮਨੁ ਹੋਇ।।
ਕਹੁ ਨਾਨਕ ਤਾ ਕੀ ਨਿਰਮਲ ਸੋਇ।। ੩।।
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੭੮)

੧੭. ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ।।
ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ।। ੯।।
(ਮਾਰੂ ਵਾਰ ਮ: ੧, ਆ. ਗ੍ਰੰ. ਪੰਨਾ ੧੦੮੯)

੧੮. ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ।।
ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ।।
ਆਪਿ ਹੋਆ ਸਦਾ ਮੁਕਤੁ ਸਭੁ ਕੁਲੁ ਨਿਸਤਾਰਿਆ।।
(ਸ੍ਰੀ ਰਾਗ ਕੀ ਵਾਰ ਮ: ੩, ਆ. ਗ੍ਰੰ. ਪੰਨਾ ੮੬)

੧੯. ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ।।
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ।। ੧।।
(ਵਡਹੰਸੁ ਮ: ੩, ਆ. ਗ੍ਰੰ. ਪੰਨਾ ੫੬੦)

੨੦. ਆਵਤ ਹੈ ਜਾ ਕੈ ਭੀਖ ਮਾਗਨ ਭਿਖਾਰੀ ਦੀਨ ਦੇਖਿ ਅਧੀਨਹਿ ਨਿਰਾਸੋ ਨ ਬਿਡਾਰ ਹੈ।। ਬੈਠਤ ਹੈ ਜਾਕੇ ਦੁਆਰ ਆਸਾ ਕੈ ਬਿਡਾਰ ਸ੍ਵਾਨ ਅੰਤ ਕਰਨਾ ਕੈ ਤੋਰਿ ਟੂਕ ਤਾਹਿ ਡਾਰਿ ਹੈ।। ਪਾਇਨ ਕੀ ਪਨਹੀ ਰਹਤ ਪਰ ਹਰੀ ਪਰੀ ਤਾਹੂ ਕਾਹੂ ਕਾਜਿ ਉਠਿ ਚਲਤਿ ਸਮਾਰਿ ਹੈ।। ਛਾਡਿ ਅਹੰਕਾਰ ਛਾਰ ਹੋਇ ਗੁਰ ਮਾਰਗਿ ਮੈ, ਕਬਹੂੰ ਕੇ ਦਇਆ ਕੈ ਦਇਆਲ ਪਗਿ ਧਾਰਿ ਹੈ।। ੪੩੪।।

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

# ਮਨ

## ਸ਼ਬਦ ਨੰ: ੭੪

ਬਿਰਥਾ ਕਹਉ ਕਉਨ ਸਿਉ ਮਨ ਕੀ॥ ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥ ੧॥ ਰਹਾਉ॥ ਸੁਖ ਕੈ ਹੇਤਿ ਬਹੁਤੁ ਦੂਖੁ ਪਾਵਤ ਸੇਵ ਕਰਤ ਜਨ ਜਨ ਕੀ॥ ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥ ੧॥ ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ॥ ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ॥ ੨॥ ੧॥ ੨੩੩॥

(ਆਸਾ ਮ: ੯, ਆ. ਗ੍ਰੰ. ਪੰਨਾ ੪੧੧)

# ਬਿਰਥਾ ਕਹਉ ਕਉਨ ਸਿਉ ਮਨ ਕੀ

੧. ਯਹ ਮਨੁ ਨੈਕ ਨ ਕਹਿਓ ਕਰੈ॥
ਸੀਖ ਸੀਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ॥ ੧॥ ਰਹਾਉ॥
ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ॥
ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ॥ ੧॥
ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ॥
ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਕਾਜੁ ਸਰੈ॥ ੨॥ ੧॥
(ਦੇਵਗੰਧਾਰੀ ਮ: ੯, ਆ. ਗ੍ਰੰ. ਪੰਨਾ ੫੩੬)

੨. ਸਾਧੋ ਇਹੁ ਮਨੁ ਗਹਿਓ ਨ ਜਾਈ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥ ੧॥ ਰਹਾਉ॥
ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ॥
ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ॥ ੧॥
(ਗਉੜੀ ਮ: ੯, ਆ. ਗ੍ਰੰ. ਪੰਨਾ ੨੧੯)

੩. ਕੋਊ ਮਾਈ ਭੂਲਿਓ ਮਨੁ ਸਮਝਾਵੈ॥
ਬੇਦ ਪੁਰਾਨ ਸਾਧ ਮਗ ਸੁਨਿ ਕਰਿ
ਨਿਮਖ ਨ ਹਰਿ ਗੁਨ ਗਾਵੈ॥ ੧॥ ਰਹਾਉ॥

 www.sikhbookclub.com

ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ
ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ।। ੧।।
(ਗਉੜੀ ਮ: ੯, ਆ. ਗ੍ਰੰ. ਪੰਨਾ ੨੧੯)

੪. ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ।।
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ।। ੧।।
(ਗਉੜੀ ਰਵਿਦਾਸ ਜੀ, ਆ. ਗ੍ਰੰ. ਪੰਨਾ ੩੪੬)

੫. ਮਾਈ ਮਨੁ ਮੇਰੋ ਬਸਿ ਨਾਹਿ।।
ਨਿਸ ਬਾਸੁਰ ਬਿਖਿਅਨ ਕਉ ਧਾਵਤ
ਕਿਹਿ ਬਿਧਿ ਰੋਕਉ ਤਾਹਿ।। ੧।। ਰਹਾਉ।।
ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ।।
ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ।। ੧।।
(ਸੋਰਠਿ ਮ: ੯, ਆ. ਗ੍ਰੰ. ਪੰਨਾ ੬੩੨)

੬. ਕਹਉ ਕਹਾ ਯਿਆ ਮਨ ਬਉਰੇ ਕਉ ਇਨ ਸਿਉ ਨੇਹੁ ਲਗਾਇਓ।।
ਦੀਨਾ ਨਾਥ ਸਕਲ ਭੈ ਭੰਜਨ ਜਸੁ ਤਾ ਕੋ ਬਿਸਰਾਇਓ।। ੨।।
ਸੁਆਨ ਪੂਛ ਜਿਉ ਭਇਓ ਨ ਸੂਧਉ ਬਹੁਤੁ ਜਤਨੁ ਮੈ ਕੀਨਉ।।
ਨਾਨਕ ਲਾਜ ਬਿਰਦ ਕੀ ਰਾਖਹੁ ਨਾਮੁ ਤੁਹਾਰਉ ਲੀਨਉ।। ੩।। ੯।।
(ਸੋਰਠਿ ਮ: ੯, ਆ. ਗ੍ਰੰ. ਪੰਨਾ ੬੩੩)

੭. ਵਸਿ ਆਣਿਹੁ ਵੇ ਜਨ ਇਸੁ ਮਨ ਕਉ
ਮਨੁ ਬਾਸੇ ਜਿਉ ਨਿਤ ਭਉਦਿਆ।। (ਸੂਹੀ ਮ: ੪, ਆ. ਗ੍ਰੰ. ਪੰਨਾ ੭੭੬)

੮. ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ।।
ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ।। ੧।। ਰਹਾਉ।।
ਜਪ ਤਪ ਸੰਜਮ ਤੁਮ੍ ਖੰਡੇ ਜਮ ਕੇ ਦੁਖ ਡਾਂਡ।।
ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ।। ੨।।
ਹਰਿ ਸੰਗਿ ਸਹਾਈ ਮਹਾ ਮੀਤੁ ਤਿਸ ਸਿਉ ਤੇਰਾ ਭੇਦੁ।।
ਬੀਧਾ ਪੰਚ ਬਟਵਾਰਈ ਉਪਜਿਓ ਮਹਾ ਖੇਦੁ।। ੩।।
ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ।।
ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨ੍ਾ।। ੪।। ੨੮।। ੫੮।।
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੧੫)

੯. ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥
(ਸੋਰਠਿ ਕੀ ਵਾਰ ਮ: ੪, ਆ. ਗ੍ਰੰ. ਪੰਨਾ ੬੫੧)

੧੦. ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥ ੨੧੬॥
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੬)

੧੧. ਕਬੀਰ ਆਖੀ ਕੇਰੇ ਮਾਟੁਕੇ ਪਲੁ ਪਲੁ ਗਈ ਬਿਹਾਇ॥
ਮਨੁ ਜੰਜਾਲੁ ਨ ਛੋਡਈ ਜਮ ਦੀਆ ਦਮਾਮਾ ਆਇ॥ ੨੨੭॥
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੬)

੧੨. ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ॥
ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੪੪)

SIKHBOOKCLUB.COM

# ਪੰਚ ਚੋਰ

## ਸ਼ਬਦ ਨੰ: ੭੫

ਰਾਖੁ ਪਿਤਾ ਪ੍ਰਭ ਮੇਰੇ।। ਮੋਹਿ ਨਿਰਗੁਨੁ ਸਭ ਗੁਨ ਤੇਰੇ।। ੧।। ਰਹਾਉ।। ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ।। ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ।। ੧।। ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ।। ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ।। ੨।। ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ।। ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ।। ੩।। ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ।। ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ।। ੪।। ੪।। ੧੨੫।।

(ਗਉੜੀ ਮ: ੫, ਆ. ਗ੍ਰੰ. ਪੰਨਾ ੨੦੫)

## ਪੰਚ ਬਿਖਾਦੀ ਏਕੁ ਗਰੀਬਾ

SIKHBOOKCLUB.COM

੧. ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ।।
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ।। ੧।।
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੪੧)

੨. ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ।।
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ।। ੨।।
(ਬਸੰਤੁ ਹਿੰਡੋਲੁ ਮ: ੪, ਆ. ਗ੍ਰੰ. ਪੰਨਾ ੧੧੭੯)

੩. ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ।। ਸ੍ਰਵਨ ਸੋਏ ਸੁਣਿ ਨਿੰਦ ਵੀਚਾਰ ।।
ਰਸਨਾ ਸੋਈ ਲੋਭਿ ਮੀਠੈ ਸਾਦਿ।।
ਮਨੁ ਸੋਇਆ ਮਾਇਆ ਬਿਸਮਾਦਿ।। ੧।।
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ।।
ਸਾਬਤੁ ਵਸਤੁ ਓਹੁ ਅਪਨੀ ਲਹੈ।। ੧।। ਰਹਾਉ।।
ਸਗਲ ਸਹੇਲੀ ਅਪਨੈ ਰਸ ਮਾਤੀ।।
ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ।। ਮੁਸਨਹਾਰ ਪੰਚ ਬਟਵਾਰੇ।।

ਸੂਨੇ ਨਗਰਿ ਪਰੇ ਠਗਹਾਰੇ॥ ੨॥ ਉਨ ਤੇ ਰਾਖੈ ਬਾਪੁ ਨ ਮਾਈ॥
ਉਨ ਤੇ ਰਾਖੈ ਮੀਤੁ ਨ ਭਾਈ॥ ਦਰਬਿ ਸਿਆਣਪ ਨਾ ਓਇ ਰਹਤੇ॥
ਸਾਧਸੰਗਿ ਓਇ ਦੁਸਟ ਵਸਿ ਹੋਤੇ॥ ੩॥

(ਗਉੜੀ ਮ: ੫, ਆ. ਗ੍ਰੰ. ਪੰਨਾ ੧੮੨)

੪. ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥

(ਸੋਰਠਿ ਮ: ੩, ਆ. ਗ੍ਰੰ. ਪੰਨਾ ੬੦੦)

੫. ਨਾਥ ਕਛੂਅ ਨ ਜਾਨਉ॥
ਮਨੁ ਮਾਇਆ ਕੈ ਹਾਥਿ ਬਿਕਾਨਉ॥ ੧॥ ਰਹਾਉ॥
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥
ਹਮ ਕਹੀਅਤ ਕਲਿਜੁਗ ਕੇ ਕਾਮੀ॥ ੧॥
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥ ੨॥

(ਜੈਤਸਰੀ ਰਵਿਦਾਸ ਜੀ, ਆ. ਗ੍ਰੰ. ਪੰਨਾ ੭੧੦)

੬. ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ॥
ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ॥ ੧॥

(ਗਉੜੀ ਮ: ੧, ਆ. ਗ੍ਰੰ. ਪੰਨਾ ੧੫੫)

੭. ਪੰਚ ਦੂਤ ਮਿਲਿ ਪਿਰਹੁ ਵਿਛੋੜੀ॥ ਭ੍ਰਮਿ ਭ੍ਰਮਿ ਰੋਵੈ ਹਾਥ ਪਛੋੜੀ॥ ੩॥

(ਆਸਾ ਮ: ੫, ਆ. ਗ੍ਰੰ. ਪੰਨਾ ੩੭੫)

੮. ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ॥
ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ॥ ੧॥
ਹਰਿ ਕੇ ਲੋਗਾ ਮੋਕਉ ਨੀਤਿ ਡਸੈ ਪਟਵਾਰੀ॥
ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ
ਤਿਨਿ ਹਉ ਲੀਆ ਉਬਾਰੀ॥ ੧॥ ਰਹਾਉ॥

(ਸੂਹੀ ਕਬੀਰ ਜੀ, ਆ. ਗ੍ਰੰ. ਪੰਨਾ ੭੯੩)

੯. ਭੀਤਰਿ ਪੰਚ ਗੁਪਤ ਮਨਿ ਵਾਸੇ॥
ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ॥ ੧॥

 www.sikhbookclub.com

ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ ।।
ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ ।। ੧ ।। ਰਹਾਉ ।।
(ਆਸਾ ਮ: ੫, ਆ. ਗ੍ਰੰ. ਪੰਨਾ ੩੫੯)

੧੦. ਧਾਵਉ ਦਸਾ ਅਨੇਕ ਪ੍ਰੇਮ ਪ੍ਰਭ ਕਾਰਣੇ ।।
ਪੰਚ ਸਤਾਵਹਿ ਦੂਤ ਕਵਨ ਬਿਧਿ ਮਾਰਣੇ ।।
(ਫੁਨਹੇ ਮ: ੫, ਆ. ਗ੍ਰੰ. ਪੰਨਾ ੧੩੬੩)

੧੧. ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ।।
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ।। ੧ ।।
ਮਾਧੋ ਅਬਿਦਿਆ ਹਿਤ ਕੀਨ ।। ਬਿਬੇਕ ਦੀਪ ਮਲੀਨ ।। ੧ ।। ਰਹਾਉ ।।
(ਆਸਾ ਸ੍ਰੀ ਰਵਿਦਾਸ ਜੀ, ਆ. ਗ੍ਰੰ. ਪੰਨਾ ੪੮੬)

੧੨. ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰ ਤਲੀ ਰੇ ।।
ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ ।। ੧ ।।
ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ।।
(ਆਸਾ ਮ: ੫, ਆ. ਗ੍ਰੰ. ਪੰਨਾ ੪੦੪)

SIKHBOOKCLUB.COM

੧੩. ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ।।
ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ।।
ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੋਭਾਈਆ ।।
ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ।।
(ਮਾਰੂ ਵਾਰ ਮ: ੫, ਆ. ਗ੍ਰੰ. ਪੰਨਾ ੧੦੯੬)

# ਜੀਤਿ ਲਏ ਓਇ ਮਹਾ ਬਿਖਾਦੀ

੧. ਪੰਚ ਸੰਗੁ ਗੁਰ ਤੇ ਛੁਟੇ ਦੋਖ ਅਰੁ ਰਾਗਉ ।।
ਰਿਦੈ ਪ੍ਰਗਾਸੁ ਪ੍ਰਗਟ ਭਇਆ ਨਿਸਿ ਬਾਸੁਰ ਜਾਗਉ ।। ੩ ।।
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੦੮)

੨. ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ ।।
ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ ।। ੨ ।।

ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ॥
ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ॥ ੩॥
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੧੦)

੩. ਪੰਚ ਸਿੰਘ ਰਾਖੇ ਪ੍ਰਭਿ ਮਾਰਿ॥ ਦਸ ਬਿਘਿਆੜੀ ਲਈ ਨਿਵਾਰਿ॥
ਤੀਨਿ ਆਵਰਤ ਕੀ ਚੂਕੀ ਘੇਰ॥ ਸਾਧਸੰਗਿ ਚੂਕੇ ਭੈ ਫੇਰ॥ ੧॥
ਸਿਮਰਿ ਸਿਮਰਿ ਜੀਵਾ ਗੋਵਿੰਦ॥
ਕਰਿ ਕਿਰਪਾ ਰਾਖਿਓ ਦਾਸੁ ਅਪਨਾ
ਸਦਾ ਸਦਾ ਸਾਚਾ ਬਖਸਿੰਦ॥ ੧॥ ਰਹਾਉ॥
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੯੯)

੪. ਪਚੈ ਪਤੰਗੁ ਮ੍ਰਿਗ ਭ੍ਰਿੰਗ ਕੁੰਚਰ ਮੀਨ ਇਕ ਇੰਦ੍ਰੀ ਪਕਰਿ ਸਘਾਰੇ॥
ਪੰਚ ਭੂਤ ਸਬਲ ਹੈ ਦੇਹੀ ਗੁਰੁ ਸਤਿਗੁਰੁ ਪਾਪ ਨਿਵਾਰੇ॥ ੨॥
(ਨਟ ਮ: ੪, ਆ. ਗ੍ਰੰ. ਪੰਨਾ ੯੮੩)

੫. ਪੰਚ ਦਾਸ ਗੁਰਿ ਵਸਗਤਿ ਕੀਨੇ ਮਨ ਨਿਹਚਲ ਨਿਰਭਇਆ॥
ਆਇ ਨ ਜਾਵੈ ਨ ਕਤਹੀ ਡੋਲੈ
ਥਿਰੁ ਨਾਨਕ ਰਾਜਇਆ॥ ੨॥ ੨੪॥ ੪੭॥
(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੧੩)

੬. ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥
ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥
ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ॥ ੨॥
(ਬਸੰਤ ਕੀ ਵਾਰ ਮ: ੫, ਆ. ਗ੍ਰੰ. ਪੰਨਾ ੧੧੯੩)

੭. ਐਸੋ ਗੁਨੁ ਮੇਰੋ ਪ੍ਰਭ ਜੀ ਕੀਨ॥
ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ॥ ਰਹਾਉ॥
(ਟੋਡੀ ਮ: ੫, ਆ. ਗ੍ਰੰ. ਪੰਨਾ ੭੧੬)

੮. ਗੁਰ ਪੂਰੇ ਮਿਲਿ ਝਗਰੁ ਚੁਕਾਇਆ॥
ਪੰਚ ਦੂਤ ਸਭਿ ਵਸਗਤਿ ਆਇਆ॥ ੩॥

SIKHBOOKCLUB.COM

ਜਿਸੁ ਮਨਿ ਵਸਿਆ ਹਰਿ ਕਾ ਨਾਮੁ॥
ਨਾਨਕ ਤਿਸੁ ਊਪਰਿ ਕੁਰਬਾਨ॥੪॥੪॥੯੮॥

(ਆਸਾ ਮ: ੫, ਆ. ਗ੍ਰੰ. ਪੰਨਾ ੩੯੫)

੯. ਬਲਿ ਤਿਸੁ ਬਾਪੈ ਜਿਨਿ ਹਉ ਜਾਇਆ॥ ਪੰਚਾ ਤੇ ਮੇਰਾ ਸੰਗੁ ਚੁਕਾਇਆ॥
ਪੰਚ ਮਾਰਿ ਪਾਵਾ ਤਲਿ ਦੀਨੇ॥ ਹਰਿ ਸਿਮਰਨਿ ਮੇਰਾ ਮਨੁ ਤਨੁ ਭੀਨੇ॥

(ਆਸਾ ਸ੍ਰੀ ਕਬੀਰ ਜੀ, ਆ. ਗ੍ਰੰ. ਪੰਨਾ ੪੭੬)

੧੦. ਸਾਧੂ ਸੰਗਤਿ ਦੀਓ ਰਲਾਇ॥ ਪੰਚ ਦੂਤ ਤੇ ਲੀਓ ਛਡਾਇ॥
ਅੰਮ੍ਰਿਤ ਨਾਮੁ ਜਪਉ ਜਪੁ ਰਸਨਾ॥
ਅਮੋਲ ਦਾਸੁ ਕਰਿ ਲੀਨੋ ਅਪਨਾ॥੧॥

(ਗਉੜੀ ਕਬੀਰ ਜੀ, ਆ. ਗ੍ਰੰ. ਪੰਨਾ ੩੩੧)

੧੧. ਹਉ ਆਇਆ ਸਾਮ੍ਹੈ ਤਿਹੰਡੀਆ॥ ਪੰਜਿ ਕਿਰਸਾਣ ਮੁਜੇਰੇ ਮਿਹਡਿਆ॥
ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ॥੫॥

(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੭੩)

੧੨. ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ॥੧੭॥
ਵਾਤ ਵਜਨਿ ਟੰਮਕ ਭੇਰੀਆ॥ ਮਲ ਲਥੇ ਲੈਦੇ ਫੇਰੀਆ॥
ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ॥੧੮॥

(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੭੪)

SIKHBOOKCLUB.COM

# ਕੁਸੰਗਤ

**ਸ਼ਬਦ ਨੰ: ੭੬**

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥੧੩੧॥
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੧)

## ਕਬੀਰ ਸਾਕਤ ਸੰਗੁ ਨ ਕੀਜੀਐ

੧. ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ॥
ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ॥੨੧੧॥
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੫)

੨. ਸਾਕਤ ਸਿਉ ਮੁਖਿ ਜੋਰਿਐ ਅਧੀ ਵੀਚਹੁ ਟੂਟੈ॥
ਹਰਿ ਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ॥੪॥
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੧੧)

੩. ਸਾਕਤ ਸਿਉ ਮਨ ਮੇਲੁ ਨ ਕਰੀਅਹੁ ਜਿਨਿ ਹਰਿ ਹਰਿ ਨਾਮੁ ਬਿਸਾਰੇ॥
ਸਾਕਤ ਬਚਨ ਬਿਛੂਆ ਜਿਉ ਡਸੀਐ ਤਜਿ ਸਾਕਤ ਪਰੈ ਪਰਾਰੇ॥੫॥
(ਨਟ ਮ: ੪, ਆ. ਗ੍ਰੰ. ਪੰਨਾ ੯੮੧)

੪. ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ॥
ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ॥੧॥ ਰਹਾਉ॥
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੦)

੫. ਸਾਧੋ ਮਨ ਕਾ ਮਾਨੁ ਤਿਆਗਉ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥੧॥ ਰਹਾਉ॥
(ਗਉੜੀ ਮ: ੯, ਆ. ਗ੍ਰੰ. ਪੰਨਾ ੨੧੯)

੬. ਸਾਕਤ ਸੂਤੁ ਬਹੁ ਗੁਰਝੀ ਭਰਿਆ ਕਿਉ ਕਰਿ ਤਾਨੁ ਤਨੀਜੈ॥
ਤੰਤੁ ਸੂਤੁ ਕਿਛੁ ਨਿਕਸੈ ਨਾਹੀ ਸਾਕਤ ਸੰਗੁ ਨ ਕੀਜੈ॥੬॥
(ਕਲਿਆਨ ਮ: ੪, ਆ. ਗ੍ਰੰ. ਪੰਨਾ ੧੩੨੪)

੭. ਉਲਟੀ ਰੇ ਮਨ ਉਲਟੀ ਰੇ॥ ਸਾਕਤ ਸਿਉ ਕਰਿ ਉਲਟੀ ਰੇ॥
ਝੂਠੈ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ
ਸਾਕਤ ਸੰਗਿ ਨ ਛੁਟਕੀ ਰੇ॥ ੧॥ ਰਹਾਉ॥
ਜਿਉ ਕਾਜਰ ਭਰਿ ਮੰਦਰੁ ਰਾਖਿਓ ਜੋ ਪੈਸੈ ਕਾਲੂਖੀ ਰੇ॥
ਦੂਰਹੁ ਹੀ ਤੇ ਭਾਗਿ ਗਇਓ ਹੈ
ਜਿਸੁ ਗੁਰ ਮਿਲਿ ਛੁਟਕੀ ਤ੍ਰਿਕੁਟੀ ਰੇ॥ ੧॥
ਮਾਗਉ ਦਾਨੁ ਕ੍ਰਿਪਾਲ ਕ੍ਰਿਪਾ ਨਿਧਿ
ਮੇਰਾ ਮੁਖੁ ਸਾਕਤ ਸੰਗਿ ਨ ਜੁਟਸੀ ਰੇ॥
ਜਨ ਨਾਨਕ ਦਾਸ ਦਾਸ ਕੋ ਕਰੀਅਹੁ
ਮੇਰਾ ਮੂੰਡੁ ਸਾਧ ਪਗਾ ਹੇਠਿ ਰੁਲਸੀ ਰੇ॥ ੨॥ ੪॥ ੩੭॥

(ਦੇਵਗੰਧਾਰੀ ਮ: ੫, ਆ. ਗ੍ਰੰ. ਪੰਨਾ ੫੩੫)

੮. ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ॥
ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ॥ ੯੩॥

(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੬੯)

SIKHBOOKCLUB.COM

੯. ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥ ੮੮॥

(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੬੯)

੧੦. ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ॥
ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ॥

(ਸਲੋਕ ਵਾਰਾਂ ਤੇ ਵਧੀਕ ਮ: ੧, ਆ. ਗ੍ਰੰ. ਪੰਨਾ ੧੪੧੧)

੧੧. ਸਾਕਤ ਸੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲੁ ਭਰੀਜੈ॥
ਆਪਨ ਸੁਆਇ ਕਰਹਿ ਬਹੁ ਬਾਤਾ ਤਿਨਾ ਕਾ ਵਿਸਾਹੁ ਕਿਆ ਕੀਜੈ॥ ੬॥

(ਕਲਿਆਨ ਮ: ੪, ਆ. ਗ੍ਰੰ. ਪੰਨਾ ੧੩੨੬)

# ਵੈਰਾਗ

## ਸ਼ਬਦ ਨੰ: ੭੭

ਕਾ ਕੀ ਮਾਈ ਕਾ ਕੋ ਬਾਪ॥ ਨਾਮ ਧਾਰੀਕ ਝੂਠੇ ਸਭਿ ਸਾਕ॥ ੧॥ ਕਾਹੇ ਕਉ ਮੂਰਖ ਭਖਲਾਇਆ॥ ਮਿਲਿ ਸੰਜੋਗਿ ਹੁਕਮਿ ਤੂੰ ਆਇਆ॥ ੧॥ ਰਹਾਉ॥ ਏਕਾ ਮਾਟੀ ਏਕਾ ਜੋਤਿ॥ ਏਕੋ ਪਵਨੁ ਕਹਾ ਕਉਨੁ ਰੋਤਿ॥ ੨॥ ਮੇਰਾ ਮੇਰਾ ਕਰਿ ਬਿਲਲਾਹੀ॥ ਮਰਣਹਾਰੁ ਇਹੁ ਜੀਅਰਾ ਨਾਹੀ॥ ੩॥ ਕਹੁ ਨਾਨਕ ਗੁਰਿ ਖੋਲੇ ਕਪਾਟ॥ ਮੁਕਤੁ ਭਏ ਬਿਨਸੇ ਭ੍ਰਮ ਥਾਟ॥ ੪॥ ੪੩॥ ੧੧੨॥

(ਗਉੜੀ ਮ: ੫, ਆ. ਗ੍ਰੰ. ਪੰਨਾ ੧੮੮)

## ਕਾ ਕੀ ਮਾਈ ਕਾ ਕੋ ਬਾਪ
## ਨਾਮ ਧਾਰੀਕ ਝੂਠੇ ਸਭਿ ਸਾਕ

SIKHBOOKCLUB.COM

੧. ਜਗਤ ਮੈ ਝੂਠੀ ਦੇਖੀ ਪ੍ਰੀਤਿ॥
ਅਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਦਾਰਾ ਕਿਆ ਮੀਤ॥ ੧॥ ਰਹਾਉ॥
ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ॥
ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ॥ ੧॥
(ਦੇਵਗੰਧਾਰੀ ਮ: ੯, ਆ. ਗ੍ਰੰ. ਪੰਨਾ ੫੩੬)

੨. ਜਮ ਪੁਰਿ ਘੋਰ ਅੰਧਾਰੁ ਮਹਾ ਗੁਬਾਰੁ ਨਾ ਤਿਥੈ ਭੈਣ ਨ ਭਾਈ॥
ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਈ॥ ੧॥
(ਵਡਹੰਸੁ ਮ: ੩, ਆ. ਗ੍ਰੰ. ਪੰਨਾ ੫੮੪)

੩. ਇਹ ਜਗਿ ਮੀਤੁ ਨ ਦੇਖਿਓ ਕੋਈ॥
ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ॥ ੧॥ ਰਹਾਉ।
ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ॥
ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ॥ ੧॥
(ਸੋਰਠਿ ਮ: ੯, ਆ. ਗ੍ਰੰ. ਪੰਨਾ ੬੩੩)

੪. ਦਿਹੁਰੀ ਬੈਠੀ ਮਿਹਰੀ ਰੋਵੈ ਦੁਆਰੈ ਲਉ ਸੰਗਿ ਮਾਇ॥
ਮਰਹਟ ਲਗਿ ਸਭੁ ਲੋਗੁ ਕੁਟੰਬੁ ਮਿਲਿ ਹੰਸੁ ਇਕੇਲਾ ਜਾਇ॥ ੧॥
(ਕੇਦਾਰਾ ਕਬੀਰ ਜੀ, ਆ. ਗ੍ਰੰ. ਪੰਨਾ ੧੧੨੪)

੫. ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥
ਸੁਤ ਦਾਰਾ ਪਹਿ ਆਨਿ ਲੁਟਾਵੈ॥ ੧॥
ਮਨ ਮੇਰੇ ਭੂਲੇ ਕਪਟੁ ਨ ਕੀਜੈ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ ੧॥ ਰਹਾਉ॥
ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ॥
ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ॥ ੨॥
ਕਹਤੁ ਕਬੀਰੁ ਕੋਈ ਨਹੀ ਤੇਰਾ॥
ਹਿਰਦੈ ਰਾਮੁ ਕੀ ਨ ਜਪਹਿ ਸਵੇਰਾ॥ ੩॥ ੯॥
(ਸੋਰਠਿ ਕਬੀਰ ਜੀ, ਆ. ਗ੍ਰੰ. ਪੰਨਾ ੬੫੬)

੬. ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ॥
ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥ ੧॥
(ਜੈਤਸਰੀ ਮ: ੫, ਆ. ਗ੍ਰੰ. ਪੰਨਾ ੭੦੦)

੭. ਰਤਨ ਪਦਾਰਥ ਮਾਣਕਾ ਸੁਇਨਾ ਰੁਪਾ ਖਾਕੁ॥
ਮਾਤ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ॥
ਜਿਨਿ ਕੀਤਾ ਤਿਸਹਿ ਨ ਜਾਣਈ ਮਨਮੁਖ ਪਸੁ ਨਾਪਾਕ॥ ੨॥
(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੪੭)

੮. ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ॥
ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ॥ ੧॥
(ਤਿਲੰਗ ਮ: ੯, ਆ. ਗ੍ਰੰ. ਪੰਨਾ ੭੨੬)

੯. ਮਾਤ ਪਿਤਾ ਬਨਿਤਾ ਸੁਤ ਸੰਪਤਿ ਅੰਤਿ ਨ ਚਲਤ ਸੰਗਾਤ॥
ਕਹਤ ਕਬੀਰੁ ਰਾਮ ਭਜੁ ਬਉਰੇ ਜਨਮੁ ਅਕਾਰਥ ਜਾਤ॥ ੪॥ ੧॥
(ਸਾਰੰਗ ਕਬੀਰ ਜੀ, ਆ. ਗ੍ਰੰ. ਪੰਨਾ ੧੨੫੨)

੧੦. ਭਾਈ ਬੰਧ ਕੁਟੰਬ ਸਹੇਰਾ॥ ਓਇ ਭੀ ਲਾਗੇ ਕਾਢੁ ਸਵੇਰਾ॥ ੨॥
ਘਰ ਕੀ ਨਾਰਿ ਉਰਹਿ ਤਨ ਲਾਗੀ॥

ਉਹ ਤਉ ਭੂਤੁ ਭੂਤੁ ਕਰਿ ਭਾਗੀ॥ ੩॥
ਕਹਿ ਰਵਿਦਾਸ ਸਭੈ ਜਗੁ ਲੂਟਿਆ॥
ਹਮ ਤਉ ਏਕ ਰਾਮੁ ਕਹਿ ਛੂਟਿਆ॥ ੪॥ ੩॥
(ਸੂਹੀ ਰਵਿਦਾਸ ਜੀ, ਆ. ਗ੍ਰੰ. ਪੰਨਾ ੭੯੪)

੧੧. ਹਰਿ ਬਿਨੁ ਕਉਨੁ ਸਹਾਈ ਮਨ ਕਾ॥
ਮਾਤ ਪਿਤਾ ਭਾਈ ਸੁਤ ਬਨਿਤਾ ਹਿਤੁ ਲਾਗੋ ਸਭ ਫਨ ਕਾ॥ ੧॥ ਰਹਾਉ॥
(ਸਾਰੰਗ ਕਬੀਰ ਜੀ, ਆ. ਗ੍ਰੰ. ਪੰਨਾ ੧੨੫੩)

੧੨. ਪ੍ਰੀਤਮ ਜਾਨਿ ਲੇਹੁ ਮਨ ਮਾਹੀ॥
ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ॥ ੧॥ ਰਹਾਉ॥
ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥ ੧॥
ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥
ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ॥ ੨॥
ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹੁ ਲਗਾਇਓ॥
ਅੰਤ ਬਾਰ ਨਾਨਕ ਬਿਨੁ ਹਰਿ ਜੀ
ਕੋਊ ਕਾਮਿ ਨ ਆਇਓ॥ ੩॥ ੧੨॥ ੧੩੯॥
(ਸੋਰਠਿ ਮ: ੯, ਆ. ਗ੍ਰੰ. ਪੰਨਾ ੬੩੪)

੧੩. ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ
ਤੇ ਸਭਿ ਅਪਨੈ ਸੁਆਇ ਮਿਲਾਸਾ॥
ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ
ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥
(ਗੌਂਡ ਮ: ੪, ਆ. ਗ੍ਰੰ. ਪੰਨਾ ੮੬੦)

੧੪. ਕਬੀਰ ਸਭੁ ਜਗੁ ਹਉ ਫਿਰਿਓ ਮਾਂਦਲੁ ਕੰਧ ਚਢਾਇ॥
ਕੋਈ ਕਾਹੂ ਕੋ ਨਹੀ ਸਭ ਦੇਖੀ ਠੋਕਿ ਬਜਾਇ॥ ੧੧੩॥
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੦)

੧੫. ਸਭ ਕਿਛੁ ਜੀਵਤ ਕੋ ਬਿਵਹਾਰ॥
ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ॥੧॥ ਰਹਾਉ॥
ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ॥
ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ॥੧॥
(ਦੇਵਗੰਧਾਰੀ ਮ: ੯, ਆ. ਗ੍ਰੰ. ਪੰਨਾ ੫੩੬)

੧੬. ਰੇ ਮਨ ਤੇਰੋ ਕੋਇ ਨਹੀ ਖਿੰਚਿ ਲੇਇ ਜਿਨਿ ਭਾਰੁ॥
ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ॥੧॥
(ਗਉੜੀ ਕਬੀਰ ਜੀ, ਆ. ਗ੍ਰੰ. ਪੰਨਾ ੩੩੭)

੧੭. ਕਾ ਕੀ ਮਾਤ ਪਿਤਾ ਕਹੁ ਕਾ ਕੋ ਕਵਨ ਪੁਰਖ ਕੀ ਜੋਈ॥
ਘਟ ਫੂਟੇ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ॥੨॥
ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ॥
ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ॥੩॥
(ਆਸਾ ਕਬੀਰ ਜੀ, ਆ. ਗ੍ਰੰ. ਪੰਨਾ ੪੭੮)

SIKHBOOKCLUB.COM

# ਲੇਖਾ-ਜੋਖਾ

## ਸ਼ਬਦ ਨੰ: ੭੮

ਖੂਲੀ ਗੰਠਿ ਉਠੋ ਲਿਖਿਆ ਆਇਆ ਰਾਮ॥ ਰਸ ਕਸ ਸੁਖ ਠਾਕੇ ਬੰਧਿ ਚਲਾਇਆ ਰਾਮ॥ ਬੰਧਿ ਚਲਾਇਆ ਜਾ ਪ੍ਰਭ ਭਾਇਆ ਨਾ ਦੀਸੈ ਨਾ ਸੁਣੀਐ॥ ਆਪਣ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ॥ ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ॥ ਨਾਨਕ ਸੁਰਿ ਨਰ ਸਬਦਿ ਮਿਲਾਏ ਤਿਨਿ ਪ੍ਰਭਿ ਕਾਰਣੁ ਕੀਆ॥ ੫॥ ੨॥

(ਤੁਖਾਰੀ ਮ: ੧, ਆ. ਗ੍ਰੰ. ਪੰਨਾ ੧੧੧੦)

## ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ

੧. ਅਮਲੁ ਸਿਰਾਨੋ ਲੇਖਾ ਦੇਨਾ॥ ਆਏ ਕਠਿਨ ਦੂਤ ਜਮ ਲੇਨਾ॥ ਕਿਆ ਤੈ ਖਟਿਆ ਕਹਾ ਗਵਾਇਆ॥ ਚਲਹੁ ਸਿਤਾਬ ਦੀਬਾਨਿ ਬੁਲਾਇਆ॥ ੧॥ ਚਲੁ ਦਰਹਾਲੁ ਦੀਵਾਨਿ ਬੁਲਾਇਆ॥ ਹਰਿ ਫੁਰਮਾਨੁ ਦਰਗਹ ਕਾ ਆਇਆ॥ ੧॥ ਰਹਾਉ॥

(ਸੂਹੀ ਕਬੀਰ ਜੀ, ਆ. ਗ੍ਰੰ. ਪੰਨਾ ੭੯੨)

੨. ਜੇਤੇ ਜੀਅ ਤੇਤੇ ਵਾਟਾਊ॥ ਚੀਰੀ ਆਈ ਢਿਲ ਨ ਕਾਊ॥
ਏਥੈ ਜਾਣੈ ਸੁ ਜਾਇ ਸਿਞਾਣੈ॥ ਹੋਰੁ ਫਕੜੁ ਹਿੰਦੂ ਮੁਸਲਮਾਣੈ॥
ਸਭਨਾ ਕਾ ਦਰਿ ਲੇਖਾ ਹੋਇ॥ ਕਰਣੀ ਬਾਝਹੁ ਤਰੈ ਨ ਕੋਇ॥
ਸਚੋ ਸਚੁ ਵਖਾਣੈ ਕੋਇ॥ ਨਾਨਕ ਅਗੈ ਪੁਛ ਨ ਹੋਇ॥ ੨॥

(ਰਾਮਕਲੀ ਕੀ ਵਾਰ ਮ: ੧, ਆ. ਗ੍ਰੰ. ਪੰਨਾ ੯੫੨)

੩. ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ॥
ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ॥ ੩॥

(ਸੋਰਠਿ ਮ: ੫, ਆ. ਗ੍ਰੰ. ਪੰਨਾ ੬੧੬)

੪. ਦੀਬਾਨੁ ਏਕੋ ਕਲਮ ਏਕਾ ਹਮਾ ਤੁਮ੍ਾ ਮੇਲੁ॥
ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ॥

(ਆਸਾ ਦੀ ਵਾਰ ਮ: ੧, ਆ. ਗ੍ਰੰ. ਪੰਨਾ ੪੭੩)

 www.sikhbookclub.com

੫. ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥
ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥
ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ॥
ਕਰਮੀ ਆਪੋ ਆਪਣੀ ਆਪੇ ਪਛੁਤਾਣੀ॥
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥ ੨੭॥
(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੧੫)

੬. ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ॥
ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ॥ ੨੦੦॥
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੫)

੭. ਬਾਬਾ ਏਹੁ ਲੇਖਾ ਲਿਖਿ ਜਾਣੁ॥
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥ ੧॥ ਰਹਾਉ॥
(ਸ੍ਰੀ ਰਾਗੁ ਮ: ੧, ਆ. ਗ੍ਰੰ. ਪੰਨਾ ੧੬)

੮. ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ॥
ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥
ਲਿਖਿ ਨਾਵੈ ਧਰਮੁ ਬਹਾਲਿਆ॥ ੨॥
(ਆਸਾ ਦੀ ਵਾਰ ਮ: ੧, ਆ. ਗ੍ਰੰ. ਪੰਨਾ ੪੬੩)

੯. ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ॥
ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ॥ ੩੮॥
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੭੭)

੧੦. ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ॥ ੨॥
ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ॥
(ਮਾਰੂ ਕਬੀਰ ਜੀ, ਆ. ਗ੍ਰੰ. ਪੰਨਾ ੧੧੦੬)

੧੧. ਬਾਬਾ ਅਬ ਨ ਬਸਉ ਇਹ ਗਾਉ॥
ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ॥ ੧॥ ਰਹਾਉ॥
ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ॥
ਪੰਚ ਕਿਰਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ॥ ੨॥
(ਮਾਰੂ ਕਬੀਰ ਜੀ, ਆ. ਗ੍ਰੰ. ਪੰਨਾ ੧੧੦੪)

੧੨. ਪਾਪ ਕਰੇਦੜ ਸਰਪਰ ਮੁਠੇ॥ ਅਜਰਾਈਲਿ ਫੜੇ ਫੜਿ ਕੁਠੇ॥
ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ॥ ੨॥
(ਮਾਰੂ ਮ: ੫, ਆ. ਗ੍ਰੰ. ਪੰਨਾ ੧੦੧੯)

੧੩. ਹਉਮੈ ਕਰਦਿਆ ਜਨਮੁ ਗਵਾਇਆ॥
ਆਗੈ ਮੋਹੁ ਨ ਚੂਕੈ ਮਾਇਆ॥
ਅਗੈ ਜਮਕਾਲੁ ਲੇਖਾ ਲੇਵੈ ਜਿਉ ਤਿਲ ਘਾਣੀ ਪੀੜਾਇਦਾ॥ ੯॥
(ਮਾਰੂ ਮ: ੩ ਸੋਲਹੇ, ਆ. ਗ੍ਰੰ. ਪੰਨਾ ੧੦੬੩)

੧੪. ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ॥
ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ॥
(ਬਿਹਾਗੜਾ ਮ: ੫, ਆ. ਗ੍ਰੰ. ਪੰਨਾ ੫੪੬)

੧੫. ਬਾਕੀ ਵਾਲਾ ਤਲਬੀਐ ਸਿਰਿ ਮਾਰੇ ਜੰਦਾਰੁ ਜੀਉ॥
ਲੇਖਾ ਮੰਗੈ ਦੇਵਣਾ ਪੁਛੈ ਕਰਿ ਬੀਚਾਰੁ ਜੀਉ ॥
(ਸੂਹੀ ਮ: ੧, ਆ. ਗ੍ਰੰ. ਪੰਨਾ ੭੫੧)

੧੬. ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥ ੨॥
(ਰਾਮਕਲੀ ਕੀ ਵਾਰ ਮ: ੧, ਆ. ਗ੍ਰੰ. ਪੰਨਾ ੯੫੩)

੧੭. ਖੰਡੇ ਧਾਰ ਗਲੀ ਅਤਿ ਭੀੜੀ॥ ਲੇਖਾ ਲੀਜੈ ਤਿਲ ਜਿਉ ਪੀੜੀ॥
ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ
ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ॥ ੧੦॥
(ਮਾਰੂ ਮ: ੧ ਸੋਲਹੇ, ਆ. ਗ੍ਰੰ. ਪੰਨਾ ੧੦੨੮)

੧੮. ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ॥
ਸਾਹਿਬੁ ਲੇਖਾ ਮੰਗਸੀ ਦੁਨੀਆ ਦੇਖਿ ਨ ਭੂਲੁ॥
(ਮਾਰੂ ਵਾਰ ਮ: ੩, ਆ. ਗ੍ਰੰ. ਪੰਨਾ ੧੦੯੦)

੧੯. ਸਾਕਤ ਜਮ ਕੀ ਕਾਣਿ ਨ ਚੂਕੈ॥ ਜਮ ਕਾ ਡੰਡੁ ਨ ਕਬਹੂ ਮੂਕੈ॥
ਬਾਕੀ ਧਰਮ ਰਾਇ ਕੀ ਲੀਜੈ ਸਿਰਿ ਅਫਰਿਓ ਭਾਰੁ ਅਫਾਰਾ ਹੇ॥ ੧੦॥
(ਮਾਰੂ ਮ: ੧, ਆ. ਗ੍ਰੰ. ਪੰਨਾ ੧੦੩੦)

# ਹਉਮੈ

## ਸ਼ਬਦ ਨੰ: ੭੯

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥ ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥ ੧॥ ਪ੍ਰਾਨੀ ਕਿਆ ਮੇਰਾ ਕਿਆ ਤੇਰਾ॥ ਜੈਸੇ ਤਰਵਰ ਪੰਖਿ ਬਸੇਰਾ॥ ੧॥ ਰਹਾਉ॥ ਰਾਖਹੁ ਕੰਧ ਉਸਾਰਹੁ ਨੀਵਾਂ॥ ਸਾਢੇ ਤੀਨਿ ਹਾਥ ਤੇਰੀ ਸੀਵਾਂ॥ ੨॥ ਬੰਕੇ ਬਾਲ ਪਾਗ ਸਿਰਿ ਡੇਰੀ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ॥ ੩॥ ਊਚੇ ਮੰਦਰ ਸੁੰਦਰ ਨਾਰੀ॥ ਰਾਮ ਨਾਮ ਬਿਨੁ ਬਾਜੀ ਹਾਰੀ॥ ੪॥ ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ॥ ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥ ੫॥ ੬॥

(ਸੋਰਠਿ ਰਵਿਦਾਸ ਜੀ, ਆ. ਗ੍ਰੰ. ਪੰਨਾ ੬੫੯)

## ਪ੍ਰਾਨੀ ਕਿਆ ਮੇਰਾ ਕਿਆ ਤੇਰਾ

੧. ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ॥
ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ॥ ੨॥
ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ॥
ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ॥ ੩॥

(ਧਨਾਸਰੀ ਨਾਮਦੇਵ ਜੀ, ਆ. ਗ੍ਰੰ. ਪੰਨਾ ੬੯੩)

੨. ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ॥
ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ॥ ੩॥

(ਸ੍ਰੀ ਰਾਗੁ ਮ: ੫, ਆ. ਗ੍ਰੰ. ਪੰਨਾ ੫੦)

੩. ਉਪਜੈ ਨਿਪਜੈ ਨਿਪਜਿ ਸਮਾਈ॥ ਨੈਨਹ ਦੇਖਤ ਇਹੁ ਜਗੁ ਜਾਈ॥ ੧॥
ਲਾਜ ਨ ਮਰਹੁ ਕਹਹੁ ਘਰੁ ਮੇਰਾ॥
ਅੰਤ ਕੀ ਬਾਰ ਨਹੀ ਕਛੁ ਤੇਰਾ॥ ੧॥ ਰਹਾਉ॥

(ਗਉੜੀ ਕਬੀਰ ਜੀ, ਆ. ਗ੍ਰੰ. ਪੰਨਾ ੩੨੫)

੪. ਸੂਮਹਿ ਧਨੁ ਰਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ॥
ਜਮ ਕਾ ਡੰਡੁ ਮੂੰਡ ਮਹਿ ਲਾਗੈ ਖਿਨ ਮਹਿ ਕਰੈ ਨਿਬੇਰਾ॥ ੩॥

(ਆਸਾ ਕਬੀਰ ਜੀ, ਆ. ਗ੍ਰੰ. ਪੰਨਾ ੪੭੯)

੫. ਕਹੈ ਕਬੀਰੁ ਸੁਨਹੁ ਰੇ ਸੰਤਹੁ ਮੇਰੀ ਮੇਰੀ ਝੂਠੀ॥
ਚਿਰਗਟ ਫਾਰਿ ਚਟਾਰਾ ਲੈ ਗਇਓ ਤਰੀ ਤਾਗਰੀ ਛੂਟੀ॥੫॥੩॥੧੬॥
(ਆਸਾ ਕਬੀਰ ਜੀ, ਆ. ਗ੍ਰੰ. ਪੰਨਾ ੪੮੦)

੬. ਦੇ ਦੇ ਨੀਵ ਦਿਵਾਲ ਉਸਾਰੀ ਭਸਮੰਦਰ ਕੀ ਢੇਰੀ॥
ਸੰਚੇ ਸੰਚਿ ਨ ਦੇਈ ਕਿਸ ਹੀ ਅੰਧੁ ਜਾਣੈ ਸਭ ਮੇਰੀ॥
ਸੋਇਨ ਲੰਕਾ ਸੋਇਨ ਮਾੜੀ ਸੰਪੈ ਕਿਸੈ ਨ ਕੇਰੀ॥੫॥
ਸੁਣਿ ਮੂਰਖ ਮੰਨ ਅਜਾਣਾ॥ ਹੋਗੁ ਤਿਸੈ ਕਾ ਭਾਣਾ॥੧॥ ਰਹਾਉ॥
(ਗਉੜੀ ਚੇਤੀ ਮ: ੧, ਆ. ਗ੍ਰੰ. ਪੰਨਾ ੧੫੫)

੭. ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ॥
ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ॥
ਕਿਸ ਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ॥੩॥
ਸੁਇਨਾ ਰੁਪਾ ਸੰਚੀਐ ਮਾਲੁ ਜਾਲੁ ਜੰਜਾਲੁ॥
ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ॥
ਪਿੰਡੁ ਪੜੈ ਜੀਉ ਖੇਲਸੀ ਬਦਫੈਲੀ ਕਿਆ ਹਾਲੁ॥੪॥
ਪੁਤਾ ਦੇਖਿ ਵਿਗਸੀਐ ਨਾਰੀ ਸੇਜ ਭਤਾਰ॥
ਚੋਆ ਚੰਦਨੁ ਲਾਈਐ ਕਾਪੜੁ ਰੂਪੁ ਸੀਗਾਰੁ॥
ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ॥੫॥
ਮਹਰ ਮਲੂਕ ਕਹਾਈਐ ਰਾਜਾ ਰਾਉ ਕਿ ਖਾਨੁ॥
ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ॥
ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ॥੬॥
ਹਉਮੈ ਕਰਿ ਕਰਿ ਜਾਇਸੀ ਜੋ ਆਇਆ ਜਗ ਮਾਹਿ॥
ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਹ ਸੁਆਹਿ॥
ਗੁਰਿ ਰਾਖੇ ਸੇ ਨਿਰਮਲੇ ਸਬਦਿ ਨਿਵਾਰੀ ਭਾਹਿ॥੭॥
(ਸ੍ਰੀ ਰਾਗੁ ਮ: ੧, ਆ. ਗ੍ਰੰ. ਪੰਨਾ ੬੩)

੮. ਦੇਹ ਨ ਗੇਹ ਨ ਨੇਹ ਨ ਨੀਤਾ ਮਾਇਆ ਮਤ ਕਹਾ ਲਉ ਗਾਰਹੁ॥
ਛਤ੍ਰ ਨ ਪਤ੍ਰ ਨ ਚਉਰ ਨ ਚਾਵਰ ਬਹਤੀ ਜਾਤ ਰਿਦੈ ਨ ਬਿਚਾਰਹੁ॥
ਰਥ ਨ ਅਸ੍ਵ ਨ ਗਜ ਸਿੰਘਾਸਨ ਛਿਨ ਮਹਿ ਤਿਆਗਤ ਨਾਂਗ ਸਿਧਾਰਹੁ॥

ਸੂਰ ਨ ਬੀਰ ਨ ਮੀਰ ਨ ਖਾਨਮ ਸੰਗਿ ਨ ਕੋਊ ਦ੍ਰਿਸਟਿ ਨਿਹਾਰਹੁ ॥
ਕੋਟ ਨ ਓਟ ਨ ਕੋਸ ਨ ਛੋਟਾ ਕਰਤ ਬਿਕਾਰ ਦੋਊ ਕਰ ਝਾਰਹੁ ॥
ਮਿਤ੍ਰ ਨ ਪੁਤ੍ਰ ਕਲਤ੍ਰ ਸਾਜਨ ਸਖ ਉਲਟਤ ਜਾਤ ਬਿਰਖ ਕੀ ਛਾਂਰਹੁ ॥
(ਸਵੱਯੇ ਸ੍ਰੀ ਮੁਖਬਾਕ੍ ਮ: ੫, ਆ. ਗ੍ਰੰ. ਪੰਨਾ ੧੩੮੮)

੯. ਹਉਮੈ ਮਮਤਾ ਕਰਦਾ ਆਇਆ ॥ ਆਸਾ ਮਨਸਾ ਬੰਧਿ ਚਲਾਇਆ ॥
ਮੇਰੀ ਮੇਰੀ ਕਰਤ ਕਿਆ ਲੇ ਚਾਲੇ ਬਿਖੁ ਲਾਦੇ ਛਾਰ ਬਿਕਾਰਾ ਹੇ ॥ ੧੫ ॥
ਹਰਿ ਕੀ ਭਗਤਿ ਕਰਹੁ ਜਨ ਭਾਈ ॥ ਅਕਥੁ ਕਥਹੁ ਮਨੁ ਮਨਹਿ ਸਮਾਈ ॥
ਉਠਿ ਚਲਤਾ ਠਾਕਿ ਰਖਹੁ ਘਰਿ ਅਪੁਨੈ
ਦੂਖੁ ਕਾਟੇ ਕਾਟਣਹਾਰਾ ਹੇ ॥ ੧੬ ॥
(ਮਾਰੂ ਮ: ੧ ਸੋਲਹੇ, ਆ. ਗ੍ਰੰ. ਪੰਨਾ ੧੦੩੧)

੧੦. ਕਬੀਰ ਕੋਠੇ ਮੰਡਪ ਹੇਤੁ ਕਰਿ ਕਾਹੇ ਮਰਹੁ ਸਵਾਰਿ ॥
ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ ॥ ੨੧੮ ॥
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੬)

੧੧. ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥ ੪੬ ॥
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੮੦)

# ਇਹੁ ਤਨੁ ਹੋਇਗੋ ਭਸਮ ਕੀ ਢੇਰੀ

੧. ਆਗੇ ਕਉ ਕਿਛੁ ਤੁਲਹਾ ਬਾਂਧਹੁ ਕਿਆ ਭਰਵਾਸਾ ਧਨ ਕਾ ॥
ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ ॥ ੧ ॥
(ਸਾਰੰਗ ਕਬੀਰ ਜੀ, ਆ. ਗ੍ਰੰ. ਪੰਨਾ ੧੨੫੩)

੨. ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥ ੩ ॥ ੨ ॥
(ਸੂਹੀ ਸੇਖ ਫਰੀਦ ਜੀ, ਆ. ਗ੍ਰੰ. ਪੰਨਾ ੭੯੪)

੩. ਊਚੇ ਮੰਦਰ ਸਾਲ ਰਸੋਈ ॥ ਏਕ ਘਰੀ ਫੁਨਿ ਰਹਨੁ ਨ ਹੋਈ ॥ ੧ ॥
ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ ॥
ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥ ੧ ॥ ਰਹਾਉ ॥
(ਸੂਹੀ ਰਵਿਦਾਸ ਜੀ, ਆ. ਗ੍ਰੰ. ਪੰਨਾ ੭੯੪)

 www.sikhbookclub.com

੪. ਜਿਹ ਸਿਰਿ ਰਚਿ ਰਚਿ ਬਾਧਤ ਪਾਗ॥
ਸੋ ਸਿਰੁ ਚੁੰਚ ਸਵਾਰਹਿ ਕਾਗ॥ ੧॥
ਇਸੁ ਤਨ ਧਨ ਕੋ ਕਿਆ ਗਰਬਈਆ॥
ਰਾਮ ਨਾਮੁ ਕਾਹੇ ਨ ਦ੍ਰਿੜ੍ਹੀਆ॥ ੧॥ ਰਹਾਉ॥
(ਗਉੜੀ ਕਬੀਰ ਜੀ, ਆ. ਗ੍ਰੰ. ਪੰਨਾ ੩੩੦)

੫. ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥
ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥ ੧॥
ਹਮਰੋ ਕਰਤਾ ਰਾਮੁ ਸਨੇਹੀ॥
ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ॥ ੧॥ ਰਹਾਉ॥
(ਧਨਾਸਰੀ ਨਾਮਦੇਵ ਜੀ, ਆ. ਗ੍ਰੰ. ਪੰਨਾ ੬੯੨)

੬. ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ॥
ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ॥ ੧੭੮॥
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੭੪)
ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥
ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥ ੨੭॥
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੬੫)

੭. ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ॥
ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ॥ ੪੧॥
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੮੦)
ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ॥
ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ॥ ੨੬॥
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੭੯)

੮. ਕਾਇਆ ਹੰਸ ਕਿਆ ਪ੍ਰੀਤਿ ਹੈ ਜਿ ਪਇਆ ਹੀ ਛਡਿ ਜਾਇ॥
ਏਸ ਨੋ ਕੂੜੁ ਬੋਲਿ ਕਿ ਖਵਾਲੀਐ ਜਿ ਚਲਦਿਆ ਨਾਲਿ ਨ ਜਾਇ॥
ਕਾਇਆ ਮਿਟੀ ਅੰਧੁ ਹੈ ਪਉਣੈ ਪੁਛਹੁ ਜਾਇ॥
(ਗੂਜਰੀ ਕੀ ਵਾਰ ਮ: ੩, ਆ. ਗ੍ਰੰ. ਪੰਨਾ ੫੧੦)

੯. ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ॥
ਬਿਨੁ ਨਾਵੈ ਕਿਛੁ ਸੰਗਿ ਨ ਜਾਨਾ॥ ੧॥ ਰਹਾਉ॥

ਕੀਚਹਿ ਰਸ ਭੋਗ ਖੁਸੀਆ ਮਨ ਕੇਰੀ॥ ਧਨੁ ਲੋਕਾਂ ਤਨੁ ਭਸਮੈ ਢੇਰੀ॥
ਖਾਕੂ ਖਾਕੁ ਰਲੈ ਸਭੁ ਫੈਲੁ॥ ਬਿਨੁ ਸਬਦੈ ਨਹੀ ਉਤਰੈ ਮੈਲੁ॥ ੨॥
(ਬਿਲਾਵਲੁ ਮ: ੧, ਆ. ਗ੍ਰੰ. ਪੰਨਾ ੮੩੨)

੧੦. ਰਾਖਹੁ ਕੰਧ ਉਸਾਰਹੁ ਨੀਵਾਂ॥ ਸਾਢੇ ਤੀਨਿ ਹਾਥ ਤੇਰੀ ਸੀਵਾਂ॥ ੨॥
ਬੰਕੇ ਬਾਲ ਪਾਗ ਸਿਰਿ ਡੇਰੀ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ॥ ੩॥
(ਸੋਰਠਿ ਰਵਿਦਾਸ ਜੀ, ਆ. ਗ੍ਰੰ. ਪੰਨਾ ੬੫੯)

੧੧. ਜਬ ਜਰੀਐ ਤਬ ਹੋਇ ਭਸਮ ਤਨੁ ਰਹੈ ਕਿਰਮ ਦਲ ਖਾਈ॥
ਕਾਚੀ ਗਾਗਰਿ ਨਰੁ ਪਰਤੁ ਹੈ ਇਆ ਤਨ ਕੀ ਇਹੈ ਬਡਾਈ॥ ੧॥
(ਸੋਰਠਿ ਕਬੀਰ ਜੀ, ਆ. ਗ੍ਰੰ. ਪੰਨਾ ੬੫੪)

੧੨. ਲਸਕਰ ਜੋੜੇ ਕੀਆ ਸੰਬਾਹਾ॥
ਨਿਕਸਿਆ ਫੂਕ ਤ ਹੋਇ ਗਇਓ ਸੁਆਹਾ॥ ੨॥
(ਆਸਾ ਮ: ੫, ਆ. ਗ੍ਰੰ. ਪੰਨਾ ੩੯੨)

੧੩. ਅਨਿਕ ਜਤਨ ਕਰਿ ਕਾਇਆ ਪਾਲੀ॥
ਮਰਤੀ ਬਾਰ ਅਗਨਿ ਸੰਗਿ ਜਾਲੀ॥ ੨॥
ਚੋਆ ਚੰਦਨੁ ਮਰਦਨ ਅੰਗਾ॥ ਸੋ ਤਨੁ ਜਲੈ ਕਾਠ ਕੈ ਸੰਗਾ॥ ੩॥
ਕਹੁ ਕਬੀਰ ਸੁਨਹੁ ਰੇ ਗੁਨੀਆ॥
ਬਿਨਸੈਗੋ ਰੂਪੁ ਦੇਖੈ ਸਭ ਦੁਨੀਆ॥ ੪॥ ੧੧॥
(ਗਉੜੀ ਕਬੀਰ ਜੀ, ਆ. ਗ੍ਰੰ. ਪੰਨਾ ੩੨੫)

੧੪. ਕਬੀਰ ਗਰਬੁ ਨ ਕੀਜੀਐ ਦੇਹੀ ਦੇਖਿ ਸੁਰੰਗ॥
ਆਜੁ ਕਾਲ੍ਹਿ ਤਜਿ ਜਾਹੁਗੇ ਜਿਉ ਕਾਂਚੁਰੀ ਭੁਯੰਗ॥ ੪੦॥
(ਸਲੋਕ ਕਬੀਰ ਜੀ, ਆ. ਗ੍ਰੰ. ਪੰਨਾ ੧੩੬੬)

SIKHBOOKCLUB.COM

# ਮਿਥਿਆ

**ਸ਼ਬਦ ਨੰ: ੮੦**

ਸਾਧੋ ਰਚਨਾ ਰਾਮ ਬਨਾਈ।। ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ।। ੧।। ਰਹਾਉ।। ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ।। ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ।। ੧।। ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ।। ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ।। ੨।। ੨।। (ਗਉੜੀ ਮ: ੯, ਆ. ਗ੍ਰੰ. ਪੰਨਾ ੨੧੯)

## ਜੋ ਉਪਜਿਓ ਸੋ ਬਿਨਸਿ ਹੈ

੧. ਧਰਤੀ ਉਪਰਿ ਕੋਟ ਗੜ ਕੇਤੀ ਗਈ ਵਜਾਇ।।
ਜੋ ਅਸਮਾਨਿ ਨ ਮਾਵਨੀ ਤਿਨ ਨਕਿ ਨਥਾ ਪਾਇ।।
(ਸੋਰਠਿ ਮ: ੧, ਆ. ਗ੍ਰੰ. ਪੰਨਾ ੫੯੫)

੨. ਕਿਸੁ ਹਉ ਜਾਚੀ ਕਿਸੁ ਆਰਾਧੀ ਜਾ ਸਭੁ ਕੋ ਕੀਤਾ ਹੋਸੀ।।
ਜੋ ਜੋ ਦੀਸੈ ਵਡਾ ਵਡੇਰਾ ਸੋ ਸੋ ਖਾਕੂ ਰਲਸੀ।।
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੦੮)

੩. ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ।।
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ।।
(ਰਾਮਕਲੀ ਮ: ੧ ਦਖਣੀ ਓਅੰਕਾਰ, ਆ. ਗ੍ਰੰ. ਪੰਨਾ ੯੩੬)

੪. ਰਾਣਾ ਰਾਉ ਸਭੈ ਕੋਊ ਚਾਲੈ ਝੂਠੁ ਛੋਡਿ ਜਾਇ ਪਾਸਾਰੁ।।
ਨਾਨਕ ਸੰਤ ਸਦਾ ਥਿਰੁ ਨਿਹਚਲੁ ਜਿਨ ਰਾਮ ਨਾਮੁ ਆਧਾਰੁ।। ੪।। ੬।।
(ਸਾਰਗ ਮ: ੪, ਆ. ਗ੍ਰੰ. ਪੰਨਾ ੧੨੦੦)

੫. ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ।।
ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ।। ੨।।
(ਬਿਲਾਵਲੁ ਕਬੀਰ ਜੀ, ਆ. ਗ੍ਰੰ. ਪੰਨਾ ੮੫੫)

੬. ਰੋਸੁ ਨ ਕੀਜੈ ਅੰਮ੍ਰਿਤੁ ਪੀਜੈ ਰਹਣੁ ਨਹੀ ਸੰਸਾਰੇ।।
ਰਾਜੇ ਰਾਇ ਰੰਕ ਨਹੀ ਰਹਣਾ ਆਇ ਜਾਇ ਜੁਗ ਚਾਰੇ।।
(ਦਖਣੀ ਓਅੰਕਾਰ ਮ: ੧, ਆ. ਗ੍ਰੰ. ਪੰਨਾ ੯੩੧)

੭. ਅਉਰ ਮੁਏ ਕਿਆ ਰੋਈਐ ਜਉ ਆਪਾ ਥਿਰੁ ਨ ਰਹਾਇ।।
ਜੋ ਉਪਜੈ ਸੋ ਬਿਨਸਿ ਹੈ ਦੁਖੁ ਕਰਿ ਰੋਵੈ ਬਲਾਇ।। ੨।।
(ਗਉੜੀ ਕਬੀਰ ਜੀ, ਆ. ਗ੍ਰੰ. ਪੰਨਾ ੩੩੭)

੮. ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ।।
ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ।।
(ਸ੍ਰੀ ਰਾਗੁ ਮ: ੧, ਆ. ਗ੍ਰੰ. ਪੰਨਾ ੬੩)

੯. ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ।।
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ।। ੫੨।।
(ਸਲੋਕ ਮ: ੯, ਆ. ਗ੍ਰੰ. ਪੰਨਾ ੧੪੨੯)

੧੦. ਰੇ ਨਰ ਇਹ ਸਾਚੀ ਜੀਅ ਧਾਰਿ।।
ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ।। ੧।। ਰਹਾਉ।।
ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ।।
ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ।। ੧।।
(ਸੋਰਠਿ ਮ: ੯, ਆ. ਗ੍ਰੰ. ਪੰਨਾ ੬੩੩)

੧੧. ਤਟ ਤੀਰਥ ਦੇਵ ਦੇਵਾਲਿਆ ਕੇਦਾਰੁ ਮਥੁਰਾ ਕਾਸੀ।।
ਕੋਟਿ ਤੇਤੀਸਾ ਦੇਵਤੇ ਸਣੁ ਇੰਦ੍ਰੈ ਜਾਸੀ।।
ਸਿਮ੍ਰਿਤਿ ਸਾਸਤ੍ਰ ਬੇਦ ਚਾਰਿ ਖਟੁ ਦਰਸ ਸਮਾਸੀ।।
ਪੋਥੀ ਪੰਡਿਤ ਗੀਤ ਕਵਿਤ ਕਵਤੇ ਭੀ ਜਾਸੀ।।
ਜਤੀ ਸਤੀ ਸੰਨਿਆਸੀਆ ਸਭਿ ਕਾਲੈ ਵਾਸੀ।।
ਮੁਨਿ ਜੋਗੀ ਦਿਗੰਬਰਾ ਜਮੈ ਸਣੁ ਜਾਸੀ।।
ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ।।
ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ।। ੧੮।।
(ਮਾਰੂ ਵਾਰ ਮ: ੩, ਆ. ਗ੍ਰੰ. ਪੰਨਾ ੧੧੦੦)

੧੨. ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ।।
ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ।। ੧੦੨।।
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੮੩)

੧੩. ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ।।
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ।। ੨੫।।
(ਸਲੋਕ ਮ: ੯, ਆ. ਗ੍ਰੰ. ਪੰਨਾ ੧੪੨੭)

੧੪. ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥ ੪੯॥
(ਸਲੋਕ ਮ: ੯, ਆ. ਗ੍ਰੰ. ਪੰਨਾ ੧੪੨੯)

੧੫. ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ॥
ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ॥
ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ॥
ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ॥
ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ॥ ੩॥
(ਮਾਝ ਕੀ ਵਾਰ ਮ: ੧, ਆ. ਗ੍ਰੰ. ਪੰਨਾ ੧੩੮)

## ਮਰਣਿ ਨ ਮੂਰਤੁ ਪੁਛਿਆ ਪੁਛੀ ਥਿਤਿ ਨ ਵਾਰੁ

੧. ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥ ੫੦॥
(ਸਲੋਕ ਮ: ੯, ਆ. ਗ੍ਰੰ. ਪੰਨਾ ੧੪੨੯)

੨. ਮਰਣਿ ਨ ਮੂਰਤੁ ਪੁਛਿਆ ਪੁਛੀ ਥਿਤਿ ਨ ਵਾਰੁ॥
ਇਕਨ੍ਹੀ ਲਦਿਆ ਇਕਿ ਲਦਿ ਚਲੇ ਇਕਨ੍ਹੀ ਬਧੇ ਭਾਰ॥
ਇਕਨ੍ਹਾ ਹੋਈ ਸਾਖਤੀ ਇਕਨ੍ਹਾ ਹੋਈ ਸਾਰ॥
ਲਸਕਰ ਸਣੈ ਦਮਾਮਿਆ ਛੁਟੇ ਬੰਕ ਦੁਆਰ॥
ਨਾਨਕ ਢੇਰੀ ਛਾਰੁ ਕੀ ਭੀ ਫਿਰਿ ਹੋਈ ਛਾਰ॥ ੧॥
(ਸਾਰੰਗ ਕੀ ਵਾਰ ਮ: ੧, ਆ. ਗ੍ਰੰ. ਪੰਨਾ ੧੨੪੪)

੩. ਨਾਂਗੇ ਆਵਣਾ ਨਾਂਗੇ ਜਾਣਾ ਹਰਿ ਹੁਕਮੁ ਪਾਇਆ ਕਿਆ ਕੀਜੈ॥
ਜਿਸ ਕੀ ਵਸਤੁ ਸੋਈ ਲੈ ਜਾਇਗਾ ਰੋਸੁ ਕਿਸੈ ਸਿਉ ਕੀਜੈ॥
(ਸਾਰੰਗ ਕੀ ਵਾਰ ਮ: ੩, ਆ. ਗ੍ਰੰ. ਪੰਨਾ ੧੨੪੬)

੪. ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ॥
ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ॥ ੪੭॥
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੮੦)

੫. ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ॥
ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ॥ ੭੩॥
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੮੧)

੬. ਧਰਤਿ ਆਕਾਸੁ ਪਾਤਾਲੁ ਹੈ ਚੰਦੁ ਸੂਰੁ ਬਿਨਾਸੀ॥
ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ॥
ਰੰਗ ਤੁੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ॥
ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ॥
ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ॥
ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ॥
ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ॥
ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ॥੧੭॥
(ਮਾਰੂ ਕੀ ਵਾਰ ਮ: ੫, ਆ. ਗ੍ਰੰ. ਪੰਨਾ ੧੧੦੦)

੭. ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ॥
ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ॥੧॥
ਦੁਨੀਆ ਕੈਸਿ ਮੁਕਾਮੇ॥
ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ॥੧॥ ਰਹਾਉ॥
ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ॥
ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ॥੨॥
ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ॥
ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ॥੩॥
ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ॥
ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ॥੪॥
(ਸ੍ਰੀ ਰਾਗੁ ਮ: ੧, ਆ. ਗ੍ਰੰ. ਪੰਨਾ ੬੪)

੮. ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ॥
ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥੫॥
ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ॥
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ॥੬॥
ਚਲੇ ਚਲਣਹਾਰ ਵਿਚਾਰਾ ਲੇਇ ਮਨੋ॥
ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ॥੭॥
ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ॥
ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ॥੮॥੨॥
(ਆਸਾ ਸੇਖ ਫਰੀਦ ਜੀ, ਆ. ਗ੍ਰੰ. ਪੰਨਾ ੪੮੮)

੯. ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ।।
ਹਟ ਪਟਣ ਬਾਜਾਰ ਹੁਕਮੀ ਢਹਸੀਓ।।
ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ ।।
ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ।।
ਤਾਜੀ ਰਥ ਤੁਖਾਰ ਹਾਥੀ ਪਾਖਰੇ।।
ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ।।
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ।।
ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ।। ੮।।
(ਮਾਝ ਕੀ ਵਾਰ ਮ: ੧, ਆ. ਗ੍ਰੰ. ਪੰਨਾ ੧੪੧)

੧੦. ਏਕ ਸਿਵ ਭਏ ਏਕ ਗਏ ਏਕ ਫੇਰ ਭਏ
ਰਾਮ ਚੰਦ੍ਰ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈਂ।।
ਬ੍ਰਹਮਾ ਅਰੁ ਬਿਸਨ ਕੇਤੇ ਬੇਦ ਔ ਪੁਰਾਨ ਕੇਤੇ
ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਏ ਹੈਂ।।
ਮਨੋਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ
ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ।।
ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ
ਭੂਮ ਹੀ ਤੇ ਹੁਇ ਕੈ ਫੇਰਿ ਭੂਮ ਹੀ ਮਿਲਏ ਹੈਂ।। ੭।। ੭੭।।

੧੧. ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ
ਛਤ੍ਰ ਹੀ ਕੀ ਛਾਇਆ ਕਈ ਕੋਸ ਲੌਂ ਚਲਤ ਹੈ।।
ਬਡੇ ਬਡੇ ਰਾਜਨ ਕੇ ਦਾਬਤਿ ਫਿਰਤਿ ਦੇਸ,
ਬਡੇ ਬਡੇ ਰਾਜਨ ਕੇ ਦ੍ਰਪ ਕੋ ਦਲਤ ਹੈ।।
ਮਾਨ ਸੇ ਮਹੀਪ ਔ ਦਿਲੀਪ ਕੇ ਸੇ ਛਤ੍ਰਧਾਰੀ
ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈ।।
ਦਾਰਾ ਸੇ ਦਿਲੀਸਰ ਦ੍ਰਜੋਧਨ ਸੇ ਮਾਨਧਾਰੀ
ਭੋਗ ਭੋਗ ਭੂਮ ਅੰਤ ਭੂਮ ਮੈ ਮਿਲਤ ਹੈ।। ੮।। ੭੮।।
(ਅਕਾਲ ਉਸਤਤਿ ਪਾਤਸ਼ਾਹੀ ੧੦)

# ਕਾਲ ਫਾਸ

## ਸ਼ਬਦ ਨੰ: ੮੧

ਰਹਣੁ ਨ ਪਾਵਹਿ ਸੁਰਿ ਨਰ ਦੇਵਾ।। ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ।। ੧।। ਜੀਵਤ ਪੇਖੇ ਜਿਨ੍ਹੀ ਹਰਿ ਹਰਿ ਧਿਆਇਆ।। ਸਾਧਸੰਗਿ ਤਿਨ੍ਹੀ ਦਰਸਨੁ ਪਾਇਆ।। ੧।। ਰਹਾਉ।। ਬਾਦਿਸਾਹ ਸਾਹ ਵਾਪਾਰੀ ਮਰਨਾ।। ਜੋ ਦੀਸੈ ਸੋ ਕਾਲਹਿ ਖਰਨਾ।। ੨।। ਕੂੜੈ ਮੋਹਿ ਲਪਟਿ ਲਪਟਾਨਾ।। ਛੋਡਿ ਚਲਿਆ ਤਾ ਫਿਰਿ ਪਛੁਤਾਨਾ।। ੩।। ਕ੍ਰਿਪਾ ਨਿਧਾਨ ਨਾਨਕ ਕਉ ਕਰਹੁ ਦਾਤਿ।। ਨਾਮੁ ਤੇਰਾ ਜਪੀ ਦਿਨੁ ਰਾਤਿ।। ੪।। ੮।। ੧੪।। (ਸੂਹੀ ਮ: ੫, ਆ. ਗ੍ਰੰ. ਪੰਨਾ ੭੪੦)

## ਬਾਦਿਸਾਹ ਸਾਹ ਵਾਪਾਰੀ ਮਰਨਾ
## ਜੋ ਦੀਸੈ ਸੋ ਕਾਲਹਿ ਖਰਨਾ

੧. ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ।।
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ।।
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ।।
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ।।
(ਸਲੋਕ ਸੇਖ ਫਰੀਦ ਜੀ, ਆ. ਗ੍ਰੰ. ਪੰਨਾ ੧੩੭੭)

੨. ਧਨ ਕਹੈ ਤੂ ਵਸੁ ਮੈ ਨਾਲੇ।। ਪ੍ਰਿਅ ਸੁਖਵਾਸੀ ਬਾਲ ਗੁਪਾਲੇ।।
ਤੁਝੈ ਬਿਨਾ ਹਉ ਕਿਤਹੀ ਨ ਲੇਖੈ ਵਚਨੁ ਦੇਹਿ ਛੋਡਿ ਨ ਜਾਸਾ ਹੇ।। ੭।।
ਪਿਰਿ ਕਹਿਆ ਹਉ ਹੁਕਮੀ ਬੰਦਾ।।
ਓਹੁ ਭਾਰੋ ਠਾਕੁਰੁ ਜਿਸੁ ਕਾਣਿ ਨ ਛੰਦਾ।।
ਜਿਚਰੁ ਰਾਖੈ ਤਿਚਰੁ ਤੁਮ ਸੰਗਿ ਰਹਣਾ
ਜਾ ਸਦੇ ਤ ਊਠਿ ਸਿਧਾਸਾ ਹੇ।। ੮।।
ਜਉ ਪ੍ਰਿਅ ਬਚਨ ਕਹੇ ਧਨ ਸਾਚੇ।। ਧਨ ਕਛੂ ਨ ਸਮਝੈ ਚੰਚਲਿ ਕਾਚੇ।।
ਬਹੁਰਿ ਬਹੁਰਿ ਪਿਰ ਹੀ ਸੰਗੁ ਮਾਗੈ ਓਹੁ ਬਾਤ ਜਾਨੈ ਕਰਿ ਹਾਸਾ ਹੇ।। ੯।।

ਆਈ ਆਗਿਆ ਪਿਰਹੁ ਬੁਲਾਇਆ।। ਨਾ ਧਨ ਪੁਛੀ ਨ ਮਤਾ ਪਕਾਇਆ।।
ਊਠਿ ਸਿਧਾਇਓ ਛੂਟਰਿ ਮਾਟੀ ਦੇਖੁ ਨਾਨਕ ਮਿਥਨ ਮੋਹਾਸਾ ਹੇ।। ੧੦।।
(ਮਾਰੂ ਸੋਲਹੇ ਮ: ੪, ਆ. ਗ੍ਰੰ. ਪੰਨਾ ੧੦੭੩)

੩. ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ।।
ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨਿ੍।।
ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ।।
ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨਿ੍।।
ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨਿ੍।।
(ਸਲੋਕ ਫਰੀਦ ਜੀ, ਆ. ਗ੍ਰੰ. ਪੰਨਾ ੧੩੮੩)

੪. ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ।।
ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ।। ੩।।
(ਸ੍ਰੀ ਰਾਗੁ ਮ: ੧, ਆ. ਗ੍ਰੰ. ਪੰਨਾ ੨੩)

੫. ਕਹਤੁ ਕਬੀਰ ਸੁਨਹੁ ਰੇ ਪ੍ਰਾਨੀ ਪਰੇ ਕਾਲ ਗ੍ਰਸ ਕੂਆ।।
ਝੂਠੀ ਮਾਇਆ ਆਪੁ ਬੰਧਾਇਆ ਜਿਉ ਨਲਨੀ ਭ੍ਰਮਿ ਸੂਆ।। ੪।। ੨।।
(ਸੋਰਠਿ ਕਬੀਰ ਜੀ, ਆ. ਗ੍ਰੰ. ਪੰਨਾ ੬੫੪)

੬. ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ।।
ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ।। ੩।।
(ਆਸਾ ਰਵਿਦਾਸ ਜੀ. ਆ. ਗ੍ਰੰ. ਪੰਨਾ ੪੮੬)

੭. ਪੂਰਬਿ ਲਿਖੇ ਡੇਹ ਸਿ ਆਏ ਮਾਇਆ।।
ਚਲਣੁ ਅਜੁ ਕਿ ਕਲਿ ਧੁਰਹੁ ਫੁਰਮਾਇਆ।। ੨।।
(ਆਸਾ ਮ: ੪, ਆ. ਗ੍ਰੰ. ਪੰਨਾ ੩੬੯)

੮. ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ।। ੧।।
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ।।
(ਸੋਰਠਿ ਮ: ੯, ਆ. ਗ੍ਰੰ. ਪੰਨਾ ੬੩੧)

੯. ਕਾਲੁ ਚਲਾਇਆ ਬੰਨਿ ਕੋਇ ਨ ਰਖਸੀ।।
ਜਹੁ ਜਰਵਾਣਾ ਕੰਨਿ੍ ਚੜਿਆ ਨਚਸੀ।।
(ਮਲਾਰ ਕੀ ਵਾਰ ਮ: ੧, ਆ. ਗ੍ਰੰ. ਪੰਨਾ ੧੨੯੦)

੧੦. ਇਸਟ ਮੀਤ ਬੰਧਪ ਸੁਤ ਭਾਈ ਸੰਗਿ ਬਨਿਤਾ ਰਚਿ ਹਸਿਆ।।
ਜਬ ਅੰਤੀ ਅਉਸਰੁ ਆਇ ਬਨਿਓ ਹੈ
ਉਨ੍ ਪੇਖਤ ਹੀ ਕਾਲਿ ਗ੍ਰਸਿਆ।। ੨।।
(ਗੂਜਰੀ ਮ: ੫, ਆ. ਗ੍ਰੰ. ਪੰਨਾ ੪੯੭)

੧੧. ਮਹਾ ਬਚਿਤ੍ਰ ਸੁੰਦਰ ਆਖਾੜੇ ਰਣ ਮਹਿ ਜਿਤੇ ਪਵਾੜੇ॥
ਹਉ ਮਾਰਉ ਹਉ ਬੰਧਉ ਛੋਡਉ ਮੁਖ ਤੇ ਏਵ ਬਬਾੜੇ॥
ਆਇਆ ਹੁਕਮੁ ਪਾਰਬ੍ਰਹਮ ਕਾ ਛੋਡਿ ਚਲਿਆ ਏਕ ਦਿਹਾੜੇ॥੨॥
(ਆਸਾ ਮ: ੫, ਆ. ਗ੍ਰੰ. ਪੰਨਾ ੩੭੯)

੧੨. ਕੇਤੇ ਕੱਛ ਮੱਛ ਕੇਤੇ ਉਨ ਕਉ ਕਰਤ ਭੱਛ
ਕੇਤੇ ਅੱਛ ਵੱਛ ਹੋਇ ਸਪਛ ਉੱਡ ਜਾਹਿਗੇ॥
ਕੇਤੇ ਨਭ ਬੀਚ ਅੱਛ ਪੱਛ ਕਉ ਕਰੈਗੇ ਭੱਛ
ਕੇਤਕ ਪ੍ਰਤੱਛ ਹੁਇ ਪਚਾਇ ਖਾਇ ਜਾਹਿਗੇ॥
ਜਲ ਕਹਾ ਥਲ ਕਹਾ ਗਗਨ ਕੇ ਗਉਨ ਕਹਾ
ਕਾਲ ਕੇ ਬਨਾਇ ਸਭੈ ਕਾਲ ਹੀ ਚਬਾਹਿਗੇ॥
ਤੇਜ ਜਿਉ ਅਤੇਜ ਮੈ ਅਤੇਜ ਜੈਸੇ ਤੇਜ ਲੀਨ
ਤਾਹੀ ਤੇ ਉਪਜ ਸਭੈ ਤਾਹੀ ਮੈਂ ਸਮਾਹਿਗੇ॥
(ਅਕਾਲ ਉਸਤਤਿ ਪਾ: ੧੦)

੧੩. ਫਿਰੈ ਚਕ ਚਉਦਹੂੰ ਪੁਰੀਅੰ ਮਧਿਆਣੰ॥
ਇਸੋਂ ਕੌਣ ਬੀਅੰ ਫਿਰੈ ਆਇਸਾਣੰ॥
ਕਹੋ ਕੁੰਟ ਕੋਨੈ ਬਿਖੈ ਭਾਜ ਬਾਚੈ॥
ਸਭੰ ਸੀਸ ਕੇ ਸੰਗ ਸ੍ਰੀ ਕਾਲ ਨਾਚੈ॥੯੦॥

੧੪. ਮਧੁ ਕੀਟਭੰ ਰਾਛਸੇਸੰ ਬਲੀਅੰ॥
ਸਮੇ ਆਪਨੀ ਕਾਲ ਤੇਊ ਦਲੀਅੰ॥
ਭਏ ਸੁੰਭ ਨੈਸੁੰਭ ਸ੍ਰੋਣੰਤ ਬੀਜੰ॥
ਤੇਊ ਕਾਲ ਕੀਨੇ ਪੁਰੇਜੇ ਪੁਰੇਜੰ॥੯੪॥

ਬਲੀ ਪ੍ਰਿਥੀਅੰ ਮਾਨਧਾਤਾ ਮਹੀਪੰ॥
ਜਿਨੈ ਰੱਥ ਚੱਕ੍ਰ ਕੀਏ ਸਾਤ ਦੀਪੰ॥
ਭੁਜੰ ਭੀਮ ਭਰਥੰ ਜਗੰ ਜੀਤ ਡੰਡਯੰ॥
ਤਿਨੈ ਅੰਤਕੇ ਅੰਤ ਕੋ ਕਾਲ ਖੰਡਯੰ॥੯੫॥

ਜਿਨੈ ਦੀਪ ਦੀਪੰ ਦੁਹਾਈ ਫਿਰਾਈ॥
ਭੁਜਾ ਦੰਡ ਦੈ ਛੌਣਿ ਛਤ੍ਰੰ ਛਿਨਾਈ॥
ਕਰੇ ਜੱਗ ਕੋਟੰ ਜਸੰ ਅਨਿਕ ਲੀਤੇ॥
ਵਹੈ ਬੀਰ ਬੰਕੇ ਬਲੀ ਕਾਲ ਜੀਤੇ॥੬੬॥

ਕਈ ਕੋਟਿ ਲੀਨੇ ਜਿਨੈ ਦੁਰਗ ਢਾਹੇ॥
ਕਿਤੇ ਸੂਰਬੀਰਾਨ ਕੇ ਸੈਨ ਗਾਹੇ॥
ਕਈ ਜੰਗ ਕੀਨੇ ਸੁ ਸਾਕੇ ਪਵਾਰੇ॥
ਵਹੈ ਦੀਨ ਦੇਖੇ ਗਿਰੇ ਕਾਲ ਮਾਰੇ॥੬੭॥

ਜਿਨੈ ਪਾਤਿਸਾਹੀ ਕਰੀ ਕੋਟ ਜੁਗਿਯੰ॥
ਰਸੰ ਆਨ ਰਸੰ ਭਲੀ ਭਾਂਤਿ ਭੁਗਿਯੰ॥
ਵਹੈ ਅੰਤ ਕੋ ਪਾਵ ਨਾਗੇ ਪਧਾਰੇ॥
ਗਿਰੇ ਦੀਨ ਦੇਖੇ ਹਠੀ ਕਾਲ ਮਾਰੇ॥੬੮॥

ਜਿਨੇ ਖੰਡਅੰ ਦੰਡਧਾਰੰ ਅਪਾਰੰ॥
ਕਰੇ ਚੰਦ੍ਰਮਾ ਸੂਰ ਚੇਰੇ ਦੁਆਰੰ॥
ਜਿਨੇ ਇੰਦ੍ਰ ਸੇ ਜੀਤ ਕੇ ਛੋਡਿ ਡਾਰੇ॥
ਵਹੈ ਦੀਨ ਦੇਖੇ ਗਿਰੇ ਕਾਲ ਮਾਰੇ॥੬੯॥

੧੬. ਰਚੇ ਰੈਣ ਦਿਵਸੰ ਥਪੇ ਸੂਰ ਚੰਦ੍ਰੰ॥
ਠਟੇ ਦਈਵ ਦਾਨੋ ਰਚੇ ਬੀਰ ਬ੍ਰਿੰਦੰ॥
ਕਰੀ ਲੋਹ ਕਲਮੰ ਲਿਖਯੋ ਲੇਖ ਮਾਥੰ॥
ਸਭੈ ਜੋਰ ਕੀਨੇ ਬਲੀ ਕਾਲ ਹਾਥੰ॥
ਜਿਤੇ ਇੰਦ੍ਰ ਸੇ ਚੰਦ੍ਰ ਸੇ ਹੋਤ ਆਏ॥
ਤਿਤਯੋ ਕਾਲ ਖਾਪਾ ਨ ਤੇ ਕਾਲ ਘਾਏ॥
ਜਿਤੇ ਅਉਲੀਆ ਅੰਬੀਆ ਗਉਸ ਹ੍ਵੈ ਹੈਂ॥
ਸਭੇ ਕਾਲ ਕੈ ਅੰਤ ਦਾੜ੍ਹਾ ਤਲੈ ਹੈਂ॥

(ਬਚਿਤ੍ਰ ਨਾਟਕ ਪਾ: ੧੦)

SIKHBOOKCLUB.COM

# ਭਾਗ ਦੂਜਾ

## ਖੰਡ ਪਹਿਲਾ

SIKHBOOKCLUB.COM

### ਦਸਾਂ ਸਤਿਗੁਰਾਂ ਦਾ ਸੰਖੇਪ ਜੀਵਨ

SIKHBOOKCLUB.COM

 www.sikhbookclub.com

# ੧. ਸ੍ਰੀ ਗੁਰੂ ਨਾਨਕ ਦੇਵ ਜੀ

ਸ੍ਰੀ ਸਤਿਗੁਰੂ ਜੀ ਦੇ ਅਵਤਾਰ ਤੋਂ ਪਹਿਲੇ ਦੇਸ਼ ਵਿਚ ਮਜ਼੍ਹਬੀ ਤੇ ਰਾਜਨੀਤਕ ਝਗੜੇ ਜਾਰੀ ਸਨ। ਅਨਿਆਈ ਤੇ ਜਾਬਰ ਮੁਗਲ ਬਾਦਸ਼ਾਹਾਂ ਦੇ ਨਿਤ ਨਵੇਂ ਹਮਲਿਆਂ ਨਾਲ ਦੇਸ਼ ਨਿਰਬਲ ਤੇ ਕਮਜ਼ੋਰ ਹੋ ਚੁਕਾ ਸੀ। ਅਣਖ ਤੇ ਸ੍ਵੈ-ਮਾਨਤ (ਜਿਹੜੀਆਂ ਕਿਸੇ ਜ਼ਿੰਦਾ ਕੌਮ ਦੀਆਂ ਨਿਸ਼ਾਨੀਆਂ ਹੁੰਦੀਆਂ ਹਨ) ਮਿਟ ਚੁਕੀਆਂ ਸਨ। ਜ਼ਾਲਮ ਰਾਜੇ ਪਰਜਾ ਤੇ ਅਨਿਆਏ ਕਰ ਰਹੇ ਸਨ। ਸਚ ਖ਼ਤਮ ਹੋ ਰਿਹਾ ਸੀ ਤੇ ਕੂੜ ਦਾ ਵਰਤਾਰਾ ਵਧ ਰਿਹਾ ਸੀ। ਏਸ ਹਾਲਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਬਾਣੀ ਵਿਚ ਇਸ ਤਰ੍ਹਾਂ ਫੁਰਮਾਉਂਦੇ ਹਨ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥੧॥

(ਮਾਝ ਕੀ ਵਾਰ ਮ: ੧, ਆ. ਗ੍ਰੰ. ਪੰਨਾ ੧੪੫)

ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥
ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ॥

(ਸਾਰੰਗ ਕੀ ਵਾਰ ਮ: ੧, ਆ. ਗ੍ਰੰ. ਪੰਨਾ ੧੨੪੨)

ਇਸ ਹਾਲਤ ਨੂੰ ਸ੍ਰੀ ਮਾਨ ਭਾਈ ਗੁਰਦਾਸ ਜੀ ਇਸ ਤਰ੍ਹਾਂ ਲਿਖਦੇ ਹਨ :

ਚਾਰ ਵਰਨ ਚਾਰ ਮਜ਼ਹਬਾਂ ਜਗ ਵਿਚ ਹਿੰਦੂ ਮੁਸਲਮਾਣੇ॥
ਖੁਦੀ ਬਖੀਲ ਤਕੱਬਰੀ ਖਿੱਚੋਤਾਣ ਕਰੇਨਿ ਧਿੰਙਾਣੇ॥
ਗੰਗ ਬਨਾਰਸ ਹਿੰਦੂਆਂ ਮੱਕਾ ਕਾਅਬਾ ਮੁਸਲਮਾਣੇ॥
ਸੁੰਨਤ ਮੁਸਲਮਾਨ ਦੀ ਤਿਲਕ ਜੰਞੂ ਹਿੰਦੂ ਲੋਭਾਣੇ॥
ਰਾਮ ਰਹੀਮ ਕਹਾਇੰਦੇ ਇਕ ਨਾਮੁ ਦੁਇ ਰਾਹ ਭੁਲਾਣੇ॥
ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸ਼ੈਤਾਣੇ॥

ਸਚ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਹਮਣ ਮੌਲਾਣੇ।।
ਸਿਰੋਂ ਨ ਮਿਟੇ ਆਵਣ ਜਾਣੇ।।
(ਵਾਰਾਂ ਭਾਈ ਗੁਰਦਾਸ ਜੀ ਵਾਰ ੧, ਆ. ਗ੍ਰੰ. ਪੰਨਾ ੧-੨੯)

ਕਲ ਆਈ ਕੁਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ।।
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।।
ਪਰਜਾ ਅੰਧੀ ਗਜਾਨ ਬਿਨ ਕੂੜ ਕੁਸੱਤ ਮੁਖਹੁ ਆਲਾਈ।।
ਚੇਲੇ ਸਾਜ ਵਜਾਇੰਦੇ ਨੱਚਨ ਗੁਰੂ ਬਹੁਤ ਬਿਧਿ ਭਾਈ।।
ਸੇਵਕ ਬੈਠਣ ਘਰਾਂ ਵਿਚ ਗੁਰ ਉਠ ਘਰੀਂ ਤਿਨਾੜੇ ਜਾਈ।।
ਕਾਜ਼ੀ ਹੋਏ ਰਿਸ਼ਵਤੀ ਵੱਢੀ ਲੈ ਕੇ ਹੱਕ ਗਵਾਈ।।
ਇਸਤਰੀ ਪੁਰਖੈ ਦਾਮ ਹਿਤ ਭਾਵੇਂ ਆਇ ਕਿਥਾਊਂ ਜਾਈ।।
ਵਰਤਿਆ ਪਾਪ ਸਭਸ ਜਗ ਮਾਂਹੀ।।

ਬਾਝ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁ ਬਿਧ ਲੋਆ।।
ਵਰਤਿਆ ਪਾਪ ਜਗੱਤ੍ਰ ਤੇ ਧਉਲ ਉਡੀਣਾ ਨਿਸਦਿਨ ਰੋਆ।।
ਬਾਝ ਦਇਆ ਬਲਹੀਣ ਹੋ ਨਿੱਘਰ ਚਲੋ ਰਸਾਤਲ ਟੋਆ।।
ਖੜਾ ਇਕਤੇ ਪੈਰ ਤੇ ਪਾਪ ਸੰਗ ਬਹੁ ਭਾਰਾ ਹੋਆ।।
ਥੰਮੈ ਕੋਇ ਨ ਸਾਧ ਬਿਨ ਸਾਧੁ ਨ ਦਿੱਸੈ ਜਗ ਵਿਚ ਕੋਆ।।
ਧਰਮ ਧੌਲ ਪੁਕਾਰੇ ਤਲੇ ਖੜੋਆ।। (ਵਾਰਾਂ ਭਾਈ ਗੁਰਦਾਸ ਜੀ)

ਪਾਪਾਂ ਦੇ ਹਥੋਂ ਤੰਗ ਆਈ ਹੋਈ ਸ੍ਰਿਸ਼ਟੀ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ। ਈਰਖਾ ਤੇ ਦ੍ਵੈਤ ਦੀ ਅੱਗ ਵਿਚ ਸੜ ਰਹੇ ਜਗਤ ਜਲੰਦੇ ਨੂੰ ਸੀਤਲ ਕਰਨ ਵਾਸਤੇ ਕਿਸੇ ਮਹਾਨ ਸ਼ਖ਼ਸੀਅਤ ਦੀ ਲੋੜ ਸੀ। ਸੋ, ਨਿਰੰਕਾਰ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਭੇਜਿਆ।

ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿੰ ਪਠਾਯਾ।।
ਚਰਣ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿਖਾਂ ਪੀਲਾਯਾ।।
(ਵਾਰਾਂ ਭਾਈ ਗੁਰਦਾਸ ਜੀ)

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ

ਤਿਨ ਬੇਦੀਯਨ ਕੀ ਕੁਲ ਬਿਖੇ ਪ੍ਰਗਟੇ ਨਾਨਕ ਰਾਇ।।
ਸਭ ਸਿੱਖਨ ਕੋ ਸੁਖ ਦੀਓ ਜਹ ਤਹ ਭਏ ਸਹਾਇ।।

(ਬਚਿਤ੍ਰ ਨਾਟਕ ਸ੍ਰੀ ਮੁਖ ਵਾਕ ਪਾ: ੧੦)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਸੰਮਤ ੧੫੨੬ ਕਤਕ ਸੁਦੀ ਪੂਰਨਮਾਸ਼ੀ ਨੂੰ ਮਹਿਤਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁਖੋਂ ਰਾਇ ਭੋਇ ਦੀ ਤਲਵੰਡੀ (ਸ੍ਰੀ ਨਨਕਾਣਾ ਸਾਹਿਬ) ਜ਼ਿਲ੍ਹਾ ਸ਼ੇਖ਼ੂਪੁਰਾ ਵਿਖੇ ਹੋਇਆ।

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ।।
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ ।।

(ਵਾਰਾਂ ਭਾਈ ਗੁਰਦਾਸ ਜੀ)

ਸਮੇਂ ਦੇ ਰਿਵਾਜ ਅਨੁਸਾਰ ਮਹਿਤਾ ਕਾਲੂ ਜੀ ਨੇ ਆਪ ਦੀ ਜਨਮ ਪੱਤ੍ਰੀ ਲਿਖਣ ਵਾਸਤੇ ਪੰਡਿਤ ਨੂੰ ਸੱਦਿਆ। ਪੰਡਿਤ ਨੇ ਜਨਮ ਸਮੇਂ ਦੇ ਪਲ, ਘੜੀ ਨਛੱਤ੍ਰ ਆਦਿ ਪੁਛੇ ਤੇ ਬਾਲਕ ਦੇ ਵੇਖਣ ਦੀ ਇੱਛਾ ਪ੍ਰਗਟ ਕੀਤੀ। ਬਾਲਕ ਸਤਿਗੁਰੂ ਜੀ ਨੂੰ ਸੋਹਣੇ ਬਸਤ੍ਰਾਂ ਵਿਚ ਲਪੇਟ ਕੇ ਲਿਆਂਦਾ ਗਿਆ। ਪੰਡਿਤ ਹਰਦਿਆਲ ਨੇ ਆਪ ਜੀ ਦੇ ਚਿਹਰੇ ਤੇ ਅਰਸ਼ੀ ਨੂਰ ਚਮਕਦਾ ਡਿੱਠਾ ਤੇ ਸਤਿਕਾਰ ਨਾਲ ਨਿਉਂ ਕੇ ਚਰਨ ਚੁੰਮੇ। ਇਸ ਨਜ਼ਾਰੇ ਨੂੰ ਸ੍ਰੀ ਮਾਨ ਭਾਈ ਸੰਤੋਖ ਸਿੰਘ ਜੀ ਇਸ ਤਰ੍ਹਾਂ ਲਿਖਦੇ ਹਨ :

ਪੁਲਕਯੋ ਪਰਮ ਪ੍ਰੇਮ ਮਹਿ ਮਨੂਆ।। ਬੰਦਨ ਕਰ ਜਾਨਯੋ ਨਿਜ ਧਨੂਆ ।।
ਜਿਉਂ ਜਨ ਇਸ਼ਟ ਦੇਵ ਕੋ ਦੇਖੀ ।। ਤਿਉਂ ਉਰ ਮਹਿ ਭਾ ਮੋਦ ਬਿਸੇਖੀ ।।

ਪੰਡਿਤ ਦਰਸ਼ਨ ਕਰਕੇ ਨਿਹਾਲ ਹੋ ਰਿਹਾ ਸੀ। ਪਿਤਾ ਕਾਲੂ ਜੀ ਉਸ ਦੀ ਇਸ ਸ਼ਰਧਾ ਨੂੰ ਵੇਖਕੇ ਹੈਰਾਨ ਹੋ ਗਏ ਤੇ ਕਹਿਣ ਲਗੇ ਮੈਨੂੰ ਭੀ ਕੁਝ ਦਸੋ। ਪੰਡਿਤ ਨੇ ਬੜੇ ਪਿਆਰ ਵਿਚ ਕਿਹਾ—

ਮਹਿਤਾ ਕਾਲੂ ! ਤੇਰੇ ਧੰਨ ਭਾਗ ਹਨ, ਤੇਰੇ ਘਰ ਵਿਚ ਆਪ ਨਿਰੰਕਾਰ ਆਇਆ ਹੈ। ਅਗੇ ਜਿਤਨੇ ਅਵਤਾਰ ਹੋਏ ਹਨ, ਜੇ ਹਿੰਦੂਆਂ ਦੇ ਹੋਏ ਹਨ ਤਾਂ ਉਨ੍ਹਾਂ ਨੂੰ ਹਿੰਦੂਆਂ ਹੀ ਪੂਜਿਆ ਹੈ, ਜੇ ਮੁਸਲਮਾਨਾਂ ਦੇ ਹੋਏ ਹਨ ਤਾਂ ਮੁਸਲਮਾਨਾਂ ਨੇ ਪੂਜਾ ਕੀਤੀ ਹੈ, ਪ੍ਰੰਤੂ ਇਸ ਬਾਲਕ ਨਾਨਕ ਨੂੰ ਹਿੰਦੂ, ਮੁਸਲਮਾਨ ਸਭ ਇਕੋ ਜਿਹਾ ਮੰਨਣਗੇ। ਦੁਨੀਆਂ ਦੇ ਸਾਰੇ ਮਨੁੱਖ, ਪਸ਼ੂ, ਪੰਖੀ, ਰੁਖ ਜੋ ਭੀ ਇਸ ਦਾ ਦਰਸ਼ਨ ਕਰੇਗਾ ਨਿਹਾਲ ਹੋਵੇਗਾ ਤੇ 'ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ' ਬੋਲੇਗਾ।

ਰਾਮ ਕ੍ਰਿਸ਼ਨ ਅਵਤਾਰ ਜੋ ਹਰਿਕਾ ।। ਪੂਜਤ ਹਿੰਦ ਨ ਮਾਨਹਿ ਤੁਰਕਾ ।।
ਇਹ ਸਿਸੁ ਕੋ ਮਾਨਹਿਗੇ ਦੋਊ ।। ਹਿੰਦੂ ਤੁਰਕ ਸਿਖ ਹੋਇ ਸਭ ਕੋਊ ।।
ਇਸ ਕੇ ਚਰਨ ਪੋਤ ਕੀ ਨਿਆਈ ।। ਪਾਰ ਪਾਰਹਿ ਪਰਮਾਰਥ ਪਾਈ ।।
ਬਹੁਤ ਨਰਨ ਕੋ ਕਰਹੈ ਉਧਾਰਾ ।। ਨਾਮ ਭਗਤ ਦੇ ਦਾਨ ਅਪਾਰਾ ।।
(ਸ੍ਰੀ ਨਾਨਕ ਪ੍ਰਕਾਸ਼)

ਪਿਤਾ ਕਾਲੂ ਜੀ ਪੰਡਿਤ ਦੇ ਇਹ ਬਚਨ ਸੁਣ ਕੇ ਬੜੇ ਪ੍ਰਸੰਨ ਹੋਏ ਤੇ ਇਸ ਖ਼ੁਸ਼ੀ ਵਿਚ ਗ਼ਰੀਬਾਂ ਨੂੰ ਬਹੁਤ ਸਾਰਾ ਦਾਨ ਦਿੱਤਾ।

## ਬਾਲ–ਲੀਲ੍ਹਾ

ਆਪ ਜੀ ਦੀ ਅਵਸਥਾ ਜਦੋਂ ਪੰਜ ਸਾਲ ਦੀ ਹੋਈ ਤਾਂ ਪਿੰਡ ਦੇ ਬੱਚਿਆਂ ਨੂੰ ਇਕੱਠਾ ਕਰਕੇ ਆਪਣੇ ਨਾਲ ਬਾਹਰ ਲੈ ਜਾਣ ਲਗੇ। ਉਥੇ ਪਹਿਲੇ ਸਤਿਨਾਮ ਜਪਾਉਣ ਤੇ ਪਿਛੋਂ ਉਨ੍ਹਾਂ ਨੂੰ ਮਠਿਆਈ ਆਦਿ ਵੰਡਣ। ਇਸ ਤਰ੍ਹਾਂ ਜੋ ਭੀ ਚੀਜ਼ ਆਪ ਨੂੰ ਘਰੋਂ ਮਿਲਦੀ, ਸਾਰਿਆਂ ਨਾਲ ਵੰਡ ਕੇ ਖਾਂਦੇ। 'ਗੁਰਦਵਾਰਾ ਬਾਲ–ਲੀਲ੍ਹਾ' ਇਹੋ ਜੇਹੇ ਕੌਤਕਾਂ ਦੀ ਯਾਦ ਵਿਚ ਹੈ।

SIKHBOOKCLUB.COM

## ਪੜ੍ਹਨ ਜਾਣਾ

ਜਦੋਂ ਆਪ ਛੇ ਸਾਲ ਦੇ ਹੋਏ ਤਾਂ ਪਿਤਾ ਕਾਲੂ ਜੀ ਆਪ ਜੀ ਨੂੰ ਗੋਪਾਲ ਪਾਂਧੇ ਪਾਸ ਪੜ੍ਹਨ ਵਾਸਤੇ ਲੈ ਗਏ। ਮਰਯਾਦਾ ਅਨੁਸਾਰ ੧) ਰੁਪਿਆ ਤੇ ਪਤਾਸੇ ਦੇ ਕੇ ਪੰਡਿਤ ਨੂੰ ਕਿਹਾ— 'ਨਾਨਕ ਨੂੰ ਕੁਝ ਲੇਖਾ ਪਤਾ ਸਿਖਾਓ।' ਪਾਂਧੇ ਨੇ ਗੁਰੂ ਜੀ ਨੂੰ ਓਮ ਅੱਖਰ ਲਿਖ ਦਿਤਾ ਤੇ ਕਿਹਾ–'ਨਾਨਕ ਜੀ ਪੜ੍ਹੋ', ਤਾਂ ਗੁਰੂ ਜੀ ਨੇ ਕਿਹਾ–'ਇਸ ਦਾ ਅਰਥ ਕੀ ਹੈ ?' ਪਾਂਧਾ ਕਹਿਣ ਲਗਾ–'ਅਰਥ ਦਾ ਤਾਂ ਮੈਨੂੰ ਪਤਾ ਨਹੀਂ, ਮੈਂ ਤਾਂ ਅੱਖਰ ਪੜ੍ਹਾਉਣੇ ਜਾਣਦਾ ਹਾਂ।' ਇਹ ਸੁਣਕੇ ਗੁਰੂ ਜੀ ਨੇ ਸ਼ਬਦ ਉਚਾਰਿਆ–

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ।।
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ।।
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ।। ੧ ।।
ਬਾਬਾ ਏਹੁ ਲੇਖਾ ਲਿਖਿ ਜਾਣੁ ।।
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ।। ੧ ।। ਰਹਾਉ ।।
( ਸਿਰੀ ਰਾਗੁ ਮ: ੧, ਆ. ਗ੍ਰੰ. ਪੰਨਾ ੧੬)

 www.sikhbookclub.com

ਪੰਡਿਤ ਨੇ ਜਦੋਂ ਇਹ ਸ਼ਬਦ ਸੁਣਿਆ ਤਾਂ ਚਰਨੀ ਢਹਿ ਪਿਆ। ਅਜਕਲ ਇਸ ਜਗ੍ਹਾ ਤੇ 'ਗੁਰਦੁਆਰਾ ਪੱਟੀ ਸਾਹਿਬ' ਹੈ।

ਇਸੇ ਤਰ੍ਹਾਂ ਹੀ ਪਿਤਾ ਕਾਲੂ ਜੀ ਨੇ ਆਪ ਨੂੰ ਫ਼ਾਰਸੀ ਪੜ੍ਹਾਉਣ ਵਾਸਤੇ ਮੌਲਵੀ ਕੁਤਬ ਦੀਨ ਕੋਲ ਪੜ੍ਹਨੇ ਪਾਇਆ। ਆਪ ਨੇ ਉਸ ਨੂੰ ਭੀ ਸੱਚਾ ਉਪਦੇਸ਼ ਦੇ ਕੇ ਨਿਹਾਲ ਕੀਤਾ।

## ਜਨੇਊ ਪਾਉਣਾ

ਸੰਮਤ ੧੫੩੯ ਬਿਕ੍ਰਮੀ ਵਿਚ ਪਿਤਾ ਕਾਲੂ ਜੀ ਨੇ ਹਿੰਦੂ ਰਸਮ ਅਨੁਸਾਰ ਗੁਰੂ ਜੀ ਨੂੰ ਜੰਞੂ ਪਾਉਣ ਵਾਸਤੇ ਪੰਡਿਤ ਨੂੰ ਸੱਦਿਆ, ਜਦੋਂ ਉਹ ਜੰਞੂ ਪਾਉਣ ਲਗਾ ਤਾਂ ਆਪ ਨੇ ਕਿਹਾ, 'ਅਸੀਂ ਵਿਖਾਲੇ ਦਾ ਇਹ ਜੰਞੂ ਨਹੀਂ ਪਾਉਣਾ। ਤੁਹਾਡੇ ਪਾਸ ਕੋਈ ਸੱਚਾ ਜਨੇਊ ਹੈ ਤਾਂ ਪਾਉ।' ਪੰਡਿਤ ਨੇ ਕਿਹਾ, 'ਉਹ ਸੱਚਾ ਜਨੇਊ ਕਿਹੜਾ ?' ਤਾਂ ਆਪ ਨੇ ਪੰਡਿਤ ਪ੍ਰਤੀ ਇਹ ਸ਼ਬਦ ਉਚਾਰਿਆ–

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥

(ਆਸਾ ਦੀ ਵਾਰ ਮ: ੧, ਆ. ਗ੍ਰੰ. ਪੰਨਾ ੪੭੧)

SIKHBOOKCLUB.COM

ਇਸ ਸ਼ਬਦ ਨੂੰ ਸੁਣਕੇ ਪੰਡਿਤ ਨੂੰ ਗਿਆਨ ਹੋ ਗਿਆ ਤੇ ਉਹ ਗੁਰੂ ਜੀ ਦੀ ਚਰਨੀ ਲੱਗਾ।

## ਖੇਤ ਹਰੇ ਹੋਣੇ

ਗੁਰੂ ਜੀ ਸਵੇਰ ਹੋਵੇ ਤਾਂ ਘਰੋਂ ਨਿਕਲ ਜਾਣ ਤੇ ਬਾਹਰ ਸੰਤਾਂ ਨਾਲ ਬਚਨ ਬਿਲਾਸ ਕਰਦੇ ਰਹਿਣ। ਜਿਸ ਵੇਲੇ ਜੀਅ ਕਰੇ, ਘਰ ਜਾਣ। ਕਿਸੇ ਕੰਮ ਵਿਚ ਜੀਅ ਨਾ ਲਗਦਾ ਵੇਖ ਕੇ ਪਿਤਾ ਨੇ ਕਿਹਾ, 'ਨਾਨਕ ! ਹੋਰ ਕੁਝ ਨਹੀਂ ਕਰਦਾ ਤਾਂ ਮਹੀਆਂ ਹੀ ਚਾਰ ਲਿਆਇਆ ਕਰ।' ਆਪ ਸਤ ਬਚਨ ਕਰ ਕੇ ਟੁਰ ਪਏ। ਦੋ ਚਾਰ ਦਿਨ ਤਾਂ ਕੰਮ ਚੰਗਾ ਚਲਦਾ ਰਿਹਾ। ਇਕ ਦਿਨ ਮਹੀਆਂ ਚਰਦੀਆਂ ਛਡ ਕੇ ਆਪ ਬਣ ਦੇ ਹੇਠ ਸੌਂ ਗਏ। ਮਹੀਆਂ ਇਕ ਜੱਟ ਦੇ ਖੇਤ ਵਿਚ ਜਾ ਵੜੀਆਂ। ਜੱਟ ਨੇ ਤਲਵੰਡੀ ਦੇ ਮਾਲਕ ਰਾਇ ਬੁਲਾਰ ਪਾਸ ਸ਼ਿਕਾਇਤ ਕੀਤੀ। ਰਾਇ ਨੇ ਗੁਰੂ ਜੀ ਨੂੰ ਸੱਦ ਕੇ ਪੁਛਿਆ, ਤਾਂ ਆਪ ਨੇ ਕਿਹਾ, 'ਰਾਇ ਜੀ ! ਪੈਲੀ ਦਾ ਕੁਝ ਨਹੀਂ ਵਿਗੜਿਆ, ਉਸ ਤੇ ਵਾਹਿਗੁਰੂ ਦੀ ਮਿਹਰ ਹੈ।'

ਰਾਇ ਨੇ ਖੇਤੀ ਵੇਖਣ ਵਾਸਤੇ ਆਪਣਾ ਆਦਮੀ ਭੇਜਿਆ ਤਾਂ ਖੇਤ ਹਰੇ ਭਰੇ ਦਿਸੇ। (ਗੁਰਦੁਵਾਰਾ ਕਿਆਰਾ ਸਾਹਿਬ ਏਸੇ ਕੌਤਕ ਦੀ ਯਾਦ ਵਿਚ ਹੈ।)

## ਸਰਪ ਛਾਇਆ

ਗੁਰੂ ਜੀ ਇਕ ਦਿਨ ਵਣ ਦੇ ਦਰੱਖ਼ਤ ਥੱਲੇ ਸੁੱਤੇ ਪਏ ਸਨ। ਸ਼ਾਮ ਵੇਲੇ ਦਰੱਖ਼ਤ ਦੀ ਛਾਂ ਢਲ ਕੇ ਦੂਜੇ ਪਾਸੇ ਚਲੀ ਗਈ ਤਾਂ ਦਰੱਖ਼ਤ ਦੀ ਖੋੜ ਵਿਚੋਂ ਇਕ ਸੱਪ ਨਿਕਲਿਆ। ਉਸ ਨੇ ਗੁਰੂ ਜੀ ਦੇ ਮੁਖ ਤੇ ਆਪਣਾ ਫਨ ਖਿਲਾਰ ਕੇ ਛਾਂ ਕੀਤੀ। ਰਾਇ ਬੁਆਰ ਆਪਣੀ ਜੂਹ ਦਾ ਦੌਰਾ ਕਰਕੇ ਵਾਪਸ ਆ ਰਿਹਾ ਸੀ, ਓਹ ਇਹ ਵੇਖਕੇ ਨਜ਼ਦੀਕ ਆਇਆ ਤਾਂ ਸੱਪ ਖੁਡ ਵਿਚ ਵੜ ਗਿਆ। ਰਾਇ ਬੁਲਾਰ ਨੇ ਘੋੜੇ ਤੋਂ ਉਤਰ ਕੇ ਗੁਰੂ ਜੀ ਦੇ ਚਰਨ ਚੁੰਮੇ ਤੇ ਕਹਿਣ ਲਗਾ, ਮਹਿਤਾ ਕਾਲੂ ਦਾ ਪੁਤਰ ਕੋਈ ਵਲੀ ਹੈ ਜਿਸ ਤੇ ਸੱਪ ਭੀ ਛਾਂ ਕਰਦੇ ਹਨ। ਉਸ ਦਿਨ ਤੋਂ ਉਹ ਗੁਰੂ ਜੀ ਦਾ ਪੱਕਾ ਸ਼ਰਧਾਲੂ ਹੋ ਗਿਆ। (ਗੁਰਦੁਵਾਰਾ ਮਾਲ ਜੀ ਸਾਹਿਬ ਏਸੇ ਹੀ ਕੌਤਕ ਦੀ ਯਾਦ ਵਿਚ ਹੈ।)

## ਖਰਾ ਸੌਦਾ

ਪਿਤਾ ਕਾਲੂ ਜੀ ਨੇ ਆਪ ਨੂੰ ੨੦ ਰੁਪਏ ਦਿੱਤੇ ਤੇ ਆਖਿਆ, 'ਨਾਨਕ ਜੀ ਜਾਓ ਕੋਈ ਖਰਾ ਸੌਦਾ ਲੈ ਆਓ ਤੇ ਵਪਾਰ ਕਰੋ।' ਪਿਤਾ ਦਾ ਬਚਨ ਮੰਨ ਕੇ ਆਪ ਘਰੋਂ ਤੁਰ ਪਏ। ਜਦ ਚੂਹੜਕਾਣੇ ਦੇ ਨੇੜੇ ਪੁਜੇ ਤਾਂ ਸੰਤਾਂ ਦੀ ਇਕ ਮੰਡਲੀ ਵੇਖੀ, ਜਿਹੜੇ ਕਈ ਦਿਨਾਂ ਤੋਂ ਭੁੱਖੇ ਬੈਠੇ ਭਜਨ ਕਰ ਰਹੇ ਸਨ। ਆਪ ਨੇ ਵੀਹਾਂ ਰੁਪਇਆਂ ਦੀ ਰਸਦ ਲਿਆ ਕੇ ਸੰਤਾਂ ਨੂੰ ਪ੍ਰਸ਼ਾਦ ਛਕਾ ਦਿੱਤਾ ਤੇ ਆਪ ਵਾਪਸ ਆਕੇ ਇਕ ਬਣ ਹੇਠ ਬਹਿ ਕੇ ਭਜਨ ਕਰਨ ਲਗ ਪਏ। (ਜਿਥੇ ਅਜ ਕਲ ਗੁਰਦਵਾਰਾ ਤੰਬੂ ਸਾਹਿਬ ਹੈ।)

ਪਿਤਾ ਕਾਲੂ ਜੀ ਨੂੰ ਪਤਾ ਲਗਾ ਤਾਂ ਉਨ੍ਹਾਂ ਮਾਇਆ ਦੇ ਮੋਹ ਵਿਚ ਆ ਕੇ ਆਪ ਦੇ ਕੋਮਲ ਮੁਖੜੇ ਤੇ ਚਪੇੜਾਂ ਮਾਰੀਆਂ। ਇਹ ਗੱਲ ਜਦੋਂ ਰਾਇ ਬੁਲਾਰ ਨੇ ਸੁਣੀ ਤਾਂ ਇਹ ਮਹਿਤਾ ਕਾਲੂ ਨੂੰ ਸੱਦ ਕੇ ਕਹਿਣ ਲਗਾ, 'ਕਾਲੂ ! ਨਾਨਕ ਨੂੰ ਕਿਉਂ ਮਾਰਿਆ ਹਈ?' ਮਹਿਤਾ ਕਾਲੂ ਨੇ ਕਿਹਾ, 'ਰਾਇ ਜੀ ! ਵੀਹ ਰੁਪਏ ਦਿੱਤੇ ਸਨ, ਸਾਧਾਂ ਨੂੰ ਖੁਆ ਆਇਆ ਹੈ।' ਰਾਇ ਦੇ ਨੈਣ ਭਰ ਆਏ ਤੇ ਕਹਿਣ ਲਗਾ, 'ਕਾਲੂ ! ਤੈਨੂੰ ਪਤਾ ਨਹੀਂ, ਇਹ ਖ਼ੁਦਾ ਦਾ ਰੂਪ ਹੈ। ਜਿੰਨਾ ਕੁਝ ਮੇਰੇ ਕੋਲ ਹੈ, ਇਹ ਸਭ ਇਹਦੀ ਬਖ਼ਸ਼ਿਸ਼ ਹੈ। ਜਿੰਨਾ ਧਨ ਤੈਨੂੰ ਚਾਹੀਦਾ ਹੈ, ਮੇਰੇ ਪਾਸੋਂ ਲੈ ਲੈ।'

## ਸੁਲਤਾਨਪੁਰ ਜਾਣਾ

ਗੁਰੂ ਜੀ ਦਾ ਮਨ ਦੁਨੀਆਂ ਦੇ ਕਿਸੇ ਧੰਦੇ ਵਿਚ ਨਾ ਲਗਦਾ ਵੇਖਕੇ ਪਿਤਾ ਕਾਲੂ ਨੇ ਆਪ ਜੀ ਨੂੰ ਭੈਣ *ਨਾਨਕੀ ਕੋਲ ਸੁਲਤਾਨਪੁਰ ਭੇਜ ਦਿੱਤਾ। ਭਾਈਆ ਜੈ ਰਾਮ ਜੀ

*ਭੈਣ ਨਾਨਕੀ ਜੀ ਗੁਰੂ ਜੀ ਨਾਲੋਂ ਉਮਰ ਵਿਚ ਪੰਜ ਕੁ ਸਾਲ ਵੱਡੇ ਸਨ। ਇਨ੍ਹਾਂ ਦਾ ਵਿਆਹ ਸੰਮਤ ੧੫੩੨ ਵਿਚ ਪਰਮਾਨੰਦ ਪਲਤੇ ਖੱਤ੍ਰੀ ਦੇ ਸਪੁੱਤਰ ਭਾਈ ਜੈ ਰਾਮ ਜੀ ਨਾਲ ਸੁਲਤਾਨ ਪੁਰ ਵਿਖੇ ਹੋਇਆ।


www.sikhbookclub.com

ਨੇ ਦੌਲਤ ਖਾਂ ਨਵਾਬ ਨਾਲ ਗੱਲਬਾਤ ਕੀਤੀ। ਉਸ ਨੇ ਗੁਰੂ ਜੀ ਨੂੰ ਆਪਣੇ ਮੋਦੀਖਾਨੇ ਦਾ ਮੋਦੀ ਮੁਕੱਰਰ ਕਰ ਲੀਤਾ। ਸਤਿਗੁਰੂ ਜੀ ਨੇ ਮੋਦੀਖਾਨੇ ਤੇ ਬਹਿ ਕੇ ਸੰਸਾਰ ਨੂੰ ਸੱਚੇ ਵਿਹਾਰ ਦੀ ਜਾਚ ਸਿਖਾਈ। ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਨਿਰੰਕਾਰ ਜੀ ਦਾ ਸਿਮਰਨ ਕਰਦੇ ਤੇ ਦਿਨ ਚੜ੍ਹੇ ਮੋਦੀਖਾਨੇ ਦਾ ਕੰਮ ਕਾਰ ਕਰਦੇ। ਕੰਮ ਕਰਦਿਆਂ ਭੀ ਬ੍ਰਿਤੀ ਨਿਰੰਕਾਰ ਨਾਲ ਜੁੜੀ ਰਹਿੰਦੀ। ਧਾਰਨਾ ਤੋਲਦਿਆਂ ਤੋਲਦਿਆਂ ਜਿਸ ਵੇਲੇ ਤੇਰਾਂ ਦੀ ਧਾਰਨ ਤੇ ਪਹੁੰਚਦੇ ਤਾਂ ਵਿਸਮਾਦ ਵਿਚ ਆਕੇ ਤੇਰਾ ਤੇਰਾ, ਦੀ ਧੁਨ ਵਿਚ ਲੀਨ ਹੋ ਜਾਂਦੇ। ਆਏ ਗਏ ਗ਼ਰੀਬ ਨੂੰ ਕਦੀ ਖ਼ਾਲੀ ਨ ਟੋਰਦੇ। ਇਹ ਵੇਖ ਕੇ ਚੁਗਲਾਂ ਨੇ ਨਵਾਬ ਪਾਸ ਸ਼ਿਕਾਇਤ ਕੀਤੀ ਕਿ ਨਾਨਕ ਮੋਦੀ ਖਾਨਾ ਲੁਟਾ ਰਿਹਾ ਹੈ। ਜਦੋਂ ਲੇਖਾ ਹੋਇਆ ਤਾਂ ਗੁਰੂ ਜੀ ਦਾ ਹੀ ਵਾਧਾ ਨਿਕਲਿਆ।

## ਵਿਵਾਹ ਤੇ ਸੰਤਾਨ

ਸੁਲਤਾਨ ਪੁਰ ਵਿਚ ਹੀ ਪਿੰਡ ਪਖੋਕੇ ਰੰਧਾਵੇ ਦੇ ਭਾਈ ਮੂਲ ਚੰਦ ਖੱਤਰੀ ਨੇ ਆਪਣੀ ਸਪੁੱਤਰੀ ਸੁਲੱਖਨੀ ਜੀ ਦਾ ਰਿਸ਼ਤਾ ਵਿਸਾਖ ਸੰਮਤ ੧੫੪੫ ਬਿਕ੍ਰਮੀ ਨੂੰ ਆਪ ਜੀ ਨਾਲ ਕਰ ਦਿੱਤਾ। ਏਸੇ ਸਾਲ ਹੀ ੨੪ ਜੇਠ ਨੂੰ ਆਪ ਦਾ ਵਿਵਾਹ ਵਟਾਲੇ ਵਿਖੇ ਹੋਇਆ। ਸੰਮਤ ੧੫੫੧ ਵਿਚ ਆਪ ਜੀ ਦੇ ਘਰ ਸ੍ਰੀ ਚੰਦ ਜੀ ਤੇ ਸੰਮਤ ੧੫੫੩ ਵਿਚ ਲਖਮੀ ਦਾਸ ਜੀ ਪੈਦਾ ਹੋਏ। ਇਸਤ੍ਰੀ, ਪੁੱਤਰ ਅਤੇ ਪਰਿਵਾਰ ਵਿਖੇ ਰਹਿੰਦਿਆਂ ਭੀ ਆਪ ਦੀ ਬ੍ਰਿਤੀ ਅਕਾਲ ਪੁਰਖ ਵਾਹਿਗੁਰੂ ਨਾਲ ਜੁੜੀ ਰਹੀ।*

## ਵੇਈਂ ਦਾ ਇਸ਼ਨਾਨ

ਇਕ ਦਿਨ ਅੰਮ੍ਰਿਤ ਵੇਲੇ ਗੁਰੂ ਜੀ ਵੇਈਂ ਨਦੀ ਤੇ ਇਸ਼ਨਾਨ ਕਰਨ ਗਏ, ਜਲ ਵਿਚ ਟੁਭੀ ਮਾਰੀ ਤੇ ਬਾਹਰ ਨਾ ਨਿਕਲੇ। ਸੇਵਕ ਨੇ ਭੈਣ ਨਾਨਕੀ ਜੀ ਨੂੰ ਆ ਕੇ ਦਸਿਆ। ਨਵਾਬ ਦੌਲਤ ਖਾਂ ਨੂੰ ਪਤਾ ਲਗਾ ਤਾਂ ਉਸਨੇ ਗੁਰੂ ਜੀ ਨੂੰ ਢੂੰਡਣ ਵਾਸਤੇ ਜਾਲ ਪੁਆਏ ਤੇ ਟੋਭੇ ਵਾੜੇ, ਪਰ ਕੋਈ ਪਤਾ ਥਹੁ ਨ ਲਗਾ। ਗੁਰਦੇਵ ਸੱਚਖੰਡ ਜਾ ਪੁੱਜੇ। ਨਿਰੰਕਾਰ ਜੀ ਦੀ ਉਸਤਤ ਵਿਖੇ ਸ਼ਬਦ ਉਚਾਰਿਆ–

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣ ਹਾਰੇ ॥

*ਏਥੇ ਹੀ ਮੈਲਸੀਆਂ ਦਾ ਭਾਈ ਭਗੀਰਥ ਤੇ ਇਸ ਦੀ ਰਾਹੀਂ ਲਾਹੌਰ ਦਾ ਭਾਈ ਮਨਸੁਖ ਗੁਰੂ ਜੀ ਦਾ ਸਿੱਖ ਬਣਿਆ। ਭਾਈ ਮਰਦਾਨੇ ਦਾ ਮੇਲ ਵੀ ਸੁਲਤਾਨਪੁਰ ਵਿਖੇ ਹੀ ਹੋਇਆ।

ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣ ਹਾਰੇ ॥
ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
(ਆਸਾ ਮ: ੧, ਆ. ਗ੍ਰੰ. ਪੰਨਾ ੮)

ਜਗਤ ਜਲੰਦੇ ਨੂੰ ਸੀਤਲ ਕਰਨ ਵਾਸਤੇ ਸੱਚਖੰਡ ਵਿਚੋਂ ਆਪ ਜੀ ਨੂੰ *ਨਾਮ ਤੇ ਗ਼ਰੀਬੀ ਮਿਲੀ ਤੇ ਨਿਰੰਕਾਰ ਜੀ ਨੇ ਇਹ ਅਮੋਲਕ ਦਾਤਾਂ ਦੇ ਕੇ ਫ਼ੁਰਮਾਇਆ–

ਕਾਰਨ ਜਾ ਅਵਤਾਰ ਧਰਯੋ, ਕਾਰਜ ਜਾਇ ਕਰਯੋ ਅਬ ਸੋਊ ॥
ਹੈ ਕਲਿ ਕਾਲ ਕਰਾਲ ਬਿਸਾਲਹਿ, ਮਧ ਮਤੀ ਮਨ ਮਾਨਵ ਹੋਊ ॥
ਦੇਵਨ ਪੂਜਤ ਨਾਮ ਤੇ ਬੇਮੁਖ, ਦੇਵਲ ਪਾਤ ਪਰਾਇਨ ਦੋਊ ॥
ਭਉ ਭਲੇ ਭਗਤੀ ਪ੍ਰਗਟਾਵਹੁ, ਭਾਰ ਧਰਾ ਪਰਭੂਰ ਬਿਗੋਊ ॥
(ਨਾਨਕ ਪ੍ਰਕਾਸ਼)

ਇਹ ਹੁਕਮ ਪਾ ਕੇ ਨਦੀ ਵਿਚੋਂ ਤੀਜੇ ਦਿਨ ਬਾਹਰ ਨਿਕਲੇ, ਮੋਦੀ ਖਾਨਾ ਨਵਾਬ ਦੇ ਹਵਾਲੇ ਕੀਤਾ ਤੇ ਆਪ ਪ੍ਰਚਾਰ ਵਾਸਤੇ ਤਿਆਰੀ ਕਰ ਲਈ। ਗੁਰੂ ਬਾਬੇ ਨੇ ਜਗਤ ਨੂੰ ਸਭ ਤੋਂ ਪਹਿਲਾ ਸੰਦੇਸ਼ ਇਹ ਦਿੱਤਾ–

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰਪ੍ਰਸਾਦਿ ॥

SIKHBOOKCLUB.COM

ਸਤਿਗੁਰੂ ਜੀ ਨੇ ਬਾਲੇ ਮਰਦਾਨੇ ਨੂੰ ਨਾਲ ਲੈ ਕੇ ਚਹੁੰ ਕੂੰਟਾਂ ਵਿਚ ਨਾਮ ਦਾ ਝੰਡਾ ਝੁਲਾਇਆ ਤੇ ਦੁਨੀਆਂ ਨੂੰ ਪਖੰਡ ਵਲੋਂ ਹਟਾ ਕੇ ਨਿਰੰਕਾਰ ਨਾਲ ਜੋੜਿਆ। ਭਾਈ ਗੁਰਦਾਸ ਜੀ ਲਿਖਦੇ ਹਨ–

ਗੜ੍ਹ ਬਗਦਾਦ ਨਿਵਾਇਕੈ ਮੱਕਾ ਮਦੀਨਾ ਸਭ ਨਿਵਾਯਾ ॥
ਸਿਧ ਚੌਰਾਸੀਹ ਮੰਡਲੀ ਖਟ ਦਰਸ਼ਨ ਪਾਖੰਡ ਜਿਣਾਯਾ ॥
ਪਾਤਾਲਾਂ ਆਕਾਸ਼ ਲਖ ਜਿੱਤੀ ਧਰਤੀ ਜਗ ਸਬਾਯਾ ॥
ਜਿੱਤੀ ਨਵਖੰਡ ਮੇਦਨੀ ਸਤਨਾਮ ਦਾ ਚਕਰ ਫਿਰਾਯਾ ॥
ਦੇਵ ਦਾਨੋ ਰਾਕਸ਼ ਦੈਤ ਸਭ ਚਿੱਤ੍ਰ ਗੁਪਤ ਸਭ ਚਰਨੀ ਲਾਯਾ ॥
ਇੰਦ੍ਰਾਸਨ ਅਪੱਛਰਾਂ ਰਾਗ ਰਾਗਨੀ ਮੰਗਲ ਗਾਯਾ ॥
ਭਯਾ ਅਨੰਦ ਜਗਤ ਵਿਚ ਕਲਿ ਤਾਰਨ ਗੁਰ ਨਾਨਕ ਆਯਾ ॥
ਹਿੰਦੂ ਮੁਸਲਮਾਨ ਨਿਵਾਯਾ ॥ (ਵਾਰਾਂ ਭਾਈ ਗੁਰਦਾਸ ਜੀ)

*ਬਾਬਾ ਪੈਧਾ ਸਚਖੰਡ ਨਉਨਿਧ ਨਾਮ ਗਰੀਬੀ ਪਾਈ ॥ (ਵਾਰਾਂ ਭਾਈ ਗੁਰਦਾਸ ਜੀ)

## ਹਰਿਦੁਆਰ ਜਾਣਾ

ਹਜ਼ੂਰ ਹਰਿਦੁਆਰ ਗਏ। ਲੋਕ ਸੂਰਜ ਵਲ ਮੂੰਹ ਕਰ ਕੇ ਪਿੱਤਰਾਂ ਨੂੰ ਪਾਣੀ ਦੇ ਰਹੇ ਸਨ। ਆਪ ਨੇ ਲਹਿੰਦੇ ਵਲ ਪਾਣੀ ਦੇਣਾ ਸ਼ੁਰੂ ਕੀਤਾ। ਲੋਕਾਂ ਪੁਛਿਆ, 'ਬਾਬਾ ਜੀ, ਇਹ ਕੀ ਕਰ ਰਹੇ ਹੋ ?' ਆਪ ਨੇ ਕਿਹਾ, 'ਮੈਂ ਪੰਜਾਬ ਵਿਚ ਆਪਣੇ ਖੇਤਾਂ ਨੂੰ ਪਾਣੀ ਦੇ ਰਿਹਾ ਹਾਂ।' ਲੋਕਾਂ ਆਖਿਆ, 'ਤੁਹਾਡਾ ਇਹ ਪਾਣੀ ਤਿੰਨ ਸੌ ਮੀਲ ਤੇ ਕਿੱਦਾਂ ਪਹੁੰਚੇਗਾ ?' ਬਾਬਾ ਜੀ ਨੇ ਆਖਿਆ, 'ਜੇ ਮੇਰਾ ਪਾਣੀ ਏਥੋਂ ਤਿੰਨ ਸੌ ਮੀਲ ਤੇ ਨਹੀਂ ਪਹੁੰਚਣਾ, ਤਾਂ ਤੁਹਾਡੇ ਪਿੱਤਰਾਂ ਨੂੰ ਕਿਵੇਂ ਪਹੁੰਚ ਸਕਦਾ ਹੈ ?' ਲੋਕਾਂ ਨੂੰ ਸਮਝ ਆ ਗਈ ਤੇ ਚਰਨੀ ਢਹਿ ਪਏ। ਆਪ ਨੇ ਉਨ੍ਹਾਂ ਨੂੰ ਭੁਲੇਖੇ ਵਿਚੋਂ ਕੱਢਕੇ ਨਿਰੰਕਾਰ ਨਾਲ ਜੋੜਿਆ। ਇਸੇ ਤਰ੍ਹਾਂ ਸਤਿਗੁਰੂ ਜੀ ਜਿਥੇ ਭੀ ਜਾਂਦੇ ਕੋਈ ਨਵਾਂ ਹੀ ਕੌਤਕ ਕਰਦੇ।

## ਕਰਤਾਰ ਪੁਰ ਵਸਾਣਾ

ਆਪ ਜੀ ਨੇ ਸੰਮਤ ੧੫੭੨ ਬਿਕ੍ਰਮੀ ਨੂੰ ਕੋੜੀ ਮਲ ਤੇ ਦੋਦੇ ਜੱਟ ਦੀ ਬੇਨਤੀ ਮੰਨਕੇ ਰਾਵੀ ਦੇ ਕੰਢੇ ਤੇ ਕਰਤਾਰ ਪੁਰ ਵਸਾਇਆ। ਮਾਤਾ, ਪਿਤਾ ਅਤੇ ਪਰਵਾਰ ਨੂੰ ਏਥੇ ਹੀ ਲੈ ਆਏ ਤੇ ਗੁਰਬਾਣੀ ਦੇ ਪ੍ਰਚਾਰ ਵਾਸਤੇ ਧਰਮਸਾਲ ਬਣਾਈ।

ਧਰਮਸਾਲ ਕਰਤਾਰਪੁਰ ਸਾਧ ਸੰਗਤਿ ਸਚਖੰਡ ਵਸਾਇਆ ॥

SIKHBOOKCLUB.COM

(ਵਾਰਾਂ ਭਾਈ ਗੁਰਦਾਸ ਜੀ)

## ਬਾਬਰ ਦਾ ਹਮਲਾ

ਸੰਮਤ ੧੫੭੮ ਵਿਚ ਬਾਬਰ ਨੇ ਹਿੰਦੁਸਤਾਨ ਤੇ ਹਮਲਾ ਕੀਤਾ। ਆਪ ਏਮਨਾਬਾਦ ਪਹੁੰਚੇ। ਬਾਬਰ ਨੇ ਲੁਟ ਮਚਾਈ ਹੋਈ ਸੀ। ਉਦੋਂ ਹੀ ਹਾਲਤ ਨੂੰ ਵੇਖਕੇ ਸਤਿਗੁਰੂ ਜੀ ਨੇ ਸ਼ਬਦ ਉਚਾਰਿਆ।

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥
ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ ॥
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ ॥੧॥
ਆਦੇਸੁ ਬਾਬਾ ਆਦੇਸੁ ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ॥੧॥ ਰਹਾਉ॥

(ਆਸਾ ਮ: ੧, ਆ. ਗ੍ਰੰ. ਪੰਨਾ ੪੧੭)

ਲੁੱਟ ਤੋਂ ਪਿਛੋਂ ਬਾਬਰ ਨੇ ਓਥੋਂ ਦੇ ਪਠਾਣ ਹਾਕਮਾਂ ਨੂੰ ਫੜਕੇ ਕੈਦ ਕਰ ਦਿੱਤਾ। ਸ਼ਹਿਰ ਵਿਚ ਕਤਲੇਆਮ ਕੀਤੀ ਗਈ। ਪੀਰ ਫ਼ਕੀਰ ਜੋ ਮਿਲਿਆ, ਸਾਰਿਆਂ ਨੂੰ ਫੜ ਕੇ

ਕੈਦ ਕਰ ਦਿੱਤਾ ਤੇ ਚੱਕੀ ਪੀਹਣ ਵਾਸਤੇ ਦਿੱਤੀ। ਇਸ ਰੌਲੇ ਗੌਲੇ ਵਿਚ ਸਤਿਗੁਰੂ ਜੀ ਭੀ ਫੜੇ ਗਏ। ਜੇਲ੍ਹ ਦੇ ਦਰੋਗੇ ਨੇ ਵੇਖਿਆ ਕਿ ਗੁਰੂ ਜੀ ਦੀ ਚੱਕੀ ਆਪਣੇ ਆਪ ਚਲ ਰਹੀ ਹੈ। ਇਹ ਸੋ ਬਾਬਰ ਦੇ ਕੰਨੀਂ ਵੀ ਪਈ। ਉਹ ਗੁਰੂ ਜੀ ਕੋਲ ਹਾਜ਼ਰ ਹੋਇਆ ਤੇ ਕਹਿਣ ਲਗਾ, 'ਸਾਂਈ ਜੀ, ਕੋਈ ਸੇਵਾ ਬਖ਼ਸ਼ੋ।' ਸਤਿਗੁਰਾਂ ਆਖਿਆ, 'ਫ਼ਕੀਰਾਂ ਨੂੰ ਛਡ ਦੇਹ' ਇਸ ਨੇ ਬਚਨ ਮੰਨਕੇ ਸਾਰੇ ਫ਼ਕੀਰ ਛਡ ਦਿੱਤੇ ਤੇ ਕਹਿੰਣ ਲਗਾ, 'ਮੇਰੇ ਰਾਜ ਵਾਸਤੇ ਦੁਆ ਕਰੋ।' ਸਤਿਗੁਰਾਂ ਆਖਿਆ, 'ਜਿਹੜਾ ਹਾਕਮ ਬਣਕੇ ਨਿਆਂ ਕਰਦਾ ਹੈ, ਉਸਦਾ ਹੀ ਰਾਜ ਹੁੰਦਾ ਹੈ। ਅਨਿਆਈਂ ਰਾਜ ਨਸ਼ਟ ਹੋ ਜਾਂਦਾ ਹੈ।'

## ਕਰਤਾਰ ਪੁਰ ਵਿਚ ਨਿਵਾਸ

ਏਮਨਾਬਾਦ ਤੋਂ ਸਤਿਗੁਰੂ ਵਾਪਸ ਕਰਤਾਰਪੁਰ ਪਹੁੰਚੇ। ਇਥੇ ਆ ਕੇ ਆਪ ਨੇ ਨਾਮ ਬਾਣੀ ਦੀ ਮ੍ਰਯਾਦਾ ਕਾਇਮ ਕੀਤੀ। ਧਰਮਸ਼ਾਲਾ ਵਿਚ ਨਿਤਾਪ੍ਰਤੀ ਕੀਰਤਨ ਹੋਣ ਲੱਗਾ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਤੇ ਸ਼ਾਮ ਨੂੰ ਸੋਦਰ* ਦੇ ਦੀਵਾਨ ਸਜਦੇ। ਹਜ਼ੂਰ ਨੇ ਦੇਸ਼ ਯਾਤਰਾ ਵਾਲੇ ਬਸਤ੍ਰ ਲਾਹ ਕੇ ਗ੍ਰਿਹਸਤੀ ਬਾਣਾ ਪਹਿਨ ਲਿਆ ਤੇ ਖੇਤੀ ਬਾੜੀ ਦਾ ਕੰਮ ਸ਼ੁਰੂ ਹੋ ਗਿਆ। ਗੁਰਦੇਵ ਆਪ ਖੇਤਾਂ ਵਿਚ ਜਾ ਕੇ ਕੰਮ ਦੀ ਦੇਖ ਭਾਲ ਕਰਦੇ। ਖੇਤਾਂ ਵਿਚੋਂ ਜਿਹੜਾ ਅਨਾਜ ਆਉਂਦਾ, ਉਹ ਸਾਰਾ ਲੰਗਰ ਵਿਚ ਖ਼ਰਚ ਕੀਤਾ ਜਾਂਦਾ।

ਕਿੰਨਾ ਉੱਚਾ ਆਦਰਸ਼ ਹੈ ਸਿੱਖੀ ਦਾ ? ਜੇ ਮੋਦੀਖਾਨੇ ਬੈਠੇ ਤਾਂ ਖ਼ਲਕਤ ਦੀ ਸੇਵਾ ਕੀਤੀ। ਖੇਤੀ ਬਾੜੀ ਵਿਚੋਂ ਆਮਦਨ ਆਈ, ਤਾਂ ਲੰਗਰ ਤੇ ਲਾ ਦਿੱਤੀ। ਗੁਰੂ ਬਾਬੇ ਨੇ ਦੇਸ਼ ਵਿਚ ਫਿਰ ਕੇ ਪ੍ਰਚਾਰ ਕੀਤਾ ਤਾਂ ਭੀ ਦੁਨੀਆਂ ਨੂੰ ਇਹੋ ਸਿਖਾਇਆ, 'ਸਭੇ ਸਾਂਝੀਵਾਲ ਸਦਾਇਨ'। ਏਸ ਉੱਚੇ ਆਦਰਸ਼ ਤੇ ਅਸੀਂ ਅਜ ਚਲ ਪਈਏ ਤਾਂ ਦੁਨੀਆਂ ਵਿਚ ਕੋਈ ਵੀ ਗ਼ਰੀਬ ਨਜ਼ਰ ਨ ਆਵੇ। ਗ਼ਰੀਬੀ ਅਮੀਰੀ ਦਾ ਸੁਆਲ ਵੀ ਹੱਲ ਹੋ ਜਾਵੇ, ਜਿਸ ਵਾਸਤੇ ਨਿੱਤ ਨਵੇਂ ਝਗੜੇ ਤੇ ਫਸਾਦ ਹੁੰਦੇ ਹਨ।

## ਸ੍ਰੀ ਲਹਿਣਾ ਜੀ ਦਾ ਮੇਲ

ਸ੍ਰੀ ਲਹਿਣਾ ਜੀ ਸਾਥੀਆਂ ਸਣੇ ਹਰ ਸਾਲ ਦੇਵੀ ਦੇ ਦਰਸ਼ਨ ਨੂੰ ਜਾਂਦੇ ਸਨ, ਪ੍ਰੰਤੂ ਜਿਹੜੀ ਸ਼ਾਂਤੀ ਮਨ ਚਾਹੁੰਦਾ ਸੀ, ਉਹ ਅਜੇ ਪ੍ਰਾਪਤ ਨਹੀਂ ਸੀ ਹੋਈ। ਇਕ ਦਿਨ ਅੰਮ੍ਰਿਤ ਵੇਲੇ ਆਪ ਨੇ ਗੁਰੂ ਕੇ ਸਿੱਖ ਭਾਈ ਜੋਧੇ ਜੀ ਪਾਸੋਂ ਇਹ ਸ਼ਬਦ ਸੁਣਿਆ–

---

*ਸੋਦਰ ਆਰਤੀ [illegible]ੀਐ ਅੰਮ੍ਰਿਤ ਵੇਲੇ ਜਾਪ ਉਚਾਰਾ ॥ (ਭਾਈ ਗੁਰਦਾਸ ਜੀ)

ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ ॥
ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥
(ਆਸਾ ਦੀ ਵਾਰ ਮ: ੧, ਆ. ਗ੍ਰੰ. ਪੰਨਾ ੪੭੪)

ਗੁਰਬਾਣੀ ਦੇ ਤਿਖੇ ਤੀਰ ਨੇ ਆਪ ਦਾ ਕਲੇਜਾ ਵਿੰਨ੍ਹ ਲਿਆ। ਭਾਈ ਜੋਧੇ ਪਾਸੋਂ ਪੁੱਛਿਆ ਕਿ ਇਹ ਬਾਣੀ ਕਿਸ ਦੀ ਹੈ ? ਗੁਰਸਿਖ ਨੇ ਕਿਹਾ, ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ, ਜਿਹੜੇ ਅਜ ਕਲ ਕਰਤਾਰਪੁਰ ਵਿਚ ਨਿਵਾਸ ਰਖਦੇ ਹਨ।

ਆਪ ਨੂੰ ਦਰਸ਼ਨ ਦੀ ਖਿੱਚ ਹੋਈ। ਸੰਗ ਨੂੰ ਨਾਲ ਲੈ ਕੇ ਦੇਵੀ ਦੇ ਦਰਸ਼ਨ ਨੂੰ ਜਾਂਦੇ ਹੋਏ ਕਰਤਾਰ ਪੁਰ ਪੁਜੇ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਮਨ ਤ੍ਰਿਪਤ ਹੋ ਗਿਆ। ਸੰਗ ਨੂੰ ਅਗੇ ਭੇਜ ਦਿੱਤਾ ਤੇ ਆਪ ਸੇਵਾ ਵਿਚ ਲਗ ਪਏ। ਅੰਤਰਜਾਮੀ ਸਤਿਗੁਰੂ ਜੀ ਨੇ ਕਿਹਾ, 'ਤੁਹਾਡਾ ਨਾਂ ਕੀ ਹੈ ?' ਆਪ ਨੇ ਆਖਿਆ, 'ਜੀ ਮੈਨੂੰ ਲਹਿਣਾ ਕਰਕੇ ਸੱਦਦੇ ਹਨ।' ਸਤਿਗੁਰਾਂ ਫੁਰਮਾਇਆ 'ਚੰਗਾ, ਤੁਸਾਂ ਲਹਿਣਾ ਤੇ ਅਸਾਂ ਦੇਣਾ, ਪਰ ਪਹਿਲਾਂ ਘਰ ਜਾ ਕੇ ਕੰਮ ਕਾਰ ਨਿਬੇੜ ਆਓ।' ਵਿਛੜਨ ਤੇ ਦਿਲ ਤਾਂ ਨਹੀਂ ਸੀ ਕਰਦਾ, ਪ੍ਰੰਤੂ ਮਾਲਕ ਦੀ ਰਜ਼ਾ ਮੰਨ ਕੇ ਚਲੇ ਗਏ। ਆ ਕੇ ਹੱਟੀ ਸਾਂਭੀ, ਸੌਦਾ ਆਦਿਕ ਸਾਰਾ ਕੁਝ ਵੇਚ ਦਿੱਤਾ। ਲੂਣ ਦੀ ਇਕ ਪੰਡ ਬੰਨ੍ਹ ਕੇ ਗੁਰੂ ਦੇ ਲੰਗਰ ਵਾਸਤੇ ਲੈ ਗਏ ਤੇ ਕਰਤਾਰਪੁਰ ਪਹੁੰਚੇ। ਮਾਤਾ ਸੁਲੱਖਣੀ ਜੀ ਨੂੰ ਪੁੱਛਿਆ, 'ਸਤਿਗੁਰੂ ਜੀ ਕਿਥੇ ਹਨ ?' ਉਨ੍ਹਾਂ ਆਖਿਆ , 'ਖੇਤਾਂ ਵਿਚ ਗਏ ਹੋਏ ਹਨ।' ਆਪ ਨੇ ਲੂਣ ਉਥੇ ਰਖ ਦਿੱਤਾ ਤੇ ਖੇਤਾਂ ਨੂੰ ਟੁਰ ਪਏ। ਸਤਿਗੁਰੂ ਜੀ ਨੇ ਪਸ਼ੂਆਂ ਵਾਸਤੇ ਖੇਤਾਂ ਵਿਚੋਂ ਗਿੱਲੇ-ਗਿੱਲੇ ਘਾਹ ਦੀ ਪੰਡ ਬੰਨ੍ਹੀ ਤੇ ਸ੍ਰੀ ਚੰਦ ਨੂੰ ਕਿਹਾ, 'ਬੇਟਾ ! ਘਰ ਲੈ ਚਲੋ।' ਸ੍ਰੀ ਚੰਦ ਜੀ ਨੇ ਆਖਿਆ, 'ਅਸੀਂ ਘਾਹ ਚੁਕਦੇ ਚੰਗੇ ਲਗਦੇ ਹਾਂ ?' ਫਿਰ ਲਖਮੀ ਚੰਦ ਨੂੰ ਹੁਕਮ ਹੋਇਆ, ਤਾਂ ਉਸਨੇ ਭੀ ਨਾਂਹ ਕਰ ਦਿੱਤੀ। ਏਨੇ ਚਿਰ ਨੂੰ ਲਹਿਣਾ ਜੀ ਪਹੁੰਚ ਗਏ। ਆਪ ਨੇ ਦਰਸ਼ਨ ਕਰਕੇ ਘਾਹ ਦੀ ਪੰਡ ਸੀਸ ਤੇ ਚੁੱਕ ਲਈ ਤੇ ਘਰ ਪਹੁੰਚੇ। ਮਾਤਾ ਸੁਲੱਖਣੀ ਜੀ ਨੇ ਸ੍ਰੀ ਲਹਿਣਾ ਜੀ ਦੇ ਕੱਪੜਿਆਂ ਵੱਲ ਵੇਖਕੇ ਸਤਿਗੁਰੂ ਜੀ ਨੂੰ ਕਿਹਾ, 'ਕੁਝ ਤਾਂ ਖ਼ਿਆਲ ਕੀਤਾ ਕਰੋ, ਅੱਜ ਤਾਂ ਸੇਵਕ ਆਇਆ ਹੈ ਤੁਸਾਂ ਆਉਂਦਿਆਂ ਹੀ ਘਾਹ ਚੁਕਾ ਦਿੱਤਾ ਹੈ, ਚਿੱਕੜ ਲੱਗਣ ਨਾਲ ਕੱਪੜੇ ਕਿੰਨੇ ਖ਼ਰਾਬ ਹੋ ਗਏ ਹਨ।' ਅੰਤਰਜਾਮੀ ਸਤਿਗੁਰੂ ਨੇ ਆਪ ਜੀ ਵੱਲ ਤਕ ਕੇ ਸੁਲੱਖਣੀ ਜੀ ਨੂੰ ਆਖਿਆ-

ਗੁਣ ਖਾਨੀ ਸੁਣ ਬੈਨ ਉਚਾਰੇ ॥ ਨਹੀਂ ਪੰਕ ਸੰਗ ਭਰਯੋ ਭਾਰੇ ॥
ਦੀਨ ਦੁਨੀ ਕਾ ਛਤ੍ਰ ਸੁ ਦੀਉ ॥ ਅਪਰ ਨ ਇਹ ਸਮ ਜਗ ਮਹਿ ਬੀਓ ॥
(ਨਾਨਕ ਪ੍ਰਕਾਸ਼)

# ਅਚਲ ਵਟਾਲੇ

ਮੇਲਾ ਸੁਣ ਸ਼ਿਵਰਾਤ ਦਾ ਬਾਬਾ ਅਚਲ ਵਟਾਲੇ ਆਈ ॥
ਦਰਸ਼ਨ ਵੇਖਣ ਕਾਰਨੇ ਸਗਲੀ ਉਲਟ ਪਈ ਲੋਕਾਈ ॥
(ਵਾਰਾਂ ਭਾਈ ਗੁਰਦਾਸ ਜੀ)

ਕਰਤਾਰ ਪੁਰ ਤੋਂ ਹਜ਼ੂਰ ਅਚਲ ਵਟਾਲੇ ਆਏ। ਏਥੇ ਸਿਧ ਨਾਟਕ ਚੇਟਕ ਕਰਕੇ ਦੁਨੀਆਂ ਨੂੰ ਲੁੱਟ ਰਹੇ ਸਨ। ਸਤਿਗੁਰੂ ਜੀ ਦਾ ਆਉਣਾ ਸੁਣ ਕੇ ਸਾਰੀ ਖ਼ਲਕਤ ਦਰਸ਼ਨਾਂ ਨੂੰ ਆ ਗਈ। ਆਪ ਨੇ ਲੋਕਾਂ ਨੂੰ ਪਾਖੰਡ ਵਲੋਂ ਹਟਾ ਕੇ ਸਤਿਨਾਮ ਦਾ ਉਪਦੇਸ਼ ਦਿੱਤਾ। ਸਿੱਧਾਂ ਨੂੰ ਇਹ ਵੇਖਕੇ ਅੱਗ ਲੱਗ ਉਠੀ ਤੇ ਚਰਚਾ ਕਰਨ ਵਾਸਤੇ ਆਏ। ਗੁਰੂ ਜੀ ਦੇ ਗ੍ਰਿਹਸਤੀ ਪਹਿਰਾਵੇ ਨੂੰ ਵੇਖਕੇ ਭੰਗਰ ਨਾਥ ਬੋਲਿਆ–

ਪੁਛੇ ਜੋਗੀ ਭੰਗ੍ਰਨਾਥ ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ ॥
ਭੇਖ ਉਤਾਰ ਉਦਾਸ ਦਾ ਵਤ ਕਿਉਂ ਸੰਸਾਰੀ ਰੀਤ ਚਲਾਈ ॥
(ਭਾਈ ਗੁਰਦਾਸ ਜੀ)

ਸੀਤਲਤਾ ਦੇ ਸੋਮੇਂ ਸਤਿਗੁਰੂ ਜੀ ਨੇ ਭੰਗਰ ਨਾਥ ਨੂੰ ਮੁਖ਼ਾਤਬ ਕਰਕੇ ਆਖਿਆ–

ਨਾਨਕ ਆਖੇ ਭੰਗਰ ਨਾਥ ਤੇਰੀ ਮਾਉਂ ਕੁਚੱਜੀ ਆਈ ॥
ਭਾਂਡਾ ਧੋਇ ਨ ਜਾਤਿਉਨ ਭਾਇ ਕੁਚੱਜੇ ਫੁੱਲ ਸੜਾਈ ॥
ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨ ਹੂੰ ਕੇ ਘਰ ਮੰਗਣ ਜਾਈ ॥
(ਭਾਈ ਗੁਰਦਾਸ ਜੀ)

ਸਤਿਗੁਰੂ ਜੀ ਦਾ ਇਹ ਉਤਰ ਸੁਣਕੇ ਸਿੱਧ ਠੰਢੇ ਹੋ ਗਏ ਤੇ ਲਗੇ ਕਰਾਮਾਤਾਂ ਵਿਖਾਣ ਰਿਧੀਆਂ ਸਿਧੀਆਂ ਦੇ ਬੜੇ ਖੇਲ ਖੇਡੇ। ਸ੍ਰੀਮਾਨ ਭਾਈ ਗੁਰਦਾਸ ਜੀ ਲਿਖਦੇ ਹਨ–

ਏਹ ਸੁਣ ਬਚਨ ਜੁਗੀਸ਼ਰਾਂ ਮਾਰ ਕਿਲਕ ਬਹੁ ਰੂਹ ਉਠਾਈ ॥

– – – – –

ਰੂਪ ਵਟਾਯਾ ਜੋਗੀਆਂ ਸਿੰਘ ਬਾਘ ਬਹੁ ਚਲਿਤ ਦਿਖਾਈ ॥
ਇਕ ਪਰ ਕਰਕੇ ਉਡਰਨ ਪੰਖੀ ਜਿਵੇਂ ਰਹੇ ਲੀਲਾਈ ॥
ਇਕ ਨਾਗ ਹੋਇ ਪਵਨ ਛੋਡ ਇਕਨਾ ਵਰਖਾ ਅਗਨਿ ਵਸਾਈ ॥
ਤਾਰੇ ਤੋੜੇ ਭੰਗ੍ਰਨਾਥ ਇਕ ਚੜ੍ਹ ਮ੍ਰਿਗਾਨੀ ਜਲ ਤਰ ਜਾਈ ॥
ਸਿੱਧਾਂ ਅਗਨਿ ਨ ਬੁਝੈ ਬੁਝਾਈ ॥

ਸਿੱਧ ਤੰਤ੍ਰ ਮੰਤ੍ਰ ਦੀਆਂ ਖੇਡਾਂ ਕਰਕੇ ਜਦ ਹਾਰ ਗਏ ਤਾਂ ਸਤਿਗੁਰੂ ਜੀ ਕੋਲ ਆਏ। ਜੀ, ਤੁਸੀਂ ਭੀ ਕੋਈ ਕਰਾਮਾਤ ਦਿਖਾਓ ! ਹੰਕਾਰ ਦੀ ਅਗਨੀ ਵਿਚ ਸੜ ਰਹੇ ਸਿੱਧਾਂ ਨੂੰ ਸਤਿਗੁਰੂ ਜੀ ਨੇ ਆਖਿਆ–

ਬਾਬਾ ਬੋਲੇ ਨਾਥ ਜੀ ਸ਼ਬਦ ਸੁਨਹੁ ਸਚ ਮੁਖਹੁ ਅਲਾਈ ।।
ਬਾਝਹੁ ਸਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ ।।

ਪੂਰਨ ਸਤਿਗੁਰੂ ਜੀ ਦੇ ਬਚਨ ਸੁਣਕੇ ਸਿੱਧਾਂ ਨੂੰ ਠੰਢ ਪੈ ਗਈ ਤੇ ਸਤਿਕਾਰ ਨਾਲ ਬੋਲੇ–

ਸਿਧ ਬੋਲਣ ਸ਼ੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ ।।
ਵੱਡਾ ਪੁਰਖ ਪ੍ਰਗੱਟਿਆ ਕਲਿਜੁਗ ਅੰਦਰ ਜੋਤਿ ਜਗਾਈ ।।

(ਭਾਈ ਗੁਰਦਾਸ ਜੀ)

ਸਤਿਗੁਰੂ ਜੀ ਇਥੋਂ ਮੁਲਤਾਨ ਗਏ। ਅਗੋਂ ਮੁਲਤਾਨ ਦੇ ਪੀਰਾਂ ਨੇ ਦੁੱਧ ਦਾ ਕਟੋਰਾ ਭਰਕੇ ਭੇਜਿਆ ਤੇ ਇਸ਼ਾਰਾ ਕੀਤਾ, 'ਇਹ ਪੀਰੀ ਪੁਰ ਮੁਲਤਾਨ ਹੈ।' ਸਤਿਗੁਰੂ ਜੀ ਨੇ ਦੁੱਧ ਦੇ ਕਟੋਰੇ ਤੇ ਚੰਬੇਲੀ ਦਾ ਫੁੱਲ ਟਿਕਾ ਕੇ ਦੁੱਧ ਵਾਪਸ ਭੇਜ ਦਿੱਤਾ।

ਬਾਬੇ ਕਢ ਕਰ ਬਗਲ ਤੇ ਚੰਬੇਲੀ ਦੂਧ ਵਿੱਚ ਮਿਲਾਈ ।।

(ਭਾਈ ਗੁਰਦਾਸ ਜੀ)

ਇਹ ਜਵਾਬ ਸੁਣਕੇ ਪੀਰ ਗੋਸ਼ਟ ਕਰਨ ਵਾਸਤੇ ਆਏ। ਆਪ ਨੇ ਉਨ੍ਹਾਂ ਦੇ ਸ਼ੰਕੇ ਨਵਿਰਤ ਕੀਤੇ। ਹੰਕਾਰ ਤੋੜਿਆ ਤੇ ਸਤਿਨਾਮ ਦਾ ਉਪਦੇਸ਼ ਦੇ ਕੇ ਵਾਪਸ ਕਰਤਾਰਪੁਰ ਆਏ। ਏਥੇ ਆ ਕੇ ਪੁੱਤਾਂ ਦੀ ਤੇ ਲਹਿਣਾ ਜੀ ਦੀ ਕਈ ਵਾਰ ਪ੍ਰੀਖਿਆ ਕੀਤੀ। ਲਹਿਣਾ ਜੀ ਦੀ ਸੇਵਾ ਤੇ ਪ੍ਰਸੰਨ ਹੋ ਕੇ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਗਲੇ ਲਾਇਆ ਤੇ ਹੁਕਮ ਕੀਤਾ–

ਅੰਗਦ ਨਾਮ ਆਜ ਤੇ ਹੋਈ ।। ਨਿਜ ਅੰਗਨ ਤੇ ਕੀਨੋ ਤੋਹੀ ।।
ਸਿਮਰਨ ਸਤਿਨਾਮ ਪ੍ਰਗਟਾਵਹੁ ।। ਜਹ ਤਹ ਸਿਖੀ ਰਾਹ ਚਲਾਵਹੁ ।।

ਅਸੂ ਵਦੀ ੫ ਸੰਮਤ ੧੫੯੬ ਨੂੰ ਗੁਰ ਗੱਦੀ ਲਹਿਣਾ ਜੀ (ਸ੍ਰੀ ਅੰਗਦ ਦੇਵ ਜੀ) ਨੂੰ ਸੌਂਪ ਦਿੱਤੀ ਤੇ ਆਪ ਅਸੂ ਵਦੀ ਦਸਵੀਂ ਸੰਮਤ ੧੫੯੬ ਨੂੰ ਕਰਤਾਰ ਪੁਰ ਵਿਚ ਜੋਤੀ ਜੋਤ ਸਮਾ ਗਏ।

# ੨. ਸ੍ਰੀ ਗੁਰੂ ਅੰਗਦ ਦੇਵ ਜੀ

ਸੋ ਟਿੱਕਾ ਸੋ ਛਤ੍ਰ ਸਿਰ ਸੋਈ ਸੱਚਾ ਤਖਤ ਟਿਕਾਈ ॥
ਗੁਰ ਨਾਨਕ ਹੰਦੀ ਮੋਹਰ ਹਥ ਗੁਰ ਅੰਗਦ ਦੀ ਦੋਹੀ ਫਿਰਾਹੀ ॥
ਦਿੱਤਾ ਛੱਡ ਕਰਤਾਰ ਪੁਰ ਬੈਠ ਖਡੂਰੇ ਜੋਤਿ ਜਗਾਈ ॥
ਜੰਮੈ ਪੂਰਬ ਬੀਜਿਆ ਵਿਚ ਵਿਚ ਹੋਰ ਕੂੜੀ ਚਤੁਰਾਈ ॥

(ਭਾਈ ਗੁਰਦਾਸ ਜੀ)

ਲਹਿਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥
ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ ॥

(ਰਾਮਕਲੀ ਕੀ ਵਾਰ ਸਤਾ ਬਲਵੰਡਿ, ਆ. ਗ੍ਰੰ. ਪੰਨਾ ੯੬੬)

## ਅਵਤਾਰ

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਅਵਤਾਰ *ਮਤੇ ਦੀ ਸਰਾਂ, ਜ਼ਿਲ੍ਹਾ ਫੀਰੋਜ਼ਪੁਰ ਵਿਖੇ ਭਾਈ ਫੇਰੂ ਮਲ ਜੀ ਤ੍ਰੇਹਣ ਖਤਰੀ ਦੇ ਘਰ ਮਾਤਾ ਸਭਰਾਈ ਦੀ ਕੁਖੋਂ ਵਿਸਾਖ ਸੁਦੀ ੧ ਸੰਮਤ ੧੫੬੧ ਬਿਕ੍ਰਮੀ ਨੂੰ ਹੋਇਆ। ਆਪ ਦਾ ਪਹਿਲਾ ਨਾਮ ਭਾਈ ਲਹਿਣਾ ਜੀ ਸੀ। ਆਪ ਜੀ ਦੇ ਪਿਤਾ ਭਾਈ ਫੇਰੂ ਮਲ ਜੀ ਇਥੇ ਦੁਕਾਨ ਦਾ ਕੰਮ ਕਰਦੇ ਸਨ। ਮਤੇ ਦੀ ਸਰਾਂ ਜਦੋਂ ਬਲੋਚਾਂ ਨੇ ਉਜਾੜ ਦਿੱਤੀ ਤਾਂ ਭਾਈ ਫੇਰੂ ਮਲ ਜੀ ਖਡੂਰ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ ਵਿਚ ਆ ਵਸੇ।

## ਮਹਿਲ ਤੇ ਸੰਤਾਨ

੧੫੭੬ ਬਿਕ੍ਰਮੀ ਵਿਚ ਸ੍ਰੀ ਲਹਿਣਾ ਜੀ ਦੀ ਸ਼ਾਦੀ ਦੇਵੀ ਚੰਦ ਖਤਰੀ ਦੀ ਬੇਟੀ ਸ੍ਰੀ ਖੀਵੀ ਜੀ ਨਾਲ ਹੋਈ, ਜਿਨ੍ਹਾਂ ਤੋਂ ਸੰਮਤ ੧੫੮੧ ਵਿਖੇ ਸਾਹਿਬਜ਼ਾਦਾ ਦਾਸੂ ਜੀ, ੧੫੮੯ ਵਿਖੇ ਬੀਬੀ ਅਮਰੋ ਜੀ, ਸੰਮਤ ੧੫੯੨ ਵਿਖੇ ਬੀਬੀ ਅਣੋਖੀ ਜੀ ਤੇ ਸੰਮਤ ੧੫੯੪ ਵਿਖੇ ਸਾਹਿਬਜ਼ਾਦਾ ਦਾਤੂ ਜੀ ਪੈਦਾ ਹੋਏ।

---

*ਮਤੇ ਦੀ ਸਰਾਂ ਮੁਕਤਸਰ ਤੋਂ ਛੇ ਸਤ ਮੀਲ ਹੈ। ਪਹਿਲਾ ਪਿੰਡ ਬਲੋਚਾਂ ਨੇ ਉਜਾੜ ਦਿੱਤਾ ਸੀ। ਏਥੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਭੀ ਚਰਨ ਪਾਏ ਹਨ। ਦਸਮ ਪਾਤਸ਼ਾਹ ਦਾ ਗੁਰਦਵਾਰਾ ਤਾਂ ਪਿੰਡ ਵਿਚ ਬਣਿਆ ਹੋਇਆ ਹੈ ਜਿਥੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਅਵਤਾਰ ਹੋਇਆ ਸੀ, ਉਥੇ ਵੀ ਸ਼ਾਨਦਾਰ ਗੁਰਦਵਾਰਾ ਬਣਿਆ ਹੋਇਆ ਹੈ।



www.sikhbookclub.com

## ਪਹਿਲਾ ਇਸ਼ਟ

ਆਪ ਦੇ ਪਿਤਾ ਭਾਈ ਫੇਰੂ ਮਲ ਜੀ ਦੇਵੀ ਦੇ ਉਪਾਸ਼ਕ ਸਨ ਤੇ ਹਰ ਸਾਲ ਸੰਗ ਨੂੰ ਲੈ ਕੇ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਹੁੰਦੇ ਸਨ। ਸੰਮਤ ੧੫੮੩ ਵਿਖੇ ਇਨ੍ਹਾਂ ਦਾ ਚਲਾਣਾ ਹੋ ਗਿਆ ਤੇ ਆਪ ਦੁਕਾਨ ਦਾ ਕੰਮ ਕਰਨ ਲਗੇ। ਪਿਤਾ ਦੀ ਤਰ੍ਹਾਂ ਹਰ ਸਾਲ ਸੰਗ ਨੂੰ ਨਾਲ ਲੈ ਕੇ ਦੇਵੀ ਦੇ ਦਰਸ਼ਨ ਕਰਨ ਜਾਂਦੇ ਰਹੇ। ਸੰਮਤ ੧੫੮੯ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੇਲ ਹੋਇਆ। ਆਪ ਜੀ ਨੇ ਸਤਿਗੁਰੂ ਜੀ ਦੀ ਚਰਨ ਸ਼ਰਨ ਵਿਚ ਰਹਿ ਕੇ ਕਮਾਲ ਦੀ ਸੇਵਾ ਕੀਤੀ।

## ਸੇਵਾ ਦੇ ਨਮੂਨੇ

ਇਕ ਦਿਨ ਅੱਧੀ ਰਾਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਵੱਡੇ ਸਪੁੱਤ੍ਰ ਸ੍ਰੀ ਚੰਦ ਜੀ ਨੂੰ ਆਖਿਆ, ਬਸਤ੍ਰ ਮੈਲੇ ਹਨ, ਧੋ ਲਿਆਓ। ਸ੍ਰੀ ਚੰਦ ਜੀ ਨੇ ਆਖਿਆ, ਦਿਨ ਚੜ੍ਹੇਗਾ ਤਾਂ ਧੋ ਲਿਆਵਾਂਗੇ। ਲਖਮੀ ਦਾਸ ਜੀ ਨੂੰ ਹੁਕਮ ਹੋਇਆ ਉਨ੍ਹਾਂ ਨੇ ਭੀ ਇਹੋ ਉੱਤਰ ਦਿੱਤਾ। ਸ੍ਰੀ ਲਹਿਣਾ ਜੀ ਨੂੰ ਹੁਕਮ ਮਿਲਿਆ ਤਾਂ ਆਪ ਉਸੇ ਵੇਲੇ ਜਾ ਕੇ ਧੋ ਲਿਆਏ।

ਇਕ ਦਿਨ ਸਤਿਗੁਰੂ ਜੀ ਨੇ ਕੋਸੀ ਇਸ਼ਨਾਨ ਕਰਕੇ ਕੌਲਾ ਗੰਦੇ ਨਾਲੇ ਵਿਚ ਸੁੱਟ ਦਿੱਤਾ। ਸ੍ਰੀ ਚੰਦ ਤੇ ਲਖਮੀ ਦਾਸ ਨੂੰ ਕੌਲਾ ਕੱਢਣ ਵਾਸਤੇ ਆਖਿਆ। ਉਹ ਕਹਿਣ ਲਗੇ, ਕੋਈ ਸੇਵਕ ਆਉਂਦਾ ਹੈ, ਕਢਾ ਲਵਾਂਗੇ। ਲਹਿਣਾ ਜੀ ਨੂੰ ਹੁਕਮ ਹੋਇਆ, ਤਾਂ ਆਪ ਨੇ ਬਸਤ੍ਰਾਂ ਸਮੇਤ ਛਾਲ ਮਾਰ ਦਿੱਤੀ ਤੇ ਕੌਲਾ ਕੱਢ ਕੇ ਲੈ ਆਏ।

ਬਾਸਨ ਕੋ ਨਿਕਾਸ ਲੈ ਆਵਾ, ਮਾਂਞ ਪਖਾਰਯੋ ਭਲਾ ਬਨਾਵਾ ॥
ਪੰਕ ਸੰਗ ਪਟ ਭਏ ਮਲੀਨਾਂ, ਅੰਗਨ ਲਗਯੋ ਜਾਤ ਨਹ ਚੀਨਾ ॥

(ਨਾਨਕ ਪ੍ਰਕਾਸ਼)

ਸ੍ਰੀ ਲਹਿਣਾ ਜੀ ਤਨ ਮਨ ਕਰਕੇ ਸੇਵਾ ਕਰ ਰਹੇ ਸਨ। ਪੁਤਰਾਂ ਤੇ ਸਿਖਾਂ ਜਾਣਿਆਂ ਕਿ ਗੁਰ ਗੱਦੀ ਇਨ੍ਹਾਂ ਨੂੰ ਹੀ ਮਿਲੇਗੀ। ਸਾਹਿਬਾਂ ਦੇ ਮਹਿਲ, ਸ੍ਰੀ ਸੁਲੱਖਣੀ ਜੀ ਪੁੱਤਰਾਂ ਨੂੰ ਨਾਲ ਲੈ ਕੇ ਆਏ ਤੇ ਕਹਿਣ ਲਗੇ–

ਬੈਠ ਸਮੀਪ ਕਹੀ ਅਸ ਬਾਨੀ ॥ ਸੁਣਿ ਸ੍ਰੀ ਚੰਦ ਪਿਤਾ ਗੁਣ ਖਾਨੀ ॥
ਸਭ ਬਿਧ ਲਾਇਕ ਤਾਤ ਤੁਮਾਰੇ ॥ ਪ੍ਰੀਤਿ ਨ ਕਰਹੁ ਤਿਨਹੁ ਸੰਗਾਰੇ ॥
ਅਸ ਗੁਨਕਾਰ ਸੁਤਨ ਕੋ ਤਿਆਗਾ ॥ ਕਰਹੁ ਦਾਸ ਪਰ ਬਹੁ ਅਨੁਰਾਗਾ ॥

 www.sikhbookclub.com

ਅਵਤਾਰਾਦਿੰਕ ਭਏ ਅਗਾਰੀ ।।
ਕਿਨਹੁ ਨ ਕਬ ਐਸੀ ਮਤ ਧਾਰੀ।। ਹੋਤ ਸੁਤਨ ਕੇ ਦਾਸ ਬਧਾਵਾ ।।
ਨਿਜ ਅਸਥਾਨਹਿ ਤਾਹਿ ਬਠਾਵਾ।। (ਸ੍ਰੀ ਨਾਨਕ ਪ੍ਰਕਾਸ਼)

ਮਹਿਲਾਂ ਦੇ ਏਹ ਬਚਨ ਸੁਣਕੇ ਸਤਿਗੁਰੂ ਜੀ ਕੁਝ ਸਮਾਂ ਚੁਪ ਰਹੇ। ਉਸੇ ਵੇਲੇ ਇਕ, ਬਿੱਲੀ, ਚੂਹੀ ਮਾਰ ਕੇ ਲਈ ਜਾਂਦੀ ਸੀ। ਉਸ ਦੇ ਮੂੰਹ ਵਿਚੋਂ ਚੂਹੀ ਉਥੇ ਹੀ ਡਿੱਗ ਪਈ ਸਤਿਗੁਰੂ ਜੀ ਨੇ ਸ੍ਰੀ ਚੰਦ ਨੂੰ ਆਖਿਆ–

ਨਿਜ ਕਰ ਸੰਗ ਉਚਾਇ ਲਿਜਾਵਹੁ ।।
ਬਹਿ ਦੂਰ ਗੇਰਹੁ ਪੁਨਿ ਆਵਹੁ ।।

ਸ੍ਰੀ ਚੰਦ ਜੀ ਕਹਿਣ ਲਗੇ, ਮੈਂ ਤੁਹਾਨੂੰ ਵੇਖ ਲਿਆ ਹੈ।

ਸ੍ਰੀ ਚੰਦ ਸੁਣ ਬੈਨ ਅਲਾਏ ।। ਦੇਖੇ ਮੈਂ ਇਸ਼ਟੀ ਬਹੁ ਥਾਏ ।।
ਖਾਲਨ ਕੀ ਮੰਜਾਰ ਬਨਾਵਤ ।। ਪੰਖ ਕਬੂਤਰ ਕਰਹਿ ਉਡਾਵਤ ।।
ਕਰਹੁ ਰੀਤਿ ਕਛ ਤਿਨਹੂ ਸਮਾਨਾ।। ਠਟਿਯੋ ਕਪਟ ਤੁਮ ਮੈ ਮਨ ਜਾਨਾ।।
ਸੂਕਰ ਕੂਕਰ ਨਿਜ ਸੰਗ ਲਾਏ।। ਵਹਿਰ ਹਿਰੋ ਸਭ ਕੋ ਦਿਖਰਾਏ ।।
ਕਰਕੈ ਦਯੋ ਤਿਹਾਵਲ ਸੋਈ ।। ਕੋ ਐਸੇ ਛਲ ਬਹਰੋ ਹੋਈ ।।
ਮੁਝ ਬਿਲੋਕਨੇ ਚਾਹ ਨ ਕੋਈ ।। ਹੌਂ ਨ ਉਚਾਵਹੁ ਮ੍ਰਿਤਕ ਜੋਈ ।।
(ਨਾਨਕ ਪ੍ਰਕਾਸ਼)

ਸ੍ਰੀ ਚੰਦ ਦੇ ਇਹ ਬਚਨ ਸੁਣ ਕੇ ਲਖਮੀ ਦਾਸ ਨੂੰ ਕਿਹਾ। ਓਸ ਆਖਿਆ ਅਸੀਂ ਹੱਥ ਲਗਾਂਦੇ ਚੰਗੇ ਲਗਦੇ ਹਾਂ ? ਲਹਿਣਾ ਜੀ ਵਲ ਸੈਂਨਤ ਹੋਈ। ਆਪ ਜੀ ਚੂਹੀ ਚੁਕ ਕੇ ਬਾਹਰ ਸੁਟ ਆਏ। ਸਾਹਿਬਾਂ ਨੇ ਆਪਣੇ ਮਹਿਲਾਂ ਨੂੰ ਕਿਹਾ–

ਮੂਲੋ–ਸੁਤਾ ਪਿਖਹੁ ਮਨ ਗਨੀਏ ।। ਏ ਨਿਜ ਸੁਤ ਸੋ ਪਰ ਸੁਤ ਜਨੀਏ ।।
ਮਾਨਹਿ ਕਹਯੋ ਨ ਬਚਨ ਕਦਾਈ ।। ਸੋ ਆਇਸ਼ ਅਨਸਾਰ ਸਦਾਈ ।।
(ਨਾਨਕ ਪ੍ਰਕਾਸ਼)

ਇਹ ਆਪਣੇ ਸੁਤ ਹਨ, ਉਹ ਸੇਵਕ ਹੈ, ਜੇਹੜਾ ਕਦੀ ਭੀ ਬਚਨ ਨਹੀਂ ਮੋੜਦਾ। ਇਹ ਗੱਦੀ ਕਿਸੇ ਦੇ ਆਪਣੇ ਅਧੀਨ ਨਹੀਂ, ਇਹ ਕਰਤਾਰ ਦੀ ਦਾਤ ਹੈ।

ਨਹਿ ਕਿਸਹੁ ਕੇ ਕਰ ਵਿਖੇ ਸਭ ਕਰਤਾਰ ਅਧੀਨ ।।
ਜਿਨ ਪਰ ਕਰਨਾ ਦ੍ਰਿਸ਼ਟ ਹੈ ਤਿਨੈ ਬਸਤ ਇਹ ਲੀਨ ।।

ਮਾਤਾ ਸੁਲੱਖਣੀ ਜੀ ਪੁੱਤਰਾਂ ਦੀ ਇਹ ਹਾਲਤ ਵੇਖ ਕੇ ਚੁਪ ਕਰ ਗਏ।

# ਗੁਰਗੱਦੀ ਦੀ ਪ੍ਰਾਪਤੀ

ਸੇਵਾ ਵਿਚ ਕਈ ਪ੍ਰੀਖਿਆ ਹੋਈਆਂ। ਸ੍ਰੀ ਲਹਿਣਾ ਜੀ ਸਦਾ ਹੀ ਪਾਸ ਹੁੰਦੇ ਰਹੇ। ਗੁਰੂ ਜੀ ਨੇ ਪ੍ਰਸੰਨ ਹੋ ਕੇ ਅੱਸੂ ਵਦੀ ੫ ਸੰਮਤ ੧੫੯੬ ਨੂੰ ਪੰਜ ਪੈਸੇ ਨਰੇਲ ਰਖ ਕੇ ਗੁਰਗੱਦੀ ਸੌਂਪ ਦਿੱਤੀ ਤੇ ਆਪ ਦਾ ਨਾਮ ਸ੍ਰੀ ਗੁਰੂ ਅੰਗਦ ਦੇਵ ਜੀ ਹੋਇਆ।

ਉਲਟੀ ਗੰਗ ਵਹਾਈਓਨ ਗੁਰ ਅੰਗਦ ਸਿਰ ਉਪਰ ਧਾਰਾ ॥
ਪੁਤ੍ਰੀਂ ਕੌਲ ਨ ਪਾਲਿਆ ਮਨ ਖੋਟੇ ਆਕੀ ਨਸਿਆਰਾ ॥

..... ..... ..... .....

ਥਾਪਿਆ ਲਹਿਣਾ ਜੀਵੰਦੇ ਗੁਰਿਆਈ ਸਿਰ ਛਤਰ ਫਿਰਾਯਾ ॥
ਜੋਤੀ ਜੋਤ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਯਾ ॥

(ਵਾਰਾਂ ਭਾਈ ਗੁਰਦਾਸ ਜੀ)

ਗੁਰਗੱਦੀ ਮਿਲਣ ਤੋਂ ਮਗਰੋਂ ਆਪ ਨੂੰ ਹੁਕਮ ਹੋਇਆ ਕਿ ਤੁਸੀਂ ਖਡੂਰ ਸਾਹਿਬ ਚਲੇ ਜਾਓ ਤੇ——

ਸਿਮਰਨ ਸਤਿਨਾਮ ਪ੍ਰਗਟਾਵਹੁ ॥
ਜਹ ਤਹ ਸਿਖੀ ਰਾਹ ਚਲਾਵਹੁ ॥

SIKHBOOKCLUB.COM

ਆਪ ਦਾ ਦਿਲ ਵਿਛੜਨ ਨੂੰ ਨਹੀਂ ਸੀ ਕਰਦਾ, ਪ੍ਰੰਤੂ ਮਾਲਕ ਦਾ ਹੁਕਮ ਮੰਨ ਕੇ ਖਡੂਰ ਸਾਹਿਬ ਵੱਲ ਆ ਗਏ। ਪਿੰਡ ਦੇ ਬਾਹਰ ਪੁਜੇ ਤਾਂ ਮਾਈ ਨਿਹਾਲੀ ਨੂੰ ਦਰਸ਼ਨ ਹੋਏ। ਆਪ ਪ੍ਰੇਮ ਵਿਚ ਪੜ੍ਹ ਰਹੇ ਸਨ–

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥

(ਸਲੋਕ ਮ: ੨, ਆ. ਗ੍ਰੰ. ਪੰਨਾ ੮੩)

ਆਪ ਮਾਈ ਪਾਸੋਂ ਇਕ ਵੱਖਰੀ ਕੋਠੀ ਲੈ ਕੇ ਭਗਤੀ ਕਰਨ ਲਗ ਪਏ। ਕਰਤਾਰਪੁਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾ ਗਏ। ਸੰਗਤਾਂ ਆਪ ਦੀ ਢੂੰਡ ਵਿਚ ਖਡੂਰ ਸਾਹਿਬ ਪੁਜੀਆਂ। ਭਾਈ ਲਾਲੋ ਜੀ, ਭਾਈ ਸੈਦੋ ਜੀ ਤੇ ਬਾਬਾ ਬੁੱਢਾ ਜੀ ਆਦਿਕ ਸਿੱਖਾਂ ਨੇ ਬੇਨਤੀ ਕੀਤੀ, ਸੱਚੇ ਪਾਤਸ਼ਾਹ ! ਖੁਲ੍ਹੇ ਦੀਦਾਰ ਦੇ ਕੇ ਨਿਹਾਲ ਕਰੋ। ਸੰਗਤਾਂ ਦੀ ਬੇਨਤੀ ਮੰਨਕੇ ਸਤਿਗੁਰੂ ਜੀ ਬਾਹਰ ਆਏ ਤੇ ਸਤਿਨਾਮ ਦਾ ਪ੍ਰਚਾਰ ਸ਼ੁਰੂ ਕੀਤਾ।

ਸਭ ਤੋਂ ਪਹਿਲੇ ਆਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਇਕੱਤ੍ਰ ਕੀਤੀ। ਭਾਈ ਬਾਲੇ ਤੇ ਭਾਈ ਪੈੜੇ, ਮੋਖੇ ਪਾਸੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਲਿਖਵਾਈ ਤੇ ਗੁਰਮੁਖੀ ਅੱਖਰਾਂ ਦਾ* ਪ੍ਰਚਾਰ ਕੀਤਾ।

## ਹੁਮਾਯੂੰ ਦਾ ਆਉਣਾ

ਸੰਮਤ ੧੫੯੭ ਬਿ: ਵਿਚ ਹੁਮਾਯੂੰ ਕਨੌਜ ਦੇ ਮੁਕਾਮ ਤੇ ਸ਼ੇਰ ਸ਼ਾਹ ਸੂਰੀ ਪਾਸੋਂ ਹਾਰ ਖਾ ਕੇ ਪੰਜਾਬ ਨੂੰ ਆਇਆ ਤੇ ਗੁਰੂ ਜੀ ਦੇ ਦਰਸ਼ਨਾਂ ਲਈ ਖਡੂਰ ਸਾਹਿਬ ਪੁੱਜਾ। ਸਤਿਗੁਰੂ ਜੀ ਸਮਾਧੀ ਵਿਚ ਲੀਨ ਬੈਠੇ ਸਨ। ਇਸ ਦੀ ਪੁਛ ਪ੍ਰਤੀਤ ਕੋਈ ਨਾ ਕੀਤੀ। ਇਸ ਨੇ ਗੁੱਸੇ ਵਿਚ ਆ ਕੇ ਤਲਵਾਰ ਤੇ ਹੱਥ ਰੱਖਿਆ। ਅੰਤਰਯਾਮੀ ਸਤਿਗੁਰੂ ਜੀ ਨੇ ਕਿਹਾ, 'ਜਿਥੇ ਚਲਾਣੀ ਸੀ, ਉਥੋਂ ਭੱਜ ਆਇਆ ਹੈਂ ਤੇ ਇਥੇ ਆ ਕੇ ਤਲਵਾਰ ਯਾਦ ਆਈ ਊ ?' ਉਹ ਸ਼ਰਮਿੰਦਾ ਹੋ ਕੇ ਚਰਨਾਂ ਤੇ ਡਿੱਗ ਪਿਆ ਤੇ ਬੇਨਤੀ ਕੀਤੀ, ਮੇਰੇ ਵਾਸਤੇ ਦੁਆ ਕਰੋ। ਸਤਿਗੁਰ ਜੀ ਨੇ ਆਖਿਆ, ਅਜੇ ਵਾਪਸ ਮੁੜ ਜਾ ਕੁਝ ਸਮੇਂ ਬਾਅਦ ਰਾਜ ਮਿਲ ਜਾਏਗਾ। ਹੁਮਾਯੂੰ ਬਚਨ ਮੰਨ ਕੇ ਵਾਪਸ ਚਲਾ ਗਿਆ ਤੇ ਕੁਝ ਸਮੇਂ ਪਿਛੋਂ ਇਸ ਨੇ ਫ਼ਾਰਸ ਦੇ ਬਾਦਸ਼ਾਹ ਪਾਸੋਂ ਮਦਦ ਲੈ ਕੇ ਹਿੰਦੁਸਤਾਨ ਪੁਰ ਫੇਰ ਚੜ੍ਹਾਈ ਕੀਤੀ ਤੇ ਕਾਮਯਾਬ ਹੋ ਗਿਆ।

SIKHBOOKCLUB.COM

## ਸਹਿਨ-ਸ਼ੀਲਤਾ

ਖਡੂਰ ਸਾਹਿਬ ਵਿਚ ਇਕ ਸ਼ਿਵਨਾਥ ਨਾਮੇ ਜੋਗੀ ਰਹਿੰਦਾ ਸੀ। ਇਹ ਗੁਰੂ ਜੀ ਦੇ ਪ੍ਰਤਾਪ ਨੂੰ ਵੇਖਕੇ ਬੜੀ ਈਰਖਾ ਕਰਦਾ ਸੀ। ਇਕ ਸਾਲ ਮੀਂਹ ਨਾ ਪਿਆ। ਜੱਟਾਂ ਨੇ ਜੋਗੀ ਨੂੰ ਆਖਿਆ, ਮੀਂਹ ਵਾਸਤੇ ਅਰਦਾਸ ਕਰੋ। ਉਸ ਨੇ ਆਖਿਆ, ਮੀਂਹ ਤਾਂ ਮੈਂ ਪਵਾ ਦੇਵਾਂ, ਪਰ ਤੁਸੀਂ ਮੈਨੂੰ ਛੱਡਕੇ ਗ੍ਰਿਹਸਤੀ ਸ੍ਰੀ ਗੁਰੂ ਅੰਗਦ ਦੇਵ ਨੂੰ ਪੂਜਣ ਲਗ ਪਏ ਹੋ। ਪਹਿਲੇ ਤੁਸੀਂ ਉਹਦੀ ਪੂਜਾ ਛੱਡ ਦਿਓ ਤੇ ਉਸ ਨੂੰ ਖਡੂਰੋਂ ਕੱਢੋ, ਫੇਰ ਮੀਂਹ ਪੈ ਜਾਵੇਗਾ। ਜੱਟਾਂ ਨੇ ਜੋਗੀ ਦੇ ਆਖੇ ਲਗ ਕੇ ਗੁਰੂ ਜੀ ਨੂੰ ਪਿੰਡੋਂ ਚਲੇ ਜਾਣ ਲਈ ਆਖਿਆ। ਸਤਿਗੁਰਾਂ ਕਿਹਾ 'ਭਾਈ ਮੀਂਹ ਪਾਣਾ ਤਾਂ ਰਬ ਦੇ ਵੱਸ ਹੈ ਜੇ ਸਾਡੇ

*ਕਈ ਸੱਜਣ ਇਥੇ ਭੁਲੇਖਾ ਖਾ ਜਾਂਦੇ ਹਨ ਕਿ ਗੁਰਮੁਖੀ ਅੱਖਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਣਾਏ ਹਨ, ਇਹ ਠੀਕ ਨਹੀਂ ਬਣਾਏ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਨ, ਜਿਸ ਦਾ ਰੂਪ ਆਸਾ ਰਾਗ ਦੀ ਪਟੀ ਹੈ।

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ ॥

(ਆਸਾ ਮ: ੧)

ਗਿਆਂ ਮੀਂਹ ਪੈਂਦਾ ਹੈ ਤੇ ਅਸੀਂ ਚਲੇ ਜਾਂਦੇ ਹਾਂ।' ਆਪ ਇਹ ਕਹਿ ਕੇ ਇਥੋਂ *ਤੁੜ ਪਿੰਡ ਚਲੇ ਗਏ। ਮੀਂਹ ਫੇਰ ਭੀ ਨ ਵਸਿਆ। ਦੂਸਰੇ ਦਿਨ ਸ੍ਰੀ ਅਮਰ ਦਾਸ ਜੀ ਗੁਰੂ ਦੇ ਦਰਸ਼ਨ ਕਰਨ ਵਾਸਤੇ ਆਏ। ਆਪ ਨੇ ਲੋਕਾਂ ਪਾਸੋਂ ਪੁੱਛਿਆ ਕਿ ਗੁਰੂ ਜੀ ਕਿਥੇ ਹਨ? ਆਪ ਨੂੰ ਜਦੋਂ ਸਾਰੀ ਗੱਲ ਦਾ ਪਤਾ ਲੱਗਾ ਤਾਂ ਆਪ ਨੇ ਲੋਕਾਂ ਨੂੰ ਕਿਹਾ, 'ਤਪੇ ਨੂੰ ਜਿਥੇ ਫੜਕੇ ਲੈ ਜਾਓਗੇ ਉਥੇ ਹੀ ਮੀਂਹ ਪਵੇਗਾ।' ਇਹ ਸੁਣਕੇ ਲੋਕੀਂ ਤਪੇ ਨੂੰ ਘਸੀਟ-ਘਸੀਟ ਕੇ ਆਪੋ ਆਪਣੇ ਖੇਤਾਂ ਵਿਚ ਲੈ ਗਏ। ਬੜੇ ਜ਼ੋਰ ਦੀ ਮੀਂਹ ਪਿਆ। ਏਸ ਤਰ੍ਹਾਂ ਹੀ ਜੱਟਾਂ ਨੇ ਤਪੇ ਨੂੰ ਘਸੀਟ-ਘਸੀਟ ਕੇ ਮਾਰ ਦਿੱਤਾ।

ਇਸ ਗੱਲ ਦਾ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਪਤਾ ਲੱਗਾ ਤਾਂ ਆਪ ਨੇ ਸ੍ਰੀ ਅਮਰ ਦਾਸ ਜੀ ਨੂੰ ਕਿਹਾ ਕਿ ਤੁਸਾਂ ਚੰਗਾ ਨਹੀਂ ਕੀਤਾ। ਤੁਹਾਨੂੰ ਵਾਹਿਗੁਰੂ ਦਾ ਭਾਣਾ ਮੰਨਣਾ ਚਾਹੀਦਾ ਸੀ। ਪਿੰਡ ਦੇ ਲੋਕ ਫੇਰ ਗੁਰੂ ਜੀ ਕੋਲ ਗਏ ਤੇ ਮਾਫ਼ੀ ਮੰਗ ਕੇ ਵਾਪਸ ਖਡੂਰ ਸਾਹਿਬ ਲੈ ਆਏ।

## ਜੋਤੀ ਜੋਤ ਸਮਾਉਣਾ

ਸ੍ਰੀ ਗੁਰੂ ਅੰਗਦ ਦੇਵ ਜੀ ਚੇਤ ਸੁਦੀ ਏਕਮ ਨੂੰ ਸ੍ਰੀ ਗੁਰੂ ਅਮਰ ਦਾਸ ਜੀ ਨੂੰ ਗੁਰ ਗੱਦੀ ਦੇ ਕੇ ਚੇਤ ਸੁਦੀ ੪ ਸੰਮਤ ੧੬੦੯ ਵਿਚ ਖਡੂਰ ਸਾਹਿਬ ਵਿਖੇ ਜੋਤੀ ਜੋਤ ਸਮਾਏ। ਆਪ ਜੀ ਬਾਰਾਂ ਬਰਸ ਨੌਂ ਮਹੀਨੇ ੧੭ ਦਿਨ ਗੁਰਗੱਦੀ ਤੇ ਬਿਰਾਜੇ। ਗੁਰੂ ਜੀ ਦੀ ਸਾਰੀ ਅਵਸਥਾ ੪੭ ਵਰ੍ਹੇ ੧੧ ਮਹੀਨੇ ੨੯ ਦਿਨ ਸੀ।

*ਤੁੜ ਪਿੰਡ ਖਡੂਰ ਸਾਹਿਬ ਦੇ ਕੋਲ ਹੈ। ਇਥੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰਦਵਾਰਾ ਹੈ।

# ੩. ਸ੍ਰੀ ਗੁਰੂ ਅਮਰਦਾਸ ਸਾਹਿਬ ਜੀ

ਗੁਰੁ ਅਮਰਦਾਸੁ ਪਰਸੀਐ ਪੁਹਮਿ ਪਾਤਿਕ ਬਿਨਾਸਹਿ ॥
ਗੁਰੁ ਅਮਰਦਾਸੁ ਪਰਸੀਐ ਸਿਧ ਸਾਧਿਕ ਆਸਾਸਹਿ ॥
ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ ਪਉ ਮੁਕਿਹਿ ॥
ਗੁਰੁ ਅਮਰਦਾਸੁ ਪਰਸੀਐ ਅਭਉ ਲਭੈ ਗਉ ਚੁਕਿਹਿ ॥
ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵਹਿ ਲਹਿ ॥
ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ॥ ੫॥ ੧੪॥

(ਸਵੱਯੇ ਮਹਲੇ ਤੀਜੇ ਕੇ, ਆ. ਗ੍ਰੰ. ਪੰਨਾ ੧੩੯੪)

## ਅਵਤਾਰ

ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਅਵਤਾਰ ਸੰਮਤ ੧੫੨੬ ਬਿਕ੍ਰਮੀ ਵਿਸਾਖ ਸੁਦੀ ਚੌਦਸ ਨੂੰ ਭਾਈ ਤੇਜ ਭਾਨ ਜੀ (ਭਲੇ) ਖਤਰੀ ਦੇ ਘਰ ਮਾਤਾ ਲਛਮੀ ਦੀ ਕੁਖੋਂ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ ।

## ਗੁਰਗੱਦੀ ਤੋਂ ਪਹਿਲਾ ਜੀਵਨ

ਮਾਤਾ ਪਿਤਾ ਚੰਗੇ ਧਾਰਮਿਕ ਖ਼ਿਆਲਾਂ ਵਾਲੇ ਹੋਣ ਕਰਕੇ ਆਪ ਦਾ ਜੀਵਨ ਸ਼ੁਰੂ ਤੋਂ ਹੀ ਬੜਾ ਪਵਿੱਤ੍ਰ ਤੇ ਸਾਦਾ ਸੀ। ਆਏ ਗਏ ਪ੍ਰਦੇਸੀ ਦੀ ਸੇਵਾ ਕਰਦੇ ਤੇ ਹਰ ਸਾਲ ਪੈਦਲ ਚੱਲ ਕੇ ਗੰਗਾ ਜੀ ਦਾ ਇਸ਼ਨਾਨ ਕਰਨ ਜਾਂਦੇ ਸਨ।

ਆਪ ਇਕੀਵੀਂ ਵਾਰ ਗੰਗਾ ਜੀ ਦਾ ਇਸ਼ਨਾਨ ਕਰਕੇ ਵਾਪਸ ਆ ਰਹੇ ਸਨ ਤਾਂ ਆਪ ਜੀ ਨੂੰ ਰਸਤੇ ਵਿਚ ਇਕ ਬ੍ਰਹਮਚਾਰੀ ਮਿਲਿਆ। ਉਹ ਆਪ ਦਾ ਸੇਵਾ ਤੇ ਪਵਿੱਤ੍ਰਤਾ ਵਾਲਾ ਜੀਵਨ ਵੇਖ ਕੇ ਬੜਾ ਖ਼ੁਸ਼ ਹੋਇਆ ਤੇ ਗੁਰੂ ਜੀ ਦੇ ਨਾਲ ਸਫਰ ਕਰਨ ਲਗ ਪਿਆ। ਆਪ ਨੇ ਘਰ ਪਹੁੰਚ ਕੇ ਉਸ ਦੀ ਬੜੀ ਸੇਵਾ ਕੀਤੀ। ਆਪ ਦੀ ਸੇਵਾ ਤੇ ਪ੍ਰੇਮ ਨੂੰ ਵੇਖ ਕੇ ਉਸ ਪੁੱਛਿਆ, 'ਤੁਹਾਡਾ ਗੁਰੂ ਕੌਣ ਹੈ ?' ਤਾਂ ਅਮਰਦਾਸ ਜੀ ਨੇ ਆਖਿਆ, 'ਅਸੀਂ ਗੁਰੂ ਦੀ ਭਾਲ ਵਿਚ ਹਾਂ ਅਜੇ ਕੋਈ ਪੂਰਨ ਪੁਰਖ ਮਿਲਿਆ ਨਹੀਂ।'

ਬ੍ਰਹਮਚਾਰੀ ਇਹ ਸੁਣ ਕੇ ਬੜਾ ਦੁਖੀ ਹੋਇਆ ਤੇ ਕਹਿਣ ਲਗਾ, 'ਮੇਰਾ ਜੀਵਨ ਭ੍ਰਿਸ਼ਟ ਹੋ ਗਿਆ ਹੈ, ਮੈਂ ਨਿਗੁਰੇ ਦੇ ਹਥੋਂ ਖਾਂਦਾ ਰਿਹਾ ਹਾਂ।' ਇਹ ਕਹਿ ਕੇ ਉਹ ਚਲਾ ਗਿਆ, ਪ੍ਰੰਤੂ ਇਸ ਗੱਲ ਤੋਂ ਆਪ ਦੇ ਚਿਤ ਨੂੰ ਬੜੀ ਸੱਟ ਵੱਜੀ।

## ਗੁਰ ਮਿਲਾਪ

ਸੇਵਾ ਤੇ ਤੀਰਥ ਯਾਤਰਾ ਕਰਕੇ ਮਨ ਤਾਂ ਅਗੇ ਹੀ ਪਵਿੱਤ੍ਰ ਸੀ, ਕੇਵਲ ਸੱਟ ਵੱਜਣ ਦੀ ਲੋੜ ਸੀ ਅਤੇ ਵੈਰਾਗਵਾਨ ਹੋ ਕੇ ਆਪ ਉਸ ਦਿਨ ਤੋਂ ਹੀ ਗੁਰੂ ਦੀ ਭਾਲ ਕਰਨ ਲਗੇ। ਇਕ ਦਿਨ ਅੰਮ੍ਰਿਤ ਵੇਲੇ ਗੁਰਬਾਣੀ ਦੀ ਮਿੱਠੀ ਆਵਾਜ਼ ਆਪ ਦੇ ਕੰਨਾਂ ਵਿਚ ਪਈ ਤਾਂ ਨੇੜੇ ਹੋ ਕੇ ਸੁਣਿਆ–

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ
ਤਉ ਗੁਣ ਨਾਹੀ ਅੰਤੁ ਹਰੇ ॥੧॥
ਚਿਤ ਚੇਤਸਿ ਕੀ ਨਹੀ ਬਾਵਰਿਆ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥
ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥੨॥
ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥੩॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥੪॥੩॥

(ਮਾਰੂ ਮ: ੧, ਆ. ਗ੍ਰੰ. ਪੰਨਾ ੯੯੦)

ਸ੍ਰੀ ਅਮਰਦਾਸ ਜੀ ਸ਼ਬਦ ਦੀ ਅਵਾਜ਼ ਤੇ ਮਸਤ ਹੋ ਕੇ ਉਸੇ ਪਾਸੇ ਟੁਰ ਪਏ ਜਿਸ ਪਾਸਿਓਂ ਆਵਾਜ਼ ਆ ਰਹੀ ਸੀ। ਇਹ ਸ਼ਬਦ ਆਪ ਦੇ ਭਰਾ ਦੇ ਘਰ *ਬੀਬੀ ਅਮਰੋ ਪੜ੍ਹ ਰਹੀ ਸੀ। ਆਪ ਨੇ ਕੋਲ ਜਾ ਕੇ ਕਿਹਾ, "ਪੁਤ੍ਰੀ ! ਇਹ ਬਾਣੀ ਕਿਨ੍ਹਾਂ ਦੀ ਹੈ ?" ਬੀਬੀ ਨੇ ਸਤਿਕਾਰ ਨਾਲ ਆਖਿਆ, "ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ ਤੇ ਉਨ੍ਹਾਂ ਦੀ ਗੱਦੀ ਤੇ ਮੇਰੇ ਪਿਤਾ ਸ੍ਰੀ ਗੁਰੂ ਅੰਗਦ ਦੇਵ ਜੀ ਬਿਰਾਜਮਾਨ ਹਨ। ਮੈਂ ਉਨ੍ਹਾਂ ਪਾਸੋਂ

*ਬੀਬੀ ਅਮਰੋ ਸ੍ਰੀ ਅਮਰਦਾਸ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ।

 www.sikhbookclub.com

ਕੰਠ ਕੀਤੀ ਹੈ।" ਆਪ ਬੀਬੀ ਨੂੰ ਨਾਲ ਲੈ ਕੇ ਖਡੂਰ ਸਾਹਿਬ ਪੁਜੇ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਮਨ ਤ੍ਰਿਪਤ ਹੋ ਗਿਆ**। ਵਡੇਪਾ ਤੇ ਕੁੜਮਾ ਚਾਰੀ ਹਉਮੈਂ ਨੂੰ ਮਾਰ ਕੇ ਆਪ ਜੀ ਸਤਿਗੁਰੂ ਦੀ ਸੇਵਾ ਵਿਚ ਲਗ ਗਏ।

ਆਪ ਦੀ ਅਵਸਥਾ ਭਾਵੇਂ ਇਸ ਵੇਲੇ ਬੁਢੇਪੇ ਦੀ ਸੀ, ਪ੍ਰੰਤੂ ਆਪ ਨੇ ਸੇਵਾ ਵਿਚ ਕਮਾਲ ਹੀ ਕਰ ਦਿੱਤਾ। ਅੰਮ੍ਰਿਤ ਵੇਲੇ ਉਠ ਕੇ ਬਿਆਸਾ ਦਰਯਾ ਤੇ ਪੁਠੇ ਪੈਰੀਂ ਜਾਂਦੇ ਤੇ ਜਲ ਦੀ ਗਾਗਰ ਲਿਆ ਕੇ ਓਸ ਨਾਲ ਸਤਿਗੁਰੂ ਜੀ ਨੂੰ ਇਸ਼ਨਾਨ ਕਰਾਉਂਦੇ। ਸਾਰਾ ਦਿਨ ਲੰਗਰ ਦੀ ਸੇਵਾ ਵਿਚ ਬਤੀਤ ਹੁੰਦਾ। ਹਰ ਸਾਲ ਇਕ ਸਰੋਪਾ ਮਿਲਦਾ ਜਿਹੜਾ ਸਤਿਕਾਰ ਨਾਲ ਸੀਸ ਤੇ ਲਪੇਟ ਲੈਂਦੇ।

## ਗੁਰਗੱਦੀ ਪ੍ਰਾਪਤੀ

ਇਕ ਦਿਨ ਮੀਂਹ ਵੱਸ ਰਿਹਾ ਸੀ, ਆਪ ਜੀ ਗਾਗਰ ਲੈ ਕੇ ਬਿਆਸਾ ਤੋਂ ਜਲ ਲੈਣ ਗਏ। ਘੁਪ ਹਨੇਰਾ ਸੀ। ਜਦੋਂ ਬਿਜਲੀ ਚਮਕਦੀ, ਰਸਤਾ ਵੇਖ ਕੇ ਤੁਰ ਪੈਂਦੇ। ਆਉਂਦੀ ਵਾਰੀ ਪਿੰਡ ਦੇ ਬਾਹਰ ਜੁਲਾਹਿਆਂ ਦੀ ਖੱਡੀ ਦੇ ਕਿੱਲੇ ਦਾ ਠੇਡਾ ਲੱਗਾ ਤੇ ਡਿੱਗ ਪਏ, ਪ੍ਰੰਤੂ ਸੀਸ ਤੋਂ ਗਾਗਰ ਨਾ ਡਿੱਗਣ ਦਿੱਤੀ। ਡਿੱਗਣ ਨਾਲ ਖੜਾਕ ਹੋਇਆ। ਜੁਲਾਹੇ ਨੇ ਜੁਲਾਹੀ ਨੂੰ ਪੁੱਛਿਆ, ਬਾਹਰ ਕੌਣ ਹੈ ? ਜੁਲਾਹੀ ਕਹਿਣ ਲਗੀ, ਉਹੋ ਅਮਰੂ ਨਿਥਾਵਾਂ ਹੋਣਾ ਹੈ, ਜਿਹੜਾ ਕੁੜਮਾਂ ਦੇ ਬੂਹੇ ਤੇ ਪਾਣੀ ਢੋਂਦਾ ਹੈ, ਹੋਰ ਇਸ ਵੇਲੇ ਕੌਣ ਹੈ। ਸਤਿਗੁਰੂ ਜੀ ਨੇ ਜੁਲਾਹੀ ਨੂੰ ਆਖਿਆ 'ਕਮਲੀਏ, ਇਹ ਕੀ ਕਿਹਾ ਈ, ਮੈਂ ਗੁਰ ਦੀ ਸ਼ਰਨ ਆ ਕੇ ਭੀ ਅਜੇ ਨਿਥਾਵਾਂ ਹੀ ਹਾਂ।'

ਬੋਲੇ ਤਬ ਸ੍ਰੀ ਅਮਰ ਜੀ ਬਵਰੀ ਭਾਰੀ ॥
ਤੂੰ ਨ ਲਖਤ ਗੁਰ ਮੋਰ ਹੈ ਜਗ ਪਤੀ ਮੁਰਾਰੀ ॥

ਇਸ ਅਮੋਘ ਬਾਣ ਨਾਲ ਜੁਲਾਹੀ ਕਮਲੀ ਹੋ ਗਈ। ਜੁਲਾਹਿਆ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਆਇਆ। ਸਤਿਗੁਰੂ ਜੀ ਨੇ ਆਖਿਆ, ਇਹ ਥਾਂ ਛੱਡ ਕੇ ਹੋਰਥੇ ਕਿਤੇ ਚਲੇ ਜਾਓ, ਜੁਲਾਹੀ ਰਾਜ਼ੀ ਹੋ ਜਾਵੇਗੀ। ਜਿਸ ਕਿੱਲੇ ਨਾਲ ਸ੍ਰੀ ਅਮਰਦਾਸ ਜੀ ਦੇ ਚਰਨ ਲਗੇ ਹਨ, ਓਹ ਹਰਿਆ ਹੋਵੇਗਾ। ਜੁਲਾਹੇ ਇਹ ਥਾਂ ਛੱਡ ਗਏ। ਇਥੇ ਅੱਜ ਕੱਲ ਕਰੀਰ ਦਾ ਦਰੱਖ਼ਤ ਹਰਿਆ ਭਰਿਆ ਹੈ।

**ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥੧॥ (ਗਉੜੀ ਬੈਰਾਗਣਿ ਮ: ੪)

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਵੇਰ ਦੀ ਸਾਰੀ ਵਾਰਤਾ ਸੁਣ ਕੇ ਆਪ ਨੂੰ ਗਲਵਕੜੀ ਵਿਚ ਲਿਆ ਤੇ ਫੁਰਮਾਇਆ–

"ਗੁਰੂ ਅਮਰ ਦਾਸ ਨਿਥਾਵਿਆਂ ਦਾ ਥਾਂ, ਗੁਰੂ ਅਮਰ ਦਾਸ ਨਿਮਾਣਿਆਂ ਦਾ ਮਾਣ, ਗੁਰੂ ਅਮਰ ਦਾਸ ਨਿਓਟਿਆਂ ਦੀ ਓਟ, ਗੁਰੂ ਅਮਰ ਦਾਸ ਨਿਆਸਰਿਆਂ ਦਾ ਆਸਰਾ, ਗੁਰੂ ਅਮਰ ਦਾਸ ਨਿਪਤਿਆਂ ਦੀ ਪਤਿ, ਗੁਰੂ ਅਮਰ ਦਾਸ ਨਿਗਤਿਆਂ ਦੀ ਗਤ, ਗੁਰੂ ਅਮਰ ਦਾਸ ਨਿਧਿਰਿਆਂ ਦੀ ਧਿਰ, ਗਹੀ ਬਹੋੜ, ਬੰਦੀ ਛੋੜ" ਆਦਿਕ ਵਰ ਦਿੱਤੇ। ਆਪ ਨੂੰ ਇਸ਼ਨਾਨ ਕਰਾ ਕੇ ਸੁੰਦਰ ਬਸਤ੍ਰ ਪੁਆਏ ਤੇ ਚੇਤ ਸੁਦੀ ਏਕਮ ਸੰਮਤ ੧੬੦੯ ਨੂੰ ਗੁਰਿਆਈ ਗੱਦੀ ਦਿੱਤੀ। ਆਪਣੇ ਪੁੱਤਰਾਂ ਦੀ ਈਰਖਾ ਨੂੰ ਵੇਖ ਕੇ ਸ੍ਰੀ ਗੁਰੂ ਅਮਰ ਦਾਸ ਜੀ ਨੂੰ ਹੁਕਮ ਦਿੱਤਾ ਕਿ ਤੁਸੀਂ ਹੁਣ ਗੋਇੰਦਵਾਲ ਚਲੇ ਜਾਓ ਤੇ ਸਿਖੀ ਪ੍ਰਚਾਰ ਕਰੋ।

ਲਹਿਣੇ ਪਾਈ ਨਾਨਕੋਂ ਦੇਣੀ ਅਮਰ ਦਾਸ ਘਰ ਆਈ ॥
ਗੁਰੁ ਬੈਠਾ ਅਮਰ ਸਰੂਪ ਹੋ ਗੁਰਮੁਖ ਪਾਈ ਦਾਤ ਇਲਾਹੀ ॥
ਫੇਰ ਵਸਾਯਾ ਗੋਇੰਦਵਾਲ ਅਚਰਜ ਖੇਲ ਨ ਲਖਿਆ ਜਾਈ ॥
ਦਾਤ ਜੋਤ ਖਸਮੈ ਵਡਿਆਈ ॥ (ਵਾਰਾਂ ਭਾਈ ਗੁਰਦਾਸ ਜੀ)

## ਮਹਿਲ ਤੇ ਸੰਤਾਨ

ਆਪ ਜੀ ਦਾ ਵਿਵਾਹ ਦੇਵੀ ਚੰਦ (ਬਹਿਲ) ਖੱਤ੍ਰੀ ਦੀ ਸਪੁੱਤ੍ਰੀ ਮਨਸਾ ਦੇਈ ਜੀ ਨਾਲ ਹੋਇਆ, ਜਿਨ੍ਹਾਂ ਤੋਂ ਸੰਮਤ ੧੫੮੫ ਵਿਖੇ ਬੀਬੀ ਦਾਨੀ ਜੀ, ੧੫੯੧ ਵਿਚ ਬੀਬੀ ਭਾਨੀ ਜੀ, ੧੫੯੩ ਵਿਚ ਬਾਬਾ ਮੋਹਨ ਜੀ ਤੇ ੧੫੯੬ ਵਿਚ ਮੋਹਰੀ ਜੀ ਪੈਦਾ ਹੋਏ। ਬੀਬੀ ਦਾਨੀ ਜੀ ਦਾ ਵਿਆਹ ਭਾਈ ਰਾਮਾ ਜੀ ਨਾਲ ਹੋਇਆ। ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ (ਸ੍ਰੀ ਗੁਰੂ ਰਾਮਦਾਸ ਜੀ) ਨਾਲ ਹੋਇਆ। ਬਾਬਾ ਮੋਹਨ ਜੀ ਬੜੇ ਮਸਤ ਤੇ ਉੱਚੇ ਜੀਵਨ ਵਾਲੇ ਮਹਾਂ ਪੁਰਸ਼ ਹੋਏ ਹਨ। ਬਾਬਾ ਮੋਹਰੀ ਜੀ ਸਭ ਤੋਂ ਛੋਟੇ ਸਨ, ਇਨ੍ਹਾਂ ਦੇ ਸਪੁੱਤਰ ਬਾਬਾ ਅਨੰਦ ਜੀ ਹੋਏ। ਅਨੰਦ ਜੀ ਤੋਂ ਬਾਬਾ ਸੁੰਦਰ ਜੀ ਹੋਏ, ਜਿਨ੍ਹਾਂ ਨੇ 'ਰਾਮਕਲੀ ਸਦ' ਉਚਾਰਿਆ ਹੈ।

## ਨਿੰਮ੍ਰਤਾ

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਾਹਿਬਜ਼ਾਦਾ ਦਾਤੂ ਜੀ ਗੋਇੰਦਵਾਲ ਗਿਆ। ਸਤਿਗੁਰੂ ਜੀ ਦੇ ਪ੍ਰਤਾਪ ਨੂੰ ਵੇਖ ਕੇ ਜਰ ਨਾ ਸਕਿਆ ਤੇ ਗੁਰੂ ਜੀ ਨੂੰ ਲੱਤ ਦੇ ਮਾਰੀ। ਸਤਿਗੁਰੂ ਜੀ ਨੇ ਉਠ ਕੇ ਚਰਨ ਫੜ ਲਏ ਤੇ ਆਖਿਆ, 'ਮੇਰੇ ਸਖ਼ਤ ਹੱਡਾਂ ਨਾਲ ਆਪ ਦੇ ਕੋਮਲ ਚਰਨਾਂ ਨੂੰ ਤਕਲੀਫ਼ ਹੋਈ ਹੋਵੇਗੀ।' ਦਾਤੂ ਜੀ ਇਹ ਸੁਣ ਕੇ ਸ਼ਰਮਿੰਦਾ ਹੋ ਗਏ।

ਦਾਤੂ ਜੀ ਦੀ ਈਰਖਾ ਨੂੰ ਵੇਖ ਕੇ ਆਪ ਨੇ ਇਕਾਂਤ ਰਹਿਣ ਦਾ ਇਰਾਦਾ ਕਰ ਲਿਆ। ਗੋਇੰਦਵਾਲ ਤੋਂ ਆਪਣੇ ਪਿੰਡ ਬਾਸਰਕੇ ਨੂੰ ਚੱਲ ਪਏ। ਪਿੰਡ ਦੇ ਨੇੜੇ ਪੁੱਜੇ ਤਾਂ ਆਪ ਨੂੰ ਇਕ ਸਿਖ ਮਿਲਿਆ। ਉਸ ਪਾਸੋਂ ਇਕ ਵਖਰਾ ਕੋਠਾ ਲੈ ਕੇ ਸਮਾਧੀ ਵਿਚ ਲੀਨ ਹੋ ਗਏ ਤੇ ਬੂਹੇ ਤੇ ਲਿਖ ਕੇ ਲਵਾ ਦਿੱਤਾ 'ਜਿਹੜਾ ਇਹ ਬੂਹਾ ਖੋਲ੍ਹੇਗਾ, ਉਹ ਸਿਖ ਨਹੀਂ।' ਸੰਗਤਾਂ ਦਰਸ਼ਨ ਬਿਨਾਂ ਵਿਆਕੁਲ ਹੋਣ ਲਗੀਆਂ। ਮੁਖੀ ਸਿੱਖਾਂ ਨੇ ਕੱਠੇ ਹੋ ਕੇ ਬਾਬਾ ਬੁੱਢਾ ਜੀ ਨੂੰ ਆਖਿਆ, ਤੁਸੀਂ ਕੋਈ ਉਪਾ ਕਰੋ। ਬਾਬਾ ਜੀ ਨੇ ਸਾਹਿਬਾਂ ਦੀ ਘੋੜੀ ਨੂੰ ਅੱਗੇ ਲਾ ਲਿਆ ਤੇ ਸੰਗਤਾਂ ਪਿਛੇ ਪਿਛੇ ਟੁਰ ਪਈਆਂ। ਘੋੜੀ ਬਾਸਰਕੀ ਦੇ ਕੋਲ ਇਕ ਮਕਾਨ ਅਗੇ ਖਲੋ ਗਈ। ਸੰਗਤਾਂ ਨੇ ਬੂਹੇ ਤੇ ਲਿਖਿਆ ਹੋਇਆ ਵੇਖਿਆ–'ਜਿਹੜਾ ਇਹ ਬੂਹਾ ਖੋਲ੍ਹੇਗਾ, ਉਹ ਸਿੱਖ ਨਹੀਂ।' ਸੋਚਣ ਲਗੇ ਹੁਣ ਕੀ ਕਰੀਏ? ਬਾਬਾ ਬੁੱਢਾ ਜੀ ਨੂੰ ਇਕ ਤਜਵੀਜ਼ ਸੁਝੀ। ਆਪ ਨੇ ਕੋਠੇ ਨੂੰ ਪਿਛਲੇ ਪਾਸਿਓਂ ਸੰਨ੍ਹ ਲਾਈ ਤੇ ਅੰਦਰ ਵੜ ਗਏ। ਸਤਿਗੁਰਾਂ ਆਖਿਆ, ਤੁਸਾਂ ਸਾਡਾ ਹੁਕਮ ਭੰਗ ਕੀਤਾ ਹੈ। ਬਾਬਾ ਜੀ ਨੇ ਆਖਿਆ, 'ਸੱਚੇ ਪਾਤਸ਼ਾਹ ! ਆਪ ਦਾ ਹੁਕਮ ਬੂਹੇ ਵਾਸਤੇ ਸੀ, ਦਾਸ ਨੇ ਬੂਹਾ ਨਹੀਂ ਖੋਲ੍ਹਿਆ।'

ਸਤਿਗੁਰੂ ਜੀ ਇਹ ਸੁਣਕੇ ਪ੍ਰਸੰਨ ਹੋਏ ਤੇ ਵਰ ਦਿੱਤਾ, ਜਿਹੜਾ ਸ਼ਰਧਾ ਨਾਲ ਇਸ ਸੰਨ੍ਹ ਵਿਚੋਂ ਲੰਘੇਗਾ, ਉਸ ਦੀ ਚੌਰਾਸੀ ਕੱਟੀ ਜਾਏਗੀ। ਸੰਗਤਾਂ ਦੀ ਬੇਨਤੀ ਮੰਨ ਕੇ ਸਤਿਗੁਰੂ ਜੀ ਫੇਰ ਗੋਇੰਦਵਾਲ ਆ ਗਏ।

## ਗੁਰੂ ਕਾ ਲੰਗਰ

ਸ੍ਰੀ ਗੁਰੂ ਅਮਰਦਾਸ ਜੀ ਨੇ ਦੇਸ਼ ਨੂੰ ਜ਼ਾਤ ਪਾਤ ਦੇ ਬੰਧਨਾਂ ਵਿਚੋਂ ਕੱਢਣ ਵਾਸਤੇ ਸ੍ਰੀ ਗੋਇੰਦਵਾਲ ਵਿਚ ਗੁਰੂ ਕਾ ਲੰਗਰ ਜਾਰੀ ਕੀਤਾ, ਜਿਸ ਵਿਚ ਊਚ, ਨੀਚ, ਹਿੰਦੂ, ਮੁਸਲਮਾਨ ਦੇ ਵਿਤਕਰੇ ਨੂੰ ਛੱਡਕੇ ਸਾਰਿਆਂ ਨੂੰ ਇਕੋ ਪੰਗਤ ਵਿਚ ਪ੍ਰਸ਼ਾਦ ਛਕਾਇਆ ਜਾਂਦਾ। ਸਤਿਗੁਰਾਂ ਦਾ ਹੁਕਮ ਸੀ, 'ਪਹਿਲੇ ਲੰਗਰ ਵਿਚੋਂ ਪ੍ਰਸ਼ਾਦ ਛਕੋ, ਫੇਰ ਦਰਸ਼ਨ ਹੋਣਗੇ।' ਜਾਤੀ ਬੰਧਨਾਂ ਵਿਚ ਫਸੇ ਹੋਏ ਹਿੰਦੁਸਤਾਨ ਵਿਚ ਸਾਂਝਾ ਲੰਗਰ ਚਲਾਉਣਾ ਕੋਈ ਮਾਮੂਲੀ ਗੱਲ ਨਹੀਂ ਸੀ, ਪ੍ਰੰਤੂ ਸਤਿਗੁਰੂ ਜੀ ਨੇ ਇਸ ਨੂੰ ਭਲੀ ਪ੍ਰਕਾਰ ਨਿਭਾਇਆ। ਸੰਮਤ ੧੬੨੨ ਨੂੰ ਅਕਬਰ ਬਾਦਸ਼ਾਹ ਦਾ ਪੰਜਾਬ ਆਉਣਾ ਹੋਇਆ। ਬਾਦਸ਼ਾਹ ਸਤਿਗੁਰੂ ਜੀ ਦੀ ਮਹਿਮਾ ਸੁਣਕੇ ਗੋਇੰਦਵਾਲ ਪਹੁੰਚਿਆ। ਇਸ ਨੇ ਲੰਗਰ ਵਿਚ ਬਹਿ ਕੇ ਪ੍ਰਸ਼ਾਦ ਛਕਿਆ ਤੇ ਬੜਾ ਖ਼ੁਸ਼ ਹੋਇਆ। ਖ਼ੁਸ਼ ਹੋ ਕੇ ਲੰਗਰ ਵਾਸਤੇ

ਜਾਗੀਰ ਦੇਣੀ ਚਾਹੀ ਸਤਿਗੁਰਾਂ ਆਖਿਆ ਵਾਹਿਗੁਰੂ ਸਭ ਕੁਛ ਦੇ ਰਿਹਾ ਹੈ। ਸਤਿਗੁਰਾਂ ਦੇ ਇਨਕਾਰ ਕਰਨ ਤੇ ਅਕਬਰ ਨੇ ਪ੍ਰੇਮ ਵਿਚ ਆ ਕੇ ਝਬਾਲ ਦੇ ਪ੍ਰਗਣੇ ਦਾ ਪਟਾ, ਸਤਿਗੁਰਾਂ ਦੀ ਸਪੁੱਤ੍ਰੀ ਬੀਬੀ ਭਾਨੀ ਨੂੰ ਲਿਖ ਦਿੱਤਾ।

ਪਟਾ ਪ੍ਰਗਨੇ ਕੋ ਲਿਖ ਦੀਨ, ਕਰੇ ਗ੍ਰਾਮ ਸਭ ਗੁਰੂ ਅਧੀਨ ॥
ਆਦਿ ਝਬਾਲ ਬੀੜ ਜਹ ਕਰਯੋ, ਬਹੁਤ ਗ੍ਰਾਮ ਅਰਪ ਮੁਦ ਭਰਯੋ ॥
(ਗੁ. ਪ੍ਰ. ਸੂ.)

ਲੰਗਰ ਵਿਚ ਇਕ ਹੋਰ ਵਾਧਾ ਸੀ। ਜੋ ਰਸਤ ਆਉਂਦੀ ਉਹ ਰੋਜ਼ ਦੇ ਰੋਜ਼ ਖ਼ਤਮ ਹੋ ਜਾਂਦੀ। ਰਾਤ ਨੂੰ ਜਿਹੜਾ ਅਨਾਜ ਵਧਦਾ, ਉਹ ਪਸ਼ੂਆਂ ਨੂੰ ਪਾ ਦਿੱਤਾ ਜਾਂਦਾ।

## ਬਾਉਲੀ ਸਾਹਿਬ

ਇਹ ਪਹਿਲਾ ਸਿੱਖ ਤੀਰਥ ਹੈ ਜੋ ਸੰਗਤਾਂ ਦੇ ਇਸ਼ਨਾਨ ਵਾਸਤੇ ਸ੍ਰੀ ਗੁਰੂ ਅਮਰ ਦਾਸ ਜੀ ਨੇ ਸੰਮਤ ੧੬੧੬ ਵਿਚ ਬਣਾਉਣਾ ਸ਼ੁਰੂ ਕੀਤਾ। ਸੰਮਤ ੧੬੨੧ ਵਿਚ ਇਸ ਦੀ ਸੇਵਾ ਸੰਪੂਰਨ ਹੋਈ। ਇਸ ਦੀਆਂ ਚੌਰਾਸੀ ਪੌੜੀਆਂ ਹਨ। ਸਤਿਗੁਰੂ ਜੀ ਦਾ ਹੁਕਮ ਹੈ ਕਿ ਇਥੇ ਜਿਹੜਾ ਪ੍ਰੇਮ ਨਾਲ ਇਸ਼ਨਾਨ ਕਰ ਕੇ ਸ੍ਰੀ ਜਪੁਜੀ ਸਾਹਿਬ ਦੇ ਚੌਰਾਸੀ ਪਾਠ ਕਰੇਗਾ, ਉਹਦੀ ਚੌਰਾਸੀ ਕੱਟੀ ਜਾਏਗੀ।

## ਜ਼ਾਤ ਪਾਤ ਤੋੜਕ ਵਿਵਾਹ

ਪ੍ਰੇਮਾ ਕੋੜ੍ਹੀ, ਜਿਸ ਦੇ ਹੱਥਾਂ ਪੈਰਾਂ ਵਿਚੋਂ ਪਾਕ ਚਲ ਰਹੀ ਸੀ, ਸਤਿਗੁਰਾਂ ਦੀ ਮਹਿਮਾਂ ਸੁਣ ਕੇ ਗੋਇੰਦਵਾਲ ਸਾਹਿਬ ਪੁੱਜਾ, ਸੰਗਤ ਦੇ ਦਰਸ਼ਨ ਕੀਤੇ। ਸਤਿਗੁਰਾਂ ਦੇ ਦਰਬਾਰ ਦੀ ਮਹਿਮਾ ਵੇਖ ਕੇ ਇਹਦੇ ਜੀਵਨ ਵਿਚ ਭੀ ਖ਼ੁਸ਼ੀ ਆਈ। ਜਿਸ ਜੀਵਨ ਕੋਲੋਂ ਤੰਗ ਆ ਗਿਆ ਸੀ ਉਹ ਜੀਵਨ ਹੁਣ ਚੰਗਾ ਲਗਣ ਲੱਗਾ। ਖ਼ੁਸ਼ੀ ਵਿਚ ਆ ਕੇ ਇਸ ਨੇ ਕਹਿਣਾ ਸ਼ੁਰੂ ਕੀਤਾ, 'ਗਇਆ ਕਛੋਟਾ ਲਾਧੋ ਰੇਖਾ' ਸਿਖਾਂ ਨੇ ਇਹ ਗੱਲ ਸ੍ਰੀ ਗੁਰੂ ਅਮਰ ਦਾਸ ਜੀ ਨੂੰ ਦੱਸੀ। ਸਤਿਗੁਰਾਂ ਹੁਕਮ ਕੀਤਾ, ਇਸ ਨੂੰ ਸਵੇਰੇ ਇਸ਼ਨਾਨ ਕਰਾ ਕੇ ਸੰਗਤ ਵਿਚ ਲਿਆਓ। ਦੂਸਰੇ ਦਿਨ ਇਸ਼ਨਾਨ ਕਰਾ ਕੇ ਸੁੰਦਰ ਬਸਤਰਾਂ ਵਿਚ ਲਪੇਟ ਕੇ ਗੁਰੂ ਜੀ ਦੇ ਹਜ਼ੂਰ ਲਿਆਂਦਾ ਗਿਆ। ਸਤਿਗੁਰਾਂ ਦੀ ਮਿਹਰ ਨਾਲ ਇਸ ਦਾ ਕੋੜ੍ਹ ਹਟ ਗਿਆ ਤੇ ਸਰੀਰ ਅਰੋਗ ਹੋ ਗਿਆ। ਗੁਰੂ ਜੀ ਨੇ ਇਸਦਾ ਨਾਂ ਮੁਰਾਰੀ ਰਖਿਆ ਤੇ ਸਿਖਾਂ ਨੂੰ

ਹੁਕਮ ਹੋਇਆ, "ਮੇਰੇ ਸਿਖ ਨੂੰ ਕੋਈ ਕੰਨਿਆ ਦਿਓ।" ਸ਼ੀਂਹੇ ਉੱਪਲ ਨੇ ਬੇਨਤੀ ਕੀਤੀ, 'ਸੱਚੇ ਪਾਤਸ਼ਾਹ ! ਮੇਰੀ ਲੜਕੀ ਮਥੋ ਹਾਜ਼ਰ ਹੈ।' ਇਸ ਗੱਲ ਦਾ ਸ਼ੀਂਹੇ ਦੀ ਵਹੁਟੀ ਨੂੰ ਪਤਾ ਲੱਗਾ ਤਾਂ ਉਹ ਗੁਰੂ ਜੀ ਕੋਲ ਆਈ ਤੇ ਕਹਿਣ ਲੱਗੀ –

ਕੁਸ਼ਟੀ, ਮਾਤਾ, ਪਿਤਾ, ਕੁਲੁ ਹੀਨ, ਸੁਤ ਨਿਥਾਵੇ ਕੋ ਮੁਰ ਦੀਨ ।।
ਸੁਣ ਸ੍ਰੀ ਅਮਰਦਾਸ ਗੁਰ ਹਸੈ, ਕਹੀਉ ਤਾਹ ਕਰਣਾ ਰੰਗ ਰਸੈ ।।
ਜਾਨੌ ਮਮ ਸੁਤ ਇਹ ਜੋ ਮੁਰਾਰੀ, ਬਯਾਯੋ ਤਨੁਜਾ ਸੰਗ ਤੁਮਾਰੀ ।।
ਤਵ ਤਨੁ ਜਾ ਕੇ ਨਾਮ ਮਥੋ ਹੈ, ਨਾਮ ਮੁਰਾਰੀ ਯਾਹਿ ਕਥੋ ਹੈ ।।
ਮਥੋ ਮੁਰਾਰੀ ਸਿਮਰੋ ਨਾਮ, ਪੂਰਨ ਹੋਇ ਨਰਨ ਕੇ ਕਾਮ ।। (ਗੁ. ਪ੍ਰ. ਸੂ.)

ਆਪ ਨੇ ਮਥੋ–ਮੁਰਾਰੀ ਦਾ ਵਿਵਾਹ ਕਰਕੇ ਪ੍ਰਚਾਰ ਵਾਸਤੇ ਮੰਜੀ ਬਖ਼ਸ਼ੀ। ਹਿੰਦੁਸਤਾਨ ਜ਼ਾਤ ਪਾਤ ਦੇ ਸੰਗਲਾਂ ਵਿਚ ਜਕੜਿਆ ਪਿਆ ਸੀ। ਸ੍ਰੀ ਗੁਰੂ ਅਮਰ ਦਾਸ ਜੀ ਨੇ ਇਨ੍ਹਾਂ ਨੂੰ ਤੋੜਿਆ।

## ਪ੍ਰਚਾਰ ਲਈ ਮੰਜੀਆਂ

ਸ੍ਰੀ ਗੁਰੂ ਅਮਰ ਦਾਸ ਜੀ ਦੇ ਪਾਸ ਜਿਹੜੇ ਸਿਖ ਦਰਸ਼ਨ ਕਰਨ ਆਉਂਦੇ ਰਹੇ, ਆਪ ਜੀ ਨੇ ਉਨ੍ਹਾਂ ਵਿਚੋਂ ਕਈਆਂ ਗੁਰਸਿੱਖਾਂ ਨੂੰ ਨਾਮ ਦਾਨ ਦੇ ਕੇ ਵਖੋ–ਵੱਖ ਇਲਾਕਿਆਂ ਵਿਚ ਪ੍ਰਚਾਰ ਵਾਸਤੇ ਮੰਜੀਆਂ ਬਖ਼ਸ਼ੀਆਂ, ਅਰਥਾਤ ਪ੍ਰਚਾਰਕ ਨਿਯਤ ਕੀਤੇ। ਪੰਜਾਬ ਤੋਂ ਬਾਹਰ ਹੋਰ ਦੇਸਾਂ ਵਿਚ ਭੀ ਪ੍ਰਚਾਰ ਦੇ ਸੈਂਟਰ ਕਾਇਮ ਕੀਤੇ। ਇਨ੍ਹਾਂ ਦੀ ਗਿਣਤੀ ਇਤਿਹਾਸ ਵਿਚ ੨੨ ਲਿਖੀ ਹੈ।

## ਜ਼ਾਤ ਅਭਿਮਾਨੀ ਹਿੰਦੂਆਂ ਦੀ ਅਰਜ਼ੀ

ਸਤਿਗੁਰੂ ਜੀ ਦੇ ਪ੍ਰਤਾਪ ਨੂੰ ਵੱਧਦਾ ਵੇਖ ਕੇ ਜ਼ਾਤ ਅਭਿਮਾਨੀ ਹਿੰਦੂਆਂ ਨੇ ਅਕਬਰ ਬਾਦਸ਼ਾਹ ਕੋਲ ਗੁਰੂ ਜੀ ਦੇ ਵਿਰੁਧ ਅਰਜ਼ੀ ਦਿਤੀ, ਜਿਸ ਵਿਚ ਲਿਖਿਆ–

ਤੁਮ ਮਰਯਾਦਾ ਰਖਣਹਾਰੇ, ਬਿਗਰਨ ਕੋ ਜਗ ਦੇਤ ਸੁਧਾਰੇ ।
ਗੋਇੰਦਵਾਲ ਅਮਰ ਗੁਰ ਹੋਵਾ, ਭੇਦ ਬਰਨ ਚਾਰੋਂ ਕਾ ਖੋਵਾ ।
ਰਾਮ, ਗਾਯਤ੍ਰੀ ਮੰਤ੍ਰ ਨ ਜਪਯੋ, ਵਾਹਿਗੁਰੂ ਕੀ ਥਾਪਨਾ ਥਪਯੋ ।
ਜੁਗ ਚਾਰਹੁ ਮਤਿ ਕਹੀ ਨ ਹੋਈ, ਜਿਮ ਮਰਯਾਦ ਬਿਗਾਰੀ ਸੋਈ ।
ਅਪਰ ਬਾਤ ਤੋ ਕਹਿਨੀ ਕਹਾਂ, ਹਿੰਦੂ ਧਰਮ ਗਾਯਤ੍ਰੀ ਮਹਾਂ ।
ਸੋ ਭੀ ਨਹਿ ਜਾਣੈ ਨਹਿ ਜਪੈ, ਗੁਰਬਾਣੀ ਕਛ ਔਰਹਿ ਥਪੈ । (ਗੁ. ਪ੍ਰ. ਸੂ.)

ਅਕਬਰ ਬੜੇ ਠੰਢੇ ਸੁਭਾ ਦਾ ਬਾਦਸ਼ਾਹ ਸੀ। ਇਸ ਨੇ ਕਿਹਾ 'ਜਿੰਨਾਂ ਚਿਰ ਮੈਂ ਦੋਹਾਂ ਧਿਰਾਂ ਦੀ ਗੱਲ ਬਾਤ ਨਾ ਸੁਣ ਲਵਾਂ ਤੁਹਾਡਾ ਫੈਸਲਾ ਨਹੀਂ ਕਰ ਸਕਦਾ।' ਇਸਨੇ ਸਤਿਗੁਰਾਂ ਨੂੰ ਆਉਣ ਵਾਸਤੇ ਪੱਤ੍ਰਕਾ ਲਿਖੀ। ਸ੍ਰੀ ਗੁਰੂ ਅਮਰ ਦਾਸ ਜੀ ਆਪ ਨਾ ਗਏ ਤੇ ਸ੍ਰੀ ਰਾਮਦਾਸ ਜੀ ਨੂੰ ਭੇਜਿਆ। ਅਕਬਰ ਨੇ ਸ੍ਰੀ ਰਾਮਦਾਸ ਜੀ ਨੂੰ ਜੋ ਜੋ ਪੁਛਿਆ, ਆਪ ਨੇ ਬੜੇ ਸੋਹਣੇ ਉੱਤਰ ਦਿੱਤੇ। ਅਕਬਰ ਨੇ ਹਿੰਦੂਆਂ ਦੀ ਅਰਜ਼ੀ ਖ਼ਾਰਜ ਕਰ ਦਿੱਤੀ ਤੇ ਗੁਰੂ ਜੀ ਦੀ ਬੜੀ ਇਜ਼ਤ ਕੀਤੀ।*

## ਬੀਬੀ ਭਾਨੀ ਨੂੰ ਵਰ

ਬੀਬੀ ਭਾਨੀ ਜੀ ਸ੍ਰੀ ਗੁਰੂ ਅਮਰ ਦਾਸ ਜੀ ਨੂੰ ਹਰ ਰੋਜ਼ ਇਸ਼ਨਾਨ ਕਰਾਇਆ ਕਰਦੇ ਸਨ। ਇਕ ਦਿਨ ਸਤਿਗੁਰੂ ਜੀ ਇਸ਼ਨਾਨ ਕਰ ਰਹੇ ਸਨ ਕਿ ਚੌਂਕੀ ਦਾ ਪਾਵਾ ਟੁੱਟ ਗਿਆ। ਬੀਬੀ ਭਾਨੀ ਨੇ ਪਾਵਾ ਟੁੱਟਾ ਵੇਖਿਆ ਤਾਂ ਚੌਂਕੀ ਦੇ ਪਾਵੇ ਥੱਲੇ ਆਪਣਾ ਹੱਥ ਦੇ ਦਿੱਤਾ। ਗੁਰਦੇਵ ਪਿਤਾ ਇਸ਼ਨਾਨ ਕਰਕੇ ਹਟੇ ਤੇ ਪਾਣੀ ਵਿਚ ਲਹੂ ਮਿਲਿਆ ਵੇਖਕੇ ਬੀਬੀ ਪਾਸੋਂ ਕਾਰਨ ਪੁੱਛਿਆ। ਬੀਬੀ ਨੇ ਸਤਿਕਾਰ ਨਾਲ ਆਖਿਆ, 'ਚੌਂਕੀ ਦਾ ਪਾਵਾ ਟੁੱਟ ਗਿਆ ਸੀ, ਮੈਂ ਆਪਣਾ ਹੱਥ ਦੇ ਦਿੱਤਾ, ਤਾਕਿ ਆਪ ਦੇ ਇਸ਼ਨਾਨ ਵਿਚ ਵਿਘਨ ਨਾ ਪਵੇ।' ਸ੍ਰੀ ਗੁਰੂ ਅਮਰਦਾਸ ਜੀ ਪੁੱਤ੍ਰੀ ਦੀ ਸੇਵਾ ਤੇ ਪ੍ਰਸੰਨ ਹੋਏ ਤੇ ਕਿਹਾ, ਕੁਛ ਮੰਗੋ। ਬੀਬੀ ਭਾਨੀ ਨੇ ਕਿਹਾ, 'ਸਤਿਗੁਰੂ ਜੀ ! ਜੇ ਤੁਠੇ ਹੋ ਤਾਂ ਗੁਰਿਆਈ ਮੇਰੇ ਘਰ ਵਿਚ ਹੀ ਰਵ੍ਹੇ।' ਸਤਿਗੁਰੂ ਜੀ ਨੇ ਵਰ ਦਿਤਾ ਤੇ ਆਖਿਆ, 'ਪੁੱਤ੍ਰੀ ! ਇਸ ਵਸਤੂ ਦੀ ਤੂੰ ਖ਼ੂਨ ਡੋਲ੍ਹ ਕੇ ਮੰਗ ਕੀਤੀ ਹੈ ਇਸ ਵਾਸਤੇ ਤੇਰੀ ਕੁਲ ਨੂੰ ਭੀ ਖ਼ੂਨ ਡੋਲ੍ਹਣਾ ਪਵੇਗਾ।'

ਸੋਢ ਬੰਸ ਕੋ ਬਡ ਬਡਿਆਈ, ਤੈਂ ਕਰ ਭਗਤਿ ਭਲੇ ਅਬ ਪਾਈ।।
ਪਿਤਾ ਗੁਰੂ ਜਗ ਗੁਰ ਤੁਮ ਕੰਤਾ, ਪੁਤ੍ਰ ਗੁਰੂ ਪੁਨ ਪੋਤ੍ਰ ਮਹੰਤਾ।।

---

*ਮੈਕਾਲਫ ਸਾਹਿਬ ਨੇ ਲਿਖਿਆ ਹੈ ਕਿ ਅਕਬਰ ਨੇ ਹਿੰਦੂਆਂ ਦੀ ਅਰਜ਼ੀ ਖ਼ਾਰਜ ਕਰ ਦਿੱਤੀ ਤੇ ਸ੍ਰੀ ਰਾਮਦਾਸ ਜੀ ਨੂੰ ਆਖਿਆ ਕਿ ਸ੍ਰੀ ਗੁਰੂ ਅਮਰ ਦਾਸ ਜੀ ਨੂੰ ਮੇਰੇ ਵਲੋਂ ਬੇਨਤੀ ਕਰਨੀ ਜੁ ਉਹ ਹਿੰਦੂਆਂ ਨੂੰ ਖ਼ੁਸ਼ ਕਰਨ ਵਾਸਤੇ ਤੀਰਥ ਯਾਤਰਾ ਕਰ ਆਉਣ। ਇਹ ਗੱਲ ਠੀਕ ਨਹੀਂ ਕਿ ਗੁਰੂ ਜੀ ਹਿੰਦੂਆਂ ਨੂੰ ਖ਼ੁਸ਼ ਕਰਨ ਵਾਸਤੇ ਤੀਰਥਾਂ ਤੇ ਗਏ। ਤੀਰਥਾਂ ਤੇ ਜਾਣ ਦਾ ਕਾਰਨ ਸ੍ਰੀ ਗੁਰੂ ਰਾਮਦਾਸ ਜੀ ਗੁਰਬਾਣੀ ਵਿਚ ਫੁਰਮਾਉਂਦੇ ਹਨ– ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ । (ਤੁ. ਮ. ੪) ਗੁਰੂ ਜੀ ਹਿੰਦੂ ਤੀਰਥਾਂ ਤੇ ਸਿਖੀ ਪ੍ਰਚਾਰ ਕਰਨ ਵਾਸਤੇ ਗਏ ਸਨ, ਹਿੰਦੂਆਂ ਨੂੰ ਖ਼ੁਸ਼ ਕਰਨ ਲਈ ਨਹੀਂ।

# ਜੋਤੀ ਜੋਤ ਸਮਾਉਣਾ

ਸ੍ਰੀ ਗੁਰੂ ਅਮਰਦਾਸ ਜੀ ਨੇ ਭਾਦਰੋਂ ਸੁਦੀ ੧੩ ਸੰਮਤ ੧੬੩੧ ਨੂੰ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰ–ਗੱਦੀ ਦੇ ਕੇ ਪ੍ਰਵਾਰ ਤੇ ਸੰਗਤ ਨੂੰ ਉਪਦੇਸ਼ ਦਿੱਤਾ, 'ਸਾਡੇ ਪਿਛੋਂ ਸੋਗ ਨਹੀਂ ਕਰਨਾ, ਗੁਰੂ ਕਾ ਸ਼ਬਦ ਪੜ੍ਹਨਾ ਤੇ ਸੁਣਨਾ ਅਤੇ ਵਾਹਿਗੁਰੂ ਦਾ ਭਾਣਾ ਮੰਨਣਾ'* । ਇਸ ਤਰ੍ਹਾਂ ਦਾ ਆਤਮ ਉਪਦੇਸ਼ ਦੇ ਕੇ ਭਾਦਰੋਂ ਸੁਦੀ ਪੰਦਰਾਂ ੧੬੩੬ ਨੂੰ ੨੨ ਵਰ੍ਹੇ ਗੁਰਗੱਦੀ ਤੇ ਬਿਰਾਜ ਕੇ ਗੋਇੰਦਵਾਲ ਵਿਚ ਜੋਤੀ ਜੋਤ ਸਮਾ ਗਏ।

ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ ॥
ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ॥
ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ ॥
ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ ॥
ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ ॥
ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ॥ ੪॥

(ਰਾਮਕਲੀ ਸਦ, ਆ. ਗ੍ਰੰ. ਪੰਨਾ ੯੨੩)

SIKHBOOKCLUB.COM

*ਸਿੱਖ ਇਤਿਹਾਸ ਮੈਕਾਲਿਫ

# ੪. ਸ੍ਰੀ ਗੁਰੂ ਰਾਮਦਾਸ ਸਾਹਿਬ ਜੀ

ਨਾਨਕਿ ਨਾਮੁ ਨਿਰੰਜਨ ਜਾਨੵਉ ਕੀਨੀ ਭਗਤਿ ਪ੍ਰੇਮ ਲਿਵ ਲਾਈ।।
ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ।।
ਗੁਰ ਅਮਰ ਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ।।
ਸੋਢੀ ਸ੍ਰਿਸ੍ਟਿ ਸਗਲ ਤਾਰਣ ਕਉ
ਅਬ ਗੁਰ ਰਾਮਦਾਸ ਕਉ ਮਿਲੀ ਬਡਾਈ।। ੩।।

(ਸਵੱਯੇ ਮਹਲੇ ਚੌਥੇ ਕੇ, ਆ. ਗ੍ਰੰ. ਪੰਨਾ ੧੪੦੬)

ਦਿੱਚੇ ਪੂਰਬ ਦੇਵਣਾ ਜਿਸ ਦੀ ਵਸਤ ਤਿਸੇ ਘਰ ਆਵੈ ।।
ਬੈਠਾ ਸੋਢੀ ਪਾਤਿਸ਼ਾਹ ਰਾਮਦਾਸ ਸਤਿਗੁਰੂ ਕਹਾਵੈ ।।
ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤਿ ਜਗਾਵੈ ।।

(ਵਾਰਾਂ ਭਾਈ ਗੁਰਦਾਸ ਜੀ)

## ਅਵਤਾਰ

ਗੁਰੂ ਜੀ ਦਾ ਅਵਤਾਰ ਕੱਤਕ ਵਦੀ ਦੂਜ ਸੰਮਤ ੧੫੯੧ ਬਿਕ੍ਰਮੀ ਨੂੰ ਭਾਈ ਹਰਦਾਸ ਸੋਢੀ ਖੱਤ੍ਰੀ ਦੇ ਘਰ ਮਾਤਾ ਦਯਾ ਕੌਰ ਦੀ ਕੁਖੋਂ ਚੂਨੇ ਮੰਡੀ ਲਾਹੌਰ ਵਿਖੇ ਹੋਇਆ। ਆਪ ਦਾ ਨਾਮ ਜੇਠਾ ਰਖਿਆ ਗਿਆ। ਮਾਤਾ ਪਿਤਾ ਦੇ ਬਚਪਨ ਵਿਚ ਹੀ ਚਲਾਣਾ ਕਰ ਜਾਣ ਕਰਕੇ ਆਪ ਆਪਣੀ ਨਾਨੀ ਪਾਸ ਬਾਸਰਕੇ ਆ ਰਹੇ ਤੇ ਘੁੰਘਣੀਆਂ ਵੇਚ ਕੇ ਗੁਜ਼ਾਰਾ ਕਰਨ ਲਗੇ, ਇਸ ਗ਼ਰੀਬੀ ਦੀ ਹਾਲਤ ਵਿਚ ਹੀ ਸ੍ਰੀ ਗੋਇੰਦਵਾਲ ਸਾਹਿਬ ਪੁਜੇ।

## ਵਿਵਾਹ ਤੇ ਸੰਤਾਨ

ਸ੍ਰੀ ਗੁਰੂ ਅਮਰ ਦਾਸ ਜੀ ਦੀ ਸੁਪੱਤਨੀ ਸ੍ਰੀ ਮਨਸਾ ਦੇਵੀ ਜੀ ਨੇ ਗੁਰੂ ਜੀ ਨਾਲ ਬੀਬੀ ਭਾਨੀ ਦੇ ਵਿਆਹ ਦੀ ਗੱਲ ਬਾਤ ਕੀਤੀ ਤੇ ਵਰ ਢੂੰਡਣ ਵਾਸਤੇ ਲਾਗੀ ਨੂੰ ਸੱਦਿਆ। ਬੂਹੇ ਦੇ ਬਾਹਰ ਜੇਠਾ ਜੀ ਘੁੰਘਣੀਆਂ ਵੇਚ ਰਹੇ ਸਨ। ਸ੍ਰੀ ਮਨਸਾ ਦੇਵੀ ਜੀ ਨੇ ਜੇਠਾ ਜੀ ਵੱਲ ਇਸ਼ਾਰਾ ਕਰਕੇ ਲਾਗੀ ਨੂੰ ਆਖਿਆ, 'ਇਸ ਲੜਕੇ ਵਰਗਾ ਸੁੰਦਰ ਵਰ ਢੂੰਡ ਕੇ ਆਉਣਾ' ਲਾਗੀ ਟੁਰਨ ਲਗਾ ਤਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਵਾਪਸ ਬੁਲਾ ਲਿਆ ਤੇ ਆਖਿਆ, 'ਇਸ ਵਰਗਾ ਤਾਂ ਇਹੋ ਹੀ ਹੈ, ਇਸ ਜੇਹਾ ਵਾਹਿਗੁਰੂ ਨੇ ਹੋਰ ਕੋਈ ਨਹੀਂ ਬਣਾਇਆ।' ਇਹ ਕਹਿ ਕੇ ਜੇਠਾ ਜੀ ਨੂੰ ਸੱਦਿਆ ਤੇ ਬੀਬੀ ਭਾਨੀ ਦੀ ਕੁੜਮਾਈ ਆਪ ਨਾਲ ਕਰ ਦਿੱਤੀ। ੨੨ ਫਗਣ ਸੰਮਤ ੧੬੧੦ ਬਿਕ੍ਰਮੀ ਨੂੰ ਆਪ ਦਾ ਵਿਆਹ

ਬੀਬੀ ਭਾਨੀ ਨਾਲ ਹੋਇਆ ਜਿਨ੍ਹਾਂ ਤੋਂ ਸੰਮਤ ੧੬੧੫ ਵਿਚ ਸ੍ਰੀ ਪ੍ਰਿਥੀ ਚੰਦ ਜੀ, ੧੬੧੮ ਹਾੜ ਵਿਚ ਸ੍ਰੀ ਮਹਾਂ ਦੇਵ ਜੀ ਤੇ ੧੬੨੦ ਬਿਕ੍ਰਮੀ ਵੈਸਾਖ ਵਦੀ ਸਤਮੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਵਤਾਰ ਲਿਆ।

## ਸੇਵਾ ਤੇ ਗੁਰ ਗੱਦੀ

ਗੁਰੂ ਘਰ ਵਿਚ ਆ ਕੇ ਆਪ ਦਾ ਨਾਮ ਸ੍ਰੀ ਰਾਮਦਾਸ ਜੀ ਕਰਕੇ ਪ੍ਰਸਿੱਧ ਹੋਇਆ। ਲੋਕ-ਲਾਜ ਨੂੰ ਤਿਆਗ ਕੇ ਆਪ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਅਤੁੱਟ ਸੇਵਾ ਕੀਤੀ। ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੋਇੰਦਵਾਲ ਵਿਚ ਭਾਈ ਬਲੂ ਤੇ ਭਾਈ ਪਾਰੋ ਦੀ ਬੇਨਤੀ ਮੰਨ ਕੇ ਵਿਸਾਖੀ ਦਾ ਮੇਲਾ ਸ਼ੁਰੂ ਕੀਤਾ। ਦੇਸ ਦੇਸਾਂਤਰਾਂ ਵਿਚ ਹੁਕਮਨਾਮੇ ਭੇਜੇ ਗਏ। ਵਿਸਾਖੀ ਦੇ ਦਿਨ ਤੇ ਬੇਅੰਤ ਸੰਗਤਾਂ ਇਕੱਤ੍ਰ ਹੋਈਆਂ। ਤਿੰਨ ਚਾਰ ਦਿਨ ਸਤਿਸੰਗ ਦੇ ਪ੍ਰਵਾਹ ਚਲਦੇ ਰਹੇ। ਲੰਗਰ ਦੀ ਸੇਵਾ ਸ੍ਰੀ ਰਾਮਦਾਸ ਜੀ ਦੇ ਸਪੁਰਦ ਸੀ। ਆਪ ਨੇ ਬੜੇ ਪ੍ਰੇਮ ਨਾਲ ਸੰਗਤਾਂ ਦੀ ਸੇਵਾ ਕੀਤੀ। ਗੁਰਸਿਖਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਕੋਲ ਆਪ ਦੀ ਸੇਵਾ ਪ੍ਰਸੰਸਾ ਕੀਤੀ। ਸਤਿਗੁਰੂ ਜੀ ਨੇ ਆਪ ਨੂੰ ਸੱਦਕੇ ਥਾਪੀ ਦਿੱਤੀ ਤੇ ਕਿਹਾ-

ਸੁਣ ਸ੍ਰੀ ਸਤਿਗੁਰ ਅਮਰ ਪ੍ਰਸੰਨ, ਕਹਿਉ ਕਿ ਰਾਮਦਾਸ ਹੈ ਧੰਨ,<br>
ਜਿਨ ਸੰਗਤ ਕੀ ਸੇਵਾ ਕਰੀ, ਹਮਰੇ ਹਿਤ ਇਮ ਪ੍ਰੀਤੀ ਪਰੀ ।

— — — — —

ਹੋਵੇ ਪੂਜਨ ਚਹੂੰ ਦਿਸ ਕੋ। ਜਗ ਮੈ ਬੰਸ ਬਿਸਾਲ ਜੋ ਇਸ ਕੋ। (ਗੁ. ਪ੍ਰ. ਸੂ.)

ਇਕ ਦਿਨ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਦੋਹਾਂ ਜੁਆਈਆਂ, ਭਾਈ ਰਾਮਾ ਜੀ ਤੇ ਜੇਠਾ ਜੀ ਦੀ ਸੇਵਾ ਤੇ ਪ੍ਰੇਮ ਨੂੰ ਪਰਖਣ ਵਾਸਤੇ ਆਖਿਆ, 'ਥੜੇ ਬਣਾਓ।' ਹੁਕਮ ਮੰਨ ਕੇ ਦੋਹਾਂ ਨੇ ਥੜੇ ਬਣਾਏ। ਸਤਿਗੁਰੂ ਜੀ ਨੇ ਨਾ-ਪਸੰਦ ਕਰਕੇ ਢੁਹਾ ਦਿਤੇ। ਦੋ ਤਿੰਨ ਦਿਨ ਇਸੇ ਤਰ੍ਹਾਂ ਹੀ ਹੋਇਆ। ਤੀਸਰੇ ਦਿਨ ਰਾਮਾ ਜੀ ਨੇ ਖਿਝ ਕੇ ਆਖਿਆ, 'ਸਚੇ ਪਾਤਸ਼ਾਹ ! ਮੈਂ ਤਾਂ ਠੀਕ ਬਣਾਉਂਦਾ ਹਾਂ, ਤੁਹਾਨੂੰ ਪਸੰਦ ਨਾ ਆਵੇ ਤਾਂ ਮੇਰਾ ਕੀ ਕਸੂਰ ਹੈ ?' ਇਹ ਸੁਣ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਰਾਮਦਾਸ ਜੀ ਨੂੰ ਪੁੱਛਿਆ। ਆਪ ਨੇ ਨਿਮ੍ਰਤਾ ਨਾਲ ਆਖਿਆ-

ਹੌਂ ਅਜਾਨ ਨਿਤ ਭੂਲਣ ਹਾਰੋ। ਤੁਮ ਕ੍ਰਿਪਾਲ ਨਿਤ ਬਿਰਦ ਸੰਭਾਰੋ ।<br>
ਬਾਰ ਬਾਰ ਬਖਸ਼ਤ ਹੋ ਮੋਹੀ। ਅਪਰਾਧੀ ਅਰ ਮੂਰਖ ਕੋ ਹੀ ।

 www.sikhbookclub.com

ਇਹ ਸੁਣ ਕੇ ਗੁਰੂ ਅਮਰਦਾਸ ਜੀ ਬੜੇ ਪ੍ਰਸੰਨ ਹੋਏ ਤੇ ਭਾਦੋਂ ਸੁਦੀ ੧੩ ਸੰਮਤ ੧੬੩੧ ਨੂੰ ਗੁਰ-ਗੱਦੀ ਆਪ ਜੀ ਨੂੰ ਸੌਂਪ ਦਿੱਤੀ।

ਸਭ ਬਿਧਿ ਮਾਨ੍ਹਿਓ ਮਨੁ ਤਬ ਹੀ ਭਯਉ ਪ੍ਰਸੰਨੁ
ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥ ੪॥

(ਸਵੱਯੇ ਮਹਲੇ ਚੌਥੇ ਕੇ, ਆ. ਗ੍ਰੰ. ਪੰਨਾ ੧੩੯੯)

## ਸ੍ਰੀ ਅੰਮ੍ਰਿਤਸਰ ਵਸਾਉਣਾ

ਬਾਉਲੀ ਸਾਹਿਬ ਦੀ ਸੇਵਾ ਤੋਂ ਪਿਛੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਆਪ ਨੂੰ ਹੁਕਮ ਕੀਤਾ ਕਿ ਤੁਸੀਂ ਆਪਣੀ ਜ਼ਮੀਨ ਵਿਚ ਜਾ ਕੇ ਇਕ ਸ਼ਹਿਰ ਵਸਾਓ ਤੇ ਉਥੇ ਜਗਤ ਦੇ ਭਲੇ ਲਈ ਸਰੋਵਰ ਬਣਾਓ। ਸ੍ਰੀ ਗੁਰੂ ਰਾਮਦਾਸ ਜੀ ਸ੍ਰੀ ਗੋਇੰਦਵਾਲ ਤੋਂ ਬਾਬਾ ਬੁਢੇ ਜੀ ਆਦਿਕ ਸਿਖਾਂ ਨੂੰ ਨਾਲ ਲੈ ਕੇ ਚੱਲ ਪਏ ਤੇ ਸੰਮਤ ੧੬੨੭ ਵਿਚ ਤੁੰਗ, ਸੁਲਤਾਨਵਿੰਡ, ਗੁਮਟਾਲਾ ਆਦਿ ਪਿੰਡਾਂ ਦੀ ਜੂਹ ਵਿਚ ਪਹੁੰਚ ਕੇ ਟਾਹਲੀ ਦੇ ਥੱਲੇ ਡੇਰਾ ਕੀਤਾ। ਪਿੰਡ ਦੀ ਮੋਹੜੀ ਗੱਡ ਕੇ ਸਰੋਵਰ ਦੀ ਖੁਦਵਾਈ ਸ਼ੁਰੂ ਕਰ ਦਿੱਤੀ। ਸੁਲਤਾਨਵਿੰਡ, ਗੁਮਟਾਲਾ ਤੇ ਹੋਰ ਪਿੰਡਾਂ ਦੀਆਂ ਸੰਗਤਾਂ ਨੇ ਗੁਰੂ ਜੀ ਦੇ ਰਹਿਣ ਵਾਸਤੇ 'ਗੁਰੂ ਕੇ ਮਹਿਲ' ਬਣਾ ਦਿੱਤੇ। ਸਰੋਵਰ ਦੀ ਸੇਵਾ ਕਰਨ ਵਾਲਿਆਂ ਲਈ ਛਪਰਾਂ ਦੇ ਮਕਾਨ ਬਣ ਗਏ। ਬਾਬਾ ਬੁਢਾ ਜੀ, ਭਾਈ ਸਾਲ੍ਹੋ, ਰੂਪ ਰਾਮ, ਗੁਰੀਏ ਆਦਿਕ ਸਿਖਾਂ ਨੇ ਕਸੂਰ, ਪੱਟੀ ਤੇ ਹੋਰ ਸ਼ਹਿਰਾਂ ਵਿਚੋਂ ੫੨ ਜਾਤਾਂ ਦੇ ਲੋਕ ਸੱਦ ਕੇ ਗੁਰੂ ਕੇ ਮਹਿਲਾਂ ਦੇ ਆਲੇ ਦੁਆਲੇ ਵਸਾ ਦਿੱਤੇ। ਥੋੜੇ ਹੀ ਚਿਰ ਵਿਚ ਚੰਗੀ ਆਬਾਦੀ ਹੋ ਗਈ। ਹੋਰ ਸ਼ਹਿਰਾਂ ਤੋਂ ਆਏ ਲੋਕਾਂ ਨੇ ਏਥੇ ਆਪਣਾ ਕਾਰੋਬਾਰ ਸ਼ੁਰੂ ਕਰ ਦਿੱਤਾ ਤੇ ਆਲੇ ਦੁਆਲੇ ਪਿੰਡਾਂ ਵਿਚੋਂ ਕਣਕ ਛੋਲੇ ਆਦਿਕ ਜਿਨਸਾਂ ਇਥੇ ਵਿਕਣ ਵਾਸਤੇ ਆਉਣ ਲੱਗ ਪਈਆਂ। ਵਪਾਰ ਦੇ ਲਿਹਾਜ਼ ਨਾਲ ਇਹ ਚੰਗੀ ਮੰਡੀ ਬਣ ਗਈ। ਇਸ ਦਾ ਨਾਂ ਸਭ ਤੋਂ ਪਹਿਲੇ ਗੁਰੂ ਕਾ ਚਕ, ਰਾਮਦਾਸ ਪੁਰਾ ਪਿਆ ਤੇ ਅੰਮ੍ਰਿਤ ਸਰੋਵਰ ਦੇ ਬਣਨ ਨਾਲ ਸ੍ਰੀ ਅੰਮ੍ਰਿਤਸਰ ਕਰਕੇ ਪ੍ਰਸਿੱਧ ਹੋਇਆ।

## ਅੰਮ੍ਰਿਤ ਸਰੋਵਰ

ਸ੍ਰੀ ਗੁਰੂ ਰਾਮਦਾਸ ਜੀ ਨੇ ਅਜੇ ਸਰੋਵਰ ਦੀ ਥੋੜੀ ਹੀ ਖੁਦਾਈ ਕਰਾਈ ਸੀ ਤਾਂ ਆਪ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਬੁਲਾ ਲਿਆ। ਸੰਮਤ ੧੬੩੧ ਵਿਚ ਤੀਜੇ ਪਾਤਸ਼ਾਹ ਆਪ ਜੀ ਨੂੰ ਗੁਰ-ਗੱਦੀ ਦੇ ਕੇ ਜੋਤੀ ਜੋਤ ਸਮਾ ਗਏ। ਉਨ੍ਹਾਂ ਪਿਛੋਂ ਸ੍ਰੀ ਗੁਰੂ ਰਾਮਦਾਸ ਜੀ ਸਹਿਤ ਪ੍ਰਵਾਰ ਸ੍ਰੀ ਅੰਮ੍ਰਿਤਸਰ ਜੀ ਆ ਰਹੇ ਤੇ ਫਿਰ ਸਰੋਵਰ

 www.sikhbookclub.com

ਦੀ ਸੇਵਾ ਸ਼ੁਰੂ ਕਰ ਦਿੱਤੀ। ਸਿੱਖੀ ਪ੍ਰਚਾਰ ਤੇ ਸਰੋਵਰ ਦੀ ਸੇਵਾ ਲਈ ਮਾਇਆ ਉਗਰਾਹੁਣ ਵਾਸਤੇ ਮੁਖੀ ਸਿਖਾਂ ਨੂੰ ਹੋਰ ਇਲਾਕਿਆਂ ਵਿਚ ਭੇਜਿਆ।

ਸ੍ਰੀ ਗੁਰੂ ਰਾਮਦਾਸ ਜੀ ਦੇ ਵੱਡੇ ਸਾਹਿਬਜ਼ਾਦੇ ਪ੍ਰਿਥੀ ਚੰਦ ਨੇ ਆਪਣੇ ਖੂਹਾਂ ਤੇ ਮਕਾਨਾਂ ਲਈ ਪੱਕੀਆਂ ਇੱਟਾਂ ਦੇ ਭਠੇ ਲਵਾਏ ਸਨ। ਆਪ ਜੀ ਨੇ ਉਹੋ ਪੱਕੀਆਂ ਇੱਟਾਂ ਮੰਗਾ ਕੇ ਸੰਮਤ ੧੬੩੫ ਵਿਚ ਸਰੋਵਰ ਦੀ ਪੱਕੀ ਨੀਂਹ ਰਖੀ।

## ਪਿੰਗਲੇ ਦਾ ਰਾਜ਼ੀ ਹੋਣਾ

ਪੱਟੀ ਦੇ ਸੇਠ ਦੂਨੀ ਚੰਦ ਦੀਆਂ ਪੰਜ ਧੀਆਂ ਸਨ। ਇਕ ਦਿਨ ਪੰਜੇ ਭੈਣਾਂ ਆਪੋ ਵਿਚ ਗੱਲਾਂ ਕਰਨ ਲੱਗੀਆਂ, ਤਾਂ ਉਨ੍ਹਾਂ ਵਿਚੋਂ ਚੌਹਾਂ ਨੇ ਆਖਿਆ, ਸਾਡਾ ਪਿਤਾ ਸਾਡੀ ਪਾਲਣਾ ਕਰ ਰਿਹਾ ਹੈ, ਪੰਜਵੀਂ ਰਜਨੀ ਜੋ ਸਭ ਤੋਂ ਛੋਟੀ ਸੀ, ਨੇ ਆਖਿਆ 'ਪ੍ਰਮੇਸ਼ਰ ਸਭ ਦੀ ਪਾਲਣਾ ਕਰਦਾ ਹੈ।' ਇਸ ਗੱਲ ਦਾ ਇਸ ਦੇ ਪਿਤਾ ਨੂੰ ਪਤਾ ਲਗਾ ਤਾਂ ਉਸ ਨੇ ਗੁੱਸੇ ਵਿਚ ਆ ਕੇ ਰਜਨੀ ਦਾ ਵਿਵਾਹ ਇਕ ਕੁਸ਼ਟੀ ਪਿੰਗਲੇ ਨਾਲ ਕਰ ਦਿੱਤਾ। ਇਸ ਸਤਵੰਤੀ ਨੇ ਪਿੰਗਲੇ ਪਤੀ ਨੂੰ ਟੋਕਰੀ ਵਿਚ ਪਾ ਕੇ ਸਿਰ ਤੇ ਚੁਕ ਲਿਆ ਤੇ ਭੀਖ ਮੰਗ ਕੇ ਗੁਜ਼ਾਰਾ ਕਰਨ ਲਗੀ। ਭੀਖ ਮੰਗਦੀ ਮੰਗਦੀ ਇਹ ਉਸ ਥਾਂ ਪੁੱਜੀ, ਜਿਥੇ ਅਜ ਕਲ ਗੁਰਦਵਾਰਾ ਦੁਖ-ਭੰਜਨੀ ਸਾਹਿਬ ਹੈ। ਇਸ ਨੇ ਪਾਣੀ ਦਾ ਕਿਨਾਰਾ ਤੇ ਬੇਰੀ ਦੀ ਠੰਡੀ ਛਾਂ ਵੇਖ ਕੇ ਪਤੀ ਨੂੰ ਏਥੇ ਬਿਠਾ ਦਿੱਤਾ ਤੇ ਆਪ ਸ੍ਰੀ ਰਾਮਦਾਸ ਪੁਰੇ ਤੋਂ ਰੋਟੀਆਂ ਮੰਗਣ ਚਲੀ ਗਈ। ਰਜਨੀ ਦੇ ਚਲੇ ਜਾਣ ਪਿਛੋਂ ਪਿੰਗਲੇ ਨੇ ਵੇਖਿਆ, ਇਸ ਛਪੜੀ ਵਿਚ ਇਕ ਕਾਂ ਵੜਿਆ ਹੈ ਤੇ ਹੰਸ ਬਣ ਕੇ ਉਡ ਗਿਆ ਹੈ। ਪਿੰਗਲਾ ਵੀ ਰਿੜ੍ਹਦਾ ਰਿੜ੍ਹਦਾ ਛਪੜੀ ਵਿਚ ਵੜ ਗਿਆ ਤੇ ਇਸ਼ਨਾਨ ਕਰਕੇ ਨਿਕਲਿਆ ਤਾਂ ਇਸਦਾ ਸਰੀਰ ਕੰਚਨ ਵਰਗਾ ਅਰੋਗ ਸੀ। ਰਜਨੀ ਜਦੋਂ ਰੋਟੀਆਂ ਲੈ ਕੇ ਵਾਪਸ ਆਈ ਤਾਂ ਪਿੰਗਲੇ ਪਤੀ ਦੀ ਥਾਂ ਤੇ ਇਕ ਸੁੰਦਰ ਨੌਜਵਾਨ ਵੇਖ ਕੇ ਘਬਰਾ ਗਈ। ਪਿੰਗਲਾ ਜੋ ਹੁਣ ਅਰੋਗ ਹੋ ਚੁਕਾ ਸੀ, ਰਜਨੀ ਦੀ ਘਬਰਾਹਟ ਨੂੰ ਵੇਖ ਕੇ ਕਹਿਣ ਲਗਾ, ਮੈਂ ਹੀ ਤੇਰਾ ਪਤੀ ਹਾਂ ਤੇ ਤੇਰੇ ਸਤਿ-ਧਰਮ ਕਰਕੇ ਮੇਰਾ ਕੋੜ੍ਹ ਜਾਂਦਾ ਰਿਹਾ ਹੈ, ਰਾਜ਼ੀ ਹੋਣ ਦੀ ਸਾਰੀ ਵਾਰਤਾ ਦੱਸੀ, ਪ੍ਰੰਤੂ ਰਜਨੀ ਨੂੰ ਨਿਸ਼ਚਾ ਨਾ ਆਇਆ। ਇਹ ਦੋਵੇਂ ਆਪਸ ਵਿਚ ਝਗੜਦੇ ਝਗੜਦੇ ਸ੍ਰੀ ਗੁਰੂ ਰਾਮਦਾਸ ਸਾਹਿਬ ਕੋਲ ਪੁਜੇ। ਸਤਿਗੁਰੂ ਜੀ ਨੇ ਕਿਹਾ, 'ਬੱਚੀ ! ਇਹੋ ਤੇਰਾ ਪਤੀ ਹੈ ਤੇ ਇਹ ਅੰਮ੍ਰਿਤ ਦੀ ਸ਼ਕਤੀ ਕਰਕੇ ਰਾਜ਼ੀ ਹੋ ਗਿਆ ਹੈ।'

ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ ॥
ਨਾਨਕ ਧਨੁ ਧੰਨੁ ਵਡੇ ਵਡਭਾਗੀ
ਜਿਨ੍ਹ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥੪॥੨॥

(ਗੂਜਰੀ ਮ: ੪, ਆ. ਗ੍ਰੰ. ਪੰਨਾ ੪੯੩)

ਇਹ ਸੁਣ ਕੇ ਰਜਨੀ ਬੜੀ ਪ੍ਰਸੰਨ ਹੋਈ ਤੇ ਪਤੀ ਪਤਨੀ ਦੋਵੇਂ ਗੁਰੂ ਜੀ ਦੇ ਸਿੱਖ ਬਣ ਗਏ। ਇਸ ਗੱਲ ਦਾ ਰਜਨੀ ਦੇ ਪਿਤਾ ਦੁਨੀ ਚੰਦ ਨੂੰ ਪਤਾ ਲੱਗਾ ਤਾਂ ਉਹ ਭੀ ਸਤਿਗੁਰੂ ਜੀ ਦਾ ਸਿੱਖ ਬਣਿਆ। ਇਸ ਦਾ ਆਪਣਾ ਪੁੱਤਰ ਕੋਈ ਨਹੀਂ ਸੀ, ਉਸ ਨੇ ਇਸ ਜਵਾਈ ਨੂੰ ਪੁੱਤਰ ਬਣਾ ਲਿਆ ਤੇ ਸਭ ਕੁਝ ਇਸ ਨੂੰ ਸੌਂਪ ਦਿੱਤਾ।

## ਪੁੱਤਰ ਦੀ ਬਖ਼ਸ਼ਿਸ਼

ਭਾਈ ਆਦਮ ਦੇ ਘਰ ਪੁੱਤਰ ਕੋਈ ਨਹੀਂ ਸੀ। ਪਤੀ ਪਤਨੀ ਨੇ ਦੁਨੀਆਂ ਦੇ ਇਸ ਮਿੱਠੇ ਮੇਵੇ ਨੂੰ ਪ੍ਰਾਪਤ ਕਰਨ ਵਾਸਤੇ ਕਈ ਪੀਰ, ਫ਼ਕੀਰ ਮਨਾਏ ਤੇ ਕਈ ਦੇਵੀ ਦਿਉਤਿਆਂ ਦੀ ਪੂਜਾ ਕੀਤੀ ਪ੍ਰੰਤੂ, 'ਪੁਤੀਂ ਗੰਢ ਪਵੈ ਸੰਸਾਰ*' ਦੇ ਮਹਾ ਵਾਕ ਅਨੁਸਾਰ ਇਨ੍ਹਾਂ ਦੀ ਸੰਸਾਰ ਨਾਲ ਗੰਢ ਕਿਸੇ ਵੀ ਨ ਪਾਈ। ਦੋਵੇਂ ਜੀਅ ਦੁਨੀਆਂ ਵਲੋਂ ਨਿਰਾਸ ਹੋ ਕੇ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਪੁੱਜੇ। ਪਤੀ ਪਤਨੀ ਨੇ ਲੰਗਰ ਦੀ ਸੇਵਾ ਸ਼ੁਰੂ ਕਰ ਦਿੱਤੀ। ਭਾਈ ਆਦਮ ਜੰਗਲ ਵਿਚੋਂ ਦੋ ਭਾਰ ਲੱਕੜਾਂ ਦੇ ਲਿਆਉਂਦਾ, ਇਕ ਲੰਗਰ ਵਿਚ ਪਾ ਦੇਂਦਾ ਤੇ ਇਕ ਵੇਲੇ ਕੁਵੇਲੇ ਵਾਸਤੇ ਜਮ੍ਹਾਂ ਰਖਦਾ। ਇਕ ਸਿਆਲੇ ਬੜੀ ਝੜੀ ਲਗੀ, ਸੰਗਤਾਂ ਪਾਲੇ ਨਾਲ ਠਰਨ ਲੱਗੀਆਂ। ਇਸ ਨੇ ਜਿਹੜਾ ਬਾਲਣ ਜਮ੍ਹਾਂ ਰਖਿਆ ਹੋਇਆ ਸੀ, ਉਹ ਕੱਢਿਆ ਤੇ ਸਾਰੀਆਂ ਸੰਗਤਾਂ ਨੂੰ ਅੱਗ ਸਿਕਾਈ, ਵਧਿਆ ਬਾਲਣ ਲੰਗਰ ਵਿਚ ਭੇਜ ਦਿਤਾ। ਸੰਗਤ ਨੇ ਪ੍ਰਸੰਨ ਹੋ ਕੇ ਸ੍ਰੀ ਗੁਰੂ ਰਾਮਦਾਸ ਜੀ ਕੋਲ ਇਸ ਦੀ ਪ੍ਰਸੰਸਾ ਪ੍ਰਗਟ ਕੀਤੀ। ਸਤਿਗੁਰੂ ਜੀ ਨੇ ਇਸ ਨੂੰ ਸੱਦਿਆ ਤੇ ਕਿਹਾ, ਭਾਈ ਆਦਮ ! ਤੇਰੀ ਘਾਲ ਥਾਇ ਹੈ, ਜੋ ਚਾਹੁੰਦਾ ਹੈਂ ਸੋ ਮੰਗ ਲੈ। ਇਹ ਪੁੱਤ੍ਰ ਦੀ ਆਸ਼ਾ ਲੈ ਕੇ ਦਰਬਾਰ 'ਚ ਪੁੱਜਾ ਸੀ, ਪਰ ਆਪਣੀ ਚਿੱਟੀ ਦਾੜ੍ਹੀ ਵਲ ਵੇਖ ਕੇ ਸੰਗਤ ਵਿਚ ਸ਼ਰਮਾ ਗਿਆ ਤੇ ਕਹਿਣ ਲੱਗਾ, 'ਨਾਮ ਦਾਨ ਬਖ਼ਸ਼ੋ।' ਅੰਤਰਜਾਮੀ ਸਤਿਗੁਰੂ ਜੀ ਨੇ ਇਸਦੀ ਸ਼ਰਮ ਨੂੰ ਵੇਖ ਕੇ ਆਖਿਆ, ਚੰਗਾ ਕੱਲ ਆਪਣੀ ਸੁਪੱਤਨੀ ਨੂੰ ਨਾਲ ਲੈ ਕੇ ਆਵੀਂ। ਦੂਜੇ ਦਿਨ ਇਹ ਦੋਵੇਂ ਸਤਿਗੁਰੂ ਜੀ ਦੇ ਹਜ਼ੂਰ ਪੁੱਜੇ ਤੇ ਪੁੱਤ੍ਰ ਦੀ ਦਾਤ ਮੰਗੀ। ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਆਖਿਆ, ਪੁੱਤਰ ਤਾਂ ਤੁਹਾਡੇ ਕਰਮਾਂ ਵਿਚ ਕੋਈ ਨਹੀਂ। ਇਸ ਜੋੜੀ ਨੇ ਅਰਦਾਸ ਕੀਤੀ, ਸੱਚੇ ਪਾਤਸ਼ਾਹ ! ਲਿਖਣਾ ਤਾਂ ਤੁਸਾਂ ਹੀ ਸੀ ਜੇ ਅਗੇ ਨਹੀਂ ਲਿਖਿਆ ਤਾਂ ਹੁਣ ਲਿਖ ਦਿਓ। ਸ੍ਰੀ ਗੁਰੂ ਰਾਮਦਾਸ ਜੀ ਮੁਸਕਰਾਏ ਤੇ ਆਖਿਆ, 'ਸਾਡੇ ਘਰ ਚਾਰ ਪੁੱਤਰ ਹੋਣੇ ਸਨ, ਤਿੰਨ ਹੋ ਗਏ ਹਨ ਤੇ ਚੌਥਾ ਹੁਣ ਤੁਹਾਨੂੰ ਬਖ਼ਸ਼ਦੇ ਹਾਂ। ਤੁਸੀਂ ਇਸ ਦਾ ਨਾਮ ਭਾਈ ਭਗਤੂ ਰੱਖਣਾ।' ਕੁਛ ਚਿਰ ਮਗਰੋਂ ਭਾਈ ਭਗਤੂ ਦਾ ਜਨਮ ਹੋਇਆ। ਭਗਤੂ ਸਤਵੀਂ ਪਾਤਸ਼ਾਹੀ ਤਕ ਬੜੇ ਪ੍ਰੇਮ ਨਾਲ ਗੁਰੂ ਘਰ 'ਚ ਸੇਵਾ ਕਰਦਾ ਰਿਹਾ। ਭਾਈ ਉਦਯ ਸਿੰਘ ਜੀ ਕੈਂਥਲ ਵਾਲੇ ਰਾਜੇ ਭਾਈ ਭਗਤੂ ਦੀ ਅੰਸ ਵਿਚੋਂ ਹੀ ਸਨ, ਜਿਨ੍ਹਾਂ ਨੇ ਬਹੁਤ ਸਾਰਾ ਰੁਪਿਆ ਖ਼ਰਚ ਕੇ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਪਾਸੋਂ ਸੂਰਜ ਪ੍ਰਕਾਸ਼ ਲਿਖਾਇਆ ਹੈ।

* (ਮਾਝ ਕੀ ਵਾਰ ਮ: ੧)


www.sikhbookclub.com

## ਨਿੰਮਰਤਾ

ਇਕ ਵਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਸ੍ਰੀ ਚੰਦ ਜੀ ਬਾਹਠ ਪਿੰਡ ਤੋਂ ਚੱਲ ਕੇ ਸ੍ਰੀ ਅੰਮ੍ਰਿਤਸਰ ਜੀ ਪੁੱਜੇ। ਸਤਿਗੁਰ ਜੀ ਨੇ ਅਗੋਂ ਜਾਕੇ ਬੜੇ ਸਤਿਕਾਰ ਨਾਲ ਲਿਆਂਦਾ। ਇਕ ਘੋੜਾ ਤੇ ਪੰਜ ਸੌ ਰੁਪਏ ਭੇਟਾ ਕੀਤੇ। ਬਾਬਾ ਸ੍ਰੀ ਚੰਦ ਜੀ ਬੜੇ ਖ਼ੁਸ਼ ਹੋਏ ਤੇ ਪ੍ਰਸਪਰ ਬਚਨ ਕਰਦਿਆਂ ਆਪ ਦੀ ਬੜੀ ਸੁੰਦਰ ਤੇ ਲੰਮੀ ਦਾਹੜੀ ਵੇਖ ਕੇ ਕਿਹਾ— ਸ੍ਰੀ ਚੰਦ ਤਬ ਗਿਰਾ ਉਚਾਰੀ, ਕਾਹਿ ਬਢਾਈ ਦਾਹੜੀ ਭਾਰੀ।

ਇਹ ਬਚਨ ਸੁਣ ਕੇ ਸਤਿਗੁਰੂ ਜੀ ਕਹਿਣ ਲਗੇ ਆਪ ਜਿਹੇ ਮਹਾਂ ਪੁਰਸ਼ਾਂ ਦੇ ਚਰਨ ਝਾੜਨ ਲਈ। ਸ੍ਰੀ ਮਾਨ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ–

> ਰਾਮਦਾਸ ਗੁਰ ਨਿੰਮਰ ਹੋ ਹੈ, ਕਹਿਓ ਆਪ ਸੇ ਸਾਧੂ ਜੋ ਹੈ ।। ਉਨ ਕੇ ਚਰਨ ਪੋਛਨੇ ਕਾਰਨ, ਇਮ ਕਹਿ ਲਗੇ ਚਰਨ ਤਿਹਿ ਝਾਰਨ।। ਸ੍ਰੀ ਚੰਦ ਖੁਸ਼ ਹੋਇ ਉਚਾਰਾ, ਇਸੀ ਤੌਰ ਘਰ ਲੁਟਿਓ ਹਮਾਰਾ ।। ਜੋ ਬਾਕੀ ਥੀ ਕੁਛ ਮੋ ਪੈ, ਛੀਨ ਲਈ ਯੌਹੀਂ ਤੁਮ ਸੋ ਪੈ।। ਨਿੰਮ੍ਰਤਾ ਭਗਤੀ ਕਰ ਸੇਵਾ, ਲਈ 'ਗੁਰਿਆਈ ਅੰਗਦ ਏਵਾ ।। ਹਮ ਗੁਰ ਕੇ ਸੁਤ ਛੂਛ ਰਹਾਏ, ਸੇਵਾ ਤੇ ਤੁਮ ਮੇਵਾ ਪਾਏ।।' ਬੋਲੇ ਗੁਰ ਸਭ ਕ੍ਰਿਪਾ ਥਾਰੀ, ਨਹੀਂ ਤੋ ਹਮ ਸੇ ਫਿਰਤ ਅਪਾਰੀ। (ਤਵਾਰੀਖ਼ ਗੁਰੂ ਖਾਲਸਾ)

## ਜੋਤੀ ਜੋਤ ਸਮਾਉਣਾ

SIKHBOOKCLUB.COM

ਸ੍ਰੀ ਗੁਰੂ ਰਾਮਦਾਸ ਜੀ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਹਰ ਤਰ੍ਹਾਂ ਯੋਗ ਜਾਣ ਕੇ ਭਾਦਰੋਂ ਸੁਦੀ ਦੂਜ ਸੰਮਤ ੧੬੩੮ ਨੂੰ ਗੁਰਗੱਦੀ ਸੌਂਪ ਦਿੱਤੀ। ਇਹ ਵੇਖ ਕੇ ਸਤਿਗੁਰੂ ਜੀ ਦੇ ਵੱਡੇ ਪੁੱਤਰ ਪ੍ਰਿਥੀ ਚੰਦ ਨੇ ਗੁਰੂ ਜੀ ਤੇ ਬੜਾ ਗੁੱਸਾ ਕੀਤਾ ਤੇ ਕੁਬਚਨ ਬੋਲੇ। ਸ੍ਰੀ ਗੁਰੂ ਰਾਮਦਾਸ ਜੀ ਨੇ ਉਸ ਨੂੰ ਕਿਹਾ, ਗੁਰਗੱਦੀ ਗੁਣਾਂ ਕਰਕੇ ਮਿਲਦੀ ਹੈ, ਜਿਹੜਾ ਇਸਦੇ ਯੋਗ ਸੀ, ਉਸ ਨੂੰ ਮਿਲ ਗਈ ਹੈ। ਇਸ ਲਈ ਤੈਨੂੰ ਝਗੜਨਾ ਨਹੀਂ ਚਾਹੀਦਾ।

> ਕਾਹੇ ਪੂਤ ਝਗਰਤ ਹਉ ਸੰਗਿ ਬਾਪ ।। ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ।। ੧।। ਰਹਾਉ।। ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ।। ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ।।੧।। ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ।। ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ।। ੨।। ੧।। ੭।।
>
> (ਸਾਰੰਗ ਮ: ੪, ਆ. ਗ੍ਰੰ. ਪੰਨਾ ੧੨੦੦)

ਇਸ ਸ਼ਬਦ ਦਵਾਰਾ ਸਤਿਗੁਰੂ ਜੀ ਨੇ ਇਸ ਨੂੰ ਝਾੜ ਪਾਈ, ਪ੍ਰੰਤੂ ਇਹ ਫੇਰ ਭੀ ਵਧ ਘਟ ਬੋਲਦਾ ਰਿਹਾ। ਸ੍ਰੀ ਗੁਰੂ ਰਾਮਦਾਸ ਜੀ ਭਾਦਰੋਂ ਸੁਦੀ ਤੀਜ ਸੰਮਤ ੧੬੩੮ ਨੂੰ ਸ੍ਰੀ ਗੋਇੰਦਵਾਲ ਵਿਖੇ ਜੋਤੀ ਜੋਤ ਸਮਾਏ।

# ੫. ਸ੍ਰੀ ਗੁਰੂ ਅਰਜਨ ਦੇਵ ਜੀ

ਸਤਿਗੁਰ ਚਰਣ ਕਵਲ ਰਿਦਿ ਧਾਰੰ ॥
ਗੁਰ ਅਰਜੁਨ ਗੁਣ ਸਹਜਿ ਬਿਚਾਰੰ ॥
ਗੁਰ ਰਾਮਦਾਸ ਘਰਿ ਕੀਅਉ ਪਰਗਾਸਾ ॥
ਸਗਲ ਮਨੋਰਥ ਪੂਰੀ ਆਸਾ ॥
ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ॥
ਕਲ੍ਯ੍ਯ ਜੋੜਿ ਕਰ ਸੁਜਸੁ ਵਖਾਣਿਓ ॥

— — — —

ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ੍ਯ ਹਰਿ॥ ੭॥ ੧੯॥

— — — — —

ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥
ਜਪ੍ਯ੍ਯਉ ਜਿਨ੍ਹ੍ਹ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥
(ਸਵੱਯੇ ਮਹਲੇ ਪੰਜਵੇ ਕੇ, ਆ. ਗ੍ਰੰ. ਪੰਨਾ ੧੪੦੯)

## ਅਵਤਾਰ

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਵਤਾਰ ਵਿਸਾਖ ਵਦੀ ਸਤਮੀ ਸੰਮਤ ੧੬੨੦ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁਖੋਂ ਸ੍ਰੀ ਗੋਇੰਦਵਾਲ ਵਿਖੇ ਹੋਇਆ।

## ਦੋਹਿਤਾ, ਬਾਣੀ ਕਾ ਬੋਹਿਥਾ

ਸ੍ਰੀ ਗੁਰੂ ਅਰਜਨ ਦੇਵ ਜੀ ਅਜੇ ਛੋਟੇ ਜਿਹੇ ਹੀ ਸਨ ਤਾਂ ਇਕ ਦਿਨ ਆਪ ਰਿੜ੍ਹਦੇ ਰਿੜ੍ਹਦੇ ਸ੍ਰੀ ਗੁਰੂ ਅਮਰ ਦਾਸ ਜੀ ਦੇ ਚੁਬਾਰੇ ਵਿਚ ਚਲੇ ਗਏ ਤੇ ਪਲੰਘ ਦੀ ਬਾਹੀ ਫੜ ਕੇ ਉਪਰ ਚੜ੍ਹਨ ਦੀ ਕੋਸ਼ਿਸ਼ ਕਰਨ ਲਗੇ। ਇਹ ਵੇਖਕੇ ਸ੍ਰੀ ਗੁਰੂ ਅਮਰ ਦਾਸ ਜੀ ਨੇ ਫੁਰਮਾਇਆ, 'ਗੱਦੀ ਵਾਸਤੇ ਕਾਹਲ ਨਾ ਕਰੋ, ਇਹ ਤੁਸੀਂ ਆਪਣੇ ਪਿਤਾ ਪਾਸੋਂ ਲੈਣੀ।' ਫਿਰ ਸ੍ਰੀ ਗੁਰੂ ਅਮਰ ਦਾਸ ਜੀ ਨੇ ਆਪਨੂੰ ਪਿਆਰ ਨਾਲ ਗੋਦੀ ਵਿਚ ਲਿਆ ਤੇ ਵਰ ਦਿੱਤਾ, 'ਇਹ ਦੋਹਿਤਾ, ਬਾਣੀ ਕਾ ਬੋਹਿਥਾ' ਹੋਵੇਗਾ।

# ਗੁਰ–ਗੱਦੀ

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਤਾਏ ਦਾ ਵੱਡਾ ਪੁੱਤ੍ਰ ਸਹਾਰੀ ਮਲ ਲਾਹੌਰ ਤੋਂ ਆਇਆ ਤੇ ਬੇਨਤੀ ਕੀਤੀ, ਸੱਚੇ ਪਾਤਸ਼ਾਹ ! ਮੇਰੇ ਪੁੱਤਰ ਦੇ ਵਿਵਾਹ ਤੇ ਲਾਹੌਰ ਦਰਸ਼ਨ ਦਿਓ। ਤਾਂ ਸਤਿਗੁਰੂ ਜੀ ਨੇ ਕਿਹਾ, 'ਸਰੋਵਰ ਦੀ ਸੇਵਾ ਛੱਡਕੇ ਸਾਡਾ ਜਾਣਾ ਠੀਕ ਨਹੀਂ, ਇਸ ਲਈ ਤੁਸੀਂ ਸਾਡੇ ਪੁੱਤਰ ਨੂੰ ਲੈ ਜਾਓ।' ਸਹਾਰੀ ਮਲ ਇਹ ਗੱਲ ਮੰਨ ਗਿਆ ਤਾਂ ਆਪ ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ ਪ੍ਰਿਥੀ ਚੰਦ ਜੀ ਨੂੰ ਲਾਹੌਰ ਜਾਣ ਲਈ ਕਿਹਾ, ਤਾਂ ਇਸ ਨੇ ਸੋਚਿਆ, ਕਿਤੇ ਮੈਨੂੰ ਲਾਹੌਰ ਤੋਰ ਕੇ ਪਿਛੋਂ ਗੱਦੀ ਅਰਜਨ ਦੇਵ ਨੂੰ ਨਾ ਦੇ ਦੇਣ। ਕਹਿਣ ਲਗਾ, "ਏਥੋਂ ਦਾ ਸਾਰਾ ਕੰਮਕਾਰ ਮੇਰੇ ਜ਼ਿੰਮੇ ਹੈ, ਇਸ ਲਈ ਲਾਹੌਰ ਤੁਸੀਂ ਹੋਰ ਕਿਸੇ ਨੂੰ ਭੇਜ ਦਿਓ।" ਸਤਿਗੁਰੂ ਜੀ ਨੇ ਮਹਾਂ ਦੇਵ ਜੀ ਨੂੰ ਆਖਿਆ। ਉਨ੍ਹਾਂ ਭੀ ਨਾਂਹ ਕਰ ਦਿੱਤੀ। ਫਿਰ ਸਭ ਤੋਂ ਛੋਟੇ ਸਾਹਿਬਜ਼ਾਦੇ (ਗੁਰੂ) ਅਰਜਨ ਦੇਵ ਜੀ ਨੂੰ ਹੁਕਮ ਦਿੱਤਾ। ਆਪ ਸਤਿ ਬਚਨ ਕਹਿ ਕੇ ਲਾਹੌਰ ਨੂੰ ਜਾਣ ਲਈ ਤਿਆਰ ਹੋ ਗਏ। ਜਾਣ ਲਗਿਆਂ ਆਪ ਨੂੰ ਹੁਕਮ ਹੋਇਆ ਕਿ ਜਿੰਨਾ ਚਿਰ ਅਸੀਂ ਸੱਦੀਏ ਨਾ, ਤੁਸਾਂ ਉਥੇ ਹੀ ਰਹਿਣਾ। ਵਿਵਾਹ ਤੋਂ ਪਿੱਛੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਵਿਚ ਹੀ ਗੁਰਬਾਣੀ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਕਈ ਮਹੀਨੇ ਜਦੋਂ ਆਪ ਜੀ ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਯਾਦ ਨਾ ਕੀਤਾ ਤਾਂ ਆਪ ਨੇ ਅਤੀ ਬਿਹਬਲ ਹੋ ਕੇ ਪੱਤ੍ਰਕਾ ਲਿਖੀ–

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ
ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥
ਹਉ ਘੋਲੀ ਜੀਉ ਘੋਲਿ ਘੁਮਾਈ
ਗੁਰ ਦਰਸਨ ਸੰਤ ਪਿਆਰੇ ਜੀਉ॥੧॥ ਰਹਾਉ ॥

ਇਹ ਪੱਤ੍ਰਕਾ ਲਿਖ ਕੇ ਸ੍ਰੀ ਅੰਮ੍ਰਿਤਸਰ ਭੇਜੀ, ਸਿਖ ਪੱਤ੍ਰਕਾ ਲੈ ਕੇ ਅੰਮ੍ਰਿਤਸਰ ਪੁੱਜਾ। ਉਸ ਪਾਸੋਂ ਪ੍ਰਿਥੀ ਚੰਦ ਨੇ ਲੈ ਲਈ ਤੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਕੁਝ ਨਾ ਦੱਸਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੁਛ ਚਿਰ ਪਿਛੋਂ ਦੂਜੀ ਪੱਤ੍ਰਕਾ ਲਿਖੀ–

ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥
ਚਿਰੁ ਹੋਆ ਦੇਖੇ ਸਾਰਿੰਗ ਪਾਣੀ ॥
ਧੰਨੁ ਸੁ ਦੇਸੁ ਜਹਾ ਤੂੰ ਵਸਿਆ
ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥

ਹਉ ਘੋਲੀ ਹਉ ਘੋਲਿ ਘੁਮਾਈ
ਗੁਰ ਸਜਣ ਮੀਤ ਮੁਰਾਰੇ ਜੀਉ ।। ੧ ।। ਰਹਾਉ ।।

ਇਹ ਪੱਤ੍ਰਕਾ ਲੈ ਕੇ ਸਿਖ ਸ੍ਰੀ ਅੰਮ੍ਰਿਤਸਰ ਪੁੱਜਾ ਤਾਂ ਇਹ ਭੀ ਪ੍ਰਿਥੀ ਚੰਦ ਜੀ ਨੇ ਲੈ ਲਈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਵਿਛੋੜੇ ਵਿਚ ਫੇਰ ਤੀਜੀ ਪੱਤ੍ਰਕਾ ਲਿਖੀ–

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ।।
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ।।
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ
ਬਿਨੁ ਦੇਖੇ ਗੁਰ ਦਰਬਾਰੇ ਜੀਉ ।। ੩ ।।
ਹਉ ਘੋਲੀ ਜੀਉ ਘੋਲਿ ਘੁਮਾਈ
ਤਿਸੁ ਸਚੇ ਗੁਰ ਦਰਬਾਰੇ ਜੀਉ ।। ੧ ।। ਰਹਾਉ ।।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਪੱਤ੍ਰਕਾ ਲੈ ਜਾਣ ਵਾਲੇ ਸਿਖ ਨੂੰ ਤਾਕੀਦ ਕੀਤੀ ਕਿ ਇਹ ਪੱਤ੍ਰਕਾ ਸ੍ਰੀ ਗੁਰੂ ਰਾਮਦਾਸ ਜੀ ਦੇ ਹੱਥ ਵਿਚ ਦੇਣੀ। ਸਿਖ ਨੇ ਇਸੇ ਤਰ੍ਹਾਂ ਹੀ ਕੀਤਾ। ਸ੍ਰੀ ਗੁਰੂ ਰਾਮਦਾਸ ਜੀ ਨੇ ਜਦੋਂ ਪ੍ਰੇਮ ਵਿਚ ਭਿੰਨੀ ਹੋਈ ਇਹ ਪੱਤ੍ਰਕਾ ਪੜ੍ਹੀ ਅਤੇ ਥੱਲੇ ਤੀਜਾ ਅੰਕ ਲਗਾ ਵੇਖਿਆ ਤਾਂ ਪ੍ਰਿਥੀ ਚੰਦ ਨੂੰ ਪੁੱਛਿਆ ਕਿ ਪਹਿਲੀਆਂ ਦੋ ਪੱਤ੍ਰਕਾ ਕਿਥੇ ਹਨ ? ਇਹ ਕਹਿਣ ਲਗਾ, ਮੈਨੂੰ ਕੀ ਪਤਾ ਹੈ ? ਤਾਂ ਅੰਤਰਜਾਮੀ ਸਤਿਗੁਰੂ ਜੀ ਨੇ ਉਸ ਦੇ ਘਰ ਇਕ ਸਿਖ ਨੂੰ ਭੇਜਿਆ ਤੇ ਉਸ ਦੇ ਚੋਗੇ ਦੀ ਜੇਬ ਵਿਚੋਂ ਦੋਵੇਂ ਪੱਤ੍ਰਕਾ ਮੰਗਾ ਲਈਆਂ। ਫੇਰ ਤਾਂ ਇਹ ਸੜ ਬਲ ਗਿਆ। ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਨੂੰ ਲਾਹੌਰ ਭੇਜ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਕੋਲ ਮੰਗਾ ਲਿਆ। ਆਪ ਜੀ ਨੇ ਆ ਕੇ ਨਮਸਕਾਰ ਕੀਤੀ ਤੇ ਦਰਸ਼ਨ ਕਰਕੇ ਪ੍ਰੇਮ ਵਿਚ ਪੜ੍ਹਿਆ–

ਭਾਗੁ ਹੋਆ ਗੁਰਿ ਸੰਤੁ ਮਿਲਾਇਆ ।।
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ।।
ਸੇਵ ਕਰੀ ਪਲੁ ਚਸਾ ਨ ਵਿਛੁੜਾ
ਜਨ ਨਾਨਕ ਦਾਸ ਤੁਮਾਰੇ ਜੀਉ ।।
ਹਉ ਘੋਲੀ ਜੀਉ ਘੋਲਿ ਘੁਮਾਈ
ਜਨ ਨਾਨਕ ਦਾਸ ਤੁਮਾਰੇ ਜੀਉ ।। ਰਹਾਉ ।। ੧ ।। ੮ ।।

ਇਹ ਸ਼ਬਦ ਸੁਣ ਕੇ ਸ੍ਰੀ ਗੁਰੂ ਰਾਮਦਾਸ ਜੀ ਬੜੇ ਪ੍ਰਸੰਨ ਹੋਏ ਤੇ ਆਪ ਨੂੰ ਗਲ ਲਾਇਆ ਤੇ ਫ਼ੁਰਮਾਇਆ, "ਗੁਰਿਆਈ ਗੁਣਾਂ ਕਰਕੇ ਮਿਲਦੀ ਹੈ। ਇਸ ਵਾਸਤੇ ਇਹ ਤੁਹਾਨੂੰ ਦੇਂਦੇ ਹਾਂ।" ਇਹ ਕਹਿ ਕੇ ਭਾਦਰੋਂ ਸੁਦੀ ਦੂਜ ਸੰਮਤ ੧੬੩੮ ਨੂੰ ਗੁਰਿਆਈ-ਗੱਦੀ ਆਪ ਜੀ ਨੂੰ ਸੌਂਪ ਦਿੱਤੀ।

## ਵਿਵਾਹ ਤੇ ਸੰਤਾਨ

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪਹਿਲਾ ਵਿਵਾਹ ਪਿੰਡ ਮੋੜ ਦੇ ਭਾ: ਚੰਦਨ ਮਲ ਸੂੜ੍ਹੀ ਖੱਤ੍ਰੀ ਦੀ ਸਪੁੱਤ੍ਰੀ ਸ੍ਰੀ ਰਾਮ ਦੇਈ ਜੀ ਨਾਲ ਹੋਇਆ। ਉਹ ਕੁਝ ਚਿਰ ਪਿਛੋਂ ਨਿਰ-ਸੰਤਾਨ ਚਲਾਣਾ ਕਰ ਗਈ ਤਾਂ ਸੰਗਤ ਦੀ ਇੱਛਾ ਅਨੁਸਾਰ ਦੂਜਾ ਵਿਵਾਹ ਕ੍ਰਿਸ਼ਨ ਚੰਦ ਖੱਤ੍ਰੀ ਪਿੰਡ ਮਊ ਦੀ ਸਪੁੱਤ੍ਰੀ ਸ੍ਰੀ ਗੰਗਾ ਜੀ ਨਾਲ ਹੋਇਆ, ਜਿਨ੍ਹਾਂ ਦੀ ਕੁਖੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਵਤਾਰ ਧਾਰਿਆ।

## ਪ੍ਰਿਥੀ ਚੰਦ ਦੀ ਈਰਖਾ

ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਆਈ ਸੰਗਤ ਨੂੰ ਉਤਾਰਾ ਦੇਣਾ, ਕਾਰ ਭੇਟਾ ਲੈਣੀ, ਖੂਹਾਂ ਦੀ ਆਮਦਨੀ ਤੇ ਚੜ੍ਹਤ ਦੀ ਸੰਭਾਲ ਕਰਨੀ ਆਦਿਕ ਸਾਰਾ ਕੰਮ ਕਾਰ ਪ੍ਰਿਥੀ ਚੰਦ ਜੀ ਦੇ ਹੱਥ ਵਿਚ ਸੀ। ਪੰਚਮ ਪਾਤਸ਼ਾਹ ਦੇ ਗੁਰ-ਗੱਦੀ ਤੇ ਬਹਿਣ ਤੋਂ ਪ੍ਰਿਥੀ ਚੰਦ ਨੇ ਆਪ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ। ਉਸ ਨੇ ਮਸੰਦਾਂ ਨੂੰ ਆਪਣੇ ਨਾਲ ਮੇਲ ਲਿਆ। ਸੋ ਬਾਹਰੋਂ ਆਈ ਕਾਰ ਭੇਟ ਆਪ ਸਾਂਭ ਲੈਂਦਾ ਤੇ ਸੰਗਤਾਂ ਨੂੰ ਪ੍ਰਸ਼ਾਦ ਛਕਣ ਵਾਸਤੇ ਗੁਰੂ ਕੇ ਲੰਗਰ ਵਿਚ ਭੇਜ ਦੇਂਦਾ। ਸਤਿਗੁਰੂ ਜੀ ਸਦਾ ਇਸ ਗੱਲ ਤੋਂ ਬੇ-ਪ੍ਰਵਾਹ ਰਹਿ ਕੇ, ਸਗੋਂ ਇਸ ਦੇ ਪੁੱਤ੍ਰ ਮਿਹਰਵਾਨ ਨੂੰ ਪੁੱਤਰਾਂ ਵਾਂਗੂ ਪਾਲਦੇ ਰਹੇ। ਗਹਿਣਾ, ਕੱਪੜਾ ਜੋ ਕੁਝ ਆਪ ਦੇ ਕੋਲ ਸੀ, ਉਸ ਨੂੰ ਵੇਚ ਕੇ ਲੰਗਰ ਦੀ ਸੇਵਾ ਕਰਦੇ ਰਹੇ। ਅਖ਼ੀਰ ਮਾਇਆ ਦੀ ਤੰਗੀ ਏਥੋਂ ਤਕ ਹੋ ਗਈ ਕਿ ਲੰਗਰ 'ਚ ਛੋਲਿਆਂ ਦੇ ਮਿੱਸੇ ਪ੍ਰਸ਼ਾਦੇ ਪੱਕਣ ਲੱਗੇ।

## ਭਾਈ ਗੁਰਦਾਸ ਜੀ ਦਾ ਆਉਣਾ

ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਭਾਈ ਸਾਹਿਬ ਭਾਈ ਗੁਰਦਾਸ ਜੀ ਪ੍ਰਚਾਰ ਲਈ ਆਗਰੇ ਗਏ ਹੋਏ ਸਨ। ਆਪ ਜੀ ਜਦੋਂ ਸ੍ਰੀ ਅੰਮ੍ਰਿਤਸਰ ਜੀ ਦਰਸ਼ਨ ਕਰਨ ਆਏ ਤਾਂ ਲੰਗਰ ਵਿਚੋਂ ਛੋਲਿਆਂ ਦਾ ਪ੍ਰਸ਼ਾਦਾ ਛੱਕਣ ਨੂੰ ਮਿਲਿਆ। ਸਤਿਗੁਰੂ ਜੀ ਦੇ ਲੰਗਰ ਦੀ ਇਹ ਹਾਲਤ ਵੇਖ ਕੇ ਆਪ ਬੜੇ ਹੈਰਾਨ ਹੋਏ ਤੇ ਆਪਣੀ ਭੈਣ (ਮਾਤਾ ਭਾਨੀ) ਜੀ ਪਾਸੋਂ

ਇਸ ਦਾ ਕਾਰਨ ਪੁੱਛਿਆ ਤੇ ਉਨ੍ਹਾਂ ਪਾਸੋਂ ਪ੍ਰਿਥੀ ਚੰਦ ਦੀਆਂ ਸਾਰੀਆਂ ਖੁਟਿਆਈਆਂ ਤੇ ਕੁਟਲ-ਨੀਤੀਆਂ ਸੁਣ ਕੇ ਭਾਈ ਗੁਰਦਾਸ ਜੀ ਬੜੇ ਕ੍ਰੋਧ ਵਿਚ ਆਏ। ਆਪ ਨੇ ਬਾਬਾ ਬੁਢਾ ਜੀ, ਭਾਈ ਸਾਲ੍ਹੋ ਜੀ, ਰੂਪ ਰਾਮ ਗੁਰੀਏ ਆਦਿਕ ਮੁਖੀ ਸਿੱਖਾਂ ਨੂੰ ਇਕੱਤ੍ਰ ਕਰਕੇ ਲਾਹੌਰ ਦੇ ਰਸਤੇ ਵਿਚ, ਜਿਥੇ ਗੁਰਦਵਾਰਾ ਪਿਪਲੀ ਸਾਹਿਬ ਹੈ, ਆ ਡੇਰਾ ਲਾਇਆ ਤੇ ਸਿਖ ਸੰਗਤਾਂ ਨੂੰ ਪ੍ਰਿਥੀ ਚੰਦ ਦੀਆਂ ਚਾਲਾਂ ਤੋਂ ਜਾਣੂ ਕੀਤਾ। ਬਸ ਫੇਰ ਕੀ ਸੀ, ਸਾਰੀ ਕਾਰ ਭੇਟ ਗੁਰੂ ਕੇ ਖ਼ਜ਼ਾਨੇ ਵਿਚ ਆਉਣ ਲਗੀ ਤੇ ਲੰਗਰ ਮੁੜ ਚੜ੍ਹਦੀਆਂ ਕਲਾਂ ਵਿਚ ਚੱਲਣ ਲਗ ਪਿਆ।

## ਅੰਮ੍ਰਿਤ ਸਰੋਵਰ ਦੀ ਸੇਵਾ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਅਨੂਪਮ ਰਚਨਾ

ਗੁਰ-ਗੱਦੀ ਤੇ ਸੁਭਾਇਮਾਨ ਹੋ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਦੀ ਪੂਰਨਤਾ ਵੱਲ ਧਿਆਨ ਦਿੱਤਾ। ਸੰਗਤਾਂ ਵੱਲੋਂ ਜੋ ਭੇਟਾ ਆਉਂਦੀ, ਸਾਰੀ ਸਰੋਵਰ ਦੀ ਸੇਵਾ ਤੇ ਖ਼ਰਚ ਕਰਨੀ ਸ਼ੁਰੂ ਕਰ ਦਿੱਤੀ। ਭਾਈ ਗੁਰਦਾਸ ਜੀ, ਬਾਬਾ ਬੁਢਾ ਜੀ, ਭਾਈ ਸਾਲ੍ਹੋ ਜੀ, ਭਾਈ ਬਹਿਲੋ, ਭਾਈ ਮੰਝ, ਜੇਠਾ ਪੈੜਾ ਆਦਿਕ ਗੁਰ ਸਿਖਾਂ ਨੇ ਏਥੇ ਬੇ-ਅੰਤ ਘਾਲਾਂ ਘਾਲ ਕੇ ਸੇਵਾ ਕੀਤੀ। ਜਦੋਂ ਸੇਵਾ ਹੋ ਰਹੀ ਸੀ, ਇਕ ਦਿਨ ਸਿਖਾਂ ਨੇ ਇਕ ਤੇਜ ਮਈ ਵਿਅਕਤੀ ਨੂੰ ਸੇਵਾ ਕਰਦਿਆਂ ਵੇਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਕੋਲੋਂ ਉਸ ਬਾਬਤ ਪੁੱਛਿਆ ਤਾਂ ਸਤਿਗੁਰੂ ਜੀ ਨੇ ਸ਼ਬਦ ਉਚਾਰਿਆ -

> ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥ ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥ ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥ ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥ ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥ ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥ ੧॥ (ਸੂਹੀ ਮ: ੫ ਛੰਤ, ਆ. ਗ੍ਰੰ. ਪੰਨਾ ੭੮੩)

ਸ੍ਰੀ ਅੰਮ੍ਰਿਤਸਰ ਸਰੋਵਰ ਦੀ ਸੇਵਾ ਤੋਂ ਪਿਛੋਂ ਆਪ ਜੀ ਨੇ ਸੰਤੋਖਸਰ ਦੀ ਸੇਵਾ ਕਰਾਈ। ਇਸ ਤੋਂ ਉਪਰੰਤ ਅੰਮ੍ਰਿਤ ਸਰੋਵਰ ਦੇ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਬਣਾਉਣ ਦਾ ਫੈਸਲਾ ਕੀਤਾ। ਸੋ ੧ ਮਾਘ ਸੰਮਤ ੧੬੪੫ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ *ਨੀਂਹ ਰਖੀ ਗਈ।

---

*ਇਤਿਹਾਸ ਵਿਚ ਲਿਖਿਆ ਹੈ ਕਿ ਨੀਂਹ ਦੀ ਇੱਟ ਨੂੰ ਠੀਕ ਥਾਂ ਰਖਣ ਦੇ ਖ਼ਿਆਲ ਨਾਲ ਰਾਜ ਨੇ ਚੁਕ ਕੇ ਦੂਜੇ ਥਾਂ ਰਖ ਦਿੱਤਾ। ਇਸ ਤੇ ਸਤਿਗੁਰੂ ਜੀ ਨੇ ਫੁਰਮਾਇਆ ਕਿ ਇਹ ਹਰਿਮੰਦਰ ਸਾਹਿਬ ਢਹਿ ਕੇ ਦੂਜੀ ਵਾਰ ਬਣੇਗਾ।

(ਬਾਕੀ ਦੇਖੋ ਸਫ਼ਾ ੩੪੨ ਦੇ ਹੇਠਾਂ)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰੇ ਜਗਤ ਦੇ ਭਲੇ ਲਈ ਸ੍ਰੀ ਹਰਿਮੰਦਰ ਸਾਹਿਬ ਬਣਾਇਆ। ਇਸ ਤੋਂ ਪਹਿਲੇ ਭੀ ਸੰਸਾਰ ਵਿਚ ਵੱਡੇ ਵੱਡੇ ਮੰਦਰ ਬਣੇ ਹੋਏ ਸਨ, ਜਿਨ੍ਹਾਂ ਵਿਚ ਕੇਵਲ ਉੱਚੀਆਂ ਜਾਤਾਂ ਦੇ ਮਨੁਖ ਆ ਜਾ ਸਕਦੇ ਸਨ ਤੇ ਨੀਵੀਆਂ ਜਾਤਾਂ ਨੂੰ ਕੋਈ ਲਾਗੇ ਭੀ ਨਹੀਂ ਸੀ ਛੁਹਣ ਦੇਂਦਾ। ਸਤਿਗੁਰੂ ਜੀ ਨੇ ਹਰਿਮੰਦਰ ਸਾਹਿਬ ਦੇ ਚਾਰੇ ਦਰਵਾਜ਼ੇ ਚੌਹਾਂ ਵਰਨਾਂ ਲਈ ਖੋਲ੍ਹ ਕੇ ਸਾਂਝੇ ਪਿਆਰ ਦਾ ਆਦਰਸ਼ ਪੇਸ਼ ਕੀਤਾ ਤੇ ਨਾਮ ਬਾਣੀ ਦਾ ਪ੍ਰਵਾਹ ਚਲਾਇਆ। ਕਲਜੁਗੀ ਜੀਵਾਂ ਤੇ ਏਡਾ ਵੱਡਾ ਉਪਕਾਰ ਕਰ ਕੇ ਗੁਰਦੇਵ ਨੇ ਆਪਾ-ਭਾਵ ਨਹੀਂ ਜਣਾਇਆ। ਸੇਵਾ ਸੰਪੂਰਨ ਹੋਈ ਤਾਂ ਆਪ ਨੇ ਉਚਾਰਨ ਕੀਤਾ-

ਜਿਸ ਕਾ ਕਾਰਜੁ ਤਿਨ ਹੀ ਕੀਆ
ਮਾਣਸੁ ਕਿਆ ਵੇਚਾਰਾ ਰਾਮ ॥
ਭਗਤ ਸੋਹਨਿ ਹਰਿ ਕੇ ਗੁਣ ਗਾਵਹਿ
ਸਦਾ ਕਰਹਿ ਜੈਕਾਰਾ ਰਾਮ ॥ (ਸੂਹੀ ਮ: ੫, ਆ. ਗ੍ਰੰ. ਪੰਨਾ ੭੮੪)

## ਤਰਨ ਤਾਰਨ ਵਸਾਉਣਾ

ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਤੋਂ ਪਿਛੋਂ ਸਤਿਗੁਰੂ ਜੀ ਮਾਝੇ ਦੇ ਇਲਾਕੇ ਵਿਚ ਪ੍ਰਚਾਰ ਲਈ ਗਏ। ਜੰਡਿਆਲੇ ਆਦਿਕ ਪਿੰਡਾਂ ਤੋਂ ਹੁੰਦੇ ਹੋਏ ਜਦੋਂ ਖਾਹਰੇ ਪਿੰਡ ਪਹੁੰਚੇ ਤਾਂ ਬੇਅੰਤ ਸਿਖ ਦਰਸ਼ਨ ਕਰਨ ਆਏ। ਆਪ ਜੀ ਨੇ ਸਿਖਾਂ ਦੀ ਇੱਛਾ ਅਨੁਸਾਰ ੧੭ ਵਿਸਾਖ ਸੰਮਤ ੧੬੪੭ ਨੂੰ ਤਰਨ ਤਾਰਨ ਦੀ ਨੀਂਹ ਰਖੀ ਤੇ ਤਾਲ ਪੁਟਵਾਇਆ। ਸਰੋਵਰ ਨੂੰ ਪੱਕਾ ਕਰਨ ਵਾਸਤੇ ਇੱਟਾਂ ਦੇ ਆਵੇ ਪਕਵਾਏ ਤਾਂ ਇਲਾਕੇ ਦੇ ਚੌਧਰੀ ਨੂਰ ਦੀਨ ਦੇ ਪੁੱਤਰ ਅਮੀਰ ਦੀਨ ਨੇ ਜ਼ੋਰੋ ਜ਼ੋਰੀ ਇੱਟਾਂ ਚੁਕ ਕੇ ਆਪਣੀ ਹਵੇਲੀ ਨੂੰ ਲਾ ਲਈਆਂ। ਸਿਖਾਂ ਨੇ ਸਤਿਗੁਰੂ ਜੀ ਨੂੰ ਦੱਸਿਆ। ਆਪ ਜੀ ਨੇ ਫੁਰਮਾਇਆ, ਕੋਈ ਗੱਲ ਨਹੀਂ, ਸਮਾਂ ਆਵੇਗਾ। ਇਹੋ ਇੱਟਾਂ ਸਰੋਵਰ ਨੂੰ ਲਗਣਗੀਆਂ।*

---

( ਸਫ਼ਾ ੩੪੧ ਦੀ ਬਾਕੀ )

ਇਹ ਭਵਿਖਤ ਵਾਕ ਸੰਮਤ ੧੮੧੯ ਬਿਕ੍ਰਮੀ ਨੂੰ ਪੂਰਾ ਹੋਇਆ। ਅਹਿਮਦ ਸ਼ਾਹ ਅਬਦਾਲੀ ਨੇ ਨੀਹਾਂ ਵਿਚ ਬਰੂਦ ਦੇ ਕੁਪੇ ਰਖ ਕੇ ਸ੍ਰੀ ਹਰਿਮੰਦਰ ਸਾਹਿਬ ਉਡਾ ਕੇ ਸਰੋਵਰ ਪੂਰ ਦਿੱਤਾ। ਫੇਰ ਸੰਮਤ ੧੮੨੧ ਵਿਚ ਸੂਰਬੀਰ ਖ਼ਾਲਸੇ ਨੇ ਉਸਦੇ ਆਦਮੀਆਂ ਨੂੰ ਕੱਢ ਕੇ ਨਵੇਂ ਸਿਰਿਓਂ ਸੇਵਾ ਸ਼ੁਰੂ ਕੀਤੀ ਜੋ ੧੮੩੮ ਵਿਚ ਸੰਪੂਰਨ ਹੋਈ। ਇਸ ਤੋਂ ਪਿਛੋਂ ਸਿੰਘ ਸਾਹਿਬ ਮਹਾਰਾਜਾ ਰਣਜੀਤ ਸਿੰਘ ਜੀ ਨੇ ਹਰਿਮੰਦਰ ਸਾਹਿਬ ਦੀ ਸੰਗਮਰਮਰ ਤੇ ਸੋਨੇ ਨਾਲ ਸੇਵਾ ਕਰਾਈ।

*ਸੰਮਤ ੧੮੩੨ ਨੂੰ ਸਰਦਾਰ ਬੁਧ ਸਿੰਘ ਜੀ ਫ਼ਜ਼ਲਾ ਪੁਰੀਏ ਤੇ ਸ੍ਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਏ ਨੇ ਅਮੀਰ ਦੀਨ ਦੀ ਹਵੇਲੀ ਢਾਹ ਕੇ ਇਹੋ ਇੱਟਾਂ ਸ੍ਰੀ ਤਰਨ ਤਾਰਨ ਸਰੋਵਰ ਦੀ ਸੇਵਾ ਤੇ ਲਾਈਆਂ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਖ਼ਸ਼ਿਸ਼ ਨਾਲ ਤਰਨ ਤਾਰਨ ਵਿਚ ਕੋਹੜੇ ਰਾਜ਼ੀ ਹੁੰਦੇ ਹਨ। ਮਾਝੇ ਵਿਚ ਪ੍ਰਚਾਰ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਬਿਆਸਾ ਤੋਂ ਪਾਰ ਹੋ ਕੇ ਦੁਆਬੇ ਵਿਚ ਗਏ। ਜਲੰਧਰ ਦੇ ਸੂਬੇ ਅਜ਼ੀਮ ਖ਼ਾਂ ਦੀ ਬੇਨਤੀ ਮੰਨ ਕੇ ੨੧ ਮਘਰ ਸੰਮਤ ੧੬੫੧ ਨੂੰ ਆਪ ਜੀ ਨੇ ਦੁਆਬੇ ਵਿਚ ਕਰਤਾਰ ਪੁਰ ਦੀ ਨੀਂਹ ਰਖੀ। ਕਰਤਾਰ ਪੁਰ ਆਬਾਦ ਕਰਕੇ ਹਜ਼ੂਰ ਵਾਪਸ ਸ੍ਰੀ ਅੰਮ੍ਰਿਤਸਰ ਜੀ ਆਏ ਤੇ ਏਥੋਂ ਪਿੰਡ ਵਡਾਲੀ ਵਿਖੇ ਚਲੇ ਗਏ, ਜਿਥੇ ਸੰਮਤ ੧੬੫੨ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਵਤਾਰ ਹੋਇਆ। ਇਸ ਖ਼ੁਸ਼ੀ ਵਿਚ ਸਤਿਗੁਰੂ ਜੀ ਨੇ ਛਿਹਰਟਾ ਬਣਵਾਇਆ। ਛਿਹਰਟਾ ਸਾਹਿਬ ਹੁਣ ਇਕ ਪ੍ਰਸਿੱਧ ਗੁਰਦਵਾਰਾ ਹੈ।

## ਸਿੱਖਾਂ ਨੂੰ ਕੀਰਤਨ ਦੀ ਬਖ਼ਸ਼ਿਸ਼

ਸਤਾ ਤੇ ਬਲਵੰਡ ਰਬਾਬੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਕੀਰਤਨ ਕਰਿਆ ਕਰਦੇ ਸਨ। ਇਨ੍ਹਾਂ ਨੇ ਆਪਣੀ ਭੈਣ ਦੇ ਵਿਆਹ ਲਈ ਸਤਿਗੁਰੂ ਜੀ ਤੋਂ ਇਕ ਦਿਨ ਦਾ ਚੜ੍ਹਾਵਾ ਲੈਣ ਦੀ ਇੱਛਾ ਪ੍ਰਗਟ ਕੀਤੀ ਜੋ ਪ੍ਰਵਾਨ ਕਰ ਲਈ ਗਈ। ਦੂਜੇ ਦਿਨ ਕੁਦਰਤ ਨਾਲ ਚੜ੍ਹਾਵਾ ਸਦਾ ਨਾਲੋਂ ਘਟ ਆਇਆ। ਇਹ ਵੇਖ ਕੇ ਰਬਾਬੀ ਸੜ ਬਲ ਗਏ ਤੇ ਗੁੱਸੇ ਵਿਚ ਦੂਜੇ ਦਿਨ ਕੀਰਤਨ ਕਰਨ ਨਾ ਆਏ। ਹਜ਼ੂਰ ਨੇ ਉਨ੍ਹਾਂ ਨੂੰ ਸੱਦਣ ਵਾਸਤੇ ਸਿਖਾਂ ਨੂੰ ਭੇਜਿਆ, ਪਰ ਉਹ ਫੇਰ ਭੀ ਨਾ ਆਏ। ਕੀਰਤਨ ਦੇ ਰਸੀਏ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਆਪ ਇਨ੍ਹਾਂ ਰਬਾਬੀਆਂ ਦੇ ਘਰ ਚਲ ਕੇ ਗਏ ਤੇ ਕਿਹਾ, 'ਭਾਈ ਸਤਾ ਤੇ ਬਲਵੰਡ ਆ ਕੇ ਮੇਰੇ ਨਿਰੰਕਾਰ ਦਾ ਕੀਰਤਨ ਸੁਣਾਓ।' ਅਗੋਂ ਇਨ੍ਹਾਂ ਮੰਦ-ਭਾਗੀਆਂ ਨੇ ਸਤਿਕਾਰ ਦੀ ਥਾਂ ਕੁ-ਬਚਨ ਬੋਲੇ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਾਨ ਦੇ ਵਿਰੁਧ ਅੱਖਰ ਵਰਤੇ। ਸਤਿਗੁਰੂ ਜੀ ਆਪਣੀ ਨਿੰਦਿਆ ਤਾਂ ਸੁਣਦੇ ਰਹੇ, ਪਰ ਜਦੋਂ ਇਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਾਨ ਵਿਚ ਕੁ-ਬਚਨ ਬੋਲੇ ਤਾਂ ਹਜ਼ੂਰ ਨੇ ਆਖਿਆ, 'ਜਾਓ ਕੁਸ਼ਟੀਓ ! ਤੁਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿੰਦਿਆ ਕੀਤੀ ਹੈ, ਕੁਸ਼ਟੀ ਹੋਵੋ' ਅਤੇ ਹੁਕਮ ਹੋਇਆ ਕਿ ਜਿਹੜਾ ਇਨ੍ਹਾਂ ਦੀ ਸਿਫ਼ਾਰਸ਼ ਕਰੇਗਾ, ਉਹਦਾ ਮੂੰਹ ਕਾਲਾ ਕਰਕੇ ਗਲ ਵਿਚ ਜੁੱਤੀਆਂ ਦਾ ਹਾਰ ਪਾ ਖੋਤੇ ਤੇ ਚਾੜ੍ਹਕੇ ਫੇਰਿਆ ਜਾਏਗਾ। ਸਤਿਗੁਰੂ ਜੀ ਓਥੋਂ ਵਾਪਸ ਦਰਬਾਰ ਵਿਚ ਪੁੱਜੇ। ਗੁਰਸਿਖਾਂ ਨੂੰ ਸਰੰਦਾ ਤੇ ਜੋੜੀ ਫੜਾ ਦਿੱਤੀ ਤੇ ਫੁਰਮਾਇਆ ਗੁਰਸਿਖੋ ! ਕਰੋ ਕੀਰਤਨ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਖ਼ਸ਼ਿਸ਼ ਨਾਲ ਗੁਰਸਿਖਾਂ ਨੂੰ ਰਾਗ ਦਾ ਗਿਆਨ ਪ੍ਰਾਪਤ ਹੋਇਆ ਤੇ ਕੀਰਤਨ ਕਰਨ ਲਗ ਪਏ। ਇਨ੍ਹਾਂ ਹੰਕਾਰੀ ਰਬਾਬੀਆਂ ਨੂੰ ਕੋਹੜ ਹੋ ਗਿਆ, ਦਰ ਦਰ ਰੁਲਣ

ਲਗੇ, ਕੋਈ ਸਿਖ ਸਿਫ਼ਾਰਸ਼ ਕਰਨ ਦਾ ਹੀਆ ਨਾ ਕਰੇ। ਅਖ਼ੀਰ ਭਾਈ ਲੱਧਾ ਜੀ ਪ੍ਰਉਪਕਾਰੀ ਕੋਲ ਲਾਹੌਰ ਪੁੱਜੇ। ਭਾਈ ਸਾਹਿਬ ਲਾਹੌਰ ਵਿਚੋਂ ਹੀ ਮੂੰਹ ਕਾਲਾ ਕਰਕੇ ਖੋਤੇ ਤੇ ਚੜ੍ਹ ਕੇ ਸ੍ਰੀ ਅੰਮ੍ਰਿਤਸਰ ਪੁੱਜੇ ਤੇ ਸਤਿਗੁਰੂ ਜੀ ਕੋਲ ਸਤੇ ਬਲਵੰਡ ਨੂੰ ਬਖ਼ਸ਼ਣ ਵਾਸਤੇ ਬੇਨਤੀ ਕੀਤੀ।

ਦੀਨ ਦਿਆਲ ਸਤਿਗੁਰੂ ਜੀ ਨੇ ਭਾਈ ਲੱਧੇ ਤੇ ਪ੍ਰਸੰਨ ਹੋ ਕੇ ਫੁਰਮਾਇਆ 'ਜਿਸ ਮੂੰਹ ਨਾਲ ਇਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿੰਦਿਆ ਕੀਤੀ ਹੈ, ਉਸੇ ਮੂੰਹ ਨਾਲ ਉਸਤਤ ਕਰਨ, ਕੋਹੜ ਹਟ ਜਾਏਗਾ।' ਸਤੇ ਬਲਵੰਡੇ ਨੇ ਉਸਤਤ ਵਿਚ ਬਾਣੀ ਉਚਾਰੀ ਤੇ ਰਾਜ਼ੀ ਹੋ ਗਏ। ਇਹ ਬਾਣੀ ਰਾਮਕਲੀ ਰਾਗ ਵਿਚ ਦਰਜ ਹੈ।

## ਨਾਮ ਦਾ ਬੋਹਿਥ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਚਾਰ ਤੋਂ ਪਿਛੋਂ ਸਿਖ ਪੰਥ ਦੀ ਉਸਾਰੀ ਲਈ ਜੋ ਮਹਾਨ ਕਾਰਜ ਕੀਤਾ ਉਹ ਹੈ ਵਖੋ ਵਖਰੀਆਂ ਥਾਵਾਂ ਤੋਂ ਗੁਰਬਾਣੀ ਸੰਗ੍ਰਹਿ ਕਰਕੇ ਸ੍ਰੀ (ਗੁਰੂ) ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨੀ। ਗੁਰ ਗੱਦੀ ਦੀ ਬਰਾਬਰੀ ਕਰਨ ਤੇ ਸੰਗਤਾਂ ਨੂੰ ਭੁਲੇਖੇ ਵਿਚ ਪਾਉਣ ਲਈ ਪ੍ਰਿਥੀ ਚੰਦ* ਤੇ ਹੋਰ ਗੁਰ–ਦੋਖੀ ਆਪਣੀ ਕਵਿਤਾ ਦੇ ਪਿਛੇ 'ਨਾਨਕ' ਪਦ ਵਰਤਨ ਲੱਗ ਪਏ ਸਨ। ਗੁਰੂ–ਦੋਖੀਆਂ ਦੀਆਂ ਇਹ ਚਾਲਾਂ ਵੇਖ ਕੇ ਸਤਿਗੁਰੂ ਜੀ ਨੇ ਧੁਰ ਤੋਂ **ਆਈ ਬਾਣੀ ਨੂੰ ਬੀੜ ਰੂਪ ਵਿਚ ਤਿਆਰ ਕਰਨ ਦਾ ਉੱਦਮ ਅਰੰਭ ਕੀਤਾ। ਗੁਰਬਾਣੀ ਨੂੰ ਇਕੱਤ੍ਰ ਕਰਨ ਵਾਸਤੇ ਥਾਉਂ ਥਾਈਂ ਹੁਕਮਨਾਮੇ ਤੇ ਸਿਖ ਭੇਜੇ। ਜਿਥੇ ਕਿਤੇ ਗੁਰਬਾਣੀ ਦੀ ਦੱਸ ਪਈ, ਉਹ ਮੰਗਵਾ ਲਈ, ਕੁਝ ਬਾਣੀ ਸੈਂਚੀਆਂ ਦੇ ਰੂਪ ਵਿਚ ਬਾਬਾ ਮੋਹਨ ਜੀ ਪਾਸ ਗੋਇੰਦਵਾਲ ਪਈ ਸੀ। ਉਸ ਦੀ ਪ੍ਰਾਪਤੀ ਲਈ ਸ੍ਰੀ ਮਾਨ ਭਾਈ ਗੁਰਦਾਸ ਜੀ ਤੇ ਬਾਬਾ ਬੁਢਾ ਜੀ ਨੂੰ ਭੇਜਿਆ ਗਿਆ, ਪ੍ਰੰਤੂ ਉਨ੍ਹਾਂ ਨੂੰ ਸਫਲਤਾ ਨਾ ਹੋਈ ਤੇ ਉਹ ਵਾਪਸ ਮੁੜ ਆਏ ਤਾਂ ਸਤਿਗੁਰੂ ਜੀ ਆਪ ਗੋਇੰਦਵਾਲ ਪੁੱਜੇ। ਬਾਬਾ ਮੋਹਨ ਜੀ ਸਮਾਧੀ ਵਿਚ ਲੀਨ ਬੈਠੇ ਸਨ। ਆਪ ਜੀ ਨੇ ਉਨ੍ਹਾਂ ਦੀ ਸਮਾਧੀ ਖੋਲ੍ਹਣ ਵਾਸਤੇ ਚੁਬਾਰੇ ਦੇ ਥੱਲੇ ਗਲੀ ਵਿਚ ਖਲੋ ਕੇ ਕੀਰਤਨ ਸ਼ੁਰੂ ਕਰ ਦਿੱਤਾ।

---

*ਪ੍ਰਿਥੀ ਚੰਦ ਗੁਰ–ਗੱਦੀ ਨਾ ਮਿਲਣ ਕਰ ਕੇ ਗੁਰੂ ਜੀ ਦੀ ਸਦਾ ਹੀ ਵਿਰੋਧਤਾ ਕਰਦਾ ਰਿਹਾ। ਪੰਚਮ ਪਾਤਸ਼ਾਹ ਜੀ ਨੇ ਤਰਨ ਤਾਰਨ ਬਣਵਾਇਆ ਤਾਂ ਇਸ ਨੇ ਦੂਖ ਨਿਵਾਰਨ ਬਣਾ ਕੇ ਬਰਾਬਰੀ ਕਰਨ ਦੀ ਕੋਸ਼ਿਸ਼ ਕੀਤੀ। ਸ੍ਰੀ ਹਰਿਮੰਦਰ ਸਾਹਿਬ ਬਣਿਆ ਤਾਂ ਇਸ ਨੇ ਹੇਹਰ ਪਿੰਡ ਵਿਚ ਮੁਕਾਬਲੇ ਤੇ ਹਰਿਮੰਦਰ ਤੇ ਸਰੋਵਰ ਬਣਾਇਆ। ਗੁਰ ਗੱਦੀ ਦੇ ਵਿਰੁਧ ਇਸ ਨੇ ਬਹੁਤ ਕੁਝ ਕੀਤਾ ਪ੍ਰੰਤੂ ਕਾਮਯਾਬ ਨਾ ਹੋ ਸਕਿਆ।

**ਧੁਰ ਕੀ ਬਾਣੀ ਆਈ ।। ਤਿਨਿ ਸਗਲੀ ਚਿੰਤ ਮਿਟਾਈ ।। (ਸੋਰਠਿ ਮ: ੫)

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ॥
ਧਰਮ ਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ॥
ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ॥
ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ॥
ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ॥੧॥

(ਗਉੜੀ ਛੰਤ ਮ: ੫, ਆ. ਗ੍ਰੰ. ਪੰਨਾ ੨੪੮)

ਇਹ ਸ਼ਬਦ ਸੁਣ ਕੇ ਬਾਬਾ ਮੋਹਨ ਜੀ ਦੀ ਸਮਾਧੀ ਖੁਲ੍ਹੀ ਤਾਂ ਉਨ੍ਹਾਂ ਨੇ ਚੁਬਾਰੇ ਦੀ ਬਾਰੀ ਖੋਲ੍ਹ ਕੇ ਪੰਚਮ ਪਾਤਸ਼ਾਹ ਜੀ ਨੂੰ ਆਖਿਆ, ਅਗੇ ਸਾਡੇ ਘਰੋਂ ਗੁਰ ਗੱਦੀ ਲੈ ਗਏ ਹੋ ਤੇ ਹੁਣ ਪਹਿਲੇ ਸਤਿਗੁਰਾਂ ਦੀ ਬਾਣੀ ਲੈਣਾ ਚਾਹੁੰਦੇ ਹੋ ? ਮੋਹਨ ਨੇ ਬਹੁਤ ਮਿਹਣੇ ਤਾਹਨੇ ਦਿੱਤੇ, ਪ੍ਰੰਤੂ ਸਤਿਗੁਰੂ ਜੀ ਨੇ ਬਾਬਾ ਮੋਹਨ ਜੀ ਦੇ ਖਹੁਰੇ ਬੋਲਣ ਦੀ ਕੋਈ ਪ੍ਰਵਾਹ ਨਾ ਕੀਤੀ ਤੇ ਮਧੁਰ ਸੁਰ ਵਿਚ ਗਾਵਿਆ–

ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ ॥
ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ ॥

SIKHBOOKCLUB.COM

ਇਹ ਸਾਰੀ ਪਉੜੀ ਗੁਰੂ ਜੀ ਨੇ ਗਾਵੀਂ ਤਾਂ ਮੋਹਨ ਜੀ ਦਾ ਗੁੱਸਾ ਠੰਢਾ ਹੋ ਗਿਆ। ਸ੍ਰੀ ਪੰਚਮ ਪਾਤਸ਼ਾਹ ਜੀ ਨੇ ਫੇਰ ਇਸ ਸ਼ਬਦ ਦੀ ਤੀਜੀ ਪਉੜੀ ਸ਼ੁਰੂ ਕੀਤੀ–

ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ ॥
ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ ॥

ਮੋਹਨ ਜੀ ਨੇ ਜਦੋਂ ਤੀਜੀ ਪਉੜੀ ਸੁਣੀ ਤਾਂ ਨਿੰਮ੍ਰਤਾ ਸਹਿਤ ਸੈਂਚੀਆਂ ਲੈ ਕੇ ਚੁਬਾਰੇ ਤੋਂ ਥੱਲੇ ਉਤਰੇ ਤੇ ਸਤਿਗੁਰੂ ਜੀ ਨੂੰ ਦੇ ਦਿੱਤੀਆਂ। ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਗਾਂਵਿਆ–

ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ ॥
ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ ॥
ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ ॥
ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ ॥
ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ ॥

ਬਿਨਵੰਤਿ ਨਾਨਕ ਟੇਕ ਰਾਖੀ
ਜਿਤੁ ਲਗਿ ਤਰਿਆ ਸੰਸਾਰੇ ॥ ੪ ॥ ੨ ॥

(ਗਉੜੀ ਛੰਤ ਮ: ੫, ਆ. ਗ੍ਰੰ. ਪੰਨਾ ੨੪੮)

ਸ਼ਬਦ ਦੀ ਸਮਾਪਤੀ ਤੋਂ ਪਿਛੋਂ ਸਤਿਗੁਰੂ ਜੀ ਸੈਂਚੀਆਂ ਨੂੰ ਪਾਲਕੀ ਸਾਹਿਬ ਵਿਚ ਬਿਰਾਜਮਾਨ ਕਰਾ ਕੇ ਸ੍ਰੀ ਅੰਮ੍ਰਿਤਸਰ ਜੀ ਲੈ ਆਏ। ਬੀੜ ਦੀ ਲਿਖਾਈ ਵਾਸਤੇ ਸ੍ਰੀ ਰਾਮਸਰ ਵਾਲੀ ਇਕਾਂਤ ਜਗ੍ਹਾ ਨੂੰ ਚੁਣਿਆ। (ਏਥੇ ਬੈਠ ਕੇ ਹੀ ਸੁਖਮਨੀ ਸਾਹਿਬ ਜੀ ਦਾ ਉਚਾਰਨ ਕੀਤਾ ਸੀ) ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਸ੍ਰੀ ਮਾਨ ਬਾਬਾ ਬੁੱਢਾ ਜੀ ਨੂੰ ਸੌਂਪ ਕੇ ਆਪ ਭਾਈ ਗੁਰਦਾਸ ਜੀ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਾਣੀ ਸ਼ੁਰੂ ਕਰ ਦਿੱਤੀ। ਸਭ ਤੋਂ ਪਹਿਲੇ ਨਿਤਨੇਮ ਦੀਆਂ ਬਾਣੀਆਂ ਤੇ ਉਸ ਤੋਂ ਪਿਛੋਂ ਗੁਰਬਾਣੀ ਨੂੰ ਰਾਗਾਂ ਅਨੁਸਾਰ ਲਿਖਾਉਣਾ ਸ਼ੁਰੂ ਕੀਤਾ। ਪਹਿਲਾਂ ਪਹਿਲੇ ਮਹੱਲੇ ਦੇ ਸ਼ਬਦ ਲਿਖਾਏ। ਉਸ ਤੋਂ ਉਪਰੰਤ ਦੂਜੇ, ਤੀਜੇ, ਚੌਥੇ ਮਹੱਲੇ ਦੀ ਬਾਣੀ ਲਿਖਾ ਕੇ ਉਪਰੰਤ ਆਪਣੀ ਬਾਣੀ ਲਿਖਾਈ। ਉਸ ਤੋਂ ਪਿਛੋਂ ਭਗਤਾਂ ਤੇ ਕਵੀਆਂ ਦੀ ਬਾਣੀ, ਜੋ ਰੱਬੀ ਪਿਆਰ ਤੇ ਭਗਤੀ ਵਿਚ ਭਰਪੂਰ ਸੀ, ਲਿਖਾਈ। ਇਹ ਮਹਾਨ ਕਾਰਜ ਸੰਮਤ ੧੬੬੧ ਵਿਚ ਸੰਪੂਰਨ ਹੋਇਆ। ਭਾਦਰੋਂ ਸੁਦੀ ਏਕਮ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਥਾਪਿਆ।

SIKHBOOKCLUB.COM

## ਸ੍ਰੀ (ਗੁਰੂ) ਹਰਿਗੋਬਿੰਦ ਸਾਹਿਬ ਜੀ ਦਾ ਵਿਆਹ ਤੇ ਚੰਦੂ ਦੀ ਧੀ ਦਾ ਰਿਸ਼ਤਾ ਮੋੜਨਾ

ਚੰਦੂ ਲਾਲ ਦੀਵਾਨ ਨੇ ਆਪਣੀ ਧੀ ਦੇ ਰਿਸ਼ਤੇ ਦੀ ਭਾਲ ਵਾਸਤੇ ਪ੍ਰੋਹਤ ਤੇ ਨਾਈ ਨੂੰ ਟੋਰਿਆ ਤੇ ਆਖਿਆ, 'ਮੇਰੀ ਸ਼ਾਨ ਦੇ ਅਨਕੂਲ ਕੋਈ ਵਰ ਘਰ ਢੂੰਡ ਕੇ ਆਉਣਾ।' ਇਹ ਦੋਵੇਂ ਫਿਰਦੇ ਫਿਰਦੇ ਸ੍ਰੀ ਅੰਮ੍ਰਿਤਸਰ ਜੀ ਪੁੱਜੇ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਾਹਿਬਜ਼ਾਦੇ ਸ੍ਰੀ (ਗੁਰੂ) ਹਰਿਗੋਬਿੰਦ ਜੀ ਨੂੰ ਵੇਖ ਕੇ ਸਤਿਗੁਰੂ ਜੀ ਪਾਸ ਬੇਨਤੀ ਕੀਤੀ ਜੋ ਪ੍ਰਵਾਨ ਕਰ ਲਈ ਗਈ। ਪ੍ਰੋਹਤ ਤੇ ਨਾਈ ਖ਼ੁਸ਼ੀ ਖ਼ੁਸ਼ੀ ਦਿੱਲੀ ਗਏ ਤੇ ਚੰਦੂ ਨੂੰ ਸਾਰੀ ਗੱਲਬਾਤ ਦੱਸੀ। ਚੰਦੂ ਹੰਕਾਰੀ ਇਹ ਗੱਲ ਸੁਣ ਸੜ ਗਿਆ ਤੇ ਕਹਿਣ ਲੱਗਾ, 'ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹੋ, ਪਰ ਚੰਗਾ ਸ਼ਗਨ ਭੇਜ ਦਿਓ।' ਇਸ ਹੰਕਾਰੀ ਦੀ ਇਸ ਗੱਲ ਦਾ ਪਤਾ ਦਿੱਲੀ ਦੀ ਸੰਗਤ ਨੂੰ ਲੱਗਾ। ਸੰਗਤ ਨੇ ਸਤਿਗੁਰੂ ਜੀ ਨੂੰ ਬੇਨਤੀ ਪੱਤ੍ਰ ਭੇਜਿਆ ਕਿ ਇਹਦਾ ਸ਼ਗਨ ਮੋੜ ਦਿੱਤਾ ਜਾਵੇ। ਸ੍ਰੀ ਪੰਚਮ ਪਾਤਿਸ਼ਾਹ ਜੀ ਨੇ ਸੰਗਤ

ਦਾ ਬਚਨ ਮੰਨ ਕੇ ਇਹਦਾ ਰਿਸ਼ਤਾ ਮੋੜ ਦਿੱਤਾ। ਉਸੇ ਵੇਲੇ ਹੀ ਸੰਗਤ ਵਿਚੋਂ ਡੱਲੇ ਪਿੰਡ ਦੇ ਭਾਈ ਨਰੈਣ ਦਾਸ ਖੱਤਰੀ ਨੇ ਆਪਣੀ ਪੁੱਤ੍ਰੀ ਵਾਸਤੇ ਬੇਨਤੀ ਕੀਤੀ। ਸਤਿਗੁਰੂ ਜੀ ਨੇ ਬੇਨਤੀ ਪ੍ਰਵਾਨ ਕਰ ਲਈ ਤੇ ਸ੍ਰੀ (ਗੁਰੂ) ਹਰਿਗੋਬਿੰਦ ਸਾਹਿਬ ਜੀ ਦਾ ਵਿਵਾਹ ਮੱਘਰ ਸੁਦੀ ਸਤਮੀ ਸੰਮਤ ੧੬੬੧ ਨੂੰ ਬੜੀ ਸ਼ਾਨ ਸ਼ੌਕਤ ਨਾਲ ਹੋਇਆ। ਇਹ ਸਾਰਾ ਸਮਾਚਾਰ ਚੰਦੂ ਨੂੰ ਪਤਾ ਲਗਾ ਤਾਂ ਇਸ ਨੇ ਕਿਹਾ, ਮੇਰੀ ਇਜ਼ਤ ਮਿੱਟੀ ਵਿਚ ਮਿਲ ਗਈ ਹੈ। ਉਸ ਦਿਨ ਤੋਂ ਇਹ ਦੁਸ਼ਟ ਗੁਰੂ ਜੀ ਦਾ ਵੈਰੀ ਬਣ ਗਿਆ।

## ਅਕਬਰ ਬਾਦਸ਼ਾਹ ਦਾ
## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨਾ

ਸੰਮਤ ੧੬੬੨ ਵਿਚ ਅਕਬਰ ਬਾਦਸ਼ਾਹ ਵਟਾਲੇ ਆਇਆ ਤਾਂ ਪ੍ਰਿਥੀ ਚੰਦ ਦੀ ਚੁਕ ਤੇ ਕਾਜ਼ੀਆਂ ਅਤੇ ਪੰਡਤਾਂ ਨੇ ਬਾਦਸ਼ਾਹ ਪਾਸ ਚੁਗਲੀ ਕੀਤੀ ਕਿ (ਸ੍ਰੀ) ਗੁਰੂ ਅਰਜਨ ਦੇਵ ਜੀ ਨੇ ਜੋ ਪੁਸਤਕ ਬਨਾਈ ਹੈ, ਉਸ ਵਿਚ ਦੀਨ ਇਸਲਾਮ ਤੇ ਪੈਗੰਬਰਾਂ ਦੀ ਨਿੰਦਾ ਲਿਖੀ ਹੈ। ਪਾਸੋਂ ਪ੍ਰਿਥੀ ਚੰਦ ਤੇ ਚੰਦੂ ਨੇ ਐਸੇ ਢੰਗ ਨਾਲ ਗਵਾਹੀ ਦਿੱਤੀ, ਜਿਸ ਪੁਰ ਬਾਦਸ਼ਾਹ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੇਤ ਵਟਾਲੇ ਸੱਦ ਭੇਜਿਆ। ਸ੍ਰੀ ਗੁਰੂ ਅਰਜਨ ਦੇਵ ਜੀ ਆਪ ਤਾਂ ਵਟਾਲੇ ਨਾ ਗਏ ਪਰ ਭਾਈ ਗੁਰਦਾਸ ਜੀ, ਬਾਬਾ ਬੁਢਾ ਜੀ ਆਦਿਕ ਪੰਜਾਂ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਟਾਲੇ ਭੇਜਿਆ। ਅਕਬਰ ਬਾਦਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੜ੍ਹਨ ਲਈ ਆਖਿਆ। ਭਾਈ ਗੁਰਦਾਸ ਜੀ ਨੇ ਹੁਕਮ ਲਿਆ ਤਾਂ ਹੇਠ ਲਿਖਿਆ ਸ਼ਬਦ ਨਿਕਲਿਆ–

ਖਾਕ ਨੂਰ ਕਰਦੰ ਆਲਮ ਦੁਨੀਆਇ ॥
ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ॥ ੧॥

ਇਹ ਸਾਰਾ ਸ਼ਬਦ ਸੁਣ ਕੇ ਬਾਦਸ਼ਾਹ ਬੜਾ ਖ਼ੁਸ਼ ਹੋਇਆ। ਚੰਦੂ ਤੇ ਪ੍ਰਿਥੀਏ ਦੇ ਕਹਿਣ ਤੇ ਦੋ ਇਕ ਥਾਵਾਂ ਤੋਂ ਇਸ ਨੇ ਹੋਰ ਸ਼ਬਦ ਸੁਣੇ, ਪ੍ਰੰਤੂ ਉਸ ਨੂੰ ਕਿਸੇ ਮਜ਼੍ਹਬ ਦੇ ਵਿਰੁਧ ਕੋਈ ਗੱਲ ਨਾ ਦਿੱਸੀ। ਅਕਬਰ ਨੇ ਖ਼ੁਸ਼ੀ ਵਿਚ ੫੧ ਮੋਹਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭੇਟਾ ਕੀਤੀਆਂ ਤੇ ਦਿੱਲੀ ਨੂੰ ਜਾਂਦਾ ਹੋਇਆ ਦਰਸ਼ਨ ਖ਼ਾਤਰ ਸ੍ਰੀ ਅੰਮ੍ਰਿਤਸਰ ਜੀ ਪੁੱਜਾ ਤੇ ਸਤਿਗੁਰੂ ਜੀ ਦੇ ਕਹਿਣ ਤੇ ਉਸ ਨੇ ਕਾਲ ਪੀੜਤ ਜ਼ਿਮੀਂਦਾਰਾਂ ਨੂੰ ਸਾਲ ਦਾ ਮਾਮਲਾ ਛੱਡ ਦਿੱਤਾ।

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਉਸ ਦੇ ਕਾਰਨ

ਜਿਸ ਫੁਲਵਾੜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਾਇਆ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸ ਨੂੰ ਆਪਣੇ ਖ਼ੂਨ ਨਾਲ ਸਿੰਜਕੇ ਉਸ ਦੀਆਂ ਜੜ੍ਹਾਂ ਪਾਤਾਲ ਵਿਚ ਗੱਡ ਦਿੱਤੀਆਂ। ਸਤਿਗੁਰਾਂ ਦੀ ਇਸ ਸ਼ਹਾਦਤ ਨੇ ਸਿਖ ਪੰਥ ਵਿਚ ਇਨਕਲਾਬ ਲੈ ਆਂਦਾ। ਨਾਮ ਸਿਮਰਨ ਤੇ ਸੇਵਾ ਦੇ ਨਾਲ ਨਾਲ ਸਿਖਾਂ ਵਿਚ ਸੂਰਬੀਰਤਾ ਤੇ ਕੁਰਬਾਨੀ ਦੀ ਸਪਿਰਿਟ ਪੈਦਾ ਹੋ ਗਈ। ਹੁਣ ਅਸੀਂ ਇਸ ਤੇ ਵਿਚਾਰ ਕਰਦੇ ਹਾਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਿਉਂ ਹੋਈ ਤੇ ਇਸ ਵਿਚ ਕਿਸ ਕਿਸ ਦਾ ਹੱਥ ਸੀ ? ਸ਼ਹੀਦੀ ਦਾ ਕਾਰਨ ਕੇਵਲ ਚੰਦੂ ਤੇ ਪ੍ਰਿਥੀਏ ਦੀ ਈਰਖਾ ਹੀ ਨਹੀਂ ਸੀ, ਬਲਕਿ ਇਸ ਦਾ ਵੱਡਾ ਕਾਰਨ ਜਹਾਂਗੀਰ ਦਾ ਮਜ਼੍ਹਬੀ ਤਅੱਸਬ ਸੀ। ਉਹ ਹਿੰਦੂ ਤੇ ਮੁਸਲਮਾਨ ਸ਼ਰਧਾਲੂਆਂ ਦੀ ਗੁਰੂ ਘਰ ਤੇ ਸ਼ਰਧਾ ਵੇਖ ਕੇ ਅੰਦਰੋਂ ਅੰਦਰੀ ਸੜ ਰਿਹਾ ਸੀ। ਜਹਾਂਗੀਰ ਨੇ ਆਪ 'ਤੋਜ਼ਕਿ ਜਹਾਂਗੀਰੀ ਵਿਚ ਇਹ ਗੱਲ ਮੰਨੀ ਹੈ, ਉਹ ਲਿਖਦਾ ਹੈ।'

*"ਗੋਇੰਦਵਾਲ, ਜੋ ਕਿ ਬਿਆਸਾ ਦਰਿਆ ਦੇ ਕੰਢੇ ਤੇ ਹੈ, ਵਿਚ ਪੀਰਾਂ ਬਜ਼ੁਰਗਾਂ ਦੇ ਭੇਸ ਵਿਚ ਅਰਜਨ ਨਾਮੇ ਇਕ ਹਿੰਦੂ ਰਹਿੰਦਾ ਸੀ, ਉਸਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂ ਬਲਕਿ ਬੇ-ਸਮਝ ਤੇ ਮੂਰਖ ਮੁਸਲਮਾਨਾਂ ਨੂੰ ਵੀ ਆਪਣੇ ਤਰੀਕਿਆਂ (ਧਾਰਮਕ ਰਹਿਤ ਬਹਿਤ) ਦਾ ਸਿਦਕੀ ਬਣਾ ਕੇ ਆਪਣੀ ਬਜ਼ੁਰਗੀ ਤੇ ਈਸ਼ਵਰ ਨਾਲ ਨਜ਼ਦੀਕੀ ਦਾ ਢੋਲ ਬਹੁਤ ਉਚਾ ਵਜਾਇਆ ਹੋਇਆ ਸੀ, ਲੋਕ ਉਸ ਨੂੰ ਗੁਰੂ ਕਹਿੰਦੇ ਸਨ। ਸਾਰਿਆਂ ਪਾਸਿਆਂ ਤੋਂ ਫਰੇਬ ਤੇ ਫਰੇਬ ਦੇ ਪੁਜਾਰੀ ਉਸ ਪਾਸ ਆ ਕੇ ਉਸ (ਗੁਰੂ) ਉਤੇ ਪੂਰਾ ਪੂਰਾ ਇਤਕਾਦ (ਸਿਦਕ) ਜ਼ਾਹਿਰ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਦੁਕਾਨ ਗਰਮ ਸੀ। ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਖ਼ਿਆਲ ਆਉਂਦਾ ਸੀ ਕਿ ਇਸ ਝੂਠ ਦੇ ਵਪਾਰ ਨੂੰ ਬੰਦ ਕਰਨਾ ਚਾਹੀਦਾ ਹੈ ਯਾ ਉਸ (ਗੁਰੂ) ਨੂੰ ਮੁਸਲਮਾਨਾਂ ਦੇ ਮਤ ਵਿਚ ਲਿਆਉਣਾ ਚਾਹੀਦਾ ਹੈ, ਇਥੋਂ ਤਕ ਕਿ ਇਨ੍ਹਾਂ ਹੀ ਦਿਨਾਂ ਵਿਚ ਖੁਸਰੋ ਇਥੋਂ ਦੀ ਦਰਿਆ ਪਾਰ ਹੋਇਆ। ਇਸ ਜਾਹਿਲ ਤੇ ਹਕੀਰ ਆਦਮੀ (ਖ਼ੁਸਰੋ) ਨੇ ਇਰਾਦਾ ਕੀਤਾ ਕਿ ਸਦਾ ਉਸਦੇ ਨਜ਼ਦੀਕ ਰਹੇ। ਉਸ ਥਾਂ ਤੇ ਜਿਥੇ ਕਿ ਉਸਦੇ ਰਹਿਣ ਦੀ ਥਾਂ ਸੀ, ਖੁਸਰੋ ਨੇ ਪੜਾਉ ਕੀਤਾ। ਇਹ ਉਸ ਨੂੰ ਮਿਲਿਆ ਤੇ ਕਈ ਪਹਿਲੇ ਮਿਥੀਆਂ ਹੋਈਆਂ ਗੱਲਾਂ ਇਸ ਨੂੰ ਸੁਣਾਈਆਂ ਅਤੇ ਉਂਗਲੀ ਨਾਲ ਕੇਸਰ ਦੀ ਲਕੀਰ ਉਸ ਦੇ ਮੱਥੇ ਤੇ ਖਿੱਚੀ ਜਿਸ ਨੂੰ ਕਿ ਹਿੰਦੂ ਤਿਲਕ ਕਹਿੰਦੇ ਹਨ ਤੇ ਚੰਗਾ ਸ਼ਗਨ ਜਾਣਦੇ ਹਨ।

*ਇਹ ਲੇਖ ਅਸੀਂ ਸ੍ਰੀ ਮਾਨ ਪ੍ਰੋਫ਼ੈਸਰ ਗੰਡਾ ਸਿੰਘ ਜੀ ਦੀ ਪੁਸਤਕ 'ਸਿਖ ਇਤਿਹਾਸ ਬਾਰੇ' ਵਿਚੋਂ ਲਿਆ ਹੈ।

 www.sikhbookclub.com

ਜਦ ਇਹ ਗੱਲ ਮੇਰੀ ਕੰਨੀ ਪਈ, ਅਗੇ ਹੀ ਇਨ੍ਹਾਂ ਦੇ ਝੂਠ ਨੂੰ ਮੈਂ ਚੰਗੀ ਤੇ ਪੂਰੀ ਤਰ੍ਹਾਂ ਜਾਣਦਾ ਸਾਂ ਮੈਂ ਹੁਕਮ ਦਿੱਤਾ ਕਿ ਉਸ ਗੁਰੂ ਅਰਜਨ ਨੂੰ ਹਾਜ਼ਰ ਕਰਨ ਤੇ ਉਸ ਦੇ ਘਰ ਘਾਟ ਤੇ ਬੱਚਿਆਂ ਨੂੰ ਮੁਰਤਜ਼ਾ ਖਾਨ ਨੂੰ ਬਖ਼ਸ਼ ਦਿੱਤਾ ਅਤੇ ਉਸ ਦਾ ਮਾਲ ਅਸਬਾਬ ਜ਼ਬਤ ਕਰ ਕੇ ਹੁਕਮ ਦਿੱਤਾ ਕਿ ਉਸ ਨੂੰ ਡਰੌਣ, ਮਾਰਨ, ਸਜ਼ਾ ਦੇਣ ਅਤੇ ਤਸੀਹੇ ਦੇ ਕੇ ਕਤਲ ਕਰ ਦੇਣ।"

ਜਹਾਂਗੀਰ ਦੀ ਇਸ ਲਿਖਤ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਵਧ ਰਹੀ ਸਿਖ ਲਹਿਰ ਨੂੰ ਵੇਖ ਕੇ ਉਸ ਦੇ ਅੰਦਰ ਮਜ਼ਹਬੀ ਤਅੱਸਬ ਦੀ ਕੋਡੀ ਅੱਗ ਭੜਕ ਰਹੀ ਸੀ। ਜਹਾਂਗੀਰ ਦੇ ਦਿਲ ਦੀ ਇਹ ਤੀਬਰ ਇੱਛਾ ਸੀ ਕਿ ਸਿਖ ਲਹਿਰ ਨੂੰ ਕਿਸੇ ਤਰ੍ਹਾਂ ਦਬਾਇਆ ਜਾਵੇ। ਖੁਸਰੋ ਦੀ ਮਦਦ ਤਾਂ ਕੇਵਲ ਇਕ ਬਹਾਨਾ ਸੀ। ਇਸ ਮਜ਼ਹਬੀ ਤਅੱਸਬ ਤੇ ਚੰਦੂ, ਮਿਹਰਵਾਨ, ਆਦਿਕ ਗੁਰ-ਦੋਖੀਆਂ ਦੀਆਂ ਚੁਗਲੀਆਂ ਸੁਣ ਕੇ ਗੁਰੂ ਜੀ ਨੂੰ ਲਾਹੌਰ ਬੁਲਾਇਆ ਗਿਆ। ਸਤਿਗੁਰੂ ਜੀ ਅਗੇ ਹੀ ਤਿਆਰ ਬੈਠੇ ਸਨ। ਆਪ ਜੀ ਨੇ ਗੁਰਿਆਈ ਗੱਦੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਦੇ ਕੇ ਸੰਗਤ ਤੇ ਆਪਣੇ ਮਹਿਲ ਸ੍ਰੀ ਗੰਗਾ ਜੀ ਨੂੰ ਭਾਣਾ ਮੰਨਣ ਦਾ ਉਪਦੇਸ਼ ਦਿੱਤਾ ਤੇ ਪੰਜਾਂ ਸਿਖਾਂ ਨੂੰ ਨਾਲ ਲੈ ਕੇ ਲਾਹੌਰ ਨੂੰ ਚਲ ਪਏ। ਲਾਹੌਰ ਵਿਚ ਪਹਿਲੇ ਦਿਨ ਭਾਈ ਸੁਧੂ ਦੇ ਘਰ ਨਿਵਾਸ ਕੀਤਾ ਤੇ ਲਾਹੌਰ ਦੀ ਸੰਗਤ ਨੂੰ ਦਰਸ਼ਨ ਦਿੱਤੇ। ਦੂਸਰੇ ਦਿਨ ਸੂਬਾ ਲਾਹੌਰ ਨੇ ਆਪ ਜੀ ਨੂੰ ਪੰਜਾਂ ਸਿਖਾਂ ਸਮੇਤ ਜਹਾਂਗੀਰ ਦੇ ਪੇਸ਼ ਕੀਤਾ। ਜਹਾਂਗੀਰ ਨੇ ਕਿਹਾ, "ਤੁਸੀਂ ਮੇਰੇ ਵੈਰੀ ਖੁਸਰੋ ਦੀ ਮਦਦ ਕਿਉਂ ਕੀਤੀ ਹੈ ?" ਸਤਿਗੁਰੂ ਜੀ ਨੇ ਉੱਤਰ ਦਿੱਤਾ, "ਗੁਰੂ ਕਾ ਲੰਗਰ ਹਰ ਪ੍ਰਾਣੀ ਮਾਤਰ ਲਈ ਖੁਲ੍ਹਾ ਹੈ ਤੇ ਖੁਸਰੋ ਭੀ ਉਸ ਵਿਚੋਂ ਪ੍ਰਸ਼ਾਦ ਛਕ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਘਰ ਸ਼ਰਨ ਆਏ ਦੀ ਪ੍ਰਿਤਪਾਲਨਾ ਕਰਦਾ ਹੈ ਤੇ ਕਰਦਾ ਰਹੇਗਾ।" ਜਹਾਂਗੀਰ ਇਹ ਉੱਤਰ ਸੁਣ ਕੇ ਸੜ ਗਿਆ, ਦੋ ਲੱਖ ਰੁਪਿਆ ਜੁਰਮਾਨਾ ਕੀਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਇਸਲਾਮ ਸੰਬੰਧੀ ਸ਼ਬਦ ਕੱਢ ਕੇ ਮੁਹੰਮਦ ਸਾਹਿਬ ਦੀ ਤਾਰੀਫ਼ ਲਿਖਣ ਲਈ ਕਿਹਾ। ਜਹਾਂਗੀਰ ਦੇ ਇਸ ਹੁਕਮ ਨੂੰ ਸੁਣ ਕੇ ਸਤਿਗੁਰੂ ਜੀ ਨੇ ਆਖਿਆ "ਜਿੰਨਾ ਧਨ ਸਾਡੇ ਪਾਸ ਹੈ ਉਹ ਗ਼ਰੀਬਾਂ, ਅਨਾਥਾਂ ਅਤੇ ਨਿਥਾਵਿਆਂ ਲਈ ਹੈ, ਤੁਸੀਂ ਵੀ ਜਿੰਨਾਂ ਚਾਹੋ ਲੈ ਸਕਦੇ ਹੋ, ਪਰ ਜੇ ਤੁਸੀਂ ਦੰਡ ਵਜੋਂ ਮੰਗੋ ਤਾਂ ਅਸੀਂ ਇਕ ਕੌਡੀ ਭੀ ਨਹੀਂ ਦੇ ਸਕਦੇ।" *ਜੋ ਤੁਸੀਂ ਇਸ ਇਸਲਾਮ ਸੰਬੰਧੀ ਸ਼ਬਦ ਕੱਢਕੇ ਤਾਰੀਫ਼ ਲਿਖਣ ਲਈ ਕਹਿੰਦੇ ਹੋ, ਇਸ ਵਿਚੋਂ ਮੈਂ ਇਕ ਅੱਖਰ ਭੀ ਵਧ ਯਾ ਘਟ ਨਹੀਂ ਕਰ ਸਕਦਾ। ਜੋ ਨਿਰੰਕਾਰ ਨੂੰ ਮਨਜ਼ੂਰ ਸੀ ਉਹ ਲਿਖਿਆ ਗਿਆ ਹੈ। ਦੂਜੇ ਦਿਨ ਜਹਾਂਗੀਰ ਤਾਂ ਕਸ਼ਮੀਰ ਨੂੰ ਚਲਾ ਗਿਆ ਅਤੇ ਗੁਰੂ ਜੀ ਨੂੰ ਚੰਦੂ ਦੇ ਹਵਾਲੇ ਕਰ ਗਿਆ।

---

*ਸਿਖ ਇਤਿਹਾਸ (ਮੈਕਾਲਿਫ਼)।


www.sikhbookclub.com

ਇਹ ਦੁਸ਼ਟ ਅਗੇ ਹੀ ਗੁਰੂ ਜੀ ਦਾ ਵੈਰੀ ਸੀ, ਇਸ ਨੇ ਗੁਰੂ ਜੀ ਨੂੰ ਕਿਲ੍ਹੇ ਦੇ ਕੋਲ ਲਾਲ ਹਵੇਲੀ ਵਿਚ ਕੈਦ ਕਰਕੇ (ਜਿਥੇ ਹੁਣ ਗੁਰਦੁਆਰਾ ਲਾਲ ਖੂਹ ਹੈ) ਤਸੀਹੇ ਦੇਣੇ ਸ਼ੁਰੂ ਕੀਤੇ। ਪਹਿਲੋ ਜੇਠ ਦੀ ਸੜਦੀ ਬਲਦੀ ਧੁਪ ਵਿਚ ਰਖਿਆ, ਫੇਰ ਪਾਣੀ ਦੀ ਦੇਗ ਉਬਾਲ ਕੇ ਉਸ ਵਿਚ ਬਿਠਾਇਆ। ਸਤਿਗੁਰੂ ਜੀ ਦਾ ਕੋਮਲ ਸਰੀਰ ਛਾਲੇ ਛਾਲੇ ਹੋ ਗਿਆ ਤਾਂ ਇਸ ਦੁਸ਼ਟ ਨੇ ਤੱਤੀ ਤਵੀ ਤੇ ਬਿਠਾ ਕੇ ਉਤੇ ਤੱਤੀ ਰੇਤ ਪੁਵਾਈ। ਗੁਰੂ ਜੀ ਨੂੰ ਦਿੱਤੇ ਜਾ ਰਹੇ ਕਸ਼ਟਾਂ ਦਾ ਸਾਈਂ ਮੀਆਂ ਮੀਰ ਜੀ (ਜੋ ਗੁਰੂ ਜੀ ਦੇ ਅਤੀ ਸ਼ਰਧਾਲੂ ਪ੍ਰੇਮੀ ਸਨ) ਨੂੰ ਪਤਾ ਲਗਾ ਤਾਂ ਉਹ ਹਾਜ਼ਰ ਹੋਏ ਤੇ ਗੁਰੂ ਜੀ ਦੇ ਕੋਮਲ ਸਰੀਰ ਦਾ ਇਹ ਹਾਲ ਵੇਖਕੇ ਰੋ ਕੇ ਕਹਿਣ ਲਗੇ, 'ਜੇ ਆਪ ਦਾ ਹੁਕਮ ਹੋਵੇ ਤਾਂ ਮੈਂ ਇਨ੍ਹਾਂ ਦੁਸ਼ਟਾਂ ਨੂੰ ਮਜ਼ਾ ਚਖਾਵਾਂ।' ਮੀਆਂ ਮੀਰ ਦੇ ਇਹ ਬਚਨ ਸੁਣਕੇ ਹਿਮਾਲਾ ਦੀ ਤਰ੍ਹਾਂ ਅਡੋਲ ਬੈਠੇ ਪ੍ਰੀਤਮ ਨੇ ਕਿਹਾ, 'ਸਾਈਂ ਜੀ ! ਇਹ ਸਭ ਕੁਝ ਵਾਹਿਗੁਰੂ ਦੇ ਭਾਣੇ** ਵਿਚ ਹੋ ਰਿਹਾ ਹੈ।' ਸਾਈਂ ਮੀਆਂ ਮੀਰ ਸਤਿਗੁਰੂ ਜੀ ਦੀ ਰਜ਼ਾ ਮੰਨ ਕੇ ਵਾਪਸ ਚਲਾ ਗਿਆ ਤੇ ਚਾਰ ਦਿਨ ਸਖ਼ਤ ਤਸੀਹੇ ਦੇਣ ਪਿਛੋਂ ਆਪ ਜੀ ਨੂੰ ਇਸ਼ਨਾਨ ਲਈ ਰਾਵੀ ਤੇ ਲਿਜਾਇਆ% ਗਿਆ, ਜਿਥੇ ਆਪ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਕੇ ਜੇਠ ਸੁਦੀ ਚੌਥ ਸੰਮਤ ੧੬੬੩ ਨੂੰ ਜੋਤੀ ਜੋਤ ਸਮਾ ਗਏ। ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਿਖ ਕੌਮ ਦੀ ਪਹਿਲੀ ਤੇ ਲਾਸਾਨੀ ਸ਼ਹੀਦੀ ਹੈ। ਜਿਥੇ ਸਤਿਗੁਰੂ ਜੀ ਜੋਤੀ ਜੋਤ ਸਮਾਏ ਸਨ ਉਥੇ ਹੁਣ ਗੁਰਦਵਾਰਾ ਡੇਹਰਾ ਸਾਹਿਬ ਹੈ।

---

**ਤੇਰਾ ਕੀਆ ਮੀਠਾ ਲਾਗੈ।। ਹਰਿਨਾਮੁ ਪਦਾਰਥੁ ਨਾਨਕੁ ਮਾਂਗੈ।।

(ਆਸਾ ਮ: ੫)

%ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਸਤਿਗੁਰੂ ਜੀ ਚੰਦੂ ਕੋਲੋਂ ਪੁਛ ਕੇ ਰਾਵੀ ਤੇ ਇਸ਼ਨਾਨ ਲਈ ਗਏ ਤੇ ਰਾਵੀ ਵਿਚ ਟੁਬੀ ਮਾਰ ਕੇ ਜੋਤੀ ਜੋਤ ਸਮਾ ਗਏ। ਇਹ ਗੱਲ ਸਹੀ ਮਲੂਮ ਨਹੀਂ ਹੁੰਦੀ। ਰਾਵੀ ਤੇ ਆਪ ਜੀ ਨੂੰ ਹਾਕਮਾਂ ਵਲੋਂ ਹੀ ਸਿਪਾਹੀਆਂ ਦੇ ਪਹਿਰੇ ਵਿਚ ਭੇਜਿਆ ਗਿਆ ਸੀ। ਅੱਗ ਨਾਲ ਸੜੇ ਹੋਏ ਸਰੀਰ ਤੇ ਠੰਢੇ ਪਾਣੀ ਦਾ ਬਹੁਤ ਮੰਦਾ ਅਸਰ ਹੁੰਦਾ ਹੈ। ਹੋਰ ਕਸ਼ਟਾਂ ਵਾਂਗ ਰਾਵੀ ਵਿਚ ਇਸ਼ਨਾਨ ਕਰਾਉਣਾ ਵੀ ਕਸ਼ਟਾਂ ਵਿਚ ਸ਼ਾਮਲ ਸੀ। ਸਿਖ ਦਰਬਾਰ ਦੇ ਇਤਿਹਾਸਕਾਰ ਲਾਲਾ ਸੋਹਣ ਲਾਲ ਜੀ ਨੇ ਆਪਣੀ ਅਮਦ ਤੁ ਤਵਾਰੀਖ ਵਿਚ ਲਿਖਿਆ ਹੈ—"ਕੁਝ ਸਖਤੀਆਂ ਦੇਣ ਪਿਛੋਂ ਉਸ ਮਹਾਂ ਪੁਰਖ (ਗੁਰੂ ਸਾਹਿਬ) ਨੂੰ ਰਾਵੀ ਵਿਚ ਸੁਟਿਆ ਗਿਆ।" ਭਾਈ ਰਤਨ ਸਿੰਘ ਭੰਗੂ ਨੇ ਭੀ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਇਸੇ ਪ੍ਰਕਾਰ ਲਿਖਿਆ ਹੈ।

# ੬. ਮੀਰੀ ਪੀਰੀ ਦੇ ਮਾਲਿਕ

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ ।।
ਅਰਜਨ ਕਾਇਆ ਪਲਟ ਕੈ ਮੂਰਤਿ ਹਰਿਗੋਬਿੰਦ ਸਵਾਰੀ ।।
ਚੱਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਣ ਵਾਰੋ ਵਾਰੀ ।।
ਦਲ ਭੰਜਨ ਗੁਰ ਸੂਰਮਾਂ ਵਡ ਜੋਧਾ ਬਹੁ ਪਰਉਪਕਾਰੀ ।।

(ਵਾਰਾਂ ਭਾਈ ਗੁਰਦਾਸ ਜੀ)

## ਅਵਤਾਰ

ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਿਲ (ਮਾਤਾ) ਗੰਗਾ ਜੀ ਨੇ ਕੀਮਖ਼ਾਬ, ਮਖ਼ਮਲ ਆਦਿ ਦੇ ਬੜੇ ਸੋਹਣੇ ਸੋਹਣੇ ਬਸਤ੍ਰ ਟਰੰਕਾਂ ਵਿਚੋਂ ਕੱਢ ਕੇ ਧੁਪੇ ਸੁਕਣੇ ਪਾਏ ਤਾਂ ਪ੍ਰਿਥੀਏ ਦੀ ਵਹੁਟੀ ਕਰਮੋਂ ਇਹ ਸੁੰਦਰ ਤੇ ਕੀਮਤੀ ਬਸਤਰ ਵੇਖ ਕੇ ਸੜ ਗਈ। ਰਾਤ ਨੂੰ ਜਦੋਂ ਪ੍ਰਿਥੀ ਚੰਦ ਘਰ ਆਇਆ ਤਾਂ ਕਰਮੋਂ ਨੇ ਇਸ ਨੂੰ ਬਹੁਤ ਮਿਹਣੇ ਤਾਹਨੇ ਦੇ ਕੇ ਕਿਹਾ, ਜੇ ਤੂੰ ਪਿਤਾ ਦੀ ਸੇਵਾ ਕਰਦਾ ਤਾਂ ਗੱਦੀ ਤੈਨੂੰ ਮਿਲਦੀ ਤੇ ਇਹ ਵੱਡਮੁੱਲੇ ਬਸਤਰ ਜਿਹੜੇ (ਮਾਤਾ) ਗੰਗਾ ਕੋਲ ਹਨ ਸਭ ਮੇਰੇ ਕੋਲ ਹੁੰਦੇ। ਕਰਮੋਂ ਦੇ ਮੂੰਹੋਂ ਇਹ ਕੁਝ ਸੁਣ ਕੇ ਪ੍ਰਿਥੀਆ ਕਹਿਣ ਲੱਗਾ, ਉਨ੍ਹਾਂ ਦੇ ਘਰ ਤਾਂ ਉਲਾਦ ਕੋਈ ਨਹੀਂ ਤੇ ਉਨ੍ਹਾਂ ਦੇ ਪਿੱਛੋਂ ਸਭ ਕੁਝ ਸਾਡਾ ਹੀ ਹੈ। ਇਹ ਹੰਕਾਰ ਭਰੇ ਬਚਨ ਮਾਤਾ ਗੰਗਾ ਜੀ ਨੇ ਸੁਣੇ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਚ ਜਾ ਕੇ ਰੋ ਪਏ। ਸਾਹਿਬਾਂ ਕਾਰਨ ਪੁੱਛਿਆ ਤਾਂ ਆਪ ਨੇ ਪ੍ਰਿਥੀਏ ਤੇ ਕਰਮੋਂ ਦੀ ਹੋਈ ਗੱਲਬਾਤ ਦੱਸੀ ਤੇ ਇਕ ਪੁੱਤ੍ਰ ਦੀ ਮੰਗ ਕੀਤੀ। ਸਤਿਗੁਰੂ ਜੀ ਨੇ ਫੁਰਮਾਇਆ, ਜੇ ਪੁੱਤਰ ਚਾਹੁੰਦੇ ਹੋ ਤਾਂ ਪ੍ਰਮੇਸ਼ਰ ਤੇ ਭਰੋਸਾ ਰੱਖ ਕੇ ਬਾਬਾ ਬੁੱਢਾ ਜੀ ਜਿਹੇ ਪੂਰਨ ਸੰਤਾਂ ਦੀ ਸੇਵਾ ਕਰੋ। ਮਾਤਾ ਜੀ ਨੇ ਬਚਨ ਮੰਨ ਕੇ ਦੂਜੇ ਦਿਨ ਬੜੇ ਸੁੰਦਰ ਭੋਜਨ ਤਿਆਰ ਕਰਾਏ ਤੇ ਦਾਸੀਆਂ ਨੂੰ ਨਾਲ ਲੈ ਕੇ ਬਾਬਾ ਬੁੱਢਾ ਜੀ ਦੀ ਬੀੜ ਨੂੰ ਚੱਲ ਪਏ। ਬਾਬਾ ਜੀ ਨੇ ਮਿੱਟੀ ਘੱਟਾ ਉਡਦਾ ਵੇਖ ਕੇ ਪੁੱਛਿਆ, ਇਹ ਕੌਣ ਆ ਰਿਹਾ ਹੈ ? ਸਿਖਾਂ ਨੇ ਕਿਹਾ, ਗੁਰੂ ਕੇ ਮਹਿਲ ਆ ਰਹੇ ਹਨ। ਉਸ ਵੇਲੇ ਆਪ ਦੇ ਮੂੰਹੋਂ ਸਹਿਜ ਸੁਭਾ ਹੀ ਨਿਕਲਿਆ, "ਗੁਰੂਕਿਆਂ ਨੂੰ ਕੀ ਭਾਜੜ ਪੈ ਗਈ ਹੈ ?"

ਮਾਤਾ ਜੀ ਪ੍ਰਸ਼ਾਦ ਛਕਾ ਕੇ ਵਾਪਸ ਆ ਗਏ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਇਹ ਸਾਰੀ ਗੱਲ ਕਹਿ ਸੁਣਾਈ। ਸਤਿਗੁਰੂ ਜੀ ਨੇ ਆਖਿਆ, ਸੰਤਾਂ ਕੋਲ ਨਿਰ–ਅਭਿਮਾਨ ਹੋ ਕੇ ਜਾਣਾ ਚਾਹੀਦਾ ਹੈ। ਮਾਤਾ ਜੀ ਨੇ ਦੂਜੇ ਦਿਨ ਆਪ ਚੱਕੀ ਪੀਹ ਕੇ ਪ੍ਰਸ਼ਾਦ ਤਿਆਰ ਕੀਤਾ ਤੇ ਲੱਸੀ ਗੰਢੇ ਨਾਲ ਲੈ ਕੇ ਬਾਬਾ ਬੁੱਢਾ ਜੀ ਦੀ ਬੀੜ ਵਿਚ ਗਏ। ਬਾਬਾ ਜੀ ਨੇ ਪ੍ਰੇਮ ਨਾਲ ਪ੍ਰਸ਼ਾਦ ਛਕਦਿਆਂ ਵਰ ਦਿੱਤਾ, ਮਾਤਾ ! ਜਿਵੇਂ ਮੈਂ ਗੰਢਿਆਂ ਦਾ ਸਿਰ ਭੰਨਦਾ ਹਾਂ ਤਿਵੇਂ ਤੇਰਾ ਪੁੱਤਰ ਮੁਗ਼ਲਾਂ ਦਾ ਸਿਰ ਤੋੜੇਗਾ। ਬਾਬਾ ਜੀ ਦੇ ਵਰ ਨਾਲ ਮਹਾਂਬਲੀ ਸਤਿਗੁਰੂ ਜੀ ਦਾ ਅਵਤਾਰ ਹਾੜ ਵਦੀ ਏਕਮ ਸੰਮਤ ੧੬੫੨ ਬਿਕ੍ਰਮੀ ਨੂੰ ਪਿੰਡ ਵਡਾਲੀ (ਸਾਹਿਬ) ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਏਸ ਖ਼ੁਸ਼ੀ ਵਿਚ ਹੇਠ ਲਿਖਿਆ ਸ਼ਬਦ ਉਚਾਰਨ ਕੀਤਾ–

> ਸਤਿਗੁਰ ਸਾਚੈ ਦੀਆ ਭੇਜਿ।। ਚਿਰੁ ਜੀਵਨੁ ਉਪਜਿਆ ਸੰਜੋਗਿ ।। ਉਦਰੈ ਮਾਹਿ ਆਇ ਕੀਆ ਨਿਵਾਸੁ।। ਮਾਤਾ ਕੈ ਮਨਿ ਬਹੁਤੁ ਬਿਗਾਸੁ।। ੧।। ਜੰਮਿਆ ਪੂਤੁ ਭਗਤੁ ਗੋਵਿੰਦ ਕਾ।। ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ।। ਰਹਾਉ।। ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ।। ਮਿਟਿਆ ਸੋਗੁ ਮਹਾ ਅਨੰਦੁ ਥੀਆ।। ਗੁਰਬਾਣੀ ਸਖੀ ਅਨੰਦੁ ਗਾਵੈ।। ਸਾਚੇ ਸਾਹਿਬ ਕੈ ਮਨਿ ਭਾਵੈ।। ੨।। ਵਧੀ ਵੇਲਿ ਬਹੁ ਪੀੜੀ ਚਾਲੀ।। ਧਰਮ ਕਲਾ ਹਰਿ ਬੰਧਿ ਬਹਾਲੀ।। ਮਨ ਚਿੰਦਿਆ ਸਤਿਗੁਰੂ ਦਿਵਾਇਆ।। ਭਏ ਅਚਿੰਤ ਏਕ ਲਿਵ ਲਾਇਆ।। ੩।। ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ।। ਬੁਲਾਇਆ ਬੋਲੈ ਗੁਰ ਕੈ ਭਾਣਿ।। ਗੁਝੀ ਛੰਨੀ ਨਾਹੀ ਬਾਤ।। ਗੁਰੁ ਨਾਨਕੁ ਤੁਠਾ ਕੀਨੀ ਦਾਤਿ।। ੪।। ੭।। ੧੦੧।।

(ਆਸਾ ਮ: ੫)

ਸੰਗਤਾਂ ਨੇ ਸਤਿਗੁਰੂ ਜੀ ਦੇ ਅਵਤਾਰ ਦੀ ਖ਼ੁਸ਼ੀ ਵਿਚ ਦੀਪਮਾਲਾ ਕੀਤੀ ਤੇ ਬਹੁਤ ਖ਼ੁਸ਼ੀ ਮਨਾਈ। ਏਸ ਗੱਲ ਦਾ ਪ੍ਰਿਥੀਏ ਤੇ ਕਰਮੋਂ ਨੂੰ ਪਤਾ ਲੱਗਾ ਤਾਂ ਈਰਖਾ ਦੀ ਅੱਗ ਵਿਚ ਸੜ ਗਏ ਤੇ ਉਸ ਦਿਨ ਤੋਂ ਬਾਲਕ ਦੇ ਮਾਰਨ ਦੀ ਬਿਧ ਸੋਚਣ ਲਗੇ। ਕਰਮੋਂ ਤੇ ਪ੍ਰਿਥੀਏ ਨੇ ਇਕ ਦਾਈ ਨੂੰ ਸੌ ਰੁਪਿਆ ਦੇਣਾ ਕਰਕੇ ਬਾਲਕ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ) ਨੂੰ ਮਾਰਨ ਵਾਸਤੇ ਵਡਾਲੀ ਭੇਜਿਆ। ਦਾਈ ਨੇ ਆਪਣੇ ਥਣਾਂ ਨੂੰ ਜ਼ਹਿਰ ਲਾ ਕੇ ਦੁਧ ਚੁੰਘਾਉਣ ਦੀ ਕੋਸ਼ਿਸ਼ ਕੀਤੀ, ਪਰ ਬਾਲਕ ਨੇ ਥਣਾਂ ਨੂੰ ਮੂੰਹ ਨਾ ਲਾਇਆ। ਉਹ ਜ਼ਹਿਰ ਦਾਈ ਦੇ ਅੰਦਰ ਫੈਲ ਗਈ ਤੇ ਦਾਈ ਮਰਨ ਲਗਿਆਂ ਪ੍ਰਿਥੀਏ ਤੇ ਕਰਮੋਂ ਦੀ ਕਰਤੂਤ ਜ਼ਾਹਰ ਕਰ ਗਈ। ਕੁਝ ਚਿਰ ਪਿੱਛੋਂ ਪ੍ਰਿਥੀਏ

ਤੇ ਕਰਮੋਂ ਨੇ ਇਕ ਸਪਾਧੇ ਨੂੰ ਆਪ ਦੇ ਮਾਰਨ ਵਾਸਤੇ ਵਡਾਲੀ ਭੇਜਿਆ। ਸਪਾਧੇ ਨੇ ਵਡਾਲੀ ਪੁੱਜ ਕੇ ਜਿਥੇ ਬਾਲਕ ਸਤਿਗੁਰੂ ਜੀ ਖੇਡ ਰਹੇ ਸਨ, ਉਨ੍ਹਾਂ ਦੇ ਮਾਰਨ ਵਾਸਤੇ ਫਨੀਅਰ ਸੱਪ ਛੱਡਿਆ। ਸੱਪ ਜਦੋਂ ਆਪ ਦੇ ਨੇੜੇ ਪੁੱਜਾ ਤਾਂ ਬਾਲਕ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ) ਨੇ ਸੱਪ ਦੀ ਸਿਰੀ ਮਰੋੜ ਕੇ ਮਾਰ ਦਿੱਤਾ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਇਸ ਵਾਰਤਾ ਦਾ ਪਤਾ ਲਗਾ ਤਾਂ ਆਪ ਨੇ ਅਕਾਲ ਪੁਰਖ ਦੇ ਧੰਨਵਾਦ ਵਿਚ ਹੇਠ ਲਿਖਿਆ ਸਾਰਾ ਸ਼ਬਦ ਉਚਾਰਿਆ–

ਐਥੈ ਓਥੈ ਰਖਵਾਲਾ ।। ਪ੍ਰਭ ਸਤਿਗੁਰ ਦੀਨ ਦਇਆਲਾ ।।
ਦਾਸ ਅਪਨੇ ਆਪਿ ਰਾਖੇ।। ਘਟਿ ਘਟਿ ਸਬਦੁ ਸੁਭਾਖੇ।। ੧।।

(ਸੋਰਠਿ ਮ: ੫, ਆ. ਗ੍ਰੰ. ਪੰਨਾ ੧)

ਸਪਾਧੇ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਡਰ ਕੇ ਪ੍ਰਿਥੀਏ ਦੀ ਸਾਰੀ ਕਰਤੂਤ ਦਾ ਭਾਂਡਾ ਫੋੜ ਦਿੱਤਾ।

ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਵਤਾਰ ਤੋਂ ਕੁਝ ਚਿਰ ਪਿੱਛੋਂ ਸ੍ਰੀ ਅੰਮ੍ਰਿਤਸਰ ਜੀ ਚਲੇ ਗਏ। ਪ੍ਰਿਥੀਏ ਨੇ ਸਾਹਿਬਜ਼ਾਦੇ ਹਰਿਗੋਬਿੰਦ ਦੇ ਮਾਰਨ ਲਈ ਗੁਰੂ ਜੀ ਦੇ ਖਿਡਾਵੇ ਬ੍ਰਾਹਮਣ ਨੂੰ ਪੰਜ ਸੌ ਰੁਪਿਆ ਦੇਣਾ ਕੀਤਾ। ਇਸ ਮੂਰਖ ਬ੍ਰਾਹਮਣ ਨੇ ਦਹੀਂ ਵਿਚ ਜ਼ਹਿਰ ਮਿਲਾ ਕੇ ਸਾਹਿਬਜ਼ਾਦੇ ਨੂੰ ਖਾਣ ਵਾਸਤੇ ਦਿੱਤੀ। ਆਪ ਨੇ ਖਾਣ ਤੋਂ ਸਿਰ ਫੇਰਿਆ ਤੇ ਰੋ ਪਏ। ਬਾਲਕ ਦਾ ਰੋਣਾ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਆਏ ਤੇ ਆਪ ਨੇ ਬ੍ਰਾਹਮਣ ਦੇ ਹੱਥੋਂ ਦਹੀਂ ਲੈ ਕੇ ਕੁੱਤੇ ਨੂੰ ਪਾਈ, ਜੋ ਕੁੱਤਾ ਖਾਂਦਿਆਂ ਸਾਰ ਮਰ ਗਿਆ। ਭਾਈ ਗੁਰਦਾਸ ਜੀ ਆਦਿਕ ਗੁਰ ਸਿਖਾਂ ਨੇ ਬ੍ਰਾਹਮਣ ਨੂੰ ਤਾੜ ਕੇ ਪੁੱਛਿਆ ਤਾਂ ਉਸ ਨੇ ਪ੍ਰਿਥੀਏ ਦੀ ਸਾਰੀ ਕਰਤੂਤ ਦਸ ਦਿੱਤੀ। ਬ੍ਰਾਹਮਣ ਨੂੰ ਕੁਝ ਚਿਰ ਪਿਛੋਂ ਸੂਲ ਉਠਿਆ ਤੇ ਤੜਫ ਤੜਫ ਕੇ ਮਰ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਵੇਲੇ ਹੇਠ ਲਿਖਿਆ ਸ਼ਬਦ ਉਚਾਰਕੇ ਅਕਾਲ ਪੁਰਖ ਦਾ ਧੰਨਵਾਦ ਕੀਤਾ–

ਲੇਪੁ ਨ ਲਾਗੋ ਤਿਲ ਕਾ ਮੂਲਿ।।
ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ।। ੧।।
ਹਰਿਜਨ ਰਾਖੇ ਪਾਰਬ੍ਰਹਮਿ ਆਪਿ।।
ਪਾਪੀ ਮੂਆ ਗੁਰ ਪਰਤਾਪਿ।। ੧।। ਰਹਾਉ।।
ਅਪਣਾ ਖਸਮੁ ਜਨਿ ਆਪਿ ਧਿਆਇਆ।।

ਇਆਣਾ ਪਾਪੀ ਓਹੁ ਆਪਿ ਪਚਾਇਆ।। ੨।।
ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ।।
ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ।। ੩।।
ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ।।
ਮਲੇਛੁ ਪਾਪੀ ਪਚਿਆ ਭਇਆ ਨਿਰਾਸੁ।। ੪।। ੯।।

(ਭੈਰਉ ਮ: ੫, ਆ.ਗ੍ਰੰ. ਪੰਨਾ ੧੧੩੭)

## ਸਤਿਗੁਰੂ ਜੀ ਦੇ ਮਹਿਲ ਤੇ ਸੰਤਾਨ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪਹਿਲਾ ਅਨੰਦ ਕਾਰਜ ਸੰਮਤ ੧੬੬੧ ਵਿਚ ਭਾਈ ਨਰੈਣ ਦਾਸ ਖੱਤਰੀ ਦੀ ਸਪੁੱਤ੍ਰੀ ਸ੍ਰੀ ਦਮੋਦਰੀ ਜੀ ਨਾਲ ਪਿੰਡ ਡੱਲਾ (ਰਿਆਸਤ ਕਪੂਰਥਲਾ) ਵਿਖੇ ਹੋਇਆ। ਮਾਤਾ ਦਮੋਦਰੀ ਜੀ ਦੀ ਕੁਖੋਂ ਬਾਬਾ ਗੁਰਦਿਤਾ ਜੀ, ਅਣੀ ਰਾਇ ਜੀ ਤੇ ਬੀਬੀ ਵੀਰੋ ਨੇ ਜਨਮ ਲਿਆ। ਦੂਜਾ ਅਨੰਦ ਕਾਰਜ ਸੰਮਤ ੧੬੭੦ ਵਿਚ ਭਾਈ ਹਰੀ ਚੰਦ ਖੱਤ੍ਰੀ ਬਕਾਲੇ ਵਾਲੇ ਦੀ ਸਪੁੱਤਰੀ ਸ੍ਰੀ ਨਾਨਕੀ ਜੀ ਨਾਲ ਹੋਇਆ, ਜਿਨ੍ਹਾਂ ਦੀ ਕੁਖੋਂ ਬਾਬਾ ਅਟੱਲ ਰਾਇ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਪ੍ਰਗਟ ਹੋਏ। ਸਤਿਗੁਰੂ ਜੀ ਦਾ ਤੀਜਾ ਅਨੰਦ ਕਾਰਜ ਸੰਮਤ ੧੬੭੬ ਵਿਚ ਭਾਈ ਦਇਆ ਰਾਮ ਜੀ ਦੀ ਸਪੁੱਤ੍ਰੀ ਸ੍ਰੀ ਮਹਾਂ ਦੇਵੀ ਜੀ ਨਾਲ ਮੰਡਿਆਲੀ ਵਿਖੇ ਹੋਇਆ। ਇਨ੍ਹਾਂ ਤੋਂ ਬਾਬਾ ਸੂਰਜ ਮਲ ਜੀ ਪੈਦਾ ਹੋਏ।

## ਗੁਰ ਗੱਦੀ

ਸ੍ਰੀ ਪੰਚਮ ਪਾਤਸ਼ਾਹ ਜੀ ਲਾਹੌਰ ਜਾਣ ਲਗੇ ਜੇਠ ਵਦੀ ੮ ਸੰਮਤ ੧੬੬੩ ਨੂੰ ਗੁਰ ਗੱਦੀ ਲਈ ਆਪ ਨੂੰ ਨੀਯਤ ਕਰ ਗਏ ਸਨ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪਿੱਛੋਂ ਸੰਗਤਾਂ ਨੇ ਆਪ ਨੂੰ ਗੁਰ-ਗੱਦੀ ਦੇ ਸਿੰਘਾਸਨ ਤੇ ਬਿਠਾਇਆ ਤੇ ਸ੍ਰੀਮਾਨ ਬਾਬਾ ਬੁੱਢਾ ਜੀ ਨੇ ਤਿਲਕ ਲਾ ਕੇ ਪਹਿਲੀ ਮਰਯਾਦਾ ਅਨੁਸਾਰ ਸੇਹਲੀ ਟੋਪੀ ਪੇਸ਼ ਕੀਤੀ। ਦੁਸ਼ਟ-ਦਮਨ, ਸਤਿਗੁਰੂ ਜੀ ਨੇ ਬਾਬਾ ਜੀ ਨੂੰ ਆਖਿਆ, ਸੇਹਲੀ ਟੋਪੀ ਤੋਸ਼ੇਖਾਨੇ ਭੇਜ ਦਿਓ ਤੇ ਸਾਡੇ ਲਈ ਸ੍ਰੀ ਸਾਹਿਬ ਲਿਆਓ। ਬਾਬਾ ਬੁੱਢਾ ਜੀ ਨੇ ਹੁਕਮ ਮੰਨ ਕੇ ਆਪ ਨੂੰ ਮੀਰੀ ਤੇ ਪੀਰੀ ਦੀਆਂ ਦੋ ਸ੍ਰੀ ਸਾਹਿਬਾਂ ਪਹਿਨਾਈਆਂ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰ-ਗੱਦੀ ਤੇ ਬੈਠਕੇ ਰਾਜ ਜੋਗ ਸ਼ੁਰੂ ਕੀਤਾ। ਸਿਖ ਸੰਗਤਾਂ ਤੇ ਮਸੰਦਾਂ

ਨੂੰ ਚੰਗੇ-ਚੰਗੇ ਸ਼ਸਤ੍ਰ ਤੇ ਘੋੜੇ ਲਿਆਉਣ ਲਈ ਹੁਕਮ ਨਾਮੇ ਭੇਜੇ। ਭਾਈ ਬਿਧੀ ਚੰਦ, ਭਾਈ ਜੇਠਾ, ਭਾਈ ਪੈੜਾ ਆਦਿਕ ਸੂਰਬੀਰ ਗੁਰ ਸਿਖਾਂ ਦੀ ਕਮਾਨ ਹੇਠ ਫ਼ੌਜ ਤਿਆਰ ਕੀਤੀ, ਜਿਸ ਵਿਚ ਪੈਂਦੇ ਖਾਂ ਵਰਗੇ ਚੰਗੇ ਚੰਗੇ ਬਹਾਦਰਾਂ ਨੂੰ ਭਰਤੀ ਕਰਨਾ ਸ਼ੁਰੂ ਕੀਤਾ। ਸਿਖਾਂ ਵਿਚ ਸੂਰਬੀਰਤਾ ਦੀ ਸਪਿਰਿਟ ਪੈਦਾ ਕਰਨ ਵਾਸਤੇ ਢਾਡੀਆਂ ਪਾਸੋਂ ਸੂਰਬੀਰਾਂ ਦੀਆਂ ਵਾਰਾਂ ਸੁਣਨੀਆਂ ਸ਼ੁਰੂ ਕੀਤੀਆਂ। ਰਾਜ ਸਿੰਘਾਸਨ ਵਾਸਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਕੀਤੀ। ਇਥੇ ਬੈਠ ਕੇ ਸਤਿਗੁਰੂ ਜੀ ਲੋਕਾਂ ਦੇ ਝਗੜੇ ਸੁਣਦੇ ਤੇ ਪੂਰਾ ਪੂਰਾ ਇਨਸਾਫ਼ ਕਰਦੇ, ਜਿਸ ਕਰਕੇ ਸਿਖ ਸੰਗਤਾਂ ਤੋਂ ਬਿਨਾਂ ਅਨਮਤੀ ਲੋਕ ਵੀ ਆਪ ਨੂੰ ਸੱਚਾ ਪਾਤਸ਼ਾਹ ਸੱਦਣ ਲਗ ਪਏ।

## ਬੰਦੀ-ਛੋੜ ਦਾਤਾ

ਥੋੜ੍ਹੇ ਚਿਰ ਵਿਚ ਹੀ ਆਪ ਜੀ ਕੋਲ ਬਹੁਤ ਸਾਰੀ ਫ਼ੌਜ ਜਮ੍ਹਾਂ ਹੋ ਗਈ। ਆਪ ਜੀ ਨੇ ਸ੍ਰੀ ਅੰਮ੍ਰਿਤਸਰ ਜੀ ਵਿਚ ਕਿਲ੍ਹਾ ਲੋਹਗੜ੍ਹ ਬਣਵਾਇਆ ਤੇ ਜੰਗੀ ਸਮਾਨ ਉਥੇ ਇਕੱਠਾ ਕਰਨ ਲਗੇ। ਸਤਿਗੁਰੂ ਜੀ ਦਾ ਸ਼ਾਹੀ ਠਾਠ ਦਿਨੋਂ ਦਿਨ ਚੜ੍ਹਦੀਆਂ ਕਲਾਂ ਵਿਚ ਜਾ ਰਿਹਾ ਸੀ ਤੇ ਚੰਦੂ ਨੂੰ ਆਪਣੇ ਕੀਤੇ ਪਾਪਾਂ ਦਾ ਫ਼ਿਕਰ ਪੈ ਰਿਹਾ ਸੀ। ਇਸ ਲਈ ਚੰਦੂ ਨੇ ਸੂਬਾ ਕਾਸਮ ਬੇਗ ਲਾਹੌਰ ਨੂੰ ਚੁਕ ਕੇ ਉਸ ਪਾਸੋਂ ਗੁਰੂ ਜੀ ਦੇ ਵਿਰੁਧ ਰਿਪੋਰਟ ਕਰਾਈ ਜਿਸ ਦਾ ਭਾਵ ਸੀ ਕਿ 'ਗੁਰੂ ਹਰਿਗੋਬਿੰਦ ਨੇ ਪਹਿਲੀ ਪੀਰਾਂ ਵਾਲੀ ਮਰਯਾਦਾ ਛੱਡਕੇ ਫ਼ੌਜਾਂ ਰਖ ਲਈਆਂ ਨੇ ਤੇ ਤਖ਼ਤ ਤੇ ਬਹਿਕੇ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਕਹਾਉਂਦਾ ਏ। ਸਾਰੇ ਪੰਜਾਬ ਦੇ ਲੋਕ ਇਸ ਦੇ ਮੁਰੀਦ ਹਨ। ਸਿਖਾਂ ਨੂੰ ਸ਼ਸਤ੍ਰ ਵਿਦਿਆ ਸਿਖਾ ਕੇ ਜੰਗੀ ਸਾਮਾਨ ਇਕੱਠਾ ਕਰ ਰਿਹਾ ਹੈ।' ਇਹ ਰਿਪੋਰਟ ਸੂਬੇ ਲਾਹੌਰ ਵਲੋਂ ਸੁਣਾ ਕੇ ਚੰਦੂ ਨੇ ਜਹਾਂਗੀਰ ਨੂੰ ਕਿਹਾ, 'ਸਰਕਾਰ ਨੇ ਗੁਰੂ ਅਰਜਨ (ਦੇਵ ਜੀ) ਨੂੰ ਖੁਸਰੋ ਦੀ ਮਦਦ ਕਰਨ ਤੇ ਦੋ ਲੱਖ ਰੁਪਿਆ ਜੁਰਮਾਨਾ ਕੀਤਾ ਸੀ, ਉਹ ਭੀ ਅਜੇ ਵਸੂਲ ਨਹੀਂ ਹੋਇਆ, ਜੋ ਗੁਰੂ ਹਰਿਗੋਬਿੰਦ ਪਾਸੋਂ ਵਸੂਲ ਕਰਨਾ ਚਾਹੀਦਾ ਏ। ਇਹ ਰਿਪੋਰਟ ਸੁਣ ਕੇ ਜਹਾਂਗੀਰ ਨੇ ਸਤਿਗੁਰੂ ਜੀ ਨੂੰ ਵਜ਼ੀਰ ਖਾਂ ਤੇ ਗੁੰਚਹ ਬੇਗ ਖਾਂ ਦੀ ਰਾਹੀਂ ਦਿਲੀ ਸੱਦਿਆ। ਆਪ ਦੇਸ ਵਿਚ ਪ੍ਰਚਾਰ ਕਰਦੇ ਦਿਲੀ ਪਹੁੰਚੇ ਤੇ ਮਜਨੂੰ ਦੇ ਟਿੱਲੇ ਉਤਾਰਾ ਕੀਤਾ। ਦਿਲੀ ਦੀ ਸੰਗਤ ਦਰਸ਼ਨ ਕਰਕੇ ਨਿਹਾਲ ਹੋਈ। ਜਹਾਂਗੀਰ ਦੀ ਆਪ ਨਾਲ ਮੁਲਾਕਾਤ ਹੋਈ ਤਾਂ ਉਹ ਸਤਿਗੁਰੂ ਜੀ ਦੇ ਅੰਮ੍ਰਿਤ ਬਚਨ ਸੁਣਕੇ ਬੜਾ ਖੁਸ਼ ਹੋਇਆ। ਬਾਦਸ਼ਾਹ ਆਗਰੇ ਨੂੰ ਜਾ ਰਿਹਾ ਸੀ, ਇਸ ਲਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਭੀ ਆਪਣੇ ਨਾਲ ਆਗਰੇ

ਲੈ ਗਿਆ। ਰਸਤੇ ਵਿਚ ਇਕ ਥਾਂ ਤੇ ਜਹਾਂਗੀਰ ਦੇ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਤੰਬੂ ਨੇੜੇ ਨੇੜੇ ਲਗੇ ਹੋਏ ਸਨ। ਇਕ ਗ਼ਰੀਬ ਘਾਹੀ ਸਿਖ ਦਰਸ਼ਨ ਕਰਨ ਆਇਆ ਤੇ ਭੁਲੇਖੇ ਨਾਲ ਜਹਾਂਗੀਰ ਦੇ ਤੰਬੂ ਵਿਚ ਜਾ ਵੜਿਆ। ਸਿਖ ਨੇ ਟਕਾ ਰਖ ਕੇ ਅਰਦਾਸ ਕੀਤੀ, ਸੱਚੇ ਪਾਤਸ਼ਾਹ ! ਜਿਵੇਂ ਸਿਖੀ ਸਿਦਕ ਬਖ਼ਸ਼ਿਆ ਜੇ ਤਿਵੇਂ ਅੰਤ ਵੇਲੇ ਭੀ ਸਹਾਈ ਹੋਣਾ। ਜਹਾਂਗੀਰ ਨੇ ਸਿਖ ਦਾ ਸਿਦਕ ਵੇਖ ਕੇ ਕਿਹਾ, ਸੱਚੇ ਪਾਤਸ਼ਾਹ ਦਾ ਤੰਬੂ ਸਾਹਮਣੇ ਹੈ, ਮੈਂ ਤਾਂ ਝੂਠਾ ਪਾਤਸ਼ਾਹ ਹਾਂ। ਇਹ ਸੁਣਦਿਆਂ ਹੀ ਸਿਖ ਨੇ ਟਕਾ ਚੁਕ ਲਿਆ ਤੇ ਸਤਿਗੁਰੂ ਜੀ ਦੇ ਦਰਬਾਰ ਵਿਚ ਆ ਮੱਥਾ ਟੇਕਿਆ। ਮੀਰੀ ਪੀਰੀ ਦੇ ਮਾਲਕ ਨੇ ਸਿਖ ਦਾ ਪ੍ਰੇਮ ਵੇਖ ਕੇ "ਨਾਨਕ ਨਦਰੀ ਨਦਰਿ ਨਿਹਾਲ" ਕਰ ਦਿਤਾ। ਇਕ ਦਿਨ ਸਤਿਗੁਰ ਜੀ ਤੇ ਜਹਾਂਗੀਰ ਰਲ ਕੇ ਸ਼ਿਕਾਰ ਨੂੰ ਗਏ। ਇਕ ਸ਼ੇਰ ਜਹਾਂਗੀਰ ਤੇ ਹਮਲਾ ਕਰਨ ਲੱਗਾ ਤਾਂ ਸਤਿਗੁਰੂ ਜੀ ਨੇ ਬੜੀ ਫੁਰਤੀ ਨਾਲ ਸ਼ੇਰ ਦੇ ਵਾਰ ਨੂੰ ਆਪਣੀ ਢਾਲ ਤੇ ਝਲ ਕੇ ਖੰਡੇ ਨਾਲ ਚੀਰ ਸੁਟਿਆ।

ਸਤਿਗੁਰੂ ਜੀ ਦੀ ਤਾਕਤ ਤੇ ਸਿਖਾਂ ਦੀ ਸਪਿਰਿਟ ਨੂੰ ਵੇਖ ਕੇ ਜਹਾਂਗੀਰ ਸੋਚ ਰਿਹਾ ਸੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖਾਂ ਤੇ ਹਕੂਮਤ ਦਾ ਰੁਅਬ ਨਹੀਂ ਪਾਇਆ। ਸਗੋਂ ਸਿਖ ਹਥਿਆਰਬੰਦ ਤੇ ਮਜ਼ਬੂਤ ਹੋ ਰਹੇ ਹਨ। ਇਸ ਲਈ ਉਸਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰ ਬੰਦ ਕਰ ਦਿੱਤਾ। ਸਤਿਗੁਰੂ ਜੀ ਦੇ ਗਵਾਲੀਅਰ ਪੁਜਣ ਨਾਲ ਸਤਿਸੰਗ ਦਾ ਪ੍ਰਵਾਹ ਜਾਰੀ ਹੋ ਗਿਆ। ਜੋ ੫੨ ਰਾਜੇ ਪਹਿਲੇ ਉਥੇ ਕੈਦ ਸਨ, ਗੁਰੂ ਜੀ ਦੇ ਸ਼ਰਧਾਲੂ ਹੋ ਗਏ ਤੇ ਸਤਿਸੰਗ ਵਿਚ ਆਉਣ ਲਗੇ। ਹਕੂਮਤ ਵਲੋਂ ਸੌ ਰੁਪਿਆ ਰੋਜ਼ ਖ਼ਰਚ ਵਾਸਤੇ ਮਿਲਦਾ ਸੀ, ਆਪ ਜੀ ਉਸ ਦਾ ਕੜਾਹ ਪ੍ਰਸ਼ਾਦ ਬਣਾ ਕੇ ਵੰਡ ਦੇਂਦੇ ਤੇ ਆਪ ਭਾਈ ਜੇਠਾ ਜੀ ਦੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿਚੋਂ ਪ੍ਰਸ਼ਾਦ ਛਕਦੇ। ਚੰਦੂ ਨੇ ਕਿਲ੍ਹੇ ਦੇ ਦਰੋਗੇ ਹਰਿਦਾਸ ਨੂੰ ਜ਼ਹਿਰੀਲੀ ਪੁਸ਼ਾਕ ਭੇਜ ਕੇ ਗੁਰੂ ਜੀ ਨੂੰ ਮਾਰਨ ਵਾਸਤੇ ਪ੍ਰੇਰਿਆ। ਹਰਿਦਾਸ ਨੇ ਇਸ ਦੀ ਇਹ ਕਰਤੂਤ ਸਤਿਗੁਰੂ ਜੀ ਕੋਲ ਪ੍ਰਗਟ ਕਰ ਦਿੱਤੀ। ਗੁਰੂ ਜੀ ਦੇ ਗਵਾਲੀਅਰ ਵਿਚ ਕੈਦ ਕਰਨ ਦਾ ਸਿਖ ਸੰਗਤਾਂ ਨੂੰ ਪਤਾ ਲਗਾ ਤਾਂ ਜੋਸ਼ ਠਾਠਾਂ ਮਾਰਨ ਲਗਾ ਤੇ ਜਥਿਆਂ ਦੇ ਜਥੇ ਗਵਾਲੀਅਰ ਆਉਣੇ ਸ਼ੁਰੂ ਹੋ ਗਏ। ਅੰਦਰ ਜਾਣ ਦੀ ਕਿਸੇ ਨੂੰ ਆਗਿਆ ਨਹੀਂ ਸੀ, ਇਸ ਲਈ ਸਿਖ ਬਾਹਰੋਂ ਹੀ ਮਥਾ ਟੇਕ ਵਾਪਸ ਮੁੜ ਜਾਂਦੇ। ਸਿਖਾਂ ਵਿਚ ਹਕੂਮਤ ਦੇ ਬਰਖਿਲਾਫ਼ ਐਜੀਟੇਸ਼ਨ ਫੈਲਣ ਲੱਗੀ। ਜਹਾਂਗੀਰ ਨੂੰ ਭਾਈ ਜੇਠਾ ਜੀ, ਸਾਈਂ ਮੀਆਂ ਮੀਰ ਤੇ ਵਜ਼ੀਰ ਖਾਂ ਵਰਗੇ ਨੇਕ ਬੰਦਿਆਂ ਨੇ ਸਮਝਾਇਆ ਤਾਂ ਇਸ ਨੇ ਗੁਰੂ ਜੀ ਦੀ ਰਿਹਾਈ ਦਾ ਹੁਕਮ ਜਾਰੀ

ਕੀਤਾ। ਵਜ਼ੀਰ ਖਾਂ ਗੁਰੂ ਜੀ ਨੂੰ ਲੈਣ ਵਾਸਤੇ ਗਵਾਲੀਅਰ ਗਿਆ। ਸਤਿਗੁਰੂ ਜੀ ਦੀ ਰਿਹਾਈ ਸੁਣਕੇ ਰਾਜੇ ਗੁਰੂ ਜੀ ਕੋਲ ਰੋ ਪਏ। ਆਪ ਨੇ ਵਜ਼ੀਰ ਖਾਂ ਨੂੰ ਕਿਹਾ, ਜੇ ਇਨ੍ਹਾਂ ਨੂੰ ਵੀ ਛਡਿਆ ਜਾਵੇ ਤਾਂ ਅਸੀਂ ਬਾਹਰ ਆਵਾਂਗੇ। ਜਹਾਂਗੀਰ ਨੂੰ ਇਸ ਗੱਲ ਦਾ ਪਤਾ ਲੱਗਾ, ਉਸਨੇ ਰਾਜਿਆਂ ਦੀ ਰਿਹਾਈ ਦਾ ਹੁਕਮ ਜਾਰੀ ਕੀਤਾ ਤੇ ਸਤਿਗੁਰੂ ਜੀ ਨੂੰ ਲਿਖ ਭੇਜਿਆ, ਜਿਹੜੇ ਆਪ ਦਾ ਪਲਾ ਫੜ ਕੇ ਬਾਹਰ ਆ ਜਾਣ, ਛਡ ਦਿੱਤੇ ਜਾਣਗੇ। ਸਤਿਗੁਰੂ 'ਪੰਜਾਹ ਕਲੀਆ' ਚੋਗਾ ਪਹਿਨਦੇ ਸਨ। ਚੋਗੇ ਦੀ ਇਕ ਇਕ ਕਲੀ ਪੰਜਾਹਾਂ ਨੇ ਫੜ ਲਈ ਤੇ ਦੋ ਤਣੀਆਂ ਫੜ ਕੇ ਬਾਹਰ ਆ ਗਏ। ੫੨ ਰਾਜਿਆਂ ਨੂੰ ਕੈਦ ਵਿਚੋਂ ਛੁਡਾਉਣ ਕਰਕੇ ਆਪ ਦਾ ਨਾਮ "ਬੰਦੀ-ਛੋੜ ਦਾਤਾ" ਪ੍ਰਸਿੱਧ ਹੋ ਗਿਆ। ਗਵਾਲੀਅਰ ਦੇ ਕਿਲ੍ਹੇ ਵਿਚ ਏਸ ਥਾਂ ਤੇ 'ਬੰਦੀ-ਛੋੜ ਦਾਤਾ' ਦੇ ਅੱਖਰ ਲਿਖੇ ਹੋਏ ਹਨ ਅਤੇ ਇਥੇ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਵਜ਼ੀਰ ਖਾਂ ਗੁਰੂ ਜੀ ਨੂੰ ਬੜੇ ਸਤਿਕਾਰ ਨਾਲ ਦਿੱਲੀ ਲਿਆਇਆ। ਬਾਦਸ਼ਾਹ ਜਹਾਂਗੀਰ ਭੇਟਾ ਲੈ ਕੇ ਅਗੋਂ ਮਿਲਿਆ ਤੇ ਆਪਣੀ ਗ਼ਲਤੀ ਦੀ ਮੁਆਫ਼ੀ ਮੰਗੀ। ਦਿਲੀ ਵਿਚ ਜਹਾਂਗੀਰ ਨੇ ਗੁਰੂ ਜੀ ਨੂੰ ਖ਼ੁਸ਼ ਕਰਨ ਵਾਸਤੇ ਚੰਦੂ ਪਾਪੀ ਨੂੰ ਆਪ ਦੇ ਹਵਾਲੇ ਕਰ ਦਿੱਤਾ। ਸਿੱਖਾਂ ਨੇ ਇਸ ਨੂੰ ਪੰਜ ਪੰਜ ਜੁੱਤੀਆਂ ਮਾਰੀਆਂ ਤੇ ਸ੍ਰੀ ਅੰਮ੍ਰਿਤਸਰ ਜੀ ਲੈ ਆਏ। ਸਤਿਗੁਰੂ ਜੀ ਦੇ ਸ੍ਰੀ ਅੰਮ੍ਰਿਤਸਰ ਪੁੱਜਣ ਤੇ ਸੰਗਤਾਂ ਨੇ ਦੀਪਮਾਲਾ ਕੀਤੀ ਅਤੇ ਬੜੀਆਂ ਖ਼ੁਸ਼ੀਆਂ ਮਨਾਈਆਂ।

## ਚੰਦੂ ਪਾਪੀ ਦੀ ਮੌਤ

ਸ੍ਰੀ ਅੰਮ੍ਰਿਤਸਰ ਵਿਚ ਕੁਝ ਚਿਰ ਨਿਵਾਸ ਕਰਕੇ ਸਤਿਗੁਰੂ ਜੀ ਲਾਹੌਰ ਗਏ। ਲਾਹੌਰ ਦੀਆਂ ਸੰਗਤਾਂ ਦਰਸ਼ਨ ਕਰਨ ਆਈਆਂ ਤੇ ਚੰਦੂ ਪਾਪੀ ਦੀ ਦੁਰਦਸ਼ਾ ਵੇਖਕੇ ਸਭ ਨੇ ਉਸ ਨੂੰ ਫ਼ਿਟਕਾਰਾਂ ਪਾਈਆਂ। ਭਾਈ ਬਿਧੀ ਚੰਦ ਜੀ ਤੇ ਭਾਈ ਜੇਠਾ ਜੀ ਨੇ ਚੰਦੂ ਨੂੰ ਹੱਟੀ ਹੱਟੀ ਫਿਰਾ ਇਸ ਪਾਸੋਂ ਕੌਡੀਆਂ ਮੰਗਾਣੀਆਂ ਸ਼ੁਰੂ ਕੀਤੀਆਂ। ਜਦੋਂ ਇਹ ਗੁਰਦਿਤੇ ਭੜਭੂੰਜੇ (ਜਿਸ ਪਾਸੋਂ ਇਸ ਦੁਸ਼ਟ ਨੇ ਜਬਰਨ ਗੁਰੂ ਜੀ ਤੇ ਤੱਤੀ ਰੇਤ ਪਵਾਈ ਸੀ) ਦੀ ਹੱਟੀ ਤੇ ਪੁੱਜਾ ਤਾਂ ਭੜਭੂੰਜੇ ਨੇ ਤੱਤੀ ਰੇਤ ਦਾ ਕੜਛਾ ਮਾਰਿਆ ਜਿਸ ਨਾਲ ਇਹ ਤੜਫ ਤੜਫ ਕੇ ਮਰ ਗਿਆ ਤੇ ਇਸ ਦੀ ਲਾਸ਼ ਰਾਵੀ ਦੇ ਕੰਢੇ ਕੁੱਤਿਆਂ ਅਗੇ ਸੁੱਟੀ ਗਈ। ਗੁਰਬਾਣੀ ਦਾ ਮਹਾਂ ਵਾਕ ਹੈ :-

ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ॥ ੩॥

(ਆਸਾ ਮ: ੫, ਆ. ਗ੍ਰੰ. ਪੰਨਾ ੪੦੬)

 www.sikhbookclub.com

# ਪ੍ਰਚਾਰ, ਜੰਗ ਤੇ ਅਸਥਾਨ ਬਨਾਉਣੇ

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਲਾਹੌਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਅਸਥਾਨ ਤੇ ਗੁਰਦਵਾਰਾ ਡੇਹਰਾ ਸਾਹਿਬ ਬਣਵਾਇਆ। ਇਸ ਤੋਂ ਪਿੱਛੋਂ ਸਤਿਗੁਰੂ ਜੀ ਸ੍ਰੀ ਨਗਰ ਕਸ਼ਮੀਰ ਵਿਚ ਸਿਖੀ ਪ੍ਰਚਾਰ ਕਰਨ ਗਏ, ਉਥੋਂ ਮੁਜ਼ਫ਼ਰਾਬਾਦ, ਗੁਜਰਾਤ, ਵਜ਼ੀਰਾਬਾਦ ਤੋਂ ਹੁੰਦੇ ਹੋਏ ਸ੍ਰੀ ਨਨਕਾਣੇ ਸਾਹਿਬ ਪੁੱਜੇ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸਥਾਨਾਂ ਦੀ ਸੰਭਾਲ ਕੀਤੀ। ਕਸ਼ਮੀਰ ਦੀ ਵਾਪਸੀ ਤੋਂ ਪਿਛੋਂ ਬਿਆਸਾ ਦੇ ਕੰਢੇ ਸ੍ਰੀ ਹਰ ਗੋਬਿੰਦ ਪੁਰਾ ਵਸਾਇਆ। ਮਾਝੇ ਮਾਲਵੇ ਤੋਂ ਹੁੰਦੇ ਹੋਏ ਨਾਨਕ ਮਤੇ ਪੁੱਜੇ। ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਜਿਸ ਪਿੱਪਲ ਥੱਲੇ ਬੈਠੇ ਸਨ ਉਸ ਨੂੰ ਜੋਗੀਆਂ ਨੇ ਸਾੜ ਦਿੱਤਾ ਸੀ। ਆਪ ਨੇ ਜੋਗੀਆਂ ਨੂੰ ਸ਼ਿਕਸਤ ਦਿੱਤੀ ਤੇ ਪਿੱਪਲ ਨੂੰ ਕੇਸਰ ਦੇ ਛਿੱਟੇ ਦੇ ਕੇ ਹਰਾ ਕੀਤਾ। ਪਿੱਪਲ ਦੇ ਪੱਤਿਆਂ ਤੇ ਅਜੇ ਭੀ ਕੇਸਰ ਦਾ ਨਿਸ਼ਾਨ ਲੱਗਾ ਹੁੰਦਾ ਹੈ। ਸਤਿਗੁਰੂ ਜੀ ਨੇ ਫੇਰ ਕੀਰਤਪੁਰ ਵਸਾਇਆ। ਸ੍ਰੀ ਅੰਮ੍ਰਿਤਸਰ ਵਿਚ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬਿਬੇਕ ਸਰ, ਕੌਲਸਰ ਸਰੋਵਰ ਬਣਵਾਏ। ਸੰਮਤ ੧੬੮੦ ਵਿਚ ਜਹਾਂਗੀਰ ਬਾਦਸ਼ਾਹ ਮਰ ਗਿਆ। ਇਸ ਤੋਂ ਪਿੱਛੋਂ ਚੁਗਲਾਂ ਨੇ ਹਕੂਮਤ ਨੂੰ ਗੁਰੂ ਜੀ ਦੇ ਵਿਰੁਧ ਚੁਕਿਆ, ਜਿਸ ਕਰਕੇ ਸ਼ਾਹੀ ਸੈਨਾ ਨਾਲ ਚਾਰ ਬੜੇ ਭਾਰੇ ਜੰਗ ਹੋਏ। ਪਹਿਲਾ ਜੰਗ ਸੰਮਤ ੧੬੮੫ ਵਿਚ ਕਿਲ੍ਹਾ ਲੋਹਗੜ੍ਹ ਸ੍ਰੀ ਅੰਮ੍ਰਿਤਸਰ ਵਿਖੇ, ਦੂਸਰਾ ਸ੍ਰੀ ਹਰਿ ਗੋਬਿੰਦ ਪੁਰ, ਤੀਸਰਾ ਨਥਾਣੇ ਦੀ ਢਾਬ ਤੇ ਗੁਰੂ ਸਰ ਮਰਾਝ ਦੇ ਕੋਲ ਕਮਰ ਬੇਗ ਤੇ ਲਲਾ ਬੇਗ ਨਾਲ ਹੋਇਆ। ਇਨ੍ਹਾਂ ਤਿੰਨਾਂ ਜੰਗਾਂ ਵਿਚ ਹੀ ਸਤਿਗੁਰੂ ਜੀ ਦੀ ਫ਼ਤਹਿ ਹੋਈ। ਇਸ ਤੋਂ ਪਿਛੋਂ ਸਤਿਗੁਰੂ ਜੀ ਕੀਰਤਪੁਰ ਆ ਗਏ। ਕੁਝ ਚਿਰ ਇਥੇ ਰਹੇ ਤੇ ਫੇਰ ਕਰਤਾਰਪੁਰ ਚਲੇ ਆਏ। ਸੰਮਤ ੧੬੯੦ ਨੂੰ ਵਿਸਾਖੀ ਤੇ ਇਥੇ ਸਿਖ ਸੰਗਤਾਂ ਦਾ ਬੜਾ ਭਾਰੀ ਜੋੜ ਮੇਲ ਹੋਇਆ। ਸੰਗਤਾਂ ਵਲੋਂ ਮਾਇਆ, ਸ਼ਸਤ੍ਰ ਘੋੜੇ ਆਦਿਕ ਬੇਅੰਤ ਵਸਤਾਂ ਗੁਰੂ ਕੇ ਖ਼ਜ਼ਾਨੇ ਹਾਜ਼ਰ ਹੋਈਆਂ। ਇਨ੍ਹਾਂ ਵਿਚੋਂ ਆਪ ਜੀ ਨੇ ਜੜਾਊ ਮੁਠ ਵਾਲੀ ਤਲਵਾਰ, ਪੁਸ਼ਾਕ ਅਤੇ ਘੋੜਾ ਪੈਂਦੇ ਖ਼ਾਂ ਨੂੰ ਬਖਸ਼ਿਆ ਤੇ ਹੁਕਮ ਕੀਤਾ, ਇਹ ਪੁਸ਼ਾਕ ਦਰਬਾਰ ਵਿਚ ਪਾ ਕੇ ਆਇਆ ਕਰ। ਪੈਂਦੇ ਖ਼ਾਂ ਕੋਲੋਂ ਇਹ ਚੀਜ਼ਾਂ ਉਸ ਦੇ ਜਵਾਈ ਉਸਮਾਨ ਖ਼ਾਂ ਨੇ ਲੈ ਲਈਆਂ। ਵਧੀਆ ਪੁਸ਼ਾਕ ਪਾ ਕੇ ਉਸਮਾਨ ਖ਼ਾਂ ਸ਼ਿਕਾਰ ਨੂੰ ਗਿਆ, ਅਗੋ ਟਿੱਕਾ ਗੁਰਦਿੱਤਾ ਜੀ ਸ਼ਿਕਾਰ ਖੇਡ ਰਹੇ ਸਨ। ਉਸਮਾਨ ਖ਼ਾਂ ਨੇ ਉਨ੍ਹਾਂ ਦਾ ਬਾਜ਼ ਛੁਪਾ ਲੀਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਪਤਾ ਲਗਾ ਤਾਂ ਆਪ ਨੇ ਪੈਂਦੇ ਖ਼ਾਂ

ਨੂੰ ਸੱਦ ਕੇ ਆਖਿਆ, ਉਸਮਾਨ ਖ਼ਾਂ ਪਾਸੋਂ ਟਿਕੇ ਦਾ ਬਾਜ ਲਿਆ ਦੇ। ਪੈਂਦੇ ਖ਼ਾਂ ਨੇ ਅਗੋਂ ਝੂਠ ਬੋਲਿਆ ਤੇ ਨਾਂਹ ਕਰ ਦਿੱਤੀ। ਪੈਂਦੇ ਖ਼ਾਂ ਨਿਮਕ ਹਰਾਮ ਹੋ ਗਿਆ ਤੇ ਸੰਮਤ ੧੬੯੧ ਵਿਚ ਸ਼ਾਹੀ ਸੈਨਾ ਕਰਤਾਰਪੁਰ ਤੇ ਚੜ੍ਹਾ ਲਿਆਇਆ। ਚੌਥਾ ਘਮਸਾਣ ਦਾ ਯੁਧ ਹੋਇਆ, ਜਿਸ ਵਿਚ ਪੈਂਦੇ ਖ਼ਾਂ ਮਾਰਿਆ ਗਿਆ ਤੇ ਸਤਿਗੁਰੂ ਜੀ ਦੀ ਫ਼ਤਿਹ ਹੋਈ।

## ਜੋਤੀ ਜੋਤ ਸਮਾਉਣਾ

ਕਰਤਾਰਪੁਰ ਦਾ ਜੰਗ ਜਿੱਤ ਕੇ, ਆਪ ਸ਼ਹੀਦ ਸਿਖਾਂ ਦਾ ਸਸਕਾਰ ਕਰਕੇ ਤੇ ਪ੍ਰਵਾਰ ਨੂੰ ਨਾਲ ਲੈ ਕੇ ਕੀਰਤਪੁਰ ਚਲੇ ਆਏ। ਸ੍ਰੀ ਬਾਬਾ ਗੁਰਦਿਤਾ ਜੀ ਦੇ ਸਪੁੱਤ੍ਰ ਸ੍ਰੀ ਹਰਿ ਰਾਇ ਜੀ ਨੂੰ ਗੁਰ–ਗੱਦੀ ਲਈ ਯੋਗ ਸਮਝਕੇ ਚੇਤ੍ਰ ਵਦੀ ੧੩ ਸੰਮਤ ੧੭੦੧ ਨੂੰ ਗੁਰ–ਗੱਦੀ ਸੌਂਪ ਦਿੱਤੀ ਤੇ ਆਪ ਚੇਤ੍ਰ ਸੁਦੀ ਪੰਜ ਸੰਮਤ ੧੭੦੧ ਨੂੰ ਗੁਰਦਵਾਰਾ ਪਤਾਲ ਪੁਰੀ ਕੀਰਤਪੁਰ ਦੇ ਅਸਥਾਨ ਤੇ ਜੋਤੀ ਜੋਤ ਸਮਾਏ। ਸਤਿਗੁਰੂ ਜੀ ਦੇ ਜੋਤੀ ਜੋਤ ਸਮਾਉਣ ਨਾਲ ਕਰੁਣਾ ਰਸ ਛਾ ਗਿਆ ਤੇ ਸੰਗਤਾਂ ਅਤੀ ਵੈਰਾਗਵਾਨ ਹੋਈਆਂ। 'ਦਬਿਸਤਾਨਿ ਮਜ਼ਾਹਿਬ' ਦਾ ਲਿਖਾਰੀ ਅੱਖੀਂ ਵੇਖੇ ਹਾਲਾਤ ਲਿਖਦਾ ਹੈ ਕਿ ਗੁਰੂ ਜੀ ਦਾ ਸਰੀਰ ਜਦੋਂ ਚਿਖਾ ਤੇ ਧਰਿਆ ਗਿਆ ਤਾਂ ਰਾਜਾ ਰਾਮ ਪ੍ਰਤਾਪ ਸਿੰਘ ਤੇ ਉਸ ਦੇ ਪੁੱਤ੍ਰ ਰਾਮ ਸਿੰਘ ਨੇ ਗੁਰੂ ਜੀ ਦੇ ਵਿਛੋੜੇ ਵਿਚ ਆਪਣਾ ਸੀਸ ਚਿਖਾ ਤੇ ਜਾ ਟਿਕਾਇਆ ਤੇ ਗੁਰਪੁਰੀ ਪਧਾਰ ਗਏ। ਹੋਰ ਭੀ ਕਈ ਪ੍ਰੇਮੀ ਇਸ ਤਰ੍ਹਾਂ ਕਰਨਾ ਚਾਹੁੰਦੇ ਸਨ, ਪਰ ਸ੍ਰੀ ਗੁਰੂ ਹਰਿ ਰਾਇ ਜੀ ਨੇ ਸਾਰਿਆਂ ਨੂੰ ਭਾਣਾ ਮੰਨਣ ਦਾ ਉਪਦੇਸ਼ ਦੇ ਕੇ ਸ਼ਾਂਤ ਕੀਤਾ।

# ੭. ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

## ਅਵਤਾਰ

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਅਵਤਾਰ ਮਾਘ ਸੁਦੀ ੧੩ ਸੰਮਤ ੧੬੮੭ ਵਿਖੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਪੁੱਤ੍ਰ ਸ੍ਰੀ ਬਾਬਾ ਗੁਰਦਿੱਤਾ ਜੀ ਦੇ ਘਰ ਮਾਤਾ ਨਿਹਾਲ ਕੌਰ ਦੀ ਕੁਖੋਂ ਕੀਰਤਪੁਰ ਵਿਖੇ ਹੋਇਆ। ਆਪ ਜੀ ਬਚਪਨ ਤੋਂ ਹੀ ਸੰਤ ਸਰੂਪ, ਹੋਣਹਾਰ, ਨਰਮ ਦਿਲ ਤੇ ਸ਼ੁਭ ਗੁਣਾਂ ਵਾਲੇ ਸਨ। ਆਪ ਦੀ ਨਰਮ ਦਿਲੀ ਦੀਆਂ ਕਈ ਸਾਖੀਆਂ ਇਤਿਹਾਸ ਵਿਚ ਆਉਂਦੀਆਂ ਹਨ, ਜਿਨ੍ਹਾਂ ਵਿਚੋਂ ਇਕ ਇਹ ਹੈ ਕਿ ਇਕ ਦਿਨ ਆਪ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨਾਲ ਬਾਗ਼ ਵਿਚ ਟਹਿਲ ਰਹੇ ਸਨ, ਹਵਾ ਚਲੀ ਤੇ ਆਪ ਦਾ ਜਾਮਾ ਉਡਣ ਨਾਲ ਕੁਝ ਫੁਲ ਟੁਟ ਗਏ। ਕੋਮਲ ਚਿਤ ਸਤਿਗੁਰੂ ਜੀ ਫੁਲ ਟੁਟੇ ਵੇਖ ਕੇ ਖਲੋ ਗਏ ਤੇ ਅਫ਼ਸੋਸ ਕਰਨ ਲਗੇ, ਤਾਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਆਖਿਆ, 'ਬੇਟਾ ! ਜਾਮਾ ਪਹਿਨੀਏ ਤਾਂ ਸੰਭਾਲ ਕੇ ਚਲੀਏ।' ਆਪ ਜੀ ਨੇ ਇਹ ਬਚਨ ਐਸਾ ਪਾਲਿਆ ਕਿ ਸਾਰੀ ਉਮਰ ਜਾਮਾ ਚੁਕ ਕੇ ਟੁਰਦੇ ਰਹੇ। ਆਪ ਜੀ ਦੇ ਨਾਲ ਹਮੇਸ਼ਾਂ ਬਾਈ ਸੌ ਅਸਵਾਰ ਰਹਿੰਦਾ ਸੀ, ਪਰ ਆਪ ਨੇ ਜੰਗ ਕੋਈ ਨਹੀਂ ਕੀਤਾ। ਸ਼ਿਕਾਰ ਕਰਨ ਜਾਂਦੇ, ਪਰ ਜੀਵਾਂ ਨੂੰ ਮਾਰਨ ਦੀ ਥਾਂ ਜੀਉਂਦੇ ਪਕੜ ਕੇ ਲੈ ਆਉਂਦੇ ਤੇ ਉਨ੍ਹਾਂ ਦੀ ਪਾਲਨਾ ਕਰਦੇ।

## ਮਹਿਲ ਤੇ ਸੰਤਾਨ

ਸਤਿਗੁਰੂ ਜੀ ਦਾ ਵਿਆਹ ਭਾਈ ਦਇਆ ਰਾਮ ਖੱਤ੍ਰੀ ਅਨੂਪ ਸ਼ਹਿਰ ਯੂ. ਪੀ. ਦੀ ਸਪੁੱਤ੍ਰੀ ਕ੍ਰਿਸ਼ਨ ਕੌਰ ਜੀ ਨਾਲ ਹੋਇਆ, ਜਿਨ੍ਹਾਂ ਦੀ ਕੁਖ ਤੋਂ ਰਾਮ ਰਾਇ ਜੀ ਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਅਵਤਾਰ ਲਿਆ।

## ਗੁਰ ਗੱਦੀ

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਆਪ ਜੀ ਨੂੰ ਬਚਪਨ ਵਿਚ ਹੀ ਘੋੜੇ ਦੀ ਸਵਾਰੀ, ਤੀਰ ਅੰਦਾਜ਼ੀ ਤੇ ਗੁਰੂ ਘਰ ਦੀ ਹੋਰ ਧਾਰਮਿਕ ਵਿਦਿਆ ਵਿਚ ਨਿਪੁੰਨ ਕਰ ਦਿੱਤਾ ਸੀ। ਛੇਵੇਂ ਪਾਤਸ਼ਾਹ ਜੀ ਨੇ ਆਪ ਜੀ ਨੂੰ ਹਰ ਤਰ੍ਹਾਂ ਯੋਗ ਜਾਣ ਕੇ ਚੇਤਰ ਵਦੀ ਤੇਰਾਂ ਸੰਮਤ ੧੭੦੧ ਨੂੰ ਸੰਗਤਾਂ ਦੇ ਭਾਰੀ ਦੀਵਾਨ ਵਿਚ ਗੁਰ-ਗੱਦੀ ਦੇ ਸਿੰਘਾਸਨ ਤੇ ਬਿਠਾਇਆ ਤੇ ਭਾਈ ਭਾਨੇ ਨੇ ਤਿਲਕ ਦਿੱਤਾ। ਉਪਰੰਤ ਬਾਬਾ ਸੂਰਜ ਮਲ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਸਾਰੀ ਸੰਗਤ ਨੇ ਆਪ ਨੂੰ ਨਮਸਕਾਰ ਕੀਤੀ।

# ਫੂਲ ਨੂੰ ਰਾਜ ਭਾਗ ਦੀ ਬਖ਼ਸ਼ਿਸ਼

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਮਾਲਵੇ ਵਿਚ ਪ੍ਰਚਾਰ ਕਰਦੇ ਕਰਦੇ ਮਰਾਝ ਪਿੰਡ ਪੁੱਜੇ ਤਾਂ ਭਾਈ ਕਾਲਾ ਆਪਣੇ ਭਤੀਜਿਆਂ ਫੂਲ ਤੇ ਸੰਦਲੀ ਨੂੰ ਨਾਲ ਲੈ ਕੇ ਹਾਜ਼ਰ ਹੋਇਆ। ਫੂਲ ਤੇ ਸੰਦਲੀ ਨੇ ਮੱਥਾ ਟੇਕਿਆ ਤੇ ਖੜੇ ਹੋ ਕੇ ਢਿੱਡ ਵਜਾਉਣ ਲਗ ਪਏ, ਸਤਿਗੁਰੂ ਜੀ ਨੇ ਇਨ੍ਹਾਂ ਵੱਲ ਵੇਖਕੇ ਭਾਈ ਕਾਲੇ ਤੋਂ ਪੁੱਛਿਆ, ਇਹ ਕੀ ਕਹਿੰਦੇ ਹਨ ? ਭਾਈ ਕਾਲੇ ਨੇ ਬੇਨਤੀ ਕੀਤੀ, 'ਸੱਚੇ ਪਾਤਸ਼ਾਹ ! ਇਨ੍ਹਾਂ ਦਾ ਪਿਤਾ ਗੁਜ਼ਰ ਗਿਆ ਹੈ ਤੇ ਹਜ਼ੂਰ ਪਾਸੋਂ ਰੋਟੀ ਮੰਗਦੇ ਹਨ।' ਸਤਿਗੁਰੂ ਜੀ ਨੇ ਬੱਚਿਆਂ ਵੱਲ ਵੇਖ ਕੇ ਕਿਹਾ, 'ਭਾਈ ਕਾਲਾ ! ਇਹ ਇਸ ਇਲਾਕੇ ਦੇ ਮਾਲਕ ਹੋਣਗੇ ਤੇ ਜਮਨਾ ਤਕ ਇਨ੍ਹਾਂ ਦਾ ਰਾਜ ਹੋਵੇਗਾ।' ਇਹ ਬਖ਼ਸ਼ਿਸ਼ ਲੈ ਕੇ ਕਾਲਾ ਜਦੋਂ ਘਰ ਪੁੱਜਾ ਤਾਂ ਉਸ ਦੀ ਇਸਤ੍ਰੀ ਨੇ ਕਿਹਾ, ਤੇਰੇ ਪੁੱਤ੍ਰ ਤਾਂ ਇਨ੍ਹਾਂ ਦੇ ਗੁਲਾਮ ਰਹਿਣਗੇ, ਜਾਹ ਤੂੰ ਭੀ ਉਨ੍ਹਾਂ ਵਾਸਤੇ ਕੁਝ ਮੰਗ। ਇਹ ਪੁੱਤ੍ਰਾਂ ਨੂੰ ਲੈ ਕੇ ਸਤਿਗੁਰੂ ਜੀ ਕੋਲ ਪੁੱਜਾ ਤਾਂ ਆਪ ਨੇ ਕਿਹਾ, 'ਉਹ ਵਕਤ ਤਾਂ ਲੰਘ ਗਿਆ ਹੈ ਪੁੱਤ੍ਰ ਇਹ ਵੀ ਆਪਣੀ ਮਾਰੀ ਆਪ ਖਾਣਗੇ।' ਫੂਲ ਦੀ ਬੰਸ ਵਿਚੋਂ ਨਾਭੇ, ਪਟਿਆਲੇ ਤੇ ਜੀਂਦ ਦੇ ਰਾਜੇ ਹਨ ਤੇ ਕਾਲੇ ਦੀ ਬੰਸ ਦੇ ਮਰਾਝ ਵਿਚ ਸਰਦਾਰ ਕਹਾਉਂਦੇ ਹਨ।

# ਗੁਰਬਾਣੀ ਦਾ ਸਤਿਕਾਰ

SIKHBOOKCLUB.COM

ਇਕ ਦਿਨ ਕਿਸੇ ਇਲਾਕੇ ਦੀ ਸੰਗਤ ਸ਼ਬਦ ਪੜ੍ਹਦੀ ਗੁਰ ਦਰਸ਼ਨਾਂ ਨੂੰ ਆ ਰਹੀ ਸੀ। ਦੁਪਹਿਰ ਦਾ ਵੇਲਾ ਹੋਣ ਕਰਕੇ ਸਤਿਗੁਰੂ ਜੀ ਉਸ ਵੇਲੇ ਪਲੰਘ ਤੇ ਬਿਰਾਜਮਾਨ ਸਨ। ਆਪ ਨੇ ਜਦੋਂ ਸ਼ਬਦ ਦੀ ਆਵਾਜ਼ ਸੁਣੀ, ਪਲੰਘ ਤੋਂ ਛੇਤੀ ਨਾਲ ਉਠੇ ਤੇ ਗੋਡੇ ਨੂੰ ਸੱਟ ਲਗ ਗਈ। ਸੰਗਤਾਂ ਨੇ ਪੁੱਛਿਆ ਤਾਂ ਆਪ ਨੇ ਫੁਰਮਾਇਆ, ਗੁਰਬਾਣੀ ਦੀ ਆਵਾਜ਼ ਜਦ ਕੰਨੀ ਪਏ ਤਾਂ ਸਤਿਕਾਰ ਕਰਨਾ ਚਾਹੀਦਾ ਹੈ ਤੇ ਬਾਣੀ ਪੜ੍ਹਨ ਵਾਲੇ ਦੇ ਸਾਹਮਣੇ ਕਿਸੇ ਮੰਜੇ ਤੇ ਬਹਿਣਾ ਯੋਗ ਨਹੀਂ।

ਸ਼ਾਹਜਹਾਂ ਦੇ ਮਰਨ ਤੋਂ ਪਿੱਛੋਂ ਜਦੋਂ ਔਰੰਗਜ਼ੇਬ ਦਿੱਲੀ ਦੇ ਤਖ਼ਤ ਤੇ ਬੈਠਾ ਤਾਂ ਉਸ ਨੇ ਸਤਿਗੁਰੂ ਜੀ ਨੂੰ ਦਿੱਲੀ ਸੱਦਿਆ। ਸਤਿਗੁਰੂ ਜੀ ਆਪ ਤਾਂ ਨਾ ਗਏ, ਪਰ ਰਾਮ ਰਾਇ ਜੀ ਨੂੰ ਗੁਰੂ ਘਰ ਦੀ ਮਰਯਾਦਾ ਸਮਝਾ ਕੇ ਕੁਝ ਸਿਖਾਂ ਸਮੇਤ ਦਿੱਲੀ ਭੇਜ ਦਿੱਤਾ। ਔਰੰਗਜ਼ੇਬ ਬੜਾ ਚਲਾਕ ਸੀ। ਉਸ ਨੇ ਰਾਮ ਰਾਇ ਨੂੰ ਵੱਸ ਕਰਨ ਵਾਸਤੇ ਬੜਾ ਆਦਰ ਸਤਿਕਾਰ ਕੀਤਾ ਤੇ ਰਾਮ ਰਾਇ ਜੀ ਭੀ ਔਰੰਗਜ਼ੇਬ ਦੇ ਸਵਾਲਾਂ ਦੇ ਉਤਰ ਬੜੀ ਚੰਗੀ ਤਰ੍ਹਾਂ ਦਿੰਦੇ ਰਹੇ। ਇਤਿਹਾਸ ਵਿਚ ਲਿਖਿਆ ਹੈ ਕਿ ਰਾਮ ਰਾਇ ਨੇ ਔਰੰਗਜ਼ੇਬ ਨੂੰ ੭੨ ਕਰਾਮਾਤਾਂ ਵਿਖਾਈਆਂ ਤੇ ਆਪਣੇ ਵੱਸ ਕਰ ਲੀਤਾ। ਇਕ ਦਿਨ ਔਰੰਗਜ਼ੇਬ ਨੇ ਰਾਮ ਰਾਇ ਜੀ ਪਾਸੋਂ ਪੁੱਛਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ–

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥੨॥

(ਆਸਾ ਮ: ੧, ਆ. ਗ੍ਰੰ. ਪੰਨਾ ੪੬੬)

ਕਿ ਇਹ ਇਸਲਾਮ ਦੀ ਵਿਰੋਧਤਾ ਨਹੀਂ ? ਔਰੰਗਜ਼ੇਬ ਦੀ ਇਹ ਗੱਲ ਸੁਣ ਕੇ ਰਾਮ ਰਾਇ ਜੀ ਬਾਦਸ਼ਾਹ ਦੇ ਰੁਅਬ ਵਿਚ ਆ ਗਏ ਤੇ ਉਸ ਨੂੰ ਖ਼ੁਸ਼ ਕਰਨ ਵਾਸਤੇ ਕਹਿਣ ਲਗੇ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਚਨ ਤਾਂ 'ਮਿੱਟੀ ਬੇਈਮਾਨ ਦੀ' ਹੈ। ਜਦੋਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਕੋਲ ਇਹ ਖ਼ਬਰ ਪੁੱਜੀ ਤਾਂ ਆਪ ਨੇ ਰਾਮ ਰਾਇ ਨੂੰ ਹੁਕਮ ਕਰ ਘੱਲਿਆ, "ਜਿਸ ਮੂੰਹ ਨਾਲ ਤੈਂ ਬਾਬੇ ਜੀ ਦਾ ਬਚਨ ਪਲਟਿਆ ਹੈ, ਉਹ ਮੂੰਹ ਸਾਨੂੰ ਨਾ ਵਿਖਾਈਂ"*। ਰਾਮ ਰਾਇ ਮਾਫ਼ੀ ਮੰਗਣ ਵਾਸਤੇ ਕੀਰਤਪੁਰ ਵੱਲ ਆਇਆ, ਬਾਰਾਂ ਕੋਹਾਂ ਤੇ ਤੰਬੂ ਲਾ ਕੇ ਡੇਰਾ ਕੀਤਾ ਤੇ ਮਾਫ਼ੀ ਮੰਗ ਭੇਜੀ। ਸਤਿਗੁਰੂ ਜੀ ਨੇ ਆਖਿਆ, "ਜਿਧਰ ਤੇਰਾ ਮੂੰਹ ਹੈ ਓਧਰ ਚਲਾ ਜਾ, ਸਾਡੇ ਮੱਥੇ ਨਾ ਲੱਗੀਂ।" ਰਾਮ ਰਾਇ ਨਿਰਾਸ਼ ਹੋ ਕੇ ਧਮਕੀਆਂ ਦੇਂਦਾ ਚਲਾ ਗਿਆ ਤੇ ਹਕੂਮਤ ਨਾਲ ਮਿਲ ਕੇ ਗੁਰ-ਗੱਦੀ ਲੈਣ ਦੀ ਕੋਸ਼ਿਸ਼ ਕਰਨ ਲਗਾ। ਔਰੰਗਜ਼ੇਬ ਵੱਲੋਂ ਇਸ ਨੂੰ ਡੇਰਾਦੂਨ ਦੀ ਜਾਗੀਰ ਤੇ ਸਜਾਦਾ-ਨਸ਼ੀਨ ਦੀ ਪਦਵੀ ਮਿਲੀ, ਪ੍ਰੰਤੂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਇਸ ਨੂੰ ਆਪਣੇ ਮੱਥੇ ਨਾ ਲਾਇਆ ਤੇ ਗੁਰਬਾਣੀ ਦਾ ਸਤਿਕਾਰ ਕਾਇਮ ਰਖਿਆ।

## ਜੋਤੀ ਜੋਤ ਸਮਾਉਣਾ

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਛੋਟੇ ਸਾਹਿਬਜ਼ਾਦੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਕਤਕ ਵਦੀ ੮ ਸੰਮਤ ੧੭੧੮ ਨੂੰ ਗੁਰ-ਗੱਦੀ ਦੇ ਕੇ ਆਪ ਕਤਕ ਵਦੀ ੯ ਸੰਮਤ ੧੭੧੮ ਨੂੰ ਕੀਰਤਪੁਰ ਵਿਖੇ ਗੁ: ਪਾਤਾਲ ਪੁਰੀ ਦੇ ਅਸਥਾਨ ਤੇ ਜੋਤੀ ਜੋਤ ਸਮਾ ਗਏ।

*ਤਵਾਰੀਖ਼ ਗੁਰੂ ਖ਼ਾਲਸਾ।


www.sikhbookclub.com

# ੮. ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ

ਸ੍ਰੀ ਹਰਿ ਕਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ ॥

(ਸ੍ਰੀ ਦਸਮ ਪਾਤਸ਼ਾਹ ਜੀ)

## ਅਵਤਾਰ ਤੇ ਗੁਰ-ਗੱਦੀ

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਅਵਤਾਰ, ਸਤਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਘਰ ਮਾਤਾ ਕਿਸ਼ਨ ਕੌਰ ਜੀ ਦੀ ਕੁਖੋਂ ਸਾਵਣ ਵਦੀ ੯ ਸੰਮਤ ੧੬੧੩ ਵਿਖੇ ਹੋਇਆ ਤੇ ੫ ਸਾਲ ੨ ਮਹੀਨੇ ੧੬ ਦਿਨ ਦੀ ਉਮਰ ਵਿਚ ਕਤਕ ਵਦੀ ੮ ਸੰਮਤ ੧੭੧੮ ਨੂੰ ਆਪ ਜੀ ਗੁਰ-ਗੱਦੀ ਤੇ ਬਿਰਾਜਮਾਨ ਹੋਏ।

## ਰਾਮ ਰਾਇ ਦਾ ਵਿਰੋਧ ਤੇ ਦਿੱਲੀ ਜਾਣਾ

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਆਯੂ ਵਿਚ ਪਹਿਲੇ ਸਤਿਗੁਰਾਂ ਨਾਲੋਂ ਭਾਵੇਂ ਅਜੇ ਛੋਟੇ ਹੀ ਸਨ, ਪ੍ਰੰਤੂ ਤੇਜ ਪ੍ਰਤਾਪ ਧੀਰਜ ਤੇ ਆਤਮਿਕ ਸ਼ਕਤੀ ਨਾਲ ਪਹਿਲੇ ਸਤਿਗੁਰਾਂ ਵਾਂਗੂੰ ਹੀ ਭਰਪੂਰ ਸਨ। ਗੁਰ ਜੋਤੀ ਆਪ ਦੇ ਅੰਦਰ ਉਹੋ ਕੰਮ ਕਰ ਰਹੀ ਸੀ। ਰਾਮ ਰਾਇ ਨੂੰ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਬਾਣੀ ਦੀ ਬੇਅਦਬੀ ਕਰਨ ਕਰਕੇ ਛੇਕ ਦਿੱਤਾ ਸੀ। ਇਹ ਜਿਉਂ ਜਿਉਂ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਜਸ ਸੁਣਦਾ, ਇਸ ਨੂੰ ਦੁਖ ਹੁੰਦਾ। ਪਹਿਲੇ ਇਸਨੇ ਆਪਣੇ ਆਪ ਨੂੰ ਗੁਰੂ ਜਤਾਉਣ ਵਾਸਤੇ ਮਸੰਦਾਂ ਨੂੰ ਦੇਸ ਦੇਸਾਂਤਰਾਂ ਵਿਚ ਭੇਜਕੇ ਸਿਖਾਂ ਨੂੰ ਆਪਣੇ ਵੱਲ ਪ੍ਰੇਰਨਾ ਚਾਹਿਆ, ਪਰ ਸਿਖਾਂ ਨੇ ਇਸ ਦੀ ਇਕ ਨ ਮੰਨੀ ਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀ ਸੇਵਾ ਕਰਦੇ ਰਹੇ। ਜਦੋਂ ਇਹ ਸਿਖਾਂ ਵਲੋਂ ਨਿਰਾਸ਼ ਹੋ ਗਿਆ ਤਾਂ ਔਰੰਗਜ਼ੇਬ ਕੋਲ ਅਰਜ਼ੀ ਦਿੱਤੀ ਕਿ ਮੈਂ ਵੱਡਾ ਪੁੱਤਰ ਹਾਂ ਤੇ ਗੁਰ-ਗੱਦੀ ਮੇਰਾ ਹੱਕ ਹੈ ਗੱਦੀ ਮੈਨੂੰ ਦਿਵਾਈ ਜਾਵੇ। ਪਹਿਲੇ ਤਾਂ ਔਰੰਗਜ਼ੇਬ ਨੇ ਇਸ ਨੂੰ ਸਮਝਾਇਆ, ਕਿ ਤੇਰੇ ਪਿਤਾ ਜੀ ਆਪ ਉਨ੍ਹਾਂ ਨੂੰ ਗੱਦੀ ਦੇ ਗਏ ਹਨ, ਇਸ ਲਈ ਤੈਨੂੰ ਆਪਣੇ ਭਰਾ ਦਾ ਵਿਰੋਧ ਨਹੀਂ ਕਰਨਾ ਚਾਹੀਦਾ, ਪਰ ਰਾਮ ਰਾਇ ਨੇ ਆਪਣਾ ਹੱਠ ਨਾ ਛਡਿਆ ਤੇ ਕਹਿਣ ਲੱਗਾ, "ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਬੁਲਾ ਕੇ

 www.sikhbookclub.com

ਵੇਖਿਆ ਜਾਵੇ ਕਿ ਉਹ ਗੁਰੂ ਘਰ ਦੇ ਕੰਮ ਕਾਰ ਨੂੰ ਸੰਭਾਲ ਭੀ ਸਕਦਾ ਹੈ ਯਾ ਨਹੀਂ।"* ਔਰੰਗਜ਼ੇਬ ਨੇ ਇਹ ਸੁਣ ਕੇ ਰਾਜਾ ਜੈ ਸਿੰਘ ਨੂੰ ਹੁਕਮ ਦਿੱਤਾ ਕਿ ਗੁਰੂ ਜੀ ਨੂੰ ਦਿੱਲੀ ਬੁਲਾਇਆ ਜਾਵੇ, ਰਾਜਾ ਜੈ ਸਿੰਘ ਨੇ ਦੀਵਾਨ ਪਰਸਰਾਮ ਦੀ ਇਸ ਕੰਮ ਤੇ ਡਿਊਟੀ ਲਗਾਈ।

ਦੀਵਾਨ ਪਰਸਰਾਮ ਕੀਰਤ ਪੁਰ ਪੁੱਜਾ ਤੇ ਰਾਜਾ ਜੈ ਸਿੰਘ ਵੱਲੋਂ ਲਿਆਂਦੀ ਹੋਈ ਭੇਟਾ ਹਾਜ਼ਰ ਕਰਕੇ ਉਪਰੰਤ ਔਰੰਗਜ਼ੇਬ ਦਾ ਖ਼ਤ ਪੇਸ਼ ਕੀਤਾ। ਗੁਰੂ ਜੀ ਨੇ ਮਾਤਾ ਜੀ ਤੇ ਮਸੰਦਾਂ ਨਾਲ ਸਲਾਹ ਕੀਤੀ ਤੇ ਦੂਜੇ ਦਿਨ ਦਿੱਲੀ ਨੂੰ ਚੱਲ ਪਏ। ਆਪ ਦਾ ਦਿੱਲੀ ਜਾਣਾ ਸੁਣ ਕੇ ਬੇਅੰਤ ਸਿਖ ਆਪ ਦੇ ਨਾਲ ਹੋ ਟੁਰੇ, ਭੀੜ ਇਤਨੀ ਜ਼ਿਆਦਾ ਹੋ ਗਈ ਕਿ ਅੰਬਾਲੇ ਦੇ ਕੋਲ ਪੰਜੋਖਰੇ ਪੁਜ ਕੇ ਆਪ ਨੇ ਜ਼ਮੀਨ ਤੇ ਲਕੀਰ ਖਿੱਚੀ ਤੇ ਹੁਕਮ ਕੀਤਾ ਕਿ ਕੋਈ ਸਿਖ ਇਸ ਤੋਂ ਅੱਗੇ ਨਾ ਵਧੇ। ਜਿਸ ਨੇ ਸਾਡੀ ਖ਼ੁਸ਼ੀ ਲੈਣੀ ਹੈ ਇਥੋਂ ਹੀ ਵਾਪਸ ਮੁੜ ਜਾਏ।

ਆਪ ਦਾ ਜਸ ਸੁਣ ਕੇ ਇਥੇ ਲਾਲ ਜੀ ਨਾਮ ਦਾ ਇਕ ਪੰਡਤ ਆਇਆ ਤੇ ਸਿਖਾਂ ਨੂੰ ਕਹਿਣ ਲੱਗਾ, "ਇਨ੍ਹਾਂ ਦਾ ਨਾਂ ਹਰਿ ਕ੍ਰਿਸ਼ਨ ਹੈ। ਕ੍ਰਿਸ਼ਨ ਨੇ ਤਾਂ ਗੀਤਾ ਉਚਾਰੀ ਹੈ, ਇਹ ਅਰਥ ਹੀ ਕਰਕੇ ਦੱਸਣ।" ਸਤਿਗੁਰੂ ਜੀ ਨੇ ਇਸ ਦਾ ਹੰਕਾਰ ਦੂਰ ਕਰਨ ਵਾਸਤੇ ਇਕ ਛੱਜੂ ਝੀਊਰ ਨੂੰ ਸੱਦਿਆ ਤੇ ਉਸ ਤੇ ਮਿਹਰ ਦੀ ਨਿਗ੍ਹਾ ਕਰ ਕੇ ਉਸ ਪਾਸੋਂ ਪੰਡਤ ਨੂੰ ਗੀਤਾ ਦੇ ਅਰਥ ਸੁਣਵਾਏ। ਪੰਡਤ ਲਾਲ ਜੀ ਨੇ ਆਪਣੀ ਭੁਲ ਦੀ ਮੁਆਫ਼ੀ ਮੰਗੀ ਤੇ ਸਿਖ ਬਣ ਗਿਆ।

ਰਸਤੇ ਦੀਆਂ ਸੰਗਤਾਂ ਨੂੰ ਨਿਹਾਲ ਕਰਦੇ ਹੋਏ ਆਪ ਦਿੱਲੀ ਪੁੱਜੇ ਤਾਂ ਰਾਜਾ ਜੈ ਸਿੰਘ ਦੇ ਬੰਗਲੇ (ਜਿਥੇ ਹੁਣ ਗੁਰਦਵਾਰਾ ਬੰਗਲਾ ਸਾਹਿਬ ਹੈ) ਵਿਚ ਨਿਵਾਸ ਕੀਤਾ। ਰਾਜਾ ਜੈ ਸਿੰਘ ਆਪ ਨੂੰ ਮਹੱਲਾਂ ਵਿਚ ਲੈ ਗਿਆ। ਪਟਰਾਣੀ ਆਪ ਦੀ ਆਤਮਿਕ ਸ਼ਕਤੀ ਦੇਖਣ ਵਾਸਤੇ ਗੋਲੀ ਦਾ ਵੇਸ ਧਾਰ ਕੇ ਬੈਠੀ ਹੋਈ ਸੀ। ਆਪ ਸਾਰੀਆਂ ਰਾਣੀਆਂ ਨੂੰ ਛੱਡ ਕੇ ਉਸ ਦੀ ਝੋਲੀ ਵਿਚ ਜਾ ਬੈਠੇ ਤੇ ਉਸ ਦੇ ਮਨ ਦੀ ਮੁਰਾਦ ਪੂਰੀ ਕੀਤੀ।

ਰਾਜਾ ਜੈ ਸਿੰਘ ਨੇ ਔਰੰਗਜ਼ੇਬ ਨੂੰ ਗੁਰੂ ਜੀ ਦੇ ਆਉਣ ਦੀ ਖ਼ਬਰ ਦਿੱਤੀ ਤਾਂ ਉਸ ਨੇ ਢਾਈ ਸੌ ਦੀ ਰਸਤ ਤੇ ਪੰਜ ਸੌ ਰੁਪਿਆ ਰੋਜ਼ ਦਾ ਰੋਜ਼ੀਨਾ ਲਾ ਦਿੱਤਾ ਤੇ ਆਖ ਭੇਜਿਆ ਕਿ ਕਿਸੇ ਦਿਨ ਆਕੇ ਦਰਸ਼ਨ ਕਰਾਂਗਾ। ਜੈ ਸਿੰਘ ਨੇ ਗੁਰੂ ਜੀ ਨੂੰ ਦੱਸਿਆ ਤਾਂ ਆਪ ਨੇ ਕਿਹਾ, ਬਾਦਸ਼ਾਹ ਨੂੰ ਅਸੀਂ ਮਿਲਣਾ ਨਹੀਂ ਤੇ ਰਸਤ ਦਾ ਗ਼ਰੀਬਾਂ ਵਾਸਤੇ ਲੰਗਰ ਲਾ

*ਤਵਾਰੀਖ਼ ਗੁਰੂ ਖ਼ਾਲਸਾ

ਛੱਡੋ। ਉਨ੍ਹੀਂ ਦਿਨੀਂ ਦਿੱਲੀ ਵਿਚ ਹੈਜ਼ਾ ਫੈਲਿਆ ਹੋਇਆ ਸੀ। ਸਭ ਲੋਕ ਦੁਖ ਦੀ ਨਵਿਰਤੀ ਵਾਸਤੇ ਗੁਰੂ ਦਰਬਾਰ ਆਉਣ ਲਗੇ। ਗੁਰੂ ਘਰੋਂ ਸਭ ਨੂੰ ਪ੍ਰਸ਼ਾਦਾ ਤੇ ਦਵਾਈ ਮੁਫ਼ਤ ਮਿਲਦੀ ਤੇ ਸਿਖ ਬੜੇ ਪ੍ਰੇਮ ਨਾਲ ਬੀਮਾਰਾਂ ਦੀ ਸੇਵਾ ਕਰਦੇ। ਸਤਿਗੁਰ ਜੀ ਦੀ ਕ੍ਰਿਪਾ ਨਾਲ ਬੇਅੰਤ ਲੋਕ ਆਪ ਦਾ ਚਰਨਾਮ੍ਰਿਤ ਲੈ ਕੇ ਰਾਜ਼ੀ ਹੋਏ ਤੇ ਘਰ ਘਰ ਸਤਿਗੁਰੂ ਜੀ ਦੀ ਉਸਤਤ ਹੋਣ ਲਗੀ।

"ਸ੍ਰੀ ਹਰਿ ਕਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ ।।"

## ਜੋਤੀ ਜੋਤ ਸਮਾਉਣਾ

ਆਪ ਅਜੇ ਦਿੱਲੀ ਵਿਚ ਹੀ ਸਨ ਤਾਂ ਆਪ ਨੂੰ ਬੁਖ਼ਾਰ ਆਉਣਾ ਸ਼ੁਰੂ ਹੋ ਗਿਆ ਤੇ ਚੇਤ ਸੁਦੀ ਸਤਮੀ ਨੂੰ ਚੀਚਕ ਨਿਕਲ ਆਈ। ਜਮੁਨਾ ਕਿਨਾਰੇ ਥਾਂ ਪਸੰਦ ਕਰਕੇ ਤੰਬੂ ਲਵਾ ਲਿਆ ਤੇ ਉਥੇ ਜਾ ਰਹੇ। ਮਾਤਾ ਜੀ ਤੇ ਮਸੰਦਾਂ ਨੇ ਚਿੰਤਾ ਪ੍ਰਗਟ ਕੀਤੀ ਤਾਂ ਆਪ ਨੇ ਸਭ ਨੂੰ ਭਾਣਾ ਮੰਨਣ ਦਾ ਉਪਦੇਸ਼ ਦਿੱਤਾ। ਸੰਗਤ ਨੇ ਪੁੱਛਿਆ, 'ਗੁਰ-ਗੱਦੀ ਕਿਸ ਦੇ ਹਵਾਲੇ ਹੋਵੇਗੀ ?' ਉਤਰ ਵਿਚ ਆਪ ਨੇ 'ਬਾਬਾ, ਬਕਾਲੇ' ਦਾ ਬਚਨ ਕੀਤਾ ਤੇ ਚੇਤ ਸੁਦੀ ੧੪ ਸੰਮਤ ੧੭੨੧ ਨੂੰ ਜੋਤੀ ਜੋਤ ਸਮਾ ਗਏ। ਉਥੇ ਹੁਣ ਗੁਰਦਵਾਰਾ 'ਬਾਲਾ ਸਾਹਿਬ' ਹੈ।

# ੯. ਸ੍ਰੀ ਗੁਰੂ ਤੇਗ ਬਹਾਦਰ ਜੀ

ਤੇਗ ਬਹਾਦਰ ਸਿਮਰਿਐ ਘਰ ਨਉ ਨਿਧ ਆਵੈ ਧਾਇ ॥

(ਸ੍ਰੀ ਦਸਮ ਪਾਤਸ਼ਾਹ ਜੀ)

## ਅਵਤਾਰ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਅਵਤਾਰ ਵਿਸਾਖ ਸੁਦੀ ੫ ਸੰਮਤ ੧੬੭੨ ਵਿਖੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁਖੋਂ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਜੀ ਵਿਖੇ ਹੋਇਆ। ਆਪ ਬਚਪਨ ਤੋਂ ਹੀ ਸਾਧੂ ਸੁਭਾਵ, ਵੈਰਾਗਵਾਨ ਤੇ ਉੱਚ ਬ੍ਰਿਤੀ ਦੇ ਮਾਲਕ ਸਨ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆਪ ਦੇ ਬਾਲ ਚੋਜ ਵੇਖ ਕੇ ਕਿਹਾ ਕਰਦੇ ਸਨ, "ਸਾਡਾ ਇਹ ਪੁੱਤਰ ਸੱਚਾ ਸੰਤ, ਧਰਮ-ਰਖਜਕ ਤੇ ਹਿੰਦਵਾਇਣ ਦਾ ਥੰਮ੍ਹ ਹੋਵੇਗਾ।"*

SIKHBOOKCLUB.COM

## ਮਹਿਲ ਤੇ ਸੰਤਾਨ

ਆਪ ਦਾ ਵਿਵਾਹ ਭਾਈ ਲਾਲ ਚੰਦ ਜੀ (ਸੁਭਿਖੀ) ਖੱਤ੍ਰੀ ਦੀ ਸਪੁੱਤ੍ਰੀ ਸ੍ਰੀ ਗੁਜਰੀ ਜੀ ਨਾਲ ਕਰਤਾਰਪੁਰ ਵਿਖੇ ਹੋਇਆ, ਜਿਨ੍ਹਾਂ ਦੀ ਪਵਿੱਤ੍ਰ ਕੁੱਖ ਤੋਂ ਪੋਹ ਸੁਦੀ ਸਤਮੀ ਸੰਮਤ ੧੭੨੩ ਨੂੰ ਦੁਸ਼ਟ-ਦਮਨ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਹੋਇਆ।

## ਕਠਿਨ ਤਪੱਸਿਆ ਤੇ ਗੁਰ ਗੱਦੀ

ਆਪ ਜੀ ਦੀ ਵਿਦਿਆ ਪ੍ਰਾਪਤੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਨਿਗਰਾਨੀ ਵਿਚ ਹੋਈ ਸੀ। ਆਪ ਅਜੇ ਬਾਰ੍ਹਾਂ ਕੁ ਸਾਲ ਦੇ ਸਨ ਜੋ ਕਰਤਾਰਪੁਰ ਵਿਖੇ ਛੇਵੇਂ ਪਾਤਸ਼ਾਹ ਜੀ ਦਾ ਪੈਂਦੇ ਖ਼ਾਂ ਨਾਲ ਜੰਗ ਹੋਇਆ, ਜਿਸ ਵਿਚ ਆਪ ਜੀ ਨੇ ਆਪਣੀ ਸੂਰਬੀਰਤਾ ਦੇ ਜੌਹਰ ਵਿਖਾਏ ਤੇ ਪਠਾਣਾਂ ਦੇ ਛੱਕੇ ਛੁੜਾ ਦਿੱਤੇ। ਕਰਤਾਰਪੁਰ ਦੇ ਯੁੱਧ ਤੋਂ ਪਿੱਛੋਂ ਛੇਵੇਂ ਪਾਤਸ਼ਾਹ ਜੀ ਕੀਰਤਪੁਰ ਰਹੇ ਤੇ ਸੰਮਤ ੧੭੦੧ ਵਿਚ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਗੁਰ-ਗੱਦੀ ਦੇ ਕੇ ਆਪ ਜੋਤੀ ਜੋਤ ਸਮਾ ਗਏ। ਪਿਤਾ ਜੀ ਦੇ ਜੋਤੀ ਜੋਤ ਸਮਾਉਣ

*ਤਵਾਰੀਖ਼ ਗੁਰੂ ਖ਼ਾਲਸਾ ।

ਤੋਂ ਪਿੱਛੋਂ ਆਪ ਆਪਣੇ ਨਾਨਕੇ ਪਿੰਡ ਬਕਾਲੇ ਚਲੇ ਗਏ ਤੇ ਇਕਾਂਤ ਵਿਚ ਭਜਨ ਕਰਨ ਲਗੇ। ਬਕਾਲੇ ਵਿਚ ਜਿਥੇ ਗੁਰਦੁਆਰਾ ਭੋਰ੍ਹਾ ਸਾਹਿਬ ਹੈ, ਇਥੇ ਬੈਠ ਕੇ ਆਪ ਨੇ ਆਉਣ ਵਾਲੇ ਸਮੇਂ ਦੀ ਤਿਆਰੀ ਵਾਸਤੇ ਵੀਹ ਵਰ੍ਹੇ ਇਕ ਰਸ ਭਜਨ ਕੀਤਾ ਤੇ ਸ੍ਰਿਸ਼ਟੀ ਦੇ ਦੁਖ ਹਰਨ ਵਾਸਤੇ ਅਕਾਲ ਪੁਰਖ ਦੀ ਅਰਾਧਨਾ ਕੀਤੀ। ਸਾਹਿਬ ਦਸਮ ਪਾਤਸ਼ਾਹ ਜੀ ਫੁਰਮਾਉਂਦੇ ਹਨ-

ਤਾਤ ਮਾਤ ਮੁਰ ਅਲਖ ਅਰਾਧਾ ॥
ਬਹੁ ਬਿਧਿ ਜੋਗ ਸਾਧਨਾ ਸਾਧਾ ॥
ਤਿਨ ਜੋ ਕਰੀ ਅਲਖ ਕੀ ਸੇਵਾ ॥
ਤਾ ਤੇ ਭਏ ਪ੍ਰਸੰਨਿ ਗੁਰਦੇਵਾ ॥ (ਬਚਿਤ੍ਰ ਨਾਟਕ)

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਿੱਲੀ ਵਿਚ ਜੋਤੀ ਜੋਤ ਸਮਾਉਣ ਲਗਿਆਂ ਕੇਵਲ ਏਨਾਂ ਹੀ ਬਚਨ ਕਰ ਗਏ ਸਨ 'ਬਾਬਾ ਬਕਾਲੇ' ਇਸ ਬਚਨ ਦਾ ਜਦੋਂ ਸੋਢੀਆਂ ਨੂੰ ਪਤਾ ਲਗਾ ਤਾਂ ਉਨ੍ਹਾਂ ਨੇ ਬਕਾਲੇ ਵਿਚ ਆ ਮੰਜੀਆਂ ਲਾਈਆਂ। ਇਕ ਦੀ ਥਾਂ ਬਾਈ ਗੁਰੂ ਬਣ ਬੈਠੇ। ਇਹ ਗੁਰਗੱਦੀ ਨੂੰ ਮਾਇਆ ਇਕੱਠੀ ਕਰਨ ਦਾ ਵਸੀਲਾ ਸਮਝਦੇ ਸਨ, ਇਸ ਲਈ ਬਕਾਲੇ ਵਿਚ ਜਿਹੜਾ ਸਿਖ ਸਤਿਗੁਰਾਂ ਦੀ ਭਾਲ ਵਿਚ ਆਉਂਦਾ, ਉਹ ਆਪੋ ਆਪਣੇ ਮਸੰਦ ਭੇਜ ਕੇ ਉਸ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰਦੇ। ਪੂਰੇ ਸਤਿਗੁਰੂ ਕੋਲ ਗਿਆਂ ਮਨ ਨੂੰ ਠੰਢ ਪੈਂਦੀ ਹੈ ਤੇ ਹਿਰਦਾ ਕੰਵਲ ਵਾਂਗ ਖਿੜ ਜਾਂਦਾ ਹੈ* ਪਰ ਇਨ੍ਹਾਂ ਆਪ ਬਣੇ ਗੁਰੂਆਂ ਕੋਲੋਂ ਜਿਹੜੇ ਆਪ ਮਾਇਆ ਦੇ ਚਿੱਕੜ ਵਿਚ ਫਸੇ ਹੋਏ ਸਨ, ਕੀ ਠੰਢ ਪੈਣੀ ਸੀ ? ਇਨ੍ਹਾਂ ਦੀ ਇਹ ਹਾਲਤ ਵੇਖ ਕੇ ਸਗੋਂ ਸਿਖਾਂ ਦੇ ਦਿਲ ਨੂੰ ਬੜਾ ਕਸ਼ਟ ਹੁੰਦਾ।

ਗੁਰ ਕਾ ਸਿਖ ਭਾਈ ਮਖਣ ਸ਼ਾਹ ਆਪਣੀ ਸੁਖਣਾ ਦੀ ਪੰਜ ਸੌ ਮੋਹਰ ਲੈ ਕੇ (ਜਿਹੜੀ ਉਸ ਨੇ ਆਪਣਾ ਜਹਾਜ਼ ਡੁੱਬਣ ਦੇ ਡਰ ਵੇਲੇ ਸੁਖੀ ਸੀ, ਤੇ ਗੁਰੂ ਦੀ ਮੇਹਰ ਨਾਲ ਜਹਾਜ਼ ਪਾਰ ਹੋ ਗਿਆ ਸੀ) ਬਕਾਲੇ ਵਿਚ ਪੁੱਜਾ ਤੇ ਇਥੋਂ ਦੀ ਹਾਲਤ ਵੇਖ ਕੇ ਅਸਚਰਜ ਰਹਿ ਗਿਆ। ਇਸ ਨੇ ਸਭ ਦੇ ਅੱਗੇ ਦੋ ਦੋ ਮੋਹਰਾਂ ਰਖ ਕੇ ਮੱਥਾ ਟੇਕਿਆ, ਪਰ ਕਿਸੇ ਨੇ ਇਸ ਪਾਸੋਂ ਪੰਜ ਸੌ ਮੋਹਰ ਨਾ ਮੰਗੀ। ਮਖਣ ਸ਼ਾਹ ਨਿਰਾਸ ਹੋ ਕੇ ਕਿਸੇ ਪਾਸੋਂ ਪੁੱਛਿਆ, 'ਇਥੇ ਹੋਰ ਭੀ ਕੋਈ ਸੋਢੀ ਰਹਿੰਦਾ ਹੈ ?' ਤਾਂ ਉਸ ਨੇ ਦੱਸਿਆ ਕਿ ਇਥੇ

*ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥੧॥
(ਗਉੜੀ ਬੈਰਾਗਣਿ ਮ: ੪ ਆ. ਗ੍ਰੰ. ਪੰਨਾ ੧੬੮)

 www.sikhbookclub.com

ਇਕ ਹੋਰ ਸਾਹਿਬਜ਼ਾਦਾ ਤੇਗ ਬਹਾਦਰ ਰਹਿੰਦਾ ਹੈ ਪਰ ਉਹ ਮਿਲਦਾ ਕਿਸੇ ਨੂੰ ਨਹੀਂ। ਮਖਣ ਸ਼ਾਹ ਬਿਹਬਲ ਹੋਇਆ ਹੋਇਆ ਉਸ ਮਕਾਨ ਤੇ ਪੁੱਜਾ ਜਿਥੇ ਧਰਮ-ਮੂਰਤਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤਪ ਕਰ ਰਹੇ ਸਨ। ਉਸ ਦੋ ਮੋਹਰਾਂ ਰਖ ਕੇ ਮੱਥਾ ਟੇਕਿਆ ਤਾਂ ਸਤਿਗੁਰੂ ਜੀ ਨੇ ਫੁਰਮਾਇਆ, "ਅਸੀਂ ਧਨ ਦੇ ਭੁਖੇ ਤਾਂ ਨਹੀਂ ਪਰ ਤੇਰੀ ਸੁਖਣਾ ਪੰਜ ਸੌ ਦੀ ਹੈ।" ਇਹ ਬਚਨ ਸੁਣ ਕੇ ਮਖਣ ਸ਼ਾਹ ਨਿਹਾਲ ਹੋ ਗਿਆ ਤੇ ਉਸ ਨੇ ਕੋਠੇ ਚੜ੍ਹ ਕੇ ਹੋਕਾ ਦਿੱਤਾ "ਗੁਰੂ ਲਾਧੋ ਰੇ, ਗੁਰੂ ਲਾਧੋ ਰੇ।" ਬਸ ਫੇਰ ਕੀ ਸੀ ! ਸੰਗਤਾਂ ਦਰਸ਼ਨਾਂ ਨੂੰ ਉਮਡ ਪਈਆਂ। ਸਤਿਗੁਰੂ ਜੀ ਨੂੰ ਗੁਰ-ਗੱਦੀ ਦੇ ਸਿੰਘਾਸਨ ਤੇ ਬਿਠਾਇਆ ਗਿਆ। ਭਾਈ ਗੁਰਦਿਤੇ ਨੇ ਪੰਜ ਪੈਸੇ ਤੇ ਨਾਰੀਅਲ ਭੇਟਾ ਕੀਤਾ ਜਿਹੜਾ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਦਿੱਲੀ ਤੋਂ ਭੇਜਿਆ ਸੀ।

## ਸੰਖੇਪ ਸਮਾਚਾਰ

ਪੂਰਨ ਸਤਿਗੁਰੂ ਜੀ ਦੇ ਪ੍ਰਗਟ ਹੋਣ ਨਾਲ ਸਭ ਸੰਗਤਾਂ ਗੁਰੂ ਦਰਬਾਰ ਜਾਣ ਲਗੀਆਂ। ਆਪੇ ਬਣੇ ਗੁਰੂਆਂ ਦੇ ਡੇਰੇ ਸੁੰਞ ਵਰਤ ਗਈ। ਧੀਰਮਲ ਸਤਿਗੁਰੂ ਜੀ ਦੇ ਪ੍ਰਤਾਪ ਨੂੰ ਵੇਖ ਕੇ ਜਰ ਨ ਸਕਿਆ ਤੇ ਕੁਝ ਮਸੰਦਾਂ ਨੂੰ ਨਾਲ ਲੈ ਕੇ ਗੁਰੂ ਜੀ ਤੇ ਹਮਲਾਵਰ ਹੋਇਆ। ਸ਼ੀਹੇਂ ਮਸੰਦ ਨੇ ਗੁਰੂ ਜੀ ਤੇ ਬੰਦੂਕ ਦਾ ਫਾਇਰ ਕੀਤਾ ਪਰ ਹਜ਼ੂਰ ਬਚ ਗਏ। ਮਸੰਦਾਂ ਨੇ ਗੁਰੂ ਜੀ ਦਾ ਸਾਰਾ ਸਮਾਨ ਲੁਟ ਲਿਆ ਤੇ ਕਰਤਾਰਪੁਰ ਦੇ ਰਾਹ ਪਏ। ਗੁਰੂ ਕੇ ਭਾਈ ਮਖਣ ਸ਼ਾਹ ਨੂੰ ਧੀਰਮਲ ਤੇ ਮਸੰਦਾਂ ਦੀ ਇਸ ਕਰਤੂਤ ਦਾ ਪਤਾ ਲੱਗਾ ਤਾਂ ਉਹ ਕੁਝ ਸਿੱਖਾਂ ਨੂੰ ਨਾਲ ਲੈ ਕੇ ਧੀਰਮਲ ਤੇ ਜਾ ਪਿਆ, ਉਸ ਪਾਸੋਂ ਗੁਰੂ ਜੀ ਦਾ ਸਾਰਾ ਸਾਮਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤੇ ਹੋਰ ਸਾਮਾਨ ਖੋਹ ਕੇ ਲੈ ਆਇਆ। ਅਪ੍ਰਾਧੀ ਮਸੰਦਾਂ ਨੂੰ ਫੜਕੇ ਗੁਰੂ ਜੀ ਦੇ ਪੇਸ਼ ਕੀਤਾ, ਦੀਨ ਦਿਆਲ ਸਤਿਗੁਰੂ ਜੀ ਨੇ ਅਪਰਾਧੀ ਮਸੰਦਾਂ ਨੂੰ ਬਖ਼ਸ਼ ਦਿਤਾ ਤੇ ਧੀਰਮਲ ਦਾ ਸਾਰਾ ਸਾਮਾਨ ਵਾਪਸ ਕਰ ਭੇਜਿਆ।

ਕੁਝ ਚਿਰ ਬਕਾਲੇ ਰਹਿਕੇ ਆਪ ਜੀ ਸ੍ਰੀ ਗੋਇੰਦਵਾਲ ਤੇ ਤਰਨ ਤਾਰਨ ਦੀ ਯਾਤਰਾ ਕਰਕੇ ਸ੍ਰੀ ਅੰਮ੍ਰਿਤਸਰ ਜੀ ਦਰਸ਼ਨ ਕਰਨ ਗਏ। ਜਿਸ ਥਾਂ ਤੇ ਆਸਣ ਲਾਇਆ, ਉਥੇ ਗੁਰਦੁਆਰਾ 'ਥੜਾ ਸਾਹਿਬ' ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਪੁਜਾਰੀਆਂ ਨੂੰ ਜਦੋਂ ਆਪ ਦੇ ਆਉਣ ਦਾ ਪਤਾ ਲਗਾ ਤਾਂ ਉਹ ਦਰਵਾਜ਼ੇ ਬੰਦ ਕਰਕੇ ਘਰਾਂ ਨੂੰ ਖਿਸਕ ਗਏ। ਆਪ ਜੀ ਨੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਕੇ ਸ੍ਰੀ ਹਰਿਮੰਦਰ ਸਾਹਿਬ ਨੂੰ ਬਾਹਰੋਂ ਹੀ ਮੱਥਾ ਟੇਕਿਆ ਤੇ ਪੁਜਾਰੀਆਂ ਦੀ ਹਾਲਤ ਵੇਖਕੇ 'ਅੰਮ੍ਰਿਤਸਰੀਏ

ਅੰਦਰ ਸੜੀਏ' ਦਾ ਬਚਨ ਕੀਤਾ ਤੇ ਵਾਪਸ ਹੋ ਟੁਰੇ। ਪਹਿਲੇ ਓਸ ਥਾਂ ਤੇ ਠਹਿਰੇ ਜਿਥੇ ਗੁਰਦਵਾਰਾ 'ਦਮਦਮਾ ਸਾਹਿਬ' ਹੈ ਤੇ ਫੇਰ ਵੱਲੇ ਪਿੰਡ ਇਕ ਪ੍ਰੇਮੀ ਦੇ ਘਰ ਜਾ ਡੇਰਾ ਕੀਤਾ। ਸ੍ਰੀ ਅੰਮ੍ਰਿਤਸਰ ਜੀ ਦੀ ਸੰਗਤ ਨੂੰ ਜਦੋਂ ਗੁਰੂ ਜੀ ਦੇ ਆ ਕੇ ਚਲੇ ਜਾਣ ਦਾ ਪਤਾ ਲੱਗਾ ਤਾਂ ਉਹ ਵੱਲੇ ਪਿੰਡ ਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋਈ ਤੇ ਪੁਜਾਰੀਆਂ ਵੱਲੋਂ ਹੋਈ ਬੇਅਦਬੀ ਦੀ ਮਾਫ਼ੀ ਮੰਗੀ ਆਪ ਜੀ ਨੇ ਪ੍ਰਸੰਨ ਹੋ ਕੇ ਸੰਗਤਾਂ ਨੂੰ ਖੁਸ਼ੀਆਂ ਬਖ਼ਸ਼ੀਆਂ ਤੇ ਰਸਤੇ ਵਿਚ ਪ੍ਰਚਾਰ ਕਰਦੇ ਬਕਾਲੇ ਪੁੱਜੇ। ਇਥੋਂ ਦੇ ਸੋਢੀਆਂ ਦੀ ਈਰਖਾ ਨੂੰ ਵੇਖਕੇ ਆਪ ਕੀਰਤ ਪੁਰ ਚਲੇ ਗਏ। ਉਥੇ ਸਤਸੰਗ ਤੇ ਨਾਮ ਦਾ ਪ੍ਰਵਾਹ ਜਾਰੀ ਹੋ ਗਿਆ। ਬੇਅੰਤ ਸੰਗਤਾਂ ਦੂਰੋਂ ਦੂਰੋਂ ਗੁਰਦਰਸ਼ਨ ਨੂੰ ਆਉਣ ਲਗੀਆਂ। ਕੀਰਤਪੁਰ ਦੇ ਸੋਢੀ ਆਪ ਦੀ ਮਹਿਮਾ ਵੇਖਕੇ ਸਾਬਤ ਨਾ ਰਹੇ ਤੇ ਈਰਖਾ ਕਰਨ ਲਗੇ। ਆਪ ਜੀ ਨੇ ਉਨ੍ਹਾਂ ਦੀ ਈਰਖਾ ਨੂੰ ਵੇਖਕੇ ਕਹਿਲੂਰ ਦੇ ਰਾਜੇ ਦੀਪ ਚੰਦ ਪਾਸੋਂ ਮਾਖੋਵਾਲ ਦੀ ਜ਼ਮੀਨ ਖ਼੍ਰੀਦ ਕੇ ਅਨੰਦਪੁਰ ਵਸਾਇਆ।

ਅਨੰਦਪੁਰ ਵਿਚ ਕੁਝ ਚਿਰ ਨਿਵਾਸ ਕਰਕੇ ਮਾਲਵੇ ਵਿਚ ਪ੍ਰਚਾਰ ਕੀਤਾ। ਫਿਰ ਪੂਰਬ ਵਿਚ ਪ੍ਰਚਾਰ ਕਰਨ ਲਈ ਹਿੰਦੂ ਤੀਰਥਾਂ ਵੱਲ ਰੁਖ ਕੀਤਾ। ਸ੍ਰੀ ਕਲਗੀਧਰ ਸਾਹਿਬ ਫਰਮਾਂਦੇ ਹਨ–

ਮੁਰ ਪਿਤ ਪੂਰਬ ਕੀਯਸਿ ਪਯਾਨਾ ॥
ਭਾਂਤਿ ਭਾਂਤਿ ਕੇ ਤੀਰਥ ਨਾਨਾ ॥ (ਬਚਿਤ੍ਰ ਨਾਟਕ)

ਪ੍ਰਾਗਰਾਜ, ਕਾਂਸ਼ੀ, ਗਯਾ ਆਦਿਕ ਤੀਰਥਾਂ ਤੋਂ ਹੁੰਦੇ ਹੋਏ ਪਟਨੇ ਪੁਜੇ। ਪਟਨੇ ਦੀ ਸੰਗਤ ਨੇ ਬੜੀ ਸ਼ਰਧਾ ਨਾਲ ਸੇਵਾ ਕੀਤੀ ਤੇ ਇਕ ਸਿਖ ਨੇ ਗੁਰੂ ਜੀ ਦੇ ਰਹਿਣ ਵਾਸਤੇ ਆਪਣੀ ਹਵੇਲੀ ਭੇਟਾ ਕੀਤੀ, ਜਿਥੇ ਹੁਣ ਤਖ਼ਤ ਸ੍ਰੀ ਪਟਨਾ ਸਾਹਿਬ ਹੈ। ਆਪ ਜੀ ਪ੍ਰਵਾਰ ਨੂੰ ਇਥੇ ਹੀ ਛੱਡ ਕੇ ਬਿਹਾਰ ਵਿਚ ਪ੍ਰਚਾਰ ਕਰਦੇ ਹੋਏ ਢਾਕੇ (ਬੰਗਾਲ) ਵਿਚ ਪੁੱਜੇ ਤੇ ਬੰਗਾਲ ਦਾ ਦੌਰਾ ਕਰਕੇ ਰਾਜਾ ਰਾਮ ਸਿੰਘ ਦੀ ਮਦਦ ਤੇ ਆਸਾਮ ਵਿਚ ਗਏ। ਆਪ ਜੀ ਦੀ ਕ੍ਰਿਪਾ ਨਾਲ ਜੰਗ ਕੀਤੇ ਬਿਨਾ ਹੀ ਰਾਜਾ ਆਸਾਮ ਤੇ ਰਾਜਾ ਰਾਮ ਸਿੰਘ ਦੀ ਸੁਲ੍ਹਾ ਹੋ ਗਈ ਤੇ ਦੋਹਾਂ ਪਾਸਿਆਂ ਤੋਂ ਖ਼ੁਸ਼ੀਆਂ ਮਨਾਈਆਂ ਗਈਆਂ। ਇਸ ਖ਼ੁਸ਼ੀ ਵਿਚ ਸਤਿਗੁਰੂ ਜੀ ਦਾ ਹੁਕਮ ਮੰਨਕੇ (ਜਿਸ ਥਾਂ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ ਸਨ) ਸਾਰੀ ਸੈਨਾ ਨੇ ਪੰਜ ਪੰਜ ਢਾਲਾਂ ਮਿੱਟੀ ਦੀਆਂ ਸੁਟ ਕੇ ਇਕ ਉੱਚਾ ਸਾਰਾ ਥੜਾ ਬਣਾਇਆ। ਉਸ ਜਗ੍ਹਾ ਦਾ ਨਾਮ ਹੁਣ ਗੁਰਦੁਆਰਾ ਧੋਬੜੀ ਸਾਹਿਬ ਹੈ। ਉਥੇ ਹੀ ਆਪ ਨੂੰ ਪਟਨੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਗਟ ਹੋਣ ਦੀ ਖ਼ਬਰ ਮਿਲੀ। ਸਿਖ

ਸੰਗਤਾਂ ਤੇ ਸ਼ਾਹੀ ਸੈਨਾ ਨੇ ਬਹੁਤ ਖ਼ੁਸ਼ੀਆਂ ਮਨਾਈਆਂ। ਆਪ ਜੀ ਆਸਾਮ ਵਿਚ ਪ੍ਰਚਾਰ ਕਰਕੇ ਗਯਾ ਤੋਂ ਹੁੰਦੇ ਅਨੰਦਪੁਰ ਪੁੱਜੇ। ਕੁਝ ਚਿਰ ਪਿਛੋਂ ਪਟਨੇ ਤੋਂ ਸਾਰੇ ਪ੍ਰਵਾਰ ਨੂੰ ਵੀ ਅਨੰਦਪੁਰ ਸਾਹਿਬ ਮੰਗਾ ਲਿਆ।

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ

ਔਰੰਗਜ਼ੇਬ ਬਾਦਸ਼ਾਹ, ਜਿਸ ਨੇ ਆਪਣੇ ਭਰਾਵਾਂ ਨੂੰ ਕਤਲ ਤੇ ਬਾਪ ਨੂੰ ਕੈਦ ਕਰਕੇ ਦਿੱਲੀ ਦਾ ਤਖ਼ਤ ਸਾਂਭਿਆ ਸੀ, ਨੇ ਦੀਨ ਇਸਲਾਮ ਨੂੰ ਫੈਲਾਉਣ ਵਾਸਤੇ ਹਿੰਦੂਆਂ ਨਾਲ ਸਖ਼ਤੀ ਦਾ ਵਰਤਾਉ ਕਰਨਾ ਸ਼ੁਰੂ ਕੀਤਾ। ਵੱਡੇ ਵੱਡੇ ਮੰਦਰ ਢਾਹ ਕੇ ਮਸੀਤਾਂ ਬਨਵਾਈਆਂ, ਹਿੰਦੂਆਂ ਨੂੰ ਸ੍ਰਕਾਰੀ ਨੌਕਰੀਆਂ ਤੋਂ ਹਟਾਇਆ ਤੇ ਤੰਗ ਕਰਨ ਵਾਸਤੇ ਕਈ ਤਰ੍ਹਾਂ ਦੇ ਜਜ਼ੀਏ (ਟੈਕਸ) ਲਗਾਏ। ਇਸ ਦਾ ਖ਼ਿਆਲ ਸੀ ਕਿ ਕਾਫ਼ਰਾਂ (ਹਿੰਦੂਆਂ) ਨੂੰ ਮੁਸਲਮਾਨ ਬਣਾਇਆ ਜਾਵੇ ਤਾਂ ਖ਼ੁਦਾ ਖ਼ੁਸ਼ ਹੁੰਦਾ ਹੈ। ਹਿੰਦੂਆਂ ਨੂੰ ਮੁਸਲਮਾਨ ਕਰਨ ਲਈ ਸੂਬਿਆਂ ਦੇ ਨਾਂ ਹੁਕਮ ਜਾਰੀ ਕੀਤੇ ਗਏ ਕਿ ਇਨ੍ਹਾਂ ਨੂੰ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾ ਕੇ ਦੀਨ ਇਸਲਾਮ ਦਾ ਵਾਧਾ ਕੀਤਾ ਜਾਵੇ।

ਕਸ਼ਮੀਰ ਦਾ ਸੂਬਾ ਉਸ ਵੇਲੇ ਸ਼ੇਰ ਅਫ਼ਗਨ ਸੀ। ਇਸ ਨੇ ਔਰੰਗਜ਼ੇਬ ਨੂੰ ਖ਼ੁਸ਼ ਕਰਨ ਲਈ ਹਿੰਦੂਆਂ ਨੂੰ ਬਦੋ-ਬਦੀ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਨਾਉਣਾ ਸ਼ੁਰੂ ਕੀਤਾ। ਕਸ਼ਮੀਰ ਵਿਚ ਜਿਹੜੀ ੬੫ ਫ਼ੀ ਸਦੀ ਮੁਸਲਮਾਨ ਆਬਾਦੀ ਨਜ਼ਰ ਆਉਂਦੀ ਹੈ, ਇਹ ਓਸੇ ਸ਼ੇਰ ਅਫ਼ਗਨ ਦੇ ਜ਼ੁਲਮ ਦੀ ਬਰਕਤ ਹੈ। ਕਸ਼ਮੀਰੀ ਪੰਡਿਤਾਂ ਨੂੰ ਇਸ ਨੇ ਇਕੱਠਿਆਂ ਕੀਤਾ ਤੇ ਮੁਸਲਮਾਨ ਹੋਣ ਲਈ ਕਿਹਾ। ਪੰਡਿਤਾਂ ਨੇ ਸਲਾਹ ਕਰਕੇ ਇਸ ਪਾਸੋਂ ਛੇ ਮਹੀਨਿਆਂ ਦੀ ਮੁਹਲਤ ਮੰਗੀ ਤੇ ਸਾਰੇ ਇਕੱਠੇ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਰਣ ਆਏ।

ਉਨ੍ਹਾਂ ਨੇ ਸਤਿਗੁਰੂ ਜੀ ਦੇ ਦਰਬਾਰ ਵਿਚ ਪੁੱਜ ਕੇ ਹਕੂਮਤ ਵਲੋਂ ਹੋ ਰਹੇ ਜ਼ੁਲਮਾਂ ਦਾ ਹਾਲ ਵਰਨਣ ਕੀਤਾ-

ਗਲਾਂ ਵਿਚ ਪੱਲੇ ਅਖਾਂ ਵਿਚ ਆਂਸੂ,
ਦਿਲੀ ਦੁਖ ਜੀਭੋਂ ਹਾ ਹਾ ਕਰਦੇ ।
ਧੀਆਂ ਧਰਮ ਧਨ ਧੱਕੇ ਦੇ ਨਾਲ ਖੋਵਨ,
ਰਖਿਆ ਦੀਨਾਂ ਦੀ ਹੇ ਰਖਣਹਾਰ ਕਰ ਦੇ ।

ਦੁਖੀ ਪੰਡਿਤਾਂ ਦੀ ਪੁਕਾਰ ਸੁਣ ਕੇ ਸੰਗਤ ਵਿਚ ਸਨਾਟਾ ਛਾ ਗਿਆ। ਹਜ਼ੂਰ ਅਜੇ ਕੁਝ ਸੋਚ ਹੀ ਰਹੇ ਸਨ ਕਿ ਕੋਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੁੱਛਿਆ, ਪਿਤਾ ਜੀ ! ਕੀ ਸੋਚ ਹੈ ? ਆਪ ਨੇ ਉੱਤਰ ਦਿਤਾ, ਬੇਟਾ ! ਔਰੰਗਜ਼ੇਬ ਹਿੰਦੂਆਂ ਤੇ ਜ਼ੁਲਮ ਕਰ ਰਿਹਾ ਹੈ, ਧਰਮ ਨੂੰ ਬਚਾਣ ਤੇ ਜ਼ੁਲਮ ਦੇ ਹੜ੍ਹ ਨੂੰ ਰੋਕਣ ਵਾਸਤੇ ਕਿਸੇ ਮਹਾਂ ਪੁਰਖ ਦੇ ਸਿਰ ਦੀ ਲੋੜ ਹੈ। ਤਾਂ ਸ੍ਰੀ ਦਸਮ ਪਾਤਸ਼ਾਹ ਜੀ ਜਿਹੜੇ ਅਜੇ ਕੇਵਲ ਨੌਂ ਸਾਲ ਦੇ ਹੀ ਸਨ, ਕਹਿਣ ਲਗੇ–

"ਪਿਤਾ ਜੀ ! ਆਪ ਤੋਂ ਵਧ ਕੇ ਹੋਰ ਕਿਹੜਾ ਮਹਾਂ ਪੁਰਸ਼ ਹੈ, ਜਿਹੜਾ ਧਰਮ ਹਿਤ ਆਪਣਾ ਸੀਸ ਦੇਵੇ ?"

ਆਪ ਨੇ ਸਾਹਿਬਜ਼ਾਦੇ ਦੇ ਇਹ ਬਚਨ ਸੁਣਕੇ ਪੰਡਿਤਾਂ ਨੂੰ ਆਖਿਆ, "ਔਰੰਗਜ਼ੇਬ ਨੂੰ ਕਹਿ ਦਿਓ ਕਿ ਜੇ (ਗੁਰੂ) ਤੇਗ਼ ਬਹਾਦਰ (ਜੀ) ਨੂੰ ਉਹ ਮੁਸਲਮਾਨ ਕਰ ਲਵੇ ਤਾਂ ਅਸੀਂ ਸਾਰੇ ਆਪੇ ਹੀ ਦੀਨ ਇਸਲਾਮ ਵਿਚ ਆ ਜਾਵਾਂਗੇ।"

ਪੰਡਿਤਾਂ ਨੇ ਜਾ ਕੇ ਇਸ ਭਾਵ ਦੀ ਅਰਜ਼ੀ ਦਿੱਲੀ ਲਿਖ ਭੇਜੀ। ਔਰੰਗਜ਼ੇਬ ਨੇ ਇਹ ਅਰਜ਼ੀ ਪੜ੍ਹਕੇ ਗੁਰੂ ਜੀ ਨੂੰ ਦਿੱਲੀ ਬੁਲਾ ਭੇਜਿਆ। ਸ਼ਾਹੀ ਆਦਮੀ ਆਪ ਨੂੰ ਲਿਜਾਣ ਵਾਸਤੇ ਸ੍ਰੀ ਅਨੰਦਪੁਰ ਸਾਹਿਬ ਪੁਜੇ। ਆਪ ਨੇ ਉਨ੍ਹਾਂ ਨੂੰ ਕਿਹਾ, 'ਤੁਸੀਂ ਜਾਓ, ਅਸੀਂ ਆਪੇ ਆ ਜਾਵਾਂਗੇ।'

ਸਾਰਾ ਕੰਮ ਕਾਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਮੁਖੀ ਸਿਖਾਂ ਨੂੰ ਸੌਂਪ ਕੇ ਆਪ ਭਾਈ ਮਤੀਦਾਸ ਜੀ, ਭਾਈ ਦਿਆਲਾ ਜੀ ਆਦਿਕ ਪੰਜਾਂ ਸਿਖਾਂ ਨੂੰ ਨਾਲ ਲੈ ਕੇ ਦਿੱਲੀ ਨੂੰ ਚੱਲ ਪਏ। ਰਸਤੇ ਵਿਚ ਪ੍ਰਚਾਰ ਕਰਦੇ ਹੋਏ ਸੈਫ਼ਾਬਾਦ (ਰਿਆਸਤ ਪਟਿਆਲਾ) ਪਹੁੰਚੇ। ਇਕ ਪ੍ਰੇਮੀ ਪਠਾਣ ਦੇ ਘਰ ਨਿਵਾਸ ਕੀਤਾ ਤੇ ਬਰਸਾਤ ਦੇ ਦਿਨ ਏਥੇ ਗੁਜ਼ਾਰੇ। ਸ਼ਾਹੀ ਆਦਮੀ ਆਪ ਨੂੰ ਲੈਣ ਵਾਸਤੇ ਦੂਜੀ ਵਾਰੀ ਅਨੰਦਪੁਰ ਸਾਹਿਬ ਪੁੱਜੇ ਤੇ ਦਿੱਲੀ ਆ ਕੇ ਰਿਪੋਰਟ ਦਿੱਤੀ ਕਿ ਗੁਰੂ ਤੇਗ ਬਹਾਦਰ ਜੀ ਲਾ–ਪਤਾ ਹਨ। ਆਪ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਸ਼ਾਹੀ ਫ਼ੁਰਮਾਨ ਜਾਰੀ ਹੋ ਗਿਆ। ਆਪ ਨੂੰ ਜਦੋਂ ਪਤਾ ਲਗਾ ਤਾਂ ਆਪ ਆਗਰੇ ਪੁੱਜੇ, ਇਕ ਮਾਈ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ, ਉਹਦੀ ਆਸ ਪੂਰੀ ਕੀਤੀ। ਆਗਰੇ ਤੋਂ ਆਪ ਨੂੰ ਗ੍ਰਿਫ਼ਤਾਰ ਕਰਕੇ ਫ਼ੌਜੀ ਪਹਿਰੇ ਵਿਚ ਦਿੱਲੀ ਭੇਜਿਆ ਗਿਆ। ਦੂਸਰੇ ਦਿਨ ਔਰੰਗਜ਼ੇਬ ਦੇ ਪੇਸ਼ ਹੋਏ ਤਾਂ ਉਸ ਨੇ ਆਪ ਨੂੰ ਆਖਿਆ, "ਮੈਂ ਚਾਹੁੰਦਾ ਹਾਂ ਕਿ ਕਾਫ਼ਰਾਂ (ਹਿੰਦੂਆਂ) ਨੂੰ ਦੀਨ ਇਸਲਾਮ ਵਿਚ ਲਿਆ ਕੇ ਉਨ੍ਹਾਂ ਨੂੰ ਜਹੰਨਮ ਦੀ ਅੱਗ ਤੋਂ ਬਚਾਵਾਂ। ਤੁਸੀਂ ਹਿੰਦੂਆਂ ਦੇ ਪੀਰ (ਗੁਰੂ) ਹੋ, ਇਸ ਲਈ ਜੇ ਤੁਸੀਂ ਮੁਸਲਮਾਨ ਹੋ ਜਾਓ ਤਾਂ ਤੁਹਾਡੇ

ਪਿੱਛੇ ਸਾਰੇ ਕਾਫ਼ਰ ਆਪੇ ਹੀ ਮੁਸਲਮਾਨ ਹੋ ਜਾਣਗੇ। ਮੈਂ ਤੁਹਾਡੀ ਇੱਜ਼ਤ ਕਰਾਂਗਾ ਤੇ ਤੁਹਾਨੂੰ ਦੁਨੀਆਂ ਦੇ ਸੁਖ, ਧਨ, ਇੱਜ਼ਤ ਆਦਿਕ ਜੋ ਚਾਹੋਗੇ, ਬਖ਼ਸ਼ ਦੇਵਾਂਗਾ। ਅਗੇ ਤੁਸੀਂ ਹਿੰਦੂਆਂ ਦੇ ਹੀ ਪੀਰ ਹੋ, ਫਿਰ ਮੁਸਲਮਾਨ ਭੀ ਤੁਹਾਨੂੰ ਪੂਜਣਗੇ। ਤੁਹਾਡੀ ਪੀਰੀ ਮੁਰੀਦੀ ਦਾ ਦਾਇਰਾ ਸਗੋਂ ਅਗੇ ਨਾਲੋਂ ਵੱਡਾ ਹੋ ਜਾਏਗਾ।"

ਔਰੰਗਜ਼ੇਬ ਦੀ ਇਹ ਗੱਲ ਸੁਣਕੇ ਸਤਿਗੁਰੂ ਜੀ ਨੇ ਉਸ ਨੂੰ ਆਖਿਆ, "ਜਹੰਨਮ ਦੀ ਅੱਗ ਤੋਂ ਆਪਣੇ ਚੰਗੇ ਕਰਮਾਂ ਤੋਂ ਬਿਨਾਂ ਹੋਰ ਕੋਈ ਬਚਾ ਨਹੀਂ ਸਕਦਾ ਤੇ ਦੁਨੀਆਂ ਦੇ ਸੁਖਾਂ ਦਾ ਜਿਹੜਾ ਲਾਲਚ ਦੇਂਦਾ ਹੈਂ, ਓਹ ਸਾਨੂੰ ਵਾਹਿਗੁਰੂ ਨੇ ਸਭ ਦਿੱਤੇ ਹੋਏ ਹਨ, ਇਸ ਲਈ ਸਾਨੂੰ ਸਾਡਾ ਆਪਣਾ ਮਜ਼੍ਹਬ ਹੀ ਚੰਗਾ ਹੈ ।"

ਇਹ ਸੁਣ ਕੇ ਔਰੰਗਜ਼ੇਬ ਕਹਿਣ ਲਗਾ, 'ਮੁਸਲਮਾਨ ਨਹੀਂ ਬਣਦੇ ਤਾਂ ਕੋਈ ਕਰਾਮਾਤ ਵਿਖਾਓ।' ਆਪ ਨੇ ਉਤਰ ਦਿੱਤਾ, "ਕਰਾਮਾਤ ਨਾਮ ਕਹਿਰ ਦਾ ਹੈ। ਅਸੀਂ ਵਾਹਿਗੁਰੂ ਦੀ ਰਜ਼ਾ ਵਿਚ ਰਹਿਣ ਵਾਲੇ ਹਾਂ, ਜੋ ਉਸਦਾ ਹੁਕਮ ਹੋਵੇਗਾ, ਖਿੜੇ ਮੱਥੇ ਮੰਨਾਂਗੇ।"

ਔਰੰਗਜ਼ੇਬ ਨੂੰ ਜਦੋਂ ਕਿਸੇ ਤਰ੍ਹਾਂ ਭੀ ਆਪਣੀ ਮਨਸ਼ਾ ਪੂਰੀ ਹੁੰਦੀ ਨਾ ਦਿੱਸੀ ਤਾਂ ਉਸ ਨੇ ਗੁਰੂ ਜੀ ਤੇ ਸਖ਼ਤੀ ਕਰਨ ਦਾ ਹੁਕਮ ਦਿੱਤਾ। ਆਪ ਦਾ ਖਾਣਾ ਪੀਣਾ ਬੰਦ ਕਰਕੇ ਆਪ ਨੂੰ ਲੋਹੇ ਦੇ ਪਿੰਜਰੇ ਵਿਚ ਕੈਦ ਕੀਤਾ ਗਿਆ। ਗੁਰੂ ਜੀ ਨੂੰ ਕਸ਼ਟਾਂ ਵਿਚ ਦੇਖਕੇ ਭਾਈ ਮਤੀਦਾਸ ਜੀ ਨੇ ਆਖਿਆ, 'ਸੱਚੇ ਪਾਤਸ਼ਾਹ ! ਜੇ ਹੁਕਮ ਕਰੋ ਤਾਂ ਜ਼ਾਲਮ ਰਾਜ ਦੀ ਇੱਟ ਨਾਲ ਇੱਟ ਖੜਕਾ ਦਿਆਂ।' ਆਪ ਨੇ ਉਸ ਨੂੰ ਸਬਰ, ਸ਼ੁਕਰ ਵਿਚ ਰਹਿਕੇ ਭਾਣਾ ਮੰਨਣ ਦਾ ਉਪਦੇਸ਼ ਦਿਤਾ। ਭਾਈ ਸਾਹਿਬ ਦੀ ਇਹ ਗੱਲ ਔਰੰਗਜ਼ੇਬ ਦੇ ਕੰਨੀਂ ਪਈ, ਉਸ ਨੇ ਇਹ ਕੁਝ ਕਰਕੇ ਵਿਖਾਉਣ ਲਈ ਕਿਹਾ ਤਾਂ ਆਪ ਨੇ ਉੱਤਰ ਦਿੱਤਾ–

ਆਗਿਆ ਗੁਰ ਨਹਿ ਦੇਤ ਹੈਂ ਕਾਰਾ ਦਿਉਂ ਦਿਖਾਇ ।
ਦਿੱਲੀ ਅਤੇ ਲਾਹੌਰ ਦੀ ਇੱਟ ਇੱਟ ਦਿਉਂ ਵਜਾਇ ।

ਔਰੰਗਜ਼ੇਬ ਇਹ ਸੁਣਕੇ ਸੜ ਗਿਆ ਤੇ (ਭਾਈ) ਮਤੀਦਾਸ ਨੂੰ ਆਰੇ ਨਾਲ ਚੀਰ ਕੇ ਦੋਫਾੜ ਕਰਨ ਦਾ ਹੁਕਮ ਦਿੱਤਾ। ਭਾਈ ਸਾਹਿਬ ਨੂੰ ਆਰੇ ਨਾਲ ਚੀਰਿਆ ਗਿਆ ਪਰ ਆਪ ਨੇ ਮੂੰਹੋਂ ਸੀ ਤਕ ਨਾ ਉਚਾਰੀ ਤੇ ਮਨ ਸਤਿਗੁਰੂ ਜੀ ਦੇ ਚਰਨਾਂ ਵਿਚ ਟਿਕਾਈ ਰਖਿਆ।

ਆਪ ਦੀ ਸ਼ਹੀਦੀ ਤੋਂ ਪਿਛੋਂ ਭਾਈ ਦਿਆਲਾ ਜੀ ਨੂੰ ਉੱਬਲਦੀ ਦੇਗ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ। ਸਿਖਾਂ ਨਾਲ ਇਹ ਵਰਤਾਰਾ ਕਰ ਕੇ ਗੁਰੂ ਜੀ ਨੂੰ ਫਿਰ ਆਖਿਆ

ਗਿਆ ਕਿ ਜੇ ਦੀਨ ਇਸਲਾਮ ਮੰਨ ਜਾਓ ਤਾਂ ਚੰਗਾ ਹੈ, ਨਹੀਂ ਤਾਂ ਤੁਹਾਡੇ ਨਾਲ ਭੀ ਇਹੋ ਵਰਤਾਰਾ ਕੀਤਾ ਜਾਏਗਾ।

ਇਹ ਗੱਲ ਸੁਣਕੇ ਸਤਿਗੁਰੂ ਜੀ ਨੇ ਉੱਤਰ ਦਿੱਤਾ, 'ਸਾਨੂੰ ਤੁਹਾਡਾ ਦੀਨ ਇਸਲਾਮ ਪ੍ਰਵਾਨ ਨਹੀਂ, ਸਗੋਂ ਮੌਤ ਨੂੰ ਖ਼ੁਸ਼ੀ ਨਾਲ ਪ੍ਰਵਾਨ ਕਰਦੇ ਹਾਂ।' ਔਰੰਗਜ਼ੇਬ ਨੇ ਜਦੋਂ ਵੇਖਿਆ ਕਿ ਆਪ ਭੈ, ਡਰ, ਲਾਲਚ ਆਦਿ ਕਿਸੇ ਤਰੀਕੇ ਨਾਲ ਭੀ ਨਹੀਂ ਮੰਨਦੇ ਤਾਂ ਆਪ ਦੇ ਕਤਲ ਕਰਨ ਦਾ ਹੁਕਮ ਦੇ ਦਿੱਤਾ।

ਸਤਿਗੁਰੂ ਜੀ ਨੇ ਆਪਣਾ ਅੰਤ ਸਮਾਂ ਨੇੜੇ ਜਾਣ ਕੇ ਪੰਜ ਪੈਸੇ ਤੇ ਨਰੇਲ ਮੰਗਵਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲ ਸ੍ਰੀ ਅਨੰਦਪੁਰ ਭੇਜੇ।

ਮਘਰ ਸੁਦੀ ੫ ਸੰਮਤ ੧੭੩੨ ਦੇ ਖ਼ੂਨੀ ਦਿਹਾੜੇ ਦਿੱਲੀ ਸ਼ਹਿਰ ਵਿਚ ਡੌਂਡੀ ਪਿਟਾਈ ਗਈ ਤੇ ਆਪ ਨੂੰ ਲੋਹੇ ਦੇ ਪਿੰਜਰੇ ਵਿੱਚੋਂ ਕੱਢ ਕੇ ਸ਼ਾਹੀ ਪਹਿਰੇ ਵਿਚ ਬੋੜ੍ਹ ਦੇ ਥੱਲੇ ਲਿਆਂਦਾ ਗਿਆ, ਜਿਥੇ ਬੈਠਕੇ ਆਪ ਨੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਕੇ ਅਕਾਲ ਪੁਰਖ ਨੂੰ ਸੀਸ ਝੁਕਾਇਆ। ਜੱਲਾਦ ਨੇ ਤਲਵਾਰ ਚਲਾਈ ਤੇ ਆਪ ਦਾ ਸੀਸ ਧੜ ਨਾਲੋਂ ਜੁਦਾ ਕਰ ਦਿੱਤਾ।

SIKHBOOKCLUB.COM

ਸੀਸ ਕੀ ਕਟਿਆ ਗਿਆ, ਜ਼ਾਲਮ ਰਾਜ ਦੀ ਜੜ੍ਹ ਕਟੀ ਗਈ। ਉਸ ਵੇਲੇ ਜ਼ਬਰਦਸਤ ਹਨੇਰੀ ਆਈ, ਲੋਕਾਂ ਨੇ ਹਾਹਾ ਕਾਰ ਤੇ ਦੇਵਤਿਆਂ ਨੇ ਜੈ ਜੈ ਕਾਰ ਕੀਤੀ ਤੇ ਕਿਹਾ–

'ਧੰਨ ਗੁਰੂ ਤੇਗ ਬਹਾਦਰ, ਹਿੰਦ ਦੀ ਚਾਦਰ'
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ। (ਬਚਿਤ੍ਰ ਨਾਟਕ ਪਾ: ੧੦)

ਸਤਿਗੁਰੂ ਜੀ ਦੀ ਇਸ ਮਹਾਨ ਕੁਰਬਾਨੀ ਨੇ ਹਿੰਦੂ ਧਰਮ ਦੀ ਲਾਜ ਰਖੀ।

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥
ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨ ਹੇਤਿ ਇਤੀ ਜਿਨਿ ਕਰੀ ॥
ਸੀਸੁ ਦੀਆ ਪਰ ਸੀ ਨ ਉਚਰੀ ॥
ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸ ਦੀਆ ਪਰ ਸਿਰਰੁ ਨ ਦੀਆ ॥ (ਬਚਿਤ੍ਰ ਨਾਟਕ ਪਾ: ੧੦)

ਇਸ ਹਫੜਾ ਦਫੜੀ ਵਿਚ ਜੈਤਾ, ਗੁਰੂ ਜੀ ਦਾ ਸੀਸ ਚੁਕ ਸ੍ਰੀ ਅਨੰਦਪੁਰ ਸਾਹਿਬ ਪੁੱਜਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਛਾਤੀ ਨਾਲ ਲਾਇਆ ਤੇ "ਰੰਘਰੇਟੇ ਗੁਰੂ ਕੇ ਬੇਟੇ" ਦਾ ਵਰ ਦਿੱਤਾ। ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਦੇ ਸੀਸ ਦਾ ਸਤਿਕਾਰ ਸਹਿਤ ਸਸਕਾਰ ਕੀਤਾ ਗਿਆ।

ਗੁਰੂ ਜੀ ਦਾ ਧੜ ਭਾਈ ਲਖੀ ਸ਼ਾਹ ਵਣਜਾਰਾ ਗੱਡੇ ਵਿੱਚ ਰੱਖਕੇ ਆਪਣੇ ਘਰ ਲੈ ਗਿਆ, ਗੁਰੂ ਜੀ ਦੇ ਪਵਿੱਤ੍ਰ ਧੜ ਦੇ ਸਸਕਾਰ ਲਈ ਚਿਖਾ ਬਣਾਈ, ਮੱਥਾ ਟੇਕਿਆ ਤੇ ਘਰ ਦੇ ਅੰਦਰ ਹੀ ਰਖ ਕੇ ਅੱਗ ਲਾ ਦਿੱਤੀ। ਉਥੇ ਹੁਣ ਗੁਰਦੁਆਰਾ ਰਕਾਬ ਗੰਜ ਸਾਹਿਬ ਹੈ।

ਚਾਂਦਨੀ ਚੌਕ ਵਿਚ ਜਿਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਸੀ। ਉਥੇ ਗੁਰਦੁਆਰਾ ਸੀਸ ਗੰਜ ਸਾਹਿਬ ਬਣਿਆ ਹੋਇਆ ਹੈ।

SIKHBOOKCLUB.COM

# ੧੦. ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸ਼ਟ ਦੋਖੀਅਨ ਪਕਰ ਪਛਾਰੋ ॥
ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸ਼ਟ ਸਭਨ ਕੋ ਮੂਲ ਉਪਾਰਨ ॥ (ਬਚਿਤ੍ਰ ਨਾਟਕ ਪਾ: ੧੦)

ਕਾਦਰਿ ਹਰ ਕਾਰ ਗੁਰੂ ਗੋਬਿੰਦ ਸਿੰਘ ॥
ਬੇਕਸਾਂ ਰਾ ਯਾਰ ਗੁਰੂ ਗੋਬਿੰਦ ਸਿੰਘ ॥
ਨਾਸਰੋ ਮਨਸੂਰ ਗੁਰੂ ਗੋਬਿੰਦ ਸਿੰਘ ॥
ਏਜ਼ਦੀ ਮਨਜ਼ੂਰ ਗੁਰੂ ਗੋਬਿੰਦ ਸਿੰਘ ॥
ਹੱਕ ਹੱਕ ਆਗਾਹ ਗੁਰੂ ਗੋਬਿੰਦ ਸਿੰਘ ॥
ਸ਼ਾਹਿ ਸ਼ਾਹਨ ਸ਼ਾਹ ਗੁਰੂ ਗੋਬਿੰਦ ਸਿੰਘ ॥
(ਤੌਸੀਫ਼ੋ ਸਨਾ ਭਾਈ ਨੰਦ ਲਾਲ ਸਾਹਿਬ ਜੀ)

## ਅਵਤਾਰ

ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਪੋਹ ਸੁਦੀ ਸਤਮੀ ਸੰਮਤ ੧੭੨੩ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਘਰ ਮਾਤਾ ਗੁਜਰੀ ਜੀ ਦੀ ਕੁਖੋਂ ਪਟਨੇ ਸ਼ਹਿਰ ਵਿਖੇ ਹੋਇਆ। ਓਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਪ੍ਰਚਾਰ ਲਈ ਆਸਾਮ ਦੇਸ ਵਿਚ ਗਏ ਹੋਏ ਸਨ। ਉਨ੍ਹਾਂ ਨੂੰ ਉਥੇ ਖ਼ਬਰ ਪੁੱਜੀ। ਸਾਰੀ ਸੰਗਤ ਨੇ ਅਤਿਅੰਤ ਖ਼ੁਸ਼ੀਆਂ ਮਨਾਈਆਂ। ਦੇਸ ਪਟਨੇ ਵਿਚ ਹੀ ਆਪ ਦੀ ਪ੍ਰਵਰਸ਼ ਸ਼ੁਰੂ ਹੋਈ ਤੇ ਪੰਜ ਛੇ ਸਾਲ ਦੀ ਅਵਸਥਾ ਤਕ ਉਥੇ ਹੀ ਰਹੇ।

 www.sikhbookclub.com

## ਬਾਲ–ਚੋਜ

ਬਚਪਨ ਤੋਂ ਹੀ ਸ੍ਰੀ ਦਸਮ ਪਾਤਸ਼ਾਹ ਜੀ ਨੂੰ ਘੋੜੇ ਦੀ ਸਵਾਰੀ ਤੇ ਸ਼ਸਤ੍ਰ ਵਿਦਿਆ ਦਾ ਬੜਾ ਸ਼ੌਂਕ ਸੀ। ਆਪ ਬੱਚਿਆਂ ਨੂੰ ਨਾਲ ਲੈ ਕੇ ਗੰਗਾ ਦੇ ਘਾਟ ਤੇ ਜਾਂਦੇ ਫ਼ੌਜਾਂ ਬਣਾ ਕੇ ਆਪ ਸੈਨਾਪਤੀ ਬਣ ਕੇ ਲੜਾਈਆਂ ਕਰਾਉਂਦੇ, ਤੀਰ ਅੰਦਾਜ਼ੀ ਸਿਖਾਂਦੇ ਤੇ ਹੋਰ ਕਈ ਤਰ੍ਹਾਂ ਦੀਆਂ ਅਨੋਖੀਆਂ ਖੇਡਾਂ ਖੇਡਦੇ, ਜਿਨ੍ਹਾਂ ਨੂੰ ਵੇਖ ਕੇ ਪਟਨੇ ਦੇ ਸਾਰੇ ਇਸਤ੍ਰੀ ਪੁਰਖ ਆਪ ਤੋਂ ਕੁਰਬਾਨ ਹੁੰਦੇ ਸਨ।

ਆਪ ਦੇ ਮਹਿਲਾਂ ਦੇ ਲਾਗੇ ਮਿੱਠੇ ਜਲ ਦੀ ਇਕ ਖੂਹੀ ਸੀ, ਜਿਥੇ ਪਟਨੇ ਦੀਆਂ ਇਸਤ੍ਰੀਆਂ ਪਾਣੀ ਭਰਨ ਆਉਂਦੀਆਂ ਸਨ। ਆਪ ਗੁਲੇਲੇ ਮਾਰ ਉਨ੍ਹਾਂ ਦੇ ਘੜੇ ਭੰਨ ਦਿੰਦੇ। ਉਹ ਮਾਤਾ ਜੀ ਕੋਲ ਸ਼ਿਕਾਇਤ ਕਰਦੀਆਂ ਤਾਂ ਮਾਤਾ ਜੀ ਉਨ੍ਹਾਂ ਨੂੰ ਨਵੇਂ ਘੜੇ ਦੇ ਕੇ ਪ੍ਰਸੰਨ ਕਰ ਦੇਂਦੇ।

## ਰਾਜਾ ਫ਼ਤਹ ਚੰਦ ਤੇ ਰਾਣੀ ਦਾ ਪ੍ਰੇਮ

ਕਈ ਵਾਰੀ ਆਪ ਖੇਡਦੇ ਖੇਡਦੇ ਰਾਜਾ ਫ਼ਤਹ ਚੰਦ ਤੇ ਰਾਣੀ ਦੇ ਪ੍ਰੇਮ ਦੇ ਖਿੱਚੇ ਹੋਏ ਉਨ੍ਹਾਂ ਦੇ ਘਰ ਚਲੇ ਜਾਂਦੇ। ਇਨ੍ਹਾਂ ਦੇ ਘਰ ਸੰਤਾਨ ਕੋਈ ਨਹੀਂ ਸੀ। ਆਪ ਜਾ ਰਾਣੀ ਦੀ ਗੋਦ ਵਿਚ ਬਹਿਕੇ ਉਸ ਨੂੰ ਮਾਤਾ ਜੀ ਸੱਦਦੇ। ਪੂਰੀਆਂ ਤੇ ਤਲੇ ਹੋਏ ਛੋਲੇ, ਜਿਹੜੇ ਉਹ ਆਪ ਜੀ ਵਾਸਤੇ ਤਿਆਰ ਕਰ ਰਖਦੀ ਸੀ, ਲੈ ਕੇ ਸਾਥੀ ਬਾਲਕਾਂ ਨਾਲ ਵੰਡ ਕੇ ਖਾਂਦੇ ਤੇ ਉਹਦੀ ਭਾਵਨਾ ਪੂਰੀ ਕਰਦੇ। ਰਾਜਾ ਫ਼ਤਹ ਚੰਦ ਤੇ ਰਾਣੀ ਦਾ ਮਹਾਰਾਜ ਨਾਲ ਇਤਨਾ ਪ੍ਰੇਮ ਹੋ ਗਿਆ ਸੀ ਕਿ ਬਾਲਾ ਦਸਮੇਸ਼ ਜੀ ਜਦੋਂ ਸ੍ਰੀ ਅਨੰਦਪੁਰ ਨੂੰ ਆਉਣ ਲਗੇ ਤਾਂ ਇਹ ਦੋਵੇਂ ਗਸ਼ ਖਾ ਕੇ ਡਿੱਗ ਪਏ। ਮਹਾਰਾਜ ਜੀ ਨੇ ਇਨ੍ਹਾਂ ਨੂੰ ਉਠਾ ਕੇ ਧੀਰਜ ਦਿੱਤਾ ਤੇ ਆਪਣੀ ਕਟਾਰ, ਪੁਸ਼ਾਕ ਤੇ ਜੋੜਾ ਬਖ਼ਸ਼ਿਆ। ਸਤਿਗੁਰੂ ਜੀ ਨਾਲ ਪ੍ਰੇਮ ਕਰਨ ਕਰਕੇ ਰਾਜਾ ਫ਼ਤਹ ਚੰਦ ਤੇ ਰਾਣੀ ਦਾ ਘਰ ਗੁਰਦੁਆਰਾ ਬਣ ਗਿਆ, ਜੋ ਹੁਣ ਭੀ ਪਟਨੇ ਸਾਹਿਬ ਵਿਚ "ਮੈਣੀ ਸੰਗਤ" ਕਰਕੇ ਪ੍ਰਸਿੱਧ ਹੈ। ਇਥੇ ਇਨ੍ਹਾਂ ਸਭ ਵਸਤੂਆਂ ਦੇ ਦਰਸ਼ਨ ਕਰਾਏ ਜਾਂਦੇ ਹਨ ਤੇ ਅਜੇ ਤਕ ਪੂਰੀ ਤੇ ਛੋਲਿਆਂ ਦਾ ਪ੍ਰਸ਼ਾਦ ਵਰਤਦਾ ਹੈ।

## ਅਨੰਦਪੁਰ ਆਉਣਾ

ਨੌਵੇਂ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਸਾਰੇ ਪ੍ਰਵਾਰ ਸਹਿਤ ਪਟਨੇ ਤੋਂ ਚਲ ਕੇ ਰਸਤੇ ਵਿਚ ਕਈ ਪ੍ਰਾਣੀਆਂ ਦਾ ਉਧਾਰ ਕਰਦੇ ਸੰਮਤ ੧੭੨੯ ਵਿਚ ਆਪ ਸ੍ਰੀ ਅਨੰਦਪੁਰ ਸਾਹਿਬ ਪੁੱਜੇ। ਇਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਨਿਗਰਾਨੀ ਵਿਚ ਆਪ ਦੀ ਵਿਦਿਆ ਤੇ ਸਿਖਿਆ ਸ਼ੁਰੂ ਹੋਈ। ਮੁਨਸ਼ੀ ਸਾਹਿਬ ਚੰਦ ਪਾਸੋਂ ਆਪ ਨੇ ਗੁਰੂ ਘਰ ਦੀ ਵਿਦਿਆ ਤੇ ਗੁਰਬਾਣੀ ਦਾ ਪਾਠ ਸਿਖਿਆ। ਇਸ ਤੋਂ ਪਿੱਛੋਂ ਮੁਨਸ਼ੀ ਪੀਰ ਮੁਹੰਮਦ ਪਾਸੋਂ ਫ਼ਾਰਸੀ ਪੜ੍ਹੀ।

ਕਸ਼ਮੀਰੀ ਪੰਡਿਤਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਸ੍ਰੀ ਅਨੰਦਪੁਰ ਵਿਚ ਆ ਕੇ ਹਿੰਦੂ ਧਰਮ ਦੀ ਰਖਿਆ ਲਈ ਪੁਕਾਰ ਕੀਤੀ। ਉਸ ਵੇਲੇ ਆਪ ਜੀ ਦੀ ਉਮਰ ਕੇਵਲ ਨੌਂ ਸਾਲ ਦੀ ਸੀ, ਪਰ ਜਿਸ ਨਿਰਭੈਤਾ, ਹੌਂਸਲੇ ਤੇ ਧੀਰਜ ਨਾਲ ਆਪ ਨੇ ਨੌਵੇਂ ਪਾਤਸ਼ਾਹ ਜੀ ਨੂੰ ਕੁਰਬਾਨੀ ਲਈ ਦਿੱਲੀ ਭੇਜਿਆ, ਉਸ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਦਿੱਲੀ ਵਿਚੋਂ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮੱਘਰ ਸੁਦੀ ਤੀਜ ਸੰਮਤ ੧੭੩੨ ਨੂੰ ਪੰਜ ਪੈਸੇ ਤੇ ਨਰੇਲ ਭੇਜਿਆ ਤੇ ਗੁਰ-ਗੱਦੀ ਦਾ ਸਾਰਾ ਕੰਮ ਕਾਰ ਆਪ ਦੇ ਜ਼ਿਮੇਂ ਲਾਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਘਰ ਸੁਦੀ ੫ ਨੂੰ ਦਿੱਲੀ ਵਿਖੇ ਸ਼ਹੀਦੀ ਪ੍ਰਾਪਤ ਕੀਤੀ।

ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਤੋਂ ਪਿਛੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਬੜੇ ਭਾਰੀ ਸ਼ਾਹੀ ਦਰਬਾਰ ਵਿਖੇ ਆਪ ਜੀ ਦੇ ਗੁਰ-ਗੱਦੀ ਤੇ ਬਿਰਾਜਮਾਨ ਹੋਣ ਦੀ ਰਸਮ ਅਦਾ ਕੀਤੀ ਗਈ। ਸਿਖ ਸੰਗਤਾਂ ਇਸ ਵੇਲੇ ਬੜੇ-ਬੜੇ ਘੋੜੇ ਤੇ ਸ਼ਸਤ੍ਰ ਭੇਟਾ ਕੀਤੇ। ਏਥੇ ਸਤਿਗੁਰੂ ਜੀ ਨੇ ਜਗਤ ਵਿਚ ਆਪਣੇ ਆਉਣ ਦੇ ਮਿਸ਼ਨ ਦਾ ਇਸ ਤਰ੍ਹਾਂ ਐਲਾਨ ਕੀਤਾ-

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸ਼ਟ ਦੋਖੀਅਨ ਪਕਰ ਪਛਾਰੋ ॥
ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸ਼ਟ ਸਭਨ ਕੋ ਮੂਲ ਉਪਾਰਨ ॥ (ਬਚਿਤ੍ਰ ਨਾਟਕ)

ਗੁਰ-ਗੱਦੀ ਤੇ ਬੈਠ ਕੇ ਆਪ ਨੇ ਆਉਣ ਵਾਲੇ ਸਮੇਂ ਦੀ ਤਿਆਰੀ ਲਈ ਸਿਖਾਂ ਨੂੰ ਜਥੇਬੰਦ ਕਰਕੇ ਸ਼ਸਤ੍ਰ ਧਾਰੀ ਹੋਣ ਦਾ ਹੁਕਮ ਦਿਤਾ। ਦੇਸ ਦੇਸਾਂਤਰਾਂ ਦੇ ਸਿਖਾਂ ਨੂੰ ਮਾਇਆ ਦੀ ਥਾਂ ਚੰਗੇ ਸ਼ਸਤ੍ਰ ਤੇ ਵਧੀਆ ਘੋੜੇ ਲਿਆਉਣ ਲਈ ਹੁਕਮਨਾਮੇ ਭੇਜੇ ਗਏ। ਗੁਰੂ ਜੀ ਨੇ ਆਪ ਜੰਗੀ ਤਿਆਰੀ ਅਰੰਭ ਦਿਤੀ। ਅਨੰਦਪੁਰ ਦੇ ਪਹਾੜਾਂ ਵਿਚ ਆਪ ਸੂਰਬੀਰ ਸਿਖਾਂ ਨੂੰ ਨਾਲ ਲੈ ਕੇ ਸ਼ਿਕਾਰ ਖੇਡਣ ਜਾਂਦੇ, ਤੀਰ ਅੰਦਾਜ਼ੀ ਨੇਜ਼ਾ ਬਾਜੀ ਤੇ ਜੰਗ ਯੁਧ ਦੇ ਹੋਰ ਕਰਤਬ ਸਿਖਾਂਦੇ।

## ਰਾਜਾ ਰਤਨ ਰਾਇ ਦਾ ਆਉਣਾ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕ੍ਰਿਪਾ ਨਾਲ ਰਾਜਾ ਆਸਾਮ ਦੇ ਘਰ ਰਾਜਕੁਮਾਰ ਹੋਇਆ, ਜਿਸ ਦਾ ਨਾਮ ਰਤਨ ਰਾਇ ਰਖਿਆ ਗਿਆ। ਉਹ ਜਦੋਂ ਬਾਰਾਂ ਸਾਲਾਂ ਦਾ ਹੋਇਆ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਲਈ ਸ੍ਰੀ ਅਨੰਦਪੁਰ ਪੁੱਜਾ। ਬੜੇ ਬੜੇ ਕੀਮਤੀ ਤੁਹਫ਼ੇ, ਚੰਦਨ ਦਾ ਤਖ਼ਤ, ਪ੍ਰਸਾਦੀ ਹਾਥੀ, ਪੰਜ ਕਲਾ ਸ਼ਸਤ੍ਰ (ਜਿਸ ਦਾ ਬਟਨ ਦਬਾਇਆਂ ਬਰਛਾ, ਤਲਵਾਰ, ਬੰਦੂਕ ਆਦਿਕ ਸ਼ਸਤ੍ਰ ਬਣ ਜਾਂਦੇ ਸਨ) ਆਦਿਕ ਭੇਟਾ ਕੀਤੇ। ਰਾਜਾ ਰਤਨ ਰਾਇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਬੜਾ ਪ੍ਰਸੰਨ ਹੋਇਆ ਤੇ ਕਈ ਮਹੀਨੇ ਸ੍ਰੀ ਅਨੰਦਪੁਰ ਸਾਹਿਬ ਰਿਹਾ। ਗੁਰੂ ਘਰ ਵੱਲੋਂ ਭੀ ਇਸ ਨੂੰ ਯੋਗ ਸਿਰੋਪਾ ਦੇ ਕੇ ਵਿਦਾ ਕੀਤਾ ਗਿਆ।

## ਮਹਿਲ ਤੇ ਸੰਤਾਨ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਹਿਲਾ ਅਨੰਦ ਕਾਰਜ ਭਾਈ ਹਰਜਸ (ਸੁਭਿਖ) ਖੱਤ੍ਰੀ ਲਾਹੌਰ ਦੀ ਸਪੁੱਤਰੀ ਸ੍ਰੀ ਜੀਤੋ ਜੀ ਨਾਲ ਗੁਰੂ ਕੇ ਲਾਹੌਰ, ਸ੍ਰੀ ਅਨੰਦਪੁਰ ਵਿਖੇ ਹੋਇਆ।

ਜੀਤੋ ਜੀ ਦੇ ਮਾਤਾ ਪਿਤਾ ਦੀ ਇੱਛਾ ਸੀ ਕਿ ਗੁਰੂ ਜੀ ਲਾਹੌਰ ਆ ਕੇ ਸ਼ਾਦੀ ਕਰਨ, ਪ੍ਰੰਤੂ ਸਤਿਗੁਰੂ ਜੀ ਉਸ ਵੇਲੇ ਸਿਖਾਂ ਨੂੰ ਜੰਗਾਂ ਯੁਧਾਂ ਵਾਸਤੇ ਤਿਆਰ ਕਰ ਰਹੇ ਸਨ। ਇਸ ਲਈ ਉਨ੍ਹਾਂ ਦੀ ਇੱਛਾ ਪੂਰੀ ਕਰਨ ਵਾਸਤੇ ਆਪ ਨੇ ਅਨੰਦਪੁਰ ਦੇ ਕੋਲ ਹੀ ਪੰਜਾਂ ਛਿਆਂ ਮੀਲਾਂ ਤੇ ਗੁਰੂ ਕਾ ਲਾਹੌਰ ਵਸਾਇਆ। ਸ੍ਰੀ ਮਾਤਾ ਜੀਤੋ ਜੀ ਤੋਂ ਸਾਹਿਬ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ, ਸਾਹਿਬ ਫ਼ਤਹ ਸਿੰਘ ਜੀ ਤਿੰਨ ਸਾਹਿਬਜ਼ਾਦੇ ਪ੍ਰਗਟ ਹੋਏ। ਮਾਤਾ ਜੀਤੋ ਜੀ ਦਾ ਦਿਹਾਂਤ ਸੰਮਤ ੧੭੫੭ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ।

ਸਤਿਗੁਰੂ ਜੀ ਦਾ ਦੂਜਾ ਅਨੰਦ ਕਾਰਜ ਭਾਈ ਰਾਮਸਰਨ (ਕੁਮਰਾਵ) ਖੱਤ੍ਰੀ ਲਾਹੌਰ ਨਿਵਾਸੀ ਦੀ ਸਪੁੱਤ੍ਰੀ ਸ੍ਰੀ (ਮਾਤਾ) ਸੁੰਦਰੀ ਜੀ ਨਾਲ ਹੋਇਆ। ਇਨ੍ਹਾਂ ਤੋਂ ਵੱਡੇ ਸਾਹਿਬਜ਼ਾਦੇ ਸਾਹਿਬ ਅਜੀਤ ਸਿੰਘ ਜੀ ਪ੍ਰਗਟ ਹੋਏ। ਸ੍ਰੀ ਦਸਮ ਪਾਤਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਿੱਛੋਂ ਪੰਥ ਵਿਚ ਮਾਤਾ ਸੁੰਦਰੀ ਜੀ ਦੀ ਆਗਿਆ ਮੰਨੀ ਜਾਂਦੀ ਰਹੀ। ਆਪ ਦਾ ਦਿਹਾਂਤ ਸੰਮਤ ੧੮੦੪ ਨੂੰ ਦਿਲੀ ਵਿਖੇ ਹੋਇਆ।

ਸਤਿਗੁਰੂ ਜੀ ਦਾ ਤੀਜਾ ਅਨੰਦ ਕਾਰਜ ਭਾਈ ਰਾਮੂ ਜੀ ਰੁਹਤਾਸ ਨਿਵਾਸੀ ਦੀ ਸਪੁੱਤ੍ਰੀ ਸ੍ਰੀ ਸਾਹਿਬ ਕੌਰ ਜੀ ਨਾਲ ਹੋਇਆ। ਇਨ੍ਹਾਂ ਦੇ ਵਿਵਾਹ ਦੀ ਸਾਖੀ ਇਤਿਹਾਸ

ਵਿਚ ਇਸ ਤਰ੍ਹਾਂ ਆਉਂਦੀ ਹੈ ਕਿ ਸੰਮਤ ੧੭੫੭ ਵਿਚ ਭਾਈ ਰਾਮੂ ਜੀ ਸ੍ਰੀ ਅਨੰਦਪੁਰ ਸਾਹਿਬ ਦਰਸ਼ਨ ਕਰਨ ਆਏ ਤੇ ਸ੍ਰੀ ਸਾਹਿਬ ਕੌਰ ਜੀ ਦੇ ਵਿਵਾਹ ਲਈ ਇਸ ਤਰ੍ਹਾਂ ਬੇਨਤੀ ਕੀਤੀ–'ਮੇਰੀ ਪੁੱਤ੍ਰੀ ਆਪ ਦੇ ਅਰਪਨ ਹੋ ਚੁਕੀ ਹੈ। ਉਸ ਨੇ ਦਿਲ ਵਿਚ ਨਿਸ਼ਚਾ ਕਰ ਲਿਆ ਹੈ। ਇਸ ਲਈ ਕੋਈ ਸਿਖ ਇਸ ਨਾਲ ਸ਼ਾਦੀ ਨਹੀਂ ਕਰੇਗਾ। ਆਪ ਇਸਨੂੰ ਪ੍ਰਵਾਨ ਕਰੋ।' *ਸਤਿਗੁਰੂ ਜੀ ਨੇ ਉਤਰ ਦਿੱਤਾ, "ਅਸੀਂ ਹੋਰ ਸ਼ਾਦੀ ਨਹੀਂ ਕਰਨਾ ਚਾਹੁੰਦੇ। *ਸਾਡਾ ਤੇ ਇਸਦਾ ਆਤਮਕ ਸੰਬੰਧ ਹੋਵੇਗਾ, ਜਤ ਸਤ ਅਤੇ ਭਗਤੀ ਵਿਚ ਜੀਵਨ ਗੁਜ਼ਾਰਨਾ ਪਵੇਗਾ।" ਸ੍ਰੀ ਸਾਹਿਬ ਕੌਰ ਜੀ ਨੇ ਇਸ ਨੂੰ ਪ੍ਰਵਾਨ ਕਰ ਲਿਆ ਪ੍ਰੇਮ ਨਾਲ ਸੇਵਾ ਕਰਦੇ ਰਹੇ। ਸ੍ਰੀ ਦਸਮ ਪਾਤਸ਼ਾਹ ਜੀ ਨੇ ਇਨ੍ਹਾਂ ਦੀ ਸੇਵਾ ਤੇ ਪ੍ਰਸੰਨ ਹੋ ਕੇ 'ਪੰਥ ਖ਼ਾਲਸਾ' ਇਨ੍ਹਾਂ ਦੀ ਝੋਲੀ ਪਾਇਆ। ਇਸ ਵਾਸਤੇ ਮਾਤਾ ਸਾਹਿਬ ਕੌਰ ਜੀ ਖ਼ਾਲਸੇ ਦੀ ਮਾਤਾ ਹਨ।

## ਰਣਜੀਤ ਨਗਾਰਾ

ਇਨ੍ਹਾਂ ਦਿਨਾਂ ਵਿਚ ਹੀ ਸਤਿਗੁਰੂ ਜੀ ਨੇ ਰਣਜੀਤ ਨਗਾਰਾ ਬਣਵਾਇਆ, ਜਿਸ ਦੀ ਗਰਜ ਨਾਲ ਪਹਾੜ ਗੂੰਜ ਉਠਦੇ ਸਨ। ਜਦ ਭੀਮ ਚੰਦ ਕਹਿਲੂਰ ਵਾਲਾ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਸ੍ਰੀ ਅਨੰਦਪੁਰ ਸਾਹਿਬ ਪੁੱਜਾ ਸ੍ਰੀ ਦਸਮ ਪਾਤਸ਼ਾਹ ਜੀ ਦੇ ਸ਼ਾਹੀ ਦਰਬਾਰ ਦੀ ਰੌਣਕ, ਰਾਜਾ ਰਤਨ ਰਾਇ ਆਸਾਮ ਵਲੋਂ ਭੇਟਾ ਕੀਤੇ ਹੋਏ ਤੁਹਫ਼ੇ, ਪ੍ਰਸ਼ਾਦੀ ਹਾਥੀ, ਚੰਦਨ ਦਾ ਤਖ਼ਤ, ਪੰਜ ਕਲਾ ਸ਼ਸਤ੍ਰ ਤੇ ਪਿਸ਼ੌਰ ਦੇ ਸਿਖ ਭਾਈ ਦੂਨੀ ਚੰਦ ਵਲੋਂ ਆਈ ਹੋਈ ਢਾਈ ਲੱਖ ਰੁਪਏ ਦੀ ਚਾਨਣੀ ਤੇ ਹੋਰ ਸਾਜ਼ੋ ਸਾਮਾਨ ਦੇਖ ਕੇ ਹੈਰਾਨ ਹੋ ਗਿਆ। ਅਨੰਦਪੁਰ ਸਾਹਿਬ ਤਾਂ ਇਸ ਨੇ ਕੁਝ ਨਾ ਕਿਹਾ, ਪਰ ਵਾਪਸ ਬਿਲਾਸਪੁਰ ਪੁੱਜ ਕੇ ਇਸ ਨੇ ਇਹ ਸਾਰੀਆਂ ਚੀਜ਼ਾਂ ਬੜੇ ਰੁਅਬ ਨਾਲ ਗੁਰੂ ਜੀ ਪਾਸੋਂ ਮੰਗ ਭੇਜੀਆਂ। ਮੰਗਣ ਦਾ ਬਹਾਨਾ ਇਹ ਕੀਤਾ ਕਿ ਰਾਜਾ ਫ਼ਤਹਿ ਚੰਦ ਵਲੋਂ ਮੇਰੇ ਪੁੱਤ੍ਰ ਦਾ ਰਿਸ਼ਤਾ ਆਉਣਾ ਹੈ। ਉਸ ਸਮੇਂ ਤੇ ਠਾਠ ਬਾਠ ਦਿਖਾਉਣ ਲਈ ਇਨ੍ਹਾਂ ਚੀਜ਼ਾਂ ਦੀ ਲੋੜ ਹੈ। ਗੁਰੂ ਜੀ ਨੇ ਇਸ ਦੇ ਕਪਟ ਨੂੰ ਜਾਣ ਕੇ ਜੁਆਬ ਦਿੱਤਾ, ਇਹ ਚੀਜ਼ਾਂ ਸਿਖਾਂ ਦੀ ਪ੍ਰੇਮ–ਭੇਟਾ ਹਨ, ਇਸ ਵਾਸਤੇ ਇਨ੍ਹਾਂ ਨੂੰ ਗੁਰੂ ਘਰ ਤੋਂ ਬਿਨਾਂ ਹੋਰ ਕਿਤੇ ਨਹੀਂ ਵਰਤਿਆ ਜਾ ਸਕਦਾ। ਭੀਮ ਚੰਦ ਇਹ ਜਵਾਬ ਸੁਣ ਕੇ ਸੜ ਬਲ ਗਿਆ। ਸਾਰੇ ਪਹਾੜੀਏ ਰਾਜੇ ਇਕੱਠੇ ਕੀਤੇ ਤੇ ਇਨ੍ਹਾਂ ਨਾਲ ਸਲਾਹ ਕਰਕੇ ਇਸ ਨੇ ਗੁਰੂ ਜੀ ਨੂੰ ਇਸ ਭਾਵ ਦੀ ਚਿੱਠੀ ਲਿਖੀ–

---

*ਗੁਰਮਤ ਲੈਕਚਰ ਗਿਆਨੀ ਪ੍ਰਤਾਪ ਸਿੰਘ ਜੀ।

'ਅਸੀਂ ਗੁਰੂ ਨਾਨਕ ਦੀ ਗੱਦੀ ਸਮਝ ਕੇ ਅਗੇ ਆਪ ਦਾ ਲਿਹਾਜ਼ ਕਰਦੇ ਰਹੇ ਹਾਂ। ਤੁਸੀਂ ਸਾਡੀ ਰਈਅਤ ਹੋ। ਜੇਕਰ ਅਨੰਦਪੁਰ ਵਿਚ ਵੱਸਣਾ ਚਾਹੁੰਦੇ ਹੋ ਤਾਂ ਪ੍ਰਸ਼ਾਦੀ ਹਾਥੀ ਤੇ ਹੋਰ ਚੀਜ਼ਾਂ ਭੇਜ ਦਿਓ, ਨਹੀਂ ਤਾਂ ਜੰਗ ਲਈ ਤਿਆਰ ਹੋ ਜਾਓ।' ਆਦਿ।

ਪਹਾੜੀਆਂ ਦੀ ਇਹ ਚਿੱਠੀ ਪੜ੍ਹ ਕੇ ਨਿਡਰ ਤੇ ਨਿਰਭੈ ਸਤਿਗੁਰੂ ਜੀ ਨੇ ਉੱਤਰ ਲਿਖਿਆ–

'ਦੈ ਹੌਂ *ਗਜ ਨਹਿ ਮਾਫੀ ਚਹਿ ਹੌਂ,
ਨਹਿ %ਪੁਰ ਤਜ ਕਿਤ **ਅਨਤ ਸਿਧੈ ਹੌਂ।।
ਬਿਨ ਅਕਾਲ ਨ ਕਾਨ ਔਰ ਕੀ, ਧਰਉਂ ਆਸ ਨ ਔਰ ਠੌਰ ਕੀ।।
ਜੰਗ ਨਿਸੰਗ ਸੰਗ ਤੁਲ ਲੈ ਹੌਂ, ਦੇਰ ਨ ਕਰੋ ਜਿ ()ਸ਼ਕਤ ਰਖੈ ਹੌਂ ।।

(ਤਵਾਰੀਖ਼ ਗੁਰੂ ਖ਼ਾਲਸਾ)

ਸਤਿਗੁਰੂ ਜੀ ਦਾ ਇਹ ਉਤਰ ਸੁਣ ਕੇ ਪਹਾੜੀਏ ਛਿਥੇ ਪੈ ਗਏ ਤੇ ਸਲਾਹ ਕਰਕੇ ਕੁਝ ਸਮੇਂ ਲਈ ਜੰਗ ਟਾਲ ਦਿੱਤੀ।

## ਪਾਉਂਟੇ ਸਾਹਿਬ ਵਿਚ ਨਿਵਾਸ

SIKHBOOKCLUB.COM

ਇਸ ਤੋਂ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਾਜਾ ਮੇਦਨੀ ਪ੍ਰਕਾਸ਼ ਦੀ ਬੇਨਤੀ ਮੰਨਕੇ ਕੁਝ ਚਿਰ ਨਾਹਨ ਰਿਆਸਤ ਵਿਚ ਨਿਵਾਸ ਕੀਤਾ। ਆਪ ਨੇ ਇਥੇ ਜਮੁਨਾ ਕੰਢੇ ਰਮਣੀਕ ਥਾਂ ਤੇ ਇਕ ਸ਼ਹਿਰ ਵਸਾਇਆ, ਜਿਸ ਦਾ ਨਾਮ ਪਾਉਂਟਾ ਸਾਹਿਬ ਰਖਿਆ। ਪੀਰ ਬੁਧੂ ਸ਼ਾਹ ਸਾਢੌਰੇ ਵਾਲਾ ਆਪ ਦੇ ਦਰਸ਼ਨ ਕਰਨ ਆਇਆ ਤੇ ਮੁਰੀਦ ਹੋ ਗਿਆ। ਪਾਉਂਟੇ ਸਾਹਿਬ ਵਿਚ ਚੰਗੀ ਰੌਣਕ ਹੋ ਗਈ। ਮਹਾਰਾਜ ਜੀ ਦੇ ਕੋਲ ੫੨ ਕਵੀ, ੫੦੦ ਉਦਾਸੀ ਸੰਤ ਤੇ ਹੋਰ ਚੰਗੇ ਚੰਗੇ ਵਿਦਵਾਨ ਆ ਟਿਕੇ। ਇਥੇ ਨਿਤਾਪ੍ਰਤਿ ਕਵੀ ਦਰਬਾਰ ਹੁੰਦੇ ਸਨ, ਸ੍ਰੀ ਦਸਮੇਸ਼ ਜੀ ਨੇ ਏਥੇ ਜਾਪੁ ਸਾਹਿਬ ਤੇ ਹੋਰ ਕਈ ਬਾਣੀਆਂ ਉਚਾਰੀਆਂ ਤੇ ਕਈ ਪੁਰਾਣਕ ਗ੍ਰੰਥਾਂ ਦੇ ਉਲਥੇ ਕਰਵਾਏ।

ਸ੍ਰੀ ਨਗਰ (ਗੜ੍ਹਵਾਲ) ਦਾ ਰਾਜਾ ਫ਼ਤਹਿ ਸ਼ਾਹ ਪਾਉਂਟੇ ਸਾਹਿਬ ਵਿਚ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ। ਇਸ ਨੇ ਨਾਹਨ ਪਤੀ ਰਾਜਾ ਮੇਦਨੀ ਪ੍ਰਕਾਸ਼ ਦਾ ਕੁਝ ਇਲਾਕਾ ਖੋਹ ਲਿਆ ਸੀ। ਸਤਿਗੁਰੂ ਜੀ ਨੇ ਇਸ ਨੂੰ ਸਮਝਾ ਕੇ ਮੇਦਨੀ ਪ੍ਰਕਾਸ਼ ਦਾ ਇਲਾਕਾ ਵਾਪਸ ਦਿਵਾ ਦਿੱਤਾ ਤੇ ਦੋਹਾਂ ਦੀ ਆਪੋ ਵਿਚ ਸੁਲ੍ਹਾ ਕਰਾ ਦਿੱਤੀ।

---

*ਹਾਥੀ, %ਅਨੰਦਪੁਰ, **ਹੋਰ ਜਗ੍ਹਾ, ()ਸ਼ਕਤੀ।

# ਭੰਗਾਣੀ ਦਾ ਯੁੱਧ

ਰਾਜਾ ਫ਼ਤਹਿ ਸ਼ਾਹ ਹੁਣ ਗੁਰੂ ਜੀ ਦਾ ਪ੍ਰੇਮੀ ਹੋ ਚੁਕਾ ਸੀ, ਇਸ ਨੇ ਆਪਣੀ ਲੜਕੀ ਦੇ ਵਿਵਾਹ ਤੇ ਗੁਰੂ ਜੀ ਨੂੰ ਆਉਣ ਲਈ ਸੱਦਾ ਦਿੱਤਾ। ਮਹਾਰਾਜ ਆਪ ਤਾਂ ਨਾ ਗਏ, ਪਰ ਦੀਵਾਨ ਨੰਦ ਚੰਦ ਨੂੰ ਕੁਝ ਸਿਖਾਂ ਸਮੇਤ ਸਵਾ ਲੱਖ ਦਾ ਕੀਮਤੀ ਤੰਬੋਲ ਤੇ ਹੋਰ ਕੀਮਤੀ ਬਸਤ੍ਰ ਦੇ ਕੇ ਭੇਜਿਆ।

ਰਾਜਾ ਫ਼ਤਹਿ ਸ਼ਾਹ ਨੇ ਪਹਾੜੀ ਰਾਜਿਆਂ ਨੂੰ ਸਤਿਗੁਰੂ ਜੀ ਵੱਲੋਂ ਆਇਆ ਹੋਇਆ ਸਵਾ ਲੱਖ ਰੁਪਏ ਦਾ ਕੀਮਤੀ ਤੰਬੋਲ ਸੁਣਾਇਆ ਤਾਂ ਭੀਮ ਚੰਦ, ਜਿਹੜਾ ਅਗੇ ਹੀ ਸਤਿਗੁਰੂ ਜੀ ਦਾ ਵੈਰੀ ਸੀ, ਸੁਣ ਕੇ ਫ਼ਤਹਿ ਸ਼ਾਹ ਨੂੰ ਕਹਿਣ ਲਗਾ, "ਗੁਰੂ ਸਾਡਾ ਵੈਰੀ ਹੈ, ਤੇ ਤੂੰ ਉਸ ਨਾਲ ਮੇਲ ਜੋਲ ਰਖਿਆ ਹੋਇਆ ਹੈ, ਉਸ ਦਾ ਤੰਬੋਲ ਲੁਟ ਲੈ, ਲਿਆਉਣ ਵਾਲੇ ਸਿੰਘ ਨੂੰ ਪਾਰ ਬੁਲਾ ਦੇ ਨਹੀਂ ਤਾਂ ਅਸੀਂ ਤੇਰੀ ਲੜਕੀ ਦਾ ਡੋਲਾ ਛੱਡਦੇ ਹਾਂ।" ਰਾਜਾ ਫ਼ਤਹਿ ਸ਼ਾਹ ਭੀਮ ਚੰਦ ਦੇ ਰੁਅਬ ਹੇਠ ਆ ਗਿਆ ਤੇ ਉਸ ਨੇ ਗੁਰੂ ਜੀ ਵੱਲੋਂ ਭੇਜੇ ਤੰਬੋਲ ਨੂੰ ਲੁਟਣ ਤੇ ਸਿਖਾਂ ਨੂੰ ਮਾਰ ਦੇਣ ਦੀ ਸਲਾਹ ਕਰ ਲਈ। ਦੀਵਾਨ ਨੰਦ ਚੰਦ ਜੀ ਨੂੰ ਰਾਜੇ ਦੀ ਇਸ ਕੁਟਲ-ਨੀਤੀ ਦਾ ਪਤਾ ਲਗ ਗਿਆ ਤੇ ਉਨ੍ਹਾਂ ਨੇ ਰਾਜੇ ਵੱਲੋਂ ਪਾਈ ਹੋਈ ਖਟ ਲੁਟ ਲਈ ਤੇ ਤੰਬੋਲ ਨਾਲ ਉਹ ਵੀ ਲੈ ਕੇ ਪਾਉਂਟੇ ਸਾਹਿਬ ਸਤਿਗੁਰਾਂ ਦੇ ਚਰਨਾਂ ਵਿਚ ਹਾਜ਼ਰ ਹੋਣ ਲਈ ਚੱਲ ਪਏ।

SIKHBOOKCLUB.COM

ਪਹਾੜੀ ਸੈਨਾ ਨੇ ਸਿਖਾਂ ਦਾ ਪਿੱਛਾ ਕੀਤਾ ਪਰ ਸਿਖਾਂ ਨੇ ਵੈਰੀਆਂ ਨੂੰ ਪਛਾੜ ਕੇ ਰਖ ਦਿੱਤਾ ਤੇ ਸਹੀ ਸਲਾਮਤ ਪਾਉਂਟੇ ਸਾਹਿਬ ਪੁੱਜ ਗਏ।

ਦੀਵਾਨ ਨੰਦ ਚੰਦ ਪਾਸੋਂ ਗੁਰੂ ਜੀ ਨੇ ਸਾਰੀ ਵਿਥਿਆ ਸੁਣ ਕੇ ਜੰਗ ਦੀ ਤਿਆਰੀ ਸ਼ੁਰੂ ਕਰ ਦਿੱਤੀ ਤੇ ਇਸ ਕੰਮ ਲਈ ਆਪ ਨੇ ਪਾਉਂਟੇ ਤੋਂ ਛੇ ਮੀਲ ਦੀ ਵਿਥ ਤੇ ਭੰਗਾਣੀ ਦਾ ਮੈਦਾਨ ਨੀਯਤ ਕੀਤਾ। ਗੁਰੂ ਜੀ ਕੋਲ ਪੰਜ ਸੌ ਪਠਾਣ ਰਹਿੰਦੇ ਸਨ, ਜਿਹੜੇ ਆਪ ਨੇ ਸਾਈਂ ਬੁਧੂ ਸ਼ਾਹ ਦੀ ਸਿਫ਼ਾਰਸ਼ ਤੇ ਨੌਕਰ ਰਖੇ ਸਨ। ਇਨ੍ਹਾਂ ਜੰਗ ਦੀ ਤਿਆਰੀ ਸੁਣੀ ਤਾਂ ਨਿਮਕ ਹਰਾਮ ਹੋ ਕੇ ਪਹਾੜੀ ਸੈਨਾ ਨਾਲ ਜਾ ਰਲੇ। ਇਨ੍ਹਾਂ ਵਿਚੋਂ ਸਿਰਫ਼ ਕਾਲੇ ਖਾਂ ਆਪਣੇ ਸੌ ਆਦਮੀਆਂ ਸਮੇਤ ਵਫ਼ਾਦਾਰ ਰਿਹਾ। ਸਾਈਂ ਬੁਧੂ ਸ਼ਾਹ ਨੂੰ ਜਦੋਂ ਪਠਾਣਾਂ ਦੀ ਗ਼ਦਾਰੀ ਦਾ ਪਤਾ ਲਗਾ ਤਾਂ ਉਹ ਆਪਣੇ ਚਾਰ ਪੁੱਤਰ ਤੇ ੭੦੦ ਸੌ ਮੁਰੀਦ ਲੈ ਕੇ ਗੁਰੂ ਜੀ ਕੋਲ ਹਾਜ਼ਰ ਹੋਇਆ। ਪੰਜ ਸੌ ਉਦਾਸੀ ਸੰਤ ਜਿਹੜੇ ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕਦੇ ਸਨ, ਰਾਤੋ ਰਾਤ ਖਿਸਕ ਗਏ, ਪਰ ਉਨ੍ਹਾਂ ਦਾ ਮਹੰਤ ਕ੍ਰਿਪਾਲ ਦਾਸ ਅਡੋਲ ਤੇ ਕਾਇਮ ਰਿਹਾ।

ਪਹਾੜੀ ਰਾਜਿਆਂ ਨੇ ਵਿਆਹ ਤੋਂ ਪਿਛੋਂ ਲਾੜੇ ਤੇ ਲਾੜੀ ਨੂੰ ਬਿਲਾਸਪੁਰ ਭੇਜ ਦਿੱਤਾ। ਰਾਜਾ ਭੀਮ ਚੰਦ , ਫ਼ਤਹਿ ਚੰਦ ਤੇ ਹੋਰ ਪਹਾੜੀ ਰਾਜੇ ਇਕੱਠੇ ਹੋ ਕੇ ਗੁਰੂ ਜੀ ਨਾਲ ਲੜਨ ਲਈ ਆਏ। ਗੁਰੂ ਜੀ ਭੀ ਬੇਖ਼ਬਰ ਨਹੀਂ ਸਨ। ਆਪ ਨੇ ਭੀ ਅਗੋਂ ਪੂਰੀ ਤਿਆਰੀ ਕੀਤੀ ਹੋਈ ਸੀ। ਭੰਗਾਣੀ ਦੇ ਮੁਕਾਮ ਤੇ ਸਿਖਾਂ ਤੇ ਪਹਾੜੀਆਂ ਦਾ ਜ਼ਬਰਦਸਤ ਟਾਕਰਾ ਹੋਇਆ। ਸ੍ਰੀ ਦਸਮੇਸ਼ ਜੀ ਦੇ ਨਾਲ ਸੰਗੋ ਸ਼ਾਹ, ਜੀਤ ਮਲ, ਗੁਲਾਬ ਰਾਇ, ਦੀਵਾਨ ਨੰਦ ਚੰਦ, ਮਾਮਾ ਕ੍ਰਿਪਾਲ ਤੇ ਸਾਈਂ ਬੁਧੂ-ਸ਼ਾਹ ਆਦਿਕ ਸੂਰਬੀਰ ਲੜ ਰਹੇ ਸਨ। ਦੂਜੇ ਪਾਸੇ ਰਾਜਾ ਭੀਮ ਚੰਦ, ਫ਼ਤਹਿ ਸ਼ਾਹ, ਕ੍ਰਿਪਾਲ ਚੰਦ ਕਾਂਗੜਾ, ਗੁਪਾਲ ਚੰਦ ਗੁਲੇਰੀਆ ਤੇ ਹਯਾਤ ਖਾਂ, ਭੀਖਣ ਖਾਂ ਆਦਿਕ ਪਠਾਣ ਸਰਦਾਰ ਸਨ। ਦੋਹਾਂ ਦਲਾਂ ਦੇ ਵਿਚਕਾਰ ਜ਼ਬਰਦਸਤ ਟੱਕਰ ਹੋਈ। ਸਿਖਾਂ ਨੇ ਪਹਾੜੀ ਸੈਨਾ ਦਾ ਡਟ ਕੇ ਮੁਕਾਬਲਾ ਕੀਤਾ ਤੇ ਬਹੁਤ ਬਹਾਦਰੀ ਵਿਖਾਈ। ਮਹੰਤ ਕ੍ਰਿਪਾਲ ਦਾਸ ਉਦਾਸੀ ਜਿਸ ਨੇ ਕਦੀ ਸ਼ਸਤ੍ਰ ਨੂੰ ਹੱਥ ਨਹੀਂ ਸੀ ਲਾਇਆ, ਆਪਣੇ ਕੁਤਕੇ ਨਾਲ ਲੜਦਾ ਰਿਹਾ ਤੇ ਇਸ ਨੇ ਹਯਾਤ ਖਾਂ ਪਠਾਣ ਨੂੰ ਐਸਾ ਕੁਤਕਾ ਮਾਰਿਆ ਜਿਸ ਨਾਲ ਉਸ ਦਾ ਸਿਰ ਹਦਵਾਣੇ ਵਾਂਗ ਤੋੜ ਦਿੱਤਾ। ਲਾਲ ਚੰਦ ਇਕ ਹਲਵਾਈ ਨੇ ਇਸ ਜੰਗ ਵਿਚ ਤਲਵਾਰ ਦੇ ਐਸੇ ਜੌਹਰ ਵਿਖਾਏ, ਜਿਸ ਨੂੰ ਵੇਖ ਕੇ ਪਹਾੜੀਏ ਤੇ ਪਠਾਣ ਦੰਗ ਰਹਿ ਗਏ ਤੇ ਸਿਖਾਂ ਦੀ ਬਹਾਦਰੀ ਤੇ ਅਸ਼ ਅਸ਼ ਕਰ ਉਠੇ। ਸਾਈਂ ਬੁਧੂ ਸ਼ਾਹ ਆਪਣੇ ਚਾਰ ਪੁੱਤ੍ਰਾਂ ਤੇ ਸਤ ਸੌ ਮੁਰੀਦਾਂ ਸਮੇਤ ਬੜੇ ਸਿਦਕ ਨਾਲ ਲੜਦਾ ਰਿਹਾ। ਦੋ ਦਿਨ ਪਹਾੜੀਆਂ ਤੇ ਸਿਖਾਂ ਦਾ ਡਟ ਕੇ ਮੁਕਾਬਲਾ ਹੋਇਆ।

ਤੀਜੇ ਦਿਨ ਰਾਜਾ ਹਰੀ ਚੰਦ ਸ੍ਰੀ ਦਸਮੇਸ਼ ਜੀ ਦੇ ਮੁਕਾਬਲੇ ਤੇ ਸਾਮ੍ਹਣੇ ਆਇਆ। ਇਹ ਬੜਾ ਭਾਰੀ ਤੀਰ ਅੰਦਾਜ਼ ਸੀ। ਇਸ ਨੇ ਤਿੰਨ ਵਾਰੀ ਸ੍ਰੀ ਦਸਮੇਸ਼ ਜੀ ਤੇ ਤੀਰ ਚਲਾਏ ਪਰ ਮਹਾਰਾਜ ਬਚ ਗਏ, ਤੀਜਾ ਤੀਰ ਸ੍ਰੀ ਦਸਮ ਪਾਤਸ਼ਾਹ ਜੀ ਦੀ ਪੇਟੀ ਵਿਚ ਲੱਗਾ, ਜਿਸ ਨਾਲ ਥੋੜ੍ਹਾ ਜਿਹਾ ਜ਼ਖ਼ਮ ਹੋਇਆ। ਬਸ, ਫੇਰ ਕੀ ਸੀ "ਜਬੈ ਬਾਣ ਲਾਗਯੋ, ਤਬੈ ਰੋਸ ਜਾਗਯੋ।" ਆਪ ਨੇ ਜੋਸ਼ ਵਿਚ ਆ ਕੇ ਐਸਾ ਤੀਰ ਛੱਡਿਆ ਕਿ ਹਰੀ ਚੰਦ ਉਥੇ ਹੀ ਡਿੱਗ ਪਿਆ। ਹਫੜਾ ਤਫੜੀ ਪੈ ਗਈ ਤੇ ਪਹਾੜੀ ਰਾਜੇ ਸਣੇ ਆਪਣੀ ਰਹਿੰਦੀ ਸੈਨਾ ਦੇ ਜਿਧਰ ਰਾਹ ਲੱਭਾ, ਓਧਰ ਉਠ ਨੱਠੇ। ਸਤਿਗੁਰੂ ਜੀ ਦੀ ਫ਼ਤਹਿ ਹੋਈ। ਆਪ ਜੀ ਨੇ "ਭਈ ਜੀਤ ਮੇਰੀ, ਕ੍ਰਿਪਾ ਕਾਲ ਕੇਰੀ" ਉਚਾਰ ਅਕਾਲ ਪੁਰਖ ਦਾ ਧੰਨਵਾਦ ਕੀਤਾ ਤੇ ਫ਼ਤਹਿ ਦੇ ਸ਼ਾਦਿਆਨੇ ਵਜੌਂਦੇ ਸ੍ਰੀ ਪਾਉਂਟੇ ਸਾਹਿਬ ਪੁੱਜੇ।

ਭੰਗਾਣੀ ਦੇ ਜੰਗ ਵਿਚ ਸਾਈਂ ਬੁਧੂ ਸ਼ਾਹ ਦੇ ਦੋ ਪੁੱਤ੍ਰ ਤੇ ਕਈ ਮੁਰੀਦ ਸ਼ਹੀਦ ਹੋਏ। ਸਤਿਗੁਰੂ ਜੀ ਨੇ ਬੁਧੂ ਸ਼ਾਹ ਨੂੰ ਆਪਣੀ ਦਸਤਾਰ, ਕੰਘਾ ਤੇ ਕੰਘੇ ਵਿਚ ਅੜੇ ਹੋਏ ਪਵਿੱਤ੍ਰ

ਕੇਸ, ਕ੍ਰਿਪਾਨ ਤੇ ਇਕ ਹੁਕਮਨਾਮਾ ਬਖ਼ਸ਼ਿਆ। ਹੋਰ ਸੂਰਬੀਰਾਂ ਦੀ ਬਹਾਦਰੀ ਦੀ ਪ੍ਰਸੰਸਾ ਕੀਤੀ ਤੇ ਸਭ ਨੂੰ ਸਿਰੋਪਾਓ ਦਿੱਤਾ।

ਇਹ ਜੰਗ ਜਿੱਤਣ ਤੋਂ ਪਿੱਛੋਂ ਹਜ਼ੂਰ ਪਾਉਂਟੇ ਸਾਹਿਬ ਤੋਂ ਛੇਤੀ ਹੀ ਸ੍ਰੀ ਅਨੰਦਪੁਰ ਸਾਹਿਬ ਚਲੇ ਆਏ। ਇਥੇ ਆ ਕੇ ਆਪ ਨੇ ਚਾਰ ਕਿਲ੍ਹੇ– ਆਨੰਦਗੜ੍ਹ, ਲੋਹਗੜ੍ਹ, ਕੇਸਗੜ੍ਹ ਤੇ ਫ਼ਤਿਹ ਗੜ੍ਹ ਬਣਵਾਏ।

ਰਾਜਾ ਭੀਮ ਚੰਦ ਭੰਗਾਣੀ ਦੇ ਜੰਗ ਵਿਚ ਸਤਿਗੁਰੂ ਜੀ ਦੀ ਤਾਕਤ ਨੂੰ ਵੇਖ ਚੁਕਾ ਸੀ, ਹਾਰ ਖਾ ਕੇ ਸੁਲ੍ਹਾ ਲਈ ਸ੍ਰੀ ਆਨੰਦਪੁਰ ਸਾਹਿਬ ਹਾਜ਼ਰ ਹੋਇਆ। ਸਤਿਗੁਰੂ ਜੀ ਨੇ ਇਸ ਨੂੰ ਅਗੋਂ ਇਹ ਉੱਤਰ ਦਿੱਤਾ–

"ਅਸਾਂ ਅਗੇ ਭੀ ਤੇਰੇ ਨਾਲ ਕੋਈ ਵਾਧਾ ਨਹੀਂ ਕੀਤਾ, ਜੋ ਹੋਈ ਹੈ ਤੇਰੇ ਵਲੋਂ ਹੋਈ ਹੈ, ਜੇ ਤੂੰ ਸ਼ਰਨ ਆਇਆ ਹੈਂ ਤਾਂ ਗੁਰੂ ਘਰ ਨਿਮਾਣਿਆਂ ਦਾ ਮਾਣ ਹੈ।"

ਭੀਮ ਚੰਦ ਨੇ ਪਿਛਲੀ ਭੁਲ ਦੀ ਮਾਫ਼ੀ ਮੰਗੀ ਤੇ ਅੱਗੋਂ ਮੇਲ ਰਖਣ ਦਾ ਬਚਨ ਕਰਕੇ ਵਾਪਸ ਚਲਾ ਗਿਆ।

## ਨਦੌਣ ਦਾ ਯੁੱਧ

ਸੰਮਤ ੧੭੪੬ ਵਿਚ ਔਰੰਗਜ਼ੇਬ ਨੇ ਮੀਆਂ ਖ਼ਾਨ ਨੂੰ ਪਹਾੜੀਆਂ ਪਾਸੋਂ ਖ਼ਿਰਾਜ ਲੈਣ ਲਈ ਭੇਜਿਆ। ਮੀਆਂ ਖ਼ਾਨ ਆਪ ਤਾਂ ਜੰਮੂ ਚਲਾ ਗਿਆ ਤੇ ਆਪਣੇ ਕਮਾਨ ਅਫ਼ਸਰ ਅਲਫ਼ ਖ਼ਾਂ ਨੂੰ ਪਹਾੜੀਆਂ ਵਲ ਤੋਰ ਦਿੱਤਾ। ਰਾਜਾ ਭੀਮ ਚੰਦ ਨੇ ਖ਼ਿਰਾਜ ਦੇਣ ਤੋਂ ਇਨਕਾਰ ਕਰ ਦਿੱਤਾ। ਨਦੌਣ ਦੇ ਮੁਕਾਮ ਤੇ ਅਲਫ਼ ਖ਼ਾਂ ਤੇ ਭੀਮ ਚੰਦ ਦਾ ਟਾਕਰਾ ਹੋਇਆ। ਭੀਮ ਚੰਦ ਦੀ ਹੁਣ ਸਤਿਗੁਰੂ ਜੀ ਨਾਲ ਸੁਲ੍ਹਾ ਸੀ। ਉਸਦੇ ਬੇਨਤੀ ਕਰਨ ਤੇ ਸ੍ਰੀ ਦਸਮ ਪਾਤਸ਼ਾਹ ਜੀ ਨੇ ਇਸ ਜੰਗ ਵਿਚ ਉਸ ਦੀ ਮਦਦ ਕੀਤੀ। ਪਹਾੜੀਆਂ ਦੀ ਫ਼ਤਹਿ ਹੋਈ ਤੇ ਅਲਫ਼ ਖ਼ਾਂ ਹਾਰ ਗਿਆ।

## ਗੁਲੇਰ ਦਾ ਯੁੱਧ

ਨਦੌਣ ਦੇ ਯੁੱਧ ਤੋਂ ਪਿੱਛੋਂ ਲਾਹੌਰ ਦੇ ਸੂਬਾ ਦਿਲਾਵਰ ਦਾ ਪੁੱਤ੍ਰ ਰੁਸਤਮ ਖ਼ਾਂ ਇਕ ਹਜ਼ਾਰ ਫ਼ੌਜ ਲੈ ਕੇ ਸ੍ਰੀ ਅਨੰਦਪੁਰ ਉਤੇ ਚੜ੍ਹ ਆਇਆ। ਸਤਿਗੁਰੂ ਜੀ ਦੇ ਹੁਕਮ ਨਾਲ ਰਣਜੀਤ ਨਗਾਰੇ ਤੇ ਚੋਟ ਲਗੀ ਤੇ ਖ਼ਾਲਸੇ ਨੇ ਉਸ ਨੂੰ ਦਰਿਆਉਂ ਪਾਰ ਜਾ ਰੋਕਿਆ। ਰੁਸਤਮ ਖ਼ਾਂ ਸਿਖਾਂ ਦੀ ਮਾਰ ਨਾ ਸਹਿ ਸਕਿਆ ਤੇ ਮੂੰਹ ਦੀ ਖ਼ਾਂ ਕੇ ਵਾਪਸ ਮੁੜ ਗਿਆ। ਇਸ ਤੋਂ ਪਿੱਛੋਂ ਹੁਸੈਨ ਖ਼ਾਂ ਚੜ੍ਹ ਕੇ ਆਇਆ। ਕਾਂਗੜੇ ਵਾਲਾ ਕ੍ਰਿਪਾਲ ਚੰਦ ਤੇ ਰਾਜਾ

ਭੀਮ ਚੰਦ ਬਿਲਾਸਪੁਰੀਆ ਉਸ ਦੇ ਨਾਲ ਮਿਲ ਗਏ ਤੇ ਅਨੰਦਪੁਰ ਲੁਟਣ ਲਈ ਤਿਆਰ ਹੋ ਪਏ। ਰਸਤੇ ਵਿਚ ਗੁਲੇਰ ਦੇ ਰਾਜਾ ਗੁਪਾਲ ਨੇ ਇਨ੍ਹਾਂ ਨੂੰ ਰੋਕ ਲਿਆ। ਰਾਜਾ ਗੁਪਾਲ ਦੇ ਬੇਨਤੀ ਕਰਨ ਤੇ ਸਤਿਗੁਰੂ ਜੀ ਨੇ ਇਸ ਦੀ ਮਦਦ ਤੇ ਭਾਈ ਸੰਗਤੀਏ ਦੀ ਕਮਾਨ ਹੇਠ ਫ਼ੌਜ ਭੇਜੀ। ਭੀਮ ਚੰਦ ਨੱਸ ਗਿਆ, ਹੁਸੈਨੀ ਤੇ ਰਾਜਾ ਕ੍ਰਿਪਾਲ ਮਾਰੇ ਗਏ, ਭਾਈ ਸੰਗਤੀਆ ਜੀ ਸਤ ਸਿਖਾਂ ਸਮੇਤ ਸ਼ਹੀਦ ਹੋਏ। ਰਾਜਾ ਗੁਪਾਲ ਦੀ ਫ਼ਤਹਿ ਹੋਈ ਤੇ ਉਸ ਨੇ ਅਨੰਦਪੁਰ ਪੁੱਜ ਕੇ ਸਤਿਗੁਰੂ ਜੀ ਦਾ ਧੰਨਵਾਦ ਕੀਤਾ।

ਇਨ੍ਹਾਂ ਲਗਾਤਾਰ ਜਿੱਤਾਂ ਨੂੰ ਵੇਖ ਕੇ ਔਰੰਗਜ਼ੇਬ ਨੂੰ ਫ਼ਿਕਰ ਹੋਇਆ ਤੇ ਇਸ ਨੇ ਸ਼ਹਿਜ਼ਾਦਾ ਮੁਅੱਜ਼ਮ ਬਹਾਦਰ ਸ਼ਾਹ ਨੂੰ ਫ਼ੌਜ ਦੇ ਕੇ ਗੁਰੂ ਜੀ ਤੇ ਪਹਾੜੀ ਰਾਜਿਆਂ ਵੱਲ ਘਲਿਆ।

ਤਬ ਅਉਰੰਗ ਮਨ ਮਾਹਿ ਰਿਸਾਵਾ ॥
ਮੱਦ੍ਰ ਦੇਸ ਕੋ ਪੂਤ ਪਠਾਵਾ ॥ (ਬਚਿਤ੍ਰ ਨਾਟਕ)

ਬਹਾਦਰ ਸ਼ਾਹ ਆਪ ਲਾਹੌਰ ਆ ਟਿਕਿਆ ਤੇ ਮਿਰਜ਼ਾ ਬੇਗ ਨੂੰ ਉਸ ਨੇ ਪਹਾੜ ਵੱਲ ਭੇਜਿਆ। ਸਤਿਗੁਰੂ ਜੀ ਤੋਂ ਬੇਮੁਖ ਪਹਾੜੀਆਂ ਨੂੰ ਤਕੜੀ ਝਾੜ ਝੰਬ ਹੋਈ ਤੇ ਭਾਈ ਨੰਦ ਲਾਲ ਜੀ (ਜੋ ਬਹਾਦਰ ਸ਼ਾਹ ਦੇ ਮੀਰ ਮੁਨਸ਼ੀ ਸਨ) ਦੇ ਸਮਝਾਣ ਤੇ ਗੁਰੂ ਜੀ ਨੂੰ ਕੁਝ ਨਾ ਆਖਿਆ ਗਿਆ, ਜਿਸ ਕਰਕੇ ਗੁਰੂ ਜੀ ਨੇ ਉਚਾਰਨ ਕੀਤਾ–

ਬਾਬੇ ਕੇ ਬਾਬਰ ਕੇ ਦੋਊ ॥ ਆਪ ਕਰੇ ਪਰਮੇਸਰ ਸੋਊ ॥
ਦੀਨਸਾਹ ਇਨ ਕੋ ਪਹਿਚਾਨੋ ॥ ਦੁਨੀਪਤਿ ਉਨ ਕੋ ਅਨੁਮਾਨੋ ॥
ਜੋ ਬਾਬੇ ਕੇ ਦਾਮ ਨ ਦੈ ਹੈ ॥ ਤਿਨ ਤੇ ਗਹਿ ਬਾਬਰ ਕੇ ਲੈ ਹੈ ॥.......
ਮਿਰਜ਼ਾ ਬੇਗ ਹੋਤੁ ਤਿਹ ਨਾਮੰ ॥ ਜਿਨ ਢਾਹੇ ਬਿਮੁਖਨ ਕੇ ਧਾਮੰ ॥
(ਬਚਿਤ੍ਰ ਨਾਟਕ)

## ਖ਼ਾਲਸੇ ਦਾ ਜਨਮ

ਮੈਂ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥
(ਬਚਿਤ੍ਰ ਨਾਟਕ)

ਜਦੋਂ ਭਾਈ ਜੈਤਾ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਸ੍ਰੀ ਅਨੰਦਪੁਰ ਸਾਹਿਬ ਲਿਆਂਦਾ ਸੀ ਤੇ ਸਤਿਗੁਰੂ ਜੀ ਨੂੰ ਦਸਿਆ ਸੀ ਕਿ ਔਰੰਗਜ਼ੇਬ ਨੇ ਦਿੱਲੀ ਵਿਚ ਢੰਡੋਰਾ ਫਿਰਾਇਆ ਕਿ ਜਿਹੜਾ ਕੋਈ ਗੁਰੂ ਕਾ ਸਿਖ ਹੈ, ਉਹ ਸ੍ਰੀ ਗੁਰੂ ਤੇਗ ਬਹਾਦਰ

ਸਾਹਿਬ ਜੀ ਦਾ ਧੜ ਲੈ ਜਾਵੇ ਤਾਂ ਸਾਰੇ ਸਿਖਾਂ ਵਿਚੋਂ ਕੋਈ ਸਿਖ ਸਾਹਵੇਂ ਨਾ ਆਇਆ, ਸਤਿਗੁਰੂ ਜੀ ਨੇ ਇਹ ਸਾਰੀ ਗੱਲ ਸੁਣ ਫੁਰਮਾਇਆ ਸੀ ਕਿ "ਹੁਣ ਮੈਂ ਐਸਾ ਸਿਖ ਪੈਦਾ ਕਰਾਂਗਾ ਜੋ ਹਜ਼ਾਰਾਂ ਵਿਚ ਬੈਠਾ ਹੋਇਆ ਭੀ ਨਹੀਂ ਲੁਕ ਸਕੇਗਾ।" ਸੋ ਉਹ ਖ਼ਾਲਸਾ ਸਜਾਉਣ ਦਾ ਸਮਾਂ ਆ ਗਿਆ ਤੇ ਸਤਿਗੁਰੂ ਜੀ ਵੱਲੋਂ ਦੇਸ ਦੇਸਾਂਤਰਾਂ ਵਿਚ ਹਰ ਥਾਂ ੧੭੫੬ ਦੀ ਵਿਸਾਖੀ ਤੇ ਸ੍ਰੀ ਅਨੰਦਪੁਰ ਸਾਹਿਬ ਪੁੱਜਣ ਲਈ ਸਿਖਾਂ ਨੂੰ ਹੁਕਮ ਨਾਮੇ ਭੇਜੇ ਗਏ।

ਗੁਰ ਚਰਨਾਂ ਦੇ ਬੇਅੰਤ ਆਸ਼ਕ ਦਰਸ਼ਨਾਂ ਲਈ ਸ੍ਰੀ ਅਨੰਦਪੁਰ ਸਾਹਿਬ ਪੁਜੇ। ਵਿਸਾਖੀ ਦੇ ਸੁਭਾਗ ਦਿਹਾੜੇ ਸ੍ਰੀ ਕੇਸਗੜ੍ਹ ਤੇ ਬੜਾ ਭਾਰੀ ਦੀਵਾਨ ਸਜਿਆ। ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਹੋਇਆ, ਉਪਰੰਤ ਸ੍ਰੀ ਦਸਮ ਪਾਤਸ਼ਾਹ ਜੀ ਹੱਥ ਵਿਚ ਨੰਗੀ ਤਲਵਾਰ ਲੈ ਕੇ ਉਠੇ ਤੇ ਸੰਗਤ ਵੱਲ ਤਕ ਕੇ ਬਚਨ ਕੀਤਾ, 'ਇਕ ਸਿਰ ਦੀ ਲੋੜ ਹੈ।' ਇਹ ਬਚਨ ਸੁਣ ਕੇ ਲੋਕ ਠਠੰਬਰ ਗਏ। ਭੀੜ ਵਿਚੋਂ ਲਾਹੌਰ ਨਿਵਾਸੀ ਭਾਈ ਦਇਆ ਰਾਮ ਖੱਤ੍ਰੀ ਅਗੇ ਵਧਿਆ ਤੇ ਹੱਥ ਜੋੜ ਕੇ ਬੇਨਤੀ ਕੀਤੀ, "ਗੁਰਦੇਵ ! ਮੇਰਾ ਸਿਰ ਹਾਜ਼ਰ ਹੈ।" ਸ੍ਰੀ ਦਸਮ ਪਾਤਸ਼ਾਹ ਸਿਖ ਨੂੰ ਫੜ ਕੇ ਤੰਬੂ ਅੰਦਰ ਲੈ ਗਏ, ਤਲਵਾਰ ਚਲੀ ਤੇ ਲਹੂ ਦੀ ਧਾਰ ਬਾਹਰ ਨੂੰ ਵਹਿ ਤੁਰੀ, ਲਹੂ ਦੀ ਲਿਬੜੀ ਹੋਈ ਤਲਵਾਰ ਲੈ ਕੇ ਸੰਗਤ ਵਿਚ ਆਏ ਤੇ ਹੋਰ ਸਿਰ ਮੰਗਿਆ। ਐਤਕੀਂ ਦਿੱਲੀ ਨਿਵਾਸੀ ਭਾਈ ਧਰਮ ਚੰਦ ਜਦ ਉਠਿਆ ਤੇ ਇਸ ਆਪਣਾ ਸੀਸ ਗੁਰੂ ਜੀ ਦੇ ਪੇਸ਼ ਕੀਤਾ। ਆਪ ਇਸ ਨੂੰ ਭੀ ਤੰਬੂ ਵਿਚ ਲੈ ਗਏ। ਗੁਰੂ ਜੀ ਨੂੰ ਇਸ ਤਰ੍ਹਾਂ ਕਰਦਿਆਂ ਵੇਖ ਕੇ ਦੀਵਾਨ ਵਿਚ ਖਲਬਲੀ ਮਚ ਗਈ ਤੇ ਲੋਕ ਖਿਸਕਣੇ ਸ਼ੁਰੂ ਹੋ ਗਏ। ਆਪ ਨੇ ਤੰਬੂਓਂ ਬਾਹਰ ਆ ਕੇ ਤਿੰਨ ਵਾਰੀ ਹੋਰ ਸਿਰਾਂ ਦੀ ਮੰਗ ਕੀਤੀ। ਹਿੰਮਤ ਰਾਇ ਝੀਵਰ ਜਗਨ ਨਾਥ ਨਿਵਾਸੀ, ਭਾਈ ਮੁਹਕਮ ਚੰਦ ਛੀਂਬਾ ਦੁਆਰਕਾ ਨਿਵਾਸੀ ਅਤੇ ਸਾਹਿਬ ਚੰਦ ਨਾਈ ਬਿਦਰ ਨਿਵਾਸੀ ਨੇ ਵਾਰੀ ਵਾਰੀ ਆਪਣੇ ਸੀਸ ਪੇਸ਼ ਕੀਤੇ। ਸਤਿਗੁਰੂ ਜੀ ਇਨ੍ਹਾਂ ਨੂੰ ਤੰਬੂ ਵਿਚ ਲੈ ਗਏ ਤੇ ਕੁਝ ਚਿਰ ਪਿਛੋਂ ਬੜੇ ਸੋਹਣੇ ਸ਼ਸਤ੍ਰ ਬਸਤ੍ਰ ਸਜਾ ਕੇ ਸੰਗਤ ਦੇ ਸਾਹਮਣੇ ਲਿਆ ਖੜੇ ਕੀਤਾ। ਇਨ੍ਹਾਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਤੇ "ਪੰਜ ਪਿਆਰੇ" ਦੀ ਪਦਵੀ ਬਖ਼ਸ਼ੀ ! ਊਚ, ਨੀਚ, ਜ਼ਾਤ ਪਾਤ ਦਾ ਭੇਦ ਮਿਟਾ ਕੇ ਸਭ ਨੂੰ ਗੁਰ–ਭਾਈ ਬਣਾਇਆ।

ਇਨ੍ਹਾਂ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਆਪ ਹੱਥ ਜੋੜ ਕੇ ਸਾਹਮਣੇ ਖਲੋ ਗਏ ਤੇ ਬੇਨਤੀ ਕੀਤੀ। ਖ਼ਾਲਸਾ ਜੀ ! ਮੈਨੂੰ ਵੀ ਅੰਮ੍ਰਿਤ ਦੀ ਦਾਤ ਬਖ਼ਸ਼ੋ। ਪੰਜ ਪਿਆਰੇ ਇਹ ਬਚਨ ਸੁਣ ਕੇ ਹੈਰਾਨ ਹੋ ਗਏ। ਆਪ ਨੇ ਫੁਰਮਾਇਆ, "ਤੁਸੀਂ ਸ਼ੰਕਾ ਨਾ ਕਰੋ। ਤੁਸੀਂ ਮੇਰਾ ਖ਼ਾਲਸਾ ਹੋ, ਮੇਰੇ ਤੁਹਾਡੇ ਵਿਚ ਕੋਈ ਭੇਦ ਨਹੀਂ ਰਿਹਾ ।"

ਖ਼ਾਲਸਾ ਮੇਰੋ ਰੂਪ ਹੈ ਖਾਸ ।। ਖ਼ਾਲਸੇ ਮੈਂ ਹਉਂ ਕਰੋਂ ਨਿਵਾਸ ।।

.... .... .... ....

ਹਉਂ ਖ਼ਾਲਸੇ ਕਾ ਖ਼ਾਲਸਾ ਮੇਰੋ ।। ਓਤਿ ਪੋਤਿ ਸਾਗਰ ਬੂੰਦੇਰੋ ।।

ਆਪ ਨੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕਿਆ। ਗੁਰੂ ਤੇ ਖ਼ਾਲਸੇ ਵਿਚ ਭੇਦ ਨਾ ਰਿਹਾ। ਪੰਜ ਕਕਾਰ— ਕੇਸ, ਕੰਘਾ, ਕੜਾ, ਕਛ ਅਤੇ ਕ੍ਰਿਪਾਨ ਦੀ ਰਹਿਤ ਰਖਣ ਦਾ ਹੁਕਮ ਦਿੱਤਾ ਤੇ ਚਾਰ ਕੁਰਹਿਤਾਂ—੧. ਕੁਠਾ ਖਾਣਾ, ੨. ਤੰਬਾਕੂ ਵਰਤਣਾ, ੩. ਕੇਸਾਂ ਦੀ ਬੇਅਦਬੀ, ੪. ਪਰ-ਇਸਤ੍ਰੀ ਤੋਂ ਬਚਣ ਦਾ ਉਪਦੇਸ਼ ਕੀਤਾ। ਨਾਮ ਦੇ ਨਾਲ ਸਿੰਘ ਪਦਵੀ ਬਖ਼ਸ਼ੀ ਤੇ ਆਪ ਧਾਰਨ ਕੀਤੀ। ਦੇਸ਼ ਦੇਸ਼ਾਂਤਰਾਂ ਵਿਚ ਸਿਖਾਂ ਨੂੰ ਕੇਸ ਧਾਰਨ ਕਰਕੇ ਅੰਮ੍ਰਿਤ ਛਕਣ ਲਈ ਹੁਕਮਨਾਮੇ ਭੇਜੇ ਗਏ ਤੇ ਇਹ ਲਹਿਰ ਪੂਰੇ ਜ਼ੋਰਾਂ ਤੇ ਜਾਰੀ ਰਹੀ।

ਥੀ ਸਤਿਗੁਰ ਕੀ ਸੰਗਤ ਜਹਿਂ ਜਹਿਂ। ਹੁਕਮੁ ਨਾਮੇ ਗੁਰ ਭੇਜੇ ਤਹਿਂ ਤਹਿਂ।।
ਕੇਸ ਧਾਰ ਮੋ ਪਹਿ ਸਿਖ ਆਵਹਿ।। ਸਿਖ ਹੋਇ ਨ ਭਦਨ ਕਰਾਵਹਿ।।
ਪਾਹੁਲ ਖੰਡੇ ਕੀ ਲੈ ਆਵਹਿ।। ਜਗਤ ਜੂਠ ਕੇ ਨੇੜਿ ਨ ਜਾਵਹਿ।।

(ਸੂਰਜ ਪ੍ਰਕਾਸ਼)

ਇਸ ਹੁਕਮ ਅਨੁਸਾਰ ੮੦੦੦੦ ਸਿਖਾਂ ਨੇ ਥੋੜ੍ਹੇ ਹੀ ਦਿਨਾਂ ਵਿਚ ਅੰਮ੍ਰਿਤਪਾਨ ਕੀਤਾ। ਅੰਮ੍ਰਿਤ ਛਕਣ ਨਾਲ ਸਿਖਾਂ ਦਾ ਮਨ ਉੱਚਾ ਹੋ ਗਿਆ। ਆਪੇ ਦੀ ਕਦਰ ਤੇ ਕੁਰਬਾਨੀ ਦੀ ਸਪਿਰਿਟ ਪੈਦਾ ਹੋ ਗਈ। ਚੂੜ੍ਹੇ, ਛੀਂਬੇ ਤੇ ਨਾਈ ਆਦਿਕ ਜਿਨ੍ਹਾਂ ਨੇ ਕਦੀ ਤਲਵਾਰ ਨੂੰ ਹੱਥ ਨਹੀਂ ਸੀ ਲਾਇਆ ਤੇ ਉੱਚ ਜਾਤੀਆਂ ਦੇ ਪੈਰਾਂ ਵਿਚ ਰੁਲ ਰਹੇ ਸਨ, ਉਨ੍ਹਾਂ ਵਿਚ ਸਦੀਆਂ ਤੋਂ ਚਲੇ ਆ ਰਹੇ ਹੁਕਮਰਾਨ ਮੁਗ਼ਲਾਂ ਤੇ ਰਾਜਪੂਤਾਂ ਨਾਲ ਮੁਕਾਬਲਾ ਕਰਨ ਦਾ ਸਾਹਸ ਪੈਦਾ ਹੋ ਗਿਆ।

## ਪਹਾੜੀਆਂ ਦੀ ਵਿਰੋਧਤਾ ਤੇ ਜੰਗ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਭਗਤੀ ਤੇ ਸ਼ਕਤੀ ਬਖ਼ਸ਼ ਕੇ ਸੰਸਾਰ ਦੀ ਸੇਵਾ ਲਈ ਤਿਆਰ ਕੀਤਾ ਸੀ। ਸ੍ਰੀ ਅਨੰਦਪੁਰ ਸਾਹਿਬ ਰਿਆਸਤ ਕਹਿਲੂਰ ਵਿਚ ਸੀ ਤੇ ਇਸ ਦੇ ਆਲੇ ਦੁਆਲੇ ਹੋਰ ਹਿੰਦੂ ਰਿਆਸਤਾਂ ਸਨ। ਖ਼ਾਲਸੇ ਦੀ ਚੜ੍ਹਦੀ ਕਲਾ ਨੂੰ ਵੇਖ ਕੇ ਪਹਾੜੀ ਰਾਜਿਆਂ ਨੇ ਸਮਝਿਆ ਕਿ ਇਹ ਤਿਆਰੀ ਸਾਡਾ ਰਾਜ ਖੋਹਣ ਵਾਸਤੇ ਕੀਤੀ ਜਾ ਰਹੀ ਹੈ। ਕਹਿਲੂਰ ਦੇ ਰਾਜੇ ਨੇ ਗੁਰੂ ਜੀ ਨੂੰ ਲਿਖਿਆ, ਜਾਂ ਤਾਂ ਮੇਰੀ ਈਨ ਮੰਨ ਕੇ ਖ਼ਿਰਾਜ ਦਿਓ, ਨਹੀਂ ਤੇ ਮੇਰੀ ਰਿਆਸਤ ਛੱਡ ਜਾਓ। ਗੁਰੂ ਜੀ ਨੇ ਇਹ ਦੋਵੇਂ ਗੱਲਾਂ ਮੰਨਣ ਤੋਂ ਇਨਕਾਰ ਕੀਤਾ।

 www.sikhbookclub.com

ਇਕ ਦਿਨ ਗੁਰੂ ਜੀ ਸ਼ਿਕਾਰ ਖੇਡਣ ਗਏ। ਪਹਾੜੀ ਰਾਜੇ ਬਲੀ ਚੰਦ ਤੇ ਆਲਮ ਚੰਦ ਨੇ ਗੁਰੂ ਜੀ ਤੇ ਹਮਲਾ ਕਰ ਦਿੱਤਾ। ਸਿਖਾਂ ਨੇ ਮੁਕਾਬਲਾ ਕੀਤਾ, ਬਲੀ ਚੰਦ ਮਾਰਿਆ ਗਿਆ ਤੇ ਆਲਮ ਚੰਦ ਬਾਜ਼ੂ ਕਟਵਾ ਕੇ ਨੱਸ ਗਿਆ।

ਪਹਾੜੀ ਰਾਜਿਆਂ ਨੇ ਸੂਬਾ ਸਰਹੰਦ ਪਾਸੋਂ ਮਦਦ ਲੈ ਕੇ ਪੈਂਦੇ ਖ਼ਾਂ ਤੇ ਦੀਨ ਬੇਗ ਦੀ ਕਮਾਨ ਹੇਠ ਦਸ ਹਜ਼ਾਰ ਫ਼ੌਜ ਤੇ ਆਪਣੀ ਫ਼ੌਜ ਲੈ ਕੇ ਸ੍ਰੀ ਅਨੰਦਪੁਰ ਤੇ ਚੜ੍ਹਾਈ ਕੀਤੀ। ਸਿਖਾਂ ਨੇ ਅਗੋਂ ਡਟ ਕੇ ਮੁਕਾਬਲਾ ਕੀਤਾ। ਪੈਂਦੇ ਖ਼ਾਂ ਸਤਿਗੁਰ ਜੀ ਦੇ ਤੀਰ ਨਾਲ ਮਾਰਿਆ ਗਿਆ, ਪਹਾੜੀਏ ਨੱਸ ਗਏ ਤੇ ਦੀਨ ਬੇਗ ਜ਼ਖਮੀ ਹੋ ਕੇ ਮੁੜ ਗਿਆ ਸਿਖਾਂ ਨੇ ਸ਼ਾਹੀ ਫ਼ੌਜ ਦਾ ਪਿਛਾ ਕੀਤਾ ਤੇ ਬਹੁਤ ਸਾਰਾ ਸਾਮਾਨ ਖੋਹ ਕੇ ਸਰਸਾ ਤੋਂ ਪਾਰ ਕਰ ਆਏ।

ਇਸ ਤੋਂ ਪਿੱਛੋਂ ਪਹਾੜੀ ਰਾਜੇ ਫੇਰ ਇਕੱਠੇ ਹੋਏ। ਮੰਡੀ ਵਾਲੇ ਰਾਜੇ ਨੇ ਸਲਾਹ ਦਿੱਤੀ ਕਿ ਸਤਿਗੁਰੂ ਜੀ ਨਾਲ ਸੁਲਾਹ ਕਰ ਲਵੋ, ਪਰ ਦੂਜੇ ਨਾ ਮੰਨੇ। ਪਿੰਡਾਂ ਦੇ ਗੁਜਰ, ਰੰਘੜ ਤੇ ਹੋਰ ਫ਼ੌਜ ਇਕੱਠੀ ਕਰਕੇ ਰਾਜਾ ਕੇਸਰੀ ਸਿੰਘ ਦੀ ਕਮਾਨ ਹੇਠ ਸ੍ਰੀ ਅਨੰਦਪੁਰ ਸਾਹਿਬ ਲੜਨ ਲਈ ਆਏ। ਘਮਸਾਨ ਦੀ ਜੰਗ ਹੋਈ, ਸਿੰਘਾਂ ਨੇ ਅਗੋਂ ਡਟਕੇ ਮੁਕਾਬਲਾ ਕੀਤਾ। ਪਹਾੜੀ ਰਾਜਿਆਂ ਨੇ ਦੂਜੇ ਦਿਨ ਹਾਥੀ ਨੂੰ ਸ਼ਰਾਬ ਪਿਲਾਕੇ ਮਸਤ ਕਰ ਲੋਹਗੜ੍ਹ ਦੇ ਕਿਲ੍ਹੇ ਤੇ ਚੜ੍ਹਾ ਲਿਆਂਦਾ। ਭਾਈ ਬਚਿਤ੍ਰ ਸਿੰਘ ਨੇ ਉਸ ਦੇ ਮੱਥੇ ਵਿਚ ਅਜਿਹਾ ਬਰਛਾ ਮਾਰਿਆ ਕਿ ਹਾਥੀ ਚੀਕਾਂ ਮਾਰਦਾ ਹੋਇਆ ਪਿੱਛੇ ਨੂੰ ਨੱਠ ਖਲੋਤਾ। ਪਹਾੜੀ ਸੈਨਾ ਵਿਚ ਹਲਚਲ ਮਚ ਗਈ। ਸਿੰਘ ਪਹਾੜੀਆਂ ਤੇ ਟੁੱਟਕੇ ਜਾ ਪਏ। ਰਾਜਾ ਹਿੰਮਤ ਸਿੰਘ ਹੰਡੂਰੀਆ ਜ਼ਖਮੀ ਹੋਇਆ, ਕੇਸਰੀ ਸਿੰਘ ਮਾਰਿਆ ਗਿਆ ਤੇ ਖ਼ਾਲਸੇ ਦੀ ਜਿੱਤ ਹੋਈ।

ਪਹਾੜੀ ਰਾਜਿਆਂ ਨੇ ਕਈ ਵਾਰੀ ਖ਼ਾਲਸਾ ਫੌਜਾਂ ਕੋਲੋਂ ਹਾਰ ਖਾਣ ਤੋਂ ਪਿੱਛੋਂ ਔਰੰਗਜ਼ੇਬ ਨੂੰ ਲਿਖਿਆ ਕਿ 'ਗੁਰੂ ਗੋਬਿੰਦ ਸਿੰਘ ਸਾਰੇ ਹਿੰਦੁਸਤਾਨ ਤੇ ਆਪਣਾ ਰਾਜ ਕਾਇਮ ਕਰਨਾ ਚਾਹੁੰਦਾ ਹੈ। ਜੇ ਵੇਲੇ ਸਿਰ ਇਸ ਨੂੰ ਦਬਾਇਆ ਨਾ ਗਿਆ ਤਾਂ ਇਹ ਹਕੂਮਤ ਦਾ ਤਖ਼ਤਾ ਉਲਟਾ ਦੇਵੇਗਾ।' ਔਰੰਗਜ਼ੇਬ ਨੇ ਪਹਾੜੀਆਂ ਦੀ ਇਹ ਅਰਜ਼ੀ ਸੁਣ ਕੇ ਸੂਬਾ ਸਰਹੰਦ, ਦਿੱਲੀ, ਕਸ਼ਮੀਰ ਤੇ ਲਾਹੌਰ ਦੇ ਨਾਂ ਹੁਕਮ ਜਾਰੀ ਕੀਤੇ, 'ਅਨੰਦ ਪੁਰ ਲੁਟ ਪੁਟ ਕੇ ਉਜਾੜ ਦਿਓ ਤੇ ਗੁਰੂ ਗੋਬਿੰਦ ਸਿੰਘ ਨੂੰ ਫੜ ਕੇ ਮੇਰੇ ਪੇਸ਼ ਕਰੋ।'*

ਵਜ਼ੀਰ ਖ਼ਾਂ ਸੂਬਾ ਸਰਹੰਦ, ਦਿਲਾਵਰ ਖ਼ਾਂ ਲਾਹੌਰ ਤੇ ਜ਼ਬਰਦਸਤ ਖ਼ਾਂ ਕਸ਼ਮੀਰ ਆਪੋ ਆਪਣੀਆਂ ਫ਼ੌਜਾਂ ਤੇ ਹੋਰ ਮਾਤਹਿਤ ਅਫ਼ਸਰਾਂ ਨੂੰ ਨਾਲ ਲੈ ਕੇ ੨੨ ਜੇਠ ਸੰਮਤ ੧੭੬੧ ਨੂੰ ਸ੍ਰੀ ਅਨੰਦ ਪੁਰ ਤੇ ਹਮਲਾਵਰ ਹੋਏ। ਪਹਾੜੀਏ, ਗੁਜਰ, ਰੰਘੜ ਤੇ ਹੋਰ

*ਤਵਾਰੀਖ਼ ਗੁਰੂ ਖ਼ਾਲਸਾ ਗਿ: ਗਿਆਨ ਸਿੰਘ ਜੀ।

 www.sikhbookclub.com

ਮੁਲਖਈਆ ਇਨ੍ਹਾਂ ਦੇ ਨਾਲ ਮਿਲ ਗਿਆ। ਇਕ ਪਾਸੇ ਇਹ ਦਸ ਲੱਖ ਫ਼ੌਜ ਸੀ ਤੇ ਦੂਜੇ ਪਾਸੇ ਭਾਈ ਦਇਆ ਸਿੰਘ ਜੀ, ਹਿੰਮਤ ਸਿੰਘ, ਬਚਿਤ੍ਰ ਸਿੰਘ ਤੇ ਭਾਈ ਉਦੇ ਸਿੰਘ ਆਦਿਕ ਜਥੇਦਾਰ ਦਸ ਹਜ਼ਾਰ ਸਿਦਕੀ ਖ਼ਾਲਸੇ ਨੂੰ ਨਾਲ ਲੈ ਕੇ ਇਨ੍ਹਾਂ ਦਾ ਮੁਕਾਬਲਾ ਕਰ ਰਹੇ ਸਨ। ਘਮਸਾਨ ਦੀ ਜੰਗ ਹੋਈ, ਸਿੰਘ ਜਾਨਾਂ ਤੋੜ ਕੇ ਲੜਦੇ ਰਹੇ। ਸ਼ਾਹੀ ਸੈਨਾ ਨੂੰ ਜਿੱਤ ਦੀ ਆਸ ਨਾ ਰਹੀ ਤੇ ਕਿਲ੍ਹੇ ਦਾ ਘੇਰਾ ਘਤ ਕੇ ਬਹਿ ਗਈ। ਰਸਤ, ਅੰਨ, ਆਦਿਕ ਕੋਈ ਚੀਜ਼ ਕਿਲ੍ਹੇ ਦੇ ਅੰਦਰ ਨਾ ਜਾਣ ਦਿੱਤੀ।

ਕਿਲ੍ਹੇ ਦੇ ਅੰਦਰਲਾ ਰਾਸ਼ਨ ਮੁਕ ਗਿਆ ਤੇ ਸਿੰਘਾਂ ਦਰਖ਼ਤਾਂ ਦੇ ਪੱਤੇ ਖਾ ਕੇ ਲੜਾਈ ਜਾਰੀ ਰੱਖੀ। ਪਹਾੜੀਆਂ ਨੇ ਆਟੇ ਦੀ ਗਊ ਬਣਾ ਕੇ ਭੇਜੀ। ਸ਼ਾਹੀ ਸੈਨਾ ਨੇ ਬਾਦਸ਼ਾਹ ਵੱਲੋਂ ਆਇਆ ਇਕ ਖ਼ਤ ਗੁਰੂ ਜੀ ਦੇ ਪੇਸ਼ ਕੀਤਾ, ਜਿਸ ਵਿਚ ਲਿਖਿਆ ਸੀ, "ਤੁਸੀਂ ਅਨੰਦਪੁਰ ਦਾ ਕਿਲ੍ਹਾ ਛਡ ਕੇ ਕਿਸੇ ਹੋਰ ਥਾਂ ਤੇ ਚਲੇ ਜਾਓ ਤਾਂ ਤੁਹਾਨੂੰ ਕੁਝ ਨਹੀਂ ਕਿਹਾ ਜਾਵੇਗਾ।"

ਮਾਤਾ ਜੀ ਤੇ ਸਿਖਾਂ ਨੇ ਕਿਲ੍ਹਾ ਛੱਡਣ ਲਈ ਪ੍ਰੇਰਿਆ। ਸਤਿਗੁਰੂ ਜੀ ਨੇ ਕਿਹਾ, "ਕੁਝ ਚਿਰ ਹੋਰ ਸਬਰ ਕਰੋ", ਪਰ ਸਿੰਘ ਭੁਖ ਦੇ ਦੁਖੋਂ ਵਿਆਕੁਲ ਹੋ ਰਹੇ ਸਨ। ਕੁਝ ਸਿਖਾਂ ਨੇ ਬੇਦਾਵਾ ਲਿਖ ਦਿੱਤਾ ਤੇ ਘਰਾਂ ਨੂੰ ਚੱਲ ਪਏ। ਕੁਝ ਸ਼ਹੀਦ ਹੋ ਚੁਕੇ ਸਨ, ਬਾਕੀ ਸਿਦਕ ਤੇ ਕਾਇਮ ਰਹੇ ਤੇ ਦੁਖ ਸੁਖ ਦੇ ਭਿਆਲ ਬਣੇ।

੧੫ ਮਘਰ ਸੰਮਤ ੧੭੬੧ ਨੂੰ ਸਾਰੇ ਸਿਖਾਂ ਦੀ ਰਾਇ ਨਾਲ ਪ੍ਰਵਾਰ ਤੇ ਸਿਖਾਂ ਨੂੰ ਨਾਲ ਲੈ ਕੇ ਸਤਿਗੁਰੂ ਜੀ ਅਨੰਦਪੁਰ ਦੇ ਕਿਲ੍ਹੇ ਚੋਂ ਬਾਹਰ ਨਿਕਲੇ। ਕੀਰਤਪੁਰ ਲੰਘ ਕੇ ਆਪ ਸਰਸਾ ਦੇ ਕੰਢੇ ਤੇ ਪੁੱਜੇ। ਸ਼ਾਹੀ ਫ਼ੌਜਾਂ ਤੇ ਪਹਾੜੀਆਂ ਨੇ ਕੁਰਾਨ ਤੇ ਗਊ ਦੀ ਕਸਮ ਤੋੜ ਦਿੱਤੀ ਤੇ ਗੁਰੂ ਜੀ ਦਾ ਪਿੱਛਾ ਕੀਤਾ। ਘਮਸਾਨ ਦਾ ਯੁੱਧ ਮਚਿਆ, ਬਹੁਤ ਸਾਰੇ ਸਿਖ ਸ਼ਹੀਦ ਹੋ ਗਏ। ਕਈ ਸਿਖ, ਬਹੁਤ ਸਾਰਾ ਕੀਮਤੀ ਸਮਾਨ ਤੇ ਮਣਾ ਮੂੰਹੀਂ ਪੁਸਤਕਾਂ ਸਰਸਾ ਦੀ ਭੇਟ ਹੋ ਗਈਆਂ। ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਨਿਖੜ ਗਏ। ਸਤਿਗੁਰੂ ਜੀ ਦੇ ਮਹਿਲ ਵਿਛੜ ਕੇ ਭਾਈ ਮਨੀ ਸਿੰਘ ਜੀ ਆਦਿਕ ਸਿਖਾਂ ਨਾਲ ਦਿੱਲੀ ਨੂੰ ਚਲੇ ਗਏ। ਵੱਡੇ ਸਾਹਿਬਜ਼ਾਦੇ, ਚਾਲ੍ਹੀ ਸਿੰਘ ਤੇ ਸਤਿਗੁਰੂ ਜੀ ਆਪ ਚਮਕੌਰ ਦੀ ਗੜ੍ਹੀ ਵਿਚ ਪੁੱਜ ਗਏ। ਏਥੇ ਸ਼ਾਹੀ ਸੈਨਾ ਨਾਲ ਘਮਸਾਨ ਦੀ ਜੰਗ ਹੋਈ। ਪੰਜ ਸਿਖਾਂ ਤੋਂ ਬਿਨਾਂ ਵੱਡੇ ਸਾਹਿਬਜ਼ਾਦੇ ਸਾਹਿਬ ਅਜੀਤ ਸਿੰਘ, ਜੁਝਾਰ ਸਿੰਘ ਤੇ ਬਾਕੀ ਦੇ ਸਾਰੇ ਸਿੰਘ ਸ਼ਹੀਦ ਹੋ ਗਏ। ਬਚ ਰਹੇ ਪੰਜਾਂ ਸਿੰਘਾਂ ਨੇ ਆਪਸ ਵਿਚ ਗੁਰਮਤਾ ਕਰਕੇ ਬੇਨਤੀ ਕੀਤੀ, ਸੱਚੇ ਪਾਤਸ਼ਾਹ !

ਦੇਖਹੁ ਸਗਰੇ ਸਿੰਘ ਗਏ ਖਪ,
ਇਕ ਰਾਵਰ ਕੋ ਪੰਥ ਅਧੀਨ ॥


www.sikhbookclub.com

ਜਹਾਂ ਬਿਰਹੁ ਪੁਨ ਰਚਹੁ ਹਜ਼ਾਰਹੁ,
ਬਿਰਹਿ ਖਾਲਸਾ ਜਗਤ ਪ੍ਰਬੀਨ ॥ (ਸੂਰਜ ਪ੍ਰਕਾਸ਼)

ਪੰਜਾਂ ਸਿੰਘਾਂ ਦਾ ਬਚਨ ਮੰਨ ਕੇ ਜਿਗ੍ਹਾ, ਕਲਗੀ ਭਾਈ ਸੰਗਤ ਸਿੰਘ ਨੂੰ ਦੇ ਕੇ ਤਿੰਨਾਂ ਸਿੰਘਾਂ ਸਮੇਤ ਆਪ ਚਮਕੌਰ ਦੀ ਗੜ੍ਹੀ ਚੋਂ ਨਿਕਲੇ ਤੇ ਇਥੋਂ ਆਪ ਮਾਛੀਵਾੜੇ ਪੁੱਜੇ।

ਹਜ਼ੂਰ ਦੇ ਬਸਤਰ ਫਟੇ ਹੋਏ ਸਨ। ਪੈਰੀਂ ਜੁੱਤੀ ਵੀ ਨਹੀਂ ਸੀ, ਪੈਰਾਂ ਵਿਚ ਛਾਲੇ ਪਏ ਹੋਏ ਸਨ। ਮਾਛੀਵਾੜੇ ਦੇ ਇਕ ਬਾਗ਼ ਵਿਚ ਸੁਤੇ ਪਏ ਸਨ। ਭਾਈ ਦਇਆ ਸਿੰਘ, ਧਰਮ ਸਿੰਘ, ਮਾਨ ਸਿੰਘ ਢੂੰਡਦੇ ਢੂੰਡਦੇ ਇਥੇ ਆ ਪੁੱਜੇ। ਇਥੇ ਹੀ ਆਪ ਨੂੰ ਗ਼ਨੀ ਖ਼ਾਂ ਤੇ ਨਬੀ ਖ਼ਾਂ ਦੋ ਪ੍ਰੇਮੀ ਪਠਾਣ ਮਿਲੇ। ਇਨ੍ਹਾਂ ਨੂੰ ਪਤਾ ਸੀ ਕਿ ਗੁਰੂ ਜੀ ਦੀ ਭਾਲ ਵਿਚ ਪਿੱਛੇ ਸ਼ਾਹੀ ਸੈਨਾ ਆ ਰਹੀ ਹੈ ਤੇ ਇਨ੍ਹਾਂ ਦੀ ਮਦਦ ਕਰਨ ਵਾਲਿਆਂ ਨੂੰ ਹਕੂਮਤ ਵਲੋਂ ਢੋਈ ਨਹੀਂ ਮਿਲਣੀ, ਪਰ ਇਨ੍ਹਾਂ ਨੇ ਕਿਸੇ ਗੱਲ ਦੀ ਪ੍ਰਵਾਹ ਨਾ ਕੀਤੀ ਤੇ ਆਪਣੇ ਆਪ ਨੂੰ ਸੇਵਾ ਲਈ ਪੇਸ਼ ਕੀਤਾ– ਸਤਿਗੁਰੂ ਜੀ ਇਥੋਂ 'ਉਚ ਦਾ ਪੀਰ' ਬਣ ਕੇ ਹੇਰ ਪਿੰਡ ਜ਼ਿਲ੍ਹਾ ਲੁਧਿਆਣੇ ਵਿਚ ਪੁੱਜੇ। ਸ੍ਰੀ ਦਸਮ ਪਾਤਸ਼ਾਹ ਜੀ ਨੇ ਇਨ੍ਹਾਂ ਦੋਹਾਂ ਭਰਾਵਾਂ ਦੇ ਸਿਦਕ ਤੇ ਸੇਵਾ ਨੂੰ ਵੇਖ ਕੇ ਇਕ 'ਹੁਕਮਨਾਮਾ' ਬਖ਼ਸ਼ਿਆ ਤੇ ਲੋਕ ਪਰਲੋਕ ਸਵਾਰ ਦਿੱਤਾ।

ਹੇਰ ਤੋਂ ਹਜ਼ੂਰ ਜਟ ਪੁਰੇ ਲੰਮੇ ਪਿੰਡ ਵੱਲ ਆ ਗਏ। ਇਥੇ ਆਪ ਨੂੰ ਰਾਇ ਕੱਲਾ ਇਕ ਹੋਰ ਮੁਸਲਮਾਨ ਪ੍ਰੇਮੀ ਮਿਲਿਆ, ਜਿਸ ਨੇ ਗੁਰੂ ਜੀ ਦੀ ਬੜੀ ਸ਼ਰਧਾ ਨਾਲ ਸੇਵਾ ਕੀਤੀ। ਇਥੋਂ ਮਾਹੀ ਹਲਕਾਰੇ ਨੂੰ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਖ਼ਬਰ ਲੈਣ ਲਈ ਸਰਹੰਦ ਭੇਜਿਆ। ਉਸ ਨੇ ਆਕੇ ਦੱਸਿਆ ਕਿ ਦੁਸ਼ਟ ਗੰਗੂ ਬ੍ਰਾਹਮਣ ਨੇ ਧਨ ਦੇ ਲੋਭ ਵਿਚ ਆ ਕੇ ਮਾਤਾ ਜੀ ਤੇ ਛੋਟੇ ਸਾਹਿਬਜ਼ਾਦੇ ਸੂਬਾ ਸਰਹੰਦ ਕੋਲ ਪਕੜਵਾ ਦਿੱਤੇ। ਸੂਬਾ ਸਰਹੰਦ ਨੇ ਸਾਹਿਬਜ਼ਾਦਿਆਂ ਨੂੰ ਕਿਹਾ, 'ਬਚਿਓ ! ਸਿਖੀ ਧਰਮ ਛੱਡ ਕੇ ਦੀਨ ਇਸਲਾਮ ਵਿਚ ਆ ਜਾਓ ਤੇ ਦੁਨੀਆਂ ਦੇ ਸੁਖ ਭੋਗੋ। ਜੇ ਨਾ ਮੰਨੋਗੇ ਤਾਂ ਕਤਲ ਕੀਤੇ ਜਾਓਗੇ।' ਸਾਹਿਬਜ਼ਾਦਿਆਂ ਨੇ ਸੂਬੇ ਦੇ ਡਰ ਤੇ ਲਾਲਚ ਦੀ ਕੋਈ ਪ੍ਰਵਾਹ ਨਾ ਕੀਤੀ ਤੇ ਸਿਖ ਧਰਮ ਤੇ ਦ੍ਰਿੜ੍ਹ ਰਹੇ। ਸੁੱਚਾ ਨੰਦ ਖਤ੍ਰੀ ਨੇ ਸਾਹਿਬਜ਼ਾਦਿਆਂ ਦੇ ਕਤਲ ਕਰਨ ਲਈ ਜ਼ੋਰ ਦਿੱਤਾ। ਮਲੇਰ ਕੋਟਲੇ ਦੇ ਹਾਕਮ ਸ਼ੇਰ ਖ਼ਾਂ ਨੇ ਆਹ ਦਾ ਨਾਅਰਾ ਮਾਰਿਆ ਤੇ ਇਸ ਜ਼ੁਲਮ ਤੋਂ ਰੋਕਿਆ, ਪਰ ਸੂਬਾ ਸਰਹੰਦ ਨੇ ੭ ਤੇ ੯ ਸਾਲ ਦੇ ਮਾਸੂਮ ਬੱਚਿਆਂ ਨੂੰ ਨੀਂਹਾਂ ਵਿਚ ਚਿਣਵਾ ਦਿੱਤਾ। ਮਾਤਾ ਜੀ ਨੇ ਜਦੋਂ ਇਹ ਖ਼ਬਰ ਸੁਣੀ ਤਾਂ ਓਹ ਵੀ ਬੁਰਜ ਵਿਚ ਪ੍ਰਾਣ ਤਿਆਗ ਗਏ।

ਸਤਿਗੁਰੂ ਜੀ ਨੇ ਇਹ ਖ਼ਬਰ ਸੁਣ ਕੇ ਇਸ ਵੇਲੇ ਤੀਰ ਨਾਲ ਕਾਹੀ ਦਾ ਇਕ ਬੂਟਾ ਪੁੱਟਿਆ ਤੇ ਕਿਹਾ, "ਮਲੇਰੀਏ ਨੇ ਆਹ ਦਾ ਨਾਅਰਾ ਮਾਰ ਕੇ ਆਪਣੀ ਜੜ੍ਹ ਪਕੀ ਕਰ ਲਈ, ਅਤੇ ਹੋਰ ਤੁਰਕ ਰਾਜ ਦੀ ਜੜ੍ਹ ਪੁੱਟੀ ਗਈ।"

ਜਟਪੁਰੇ ਤੋਂ ਆਪ ਪ੍ਰਚਾਰ ਕਰਦੇ ਹੋਏ ਦੀਨੇ ਪੁੱਜੇ, ਇਥੋਂ ਆਪ ਨੇ ਜ਼ਫ਼ਰਨਾਮਾ (ਫ਼ਤਹਿ ਦਾ ਖ਼ਤ) ਲਿਖ ਕੇ ਭਾਈ ਦਇਆ ਸਿੰਘ ਜੀ ਦੀ ਹੱਥੀਂ ਔਰੰਗਜ਼ੇਬ ਵੱਲ ਦੱਖਣ ਵਿਚ ਭੇਜਿਆ। ਇਥੇ ਬਹੁਤ ਸਾਰੇ ਸਿਖ ਦਰਸ਼ਨ ਕਰਨ ਆਏ ਤੇ ਕਈ ਆਪ ਦੇ ਨਾਲ ਜਹਿ ਪਏ।

## ਮੁਕਤਸਰ ਦਾ ਜੰਗ

ਦੀਨੇ ਵਿਚ ਕੁਝ ਚਿਰ ਨਿਵਾਸ ਕਰਕੇ ਸਤਿਗੁਰੂ ਜੀ ਅਗੇ ਨੂੰ ਚਲ ਪਏ। ਵਜ਼ੀਰ ਖ਼ਾਂ ਸੂਬਾ ਸਰਹੰਦ ਨੂੰ ਜਦੋਂ ਪਤਾ ਲਗਾ ਕਿ ਗੁਰੂ ਜੀ ਮਾਲਵੇ ਵਿਚ ਫਿਰ ਕੇ ਪ੍ਰਚਾਰ ਕਰ ਰਹੇ ਹਨ ਤਾਂ ਉਸ ਨੇ ਫ਼ੌਜ ਲੈ ਕੇ ਗੁਰੂ ਜੀ ਦਾ ਪਿਛਾ ਕੀਤਾ। ਖਿਦਰਾਣੇ ਦੀ ਢਾਬ ਤੇ ਜਿਥੇ ਅਜ ਕੱਲ ਗੁਰਦਵਾਰਾ ਮੁਕਤਸਰ ਹੈ, ਸਿੱਖਾਂ ਦਾ ਤੇ ਮੁਗਲ ਫ਼ੌਜ ਦਾ ਟਾਕਰਾ ਹੋਇਆ, ਜਿਸ ਵਿਚ ਵਜ਼ੀਦ ਖ਼ਾਂ ਹਾਰ ਗਿਆ। ਗੁਰੂ ਜੀ ਦੇ ਬਹੁਤ ਸਾਰੇ ਸਿਖ ਸ਼ਹੀਦ ਹੋਏ, ਜਿਨ੍ਹਾਂ ਵਿਚ ਉਹ ਸਿੰਘ ਵੀ ਸ਼ਹੀਦ ਹੋਏ, ਜਿਹੜੇ ਅਨੰਦਪੁਰ ਵਿਚ ਬੇ-ਦਾਅਵਾ ਲਿਖ ਕੇ ਚਲੇ ਆਏ ਸਨ। ਸਤਿਗੁਰੂ ਜੀ ਨੇ ਸ਼ਹੀਦਾਂ ਦੀਆਂ ਲੋਥਾਂ ਨੂੰ ਪਿਆਰ ਨਾਲ ਗਲ ਲਾਇਆ ਤੇ ਮੇਰਾ 'ਪੰਜ ਹਜ਼ਾਰੀ' ਤੇ 'ਦਸ ਹਜ਼ਾਰੀ' ਆਦਿਕ ਕਹਿ ਕੇ ਵਡਿਆਇਆ। ਇਨ੍ਹਾਂ ਵਿਚੋਂ ਭਾਈ ਮਹਾਂ ਸਿੰਘ ਅਜੇ ਕੁਝ ਬੋਲਣ ਦੀ ਸੱਤਾ ਰਖਦਾ ਸੀ। ਆਪ ਉਸਦੇ ਕੋਲ ਪੁੱਜੇ, ਪ੍ਰਸੰਨ ਹੋ ਕੇ ਕਿਹਾ ਕੁਝ ਮੰਗ। ਭਾਈ ਮਹਾਂ ਸਿੰਘ ਨੇ ਸਾਰਿਆਂ ਵਲੋਂ ਮਾਫ਼ੀ ਮੰਗ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ ! ਤੁਠੇ ਹੋ ਤਾਂ ਬੇਦਾਵਾ ਪਾੜ ਦਿਓ।" ਗੁਰਦੇਵ ਨੇ ਬੇਦਾਵਾ ਪਾੜ ਦਿੱਤਾ ਤੇ 'ਟੁੱਟੀ ਗੰਢੀ' ਧੰਨ ਸ੍ਰੀ ਕਲਗੀਧਰ ਪਾਤਸ਼ਾਹ!

## ਦਮਦਮਾ ਸਾਹਿਬ

ਇਸ ਜੰਗ ਤੋਂ ਪਿੱਛੋਂ ਪ੍ਰਚਾਰ ਕਰਦੇ ਹੋਏ ਆਪ ਸਾਬੋਕੀ ਤਲਵੰਡੀ (ਦਮਦਮਾ ਸਾਹਿਬ) ਪੁੱਜੇ। ਭਾਈ ਡੱਲ੍ਹਾ ਪ੍ਰੇਮ ਨਾਲ ਸੇਵਾ ਕਰਦਾ ਰਿਹਾ। ਹਜ਼ੂਰ ਦੇ ਮਹਿਲ (ਮਾਤਾ) ਸੁੰਦਰੀ ਤੇ (ਮਾਤਾ) ਸਾਹਿਬ ਕੌਰ ਜੀ ਦਿੱਲੀ ਤੋਂ ਦਰਸ਼ਨ ਕਰਨ ਆਏ ਚਹੁੰਆਂ ਸਾਹਿਬਜ਼ਾਦਿਆਂ ਦਾ ਸ਼ਹੀਦ ਹੋਣਾ ਸੁਣ ਕੇ ਦੁਖਿਤ ਹੋਏ ਤਾਂ ਸਾਹਿਬਾਂ ਨੇ ਖ਼ਾਲਸੇ ਵੱਲ ਹੱਥ ਕਰਕੇ ਫੁਰਮਾਇਆ-

ਇਨ ਪੁਤ੍ਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ ॥
ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ ॥

ਇਥੇ ਹੀ ਆਪ ਨੇ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ, ਜਿਸ ਵਿਚ ਨਾਵੇਂ ਪਾਤਸ਼ਾਹ ਜੀ ਦੀ ਬਾਣੀ ਸ਼ਾਮਲ ਕੀਤੀ।

ਦੀਨੇ ਤੋਂ ਆਪ ਨੇ ਔਰੰਗਜ਼ੇਬ ਨੂੰ ਫ਼ਾਰਸੀ ਵਿਚ 'ਜ਼ਫ਼ਰਨਾਮਾ' (ਫ਼ਤਿਹ ਦਾ ਖ਼ਤ) ਲਿਖ ਕੇ ਭੇਜਿਆ ਸੀ, ਜਿਸ ਵਿਚ ਉਹਦੇ ਵਲੋਂ ਹੋਈਆਂ ਬੇਈਮਾਨੀਆਂ ਤੇ ਵਧੀਕੀਆਂ ਦਾ ਜ਼ਿਕਰ ਕਰਕੇ ਝਾੜ ਪਾਈ ਸੀ ਤੇ ਲਿਖਿਆ ਸੀ–

ਚਿ ਮਰਦੀ ਕਿ ਅਖਗਰ ਖ਼ਾਮੋਸ਼ਾਂ ਕੁਨੀ ।।
ਕਿ ਆਤਿਸ਼ ਦਮਾਂ ਰਾ ਫ਼ਰੋਜ਼ਾਂ ਕੁਨੀ ।।
ਚਿਹਾ ਸ਼ੁਦ ਕਿ ਚੂੰ ਬਚਗਾਂ ਕੁਸ਼ਤਹ ਚਾਰ ।।
ਕਿ ਬਾਕੀ ਬਿਮਾਂਦਹ ਅਸਤ ਪੇਚੀਦਹਮਾਰ ।। (ਜ਼ਫ਼ਰਨਾਮਾ)

ਕੀ ਹੋਇਆ ਜੇ ਤੂੰ ਸਾਡੇ ਚਾਰ ਪੁਤਰ ਮਾਰ ਦਿੱਤੇ ਹਨ ਜਦ ਕਿ ਕਰੂੰਡੀਆ ਸੱਪ ਅਜੇ ਜੀਊਂਦਾ ਹੈ ਭਾਵ ਜਦ ਕਿ ਮੈਂ ਅਜੇ ਤਕ ਫ਼ਤਿਹ ਨਹੀਂ ਹੋਇਆ। ਇਹ ਖ਼ਤ ਪੜ੍ਹ ਕੇ ਔਰੰਗਜ਼ੇਬ ਤੇ ਚੰਗਾ ਅਸਰ ਹੋਇਆ। ਉਸ ਨੇ ਇਕ ਹੁਕਮ ਜਾਰੀ ਕੀਤਾ ਜਿਸ ਵਿਚ ਲਿਖਿਆ ਕਿ 'ਗੁਰੂ ਜੀ ਨੂੰ ਕੁਝ ਨਾ ਕਿਹਾ ਜਾਵੇ' ਤੇ ਸਤਿਗੁਰੂ ਜੀ ਵੱਲ ਲਿਖਿਆ "ਇਕ ਵਾਰ ਮੈਨੂੰ ਆਪ ਆ ਕੇ ਮਿਲੋ।"

ਦਮਦਮਾ ਸਾਹਿਬ ਵਿਚ ਸਵਾ ਨੌ ਮਹੀਨੇ ਰਹਿ ਕੇ ਆਪ ਦੱਖਣ ਨੂੰ ਚੱਲ ਪਏ। ਬਘੋਰ ਵਿਚ ਪੁੱਜੇ ਤਾਂ ਆਪ ਨੂੰ ਖ਼ਬਰ ਮਿਲੀ ਕਿ ਔਰੰਗਜ਼ੇਬ ਅਹਿਮਦਾਬਾਦ (ਦੱਖਣ) ਵਿਚ ਮਰ ਗਿਆ ਹੈ।

ਔਰੰਗਜ਼ੇਬ ਦੇ ਮਰਨ ਤੇ ਇਸ ਦੇ ਵਿਚਕਾਰਲੇ ਪੁੱਤ੍ਰ ਆਜ਼ਮ ਨੇ ਤਾਜ ਪਹਿਨ ਲਿਆ ਤੇ ਆਪਣੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ। ਵੱਡਾ ਪੁੱਤ੍ਰ ਬਹਾਦਰ ਸ਼ਾਹ ਇਸ ਵੇਲੇ ਅਫ਼ਗਾਨਿਸਤਾਨ ਵਿਚ ਸੀ। ਜਦ ਉਸ ਨੇ ਸੁਣਿਆ ਤਾਂ ਉਹ ਫ਼ੌਜਾਂ ਲੈ ਕੇ ਦਿੱਲੀ ਵੱਲ ਟੁਰਿਆ। ਬਹਾਦਰ ਸ਼ਾਹ ਨੇ ਭਾਈ ਨੰਦ ਲਾਲ ਜੀ ਦੀ ਰਾਹੀਂ ਸਤਿਗੁਰੂ ਜੀ ਕੋਲੋਂ ਸਹਾਇਤਾ ਮੰਗੀ। ਸ੍ਰੀ ਦਸਮ ਪਾਤਸ਼ਾਹ ਜੀ ਨੇ ਇਸ ਦੀ ਬੇਨਤੀ ਮੰਨ ਕੇ ਭਾਈ ਧਰਮ ਸਿੰਘ ਜੀ ਦੀ ਕਮਾਨ ਹੇਠ ਸਿੰਘਾਂ ਦਾ ਇਕ ਜਥਾ ਭੇਜਿਆ। ੮ ਜੂਨ, ੧੭੦੭ ਈਸਵੀ ਨੂੰ ਆਜ਼ਮ ਤੇ ਬਹਾਦਰ ਸ਼ਾਹ ਦੀਆਂ ਫ਼ੌਜਾਂ ਦਾ ਆਗਰੇ ਦੇ ਕੋਲ ਜੈਜੋ ਦੇ ਮੁਕਾਮ ਤੇ ਜ਼ਬਰਦਸਤ ਟਾਕਰਾ ਹੋਇਆ, ਜਿਸ ਵਚ ਆਜ਼ਮ ਮਾਰਿਆ ਗਿਆ, ਬਹਾਦਰ ਸ਼ਾਹ ਦੀ ਫ਼ਤਿਹ ਹੋਈ ਤੇ ਉਸ ਨੇ ਦਿੱਲੀ ਦਾ ਤਖ਼ਤ ਸਾਂਭ ਲਿਆ।

ਇਸ ਜਿੱਤ ਤੋਂ ਪਿੱਛੋਂ ਬਹਾਦਰ ਸ਼ਾਹ ਨੇ ਆਗਰੇ ਵਿਚ ਸਤਿਗੁਰੂ ਜੀ ਨਾਲ ਮੁਲਾਕਾਤ ਕੀਤੀ ਤੇ ਕਈ ਤੁਹਫ਼ੇ ਭੇਟਾ ਕੀਤੇ। ਬਹਾਦਰ ਸ਼ਾਹ ਦੱਖਣ ਵਲ ਜਾ ਰਿਹਾ ਸੀ। ਉਸ ਨੇ ਸਤਿਗੁਰੂ ਜੀ ਨੂੰ ਭੀ ਨਾਲ ਚਲਣ ਲਈ ਬੇਨਤੀ ਕੀਤੀ। ਹਜ਼ੂਰ ਇਸ ਦੀ ਬੇਨਤੀ ਮੰਨ ਕੇ ਦੱਖਣ ਨੂੰ ਚੱਲ ਪਏ। ਰਸਤੇ ਵਿਚ ਗੁਰਮਤ ਦਾ ਪ੍ਰਚਾਰ ਕਰਦੇ

ਹੋਏ ਆਪ ਨਾਂਦੇੜ ਪੁੱਜੇ। ਜਿਥੇ ਆਪ ਨੂੰ ਬੈਰਾਗੀ ਮਾਧੋ ਦਾਸ ਮਿਲਿਆ, ਜਿਹੜਾ ਦਰਸ਼ਨ ਕਰਕੇ ਆਪ ਦਾ ਬੰਦਾ (ਸੇਵਕ) ਬਣ ਗਿਆ। ਆਪ ਨੇ ਇਸ ਨੂੰ ਅੰਮ੍ਰਿਤ ਛਕਾਇਆ ਤੇ ਗੁਰਬਖ਼ਸ਼ ਸਿੰਘ ਨਾਮ ਰਖਿਆ। ਪੰਜ ਤੀਰ ਤੇ ਕੁਝ ਸਿੰਘ ਨਾਲ ਦੇ ਕੇ ਸੂਬਾ ਸਰਹੰਦ ਤੇ ਹੋਰ ਗੁਰਦੋਖੀਆਂ ਦੀ ਸੁਧਾਈ ਲਈ ਪੰਜਾਬ ਵੱਲ ਤੋਰ ਦਿੱਤਾ। ਇਤਿਹਾਸ ਵਿਚ ਓਹ 'ਬੰਦਾ ਬਹਾਦਰ' ਕਰਕੇ ਪ੍ਰਸਿੱਧ ਹੈ।

## ਜੋਤੀ ਜੋਤ ਸਮਾਉਣਾ

ਨਾਂਦੇੜ ਵਿਚ ਆਪ ਇਕ ਦਿਨ ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਤੋਂ ਪਿੱਛੋਂ ਤੰਬੂ 'ਚ ਬਿਰਾਜੇ ਹੋਏ ਸਨ। ਸੂਬਾ ਸਰਹੰਦ* ਦਾ ਭੇਜਿਆ ਹੋਇਆ ਇਕ ਪਠਾਣ ਉਸ ਵੇਲੇ ਤੰਬੂ ਦੇ ਅੰਦਰ ਦਾਖ਼ਲ ਹੋਇਆ ਤੇ ਉਸ ਨੇ ਸਤਿਗੁਰੂ ਜੀ ਪੁਰ ਕਟਾਰ ਨਾਲ ਵਾਰ ਕੀਤਾ। ਓਹ ਅਜੇ ਦੂਜਾ ਵਾਰ ਕਰਨਾ ਹੀ ਚਾਹੁੰਦਾ ਸੀ ਕਿ ਸਤਿਗੁਰੂ ਜੀ ਨੇ ਉਸਨੂੰ ਆਪਣੀ ਸ੍ਰੀ ਸਾਹਿਬ ਨਾਲ ਪਾਰ ਬੁਲਾਇਆ ਤੇ ਸਿੰਘਾਂ ਨੂੰ ਆਵਾਜ਼ ਦਿੱਤੀ। ਇਹ ਵੇਖ ਕੇ ਉਸ ਪਠਾਣ ਦਾ ਦੂਜਾ ਸਾਥੀ, ਜੋ ਤੰਬੂ ਦੇ ਬਾਹਰ ਖਲੋਤਾ ਸੀ, ਭੱਜ ਉਠਿਆ, ਪਰ ਸਿੰਘਾਂ ਨੇ ਉਸਨੂੰ ਫੜ ਲਿਆ ਤੇ ਤਲਵਾਰ ਨਾਲ ਝਟਕਾ ਦਿੱਤਾ।

ਸਤਿਗੁਰੂ ਜੀ ਦੇ ਜ਼ਖ਼ਮ ਨੂੰ ਉਸੇ ਵੇਲੇ ਹੀ ਸੀਊਂ ਕੇ ਮਰ੍ਹਮ ਪੱਟੀ ਕੀਤੀ ਗਈ ਤੇ ਜ਼ਖ਼ਮ ਕੁਝ ਦਿਨਾਂ ਵਿਚ ਭਰ ਆਇਆ।

ਇਕ ਦਿਨ ਆਪ ਇਕ ਵੱਡੀ ਸਾਰੀ ਕਮਾਨ ਦਾ ਚਿੱਲਾ ਚੜ੍ਹਾਣ ਲਗੇ ਤਾਂ ਜ਼ਖ਼ਮ ਦੇ ਤੋਪੇ ਟੁੱਟ ਗਏ ਤੇ ਖ਼ੂਨ ਵਹਿ ਤੁਰਿਆ। ਜਰਾਹ ਫੇਰ ਜ਼ਖ਼ਮ ਸੀਉਣ ਲਈ ਹਾਜ਼ਰ ਹੋਏ, ਪਰ ਆਪ ਨੇ ਇਨਕਾਰ ਕਰ ਦਿੱਤਾ। ਕਤਕ ਸੁਦੀ ਦੂਜ ਸੰਮਤ ੧੭੬੫ ਨੂੰ ਬੜਾ ਭਾਰੀ ਦੀਵਾਨ ਸਜਾਇਆ ਗਿਆ। ਆਪ ਜੀ ਨੇ ਖ਼ਾਲਸਾ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਚੱਲਣ ਦਾ ਹੁਕਮ ਕੀਤਾ। ਕਤਕ ਸੁਦੀ ੫ ਸੰਮਤ ੧੭੬੫ ਬਿਕ੍ਰਮੀ ਨੂੰ ਅਧੀ ਰਾਤ ਤੋਂ ਪਿੱਛੋਂ ਆਪ ਨੇ ਖ਼ਾਲਸੇ ਨੂੰ 'ਅੰਤਮ ਫ਼ਤਿਹ' ਬੁਲਾਈ ਤੇ ਨਾਂਦੇੜ ਵਿਚ ਹੀ ਜੋਤੀ ਜੋਤ ਸਮਾ ਗਏ।

ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥

(ਗਉੜੀ ਸੁਖਮਨੀ ਮ: ੫)

---

*ਗੁਰੂ ਗੋਬਿੰਦ ਸਿੰਘ ਜੀ ਤੇ ਬਹਾਦਰ ਸ਼ਾਹ ਦੇ ਬਹੁਤ ਨੇੜੇ ਨੇੜੇ ਹੋ ਜਾਣ ਨੂੰ ਵਜ਼ੀਰ ਖ਼ਾਂ (ਸੂਬਾ ਸਰਹੰਦ) ਬਹੁਤ ਖ਼ਤਰਨਾਕ ਸਮਝਦਾ ਸੀ। ਉਹਨੂੰ ਪਤਾ ਸੀ ਕਿ ਜੇ ਮੁਗਲਾਂ ਤੇ ਸਿਖਾਂ ਦੇ ਦਰਮਿਆਨ ਸੁਲ੍ਹਾ ਸਫਾਈ ਹੋ ਗਈ ਤਾਂ ਉਸ ਦਾ ਕੀ ਹਾਲ ਹੋਵੇਗਾ। ਬਾਦਸ਼ਾਹ ਨੇ ਅਗੇ ਹੀ ਗੁਰੂ ਜੀ ਨਾਲ ਕਈ ਰਿਆਇਤਾਂ ਕੀਤੀਆਂ ਹੋਈਆਂ ਸਨ। ਉਸ ਨੇ ਗੁਰੂ ਜੀ ਦੇ ਹੱਕ ਵਿਚ ਇਕ ਫ਼ੁਰਮਾਨ ਜਾਰੀ ਕੀਤਾ ਸੀ ਕਿ ਵਜ਼ੀਰ ਖ਼ਾਂ ਗੁਰੂ ਜੀ ਨੂੰ ੩੦੦/– ਰੋਜ਼ ਦੇਵੇ। ਵਜ਼ੀਰ ਖ਼ਾਂ ਨੂੰ ਹੁਣ ਆਪਣੀ ਜਾਨ ਦਾ ਪਾਲਾ ਪਿਆ ਹੋਇਆ ਸੀ ਤੇ ਉਸ ਦਾ ਖ਼ਿਆਲ ਸੀ ਕਿ ਜਦ ਤਕ ਗੁਰੂ ਗੋਬਿੰਦ ਸਿੰਘ ਦੀ ਜਾਨ ਨਹੀਂ ਲਈ ਜਾਂਦੀ, ਤਦ ਤਕ ਉਸ ਲਈ ਆਰਾਮ ਦੇ ਦਿਨ ਕੱਟਣੇ ਮੁਸ਼ਕਲ ਹਨ।

(ਸੰਖੇਪ ਜੀਵਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪ੍ਰੋਫ਼ੈਸਰ ਤੇਜਾ ਸਿੰਘ ਜੀ ਲਿਖਤ)

# ਖੰਡ ਦੂਜਾ

## ਗੁਰਪੁਰਬਾਂ ਤੇ ਪੜ੍ਹੇ ਜਾਣ ਵਾਲੇ ਸ਼ਬਦ ਅਤੇ ਪ੍ਰਮਾਣ

SIKHBOOKCLUB.COM

ੴ ਸਤਿਗੁਰ ਪ੍ਰਸਾਦਿ ॥

# ੧. ਸ੍ਰੀ ਗੁਰੂ ਨਾਨਕ ਦੇਵ ਜੀ

## ਦੇ

## ਅਵਤਾਰ ਗੁਰਪੁਰਬ ਤੇ ਪੜ੍ਹਨ ਵਾਲੇ ਸ਼ਬਦ

੧. ਭੂਲੇ ਮਾਰਗ ਜਿਨਹਿ ਬਤਾਇਆ॥ ਐਸਾ ਗੁਰੁ ਵਡਭਾਗੀ ਪਾਇਆ॥ ੧॥ ਸਿਮਰਿ ਮਨਾ ਰਾਮ ਨਾਮੁ ਚਿਤਾਰੇ॥ ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ॥ ੧॥ ਰਹਾਉ॥ ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ॥ ਬੰਧਨ ਕਾਟਿ ਮੁਕਤਿ ਗੁਰਿ ਕੀਨਾ॥ ੨॥ ਦੁਖ ਸੁਖ ਕਰਤ ਜਨਮਿ ਫੁਨਿ ਮੂਆ॥ ਚਰਨ ਕਮਲ ਗੁਰਿ ਆਸ੍ਰਮੁ ਦੀਆ॥ ੩॥ ਅਗਨਿ ਸਾਗਰ ਬੂਡਤ ਸੰਸਾਰਾ॥ ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ॥ ੪॥ ੩॥ ੮॥

(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੦੩)

SIKHBOOKCLUB.COM

੨. ਸਗਲ ਇਛ ਮੇਰੀ ਪੁੰਨੀਆ ਮਿਲਿਆ ਨਿਰੰਜਨ ਰਾਇ ਜੀਉ ॥ ਅਨਦੁ ਭਇਆ ਵਡਭਾਗੀਹੋ ਗ੍ਰਿਹਿ ਪ੍ਰਗਟੇ ਪ੍ਰਭ ਆਇ ਜੀਉ ॥ ਗ੍ਰਿਹਿ ਲਾਲ ਆਏ ਪੁਰਬਿ ਕਮਾਏ ਤਾ ਕੀ ਉਪਮਾ ਕਿਆ ਗਣਾ ॥ ਬੇਅੰਤ ਪੂਰਨ ਸੁਖ ਸਹਜ ਦਾਤਾ ਕਵਨ ਰਸਨਾ ਗੁਣ ਭਣਾ ॥ ਆਪੇ ਮਿਲਾਏ ਗਹਿ ਕੰਠਿ ਲਾਏ ਤਿਸੁ ਬਿਨਾ ਨਹੀ ਜਾਇ ਜੀਉ ॥ ਬਲਿ ਜਾਇ ਨਾਨਕੁ ਸਦਾ ਕਰਤੇ ਸਭ ਮਹਿ ਰਹਿਆ ਸਮਾਇ ਜੀਉ॥ ੪॥ ੪॥

(ਰਾਮਕਲੀ ਮ: ੫, ਆ. ਗ੍ਰੰ. ਪੰਨਾ ੯੨੭)

੩. ਪ੍ਰਥਮੇ ਮਿਟਿਆ ਤਨ ਕਾ ਦੂਖ॥ ਮਨ ਸਗਲ ਕਉ ਹੋਆ ਸੂਖੁ ॥ ਕਰਿ ਕਿਰਪਾ ਗੁਰ ਦੀਨੋ ਨਾਉ॥ ਬਲਿ ਬਲਿ ਤਿਸੁ ਸਤਿਗੁਰ ਕਉ ਜਾਉ ॥ ੧॥ ਗੁਰੁ ਪੂਰਾ ਪਾਇਓ ਮੇਰੇ ਭਾਈ॥ ਰੋਗ ਸੋਗ ਸਭ ਦੂਖ ਬਿਨਾਸੇ ਸਤਿਗੁਰ ਕੀ ਸਰਣਾਈ॥ ਰਹਾਉ ॥ ਗੁਰ ਕੇ ਚਰਨ ਹਿਰਦੈ ਵਸਾਏ॥ ਮਨ ਚਿੰਤਤ ਸਗਲੇ ਫਲ ਪਾਏ ॥ ਅਗਨਿ ਬੁਝੀ ਸਭ ਹੋਈ ਸਾਂਤਿ॥ ਕਰਿ ਕਿਰਪਾ ਗੁਰਿ ਕੀਨੀ ਦਾਤਿ ॥ ੨॥ ਨਿਥਾਵੇ ਕਉ

 www.sikhbookclub.com

ਗੁਰਿ ਦੀਨੋ ਥਾਨੁ।। ਨਿਮਾਨੇ ਕਉ ਗੁਰਿ ਕੀਨੋ ਮਾਨੁ।। ਬੰਧਨ ਕਾਟਿ ਸੇਵਕ ਕਰਿ ਰਾਖੇ।। ਅੰਮ੍ਰਿਤ ਬਾਨੀ ਰਸਨਾ ਚਾਖੇ।। ੩।। ਵਡੈ ਭਾਗਿ ਪੂਜ ਗੁਰ ਚਰਨਾ ।। ਸਗਲ ਤਿਆਗਿ ਪਾਈ ਪ੍ਰਭ ਸਰਨਾ।। ਗੁਰ ਨਾਨਕ ਜਾ ਕਉ ਭਇਆ ਦਇਆਲਾ।। ਸੋ ਜਨੁ ਹੋਆ ਸਦਾ ਨਿਹਾਲਾ।। ੪।। ੬।। ੧੦੦।।

(ਆਸਾ ਮ: ੫, ਆ. ਗ੍ਰੰ. ਪੰਨਾ ੩੯੦)

੪. ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ।।
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ ।।
ਸਿੰਘ ਬੁਕੇ ਮ੍ਰਿਗਾਵਲੀ ਭੰਨੀ ਜਾਇ ਨ ਧੀਰ ਧਰੋਆ ।।
ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ ।।
ਸਿੱਧ ਆਸਣ ਸਭ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ ।।
ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ ।।
ਬਾਬੇ ਤਾਰੇ ਚਾਰ ਚੱਕ ਨੌ ਖੰਡ ਪ੍ਰਿਥਮੀ ਸਚਾ ਢੋਆ ।। ਗੁਰਮੁਖ ਕਲਿ ਵਿਚ ਪਰਗਟ ਹੋਆ ।।

(ਵਾਰਾਂ ਭਾਈ ਗੁਰਦਾਸ ਜੀ)

੫. ਰੰਗ ਬਨਾਰਸ ਹਿੰਦੂਆਂ ਮੁਸਲਮਾਣਾ ਮੱਕਾ ਕਾਬਾ ।।
ਘਰ ਘਰ ਬਾਬਾ ਗਾਵੀਐ ਵੱਜਣ ਤਾਲ ਮ੍ਰਿਦੰਗ ਰਬਾਬਾ ।।
ਭਗਤਵਛਲ ਹੋਇ ਆਇਆ ਪਤਿਤ ਉਧਾਰਣ ਅਜਬ ਅਜਾਬਾ ।।
ਚਾਰ ਵਰਨ ਇਕ ਵਰਨ ਹੋਇ ਸਾਧਸੰਗਤਿ ਮਿਲ ਹੋਏ ਤਰਾਬਾ ।।
ਚੰਦਨ ਵਾਸ ਵਨਾਸਪਤਿ ਅੱਵਲ ਦੋਮ ਨ ਸੋਮ ਖਰਾਬਾ ।।
ਹੁਕਮੈ ਅੰਦਰ ਸਭ ਕੋ ਕੁਦਰਤਿ ਕਿਸ ਦੀ ਕਰੈ ਜਵਾਬਾ ।।
ਜ਼ਾਹਰ ਪੀਰ ਜਗਤ ਗੁਰੁ ਬਾਬਾ ।।

(ਵਾਰਾਂ ਭਾਈ ਗੁਰਦਾਸ ਜੀ)

# ਪ੍ਰਮਾਣ

## ਸਤਿਗੁਰ ਨਾਨਕ ਪ੍ਰਗਟਿਆ
## ਮਿਟੀ ਧੁੰਧ ਜਗ ਚਾਨਣ ਹੋਆ ॥

੧. ਸਫਲਾ ਸੁ ਦਿਨਸ ਰੈਣੇ ਸੁਹਾਵੀ ਅਨਦ ਮੰਗਲ ਰਸੁ ਘਨਾ ॥
ਪ੍ਰਗਟੇ ਗੁਪਾਲ ਗੋਬਿੰਦ ਲਾਲਨ ਕਵਨ ਰਸਨਾ ਗੁਣ ਭਨਾ ॥
(ਬਿਹਾਗੜਾ ਮ: ੫ ਛੰਤ, ਆ. ਗ੍ਰੰ. ਪੰਨਾ ੫੪੩)

੨. ਸਰਬੇ ਸਮਾਣਾ ਆਪਿ ਸੁਆਮੀ ਗੁਰਮੁਖਿ ਪਰਗਟੁ ਹੋਇਆ ॥
ਮਿਟਿਆ ਅਧੇਰਾ ਦੂਖੁ ਨਾਠਾ ਅਮਿਉ ਹਰਿ ਰਸੁ ਚੋਇਆ ॥
(ਬਿਹਾਗੜਾ ਮ: ੫, ਛੰਤ, ਆ. ਗ੍ਰੰ. ਪੰਨਾ ੫੪੨)

੩. ਬਲਿਓ ਚਰਾਗੁ ਅੰਧ੍ਯ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮੁ ॥ ੯॥
(ਸਵੱਯੇ ਸ੍ਰੀ ਮੁਖਬਾਕ੍ਯ ਮ: ੫, ਆ. ਗ੍ਰੰ. ਪੰਨਾ ੧੩੮੭)

੪. ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ ॥
ਦੂਤਹ ਦਹਨੁ ਭਇਆ ਗੋਵਿੰਦੁ ਪ੍ਰਗਟਾਇਆ ॥
ਪ੍ਰਗਟੇ ਗੁਪਾਲ ਗੋਬਿੰਦ ਲਾਲਨ ਸਾਧਸੰਗਿ ਵਖਾਣਿਆ ॥
ਆਚਰਜੁ ਡੀਠਾ ਅਮਿਉ ਵੂਠਾ ਗੁਰ ਪ੍ਰਸਾਦੀ ਜਾਣਿਆ ॥
ਮਨਿ ਸਾਂਤਿ ਆਈ ਵਜੀ ਵਧਾਈ ਨਹ ਅੰਤੁ ਜਾਈ ਪਾਇਆ ॥
ਬਿਨਵੰਤਿ ਨਾਨਕ ਸੁਖ ਸਹਜਿ ਮੇਲਾ ਪ੍ਰਭੂ ਆਪਿ ਬਣਾਇਆ ॥੨॥
(ਆਸਾ ਮ: ੫, ਆ. ਗ੍ਰੰ. ਪੰਨਾ ੪੫੦)

੫. ਚਰਣ ਕਮਲ ਰਿਦ ਅੰਤਰਿ ਧਾਰੇ॥
ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ॥੨॥
ਪੰਚ ਸਖੀ ਮਿਲਿ ਮੰਗਲੁ ਗਾਇਆ॥
ਅਨਹਦ ਬਾਣੀ ਨਾਦੁ ਵਜਾਇਆ॥ ੩॥
ਗੁਰੁ ਨਾਨਕੁ ਤੁਠਾ ਮਿਲਿਆ ਹਰਿ ਰਾਇ॥
ਸੁਖਿ ਰੈਣਿ ਵਿਹਾਣੀ ਸਹਜਿ ਸੁਭਾਇ॥ ੪॥ ੧੭॥
(ਆਸਾ ਮ: ੫, ਆ. ਗ੍ਰੰ. ਪੰਨਾ ੩੭੫)

੬. ਜੈ ਜੈ ਸਬਦੁ ਅਨਾਹਦੁ ਵਾਜੈ ॥ ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ ॥
ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ ॥ ਨਾਨਕ ਉਧਰੇ ਤਿਨ ਕੈ ਸਾਥੇ ॥
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੯੫)

੭. ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥
ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥
(ਰਾਮਕਲੀ ਮ: ੩ ਅਨੰਦੁ, ਆ. ਗ੍ਰੰ. ਪੰਨਾ ੯੨੧)

੮. ਪ੍ਰਗਟਿਆ ਸੂਰੁ ਜੋਤਿ ਉਜੀਆਰਾ ॥ ਸੇਜ ਵਿਛਾਈ ਸਰਧ ਅਪਾਰਾ ॥
ਨਵ ਰੰਗ ਲਾਲੁ ਸੇਜ ਰਾਵਣ ਆਇਆ ॥
ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ ॥੪॥੪॥
(ਸੂਹੀ ਮ: ੫, ਆ. ਗ੍ਰੰ. ਪੰਨਾ ੭੩੭)

੯. ਮਿਟਾਨੇ ਸਭਿ ਕਲਿ ਕਲੇਸ ॥ ਜਿਸ ਤੇ ਉਪਜੇ ਤਿਸੁ ਮਹਿ ਪਰਵੇਸ ॥
ਪ੍ਰਗਟੇ ਅਨੂਪ ਗੋੁਵਿੰਦ॥ ਪ੍ਰਭ ਪੂਰੇ ਨਾਨਕ ਬਖਸਿੰਦ॥੪॥੩੮॥੪੯॥
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੯੮)

੧੦. ਕਰਨ ਕਰਾਵਨ ਸਰਨਿ ਪਰਿਆ ॥
ਗੁਰ ਪਰਸਾਦਿ ਸਹਜ ਘਰੁ ਪਾਇਆ
ਮਿਟਿਆ ਅੰਧੇਰਾ ਚੰਦੁ ਚੜਿਆ॥੧॥ ਰਹਾਉ॥
(ਆਸਾ ਮ: ੫, ਆ. ਗ੍ਰੰ. ਪੰਨਾ ੩੯੩)

੧੧. ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ
ਜਨਮ ਜਨਮ ਕੀ ਸੋਈ ਜਾਗੀ॥੨॥੨॥੧੧੯॥
(ਗਉੜੀ ਮ: ੫, ਆ. ਗ੍ਰੰ. ਪੰਨਾ ੨੦੪)

੧੨. ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥
ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ॥੧੦॥
(ਮਾਰੂ ਸੋਲਹੇ ਮ: ੪, ਆ. ਗ੍ਰੰ. ਪੰਨਾ ੧੦੬੯)

੧੩. ਧਨਿ ਧੰਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ ॥
ਸੋਹੇ ਬੰਕ ਦੁਆਰ ਸਗਲਾ ਬਨੁ ਹਰਾ ॥
ਹਰ ਹਰਾ ਸੁਆਮੀ ਸੁਖਹ ਗਾਮੀ ਅਨਦ ਮੰਗਲ ਰਸੁ ਘਣਾ ॥
ਨਵਲ ਨਵਤਨ ਨਾਹੁ ਬਾਲਾ ਕਵਨ ਰਸਨਾ ਗੁਨ ਭਣਾ ॥

ਮੇਰੀ ਸੇਜ ਸੋਹੀ ਦੇਖਿ ਮੋਹੀ ਸਗਲ ਸਹਸਾ ਦੁਖੁ ਹਰਾ ॥
ਨਾਨਕੁ ਪਇਅੰਪੈ ਮੇਰੀ ਆਸ
ਪੂਰੀ ਮਿਲੇ ਸੁਆਮੀ ਅਪਰੰਪਰਾ॥ ੫॥ ੧॥ ੩॥

(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੪੭)

੧੪. ਤਿਨ ਬੇਦੀਯਨ ਕੀ ਕੁਲ ਬਿਖੈ ਪ੍ਰਗਟੇ ਨਾਨਕ ਰਾਇ ॥
ਸਭ ਸਿੱਖਨ ਕੋ ਸੁਖ ਦਏ ਜਹ ਤਹ ਭਏ ਸਹਾਇ ॥ (ਬਚਿਤ੍ਰ ਨਾਟਕ)

੧੫. ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿੰ ਪਠਾਯਾ ॥
ਚਰਣ ਧੋਇ ਰਹਿਰਾਸਿ ਕਰ ਚਰਨਾਮ੍ਰਿਤ ਸਿੱਖਾਂ ਪੀਲਾਯਾ ॥
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਯਾ ॥
ਚਾਰੇ ਪੈਰ ਧਰੰਮ ਦੇ ਚਾਰ ਵਰਨ ਇਕ ਵਰਨ ਕਰਾਯਾ ॥
ਰਾਣਾ ਰੰਕ ਬਰਾਬਰੀ ਪੈਰੀਂ ਪਵਣਾ ਜਗ ਵਰਤਾਯਾ ॥
ਉਲਟਾ ਖੇਲ ਪਿਰੰਮ ਦਾ ਪੈਰਾਂ ਉੱਪਰ ਸੀਸ ਨਿਵਾਯਾ ॥
ਕਲਿਜੁਗ ਬਾਬੇ ਤਾਰਿਆ ਸੱਤਿਨਾਮ ਪੜ੍ਹ ਮੰਤ੍ਰ ਸੁਣਾਯਾ ॥
ਕਲਿ ਤਾਰਣ ਗੁਰ ਨਾਨਕ ਆਯਾ ॥ (ਵਾਰਾਂ ਭਾਈ ਗੁਰਦਾਸ ਜੀ)

੧੬. ਸਿੱਧ ਬੋਲਨ ਸ਼ੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ ॥
ਵੱਡਾ ਪੁਰਖ ਪ੍ਰਗੱਟਿਯਾ ਕਲਿਜੁਗ ਅੰਦਰ ਜੋਤਿ ਜਗਾਈ ॥

੧੭. ਸਤਿਗੁਰ ਨਾਨਕ ਦੇਉ ਗੁਰਾਂ ਗੁਰ ਹੋਇਆ ॥ (ਵਾਰਾਂ ਭਾਈ ਗੁਰਦਾਸ ਜੀ)

## ਬਾਬੇ ਤਾਰੇ ਚਾਰ ਚੱਕ
## ਨੌਂ ਖੰਡ ਪ੍ਰਿਥਮੀ ਸਚਾ ਢੋਆ

੧. ਅਗਮ ਅਗੋਚਰੁ ਦਰਸੁ ਤੇਰਾ ਸੋ ਪਾਏ ਜਿਸੁ ਮਸਤਕਿ ਭਾਗੁ ॥
ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਸਤਿਗੁਰਿ ਬਖਸਿਆ ਹਰਿ ਨਾਮੁ॥ ੧॥
ਕਲਿਜੁਗੁ ਉਧਾਰਿਆ ਗੁਰਦੇਵ॥
ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ॥ ੧॥ ਰਹਾਉ ॥

(ਆਸਾ ਮ: ੫, ਆ. ਗ੍ਰੰ. ਪੰਨਾ ੪੦੬)

੨. ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ
ਸੇ ਫਿਰਿ ਗਰਭਾਸਿ ਨ ਪਰਿਆ ਰੇ॥ ੪॥ ੨॥ ੧੩॥

(ਸੋਰਠਿ ਮ: ੫, ਆ. ਗ੍ਰੰ. ਪੰਨਾ ੬੧੨)

੩. ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥
ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥
ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ
ਜਿਨਿ ਗੁਰੂ ਜਣਿਆ ਮਾਇ॥
ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ
ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ ॥
(ਗਉੜੀ ਕੀ ਵਾਰ ਮ: ੪, ਆ. ਗ੍ਰੰ. ਪੰਨਾ ੩੧੦)

੪. ਧੰਨੁ ਧੰਨੁ ਧੰਨੁ ਜਨੁ ਆਇਆ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥
ਜਨ ਆਵਨ ਕਾ ਇਹੈ ਸੁਆਉ॥ ਜਨ ਕੈ ਸੰਗਿ ਚਿਤਿ ਆਵੈ ਨਾਉ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥ ੮॥ ੨੩॥
(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੯੪)

੫. ਪਰੇਤਹੁ ਕੀਤੋਨੁ ਦੇਵਤਾ ਤਿਨਿ ਕਰਣੈਹਾਰੇ ॥
ਸਭੇ ਸਿਖ ਉਬਾਰਿਅਨੁ ਪ੍ਰਭਿ ਕਾਜ ਸਵਾਰੇ ॥
(ਗਉੜੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੩੨੩)

੬. ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਇ ਜਨ ਲਗੇ ਭਗਤੇ ॥
ਹਰਿ ਗੁਰੁ ਨਾਨਕੁ ਜਿਨ੍ਹ ਪਰਸਿਓ ਤੇ ਇਤ ਉਤ ਸਦਾ ਮੁਕਤੇ ॥੮॥
(ਸਵਯੇ ਸ੍ਰੀ ਮੁਖਬਾਕ੍ਹ ਮ: ੫, ਆ. ਗ੍ਰੰ. ਪੰਨਾ ੧੩੮੬)

੭. ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਤਾ ਅਟਲੁ ਅਮਰੁ ਨ ਮੁਆ ॥
ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ
ਫਿਰਿ ਲੇਖਾ ਮੂਲਿ ਨ ਲਇਆ॥ ੪॥ ੩॥ ੧੪॥
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੧੨)

੮. ਧੰਨਿ ਧੰਨਿ ਤੇ ਧੰਨਿ ਜਨ ਜਿਹ ਕ੍ਰਿਪਾਲ ਹਰਿ ਹਰਿ ਭਯਉ ॥
ਹਰਿ ਗੁਰੁ ਨਾਨਕੁ ਜਿਨ ਪਰਸਿਅਉ
ਸਿ ਜਨਮ ਮਰਣ ਦੁਹ ਥੇ ਰਹਿਓ॥ ੫॥
(ਸਵਯੇ ਸ੍ਰੀ ਮੁਖਬਾਕ੍ਹ ਮ: ੫, ਆ. ਗ੍ਰੰ. ਪੰਨਾ ੧੩੮੬)

੯. ਅਗਨਿ ਸਾਗਰ ਬੂਡਤ ਸੰਸਾਰਾ ॥
ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥੪॥ ੩॥ ੮॥
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੦੪)

੧੦. ਕਲਿਜੁਗਿ ਬਾਬੇ ਤਾਰਿਆ ਸਤਿਨਾਮ ਪੜ੍ਹ ਮੰਤ੍ਰ ਸੁਣਾਯਾ ॥
ਕਲਿ ਤਾਰਣ ਗੁਰੁ ਨਾਨਕੁ ਆਯਾ ॥
(ਵਾਰਾਂ ਭਾਈ ਗੁਰਦਾਸ ਜੀ)

੧੧. ਧਰੀ ਨਿਸ਼ਾਨੀ ਕੌਸ ਦੀ ਮੱਕੇ ਅੰਦਰ ਪੂਜ ਕਰਾਈ ॥
ਜਿੱਥੇ ਜਾਇ ਜਗੱਤ ਵਿਚ ਬਾਬੇ ਬਾਝ ਨ ਖਾਲੀ ਜਾਈ ॥
ਘਰ ਘਰ ਬਾਬਾ ਪੂਜੀਏ ਹਿੰਦੂ ਮੁਸਲਮਾਨ ਜੁ ਆਈ ॥
ਛਪੇ ਨਾਹਿ ਛੁਪਾਇਆ ਚੜ੍ਹਿਆ ਸੂਰਜ ਜਗ ਰੁਸ਼ਨਾਈ ॥
ਬੁੱਕਿਆ ਸਿੰਘ ਉਜਾੜ ਵਿਚ ਸਭ ਮ੍ਰਿਗਾਵਲਿ ਭੰਨੀ ਜਾਈ॥
ਚੜ੍ਹਿਆ ਚੰਦ ਨ ਲੁਕਈ ਕੱਢ ਕੁਨਾਲੀ ਜੋਤਿ ਛਪਾਈ ॥
ਉਗਵਣਹੁ ਤੇ ਆਥਵਣਹੁ ਨਉਖੰਡ ਪ੍ਰਿਥਵੀ ਸਭ ਝੁਕਾਈ॥
ਜਗ ਅੰਦਰਿ ਕੁਦਰਤਿ ਵਰਤਾਈ ॥ (ਵਾਰਾਂ ਭਾਈ ਗੁਰਦਾਸ ਜੀ)

੧੨. ਗੜ੍ਹ ਬਗਦਾਦ ਨਿਵਾਇਕੈ ਮੱਕਾ ਮਦੀਨਾ ਸਭ ਨਿਵਾਯਾ ॥
ਸਿੱਧ ਚੌਰਾਸੀਹ ਮੰਡਲੀ ਖਟ ਦਰਸ਼ਨ ਪਾਖੰਡ ਜਣਾਯਾ ॥
ਪਾਤਾਲਾਂ ਆਕਾਸ਼ ਲੱਖ ਜਿੱਤੀ ਧਰਤੀ ਜਗਤ ਸਬਾਯਾ ॥
ਜਿੱਤੀ ਨਵਖੰਡ ਮੇਦਨੀ ਸੱਤਿਨਾਮ ਦਾ ਚੱਕ੍ਰ ਫਿਰਾਯਾ ॥
ਦੇਵ ਦਾਨੋ ਰਾਕਸ਼ ਦੈਤ ਸਭ ਚਿੱਤ ਗੁਪਤ ਸਭ ਚਰਨੀ ਪਾਯਾ ॥
ਇੰਦ੍ਰਾਸਨ ਅਪੱਛਰਾਂ ਰਾਗ ਰਾਗਨੀ ਮੰਗਲ ਗਾਯਾ ॥
ਭਯਾ ਅਨੰਦ ਜਗੱਤ ਵਿਚ ਕਲਿ ਤਾਰਨ ਗੁਰ ਨਾਨਕ ਆਯਾ ॥
ਹਿੰਦੂ ਮੁਸਲਮਾਨ ਨਿਵਾਯਾ ॥

੧੩. ਸਿੱਧ ਨਾਥ ਅਵਤਾਰ ਸਭ ਗੋਸ਼ਟਿ ਕਰ ਕਰ ਕੰਨ ਫੜਾਯਾ ॥
ਬਾਬਰ ਕੇ ਬਾਬੇ ਮਿਲੇ ਨਿਵ ਨਿਵ ਸਭਨਾ ਬਾਬੇ ਨਿਵਾਯਾ ॥
ਪਾਤਿਸ਼ਾਹਾਂ ਮਿਲ ਵਿਛੁੜੇ ਜੋਗਭੋਗ ਛਡ ਚਲਤਿ ਰਚਾਯਾ ॥
ਦੀਨ ਦੁਨੀ ਦਾ ਪਾਤਸ਼ਾਹ ਬੇਮੁਹਤਾਜ ਰਾਜ ਘਰ ਆਯਾ ॥
ਕਾਦਰ ਹੁਇ ਕੁਦਰਤਿ ਕਰੇ ਏਹਿ ਭਿ ਕੁਦਰਤ ਸਾਂਗ ਬਣਾਯਾ ॥
ਇਕਨਾ ਜੋੜ ਵਿਛੋੜਦਾ ਚਿਰੀ ਵਿਛੁੰਨੇ ਆਣ ਮਿਲਾਯਾ ॥
ਸਾਧ ਸੰਗਤ ਵਿਚ ਅਲਖ ਲਖਾਯਾ ॥ (ਵਾਰਾਂ ਭਾਈ ਗੁਰਦਾਸ ਜੀ)

੧੪. ਤਿਨ ਇਹ ਕਲ ਮੋ ਧਰਮੁ ਚਲਾਯੋ ।। ਸਭ ਸਾਧਨ ਕੋ ਰਾਹੁ ਬਤਾਯੋ ।।
ਜੋ ਤਾ ਕੇ ਮਾਰਗ ਮਹਿ ਆਇ ।। ਤੇ ਕਬਹੂੰ ਨਹਿ ਪਾਪ ਸੰਤਾਏ ।।
ਜੇ ਜੇ ਪੰਥ ਤਵਨ ਕੇ ਪਰੇ ।। ਪਾਪ ਤਾਪ ਤਿਨਕੋ ਪ੍ਰਭ ਹਰੇ ।।
ਦੂਖ ਭੂਖ ਕਬਹੂੰ ਨ ਸੰਤਾਏ ।। ਜਾਲ ਕਾਲ ਕੇ ਬੀਚ ਨ ਆਏ ।।
(ਬਚਿਤ੍ਰ ਨਾਟਕ ਪਾ: ੧੦)

੧੫. ਜ਼ਯਾਰਤ ਕਰ ਮੁਲਤਾਨ ਦੀ ਫਿਰ ਕਰਤਾਰ ਪੁਰੇ ਨੂੰ ਆਯਾ ।।
ਚੜ੍ਹੇ ਸਵਾਈ ਦਹਦਿਹੀ ਕਲਿਜੁਗ ਨਾਨਕ ਨਾਮ ਧਿਆਯਾ ।।
ਵਿਣ ਨਾਵੈ ਹੋਰ ਮੰਗਣਾ ਸਿਰ ਦੁੱਖਾਂ ਦੇ ਦੁਖ ਸਬਾਯਾ ।।
ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ।।
(ਵਾਰਾਂ ਭਾਈ ਗੁਰਦਾਸ ਜੀ)

## ਗੁਰ ਨਾਨਕ ਜਾ ਕਉ ਭਇਆ ਦਇਆਲਾ।।
## ਸੋ ਜਨ ਹੋਆ ਸਦਾ ਨਿਹਾਲਾ ।।

੧. ਅਬਿਚਲ ਨੀਵ ਧਰਾਈ ਸਤਿਗੁਰਿ ਕਬਹੂ ਡੋਲਤ ਨਾਹੀ ।।
ਗੁਰ ਨਾਨਕ ਜਬ ਭਏ ਦਇਆਰਾ
ਸਰਬ ਸੁਖਾ ਨਿਧਿ ਪਾਂਹੀ।। ੨।। ੯੨।। ੧੧੫।।
(ਸਾਰੰਗ ਮ: ੫, ਆ. ਗ੍ਰੰ. ਪੰਨਾ ੧੨੨੬)

੨. ਅਤੁਲੁ ਅਤੁਲੁ ਅਤੁਲੁ ਨਹ ਤੁਲੀਐ ਭਗਤਿ ਵਛਲੁ ਕਿਰਪਾਏ ।।
ਜੋ ਜੋ ਸਰਣਿ ਪਰਿਓ ਗੁਰ ਨਾਨਕ ਅਭੈ ਦਾਨੁ ਸੁਖ ਪਾਏ।। ੪।। ੧।। ੮੧।।
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੦)

੩. ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ ।।
ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ
ਤੇਰਿਆ ਚਰਣਾ ਕਉ ਬਲਿਹਾਰਾ।। ੪।। ੧।। ੪੭।।
(ਸੂਹੀ ਮ: ੫, ਆ. ਗ੍ਰੰ. ਪੰਨਾ ੭੪੭)

੪. ਜਿਹ ਠਾਕੁਰੁ ਸੁਪ੍ਰਸੰਨੁ ਭਯੋ ਸਤ ਸੰਗਤਿ ਤਿਹ ਪਿਆਰੁ ।।
ਹਰਿ ਗੁਰੁ ਨਾਨਕੁ ਜਿਨ੍ਹ ਪਰਸਿਓ ਤਿਨ੍ਹ ਸਭ ਕੁਲ ਕੀਓ ਉਧਾਰੁ।। ੬।।
(ਸਵੱਯੇ ਸ੍ਰੀ ਮੁਖਬਾਕ ਮ: ੫, ਆ. ਗ੍ਰੰ. ਪੰਨਾ ੧੩੮੬)

੫. ਜਿਹ ਕ੍ਰਿਪਾਲੁ ਹੋਯਉ ਗੋੁਬਿੰਦੁ ਸਰਬ ਸੁਖ ਤਿਨਹੂ ਪਾਏ ॥
ਹਰਿ ਗੁਰੁ ਨਾਨਕੁ ਜਿਨ੍ਹ ਪਰਸਿਓ ਤੇ ਬਹੁੜਿ ਫਿਰਿ ਜੋਨਿ ਨ ਆਏ॥੭॥
(ਸਵਯੇ ਸ੍ਰੀ ਮੁਖਬਾਕ੍ਯ ਮ: ੫, ਆ. ਗ੍ਰੰ. ਪੰਨਾ ੧੩੮੬)

੬. ਭਗਤ ਜਨਾ ਕਉ ਹਰਿ ਕ੍ਰਿਪਾ ਧਾਰੀ ॥
ਗੁਰੁ ਨਾਨਕੁ ਤੁਠਾ ਮਿਲਿਆ ਬਨਵਾਰੀ ॥੪॥੨॥
(ਬਸੰਤੁ ਮ: ੪, ਆ. ਗ੍ਰੰ. ਪੰਨਾ ੧੧੭੮)

੭. ਮਾਇਆ ਮੋਹਿ ਸਭੋ ਜਗੁ ਬਾਧਾ ॥ ਹਉਮੈ ਪਚੈ ਮਨਮੁਖ ਮੂਰਾਖਾ ॥
ਗੁਰ ਨਾਨਕ ਬਾਹ ਪਕਰਿ ਹਮ ਰਾਖਾ ॥੪॥੨॥੯੬॥
(ਆਸਾ ਮ: ੫, ਆ. ਗ੍ਰੰ. ਪੰਨਾ ੩੯੪)

੮. ਰੰਗਿ ਰਲੀਆ ਮਾਣਹੁ ਮੇਰੇ ਪਿਆਰੇ ਹਰਿ ਕਿਰਪਾ ਕਰੇ ॥
ਗੁਰੁ ਨਾਨਕੁ ਤੁਠਾ ਮੇਰੇ ਪਿਆਰੇ ਮੇਲੇ ਹਰੇ ॥੧॥
(ਆਸਾ ਮ: ੪ ਛੰਤ, ਆ. ਗ੍ਰੰ. ਪੰਨਾ ੪੫੧)

੯. ਧੁਰਿ ਮਸਤਕਿ ਲੇਖ ਲਿਖੇ ਹਰਿ ਪਾਈ ॥
ਗੁਰੁ ਨਾਨਕੁ ਤੁਠਾ ਮੇਲੈ ਹਰਿ ਭਾਈ ॥੪॥੧॥੫॥
(ਸੂਹੀ ਮ: ੪, ਆ. ਗ੍ਰੰ. ਪੰਨਾ ੭੩੨)

੧੦. ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ
ਜਿਨਿ ਕਲ ਰਾਖੀ ਮੇਰੀ॥੪॥੧੦॥੫੭॥
(ਸੂਹੀ ਮ: ੫, ਆ. ਗ੍ਰੰ. ਪੰਨਾ ੭੫੦)

੧੧. ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ॥
ਸੁਖ ਉਪਜੇ ਬਾਜੇ ਅਨਹਦ ਤੂਰੇ ॥੧॥ ਰਹਾਉ ॥
ਤਾਪ ਪਾਪ ਸੰਤਾਪ ਬਿਨਾਸੇ ॥
ਹਰਿ ਸਿਮਰਤ ਕਿਲਵਿਖ ਸਭਿ ਨਾਸੇ॥੧॥
ਅਨਦੁ ਕਰਹੁ ਮਿਲਿ ਸੁੰਦਰ ਨਾਰੀ ॥
ਗੁਰਿ ਨਾਨਕਿ ਮੇਰੀ ਪੈਜ ਸਵਾਰੀ ॥੨॥੩॥੨੧॥
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੦੬)

੧੨. ਧਰਣਿ ਸੁਵੰਨੀ ਖੜ ਰਤਨ ਜੜਾਵੀ ਹਰਿ ਪ੍ਰੇਮ ਪੁਰਖੁ ਮਨਿ ਵੁਠਾ ॥
ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰੁ ਤੁਠਾ ॥੧॥
(ਗਉੜੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੩੨੨)


www.sikhbookclub.com

੧੩. ਤਾਪਿ ਲਾਹਿਆ ਗੁਰ ਸਿਰਜਨਹਾਰਿ ।।
ਸਤਿਗੁਰ ਅਪਨੇ ਕਉ ਬਲਿ ਜਾਈ
ਜਿਨਿ ਪੈਜ ਰਖੀ ਸਾਰੈ ਸੰਸਾਰਿ।। ੧।। ਰਹਾਉ।।
ਕਰੁ ਮਸਤਕਿ ਧਾਰਿ ਬਾਲਿਕੁ ਰਖਿ ਲੀਨੋ ।।
ਪ੍ਰਭਿ ਅੰਮ੍ਰਿਤ ਨਾਮੁ ਮਹਾ ਰਸੁ ਦੀਨੋ ।।੧।।
ਦਾਸ ਕੀ ਲਾਜ ਰਖੈ ਮਿਹਰਵਾਨੁ।।
ਗੁਰੁ ਨਾਨਕੁ ਬੋਲੈ ਦਰਗਹ ਪਰਵਾਨੁ ।।੨।।੬।।੯੬।।
(ਬਿਲਾਵਲੁ ਮ: ੫, ਆ. ਗ੍ਰੰ. ਪੰਨਾ ੮੨੧)

੧੪. ਵਧੀ ਵੇਲਿ ਬਹੁ ਪੀੜੀ ਚਾਲੀ।। ਧਰਮ ਕਲਾ ਹਰਿ ਬੰਧਿ ਬਹਾਲੀ ।।
ਮਨ ਚਿੰਦਿਆ ਸਤਿਗੁਰੂ ਦਿਵਾਇਆ।।
ਭਏ ਅਚਿੰਤ ਏਕ ਲਿਵ ਲਾਇਆ।। ੩।।
ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ।।
ਬੁਲਾਇਆ ਬੋਲੈ ਗੁਰ ਕੈ ਭਾਣਿ।। ਗੁਝੀ ਛੰਨੀ ਨਾਹੀ ਬਾਤ।।
ਗੁਰੁ ਨਾਨਕੁ ਤੁਠਾ ਕੀਨੀ ਦਾਤਿ ।।੪।।੭।।੧੦੧।।
(ਆਸਾ ਮ: ੫, ਆ. ਗ੍ਰੰ. ਪੰਨਾ ੩੯੬)

੧੫. ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ।।
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ।।
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ
ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ।।੪।।੫।।੧੧।।੪੯।।
(ਗਉੜੀ ਬੈਰਾਗਣਿ ਮ: ੪, ਆ. ਗ੍ਰੰ. ਪੰਨਾ ੧੬੭)

੧੬. ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ।।
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ।।੪।।੧੧।।
(ਸੋਰਠਿ ਮ: ੫, ਆ. ਗ੍ਰੰ. ਪੰਨਾ ੬੧੧)

# ੨. ਸ੍ਰੀ ਗੁਰੂ ਅੰਗਦ ਦੇਵ ਜੀ

## ਦੇ

## ਅਵਤਾਰ ਗੁਰਪੁਰਬ ਤੇ ਪੜ੍ਹਨ ਵਾਲੇ ਸ਼ਬਦ

੧. ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ॥
ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ॥ ੧॥
ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ॥
ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ
ਲਾਈ॥ ੧॥ ਰਹਾਉ॥
ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ ੨॥
ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ॥
ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ॥ ੩॥
ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ॥
ਨਾਨਕ ਕੀ ਪ੍ਰਭ ਪਾਸਿ ਬੇਨੰਤੀ
ਤੇਰੇ ਜਨ ਦੇਖਣੁ ਪਾਵਾ॥ ੪॥ ੭॥ ੫੪॥

(ਸੂਹੀ ਮ: ੫, ਆ. ਗ੍ਰੰ. ਪੰਨਾ੭੪੯)

੨. ਜੰਮਣ ਮਰਣਹੁੰ ਬਾਹਰੇ ਪਰਉਪਕਾਰੀ ਜੱਗ ਵਿਚ ਆਏ॥
ਭਾਉ ਭਗਤਿ ਉਪਦੇਸ ਕਰ ਸਾਧ ਸੰਗਤਿ ਸਚਖੰਡ ਵਸਾਏ॥
ਮਾਨ ਸਰੋਵਰ ਪਰਮ ਹੰਸ ਗੁਰਮੁਖ ਸ਼ਬਦ ਸੁਰਤ ਲਿਵਲਾਏ॥
ਚੰਦਨ ਵਾਸ ਵਣਾਸਪਤਿ ਅਫਲ ਸਫਲ ਚੰਦਨ ਮਹਿਕਾਏ॥
ਭਵਜਲ ਅੰਦਰ ਬੋਹਿਥੈ ਹੋਇ ਪਰਵਾਰ ਸੁ ਪਾਰ ਲੰਘਾਏ॥
ਲਹਿਰ ਤਰੰਗ ਨ ਵਿਆਪਈ ਮਾਇਆ ਵਿੱਚ ਉਦਾਸ ਰਹਾਏ॥
ਗੁਰਮੁਖ ਸੁਖ ਫਲ ਸਹਿਜ ਸਮਾਏ॥

(ਵਾਰਾਂ ਭਾਈ ਗੁਰਦਾਸ ਜੀ)

# ਗੁਰ–ਗੱਦੀ

੧. ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋਖੀਵਦੈ॥
ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ॥
ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥
ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ ॥
ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅਦੈ॥
ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ ॥
ਸਹਿ ਟਿਕਾ ਦਿਤੋਸੁ ਜੀਵਦੈ ॥੧॥

੨. ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥
ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥
ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ॥
ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥
ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ॥
ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥
ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ॥
ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ॥
ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ॥
ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ॥
ਕਉਣੁ ਹਾਰੇ ਕਿਨਿ ਉਵਟੀਐ ॥੨॥

(ਰਾਮਕਲੀ ਕੀ ਵਾਰ ਸਤਾ ਬਲਵੰਡ , ਆ. ਗ੍ਰੰ. ਪੰਨਾ ੯੬੬)

੩. ਸ਼ਬਦੈ ਸ਼ਬਦ ਮਿਲਾਇਆ ਗੁਰਮੁਖ ਅਘੜ ਘੜਾਏ ਗਹਿਣਾ ॥
ਭਾਇ ਭਗਤਿ ਭੈ ਚੱਲਣਾ ਆਪ ਗਣਾਇ ਨ ਖਲਹਲ ਖਹਿਣਾ ॥
ਦੀਨ ਦੁਨੀ ਦੀ ਸਾਹਿਬੀ ਗੁਰਮੁਖ ਗੋਸ਼ ਨਸ਼ੀਨੀ ਬਹਿਣਾ ॥
ਕਾਰਣ ਕਰਣ ਸਮਰੱਥ ਹੈ ਹੋਇ ਅਛਲ ਛਲ ਅੰਦਰ ਛਹਿਣਾ ॥
ਸਤ ਸੰਤੋਖ ਦਯਾ ਧਰਮ ਅਰਥ ਵੀਚਾਰ ਸਹਿਜ ਘਰ ਘਹਿਣਾ ॥
ਕਾਮ ਕ੍ਰੋਧ ਵਿਰੋਧ ਛਡ ਲੋਭ ਮੋ ਹ ਅਹੰਕਾਰਹੁੰ ਤਹਿਣਾ ॥
ਪੁੱਤ ਸਪੁਤ ਬਬਾਣੇ ਲਹਿਣਾ ॥

(ਵਾਰਾਂ ਭਾਈ ਗੁਰਦਾਸ ਜੀ)

# ੩. ਸ੍ਰੀ ਗੁਰੂ ਅਮਰ ਦਾਸ ਸਾਹਿਬ ਜੀ

## ਦੇ

## ਅਵਤਾਰ ਗੁਰਪੁਰਬ ਤੇ ਪੜ੍ਹਨ ਵਾਲੇ ਸ਼ਬਦ

੧. ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ।। ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ।। ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ।। ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ।। ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਅੰਗਦ ਲਹਣੇ ਸੰਗਿ ਹੁਅ ।। ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ ।। ੨।। ੧੬।।

੨. ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ ।। ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ।। ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲਜ ਉਨਹ ਜੋ ਗਾਵੈ ।। ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ।। ੧।। ੨੨।।

(ਸਵੱਯੇ ਮਹਲੇ ੩ ਕੇ, ਆ. ਗ੍ਰੰ. ਪੰਨਾ ੧੩੯੫)

SIKHBOOKCLUB.COM

## ਗੁਰ-ਗੱਦੀ

੧. ਸੋ ਟਿਕਾ ਸੋ ਛਤ੍ਰ ਸਿਰ ਸੋਈ ਸਚਾ ਤਖਤੁ ਟਿਕਾਈ ।। ਗੁਰ ਨਾਨਕ ਹੰਦੀ ਮੋਹਰ ਹਥ ਗੁਰ ਅੰਗਦ ਦੀ ਦੋਹੀ ਫਿਰਾਹੀ ।। ਦਿੱਤਾ ਛੋੜ ਕਰਤਾਰਪੁਰ ਬੈਠ ਖਡੂਰੇ ਜੋਤਿ ਜਗਾਈ।। ਜੰਮੇ ਪੂਰਬ ਬੀਜਿਆ ਵਿਚ ਵਿਚ ਹੋਰ ਕੂੜੀ ਚਤੁਰਾਈ।। ਲਹਿਣੇ ਪਾਈ ਨਾਨਕੋਂ ਦੇਣੀ ਅਮਰਦਾਸ ਘਰ ਆਈ।। ਗੁਰ ਬੈਠਾ ਅਮਰ ਸਰੂਪ ਹੋ, ਗੁਰਮੁਖਿ ਪਾਈ ਦਾਤਿ ਇਲਾਹੀ।। ਫੇਰ ਵਸਾਯਾ ਗੋਂਦਵਾਲ ਅਚਰਜ ਖੇਲੁ ਨ ਲਖਿਆ ਜਾਈ।। ਦਾਤਿ ਜੋਤਿ ਖਸਮੈ ਵਡਿਆਈ ।।

(ਵਾਰਾਂ ਭਾਈ ਗੁਰਦਾਸ ਜੀ)

੨. ਸਤਿਗੁਰੁ ਹੋਆ ਸਤਿਗੁਰਹੁੰ ਅਚਰਜ ਅਮਰ ਅਮਰ ਵਰਤਾਇਆ।। ਸੋ ਟਿੱਕਾ ਸੋ ਬੈਹਣਾ ਸੋਈ ਸੱਚਾ ਹੁਕਮ ਚਲਾਇਆ।। ਖੋਲ੍ਹ ਖਜਾਨਾ ਸ਼ਬਦ ਦਾ ਸਾਧ ਸੰਗਤਿ ਸਚੁ ਮੇਲ ਮਿਲਾਇਆ।। ਗੁਰ ਚੇਲਾ ਪਰਵਾਣ ਕਰ ਚਾਰ ਵਰਣ ਲੈ ਪੈਰੀਂ ਪਾਇਆ।। ਗੁਰਮੁਖ ਇਕ ਧਿਆਈਐ ਦੁਰਮਤਿ ਦੂਜਾ ਭਾਉ ਮਿਟਾਇਆ।। ਕੁਲ ਧਰਮ ਗੁਰਸਿੱਖ ਸਭ ਮਾਇਆ ਵਿੱਚ ਉਦਾਸ ਰਹਾਇਆ।। ਪੂਰੇ ਪੂਰਾ ਥਾਟ ਬਣਾਇਆ।।

(ਵਾਰਾਂ ਭਾਈ ਗੁਰਦਾਸ ਜੀ)

# ੪. ਸ੍ਰੀ ਗੁਰੂ ਰਾਮਦਾਸ ਸਾਹਿਬ ਜੀ

## ਦੇ

## ਅਵਤਾਰ ਗੁਰਪੁਰਬ ਤੇ ਪੜ੍ਹਨ ਵਾਲੇ ਸ਼ਬਦ

੧. ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥ ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥ ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ॥ ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥ ਜਿਨ੍ਹੀ ਤੂ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥ ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ ॥ ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ ॥ ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ ॥ ਗੁਰੁ ਡਿਠਾ ਤਾਂ ਮਨੁ ਸਾਧਾਰਿਆ ॥੭॥

(ਰਾਮਕਲੀ ਦੀ ਵਾਰ ਸਤਾ ਬਲਵੰਡੇ, ਆ. ਗ੍ਰੰ. ਪੰਨਾ ੯੬੮)

੨. ਦਿਚੈ ਪੂਰਬ ਦੇਵਣਾ ਜਿਸਦੀ ਵਸਤੁ ਤਿਸੈ ਘਰੁ ਆਵੈ ॥ ਬੈਠਾ ਸੋਢੀ ਪਾਤਿਸ਼ਾਹ ਰਾਮਦਾਸ ਸਤਿਗੁਰੂ ਕਹਾਵੈ॥ ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤਿ ਜਗਾਵੈ॥ ਉਲਟਾ ਖੇਲ ਖਸੰਮ ਦਾ ਉਲਟੀ ਗੰਗ ਸਮੁੰਦ ਸਮਾਵੈ॥ ਦਿੱਤਾ ਲਈਏ ਆਪਣਾ ਅਣਦਿੱਤਾ ਕਿਛੁ ਹਥਿ ਨ ਆਵੈ॥ ਫਿਰ ਆਈ ਘਰ ਅਰਜਨੈ ਪੁਤ ਸੰਸਾਰੀ ਗੁਰੂ ਕਹਾਵੈ॥ ਜਾਣ ਨ ਦੇਸਾਂ ਸੋਢੀਉਂ ਹੋਰਸ ਅਜਰ ਨ ਜਰਿਆ ਜਾਵੈ॥ ਘਰ ਹੀ ਕੀ ਵੱਥ ਘਰੈ ਰਹਾਵੈ॥੧੪॥

(ਵਾਰਾਂ ਭਾਈ ਗੁਰਦਾਸ ਜੀ)

੩. ਪਿਉ ਦਾਦੇ ਜੇਵੇਹਿਆ ਪੜਦਾਦੇ ਪਰਵਾਣ ਪੜੋਤਾ॥ ਗੁਰਮਤਿ ਜਗਿ ਜਗਾਇੰਦਾ ਕਲਿਜੁਗ ਅੰਦਰ ਕੌੜਾ ਸੋਤਾ॥ ਦੀਨ ਦੁਨੀ ਦਾ ਥੰਮੁ ਹੋਇ ਭਾਰ ਅਥਰਬਣ ਥੰਮ੍ਹ ਖਲੋਤਾ॥ ਭਉਜਲ ਭਉ ਨ ਵਿਆਪਈ ਗੁਰਬੋਹਿਥ ਚੜ ਖਾਇ ਨ ਗੋਤਾ॥ ਅਵਗੁਣ ਲੈ ਗੁਣ ਵਿੱਕੜੇ ਗੁਰ ਹਟਨਾਲੈ ਵਣਜ ਸਓਤਾ॥ ਮਿਲਿਆ ਮੂਲ ਨ ਵਿੱਛੜੈ ਰਤਨ ਪਦਾਰਥ ਹਾਰ ਪਰੋਤਾ॥ ਮੈਲਾ ਕਦੇ ਨ ਹੋਵਈ ਗੁਰ ਸਰਵਰ ਨਿਰਮਲ ਜਲ ਧੋਤਾ॥ ਬਾਬਾਣੈ ਕੁਲ ਕਵਲ ਅਛੋਤਾ ॥੨॥

(ਵਾਰਾਂ ਭਾਈ ਗੁਰਦਾਸ ਜੀ)

# ਗੁਰ-ਗੱਦੀ

੧. ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ।। ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ ਤਾਰਨਿ ਮਨੁਖ੍ਯ ਜਨ ਕੀਅਉ ਪ੍ਰਗਾਸ।। ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ।। ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ ਅਘਨ ਦੇਖਤ ਗਤੁ ਚਰਨ ਕਵਲ ਜਾਸ।। ਸਭ ਬਿਧਿ ਮਾਨਿਉ ਮਨੁ ਤਬਹੀ ਭਯਉ ਪ੍ਰਸੰਨੁ ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ।। ੪।।

(ਸਵੱਯੇ ਮ: ੪ ਕੇ, ਆ. ਗ੍ਰੰ. ਪੰਨਾ ੧੩੯੯)

੨. ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ।। ਸੁਰਿਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ।। ਆਦਿ ਜੁਗਾਦਿ ਅਨਾਦਿ ਕਲਾ ਧਾਰੀ ਤ੍ਰਿਹੁ ਲੋਅਹ।। ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ।। ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ।। ਅਘ ਅੰਤਕ ਬਦੈ ਨ ਸਲ੍ਯ੍ਯ ਕਵਿ ਗੁਰ ਰਾਮਦਾਸ ਤੇਰੀ ਸਰਣ।। ੨।। ੬੦।।

(ਸਵੱਯੇ ਮ: ੪, ਆ. ਗ੍ਰੰ. ਪੰਨਾ ੧੪੦੬)

## ਪਰਮਾਣ

## ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ।।

੧. ਨਾਨਕਿ ਨਾਮੁ ਨਿਰੰਜਨ ਜਾਨ੍ਯ੍ਯਉ ਕੀਨੀ ਭਗਤਿ ਪ੍ਰੇਮ ਲਿਵ ਲਾਈ।। ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ।। ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹਿ ਨ ਜਾਈ।। ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰੂ ਰਾਮਦਾਸ ਕਉ ਮਿਲੀ ਬਡਾਈ।। ੩।। (ਆ. ਗ੍ਰੰ. ਪੰਨਾ ੧੪੦੬)

੨. ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗੁ ਸੰਜੁਤੁ ਬਲਿ।।
ਗੁਰ ਰਾਮਦਾਸ ਸਚੁ ਸਲ੍ਯ ਭਣਿ ਤੂ ਅਟਲੁ ਰਾਜਿ ਅਭਗੁ ਦਲਿ।। ੧।।

(ਸਵੱਯੇ ਮ: ੪)

੩. ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ।। ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ।। ਲਹਣੈ ਪੰਥੁ ਧਰਮ ਕਾ ਕੀਆ।। ਅਮਰਦਾਸ ਭਲੇ ਕਉ ਦੀਆ।। ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯ੍ਯਉ।। ਹਰਿ ਕਾ ਨਾਮੁ ਅਖੈ ਨਿਧਿ ਅਪ੍ਯ੍ਯਉ।। (ਸਵੱਯੇ ਮ: ੪ ਕੇ, ਆ. ਗ੍ਰੰ. ਪੰਨਾ ੧੪੦੧)

੪. ਸਤਿਗੁਰਿ ਖੇਮਾ ਤਾਣਿਆ ਜੁਗ ਜੂਥ ਸਮਾਣੇ ॥
ਅਨਭਉ ਨੇਜਾ ਨਾਮੁ ਟੇਕ ਜਿਤੁ ਭਗਤ ਅਘਾਣੇ ॥
ਗੁਰੁ ਨਾਨਕੁ ਅੰਗਦੁ ਅਮਰੁ ਭਗਤ ਹਰਿ ਸੰਗਿ ਸਮਾਣੇ॥
ਇਹੁ ਰਾਜ ਜੋਗ ਗੁਰ ਰਾਮਦਾਸ ਤੁਮ੍ਹ੍ਹੂ ਰਸੁ ਜਾਣੇ॥ ੧੨॥
(ਸਵੱਯੇ ਮ: ੪ ਕੇ, ਆ. ਗ੍ਰੰ. ਪੰਨਾ ੧੩੯੮)

੫. ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰ ਮਿਟਹਿ ਖਿਨੁ॥ ਜਿਹ ਸਤਿਗੁਰ ਸਿਮਰੰਥਿ ਰਿਦੈ ਹਰਿ ਨਾਮੁ ਦਿਨੋ ਦਿਨੁ॥ ਜਿਹ ਸਤਿਗੁਰ ਸਿਮਰੰਥਿ ਜੀਅ ਕੀ ਤਪਤਿ ਮਿਟਾਵੈ॥ ਜਿਹ ਸਤਿਗੁਰ ਸਿਮਰੰਥਿ ਰਿਧਿ ਸਿਧਿ ਨਵਨਿਧਿ ਪਾਵੈ॥ ਸੋਈ ਰਾਮਦਾਸੁ ਗੁਰੁ ਬਲ ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ॥ ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ ਸਿਮਰਹੁ ਨਰਹੁ॥ ੫॥ ੫੪॥ (ਸਵੱਯੇ ਮ: ੪ ਕੇ, ਆ. ਗ੍ਰੰ. ਪੰਨਾ ੧੪੦੫)

੬. ਨਾਨਕ ਆਦਿ ਅੰਗਦ ਅਮਰ ਸਤਿਗੁਰ ਸਬਦਿ ਸਮਾਇਅਉ ॥
ਧਨੁ ਧੰਨੁ ਗੁਰੂ ਰਾਮਦਾਸ ਗੁਰੁ ਜਿਨਿ ਪਾਰਸੁ ਪਰਸਿ ਮਿਲਾਇਅਉ॥ ੫॥
(ਸਵੱਯੇ ਮ: ੫ ਕੇ, ਆ. ਗ੍ਰੰ. ਪੰਨਾ ੧੪੦੭)

੭. ਹਰਿ ਭਾਇਆ ਸਤਿਗੁਰੁ ਬੋਲਿਆ ਹਰਿ ਮਿਲਿਆ ਪੁਰਖੁ ਸੁਜਾਣੁ ਜੀਉ ॥
ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ ॥ ੫॥
(ਰਾਮਕਲੀ ਸਦ, ਆ. ਗ੍ਰੰ. ਪੰਨਾ ੯੨੩)

੮. ਜਾ ਕਉ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ॥ ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ ਜੀਅ ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ॥ ੫॥
(ਸਵੱਯੇ ਮ: ੪ ਕੇ, ਆ. ਗ੍ਰੰ. ਪੰਨਾ ੧੪੦੪)

੯. ਕਰਣ ਕਾਰਣ ਸਮਰਥੁ ਸਦਾ ਸੋਈ ਸਰਬ ਜੀਅ ਮਨਿ ਧਾਇਯਉ॥ ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ॥ ੧॥
(ਸਵੱਯੇ ਮ: ੪ ਕੇ, ਆ. ਗ੍ਰੰ. ਪੰਨਾ ੧੪੦੫)

੧੦. ਸਤਿਗੁਰਿ ਨਾਨਕਿ ਭਗਤਿ ਕਰੀ ਇਕ ਮਨਿ ਤਨੁ ਮਨੁ ਧਨੁ ਗੋਬਿੰਦ ਦੀਅਉ॥ ਅੰਗਦਿ ਅਨੰਤ ਮੂਰਤਿ ਨਿਜ ਧਾਰੀ ਅਗਮ ਗ੍ਯ੍ਯਾਨਿ ਰਸਿ ਰਸ੍ਯ੍ਯਉ ਹੀਅਉ॥ ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ ਵਾਹੁ ਵਾਹੁ ਕਰਿ ਧਾਇਯਉ॥ ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ॥ ੨॥
(ਸਵੱਯੇ ਮਹਲੇ ੪ ਕੇ, ਆ. ਗ੍ਰੰ. ਪੰਨਾ ੧੪੦੫)

# ਪ. ਸ੍ਰੀ ਗੁਰੂ ਅਰਜਨ ਦੇਵ ਜੀ

## ਦੇ

## ਅਵਤਾਰ ਗੁਰਪੁਰਬ ਤੇ ਪੜ੍ਹਨ ਵਾਲੇ ਸ਼ਬਦ

ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ ॥ ਜਿਸੁ ਸਿਮਰਤ ਦੁਰਮਤਿ ਮਲੁ ਨਾਸੀ ॥ ਸਤਿਗੁਰ ਚਰਣ ਕਵਲ ਰਿਦਿ ਧਾਰੰ ॥ ਗੁਰ ਅਰਜੁਨ ਗੁਣ ਸਹਜਿ ਬਿਚਾਰੰ ॥ ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ ॥ ਸਗਲ ਮਨੋਰਥ ਪੂਰੀ ਆਸਾ ॥ ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥ ਕਲ ਜੋੜਿ ਕਰ ਸੁਜਸੁ ਵਖਾਣਿਓ ॥ ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ ॥ ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ ॥ ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ ॥ ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ॥ ੧ ॥

(ਸਵੱਯੇ ਮ: ਪੰਜਵੇ ਕੇ, ਆ. ਗ੍ਰੰ. ਪੰਨਾ ੧੪੦੬)

## ਗੁਰ-ਗੱਦੀ

SIKHBOOKCLUB.COM

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥ ਆਪੀਨੈ੍ ਆਪੁ ਸਾਜਿਓਨੁ ਆਪੇ ਹੀ ਥੰਮਿ੍ ਖਲੋਆ ॥ ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ ॥ ਸਭ ਉਮਤਿ ਆਵਣ ਜਾਵਣੀ ਆਪੇ ਹੀ ਨਵਾ ਨਿਰੋਆ ॥ ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ ॥ ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ ॥ ਜਿਨ੍ਹੀ ਗੁਰੂ ਨ ਸੇਵਿਓ ਮਨਮੁਖਾ ਪਇਆ ਮੋਆ ॥ ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ ॥ ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥ ੮ ॥ ੧ ॥

(ਰਾਮਕਲੀ ਕੀ ਵਾਰ ਸਤਾ ਬਲਵੰਡ, ਆ. ਗ੍ਰੰ. ਪੰਨਾ ੯੬੮)

# ਪ੍ਰਮਾਣ

## ਤਖਤਿ ਬੈਠਾ ਅਰਜਨ ਗੁਰੂ

੧. ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥

ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥
(ਸਵੱਯੇ ਮ: ਪੰਜਵੇ ਕੇ, ਆ. ਗ੍ਰੰ. ਪੰਨਾ ੧੪੦੮)

੨. ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ ॥
ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ ਹਰਿ ਜਾਪੁ ਨ ਛਾਡਉ ਏਕ ਘਰੀ ॥
ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ ॥
ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥੪॥
(ਸਵੱਯੇ ਮ: ਪੰਜਵੇ ਕੇ, ਆ. ਗ੍ਰੰ. ਪੰਨਾ ੧੪੦੯)

੩. ਜਗ ਅਉਰੁ ਨ ਯਾਹਿ ਮਹਾ ਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ ॥
ਤਿਨ ਕੇ ਦੁਖ ਕੋਟਿਕ ਦੂਰਿ ਗਏ ਮਥੁਰਾ ਜਿਨ੍ਹ ਅੰਮ੍ਰਿਤ ਨਾਮੁ ਪੀਅਉ ॥
ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ ॥
ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥
(ਸਵੱਯੇ ਮ: ਪੰਜਵੇ ਕੇ)

SIKHBOOKCLUB.COM

੪. ਤਖਤ ਬਖਤ ਲੈ ਮਲਿਆ ਸ਼ਬਦ ਸੁਰਤਿ ਵਾਪਾਰ ਸਪਤਾ ॥
ਗੁਰਬਾਣੀ ਭੰਡਾਰ ਭਰ ਕੀਰਤਨ ਕਥਾ ਰਹੈ ਰੰਗ ਰੱਤਾ ॥
ਧੁਨਿ ਅਨਹਦ ਨਿੱਝਰ ਝਰੈ ਪੂਰਨ ਪ੍ਰੇਮ ਅਮਿਓ ਰਸ ਮਤਾ ॥
ਸਾਧ ਸੰਗਤਿ ਹੈ ਗੁਰੁ ਸਭਾ ਰਤਨ ਪਦਾਰਥ ਵਣਜ ਸਹੱਤਾ ॥
ਸੱਚ ਨੀਸਾਣ ਦੀਬਾਣ ਸੱਚ, ਸੱਚ ਤਾਣ ਸੱਚ ਮਾਨ ਮਹੱਤਾ ॥
ਅਬਚਲ ਰਾਜ ਹੋਆ ਸਣਖੱਤਾ ॥ (ਵਾਰਾਂ ਭਾਈ ਗੁਰਦਾਸ ਜੀ)

੫. ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ ॥੭॥੧੯॥

੬. ਅਜੈ ਗੰਗ ਜਲੁ ਅਟਲੁ ਸਿਖ ਸੰਗਤਿ ਸਭ ਨਾਵੈ ॥
ਨਿਤ ਪੁਰਾਣ ਬਾਚੀਅਹਿ ਬੇਦ ਬ੍ਰਹਮਾ ਮੁਖਿ ਗਾਵੈ ॥
ਅਜੈ ਚਵਰੁ ਸਿਰਿ ਢੁਲੈ ਨਾਮੁ ਅੰਮ੍ਰਿਤੁ ਮੁਖਿ ਲੀਅਉ ॥
ਗੁਰ ਅਰਜੁਨ ਸਿਰਿ ਛਤ੍ਰੁ ਆਪਿ ਪਰਮੇਸਰਿ ਦੀਅਉ ॥
(ਸਵੱਯੇ ਮ: ਪੰਜਵੇ ਕੇ)

੭. ਕਾਟੇ ਸੁ ਪਾਪ ਤਿਨ ਨਰਹੁ ਕੇ ਗੁਰੁ ਰਾਮਦਾਸੁ ਜਿਨ੍ ਪਾਇਯਉ ॥
ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥੨॥੨੧॥
(ਸਵੱਯੇ ਮ: ਪੰਜਵੇ ਕੇ)

੮. ਨਾਮ ਦਾਨ ਇਸ਼ਨਾਨ ਦ੍ਰਿੜ ਗੁਰਮੁਖ ਭਾਇ ਭਗਤ ਨਿਸਤਾਰਾ ॥
ਗੁਰ ਅਰਜਨ ਸਚ ਸਿਰਜਣਹਾਰਾ ॥ (ਵਾਰਾਂ ਭਾਈ ਗੁਰਦਾਸ ਜੀ)

੯. ਗੁਰ ਰਾਮਦਾਸ ਤਨੁ ਸਰਬ ਮੈ ਸਹਜਿ ਚੰਦੋਆ ਤਾਣਿਅਉ ॥
ਗੁਰ ਅਰਜੁਨ ਕਲੁਚਰੈ ਤੈ ਰਾਜ ਜੋਗ ਰਸੁ ਜਾਣਿਅਉ ॥੭॥
(ਸਵੱਯੇ ਮ: ਪੰਜਵੇ ਕੇ)

# ਜੋਤੀ ਜੋਤ ਸਮਾਉਣ ਦੇ ਗੁਰਪੁਰਬ ਤੇ ਪੜ੍ਹਨ ਵਾਲੇ ਸ਼ਬਦ

੧. ਪਉਣੈ ਪਾਣੀ ਅਗਨੀ ਕਾ ਮੇਲੁ ॥ ਚੰਚਲ ਚਪਲ ਬੁਧਿ ਕਾ ਖੇਲੁ ॥ ਨਉ ਦਰਵਾਜੇ ਦਸਵਾ ਦੁਆਰੁ ॥ ਬੁਝੁ ਰੇ ਗਿਆਨੀ ਏਹੁ ਬੀਚਾਰੁ ॥ ੧ ॥ ਕਥਤਾ ਬਕਤਾ ਸੁਨਤਾ ਸੋਈ ॥ ਆਪੁ ਬੀਚਾਰੇ ਸੁ ਗਿਆਨੀ ਹੋਈ ॥ ੧ ॥ ਰਹਾਉ ॥ ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥ ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥ ੨ ॥ ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥ ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥ ੩ ॥ ਹਉ ਨ ਮੂਆ ਮੇਰੀ ਮੁਈ ਬਲਾਇ ॥ ਓਹੁ ਨ ਮੂਆ ਜੋ ਰਹਿਆ ਸਮਾਇ ॥ ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ ॥ ੪ ॥ ੪ ॥
(ਗਉੜੀ ਮ: ੧, ਆ. ਗ੍ਰੰ. ਪੰਨਾ ੧੫੨)

੨. ਹਰਿ ਕਾ ਨਾਮੁ ਰਿਦੈ ਨਿਤ ਧਿਆਈ ॥ ਸੰਗੀ ਸਾਥੀ ਸਗਲ ਤਰਾਂਈ ॥ ੧ ॥ ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥ ੧ ॥ ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ ੨ ॥ ੪੨ ॥ ੯੩ ॥

(ਆਸਾ ਮ: ੫)

੩. ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ।। ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ।। ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ।। ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ।। ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ।। ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ।।੪।।੨।।

(ਬਿਲਾਵਲੁ ਮ: ੫)

੪. ਸਤਿ ਰੂਪੁ ਸਤਿਨਾਮੁ ਸਤੁ ਸੰਤੋਖੁ ਧਰਿਓ ਉਰਿ।। ਆਦਿ ਪੁਰਖਿ ਪਰਤਖਿ ਲਿਖਉ ਅਛਰੁ ਮਸਤਕਿ ਧੁਰਿ।। ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ।। ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ।। ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ।। ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਰਿ ਲਗਿਬਿ ਤਰਹੁ।।੨।।

(ਸਵਯੇ ਮ: ਪੰਜਵੇਂ ਕੇ)

੫. ਰਹਿੰਦੇ ਗੁਰੁ ਦਰਿਆਉ ਵਿਚ ਮੀਨ ਕੁਲੀਨ ਹੇਤ ਨਿਰਬਾਣੀ।।
ਦਰਸ਼ਨ ਦੇਖ ਪਤੰਗ ਜਿਉਂ ਜੋਤੀ ਅੰਦਰ ਜੋਤਿ ਸਮਾਣੀ ।।
ਸ਼ਬਦ ਸੁਰਤਿ ਲਿਵ ਮ੍ਰਿਗ ਜਿਉਂ ਭੀੜ ਪਈ ਚਿਤ ਅਵਰ ਨ ਆਣੀ।।
ਚਰਣ ਕਵਲ ਮਿਲ ਭਵਰ ਜਿਉਂ ਸੁਖ ਸੰਪਟ ਵਿਚ ਰੈਣਿ ਵਿਹਾਣੀ।।
ਗੁਰੁ ਉਪਦੇਸ ਨ ਵਿਸਰੈ ਬਾਬੀਹੇ ਜਿਉਂ ਆਖ ਵਖਾਣੀ।।
ਗੁਰਮੁਖ ਸੁਖ ਫਲ ਪਿਰਮ ਰਸ ਸਹਿਜ ਸਮਾਧਿ ਸਾਧ ਸੰਗ ਜਾਣੀ।।
ਗੁਰੁ ਅਰਜਨ ਵਿਟਹੁੰ ਕੁਰਬਾਣੀ ।।

(ਵਾਰਾਂ ਭਾਈ ਗੁਰਦਾਸ ਜੀ)

# ਪ੍ਰਮਾਣ

## ਤੇਰਾ ਕੀਆ ਮੀਠਾ ਲਾਗੈ

੧. ਤੂਹੈ ਹੈ ਵਾਹੁ ਤੇਰੀ ਰਜਾਇ।।
ਜੋ ਕਿਛੁ ਕਰਹਿ ਸੋਈ ਪਰੁ ਹੋਇਬਾ ਅਵਰੁ ਨ ਕਰਣਾ ਜਾਇ।।੧।।ਰਹਾਉ।।

(ਪ੍ਰਭਾਤੀ ਮ: ੧, ਆ. ਗ੍ਰੰ. ਪੰਨਾ ੧੩੨੯)

੨. ਦੂਖੁ ਗਇਆ ਸਭੁ ਰੋਗੁ ਗਇਆ॥
ਪ੍ਰਭ ਕੀ ਆਗਿਆ ਮਨ ਮਹਿ ਮਾਨੀ
ਮਹਾ ਪੁਰਖ ਕਾ ਸੰਗੁ ਭਇਆ॥ ੧॥ ਰਹਾਉ॥
ਸਗਲ ਪਵਿਤ੍ਰ ਸਰਬ ਨਿਰਮਲਾ॥ ਜੋ ਵਰਤਾਏ ਸੋਈ ਭਲਾ॥
ਜਹ ਰਾਖੈ ਸੋਈ ਮੁਕਤਿ ਥਾਨੁ॥ ਜੋ ਜਪਾਏ ਸੋਈ ਨਾਮੁ॥ ੨॥
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੯੦)

੩. ਮਤਾ ਮਸੂਰਤਿ ਤਾਂ ਕਿਛੁ ਕੀਜੈ ਜੇ ਕਿਛੁ ਹੋਵੈ ਹਰਿ ਬਾਹਰਿ॥
ਜੋ ਕਿਛੁ ਕਰੇ ਸੋਈ ਭਲ ਹੋਸੀ
ਹਰਿ ਧਿਆਵਹੁ ਅਨਦਿਨੁ ਨਾਮੁ ਮੁਰਾਰਿ॥ ੩॥
(ਭੈਰਉ ਮ: ੪, ਆ. ਗ੍ਰੰ. ਪੰਨਾ ੧੧੩੫)

੪. ਸਫਲੁ ਜਨਮੁ ਪਰਵਾਨੁ ਗੁਰਮੁਖਿ ਆਇਆ॥
ਹੁਕਮੈ ਬੁਝਿ ਨਿਹਾਲੁ ਖਸਮਿ ਫੁਰਮਾਇਆ॥
(ਗੂਜਰੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੫੨੩)

੫. ਜੋ ਕਿਛੁ ਵਰਤੈ ਸਭ ਤੇਰਾ ਭਾਣਾ॥ ਹੁਕਮੁ ਬੂਝੈ ਸੋ ਸਚਿ ਸਮਾਣਾ॥ ੩॥
ਕਰਿ ਕਿਰਪਾ ਦੀਜੈ ਪ੍ਰਭ ਦਾਨੁ॥
ਨਾਨਕ ਸਿਮਰੈ ਨਾਮੁ ਨਿਧਾਨ॥ ੪॥ ੬੬॥ ੧੩੫॥
(ਗਉੜੀ ਮ: ੫, ਆ. ਗ੍ਰੰ. ਪੰਨਾ ੧੯੩)

੬. ਮਨੁ ਹਰਿ ਕੈ ਭਾਣੈ ਆਵੈ ਜਾਇ॥ ਸਭ ਮਹਿ ਏਕੋ ਕਿਛੁ ਕਹਣੁ ਨ ਜਾਇ॥
ਸਭੁ ਹੁਕਮੋ ਵਰਤੈ ਹੁਕਮਿ ਸਮਾਇ॥ ਦੂਖ ਸੂਖ ਸਭ ਤਿਸੁ ਰਜਾਇ॥ ੭॥
(ਬਸੰਤੁ ਮ: ੧, ਆ. ਗ੍ਰੰ. ਪੰਨਾ ੧੧੮੮)

੭. ਤਨ ਤੇ ਛੁਟਕੀ ਅਪਨੀ ਧਾਰੀ ॥ ਪ੍ਰਭ ਕੀ ਆਗਿਆ ਲਗੀ ਪਿਆਰੀ ॥
ਜੋ ਕਿਛੁ ਕਰੈ ਸੁ ਮਨਿ ਮੇਰੈ ਮੀਠਾ॥ ਤਾ ਇਹੁ ਅਚਰਜੁ ਨੈਨਹੁ ਡੀਠਾ॥੧॥
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੮੭)

੮. ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ॥ ੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥ ੩॥
(ਮਾਰੂ ਮ: ੫, ਆ. ਗ੍ਰੰ. ਪੰਨਾ ੧੦੦੦)

੯. ਆਪੁ ਮੇਟਿ ਪਏ ਸਰਣਾਈ ਇਹ ਮਤਿ ਸਾਧੂ ਕਹੀ ॥
ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ਭਰਮੁ ਅਧੇਰਾ ਲਹੀ ॥੧॥
(ਦੇਵਗੰਧਾਰੀ ਮ: ੫, ਆ. ਗ੍ਰੰ. ਪੰਨਾ ੫੨੯)

੧੦. ਜੋ ਕਿਛੁ ਕੀਓ ਸੋਈ ਭਲ ਮਾਨੈ ਐਸੀ ਭਗਤਿ ਕਮਾਨੀ ॥
ਮਿਤ੍ਰ ਸਤ੍ਰ ਸਭ ਏਕ ਸਮਾਨੇ ਜੋਗ ਜੁਗਤਿ ਨੀਸਾਨੀ ॥੨॥
(ਗੂਜਰੀ ਮ: ੫, ਆ. ਗ੍ਰੰ. ਪੰਨਾ ੪੯੬)

੧੧. ਤੁਝ ਤੇ ਬਾਹਰਿ ਕਿਛੂ ਨ ਹੋਇ ॥
ਤੂ ਕਰਿ ਕਰਿ ਦੇਖਹਿ ਜਾਣਹਿ ਸੋਇ ॥੧॥
ਕਿਆ ਕਹੀਐ ਕਿਛੁ ਕਹੀ ਨ ਜਾਇ ॥
ਜੋ ਕਿਛੁ ਅਹੈ ਸਭ ਤੇਰੀ ਰਜਾਇ ॥੧॥ ਰਹਾਉ॥
(ਭੈਰਉ ਮ: ੧, ਆ. ਗ੍ਰੰ. ਪੰਨਾ ੧੧੨੫)

੧੨. ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ ॥
ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ ॥
(ਗੂਜਰੀ ਕੀ ਵਾਰ ਮ: ੫)

SIKHBOOKCLUB.COM

੧੩. ਪ੍ਰਭ ਮਿਲਣੈ ਕੀ ਏਹ ਨੀਸਾਣੀ॥ ਮਨਿ ਇਕੋ ਸਚਾ ਹੁਕਮੁ ਪਛਾਣੀ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ॥੩॥
(ਮਾਝ ਮ: ੫, ਆ. ਗ੍ਰੰ. ਪੰਨਾ ੧੦੬)

੧੪. ਜੋ ਕੀਨੀ ਕਰਤਾਰਿ ਸਾਈ ਭਲੀ ਗਲ॥
ਜਿਨ੍ਹੀ ਪਛਾਤਾ ਖਸਮੁ ਸੇ ਦਰਗਹ ਮਲ॥
ਸਹੀ ਤੇਰਾ ਫੁਰਮਾਨੁ ਕਿਨੈ ਨ ਫੇਰੀਐ॥
ਕਾਰਣ ਕਰਣ ਕਰੀਮ ਕੁਦਰਤਿ ਤੇਰੀਐ॥੧੬॥
(ਰਾਮਕਲੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੯੬੪)

੧੫. ਜੋ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥੨॥
ਜੋ ਭੁਖ ਦੇਹਿ ਤ ਇਤ ਹੀ ਰਾਜਾ ਦੂਖ ਵਿਚਿ ਸੂਖ ਮਨਾਈ॥੩॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥੪॥
(ਸੂਹੀ ਮ: ੪, ਆ. ਗ੍ਰੰ. ਪੰਨਾ ੭੫੭)

# ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ

੧. ਪਵਨੈ ਮਹਿ ਪਵਨੁ ਸਮਾਇਆ॥ ਜੋਤੀ ਮਹਿ ਜੋਤਿ ਰਲਿ ਜਾਇਆ॥
ਮਾਟੀ ਮਾਟੀ ਹੋਈ ਏਕ॥ ਰੋਵਨਹਾਰੇ ਕੀ ਕਵਨ ਟੇਕ॥ ੧॥
ਕਉਨੁ ਮੂਆ ਰੇ ਕਉਨੁ ਮੂਆ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ
ਇਹੁ ਤਉ ਚਲਤੁ ਭਇਆ॥ ੧॥ ਰਹਾਉ॥

(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੮੫)

੨. ਸਭੁ ਆਤਮ ਰਾਮੁ ਪਛਾਣਿਆ ਭਉਜਲੁ ਤੀਰ ਗਇਆ ॥
ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਇਆ ॥ ੧੪॥

(ਸੂਹੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੭੯੦)

੩. ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥
ਮਿਟਿ ਗਏ ਗਵਨ ਪਾਏ ਬਿਸ੍ਰਾਮ॥
ਨਾਨਕ ਪ੍ਰਭ ਕੈ ਸਦ ਕੁਰਬਾਨ॥ ੮॥ ੧੨॥

(ਗਉੜੀ ਸੁਖਮਨੀ ਮ: ੫, ਆ. ਗ੍ਰੰ. ਪੰਨਾ ੨੭੮)

SIKHBOOKCLUB.COM

੪. ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥ ੬॥ ੩॥

(ਰਾਮਕਲੀ ਕਬੀਰ ਜੀ)

੫. ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ ੧॥ ਰਹਾਉ॥ ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥ ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥ ੧॥ ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥ ਕਾਮੁ ਕ੍ਰੋਧ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥ ੨॥ ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥ ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥ ੩॥ ੧੧॥

(ਸੋਰਠਿ ਮ: ੯, ਆ. ਗ੍ਰੰ. ਪੰਨਾ ੬੩੩)

੬. ਜੋ ਜਨੁ ਭਾਉ ਭਗਤਿ ਕਛੁ ਜਾਨੈ ਤਾ ਕਉ ਅਚਰਜੁ ਕਾਹੋ ॥
ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ
ਤਿਉ ਢੁਰਿ ਮਿਲਿਓ ਜੁਲਾਹੋ॥ ੧॥

(ਧਨਾਸਰੀ ਕਬੀਰ ਜੀ, ਆ. ਗ੍ਰੰ. ਪੰਨਾ ੬੯੨)

੭. ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥
ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ॥੪॥੧॥
(ਆਸਾ ਧੰਨਾ ਜੀ, ਆ. ਗ੍ਰੰ. ਪੰਨਾ ੪੮੭)

੮. ਸਿਮਰਿ ਸਿਮਰਿ ਦਾਤਾਰੁ ਮਨੋਰਥ ਪੂਰਿਆ॥ ਇਛ ਪੁੰਨੀ ਮਨਿ ਆਸ ਗਏ ਵਿਸੂਰਿਆ॥ ਪਾਇਆ ਨਾਮੁ ਨਿਧਾਨੁ ਜਿਸ ਨੋ ਭਾਲਦਾ॥ ਜੋਤਿ ਮਿਲੀ ਸੰਗਿ ਜੋਤਿ ਰਹਿਆ ਘਾਲਦਾ॥ ਸੂਖ ਸਹਜ ਆਨੰਦ ਵੁਠੇ ਤਿਤੁ ਘਰਿ॥ ਆਵਣ ਜਾਣ ਰਹੇ ਜਨਮੁ ਨ ਤਹਾ ਮਰਿ॥ ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸਟਾਇਆ॥ ਗੁਰ ਪ੍ਰਸਾਦਿ ਨਾਨਕ ਸਚਿ ਸਮਾਇਆ॥੨੧॥੧॥੨॥ ਸੁਧੁ॥
(ਗੂਜਰੀ ਕੀ ਵਾਰ ਮ: ੫, ਆ. ਗ੍ਰੰ. ਪੰਨਾ ੫੨੪)

੯. ਸਫਲ ਸਫਲ ਭਈ ਸਫਲ ਜਾਤ੍ਰਾ॥ ਆਵਣ ਜਾਣ ਰਹੇ ਮਿਲੇ ਸਾਧਾ॥੧॥
(ਧਨਾਸਰੀ ਮ: ੫, ਆ. ਗ੍ਰੰ. ਪੰਨਾ ੬੮੭)

੧੦. ਮਰਨ ਜੀਵਨ ਕੀ ਸੰਕਾ ਨਾਸੀ॥ ਆਪਨ ਰੰਗਿ ਸਹਜ ਪਰਗਾਸੀ॥ ੧॥ ਪ੍ਰਗਟੀ ਜੋਤਿ ਮਿਟਿਆ ਅੰਧਿਆਰਾ॥ ਰਾਮ ਰਤਨੁ ਪਾਇਆ ਕਰਤ ਬੀਚਾਰਾ॥ ੧॥ ਰਹਾਉ॥ ਜਹ ਅਨੰਦੁ ਦੂਖੁ ਦੂਰਿ ਪਇਆਨਾ॥ ਮਨੁ ਮਾਨਕੁ ਲਿਵ ਤਤੁ ਲੁਕਾਨਾ॥੨॥ ਜੋ ਕਿਛ ਹੋਆ ਸੁ ਤੇਰਾ ਭਾਣਾ॥ ਜੋ ਇਵ ਬੂਝੈ ਸੁ ਸਹਜਿ ਸਮਾਣਾ॥੩॥ ਕਹਤੁ ਕਬੀਰੁ ਕਿਲਬਿਖ ਗਏ ਖੀਣਾ॥ ਮਨੁ ਭਇਆ ਜਗਜੀਵਨ ਲੀਣਾ॥੪॥੧॥
(ਪ੍ਰਭਾਤੀ ਕਬੀਰ ਜੀ, ਆ. ਗ੍ਰੰ. ਪੰਨਾ ੧੩੪੯)

੧੧. ਇਹੁ ਤਉ ਰਚਨੁ ਰਚਿਆ ਕਰਤਾਰਿ॥ ਆਵਤ ਜਾਵਤ ਹੁਕਮਿ ਅਪਾਰਿ॥ ਨਹ ਕੋ ਮੂਆ ਨ ਮਰਣੈ ਜੋਗੁ॥ ਨਹ ਬਿਨਸੈ ਅਬਿਨਾਸੀ ਹੋਗੁ॥ ੩॥ ਜੋ ਇਹੁ ਜਾਣਹੁ ਸੋ ਇਹੁ ਨਾਹਿ॥ ਜਾਨਣਹਾਰੇ ਕਉ ਬਲਿ ਜਾਉ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ॥ ਨਾ ਕੋਈ ਮਰੈ ਨ ਆਵੈ ਜਾਇਆ॥੪॥੧੦॥
(ਰਾਮਕਲੀ ਮ: ੫, ਆ. ਗ੍ਰੰ. ਪੰਨਾ ੮੮੫)

੧੨. ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ ॥
ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥ ੩॥
(ਬਿਲਾਵਲੁ ਕਬੀਰ ਜੀ, ਆ. ਗ੍ਰੰ. ਪੰਨਾ ੮੮੫)

੧੩. ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ॥
ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ
ਰਾਜੁ ਲੀਓ ਅਬਿਨਾਸੀ॥ ੩॥ ੯॥ ੧੭॥
(ਭੈਰਉ ਕਬੀਰ ਜੀ, ਆ. ਗ੍ਰੰ. ਪੰਨਾ ੧੧੬੨)

# ੬. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

## ਦੇ

## ਅਵਤਾਰ ਗੁਰਪੁਰਬ ਤੇ ਪੜ੍ਹਨ ਵਾਲੇ ਸ਼ਬਦ

੧. ਸਤਿਗੁਰ ਸਾਚੈ ਦੀਆ ਭੇਜਿ।। ਚਿਰੁ ਜੀਵਨੁ ਉਪਜਿਆ ਸੰਜੋਗਿ।। ਉਦਰੈ ਮਾਹਿ ਆਇ ਕੀਆ ਨਿਵਾਸੁ।। ਮਾਤਾ ਕੈ ਮਨਿ ਬਹੁਤੁ ਬਿਗਾਸੁ।। ੧।। ਜੰਮਿਆ ਪੂਤੁ ਭਗਤੁ ਗੋਵਿੰਦ ਕਾ।। ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ।। ਰਹਾਉ।। ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ।। ਮਿਟਿਆ ਸੋਗੁ ਮਹਾ ਅਨੰਦੁ ਥੀਆ।। ਗੁਰਬਾਣੀ ਸਖੀ ਅਨੰਦੁ ਗਾਵੈ।। ਸਾਚੇ ਸਾਹਿਬ ਕੈ ਮਨਿ ਭਾਵੈ।। ੨।। ਵਧੀ ਵੇਲਿ ਬਹੁ ਪੀੜੀ ਚਾਲੀ।। ਧਰਮ ਕਲਾ ਹਰਿ ਬੰਧਿ ਬਹਾਲੀ।। ਮਨ ਚਿੰਦਿਆ ਸਤਿਗੁਰੂ ਦਿਵਾਇਆ।। ਭਏ ਅਚਿੰਤ ਏਕ ਲਿਵ ਲਾਇਆ।। ੩।। ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ।। ਬੁਲਾਇਆ ਬੋਲੈ ਗੁਰ ਕੈ ਭਾਣਿ।। ਗੁਝੀ ਛੰਨੀ ਨਾਹੀ ਬਾਤ।। ਗੁਰੁ ਨਾਨਕੁ ਤੁਠਾ ਕੀਨੀ ਦਾਤਿ।। ੪।। ੭।। ੧੦੧।।

(ਆਸਾ ਮ: ੫, ਆ. ਗ੍ਰੰ. ਪੰਨਾ ੩੯੬)

SIKHBOOKCLUB.COM

੨. ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮ੍ਾਰਿਆ।। ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ।। ੧।। ਕਾਰਜੁ ਸਤਿਗੁਰਿ ਆਪਿ ਸਵਾਰਿਆ।। ਵਡੀ ਆਰਜਾ ਹਰਿ ਗੋਬਿੰਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ।। ੧।। ਰਹਾਉ।। ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ।। ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ।। ੨।। ੫।। ੨੩।।

(ਬਿਲਾਵਲੁ ਮ: ੫)

## ਗੁਰ-ਗੱਦੀ

੧. ਪੰਜ ਪਿਆਲੇ ਪੰਜ ਪੀਰ ਛਠਮ ਪੀਰ ਬੈਠਾ ਗੁਰ ਭਾਰੀ।। ਅਰਜਨ ਕਾਇਆ ਪਲਟ ਕੈ ਮੂਰਤਿ ਹਰਿਗੋਬਿੰਦ ਸਵਾਰੀ।। ਚੱਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ।। ਦਲ ਭੰਜਨ ਗੁਰ ਸੂਰਮਾਂ ਵਡਜੋਧਾ ਬਹੁ ਪਰਉਪਕਾਰੀ।। ਪੁਛਣ ਸਿੱਖ ਅਰਦਾਸ ਕਰ ਛੇ ਮਹਿਲਾਂ ਤਕ ਦਰਸ ਨਿਹਾਰੀ।। ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ।। ਕਲਜੁਗ ਪੀੜ੍ਹੀ ਸੋਢੀਆਂ ਨਿਹਚਲ ਨੀਵ ਉਸਾਰ ਖਲ੍ਹਾਰੀ।। ਜੁਗ ਜੁਗ ਸਤਿਗੁਰ ਧਰੇ ਅਵਤਾਰੀ।। ੧।।

(ਵਾਰਾਂ ਭਾਈ ਗੁਰਦਾਸ ਜੀ)

੨. ਦਸਤਗੀਰ ਹੁਇ ਪੰਜ ਪੀਰ ਹਰਿਗੁਰੁ ਹਰਿਗੋਬਿੰਦ ਅਤੋਲਾ ॥ ਦੀਨ ਦੁਨੀ ਦਾ ਪਾਤਿਸ਼ਾਹ ਪਾਤਸ਼ਾਹਾਂ ਪਾਤਸ਼ਾਹ ਅਡੋਲਾ ॥ ਪੰਜ ਪਯਾਲੇ ਅਜਰ ਜਰ ਹੋਇ ਮਸਤਾਨ ਸੁਜਾਨ ਵਿਚੋਲਾ ॥ ਤੁਰੀਆ ਚੜ੍ਹ ਜਿਣ ਪਰਮ ਤੱਤ ਛਿਅ ਵਰਤਾਰੇ ਕੋਲੋ ਕੋਲਾ ॥ ਛਿਅ ਦਰਸਨ ਛਿਅ ਪੀੜ੍ਹੀਆਂ ਇੱਕਸ ਦਰਸ਼ਨ ਅੰਦਰ ਗੋਲਾ ॥ ਜਤੀ ਸਤੀ ਸੰਤੋਖੀਆਂ ਸਿੱਧ ਨਾਥ ਅਵਤਾਰ ਵਿਰੋਲਾ ॥ ਗਿਆਰਹ ਰੁਦ੍ਰ ਸਮੁੰਦ੍ਰ ਵਿਚ ਮਰਜੀਵੈ ਤਿਸ ਰਤਨ ਅਮੋਲਾ ॥ ਬਾਰਹ ਸੋਲਹ ਮੇਲ ਕਰ ਵੀਹ ਇਕੀਹ ਚੜ੍ਹਾਉ ਹਿੰਡੋਲਾ ॥ ਅੰਤਰਜਾਮੀ ਬਾਲਾ ਭੋਲਾ ॥

(ਵਾਰਾਂ ਭਾਈ ਗੁਰਦਾਸ ਜੀ)

# ੭. ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ

## ਦੇ

## ਅਵਤਾਰ ਗੁਰਪੁਰਬ ਤੇ ਪੜ੍ਹਨ ਵਾਲੇ ਸ਼ਬਦ

ਮੰਗਲਚਾਰ ਚੋਜ ਆਨੰਦਾ॥ ਕਰਿ ਕਿਰਪਾ ਮਿਲੇ ਪਰਮਾਨੰਦਾ॥ ਪ੍ਰਭ ਮਿਲੇ ਸੁਆਮੀ ਸੁਖਹਗਾਮੀ ਇਛ ਮਨ ਕੀ ਪੁੰਨੀਆ॥ ਬਜੀ ਬਧਾਈ ਸਹਜੇ ਸਮਾਈ ਬਹੁੜਿ ਦੂਖਿ ਨ ਰੁੰਨੀਆ॥ ਲੇ ਕੰਠਿ ਲਾਏ ਸੁਖ ਦਿਖਾਏ ਬਿਕਾਰ ਬਿਨਸੇ ਮੰਦਾ॥ ਬਿਨਵੰਤਿ ਨਾਨਕ ਮਿਲੇ ਸੁਆਮੀ ਪੁਰਖ ਪਰਮਾਨੰਦਾ॥

(ਕਾਨੜਾ ਮ: ੫ ਛੰਤ, ਆ. ਗ੍ਰੰ. ਪੰਨਾ ੧੩੧੨)

# ੮. ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

## ਦੇ

## ਅਵਤਾਰ ਗੁਰਪੁਰਬ ਤੇ ਪੜ੍ਹਨ ਵਾਲੇ ਸ਼ਬਦ

ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ ॥ ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥ ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥ ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥ ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥

(ਸੂਹੀ ਛੰਤ ਮ: ੧)

 www.sikhbookclub.com

# ੯. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

## ਦੇ

## ਅਵਤਾਰ ਗੁਰਪੁਰਬ ਤੇ ਪੜ੍ਹਨ ਵਾਲੇ ਸ਼ਬਦ

ਨੋਟ– ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅਵਤਾਰ ਗੁਰਪੁਰਬ ਵਾਲੇ ਸ਼ਬਦਾਂ ਵਿਚੋਂ 'ਜਨ ਪਰਉਪਕਾਰੀ ਆਏ' ਸ਼ਬਦ ਏਸ ਗੁਰਪੁਰਬ ਤੇ ਪੜ੍ਹੋ।

## ਸ਼ਹੀਦੀ ਗੁਰਪੁਰਬ

ਤਿਲਕ ਜੰਞੂ ਰਾਖਾ ਪ੍ਰਭ ਤਾਕਾ।। ਕੀਨੋ ਬਡੋ ਕਲੂ ਮਹਿ ਸਾਕਾ।। ਸਾਧਨ ਹੇਤ ਇਤੀ ਜਿਨ ਕਰੀ।। ਸੀਸੁ ਦੀਆ ਪਰ ਸੀ ਨ ਉਚਰੀ।। ਧਰਮ ਹੇਤ ਸਾਕਾ ਜਿਨ ਕੀਆ।। ਸੀਸੁ ਦੀਆ ਪਰ ਸਿਰਰੁ ਨ ਦੀਆ।। ਨਾਟਕ ਚੇਟਕ ਕੀਏ ਕੁਕਾਜਾ।। ਪ੍ਰਭ ਲੋਗਨ ਕਹ ਆਵਤ ਲਾਜਾ।।

## ਪ੍ਰਮਾਣ

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਆ ਪਯਾਨ ।। ਤੇਗ ਬਹਾਦਰ ਸੀ ਕ੍ਰਿਯਾ ਕਰੀ ਨ ਕਿਨਹੂ ਆਨ ।। ਤੇਗ ਬਹਾਦਰ ਕੇ ਚਲਤ ਭਯੋ ਜਗਤ ਮੈ ਸੋਕ ।। ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰਲੋਕ ।।

ਨੋਟ–ਹੋਰ ਸ਼ਬਦ ਪੜ੍ਹਨ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੇ ਗੁਰਪੁਰਬ ਵਾਲੇ ਸ਼ਬਦਾਂ ਤੇ ਪ੍ਰਮਾਣਾਂ ਵਿਚੋਂ ਪੜ੍ਹੋ।

 www.sikhbookclub.com

# ੧੦. ਸ੍ਰੀ ਗੁਰੂ ਗੋਬਿੰਦ ਸਿੰਘ ਜੀ

## ਦੇ

## ਅਵਤਾਰ ਗੁਰਪੁਰਬ ਤੇ ਪੜ੍ਹਨ ਵਾਲੇ ਸ਼ਬਦ

੧. ਨਾਸਰੋ ਮਨਸੂਰ ਗੁਰੁ ਗੋਬਿੰਦ ਸਿੰਘ ॥
ਏਜ਼ਦੀ ਮਨਜ਼ੂਰ ਗੁਰੁ ਗੋਬਿੰਦ ਸਿੰਘ ॥
ਹੱਕ ਰਾ ਗੰਜੂਰ ਗੁਰੁ ਗੋਬਿੰਦ ਸਿੰਘ ॥
ਜੁਮਲਾ ਫੈਜ਼ਿ ਨੂਰ ਗੁਰੁ ਗੋਬਿੰਦ ਸਿੰਘ ॥
ਹੱਕ ਹੱਕ ਆਗਾਹ ਗੁਰੁ ਗੋਬਿੰਦ ਸਿੰਘ ॥
ਸ਼ਾਹਿ ਸ਼ਾਹਾਨ ਸ਼ਾਹ ਗੁਰੁ ਗੋਬਿੰਦ ਸਿੰਘ ॥
ਬਰ ਦੋ ਆਲਮ ਸ਼ਾਹ ਗੁਰੁ ਗੋਬਿੰਦ ਸਿੰਘ ॥
ਖ਼ਸਮ ਰਾ ਜਾਂ ਕਾਹ ਗੁਰੁ ਗੋਬਿੰਦ ਸਿੰਘ ॥
ਆਲਿਮੁਲ ਸੱਤਾਰ ਗੁਰੁ ਗੋਬਿੰਦ ਸਿੰਘ ॥
ਅਬਰਿ ਰਹਿਮਤ ਬਾਰ ਗੁਰੁ ਗੋਬਿੰਦ ਸਿੰਘ ॥
ਤੇਗ ਰਾ ਫ਼ਤਾਹ ਗੁਰੁ ਗੋਬਿੰਦ ਸਿੰਘ ॥
ਜਾਨੋ ਦਿਲ ਰਾ ਰਾਹ ਗੁਰੁ ਗੋਬਿੰਦ ਸਿੰਘ ॥
ਖਾਲਸੋ ਬੇ ਕੀਨਾ ਗੁਰੁ ਗੋਬਿੰਦ ਸਿੰਘ ॥
ਹੱਕ ਹੱਕ ਆਈਨਾ ਗੁਰੁ ਗੋਬਿੰਦ ਸਿੰਘ ॥
ਹੱਕ ਹੱਕ ਅੰਦੇਸ਼ ਗੁਰੁ ਗੋਬਿੰਦ ਸਿੰਘ ॥
ਬਾਦਸ਼ਾਹ ਦਰਵੇਸ਼ ਗੁਰੁ ਗੋਬਿੰਦ ਸਿੰਘ ॥
ਕਾਦਰਿ ਹਰ ਕਾਰ ਗੁਰੁ ਗੋਬਿੰਦ ਸਿੰਘ ॥
ਬੇ ਕਸਾਂ ਰਾ ਯਾਰ ਗੁਰੁ ਗੋਬਿੰਦ ਸਿੰਘ ॥
ਤਖਤ ਬਾਲਾ ਜ਼ੇਰਿ ਗੁਰੁ ਗੋਬਿੰਦ ਸਿੰਘ ॥
ਲਾ ਮਕਾਨੋ ਸੈਰ ਗੁਰੁ ਗੋਬਿੰਦ ਸਿੰਘ ॥
ਰੂਹ ਦਰ ਹਰ ਜਿਸਮ ਗੁਰੁ ਗੋਬਿੰਦ ਸਿੰਘ ॥
ਨੂਰ ਦਰ ਹਰ ਚਸ਼ਮ ਗੁਰੁ ਗੋਬਿੰਦ ਸਿੰਘ ॥
ਬਰ ਦੋ ਆਲਮ ਦਸਤ ਗੁਰੁ ਗੋਬਿੰਦ ਸਿੰਘ ॥
ਜੁਮਲਾ ਉਲਵੀ ਪਸਤ ਗੁਰੁ ਗੋਬਿੰਦ ਸਿੰਘ ॥

(ਤੌਸੀਫੋ ਸਨਾ ਭਾਈ ਨੰਦ ਲਾਲ ਸਾਹਿਬ ਜੀ)

੨. ਮੁਰ ਪਿਤ ਪੂਰਬ ਕੀਯਸਿ ਪਯਾਨਾ।। ਭਾਂਤਿ ਭਾਂਤਿ ਕੇ ਤੀਰਥਿ ਨ੍ਹਾਨਾ।। ਜਬ ਹੀ ਜਾਤ ਤ੍ਰਿਬੇਣੀ ਭਏ।। ਪੁੰਨ ਦਾਨ ਦਿਨ ਕਰਤ ਬਿਤਏ।। ੧।। ਤਹੀ ਪ੍ਰਕਾਸ਼ ਹਮਾਰਾ ਭਯੋ।। ਪਟਨਾ ਸ਼ਹਰ ਬਿਖੈ ਭਵ ਲਯੋ।। ਮਦ੍ਰ ਦੇਸ ਹਮ ਕੋ ਲੇ ਆਏ।। ਭਾਂਤਿ ਭਾਂਤਿ ਦਾਈਅਨ ਦੁਲਰਾਏ।। ੨।। ਕੀਨੀ ਅਨਿਕ ਭਾਤਿ ਤਨ ਰੱਛਾ।। ਦੀਨੀ ਭਾਂਤਿ ਭਾਂਤਿ ਕੀ ਸਿੱਛਾ।। ਜਬ ਹਮ ਧਰਮ ਕਰਮ ਮੋ ਆਏ।। ਦੇਵ ਲੋਕ ਤਬ ਪਿਤਾ ਸਿਧਾਏ।। ੩।।

੩. ਹਮ ਇਹ ਕਾਜ ਜਗਤ ਮੋ ਆਏ।। ਧਰਮ ਹੇਤ ਗੁਰਦੇਵ ਪਠਾਏ।। ਜਹਾਂ ਤਹਾਂ ਤੁਮ ਧਰਮ ਬਿਥਾਰੋ।। ਦੁਸ਼ਟ ਦੋਖੀਯਨਿ ਪਕਰਿ ਪਛਾਰੋ।। ਯਾਹੀ ਕਾਜ ਧਰਾ ਹਮ ਜਨਮੰ।। ਸਮਝਿ ਲੇਹੁ ਸਾਧੂ ਸਭ ਮਨਮੰ।। ਧਰਮ ਚਲਾਵਨ ਸੰਤ ਉਬਾਰਨ।। ਦੁਸਟ ਸਭਨ ਕੋ ਮੂਲ ਉਪਾਰਨ।। ਜੇ ਜੋ ਭਏ ਪਹਿਲ ਅਵਤਾਰਾ।। ਆਪੁ ਆਪੁ ਤਿਨ ਜਪੁ ਉਚਾਰਾ।। ਪ੍ਰਭ ਦੋਖੀ ਕੋਈ ਨ ਬਿਦਾਰਾ।। ਧਰਮ ਕਰਮ ਕੋ ਰਾਹੁ ਨ ਡਾਰਾ।। ਜੇ ਜੇ ਗਉਸ ਅੰਬੀਯਾ ਭਏ।। ਮੈ ਮੈ ਕਰਤ ਜਗਤ ਤੇ ਗਏ।। ਮਹਾ ਪੁਰਖ ਕਾਹੂ ਨ ਪਛਾਨਾ।। ਕਰਮ ਧਰਮ ਕੋ ਕਛੂ ਨ ਜਾਨਾ।।

(ਬਚਿਤ੍ਰ ਨਾਟਕ ਪਾ: ੧੦)

SIKHBOOKCLUB.COM

# ਪ੍ਰਮਾਣ

## ਹਮ ਇਹ ਕਾਜ ਜਗਤ ਮੋ ਆਏ ।।

੧. ਅਬ ਮੈ ਅਪਨੀ ਕਥਾ ਬਖਾਨੋ।। ਤਪ ਸਾਧਤ ਜਿਹ ਬਿਧਿ ਮੁਹਿ ਆਨੋ।। ਹੇਮਕੁੰਟ ਪਰਬਤ ਹੈ ਜਹਾਂ।। ਸਪਤ ਸ੍ਰਿੰਗ ਸੋਭਿਤ ਹੈ ਤਹਾਂ।। ੧।। ਸਪਤ ਸ੍ਰਿੰਗ ਤਿਹ ਨਾਮੁ ਕਹਾਵਾ।। ਪੰਡਰਾਜ ਜਹ ਜੋਗ ਕਮਾਵਾ।। ਤਹ ਹਮ ਅਧਿਕ ਤਪਸਿਆ ਸਾਧੀ।। ਮਹਾਕਾਲ ਕਾਲਕਾ ਅਰਾਧੀ।। ੨।। ਇਹ ਬਿਧਿ ਕਰਤ ਤਪਸਿਆ ਭਯੋ।। ਦ੍ਵੈ ਤੇ ਏਕ ਰੂਪ ਹ੍ਵੈ ਗਯੋ।। ਤਾਤ ਮਾਤ ਮੁਰ ਅਲਖ ਅਰਾਧਾ।। ਬਹੁ ਬਿਧਿ ਜੋਗ ਸਾਧਨਾ ਸਾਧਾ।। ੩।। ਤਿਨ ਜੋ ਕਰੀ ਅਲਖ ਕੀ ਸੇਵਾ।। ਤਾ ਤੇ ਭਏ ਪ੍ਰਸੰਨ ਗੁਰਦੇਵਾ।। ਤਿਨ ਪ੍ਰਭ ਜਬ ਆਇਸ ਮੁਹਿ ਦੀਆ।। ਤਬ ਹਮ ਜਨਮ ਕਲੂ ਮਹਿ ਲੀਆ।। ੪।। ਚਿਤ ਨ ਭਯੋ ਹਮਰੋ ਆਵਨ ਕਹ।। ਚੁਭੀ ਰਹੀ ਸੁਰਤਿ ਪ੍ਰਭ ਚਰਨਨ ਮਹਿ।। ਤਿਉ ਜਿਉ ਪ੍ਰਭ ਹਮ ਕੋ ਸਮਝਾਯੋ।। ਇਮ ਕਿਹਕੈ ਇਹ ਲੋਕ ਪਠਾਯੋ।। ੫।।

(ਬਚਿਤ੍ਰ ਨਾਟਕ ਪਾ: ੧੦)

੨. ਇਹ ਕਾਰਨਿ ਪ੍ਰਭ ਹਮੈ ਬਲਾਯੋ ।। ਭੇਦੁ ਭਾਖਿ ਇਹ ਲੋਕ ਪਠਾਯੋ ।।
ਜੋ ਤਿਨ ਕਹਾ ਸੁ ਸਭਨ ਉਚਰੌਂ ।। ਡਿੰਭ ਵਿੰਭ ਕਛੁ ਨੈਕ ਨ ਕਰੌਂ ।।

੩. ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿ ਹੌ ਜਗ ਮਾਹਿ।।
ਜੋ ਤਿਹ ਪ੍ਰਭ ਕੋ ਧਿਆਇ ਹੈ ਅੰਤ ਸੁਰਗ ਕੋ ਜਾਹਿ।। (ਬਚਿਤ੍ਰ ਨਾਟਕ)

੪. ਇਹ ਕਾਰਨਿ ਪ੍ਰਭ ਮੋਹਿ ਪਠਾਯੋ।। ਤਬ ਮੈ ਜਗਤ ਜਨਮੁ ਧਰਿ ਆਯੋ।।
ਜਿਨ ਤਿਨ ਕਹੀ ਇਨੈ ਤਿਮ ਕਹਿ ਹੌ।। ਅਉਰ ਕਿਸੂ ਤੇ ਬੈਰ ਨ ਗਹਿ ਹੌ।।
ਜੋ ਹਮ ਕੋ ਪਰਮੇਸੁਰ ਉਚਰਿ ਹੈ।। ਤੇ ਸਭ ਨਰਕਿ ਕੁੰਡ ਮਹਿ ਪਰਿ ਹੈ।। ਮੋ
ਕੋ ਦਾਸੁ ਤਵਨ ਕਾ ਜਾਨੋ।। ਯਾ ਮੈ ਭੇਦੁ ਨ ਰੰਚ ਪਛਾਨੋ।। ਮੈ ਹੋ ਪਰਮ
ਪੁਰਖ ਕੋ ਦਾਸਾ।। ਦੇਖਨਿ ਆਯੋ ਜਗਤ ਤਮਾਸਾ।। ਜੋ ਪ੍ਰਭ ਜਗਤਿ ਕਹਾ
ਸੋ ਕਹਿ ਹੌ।। ਮ੍ਰਿਤ ਲੋਗ ਤੇ ਮੋਨਿ ਨ ਰਹਿ ਹੋ।।

(ਬਚਿਤ੍ਰ ਨਾਟਕ)

੫. ਕਹਿਯੋ ਪ੍ਰਭੂ ਸੁ ਭਾਖਿ ਹੋਂ।। ਕਿਸੂ ਨ ਕਾਨ ਰਾਖਿ ਹੋਂ।।
ਕਿਸੂ ਨ ਭੇਖ ਭੀਜਹੋਂ।। ਅਲੇਖ ਬੀਜ ਬੀਜਹੋਂ।।
ਪਖਾਣ ਪੂਜ ਹੌ ਨਹੀ।। ਨ ਭੇਖ ਭੀਜ ਹੋਂ ਕਹੀ।।
ਅਨੰਤ ਨਾਮ ਗਾਇ ਹੋਂ।। ਪਰਮ ਪੁਰਖ ਪਾਇ ਹੋਂ।।
ਜਟਾ ਨ ਸੀਸ ਧਾਰਿ ਹੌਂ।। ਨ ਮੁੰਦ੍ਰਕਾ ਸੁ ਧਾਰਿ ਹੋਂ।।
ਨ ਕਾਨ ਕਾਹੂ ਕੀ ਧਰੋਂ।। ਕਹਿਯੋ ਪ੍ਰਭੂ ਸੁ ਮੈ ਕਰੋ।।

੬. ਜੋ ਪ੍ਰਭ ਪਰਮ ਪੁਰਖ ਉਪਜਾਏ।। ਤਿਨ ਤਿਨ ਅਪਨੇ ਰਾਹ ਚਲਾਏ।।
ਮਹਾਦੀਨ ਤਬਿ ਪ੍ਰਭ ਉਪਰਾਜਾ।। ਅਰਬ ਦੇਸ ਕੋ ਕੀਨੋ ਰਾਜਾ।। ਸਭਤੇ
ਅਪਨਾ ਨਾਮੁ ਜਪਾਯੋ।। ਸਤਿਨਾਮ ਕਾਹੂ ਨ ਦ੍ਰਿੜਾਯੋ।। ਸਭ ਅਪਨੀ ਅਪਨੀ
ਉਰਝਾਨਾ।। ਪਾਰਬ੍ਰਹਮ ਕਾਹੂ ਨ ਪਛਾਨਾ।। ਤਪ ਸਾਧਤ ਹਰਿ ਮੋਹਿ
ਬੁਲਾਯੋ।। ਇਮ ਕਹਿਕੈ ਇਹ ਲੋਕ ਪਠਾਯੋ।।

(ਬਚਿਤ੍ਰ ਨਾਟਕ ਪਾ: ੧੦)

### ਅਕਾਲ ਪੁਰਖ ਬਾਚ।। ਚੌਪਈ।।

੭. ਮੈਂ ਅਪਨਾ ਸੁਤ ਤੋਹਿ ਨਿਵਾਜਾ।। ਪੰਥ ਪ੍ਰਚੁਰ ਕਰਬੇ ਕਹੁ ਸਾਜਾ।।
ਜਾਹਿ ਤਹਾਂ ਤੈ ਧਰਮੁ ਚਲਾਇ।। ਕਬੁਧਿ ਕਰਨ ਤੇ ਲੋਕ ਹਟਾਇ।।

### ਕਬਿ ਬਾਚ ਦੋਹਰਾ।।

੮. ਠਾਢ ਭਯੋ ਮੈ ਜੋਰਿ ਕਰਿ ਬਚਨ ਕਹਾ ਸਿਰ ਨਿਯਾਇ।।
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ।।

# ੧੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਗੁਰਪੁਰਬ'

ਜੁਗੋ ਜੁਗ ਅਟੱਲ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਭਾਦਰੋਂ ਸੁਦੀ ਏਕਮ ਸੰਮਤ ੧੬੬੧ ਨੂੰ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਹੋਇਆ ਸੀ। ਅੱਜ ਕਲ੍ਹ ਹਰ ਸਾਲ ਇਸ ਦਿਨ ਸ੍ਰੀ ਹਰਿਮੰਦਰ ਸਾਹਿਬ ਜਲੌ ਲਗਦਾ ਹੈ। ਰਾਤ ਨੂੰ ਦੀਪ ਮਾਲਾ ਹੁੰਦੀ ਹੈ ਤੇ ਇਸ ਤਰ੍ਹਾਂ ਇਹ ਗੁਰਪੁਰਬ ਬੜੀ ਸ਼ਾਨ ਨਾਲ ਮਨਾਇਆ ਜਾਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ (ਦੱਖਣ) ਵਿਚ ਜੋਤੀ ਜੋਤ ਸਮਾਉਣ ਲਗਿਆਂ ਕਤਕ ਸੁਦੀ ੨ ਸੰਮਤ ੧੭੬੫ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗੱਦੀ ਦਿੱਤੀ ਤੇ ਖ਼ਾਲਸਾ ਪੰਥ ਨੂੰ ਆਪ ਜੀ ਦੇ ਲੜ ਲਾਇਆ। ਇਹ ਦੋਵੇਂ ਗੁਰਪੁਰਬ ਪੰਥ ਵਿਚ ਬੜੀ ਸ਼ਾਨ ਨਾਲ ਮਨਾਏ ਜਾਂਦੇ ਹਨ।

ਇਨ੍ਹਾਂ ਗੁਰਪੁਰਬਾਂ ਪੁਰ ਗੁਰਬਾਣੀ ਦੀ ਵਡਿਆਈ ਦੇ ਸ਼ਬਦ ਪੜ੍ਹੇ ਜਾਣੇ ਚਾਹੀਦੇ ਹਨ।

੧. ਗੁਰਿ ਪੂਰੈ ਪੂਰੀ ਕੀਨੀ॥ ਬਖਸ ਅਪੁਨੀ ਕਰਿ ਦੀਨੀ॥ ਨਿਤ ਅਨੰਦ ਸੁਖ ਪਾਇਆ॥ ਥਾਵ ਸਗਲੇ ਸੁਖੀ ਵਸਾਇਆ॥ ੧॥ ਹਰਿ ਕੀ ਭਗਤਿ ਫਲ ਦਾਤੀ॥ ਗੁਰਿ ਪੂਰੈ ਕਿਰਪਾ ਕਰਿ ਦੀਨੀ ਵਿਰਲੈ ਕਿਨ ਹੀ ਜਾਤੀ॥ ਰਹਾਉ॥ ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥ ਨਾਨਕ ਨਾਮੁ ਧਿਆਇਆ॥ ਪੂਰਬਿ ਲਿਖਿਆ ਪਾਇਆ॥ ੨॥ ੧੭॥ ੮੧॥

(ਸੋਰਠਿ ਮ: ੫)

੨. ਪਰਮੇਸਰਿ ਦਿਤਾ ਬੰਨਾ॥ ਦੁਖ ਰੋਗ ਕਾ ਡੇਰਾ ਭੰਨਾ॥ ਅਨਦ ਕਰਹਿ ਨਰ ਨਾਰੀ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ॥ ੧॥ ਸੰਤਹੁ ਸੁਖੁ ਹੋਆ ਸਭ ਥਾਈ॥ ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ॥ ਰਹਾਉ॥ ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥ ਦਇਆਲ ਪੁਰਖ ਮਿਹਰਵਾਨਾ॥ ਹਰਿ ਨਾਨਕ ਸਾਚੁ ਵਖਾਨਾ॥ ੨॥ ੧੩॥ ੭੭॥

(ਸੋਰਠਿ ਮ: ੫)

੨. ਇਹ ਕਾਰਨਿ ਪ੍ਰਭ ਹਮੈ ਬਲਾਯੋ ।। ਭੇਦੁ ਭਾਖਿ ਇਹ ਲੋਕ ਪਠਾਯੋ ।।
ਜੋ ਤਿਨ ਕਹਾ ਸੁ ਸਭਨ ਉਚਰੌ ।। ਡਿੰਭ ਵਿੰਭ ਕਛੁ ਨੈਕ ਨ ਕਰੌ ।।

੩. ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿ ਹੌ ਜਗ ਮਾਹਿ।।
ਜੋ ਤਿਹ ਪ੍ਰਭ ਕੋ ਧਿਆਇ ਹੈ ਅੰਤ ਸੁਰਗ ਕੋ ਜਾਹਿ।। (ਬਚਿਤ੍ਰ ਨਾਟਕ)

੪. ਇਹ ਕਾਰਨਿ ਪ੍ਰਭ ਮੋਹਿ ਪਠਾਯੋ।। ਤਬ ਮੈ ਜਗਤ ਜਨਮੁ ਧਰਿ ਆਯੋ।। ਜਿਨ ਤਿਨ ਕਹੀ ਇਨੈ ਤਿਮ ਕਹਿ ਹੌਂ।। ਅਉਰ ਕਿਸੂ ਤੇ ਬੈਰ ਨ ਗਹਿ ਹੌਂ।। ਜੋ ਹਮ ਕੋ ਪਰਮੇਸੁਰ ਉਚਰਿ ਹੈ।। ਤੇ ਸਭ ਨਰਕਿ ਕੁੰਡ ਮਹਿ ਪਰਿ ਹੈ।। ਮੋ ਕੋ ਦਾਸੁ ਤਵਨ ਕਾ ਜਾਨੋ।। ਯਾ ਮੈ ਭੇਦੁ ਨ ਰੰਚ ਪਛਾਨੋ।। ਮੈ ਹੋ ਪਰਮ ਪੁਰਖ ਕੋ ਦਾਸਾ।। ਦੇਖਨਿ ਆਯੋ ਜਗਤ ਤਮਾਸਾ।। ਜੋ ਪ੍ਰਭ ਜਗਤਿ ਕਹਾ ਸੋ ਕਹਿ ਹੌਂ।। ਮ੍ਰਿਤ ਲੋਗ ਤੇ ਮੋਨਿ ਨ ਰਹਿ ਹੋ।।

(ਬਚਿਤ੍ਰ ਨਾਟਕ)

੫. ਕਹਿਯੋ ਪ੍ਰਭੂ ਸੁ ਭਾਖਿ ਹੋਂ।। ਕਿਸੂ ਨ ਕਾਨ ਰਾਖਿ ਹੋਂ।।
ਕਿਸੂ ਨ ਭੇਖ ਭੀਜਹੋਂ।। ਅਲੇਖ ਬੀਜ ਬੀਜਹੋਂ।।
ਪਖਾਣ ਪੂਜ ਹੌਂ ਨਹੀ।। ਨ ਭੇਖ ਭੀਜ ਹੋਂ ਕਹੀ।।
ਅਨੰਤ ਨਾਮ ਗਾਇ ਹੋਂ।। ਪਰਮ ਪੁਰਖ ਪਾਇ ਹੋਂ।।
ਜਟਾ ਨ ਸੀਸ ਧਾਰਿ ਹੋਂ।। ਨ ਮੁੰਦ੍ਰਕਾ ਸੁ ਧਾਰਿ ਹੋਂ।।
ਨ ਕਾਨ ਕਾਹੂ ਕੀ ਧਰੋਂ।। ਕਹਿਯੋ ਪ੍ਰਭੂ ਸੁ ਮੈ ਕਰੋ।।

੬. ਜੋ ਪ੍ਰਭ ਪਰਮ ਪੁਰਖ ਉਪਜਾਏ।। ਤਿਨ ਤਿਨ ਅਪਨੇ ਰਾਹ ਚਲਾਏ।। ਮਹਾਦੀਨ ਤਬਿ ਪ੍ਰਭ ਉਪਰਾਜਾ।। ਅਰਬ ਦੇਸ ਕੋ ਕੀਨੋ ਰਾਜਾ।। ਸਭਤੇ ਅਪਨਾ ਨਾਮੁ ਜਪਾਯੋ।। ਸਤਿਨਾਮ ਕਾਹੂ ਨ ਦ੍ਰਿੜਾਯੋ।। ਸਭ ਅਪਨੀ ਅਪਨੀ ਉਰਝਾਨਾ।। ਪਾਰਬ੍ਰਹਮ ਕਾਹੂ ਨ ਪਛਾਨਾ।। ਤਪ ਸਾਧਤ ਹਰਿ ਮੋਹਿ ਬੁਲਾਯੋ।। ਇਮ ਕਹਿਕੈ ਇਹ ਲੋਕ ਪਠਾਯੋ।।

(ਬਚਿਤ੍ਰ ਨਾਟਕ ਪਾ: ੧੦)

ਅਕਾਲ ਪੁਰਖ ਬਾਚ।। ਚੌਪਈ।।

੭. ਮੈਂ ਅਪਨਾ ਸੁਤ ਤੋਹਿ ਨਿਵਾਜਾ।। ਪੰਥ ਪ੍ਰਚੁਰ ਕਰਬੇ ਕਹੁ ਸਾਜਾ।।
ਜਾਹਿ ਤਹਾਂ ਤੈ ਧਰਮੁ ਚਲਾਇ।। ਕਬੁਧਿ ਕਰਨ ਤੇ ਲੋਕ ਹਟਾਇ।।

ਕਬਿ ਬਾਚ ਦੋਹਰਾ।।

੮. ਠਾਢ ਭਯੋ ਮੈ ਜੋਰਿ ਕਰਿ ਬਚਨ ਕਹਾ ਸਿਰ ਨਿਯਾਇ।।
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ।।

# ੧੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਗੁਰਪੁਰਬ'

ਜੁਗੋ ਜੁਗ ਅਟੱਲ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਭਾਦਰੋਂ ਸੁਦੀ ਏਕਮ ਸੰਮਤ ੧੬੬੧ ਨੂੰ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਹੋਇਆ ਸੀ। ਅੱਜ ਕਲ੍ਹ ਹਰ ਸਾਲ ਇਸ ਦਿਨ ਸ੍ਰੀ ਹਰਿਮੰਦਰ ਸਾਹਿਬ ਜਲੌ ਲਗਦਾ ਹੈ। ਰਾਤ ਨੂੰ ਦੀਪ ਮਾਲਾ ਹੁੰਦੀ ਹੈ ਤੇ ਇਸ ਤਰ੍ਹਾਂ ਇਹ ਗੁਰਪੁਰਬ ਬੜੀ ਸ਼ਾਨ ਨਾਲ ਮਨਾਇਆ ਜਾਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ (ਦੱਖਣ) ਵਿਚ ਜੋਤੀ ਜੋਤ ਸਮਾਉਣ ਲਗਿਆਂ ਕਤਕ ਸੁਦੀ ੨ ਸੰਮਤ ੧੭੬੫ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗੱਦੀ ਦਿੱਤੀ ਤੇ ਖ਼ਾਲਸਾ ਪੰਥ ਨੂੰ ਆਪ ਜੀ ਦੇ ਲੜ ਲਾਇਆ। ਇਹ ਦੋਵੇਂ ਗੁਰਪੁਰਬ ਪੰਥ ਵਿਚ ਬੜੀ ਸ਼ਾਨ ਨਾਲ ਮਨਾਏ ਜਾਂਦੇ ਹਨ।

ਇਨ੍ਹਾਂ ਗੁਰਪੁਰਬਾਂ ਪੁਰ ਗੁਰਬਾਣੀ ਦੀ ਵਡਿਆਈ ਦੇ ਸ਼ਬਦ ਪੜ੍ਹੇ ਜਾਣੇ ਚਾਹੀਦੇ ਹਨ।

SIKHBOOKCLUB.COM

੧. ਗੁਰਿ ਪੂਰੈ ਪੂਰੀ ਕੀਨੀ॥ ਬਖਸ ਅਪੁਨੀ ਕਰਿ ਦੀਨੀ॥ ਨਿਤ ਅਨੰਦ ਸੁਖ ਪਾਇਆ॥ ਥਾਵ ਸਗਲੇ ਸੁਖੀ ਵਸਾਇਆ॥ ੧॥ ਹਰਿ ਕੀ ਭਗਤਿ ਫਲ ਦਾਤੀ॥ ਗੁਰਿ ਪੂਰੈ ਕਿਰਪਾ ਕਰਿ ਦੀਨੀ ਵਿਰਲੈ ਕਿਨ ਹੀ ਜਾਤੀ॥ ਰਹਾਉ॥ ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥ ਨਾਨਕ ਨਾਮੁ ਧਿਆਇਆ॥ ਪੂਰਬਿ ਲਿਖਿਆ ਪਾਇਆ॥ ੨॥ ੧੭॥ ੮੧॥

(ਸੋਰਠਿ ਮ: ੫)

੨. ਪਰਮੇਸਰਿ ਦਿਤਾ ਬੰਨਾ॥ ਦੁਖ ਰੋਗ ਦਾ ਡੇਰਾ ਭੰਨਾ॥ ਅਨਦ ਕਰਹਿ ਨਰ ਨਾਰੀ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ॥ ੧॥ ਸੰਤਹੁ ਸੁਖੁ ਹੋਆ ਸਭ ਥਾਈ॥ ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ॥ ਰਹਾਉ॥ ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥ ਦਇਆਲ ਪੁਰਖ ਮਿਹਰਵਾਨਾ॥ ਹਰਿ ਨਾਨਕ ਸਾਚੁ ਵਖਾਨਾ॥ ੨॥ ੧੩॥ ੧੭॥

(ਸੋਰਠਿ ਮ: ੫)